੧ੴ ਵਾਹਿਗੁਰੂ ਜੀ ਕੀ ਫ਼ਤਹ ॥

# ਪ੍ਰਾਚੀਨ
# ਵਾਰਾਂ ਤੇ ਜੰਗ-ਨਾਮੇ


ਸੰਪਾਦਕ

ਸ: ਸ਼ਮਸ਼ੇਰ ਸਿੰਘ 'ਅਸ਼ੋਕ'



ਪ੍ਰਕਾਸ਼ਕ

**ਸਿੱਖ ਇਤਿਹਾਸ ਰੀਸਰਚ ਬੋਰਡ**

(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ)

ਸ੍ਰੀ ਅੰਮ੍ਰਿਤਸਰ ।

ਸਭ ਹੱਕ ਸ਼੍ਰੋ: ਗੁ: ਪ੍ਰ: ਕਮੇਟੀ ਦੇ ਰਾਖਵੇਂ ਹਨ:

ਪ੍ਰਕਾਸ਼ਕ: ਸਿੱਖ ਇਤਿਹਾਸ ਰੀਸਰਚ ਬੋਰਡ
(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ)
ਸ੍ਰੀ ਅੰਮ੍ਰਿਤਸਰ ।

ਪਹਿਲੀ ਵਾਰ : ੧੯੫੦
ਦੂਜੀ ਵਾਰ :
ਤੀਜੀ ਵਾਰ : ੧੯੮੩
ਚੌਥੀ ਵਾਰ : ੧੯੯੭

ਛਾਪਕ :- ਗੋਲਡਨ ਆਫਸੈਟ ਪ੍ਰੈਸ,
ਗੁਰਦੁਆਰਾ ਰਾਮਸਰ ਸਾਹਿਬ, ਸ੍ਰੀ ਅੰਮ੍ਰਿਤਸਰ ।

# ਚੌਥੇ ਸੰਸਕਰਣ ਦਾ ਸੁਆਗਤ

ਸ. ਸ਼ਮਸ਼ੇਰ ਸਿੰਘ 'ਅਸ਼ੋਕ' ਪੁਰਾਤਨ ਸਾਹਿਤ ਦੇ ਅਣਥਕ ਖੋਜੀ ਸਨ। ਪੰਜਾਬ ਵਿਚ ਹੱਥ-ਲਿਖਤਾਂ ਦਾ ਜਾਣੂੰ ਸਾਇਦ, ਉਨ੍ਹਾਂ ਤੋਂ ਵਧੇਰੇ ਕੋਈ ਨਹੀਂ ਸੀ। ਉਨ੍ਹਾਂ ਦੀ ਪਹੁੰਚ ਪੰਜਾਬੀ, ਹਿੰਦੀ, ਉਰਦੂ ਤੱਕ ਹੀ ਸੀਮਿਤ ਨਹੀਂ ਰਹੀ ਸਗੋਂ ਭੋਜਪੁਰੀ, ਰਾਜਸਥਾਨੀ, ਬ੍ਰਿਜ ਭਾਸ਼ਾ ਅਤੇ ਕਣੌਜੀ, ਅੰਗਰੇਜ਼ੀ ਵਿੱਚ ਜਾਂ ਸੰਸਕ੍ਰਿਤੀ, ਫਾਰਸੀ ਅਤੇ ਪ੍ਰਾਕ੍ਰਿੱਤ ਵਿੱਚ ਵੀ ਕਾਫ਼ੀ ਗਹਿਰੀ ਸੀ। 1950 ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਉਨ੍ਹਾਂ ਵੱਲੋਂ ਸੰਪਾਦਿਤ ਪੰਜਾਬ ਦੇ ਬੀਰ-ਰਸੀ ਸਾਹਿਤ ਦਾ ਸੰਗ੍ਰਹਿ 'ਪ੍ਰਾਚੀਨ ਵਾਰਾਂ ਤੇ ਜੰਗ-ਨਾਮੇ' ਪ੍ਰਕਾਸ਼ਿਤ ਕੀਤਾ ਸੀ। ਇਸ ਵਿੱਚ ਪੰਜਾਬੀ ਅਤੇ ਬ੍ਰਜ ਭਾਸ਼ਾ ਦੀਆਂ ਰਚਨਾਵਾਂ ਇਕੱਠੀਆਂ ਛਪੀਆਂ ਸਨ (ਬ੍ਰਜ ਭਾਸ਼ਾ ਦੀਆਂ ਰਚਨਾਵਾਂ ਦੇ ਮੂਲ-ਖਰੜੇ ਗੁਰਮੁਖੀ ਅੱਖਰਾਂ ਵਿਚ ਲਿਖੇ ਹੋਣ ਕਾਰਨ ਵੱਖਰੇ ਨਹੀਂ ਕੀਤੇ ਗਏ ਸਨ)। ਪਿਛਲੀ ਅੱਧੀ ਸਦੀ ਵਿੱਚ ਇਹ ਪੁਸਤਕ ਤਿੰਨ ਬਾਰ ਛਪ ਚੁੱਕੀ ਹੈ। ਅਜੋਕੇ ਇਤਿਹਾਸਕ ਸੂਝ ਦੇ ਵਿਸਤਾਰ ਕਾਰਨ, ਇਸ ਦੇ ਪਾਠਕਾਂ ਦਾ ਦਾਇਰਾ ਵਧਿਆ ਹੀ ਹੈ। ਇਸ ਲਈ ਚੌਥਾ ਸੰਸਕਰਣ ਜ਼ਰੂਰੀ ਹੋ ਗਿਆ ਸੀ।

ਚੌਥੇ ਸੰਸਕਰਣ ਵਿੱਚ, ਛਪਾਈ ਵਿਚ ਆ ਗਈਆਂ ਤਰੁਟੀਆਂ ਸੋਧਣ ਦਾ ਜਤਨ ਕੀਤਾ ਗਿਆ ਹੈ। ਫੁਟ ਨੋਟਾਂ 'ਤੇ ਨਜ਼ਰ-ਸਾਨੀ ਕੀਤੀ ਗਈ ਹੈ ਅਤੇ ਫੁਟ-ਨੋਟਾਂ ਨੂੰ 'ਅੰਕਾਂ' ਨਾਲ ਨਿਆਰਿਆ ਗਿਆ ਹੈ। ਮੂਲ ਪਾਠ ਦੀ ਤਰਤੀਬ ਨੂੰ ਜਿਉਂ ਦਾ ਤਿਉਂ ਰੱਖਿਆ ਗਿਆ ਹੈ। ਬ੍ਰਜ-ਭਾਸ਼ਾ ਦੀ ਰਚਨਾ 'ਵਿਜੈ ਵਿਨੋਦ' ਨਵੀਂ ਭੂਮਿਕਾ ਸਮੇਤ, ਦੇਵ-ਨਾਗਰੀ ਅੱਖਰਾਂ ਵਿੱਚ, ਵੱਖਰੀ ਵੀ ਛਾਪੀ ਗਈ ਹੈ। ਆਸ ਹੈ ਪਾਠਕ ਇਸ ਸੰਸਕਰਣ ਦਾ ਉਚਿਤ ਸੁਆਗਤ ਕਰਨਗੇ।

ਮਾਰਚ ੧੯੯੭.

ਦੇਵਿੰਦਰ ਸਿੰਘ ਵਿਦਿਆਰਥੀ, (ਡਾ.)
ਇੰਚਾਰਜ ਸਿੱਖ ਇਤਿਹਾਸ ਰੀਸਰਚ ਬੋਰਡ
ਸ਼੍ਰੋ: ਗੁ: ਪ੍ਰ: ਕਮੇਟੀ, ਅੰਮ੍ਰਿਤਸਰ।

## ਤੀਸਰੇ ਸੰਸਕਰਣ ਦਾ

# ਮੁੱਖ ਸ਼ਬਦ

'ਜੰਗ-ਨਾਮਾ' ਫ਼ਾਰਸੀ ਦਾ ਪ੍ਰਸਿੱਧ ਕਾਵਿ ਰੂਪ ਹੈ, ਜਿਸ ਵਿਚ ਕਿਸੇ ਲੜਾਈ ਜਾਂ ਜੰਗ ਦਾ ਵਿਸਤ੍ਰਿਤ ਵਰਣਨ ਕੀਤਾ ਜਾਂਦਾ ਹੈ। ਪੰਜਾਬੀ ਵਿਚ ਇਸ ਦੇ ਮੁਕਾਬਲੇ ਵਾਰਾਂ ਲਿਖੀਆਂ ਜਾਂਦੀਆਂ ਰਹੀਆਂ ਹਨ। ਇਹਨਾਂ ਜੰਗ-ਨਾਮਿਆਂ ਜਾਂ ਵਾਰਾਂ ਦੇ ਲੇਖਕ ਢਾਡੀ, ਭੱਟ, ਕਵੀ ਬੀਤ ਚੁੱਕੇ ਸਮੇਂ ਦੇ ਬਜ਼ੁਰਗਾਂ ਯੋਧਿਆਂ, ਬਹਾਦਰਾਂ ਦੇ ਜੰਗੀ ਕਾਰਨਾਮਿਆਂ ਨੂੰ ਜੋਸ਼ੀਲੀ ਕਵਿਤਾ ਵਿਚ ਰਚ ਕੇ ਲੋਕਾਂ ਦਾ ਖ਼ੂਨ ਗਰਮਾਉਂਦੇ ਤੇ ਅਣਖ ਨੂੰ ਹਲੂਣਦੇ ਰਹੇ ਹਨ। ਪੰਜਾਬ ਦੇ ਜੰਮਿਆਂ ਨੂੰ ਨਿਤ ਮੁਹਿੰਮਾਂ ਪੈਂਦੀਆਂ ਰਹੀਆਂ, ਪੰਜਾਂ ਦਰਿਆਵਾਂ ਦੀ ਧਰਤੀ ਰਣ ਖੇਤਰ ਬਣੀ ਰਹੀ। ਨਿਰਸੰਦੇਹ ਐਸੇ ਸਮੇਂ ਇਹਨਾਂ ਮੁਸੀਬਤਾਂ ਦਾ ਖਿੜੇ ਮੱਥੇ ਟਾਕਰਾ ਕਰਨ ਲਈ ਇਹ ਜੰਗੀ ਗੀਤ, ਵਾਰਾਂ ਕਾਇਰ ਆਦਮੀਆਂ ਵਿਚ ਵੀ ਸੂਰਮਤਾ ਦਾ ਜੋਸ਼ ਭਰਨ ਦਾ ਸਫਲ ਜਤਨ ਸੀ।

ਪ੍ਰਾਚੀਨ ਵਾਰਾਂ ਤੇ ਜੰਗ-ਨਾਮੇ, ਇਤਿਹਾਸ ਦੀ ਖੋਜ ਲਈ ਬੜੀ ਮਹਾਨਤਾ ਰੱਖਦੇ ਹਨ ਕਿਉਂਕਿ ਇਹਨਾਂ ਵਿਚ ਇਤਿਹਾਸਕ ਘਟਨਾਵਾਂ, ਲੜਾਈ ਦਾ ਅਸਥਾਨ, ਹਥਿਆਰਾਂ ਦਾ ਵਰਣਨ, ਨਫ਼ੇ ਨੁਕਸਾਨ ਦਾ ਅਨੁਮਾਨ, ਜਿੱਤ-ਹਾਰ ਉਸ ਦੇ ਸਿੱਟੇ ਆਦਿ ਸਭ ਬਾਰੇ ਭਰਪੂਰ ਜਾਣਕਾਰੀ ਮਿਲ ਜਾਂਦੀ ਹੈ। ਇਸ ਤਰ੍ਹਾਂ ਇਹ ਇਤਿਹਾਸ ਦਾ ਵੀ ਉਤਨਾ ਹੀ ਮਹੱਤਵ ਪੂਰਨ ਅੰਗ ਹੋ ਨਿਬੜਦੇ ਹਨ, ਜਿਤਨਾ ਸਾਹਿਤ ਦਾ। ਇਹਨਾਂ ਦੀ ਅਹਿਮੀਅਤ ਨੂੰ ਮੁੱਖ ਰੱਖ ਕੇ ਹੀ ਸ਼੍ਰੋ: ਗੁ: ਪ੍ਰ: ਕਮੇਟੀ ਦੇ ਰੀਸਰਚ ਸਕਾਲਰ ਸ੍ਰ: ਸ਼ਮਸ਼ੇਰ ਸਿੰਘ ਅਸ਼ੋਕ ਨੇ ਵਾਰਾਂ ਤੇ ਜੰਗ-ਨਾਮਿਆਂ ਦੀ ਸੰਪਾਦਨਾ ਦਾ ਕਾਰਜ ਅਰੰਭਿਆ ਸੀ ਜੋ ਉਹਨਾਂ ਬੜੀ ਲਗਨ ਤੇ ਮਿਹਨਤ ਨਾਲ ਸੰਪੂਰਨ ਕੀਤਾ। ਦੂਸਰੇ ਸੰਕਲਨ ਵਿਚ ਦੁਬਾਰਾ ਸੋਧ-ਸੁਧਾਈ ਕਰਕੇ ਨਵੀਂ ਖੋਜ ਮੁਤਾਬਕ ਕੁਝ ਵਾਧੇ ਵੀ ਕੀਤੇ।

ਅਸੀਂ ਸੰਗਤਾਂ ਦੀ ਵਧ ਰਹੀ ਮੰਗ ਨੂੰ ਮੁੱਖ ਰੱਖ ਕੇ ਇਸ ਪੁਸਤਕ 'ਪ੍ਰਾਚੀਨ ਵਾਰਾਂ ਤੇ ਜੰਗ-ਨਾਮੇ' ਨੂੰ ਤੀਜੀ ਵੇਰ ਛਪਵਾਉਂਦਿਆਂ ਅਤਿਅੰਤ ਖੁਸ਼ੀ ਮਹਿਸੂਸ ਕਰ ਰਹੇ ਹਾਂ। ਆਸ ਕਰਦੇ ਹਾਂ ਕਿ ਵਿਦਵਾਨ, ਇਤਿਹਾਸਕਾਰ, ਖੋਜੀ ਤੇ ਪਾਠਕ ਇਸ ਤੋਂ ਪੂਰਾ-ਪੂਰਾ ਲਾਭ ਉਠਾਉਣਗੇ।

ਗੁਰੂ ਪੰਥ ਦਾ ਦਾਸ—

ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ।

# ਵਿਸ਼ੈ-ਸੂਚੀ


ਜਾਣ-ਪਛਾਣ ੭
੧. ਵਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੀ ਜੰਗ-ਨਾਮਾ ਭੰਗਾਣੀ ੧੫
੨. ਜੰਗ-ਨਾਮਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ (ਕਵੀ ਅਣੀ ਰਾਇ) ੨੫
੩. ਭੇੜਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਾ (ਨਾ ਮਾਲੂਮ ਕਵੀ) ੪੯
੪. ਵਾਰ ਰਾਜਾ ਅਮਰ ਸਿੰਘ ਕੀ (ਕਵੀ ਕੇਸ਼ੋ ਦਾਸ) ੫੭
੫. ਚੱਠਿਆਂ ਦੀ ਵਾਰ (ਕਵੀ ਪੀਰ ਮੁਹੰਮਦ) ੭੫
੬. ਸ. ਚੂੜ੍ਹ ਸਿੰਘ ਭਦੌੜੀਏ ਦੀ ਵਾਰ (ਨਾ ਮਾਲੂਮ ਕਵੀ) ੯੦
੭. ਆਨੰਦਪੁਰ ਦੀ ਵਾਰ (ਕਵੀ ਰਾਮ ਸਿੰਘ) ੯੭
੮. ਵਾਰ ਹਰੀ ਸਿੰਘ ਨਲਵੇ ਦੀ (ਕਵੀ ਸਹਾਈ ਸਿੰਘ) ੧੩੨
੯. ਜੰਗ-ਨਾਮਾ ਸ: ਹਰੀ ਸਿੰਘ ਨਲਵਾ ੧੪੧
੧੦. ਵਿਜਯ ਵਿਨੋਦ (ਕਵੀ ਗ੍ਵਾਲ ਭੱਟ) ੧੫੬
੧੧. ਲਾਹੌਰ ਦੀ ਖ਼ਾਨਾ ਜੰਗੀ (ਨਾ ਮਾਲੂਮ ਕਵੀ) ੨੫੩
੧੨. ਜੰਗ-ਨਾਮਾ ਲਾਹੌਰ (ਭਾਈ ਕਾਨ੍ਹ ਸਿੰਘ, ਬੰਗਾ) ੨੫੯
੧੩. ਕਿੱਸਾ ਸ਼ਾਹ ਮੁਹੰਮਦ ਦਾ ੨੯੮
੧੪. ਮੁਲਤਾਨ ਦੀ ਵਾਰ (ਕਵੀ ਸੋਭਾ, ਬਲੋਚ) ੩੩੪
੧੫. ਕੁਝ ਹੋਰ ਇਤਿਹਾਸਕ ਵਾਰਾਂ ੩੫੧
੧੬. ਗ਼ਦਰ ਦੀ ਵਾਰ (ਨਾ ਮਾਲੂਮ ਕਵੀ) ੩੬੧
੧੭. ਜੰਗ-ਨਾਮਾ ਦਿੱਲੀ (ਕਵੀ ਖ਼ਜ਼ਾਨ ਸਿੰਘ) ੩੯੧

ੴ ਵਾਹਿਗੁਰੂ ਜੀ ਕੀ ਫ਼ਤਹ ॥

# ਪ੍ਰਾਚੀਨ

# ਵਾਰਾਂ ਤੇ ਜੰਗ-ਨਾਮੇ


ਸੰਪਾਦਕ

ਸ: ਸ਼ਮਸ਼ੇਰ ਸਿੰਘ 'ਅਸ਼ੋਕ'



ਪ੍ਰਕਾਸ਼ਕ

**ਸਿੱਖ ਇਤਿਹਾਸ ਰੀਸਰਚ ਬੋਰਡ**

(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ)

ਸ੍ਰੀ ਅੰਮ੍ਰਿਤਸਰ ।

ੴ ਸਤਿਗੁਰ ਪ੍ਰਸਾਦਿ ॥

# ਜਾਣ-ਪਛਾਣ

ਸੰਨ 1945 ਦੇ ਮਹੀਨਾ ਸਤੰਬਰ ਵਿਚ ਜਦ ਮੈਂ ਸਿੱਖ ਨੈਸ਼ਨਲ ਕਾਲਜ, ਲਾਹੌਰ ਤੋਂ ਬਦਲ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਦੇ ਸਿੱਖ ਇਤਿਹਾਸ ਖੋਜ ਵਿਭਾਗ ਵਿਚ ਬਤੌਰ ਇਤਿਹਾਸ-ਖੋਜੀ ਦੇ ਕੰਮ ਕਰਨ ਲੱਗਾ ਤਾਂ ਮੇਰੀ ਰੁਚੀ ਗੁਰੂ ਖਾਲਸੇ ਦੇ ਜੰਗ-ਨਾਮਿਆਂ ਦੀ ਖੋਜ ਵੱਲ ਲੱਗੀ। ਇਹ ਕੰਮ ਬੜਾ ਜ਼ਰੂਰੀ ਤੇ ਮਨ ਮਾਰ ਕੇ ਕਰਨ ਵਾਲਾ ਸੀ ਕਿਉਂਕਿ ਪੁਰਾਣੇ ਜੰਗ-ਨਾਮੇ ਖੋਜ ਦੇ ਲਿਹਾਜ਼ ਨਾਲ ਸਿੱਖ ਇਤਿਹਾਸ ਦੇ ਸੰਪਾਦਨ ਲਈ ਬੜੀ ਮਹਾਨਤਾ ਰੱਖਦੇ ਹਨ, ਪਰ ਮਿਲਦੇ ਬਹੁਤ ਘੱਟ ਹਨ ਤੇ ਉਹ ਵੀ ਟਾਵੇਂ-ਟਾਵੇਂ ਕਿਸੇ ਇਕ ਅੱਧ ਪ੍ਰੇਮੀ ਦੇ ਘਰੋਂ।

ਜੰਗ-ਨਾਮੇ ਇਤਿਹਾਸ ਲਈ ਕੇਹੀ ਅਮੋਲਕ ਸੰਪੱਤੀ ਹਨ, ਇਥੇ ਇਸ ਸਬੰਧ ਵਿਚ ਕੁਝ ਦੱਸਣਾ ਜ਼ਰੂਰੀ ਹੈ। ਸਾਹਿੱਤ ਵਿਚ 'ਜੰਗ-ਨਾਮਾ' ਅਥਵਾ 'ਵਾਰ' ਇਕੋ ਹੀ ਅਰਥ ਰੱਖਣ ਵਾਲੇ ਦੋ ਸ਼ਬਦ ਹਨ ਤੇ ਪੁਰਾਤਨ ਸਮੇਂ ਵਿਚ ਇਨ੍ਹਾਂ ਦੇ ਲੇਖਕ ਆਮ ਤੌਰ 'ਤੇ ਢਾਡੀ, ਭੱਟ ਜਾਂ ਚਾਰਣ ਕਵੀ ਹੁੰਦੇ ਸਨ, ਜੋ ਬੀਤੇ ਸਮੇਂ ਦੀ ਯਾਦ ਦਿਲਾਉਣ ਲਈ ਲੋਕਾਂ ਨੂੰ ਕੌਮੀ ਬਜ਼ੁਰਗਾਂ ਦੇ ਜੰਗੀ-ਕਾਰਨਾਮੇ ਡਾਢੀ ਜੋਸ਼ੀਲੀ ਕਵਿਤਾ ਵਿਚ ਰਚ ਕੇ ਸੁਣਾਇਆ ਕਰਦੇ ਸਨ। ਹਿੰਦੀ ਤੇ ਰਾਜਪੂਤਾਨੀ ਬੋਲੀਆਂ ਦਾ ਵੀਰ ਗਾਥਾ-ਸਾਹਿੱਤ ਅਜਿਹੇ ਜੰਗ-ਨਾਮਿਆਂ ਨਾਲ ਭਰਿਆ ਪਿਆ ਹੈ ਤੇ ਪੰਜਾਬ ਦੀਆਂ ਵਾਰਾਂ ਵੀਰ ਗਾਥਾ ਸਾਹਿਤ ਦਾ ਅੰਗ ਬਣ ਕੇ ਚਿਰੋਕੇ ਸਮੇਂ ਤੋਂ ਪੰਜਾਬੀ ਨੌਜਵਾਨਾਂ ਨੂੰ ਬੀਰਤਾ ਦਾ ਅਮਰ ਸੰਦੇਸ਼ ਦੇ ਰਹੀਆਂ ਹਨ।

ਸਿੱਖ ਸਤਿਗੁਰਾਂ ਦੇ ਸਮੇਂ ਵਿਚ ਹਿੰਦੀ ਜਾਂ ਹਿੰਦ ਦਾ ਸਾਹਿੱਤ ਚਾਹੇ ਵੀਰ ਗਾਥਾ ਦੀ ਥਾਵੇਂ ਗੀਤਿ (ਸ਼ਿੰਗਾਰਕ) ਕਾਲ ਵਿਚ ਬਦਲ ਗਿਆ ਸੀ, ਪਰ ਪੰਜਾਬ ਨਿਵਾਸੀਆਂ ਨੇ ਫਿਰ ਵੀ ਬੀਰ-ਰਸੀ ਵਾਰਾਂ ਨੂੰ ਹੀ ਅਪਣਾਈ ਰੱਖਿਆ ਤੇ ਸ਼ਿੰਗਾਰ-ਰਸ ਨੂੰ ਕੋਈ ਥਾਂ ਨਾ ਦਿੱਤੀ। ਕਾਰਣ ਇਸ ਦਾ ਇਹੋ ਸੀ ਕਿ ਪੰਜਾਬ ਪੁਰਾਤਨ ਸਮੇਂ ਤੋਂ ਰਣ-ਭੂਮੀ ਬਣਦਾ ਚਲਿਆ ਆ ਰਿਹਾ ਸੀ। ਮਹਾਂ ਸਿਕੰਦਰ ਅਤੇ ਮਹਿਮੂਦ ਗ਼ਜ਼ਨਵੀ ਆਦਿ ਹਮਲਾਵਰਾਂ ਦਾ ਬਹੁਤਾ ਨਜ਼ਲਾ (ਪਹਿਲਾਂ) ਪੰਜਾਬ ਉੱਤੇ ਹੀ ਝੜਿਆ ਸੀ, ਇਸ ਲਈ ਪੰਜਾਬ ਦੀ ਸ਼ਾਨ ਨੂੰ ਬਰਕਰਾਰ ਰੱਖਣ ਲਈ ਜ਼ਰੂਰੀ ਸੀ ਕਿ ਇਸ ਦੇ ਨੌਜਵਾਨ ਵਿਦੇਸ਼ੀਆਂ ਵਲੋਂ ਪਾਈਆਂ ਜਾਣ ਵਾਲੀਆਂ ਅੱਗ-ਤੱਤੀਆਂ

ਮੁਸੀਬਤਾਂ ਦਾ ਖਿੜੇ ਮੱਥੇ ਟਾਕਰਾ ਕਰਨ ਲਈ ਤਿਆਰ ਰਹਿਣ। ਇਸ ਤਿਆਰੀ ਲਈ ਵਾਰਾਂ ਦੀ ਸ਼ਕਲ ਵਿਚ ਗਾਏ ਜਾਣ ਵਾਲੇ ਜੰਗੀ ਗੀਤ ਅਜਿਹਾ ਜਾਦੂ ਸਨ, ਜਿਨ੍ਹਾਂ ਨੂੰ ਸੁਣ ਕੇ ਇਕ ਕਾਇਰ ਆਦਮੀ ਵੀ ਸੂਰਮਤਾ ਦੇ ਜੋਸ਼ ਵਿਚ ਮੁੱਛਾਂ ਨੂੰ ਤਾਉ ਦੇਣ ਲਗ ਪੈਂਦਾ ਸੀ।

ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਅਰਜਨ ਜੀ ਦੇ ਸਮੇਂ ਤਕ ਪੰਜਾਬ ਵਿਚ ਵਾਰਾਂ ਦਾ ਜ਼ੋਰ ਸੀ ਤੇ ਰਾਇ ਬੂਲਾਰ ਦੀ ਵਾਰ ਕਿਸੇ ਢਾਡੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਵਿਚ ਹੀ ਰਚ ਕੇ ਗਾਵੀਂ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ 22 ਵਾਰਾਂ ਭਾਈ ਗੁਰਦਾਸ ਜੀ ਦੀਆਂ 40 ਵਾਰਾਂ ਚਾਹੇ ਬਹੁਤਾ ਆਤਮਕ ਤੇ ਸੁਧਾਰਕ ਪਹਿਲੂ ਨੂੰ ਹੀ ਮੁੱਖ ਰੱਖਦੀਆਂ ਹਨ, ਪਰ ਤਦ ਵੀ ਵਾਰਾਂ ਦੀਆਂ ਸਿਫਤਾਂ ਇਹਨਾਂ ਵਿਚੋਂ ਘਟਦੀਆਂ ਨਹੀਂ ਤੇ ਇਹ ਅਧਯਾਤਮਿਕਤਾ ਨੂੰ ਬੀਰਤਾ ਦੀ ਰੰਗਣ ਦੇ ਕੇ ਸਾਡੇ ਅੱਗੇ ਰੱਖਦੀਆਂ ਹਨ। ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ (ਛੇਵੇਂ ਗੁਰੂ) ਅਤੇ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿਚ ਵਾਰਾਂ ਅਥਵਾ ਜੰਗ-ਨਾਮੇ ਗਾਵਣ ਵਾਲੇ ਢਾਡੀਆਂ ਦੀ ਖਾਸ ਇੱਜ਼ਤ ਹੁੰਦੀ ਸੀ[1]। ਗੁਰੂ ਹਰਿ ਗੋਬਿੰਦ ਜੀ ਦੇ ਢਾਡੀ ਮੀਰ ਅਬਦੁੱਲਾ ਤੇ ਨੱਥ ਮਲ ਜਾਂ ਨੱਥਾ ਅਤੇ ਸ੍ਰੀ ਦਸਮੇਸ਼ ਜੀ ਦੇ ਢਾਡੀ ਮੀਰ ਛਬੀਲਾ ਤੇ ਮੁਸ਼ਕੀ ਸਨ। ਸਤਿਗੁਰਾਂ ਨੇ ਸਿੱਖਾਂ ਵਿਚ ਬੀਰ-ਰਸ ਭਰਨ ਲਈ ਇਨ੍ਹਾਂ ਨੂੰ ਰਾਜ ਸਨਮਾਨ ਦੇ ਕੇ ਆਪਣੇ ਪਾਸ ਰੱਖਿਆ ਸੀ।

ਕਹਿੰਦੇ ਹਨ ਕਿ ਮੀਰ ਅਬਦੁੱਲੇ ਤੇ ਮੀਰ ਨੱਥੇ[2] ਨੇ ਸ੍ਰੀ ਗੁਰੂ ਹਰਿ ਗੋਬਿੰਦ ਜੀ ਦੇ ਹੁਕਮ ਨਾਲ '70+2=72' ਵਾਰਾਂ ਰਚ ਕੇ ਸੁਣਾਈਆਂ ਸਨ, ਪਰ ਗੁਰੂ ਸਾਹਿਬ ਨੇ ਉਹਨਾਂ ਵਿਚੋਂ ਕੇਵਲ ਨੌਂ ਹੀ ਪਸੰਦ ਕੀਤੀਆਂ। ਇਹ ਉਹੋ ਨੌਂ ਵਾਰਾਂ ਸਨ, ਜਿਨ੍ਹਾਂ ਦੀ ਤਰਜ਼ ਉਤੇ ਗੁਰਬਾਣੀ ਦੀਆਂ ਵਾਰਾਂ ਗਾਉਣ ਲਈ ਨੌਂ ਧੁਨਾਂ ਗੁਰੂ ਸਾਹਿਬ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਰਵਾਈਆਂ ਸਨ ਤੇ ਉਨ੍ਹਾਂ ਦੀਆਂ ਪ੍ਰਤੀਕਾਂ ਗੁਰਬਾਣੀ ਦੀਆਂ ਵਾਰਾਂ ਦੇ ਮੁੱਢ ਵਿਚ ਦਿੱਤੀਆਂ ਹੋਈਆਂ ਮਿਲਦੀਆਂ ਹਨ। ਇਹਨਾਂ ਵਾਰਾਂ ਤੋਂ ਬਿਨਾਂ ਮੀਰ ਅਬਦੁੱਲੇ ਅਤੇ ਨੱਥੇ ਨੇ ਸ੍ਰੀ ਗੁਰੂ ਹਰਿ ਗੋਬਿੰਦ ਜੀ ਦੇ ਜੁੱਧਾਂ ਦੀਆਂ ਵਾਰਾਂ ਤੇ ਮੀਰ ਛੱਬੀਲੇ ਤੇ ਮੁਸ਼ਕੀ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੁੱਧਾਂ ਦੀਆਂ ਵਾਰਾਂ ਲਿਖੀਆਂ ਸਨ, ਜੋ ਖੋਜ ਕਰਨ ਪਰ ਮਿਲਦੀਆਂ ਹਨ। ਇਨ੍ਹਾਂ ਵਾਰਾਂ ਵਿਚੋਂ ਏਥੇ ਦੋ ਵੰਨਗੀਆਂ ਦਿੱਤੀਆਂ ਜਾਂਦੀਆਂ ਹਨ :-

(1) ਧਗ ਘੂਰੇ ਚੰਚਾਇ। ਗੁਰੂ ਨੇ ਧੂਹਿ ਮਿਸਰੀ[3] ਕੱਢੀਆ, ਜੰਮੀ ਦਖਣਾਇ।
ਮੁਖਲਿਸ ਖਾਂ ਦੇ ਤਨ ਛੱਡੀਆ, ਰਤ ਪੀਵੈ ਤਿਹਾਇ।
ਜਨ ਕਰ ਗੰਗਾ ਭੇਟਣੀ, ਤੇਗ ਬੈਠੀ ਨ੍ਹਾਇ।

---

1. ਦੇਖੋ, ਗੁਰ ਬਿਲਾਸ, ਪਾ: ੬, ਅਧਿ: ੮ ਅਤੇ ਗੁਰ ਬਿਲਾਸ, ਪਾ: ੧੦, ਅਧਿ: ੬।
੨. ਮੀਰ ਅਬਦੁੱਲਾ ਅਤੇ ਨੱਥਾ ਪਿੰਡ ਸੁਰ ਸਿੰਘ (ਲਾਹੌਰ) ਦੇ ਵਸਨੀਕ ਸਨ। (ਦੇਖੋ, ਗੁਰ ਬਿਲਾਸ, ਪਾ: ੬, ਅਧਿ: ੮। ੩. ਤਲਵਾਰ।

ਗਿਆਨੀ ਧਿਆਨੀ ਆਖਦੇ, ਜਸ ਨੱਥ ਮਲ ਢਾਡੀ ਗਾਇ।

(ਸ੍ਰੀ ਗੁਰੂ ਹਰਿਗੋਬਿੰਦ ਦੀ ਵਾਰ ਵਿਚੋਂ)

(2) ਬਾਣ ਬੰਦੂਕ ਹਥਨਾਲ ਗੋਲਾ ਛੁਟੈ,
ਮਹਾ ਭਯ ਭੀਮ ਕੀਨੋ ਕੜਾਕਾ।
ਸੂਰ ਸਾਮੁਹਿ ਭਿੜੇ, ਦੇਵ ਦਾਨਵ ਡਰੇ,
ਲੰਕਾ ਪਤਿ ਲਰਜਿਯੋ ਖਾ ਧੜਾਕਾ।
ਹੂਰ ਬੀਰਨ ਬਰੀ, ਰੱਤ ਜੋਗਨ ਤਰੀ,
ਖੋਪਰੀ ਦੇਤ ਕਾਲੀ ਜੜਾਕਾ।
ਹੰਡੂਰ ਕਹਿਲੂਰ, ਜਸਵਾਲ ਡਢਵਾਲ ਲੌਂ,
ਧਾਰ ਬਾਈ ਭਜੀ ਹੈ ਭੜਾਕਾ।
ਕਰ ਦਾਹਿਨੇ ਸ੍ਰੀ ਭਗਉਤੀ ਰਖ੍ਯਾ ਕਰੇ,
ਮੀਰ ਮੁਸ਼ਕੀ ਗਾਵੈ ਜਸ ਬਾਂਕਾ।

(ਭੰਗਾਣੀ ਦੀ ਵਾਰ ਵਿਚੋਂ)

ਇਹ ਵਾਰਾਂ ਬੀਰ-ਰਸੀ ਗੀਤਾਂ ਦੇ ਰੂਪ ਵਿਚ ਹਨ ਇਨ੍ਹਾਂ ਦੇ ਮੁਕਾਬਲੇ 'ਤੇ ਕਵੀਆਂ ਦੀ ਕਵਿਤਾ ਕੁਝ ਹੋਰ ਚੀਜ਼ ਹੈ। ਉਸ ਸਮੇਂ ਢਾਡੀਆਂ ਤੋਂ ਬਿਨਾਂ ਕਵੀ-ਲੋਕ ਵੀ ਵਾਰਾਂ ਅਥਵਾ ਜੰਗ-ਨਾਮੇ ਲਿਖਦੇ ਰਹਿੰਦੇ ਸਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਦੀਆਂ ਵਾਰਾਂ ਅਥਵਾ ਜੰਗ-ਨਾਮਿਆਂ ਵਿਚੋਂ ਚੰਡੀ ਦੀ ਵਾਰ, ਮਾਲਕੌਸ ਦੀ ਵਾਰ (ਦਸਮ ਗ੍ਰੰਥ), ਭਗਉਤੀ ਦੀ ਵਾਰ (ਸਰਬ ਲੋਹ), ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜੰਗ-ਨਾਮਾ ਕ੍ਰਿਤ ਅਣੀ ਰਾਇ ਆਦਿ ਰਚਨਾਵਾਂ ਮਿਲਦੀਆਂ ਹਨ, ਜੋ ਉਸ ਸਮੇਂ ਦੀ ਬੀਰ-ਰਸੀ ਕਵਿਤਾ ਦੇ ਉੱਤਮ ਨਮੂਨੇ ਹਨ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਪਿਛੋਂ ਪੰਜਾਬ ਦੀ ਧਰਤੀ ਉੱਤੇ ਸਿੱਖਾਂ ਨੇ ਜੋ ਜੰਗੀ ਕਰਤੱਬ ਦਿਖਾਏ, ਧਰਮ ਦੀ ਖਾਤਰ ਜਾਨਾਂ ਲੜਾਈਆਂ, ਵੱਡੇ-ਵੱਡੇ ਘੱਲੂਘਾਰਿਆਂ ਵਿਚੋਂ ਦੀ ਸਾਬਤ ਕਦਮ ਰਹਿ ਕੇ ਲੰਘੇ ਉਹਨਾਂ ਵਿਚੋਂ ਵੀ ਕਈ ਘਟਨਾ ਚਿਤ੍ਰ, ਵਾਰਾਂ ਅਥਵਾ ਜੰਗ-ਨਾਮਿਆਂ ਦੇ ਰੂਪ ਵਿਚ ਚਿਤ੍ਰੇ ਹੋਏ ਮਿਲਦੇ ਹਨ। ਜਿਵੇਂ ਬੰਦਾ ਬਹਾਦਰ ਦੀ ਵਾਰ, ਵਾਰ ਹਕੀਕਤ ਰਾਇ, ਰਾਜਾ ਅਮਰ ਸਿੰਘ ਦੀ ਵਾਰ, ਵਾਰ ਸ: ਮਹਾਂ ਸਿੰਘ, ਚੱਠਿਆਂ ਦੀ ਵਾਰ (ਪੀਰ ਬਖਸ਼), ਵਾਰ ਹਰੀ ਸਿੰਘ ਨਲਵਾ (ਕਾਨ੍ਹ ਸਿੰਘ) ਆਦਿ। ਸਿੱਖ ਰਾਜ ਦੀਆਂ ਵਾਰਾਂ ਵਿਚੋਂ ਆਨੰਦਪੁਰ ਦੀ ਵਾਰ (ਭਾਈ ਰਾਮ ਸਿੰਘ); ਮੁਲਤਾਨ ਵਿਜਯ, ਕਸ਼ਮੀਰ ਵਿਜਯ, ਪਿਸ਼ਾਵਰ ਵਿਜਯ, ਮਹਾਰਾਜਾ ਰਣਜੀਤ ਸਿੰਘ ਦੀ ਵਾਰ, ਵਿਜਯ ਵਿਨੋਦ (ਗਵਾਲ ਕਵੀ); ਲਾਹੌਰ ਦੀ ਖਾਨਾਜੰਗੀ, ਸੰਧਾਵਾਲੀਆਂ ਦੀ ਵਾਰ, ਜੰਗ-ਨਾਮਾ ਲਾਹੌਰ, ਕਿੱਸਾ ਸ਼ਾਹ ਮੁਹੰਮਦ, ਮੁਲਤਾਨ ਦੀ ਵਾਰ, ਗ਼ਦਰ ਦੀ ਵਾਰ, ਜੰਗ-ਨਾਮਾ ਦਿੱਲੀ ਆਦਿ ਪ੍ਰਸਿਧ ਹਨ। ਇਨ੍ਹਾਂ ਵਾਰਾਂ ਵਿਚੋਂ ਕੁਝ ਚੋਣਵੀਆਂ ਵਾਰਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ

ਜੰਗ ਨਾਮੇ ਸਮੇਤ ਇਸ ਸੰਗ੍ਰਹ ਵਿਚ ਸੰਪਾਦਨ ਕੀਤੀਆਂ ਗਈਆਂ ਹਨ।

ਵਾਰਾਂ ਤਾਂ ਸਿੱਖਾਂ ਦੇ ਸੰਬੰਧ ਵਿਚ ਹੋਰ ਵੀ ਮਿਲਦੀਆਂ ਹਨ, ਜਿਸ ਤਰ੍ਹਾਂ ਰਾਜਾ ਅਜੀਤ ਸਿੰਘ ਲਾਡੂਏ ਵਾਲੇ ਦੀ ਵਾਰ, ਬਰਾੜਾਂ ਦੀ ਵਾਰ ਆਦਿ, ਪਰ ਉਨ੍ਹਾਂ ਨੂੰ ਸੰਗ੍ਰਹ ਕਰਨ ਲਈ ਸਫਰ, ਖਰਚ ਤੇ ਕਈ ਸਾਲਾਂ ਦੀ ਮਿਹਨਤ ਦਰਕਾਰ ਹੈ। ਵਾਰਾਂ ਅਥਵਾ ਜੰਗ-ਨਾਮਿਆਂ ਦੇ ਇਕੱਤ੍ਰ ਹੋਣ 'ਤੇ ਵੀ ਉਤਨਾ ਚਿਰ ਇਹ ਮਿਹਨਤ ਸਫਲ ਨਹੀਂ ਹੋ ਸਕਦੀ, ਜਿਤਨਾ ਚਿਰ ਉਨ੍ਹਾਂ ਦੀਆਂ ਕਈ ਕਈ ਪ੍ਰਤੀਆਂ ਮਿਲਾ ਕੇ ਪਰਸਪਰ ਸੁਧਾਈ ਨਾ ਕੀਤੀ ਜਾਵੇ ਤੇ ਉਨ੍ਹਾਂ ਦੇ ਕਠਿਨ ਪਾਠਾਂ ਜਾਂ ਸ਼ਬਦੀ ਤੇ ਇਤਿਹਾਸੀ ਸ਼ੰਕਿਆਂ ਦਾ ਮਤਲਬ ਖੋਲ੍ਹਣ ਲਈ ਖੋਜ ਪੂਰਵਕ ਟਿੱਪਣੀਆਂ ਨਾ ਲਾਈਆਂ ਜਾਣ।

ਵਾਰਾਂ ਤੇ ਜੰਗ ਨਾਮੇ "ਨਾਮੀ ਇਸ ਸੈਂਚੀ ਵਿਚ ਇਕੱਤਰ ਕਰ ਕੇ ਸੰਪਾਦਨ ਦੇ ਇਸੇ ਫਰਜ਼ ਦੀ ਪਾਲਣਾ ਕਰਨ ਦਾ ਯਤਨ ਕੀਤਾ ਗਿਆ ਹੈ ਤੇ ਥਾਂ ਪਰ ਥਾਂ ਵਾਰਾਂ ਅਥਵਾ ਜੰਗ-ਨਾਮਿਆਂ ਦੇ ਸ਼ੰਕੇ ਵਾਲੇ ਪਾਠਾਂ ਉਤੇ ਟਿੱਪਣੀਆਂ ਵੀ ਲਾਈਆਂ ਗਈਆਂ ਹਨ ਤੇ ਟੂਕਾਂ ਰਾਹੀਂ ਇਤਿਹਾਸਕ ਸ਼ੰਕਿਆਂ ਦਾ ਸਮਾਧਾਨ ਕੀਤਾ ਗਿਆ ਹੈ। ਕਈ ਵਾਰਾਂ ਦੇ ਪਾਠ ਗ਼ਲਤ ਸਨ, ਜਿਵੇਂ ਕਿਸਾ ਸ਼ਾਹ ਮੁਹੰਮਦ ਦੀ 18 ਵੀਂ ਬੈਂਤ ਵਿਚ ਪਾਠ ਸੀ, 'ਫਲ੍ਹੇ ਪੜਤਲਾਂ ਨੇ ਅੱਗੋਂ ਪਾੜ ਕੇ ਜੀ', ਪਰ ਉਸ ਦੀ ਥਾਵੇਂ ਸਹੀ ਪਾਠ ਹੈ, 'ਫ਼ਤਹ ਪਲਟਨਾਂ ਨੇ ਅੱਗੋਂ ਬਾਢ ਕੀਤੀ' ਤੇ ਇਸੇ ਤਰ੍ਹਾਂ 28 ਵੀਂ ਬੈਂਤ ਦਾ ਪਾਠ ਸੀ-'ਸ਼ੇਰ ਸਿੰਘ ਨਾ ਕਿਸੇ ਨੂੰ ਵਧਣ ਦੇਂਦਾ', ਪਰ ਉਸ ਦੀ ਥਾਵੇਂ ਸਹੀ ਪਾਠ ਹੈ, 'ਧਿਆਨ ਸਿੰਘ ਨ ਕਿਸੇ ਨੂੰ ਵਧਣ ਦੇਂਦਾ' ਸੋ ਇਸ ਤਰ੍ਹਾਂ ਪੁਰਾਤਨ ਪ੍ਰਤੀਆਂ ਵਿਚੋਂ ਸਹੀ ਤੇ ਢੁਕਵੇਂ ਪਾਠ ਲਭ ਕੇ ਇਨ੍ਹਾਂ ਵਾਰਾਂ ਤੇ ਜੰਗ-ਨਾਮਿਆਂ ਨੂੰ ਸੋਧਿਆ ਗਿਆ ਹੈ।

ਸਤਿਗੁਰਾਂ ਦੇ ਸਿੰਘ 'ਯਥਾ ਨਾਮ ਤਥਾ ਗੁਣ' ਅਖੌਤ ਅਨੁਸਾਰ ਮੁੱਢ ਤੋਂ ਹੀ ਜੰਗੀ ਬਣੇ ਆ ਰਹੇ ਹਨ ਤੇ ਗੁਰੂ ਖਾਲਸੇ ਦੇ ਜੰਗਾਂ ਜੁੱਧਾਂ ਦੇ ਇਤਿਹਾਸ ਨੂੰ ਜਿਉਂ ਦਾ ਤਿਉਂ ਪੜ੍ਹੀ ਲਿਖੀ ਜਨਤਾ ਦੇ ਸਾਹਮਣੇ ਰੱਖਣ ਲਈ ਪੁਰਾਤਨ ਵਾਰਾਂ ਤੇ ਜੰਗ-ਨਾਮਿਆਂ ਦੀ ਕੋਈ ਅਜੋਕੀ ਨਹੀਂ ਬਲਕਿ ਚਿਰੋਕੀ ਲੋੜ ਹੈ ਤੇ ਇਹ ਵਾਰਾਂ ਤੇ ਜੰਗ-ਨਾਮੇ ਸਿੰਘਾਂ ਵਿਚ ਬੀਰਤਾ ਦੀ ਰੂਹ ਫੂਕਣ ਲਈ ਜਾਦੂ ਦਾ ਕੰਮ ਕਰਦੇ ਰਹੇ ਹਨ। ਮੈਨੂੰ ਵਾਰਾਂ ਤੇ ਜੰਗ-ਨਾਮੇ ਇਕੱਤਰ ਕਰਨ ਦਾ ਚਿਰੋਕਾ ਇਸ਼ਕ ਸੀ; ਸੋ ਇਸ ਕਾਰਣ ਇਸ ਪੁਸਤਕ ਦੀ ਸ਼ਕਲ ਵਿਚ ਇਕ ਪੰਥ ਦੋ ਕਾਜ ਦੇ ਖਿਆਲ ਨਾਲ ਸੰਪਾਦਨ ਕਰ ਕੇ ਇਹ ਭੇਟਾ ਗੁਰੂ-ਪੰਥ ਦੇ ਪੇਸ਼ ਹੈ ਤੇ ਨਿਸਚਾ ਹੈ ਕਿ ਇਨ੍ਹਾਂ ਨੂੰ ਪੜ੍ਹ ਕੇ ਗੁਰੂ ਦੇ ਸਿੰਘ ਆਪਣੇ ਪੂਰਵ ਗੌਰਵ ਦਾ ਸਿਮਰਨ ਕਰਦੇ ਹੋਏ ਹਮੇਸ਼ਾਂ ਚੜ੍ਹਦੀਆਂ ਕਲਾਂ ਵੱਲ ਜਾਣਗੇ।

ਅੰਮ੍ਰਿਤਸਰ

12.11.47

ਸ਼ਮਸ਼ੇਰ ਸਿੰਘ 'ਅਸ਼ੋਕ'

੧ਓ ਸਤਿਗੁਰ ਪ੍ਰਸਾਦਿ ॥

# ਵਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੀ

## ਅਰਥਾਤ

# ਜੰਗ-ਨਾਮਾ ਭੰਗਾਣੀ

ਭੰਗਾਣੀ ਦਾ ਜੰਗ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਦੀ ਪਹਿਲੀ ਘਟਨਾ ਹੈ। ਗੁਰੂ ਸਾਹਿਬ ਉਸ ਸਮੇਂ ਨੌਜਵਾਨ ਉਮਰ ਵਿਚ ਹੀ ਸਨ। ਇਹ ਜੰਗ ੧੮ ਵੈਸਾਖ, ਸੰਮਤ ੧੭੪੬ ਬਿ: ਨੂੰ ਹੋਇਆ ਸੀ (ਦੇਖੋ, ਗੁਰਸ਼ਬਦ ਰਤਨਾਕਰ ਮਹਾਨ ਕੋਸ਼ ਵਿਚੋਂ ਭੰਗਾਣੀ ਸ਼ਬਦ)। ਭਾਈ ਮਨੀ ਸਿੰਘ ਦੇ ਨਾਮ 'ਤੇ ਪ੍ਰਸਿੱਧ ਗੁਰ ਬਿਲਾਸ ਦੀ ਲਿਖਤ ਅਨੁਸਾਰ ਸੰਮਤ ੧੭੩੩ ਵਿਚ ਗੁਰੂ ਜੀ ਨੇ ਅਨੰਦਪੁਰ ਦੇ ਪ੍ਰਸਿੱਧ ਦਮਦਮਾ ਨਾਮਕ ਸਥਾਨ ਪੁਰ ਰਾਜਸੀ ਠਾਟ ਠਟਿਆ ਤੇ ਸੰਮਤ ੧੭੪੨ ਬਿ: ਵਿਚ ਦੇਵੀ ਪੂਜਾ ਦਾ ਪਾਜ ਉਘੇੜਨਾ ਸ਼ੁਰੂ ਕੀਤਾ, ਜਿਸ ਤਰ੍ਹਾਂ ਕਿ ਲਿਖਿਆ ਹੈ :-

੧. ਸਤ੍ਰਹ ਸੈ ਸਿਵ ਨੈਨ ਭਨੁ, ਪੁਨਿ ਅਗਨੀ ਪ੍ਰਮਾਨ।
ਆਦਿ ਸਿੰਘਾਸਨ ਦਮਦਮਾ, ਰਾਜ ਧਰਾ ਗੁਰ ਜਾਨ।

੨. ਸੰਮਤ ਸਤ੍ਰਹ ਸਹਸ ਬਤਾਲੀ। ਦੇਵੀ ਪੂਜਾ ਠਟੀ ਬਿਸਾਲੀ। ਤੇ ਇਸ ਤੋਂ ਵਿਚਕਾਰਲੇ ਸਮੇਂ ਵਿਚ, ਸੰਮਤ ੧੭੩੮-੩੯ ਦੇ ਨੇੜੇਤੇੜੇ, ਭੰਗਾਣੀ ਦਾ ਜੰਗ ਹੋਇਆ ਸੀ।[1]

---

੧ ਜੰਗ ਭੰਗਾਣੀ ਦੀ ਤ੍ਰੀਕ ਠੀਕ ਮਲੂਮ ਨਹੀਂ ਹੁੰਦੀ। ਇਹ ਠੀਕ ਹੈ ਕਿ ਸੁਖਾ ਸਿੰਘ ਦਾ ਗੁਰ ਬਿਲਾਸ ਸੰਮਤ ੧੭੪੬ (ਸੰਨ ਈਸਵੀ ੧੬੮੯) ਹੀ ਦਿੰਦਾ ਹੈ, ਪਰ ਸੂਰਜ ਪ੍ਰਕਾਸ਼ ਦੀ ਲਿਖਤ ਹੈ ਕਿ ਗੁਰੂ ਜੀ ਦੀ ਪੌਂਟੇ ਤੋਂ ਵਾਪਸੀ ਦੇ ੯ ਮਹੀਨੇ ਪਿਛੋਂ ਸਾਹਿਬਜ਼ਾਦਾ ਅਜੀਤ ਸਿੰਘ ਦਾ ਜਨਮ ਹੋਇਆ। ਇਸ ਜਨਮ ਦੀ ਤ੍ਰੀਕ ਸਭ ਮੰਨਦੇ ਹਨ ਕਿ ੧੭੪੨ ਬਿ: ਸੀ ਅਰਥਾਤ ਈ: ਸੰਨ ੧੬੮੬। ਗੁਰੂ ਸਾਹਿਬ ਨੇ ਜੋ ਖਤ ਭੰਗਾਣੀ ਦੇ ਜੁੱਧ ਤੋਂ ਉਪ੍ਰੰਤ ਪੀਰ ਬੁਧੂ ਸ਼ਾਹ ਸਢੌਰੇ ਵਾਲਿਆਂ ਨੂੰ ਲਿਖਿਆ ਉਸ ਦਾ ਸੰਮਤ ੧੭੪੨ ਹੈ, ਅਰਥਾਤ ੧੬੮੬ ਈਸਵੀ। ਸੋ ਇਸ ਜੰਗ ਦੀ ਤ੍ਰੀਕ ੧੭੪੨ ਬਿਕ੍ਰਮੀ ਅਥਵਾ ੧੬੮੬ ਈਸਵੀ ਹੀ ਠੀਕ ਮੰਨਣੀ ਚਾਹੀਦੀ ਹੈ।

*(ਤੇਜਾ ਸਿੰਘ)*

ਇਹ ਜੰਗ ਕਿਵੇਂ ਸ਼ੁਰੂ ਹੋਇਆ ਤੇ ਇਸ ਦੇ ਛਿੜਨ ਦਾ ਅਸਲ ਕਾਰਣ ਕੀ ਸੀ ? ਇਸ ਦੇ ਉੱਤਰ ਵਿਚ ਸਿੱਖ-ਇਤਿਹਾਸ ਦੀਆਂ ਲਿਖਤਾਂ ਪਰਸਪਰ ਥੋੜ੍ਹਾ ਬਾਹਲਾ ਮਤਭੇਦ ਰਖਦੀਆਂ ਹਨ। ਬਚਿਤ੍ਰ ਨਾਟਕ ਵਿਚ ਜੋ ਇਸ ਬਾਰੇ ਸਭ ਤੋਂ ਪਹਿਲੀ ਲਿਖਤ ਕਹੀ ਜਾ ਸਕਦੀ ਹੈ, ਇਸ ਜੰਗ ਦਾ ਕਾਰਣ ਸਿਰਫ ਇਤਨਾ ਹੀ ਦੱਸਿਆ ਹੈ-

ਫ਼ਤਹ ਸ਼ਾਹ ਕੋਪਾ ਤਬ ਰਾਜਾ ॥ ਲੋਹ ਪਰਾ ਹਮ ਸੋਂ ਬਿਨ ਕਾਜਾ ॥

ਤੇ ਇਸੇ ਤਰ੍ਹਾਂ ਗੁਰ ਸੋਭਾ ਵਿਚ ਗੁਰੂ ਸਾਹਿਬ ਦੇ ਦਰਬਾਰੀ ਕਵੀ ਸੈਨਾਪਤੀ ਨੇ ਸੰਖੇਪ ਤੇ ਇਸ਼ਾਰੇ ਮਾਤ੍ਰ ਵੇਰਵਾ ਦਿੱਤਾ ਹੈ –

ਦੇਸ ਪਾਂਵਟੇ ਸਤਿਗੁਰ ਗਏ ।—
ਲੀਲਾ ਅਨਿਕ ਭਾਂਤਿ ਤਹ ਕਰੀ ।
ਫ਼ਤਹ ਸ਼ਾਹ ਸੁਨ ਕੋਪ ਮਨ ਧਰੀ ।
ਬਹੁਤ ਕੋਪ ਮਨ ਮਾਹਿਂ ਬਸਾਯੋ ।
ਫਉਜ ਬਨਾਇ ਜੁੱਧ ਕਉ ਆਯੋ ॥੬॥੫੦॥

ਇਨ੍ਹਾਂ ਉਦਾਹਰਣਾਂ ਦਾ ਮਤਲਬ ਇਹ ਹੈ ਕਿ ਰਾਜਾ ਫ਼ਤਹ ਸ਼ਾਹ, ਜੋ ਸ੍ਰੀ ਨਗਰ (ਗੜ੍ਹਵਾਲ) ਦਾ ਰਾਜਾ ਸੀ, ਅਕਾਰਣ ਹੀ ਗੁਰੂ ਸਾਹਿਬ ਉੱਤੇ ਕ੍ਰੋਧਵਾਨ ਹੋ ਗਿਆ (ਸ਼ਾਇਦ ਗੁਰੂ ਜੀ ਦੇ ਰਾਜਸੀ ਠਾਠ-ਬਾਠ (ਫੌਜਾਂ ਆਦਿ) ਨੂੰ ਦੇਖ ਕੇ ਹੀ ਹੋਇਆ ਹੋਵੇ) ਤੇ ਉਸ ਨੇ ਗੁਰੂ ਜੀ ਦੇ ਨਾਲ ਲੜਾਈ ਛੇੜ ਦਿੱਤੀ ।

ਗੁਰ ਬਿਲਾਸ ਦੇ ਕਰਤਾ ਨੇ ਸ਼ਾਇਦ ਇਸ ਕਾਰਣ ਨੂੰ ਕਾਫੀ ਨਹੀਂ ਸਮਝਿਆ ਤੇ ਕਿਸੇ ਦੰਦ ਕਥਾ ਦੇ ਆਧਾਰ ਉੱਤੇ ਜਾਂ ਆਪਣੀ ਮਨੋ-ਕਲਪਨਾ ਦੇ ਅਨੁਸਾਰ ਭੰਗਾਣੀ ਦੇ ਜੰਗ ਦਾ ਅਸਲ ਕਾਰਣ ਦੱਸਿਆ ਹੈ ਕਿ ਆਸਾਮ ਦੇ ਰਾਜੇ ਰਤਨ ਰਾਇ ਨੇ ਗੁਰੂ ਜੀ ਨੂੰ ਪ੍ਰਸਾਦੀ ਹਾਥੀ ਭੇਟਾ ਕੀਤਾ ਸੀ, ਜੋ ਇਕ ਵੇਰ ਜਦ ਰਾਜਾ ਭੀਮ ਚੰਦ ਬਿਲਾਸ ਪੁਰੀਆ ਗੁਰੂ ਜੀ ਦੇ ਦਰਸ਼ਨ ਕਰਨ ਅਨੰਦ ਪੁਰ ਗਿਆ ਤਾਂ ਉਸ ਦੀ ਨਜ਼ਰ ਪੈ ਗਿਆ। ਹਾਥੀ ਨੂੰ ਦੇਖ ਕੇ ਰਾਜੇ ਦਾ ਦਿਲ ਲਲਚਾ ਗਿਆ, ਜਿਸ ਕਰਕੇ ਉਸ ਨੇ ਆਪਣੇ ਪੁੱਤਰ ਅਜਮੇਰ ਚੰਦ ਦੀ ਸ਼ਾਦੀ ਸਮੇਂ ਆਪਣੇ ਵਜ਼ੀਰ ਦੇ ਰਾਹੀਂ ਉਹ ਹਾਥੀ ਗੁਰੂ ਜੀ ਤੋਂ ਮੰਗਿਆ। ਗੁਰੂ ਜੀ ਉਸ ਦੀ ਇਸ ਚਲਾਕੀ ਨੂੰ ਪਹਿਲਾਂ ਹੀ ਜਾਣਦੇ ਸਨ, ਇਸ ਲਈ ਅੱਗੋਂ ਉੱਤਰ ਇਨਕਾਰ ਵਿਚ ਦਿੱਤਾ।

ਭੀਮ ਚੰਦ ਬਾਈਧਾਰ ਦੇ ਪਹਾੜੀ ਰਾਜਿਆਂ ਵਿਚੋਂ ਇਕ ਅਭਿਮਾਨੀ ਰਾਜਾ ਸੀ ਤੇ ਪਹਾੜਾਂ ਦੀਆਂ ਲਗ-ਭਗ ਸਾਰੀਆਂ ਹੀ ਠਕੁਰਾਈਆਂ ਉਸ ਦੇ ਅੱਗੇ ਨਿਉਂ ਕੇ ਚਲਦੀਆਂ ਸਨ, ਇਸ ਲਈ ਗੁਰੂ ਜੀ ਦੇ ਇਸ ਕੋਰੇ ਕਰਾਰੇ ਉੱਤਰ ਤੋਂ ਉਸ ਦਾ ਨਾਰਾਜ਼ ਹੋਣਾ ਕੁਦਰਤੀ ਗੱਲ ਸੀ, ਪਰ ਉਸ ਸਮੇਂ ਉਹ ਇਸ ਨਾਰਾਜ਼ਗੀ ਨੂੰ ਵਿਚੇ ਵਿਚ ਪੀ ਗਿਆ ਤੇ ਬਹੁਤਾ ਮੱਥੇ ਵੱਟ ਨਾ ਪਾਇਆ। ਥੋੜ੍ਹਾ ਚਿਰ ਪਿਛੋਂ ਹੀ ਜਦ ਉਸ ਦੇ ਪੁੱਤਰ ਅਜਮੇਰ ਚੰਦ ਦੀ ਸ਼ਾਦੀ ਰਾਜਾ ਫ਼ਤਹ ਸ਼ਾਹ ਸ੍ਰੀ ਨਗਰ

(ਗੜ੍ਹਵਾਲ) ਦੀ ਰਾਜਕੁਮਾਰੀ ਨਾਲ ਹੋਣੀ ਕਰਾਰ ਪਾਈ ਤੇ ਬਿਲਾਸਪੁਰੋਂ ਰਾਜਿਆਂ ਦੀ ਜੰਞ ਗਈ ਤਾਂ ਉਹੀ ਪੁਰਾਣਾ ਗੁੱਸਾ ਪਰਗਟ ਹੋ ਆਇਆ। ਗੱਲ ਇਉਂ ਹੋਈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੁਝ ਚਿਰ ਪਹਿਲਾਂ ਅਨੰਦਪੁਰ ਛੱਡ ਕੇ ਪਾਉਂਟੇ ਸਾਹਿਬ (ਰਿਆਸਤ ਨਾਹਨ ਵਿਚ) ਜਾ ਵਿਰਾਜੇ ਸਨ। ਸਿੱਖ ਜੱਥੇ ਹਮੇਸ਼ਾਂ ਗੁਰੂ ਜੀ ਨਾਲ ਰਹਿੰਦੇ ਸਨ। ਰਾਜਾ ਭੀਮ ਚੰਦ ਦੇ ਪੁੱਤਰ ਦੀ ਜੰਞ ਵੀ ਉਸੇ ਰਸਤਿਓਂ ਹੀ ਲੰਘਣੀ ਸੀ, ਇਸ ਲਈ ਪਹਾੜੀਆਂ ਦੀ ਗੁਰੂ ਜੀ ਦੇ ਨਾਲ ਮੁੱਠ ਭੇੜ ਹੋ ਗਈ। ਭਾਈ ਸੰਤੋਖ ਸਿੰਘ ਕਰਤਾ ਸੂਰਜ ਪ੍ਰਕਾਸ਼ ਅਤੇ ਗਿਆਨੀ ਗਿਆਨ ਸਿੰਘ ਕਰਤਾ ਤਵਾਰੀਖ ਗੁਰੂ ਖਾਲਸਾ ਦਾ ਕਥਨ ਹੈ ਕਿ ਰਾਜਾ ਫ਼ਤਹ ਸ਼ਾਹ ਗੁਰੂ ਜੀ ਦਾ ਪ੍ਰੇਮੀ ਸੀ 'ਤੇ ਉਸ ਦੀ ਪੁੱਤਰੀ ਦੇ ਵਿਆਹ ਦੇ ਮੌਕੇ ਤੇ ਗੁਰੂ ਜੀ ਨੇ ਭਾਈ ਨੰਦ ਚੰਦ ਸੰਘੇ ਨੂੰ ਤੰਬੋਲ ਦੇ ਕੇ ਭੇਜਿਆ ਸੀ ਇਸ ਲਈ ਸ੍ਰੀ ਨਗਰ ਦੇ ਮੁਕਾਮ 'ਪਰ ਜਦ ਸ਼ਾਦੀ ਦਾ ਸਮਾਗਮ ਜੁੱਟ ਰਿਹਾ ਸੀ ਤਾਂ ਪਰਸਪਰ ਨੋਕਝੋਕ ਹੋਣ 'ਤੇ ਲੜਾਈ ਦਾ ਮੁੱਢ ਬੱਝ ਗਿਆ। ਉਸ ਸਮੇਂ ਤਾਂ ਭਾਈ ਨੰਦ ਚੰਦ ਉਥੋਂ ਚਲਾ ਆਇਆ, ਪਰ ਪਹਾੜੀਆਂ ਨੇ ਮੁੜਦਿਆਂ ਹੀ ਰਸਤੇ ਵਿਚ ਗੁਰੂ ਜੀ ਦੇ ਨਾਲ ਲੜਾਈ ਛੇੜ ਦਿੱਤੀ।

ਲੜਾਈ ਠੀਕ ਇਸੇ ਤਰ੍ਹਾਂ ਹੀ ਛਿੜੀ ਜਾਂ ਕੋਈ ਹੋਰ ਕਾਰਣ ਵੀ ਸੀ, ਇਹ ਇਕ ਅਜਿਹੀ ਗੁੱਥੀ ਹੈ ਜਿਸ ਦੇ ਸੁਲਝਾਣ ਲਈ ਅਜੇ ਹੋਰ ਸਮੇਂ ਦੀ ਲੋੜ ਹੈ ਤੇ ਵਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਅਰਥਾਤ ਜੰਗ-ਨਾਮਾ ਭੰਗਾਣੀ, ਜੋ ਇਸ ਸੈਂਚੀ ਵਿਚ ਸੰਪਾਦਨ ਕੀਤਾ ਗਿਆ ਹੈ, ਇਸ ਲੜਾਈ ਦਾ ਅਸਲ ਕਾਰਣ ਮੁਗਲ ਬਾਦਸ਼ਾਹ ਔਰੰਗਜ਼ੇਬ ਦੀ ਉਹੋ ਮਜ਼੍ਹਬੀ ਪੱਖਪਾਤ ਦੀ ਭਰੀ ਹੋਈ ਨੀਤੀ ਦਸਦਾ ਹੈ, ਜਿਸ ਦੇ ਪ੍ਰਭਾਵ ਹੇਠ ਆ ਕੇ ਉਸ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਸ਼ਹੀਦ ਕੀਤਾ ਤੇ ਉਨ੍ਹਾਂ ਦੇ ਸਾਥੀ ਸਿੱਖਾਂ (ਭਾਈ ਮਤੀ ਦਾਸ ਸਤੀ ਦਾਸ ਆਦਿ) ਨੂੰ ਤਸੀਹੇ ਦੇ ਕੇ ਕਤਲ ਕਰਵਾਇਆਂ ਸੀ। ਔਰੰਗਜ਼ੇਬ ਦੇ ਦਿਮਾਗ ਵਿਚ ਮਜ਼੍ਹਬੀ ਜਨੂਨ ਧਸਿਆ ਹੋਇਆ ਹੋਣ ਤੇ ਉਹ ਦੀਨ ਮਜ਼੍ਹਬ ਦੀ ਲੜਾਈ ਲੜਨੀ ਇਕ ਪੁਨੀਤ ਕੰਮ ਸਮਝਦਾ ਸੀ, ਇਸ ਲਈ ਪਹਿਲਾਂ ਤਾਂ ਉਸ ਨੇ ਪਰਵਾਨੇ ਭੇਜ ਕੇ ਗੁਰੂ ਜੀ ਨੂੰ ਆਪਣੇ ਦਰਬਾਰ ਵਿਚ ਹਾਜ਼ਰ ਕਰਨਾ ਚਾਹਿਆ ਤੇ ਧਮਕੀਆਂ ਵੀ ਦਿੱਤੀਆਂ ਪਰ ਜਦ ਉਸ ਦੇ ਇਸ ਕ੍ਰੋਧ ਦਾ ਕੋਈ ਅਸਰ ਨਾ ਹੁੰਦਾ ਜਾਪਿਆ ਤਾਂ ਫਿਰ ਫੌਜ ਚਾੜ੍ਹ ਦਿੱਤੀ, ਉਸ ਫੌਜ ਦੀ ਸਹਾਇਤਾ ਲਈ ਪਹਾੜੀ ਰਾਜਿਆਂ ਵੱਲ ਤਾਕੀਦੀ ਪਰਵਾਨੇ ਭੇਜ ਦਿੱਤੇ ਗਏ, ਜਿਸ ਕਰ ਕੇ ਰਾਜਾ ਭੀਮ ਚੰਦ ਬਿਲਾਸ ਪੁਰੀਆ ਆਦਿ ਪਹਾੜੀ ਰਾਜੇ, ਜੋ ਪਹਿਲਾਂ ਹੀ ਗੁਰੂ ਜੀ ਦੀ ਫੌਜੀ ਸਜਧਜ ਨੂੰ ਦੇਖ ਕੇ ਸੜਦੇ ਸਨ, ਬਾਦਸ਼ਾਹੀ ਫੌਜ ਦੇ ਨਾਲ ਸ਼ਾਮਲ ਹੋ ਗਏ। ਭੰਗਾਣੀ ਦੇ ਯੁੱਧ ਦਾ ਇਹੋ ਇਕ ਕਾਰਣ ਹੈ, ਜੋ ਇਸ ਜੰਗ-ਨਾਮੇ ਵਿਚ ਦੱਸਿਆ ਗਿਆ ਹੈ ਤੇ ਇਹ ਕਾਰਣ ਏਨਾ ਠੀਕ ਨਹੀਂ ਜਾਪਦਾ।

ਮਾਲੂਮ ਹੁੰਦਾ ਹੈ ਕਿ ਇਸ ਦਾ ਲੇਖਕ ਇਤਿਹਾਸ ਦਾ ਏਨਾ ਅੱਛਾ ਜਾਣੂ ਨਹੀਂ ਸੀ, ਇਸੇ ਲਈ ਆਪਣੀ ਗਲਤੀ ਦੇ ਕਾਰਣ ਉਹ ਭੰਗਾਣੀ ਦੇ ਜੰਗ ਵਿਚ

ਸਾਹਿਬਜ਼ਾਦਾ ਅਜੀਤ ਸਿੰਘ ਦਾ ਸ਼ਾਮਲ ਹੋਣਾ ਲਿਖਦਾ ਹੈ, (ਦੇਖੋ, ਪਉੜੀ ੨੭) ਹਾਲਾਂਕਿ ਇਹ ਅਸੰਭਵ ਗਲ ਹੈ ਕਿਉਂਕਿ ਗੁਰੂ ਸਾਹਿਬ ਉਸ ਸਮੇਂ ਵਧ ਤੋਂ ਵਧ ੨੩ ਸਾਲ ਦੀ ਉਮਰ ਦੇ ਨੌਜਵਾਨ ਸਨ। ਸੋ ਇਤਨੀ ਛੋਟੀ ਉਮਰ ਵਿਚ ਹੀ ਉਨ੍ਹਾਂ ਦੇ ਘਰ ਸਾਹਿਬਜ਼ਾਦਾ ਪੈਦਾ ਹੋ ਕੇ ਤੀਰ ਚਲਾਉਣ ਯੋਗ ਕਿਵੇਂ ਹੋ ਗਿਆ। ਇਸ ਤੋਂ ਬਿਨਾਂ ਹੋਰ ਵੀ ਇਕ ਦੋ ਨੁਕਸ ਹਨ, ਪਰ ਇਨ੍ਹਾਂ ਨੁਕਸਾਂ ਦੇ ਹੁੰਦਿਆਂ ਵੀ ਇਹ ਜੰਗ-ਨਾਮਾ ਸਿਖ-ਸਾਹਿਤ ਵਿਚ ਸਾਂਭ ਕੇ ਰੱਖਣ ਯੋਗ ਚੀਜ਼ ਹੈ।

ਇਹ ਵਾਰ ਅਥਵਾ ਜੰਗ-ਨਾਮਾ ਕਦੋਂ ਤੇ ਕਿਸ ਕਵੀ ਨੇ ਲਿਖਿਆ, ਇਸ ਸਬੰਧ ਵਿਚ ਕੋਈ ਸਹੀ ਰਾਇ ਕਾਇਮ ਨਹੀਂ ਕੀਤੀ ਜਾ ਸਕਦੀ, ਪਰ ਫਿਰ ਵੀ ਇਹ ਜੰਗ-ਨਾਮਾ ਡੇਢ ਸੌ ਵਰ੍ਹੇ ਤੋਂ ਪਹਿਲਾਂ ਦੀ ਰਚਨਾ ਹੈ- ਕੋਈ ਨਵੀਂ ਰਚਨਾ ਨਹੀਂ। ਇਸ ਦੇ ਸੰਪਾਦਨ ਵਿਚ ਪੁਰਾਣੇ ਤੇ ਸ਼ੁੱਧ ਪਾਠ ਲੱਭਣ ਲਈ ਵਿਸ਼ੇਸ਼ ਕੋਸ਼ਿਸ਼ ਕੀਤੀ ਗਈ ਹੈ ਤੇ ਇਸ ਦਾ ਮੂਲ ਪਾਠ ਇਕ ਪੁਰਾਣੀ ਪ੍ਰਤੀ ਦੀ ਨਕਲ ਹੈ, ਪਰ ਫਿਰ ਵੀ ਜੇ ਇਸ ਦੀ ਸੁਧਾਈ ਵਿਚ ਕੋਈ ਕਮੀ ਰਹਿ ਗਈ ਹੋਵੇ ਤਾਂ ਵਿਦਵਾਨ ਪਾਠਕਾਂ ਦਾ ਫਰਜ਼ ਹੈ ਕਿ ਉਹ ਇਸ ਸੰਬੰਧ ਵਿਚ ਸੰਪਾਦਕ ਦੀ ਸਹਾਇਤਾ ਕਰਨ।

ਸ਼ਮਸ਼ੇਰ ਸਿੰਘ 'ਅਸ਼ੋਕ'
ਸੰਪਾਦਕ

# ਵਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੀ
## ਅਰਥਾਤ
## ਜੰਗ-ਨਾਮਾ ਭੰਗਾਣੀ

ਔਰੰਗਜ਼ੇਬ ਜੋ ਲਿਖਿਆ, ਦਿੱਲੀਓਂ ਪਰਵਾਨਾ।
"ਤੂੰ ਗੁਰੂ ਗੋਬਿੰਦ ਸਦਾਇੰਦਾ, ਜੋਧਾ ਮਰਦਾਨਾ।
ਹੁਕਮ ਮੇਰਾ ਕੰਧਾਰ ਵਿਚ ਕਾਬਲ ਖੁਰਸਾਨਾ।
ਸਭ ਰਾਜੇ ਦੱਖਣ ਪਹਾੜ ਦੇ, ਆਇ ਕਰਨ ਸਲਾਮਾ।
ਸਾਡੇ ਤੇਰੇ ਵਿਚ ਹੈ, ਸਚ ਕਸਮ ਕੁਰਾਨਾ।
ਪਰਵਾਨਾ ਵੇਖ ਕੇ ਮਿਲ ਸ਼ਿਤਾਬ, ਨਹੀਂ ਕਰ ਜੁੱਧ ਸਮਾਨਾ।
ਮੈਂ ਪਕੜਾਂਗਾ ਨਾਲ ਜ਼ੋਰ ਦੇ ਕਰ ਫ਼ਤੇ ਦਮਾਮਾ।
ਮੈਂ ਦੂਣਾ ਲਾਵਾਂ ਜੇਜ਼ੀਆ, ਜੋ ਕਸਮ ਕੁਰਾਨਾ।
ਜੋ ਛੱਡਣਗੇ ਧਰਮ ਨੂੰ, ਲਿਆਵਣ ਸਿਦਕ ਈਮਾਨਾ।
ਉਹ ਖੁਤਬਾ ਮੇਰਾ ਪੜ੍ਹਨਗੇ, ਵਿਚ ਦੂਹਾਂ ਜਹਾਨਾਂ।
ਸਰਲ ਕਰਾਂਗਾ ਆਕੀਆਂ, ਸਭ ਪੰਡਿਤ ਖਾਨਾਂ।
ਹਕੀਕਤ ਸੁਣ ਕਸ਼ਮੀਰ ਦੀ, ਵਰਤੀ ਪੰਡਿਤਾਨਾ।
ਮੈਂ ਭੇਜਾਂ ਇਕੋ ਬਾਜ ਨੂੰ, ਤੂੰ ਚਿੜੀਆਂ ਤਾਮਾ"॥੧॥
ਸਤਿਗੁਰੁ ਸਚੇ ਪਾਤਸ਼ਾਹ, ਪੜ੍ਹਿਆ ਪਰਵਾਨਾ।
ਲਿਖ ਜਵਾਬ ਇਹ ਭੇਜਿਆ, ਜੋ ਸੀ ਸਚ ਨਾਮਾ।
ਲਿਖੀਆਂ ਸਭ ਹਕੀਕਤਾਂ, ਜੋ "ਸਮਝ ਨਦਾਨਾ।
ਤੈਂ ਕਸਮ ਜੁ ਕੀਤੀ ਦਗੇ ਦੀ, ਮੈਂ ਦਿਲ ਦੀ ਜਾਨਾ।
ਤੂੰ ਕਰ ਹੰਕਾਰ ਜੋ ਬੋਲਿਆ, ਨਾਪਾਕ ਜ਼ਬਾਨਾ।
ਤਕੱਬਰ[1] ਕੀਤਾ ਅਬਲੀਸ[2] ਨੇ ਗਲ ਲਾਨ੍ਹਤ ਜਾਮਾ।
ਦਹਿਸਿਰ ਜੇਹੇ ਕਈ ਦੈਤ, ਮਾਰੇ ਅਭਿਮਾਨਾ।
ਜੇ ਸਾਹਿਬ ਕੀੜੀ ਬਲ ਕਰੇ, ਫੀਲ[3] ਉਸ ਦਾ ਖਾਨਾ।

---

੧. ਹੰਕਾਰ। ੨. ਸ਼ੈਤਾਨ। ੩. ਹਾਥੀ।

ਨੋਟ- ਇਹ 'ਜੰਗ-ਨਾਮਾ' ਛਪਿਆ ਹੋਇਆ ਮਿਲਦਾ ਹੈ।

ਮੈਂ ਪਕੜੀ ਟੇਕ ਅਕਾਲ ਦੀ, ਕੋਈ ਹੋਰ ਨ ਜਾਨਾ।
ਜਾਂ ਆਇਆ ਹੁਕਮ ਅਕਾਲ ਦਾ, ਹਥ ਬੱਧਾ ਗਾਨਾ।
ਮੈਂ ਪੰਥ ਕਰਾਂਗਾ ਖਾਲਸਾ, ਵਿਚ ਦੋਹਾਂ ਜਹਾਨਾ।
ਸਾਧਾਂਗਾ ਮੈਂ ਆਕੀਆਂ, ਹਾਕਮ ਸੁਲਤਾਨਾ।
ਦੂੰਦ ਪਵੇਗਾ ਮੁਲਕ ਵਿਚ, ਕਿਆ ਅਪਨ ਬੇਗਾਨਾ।
ਅਣਦਾਗੇ ਗੋਲੇ ਛੁੱਟਣਗੇ, ਮਾਰ ਮੁਗਲ ਪਠਾਨਾ।
ਦੁਹਾਈ ਦੇਣ ਅਕਾਲ ਦੀ, ਮੂੰਹ ਘਾਇ ਨਦਾਨਾ।
ਮੈਂ ਦੂਰ ਕਰਾਂਗਾ ਸ਼ਰ੍ਹਾ ਨੂੰ, ਫੜ ਸੁੰਨਤ ਇਮਾਨਾਂ।
ਚਿੜੀਆਂ ਮਾਰਨ ਬਾਜ ਨੂੰ, ਕਰ ਖਾਵਣ ਤਾਮਾ" ॥੨॥
ਲਿਖਿਆ ਪੜ੍ਹਿਆ ਬਾਦਸ਼ਾਹ, ਵਜ਼ੀਰ ਬੁਲਾਏ।
ਅਸਬਾਬ ਸ਼ਰ੍ਹਾ ਦੇ ਕੱਢ ਕੇ ਕਾਜ਼ੀ ਸਦਵਾਏ।
"ਮੈਂ ਰੋਜ਼ ਜ਼ਿਆਰਤ ਹੱਜ ਵਿਚ ਕਰਦਾ ਨਿਤ ਜਾਏ।
ਮੈਂ ਐਸਾ ਘਾਉ ਨ ਸਹਿ ਸਕਾਂ ਮਰਸਾਂ ਵਿਖ ਖਾਏ।
ਜੇ ਕੋਈ ਹੋਵੇ ਸੂਰਬੀਰ, ਬੀੜਾ ਉੱਠਾਏ।
ਜਾਇ ਜੰਗ ਕਰੇ ਨਾਲ ਗੁਰੂ ਦੇ, ਪਰ ਭਾਂਜ ਨ ਖਾਏ।
ਮੈਂ ਮਨਸਬ ਦੂਣੇ ਕਰਾਂਗਾ, ਜੋ ਫ਼ਤੇ ਕਰਾਏ" ॥੩॥
ਵਜ਼ੀਰ ਤੇ ਕਾਜ਼ੀ ਆਖਦੇ, "ਸੁਣ ਸ਼ਾਹ ਸਿਆਣੇ।
ਤੂੰ ਚਿੰਤਾ ਨਾ ਕਰ ਰੂਹ ਵਿਚ ਦਿੱਲ ਰੱਖ ਠਿਕਾਣੇ।
ਤੁਸੀਂ ਭੇਜੋ ਫੌਜਾਂ ਚਾੜ੍ਹ ਕੇ ਬਹੁ ਮੁਗਲ ਸਿਆਣੇ।
ਤੁਸੀਂ ਭੇਜੋ ਤੋਪਾਂ ਰਹਿਕਲੇ, ਬਹੁ ਸਾਜ ਸਮਾਨੇ।
ਜਾਇ ਜੰਗ ਕਰਨ ਨਾਲ ਗੁਰੂ ਦੇ, ਖੇਲ ਖੇਲ ਰਬਾਨੇ।
ਕਾਇਮ ਕਰਨ ਵਿਚ ਰੂਹ ਨੂੰ, ਦੇਈ ਖਰਚ ਖਜ਼ਾਨੇ।
ਕਰ ਸਾਹਿਬ ਦੀ ਬੰਦਗੀ, ਨਿਮਾਜ਼ ਰੋਜ਼ਾਨੇ।
ਗਰਬ ਨ ਕਰੀਏ ਲਸ਼ਕਰਾਂ, ਕਰ ਸ਼ੁਕਰ ਜ਼ਬਾਨੇ" ॥੪॥
ਜ਼ੇਬੁੱਨਿਸਾ[੪] ਫਿਰ ਆਖਦੀ, "ਸੁਣਿ ਬਾਪ ਹਮਾਰੇ।
ਇਹ ਆਇਆ ਗੁਰੂ ਹਜ਼ੂਰ[੫] ਥੀਂ ਲੈ ਮਨਸਬ ਭਾਰੇ।
ਇਹ ਪੰਥ ਕਰੇਗਾ ਖਾਲਸਾ, ਸਭ ਕੇਸਾਂ ਧਾਰੇ।
ਤੂੰ ਕਰੇਂ ਅਦਾਵਤ ਗੁਰੂ ਨਾਲ, ਮਤ ਬਾਜ਼ੀ ਹਾਰੇ।
ਕਰੀਂ ਸੁਲ੍ਹਾ ਨਾਲ ਗੁਰੂ ਦੇ, ਘਰ ਖੂਬ ਰਬਾਰੇ।
ਤੂੰ ਜਾਇ ਗੁਰੂ ਦੀ ਸ਼ਰਣ ਪਓ, ਘਲ ਸਾਹਿਬ ਭਾਰੇ।

੪. ਬਾਦਸ਼ਾਹ ਔਰੰਗਜ਼ੇਬ ਦੀ ਬੇਟੀ। ੫. ਰੱਬ, ਪ੍ਰਮੇਸ਼ਰ।

ਪਰ ਬੁਰਜ ਸ਼ਰ੍ਹਾ ਦਾ ਢਹਿ ਪਿਆ, ਹੁਣ ਕੌਣ ਉਸਾਰੇ॥੫॥
ਔਰੰਗਜ਼ੇਬ ਫੁਰਮਾਯਾ :-'ਸੁਣ, ਬੱਚੀ ਨਦਾਨੀ।
ਦਿਲ ਵਿਚ ਗੈਰਤ ਖਾਇ ਕੇ, ਪੈ ਗਈ ਪ੍ਰੇਸ਼ਾਨੀ।
ਮੈਂ ਘੱਲਾਂ ਬਹਾਦੁਰ ਸ਼ਾਹ ਨੂੰ, ਜੋ ਦਿਲ ਦਾ ਜਾਨੀ।
ਮੈਂ ਲਿਖ ਘੱਲਾਂ ਵੱਲ ਰਾਜਿਆਂ, ਜਾਇ ਲੜਨ ਅਗਵਾਨੀ।
ਮੈਨੂੰ ਸਮਝ ਖਲੀਫਾ ਰੱਬ ਦਾ, ਕੋਈ ਹੋਰ ਨ ਜਾਨੀ।
ਤੂੰ ਕਰੇ ਜਵਾਬ ਨ ਸਮਝ ਕੇ, ਇਹ ਸੁਖਨ ਹੈ ਫ਼ਾਨੀ॥੬॥
ਜੇਬੁੱਨਿਸਾ ਹੱਥ ਬੰਨ੍ਹ ਕੇ, ਇਕ ਸੁਖਨ ਸੁਣਾਇਆ।
ਜਿਸ ਦਿਨ ਦਾ ਬੈਠੋਂ ਤਖਤ ਤੇ, ਕੀ ਅਦਲ ਕਮਾਇਆ।
ਤੂੰ ਸ਼ਾਹਜਹਾਂ ਨੂੰ ਕੈਦ ਕਰ, ਦਾਰਾ[੬] ਮਰਵਾਇਆ।
ਤੇਗ ਬਹਾਦੁਰ ਗੁਰੂ ਨਾਲ, ਤੂੰ ਧ੍ਰੋਹ ਕਮਾਇਆ।
ਬੀਜ ਜੋ ਬੀਜਿਆ ਜ਼ਹਿਰ ਦਾ, ਫਲ ਖਾਣਾ ਆਇਆ।
ਅੱਗੇ ਲੇਖਾ ਮੰਗੀਏ, ਭਰ ਲੈਣ ਸਵਾਇਆ।
ਜੋ ਸ਼ਾਹ ਅਦਾਲਤ ਨਾ ਕਰੇ, ਸੋ ਦੋਜ਼ਖ ਪਾਇਆ।
ਉਮਰ ਖਿਤਾਬ[੭] ਅਦਾਲਤੀ, ਬੇਟਾ[੮] ਮਰਵਾਇਆ।
ਅਦਲ ਕੀਤਾ ਨੌਸ਼ੇਰਵਾ,[੯] ਜਸ ਜਗ ਵਿਚ ਪਾਇਆ"॥੭॥
ਔਰੰਗਜ਼ੇਬ ਫੁਰਮਾਇਆ : "ਸੁਣ ਜਾਨ ਹਮਾਰੀ।
ਮੈਂ ਜੋ ਸ਼ਾਹ ਔਰੰਗਜ਼ੇਬ, ਵਡਾ ਬਲਕਾਰੀ।
ਮੈਂ ਆਨ ਨਿਵਾਈ ਪ੍ਰਿਥਵੀ ਕਦਮਾਂ ਤੇ ਸਾਰੀ।
ਮੈਂ ਪਕੜਾਂਗਾ ਆਕੀਆਂ, ਜੋ ਵਡੇ ਹੰਕਾਰੀ।
ਤਾਬਿਆ ਮੇਰੀ ਰਾਜਪੂਤ, ਕਾਬਲ ਕੰਧਾਰੀ।
ਜਿਤ ਵਲ ਮੈਂ ਮੂੰਹ ਕਰਾਂਗਾ, ਲਹਿ ਜਾਇ ਖੁਮਾਰੀ।
ਮੱਛ ਕੱਛ ਕੰਬ ਜਾਣਗੇ, ਬੂਲਣ ਸੰਸਾਰੀ।
ਮੈਂ ਭੇਜਾਂ ਇੱਕੋ ਸੂਰਮਾ ਮਾਰੇ ਤਲਵਾਰੀ॥੮॥
ਹੁਕਮ ਜੋ ਕੀਤਾ ਬਾਦਸ਼ਾਹ, ਦੀਵਾਨ ਅਮੀਰਾਂ।
"ਦੀਨ ਮਜ਼ਹਬ ਦੇ ਜੰਗ ਦੀ, ਕੁਝ ਕਰੋ ਤਦਬੀਰਾਂ।
ਕੀ ਕੁਝ ਆਇਆ ਅਕਲ ਵਿਚ ਤੇ ਚਸ਼ਮ ਨਜ਼ੀਰਾਂ।
ਮੈਂ ਤਲਬ ਕਰਾਂ ਕਰਮਾਤੀਆਂ, ਬਹੁ ਪੀਰ ਫ਼ਕੀਰਾਂ।
ਕਰਾਮਾਤ ਨਾ ਦੱਸਦੇ, ਰੱਖਣ ਅਸੀਰਾਂ।

---

੬. ਦਾਰਾ ਸ਼ਿਕੋਹ। ੭. ਉਮਰ ਬਿਨ ਖ਼ੱਤਾਬ, (ਖਲੀਫਾ ਉਮਰ)।
੮. ਪੁਤਰ ਅਬੂ ਸ਼ਾਮਹ, ਜਿਸ ਨੂੰ ਸ਼ਰਾਬ ਪੀਣ ਦੇ ਦੋਸ਼ ਵਿਚ ਕੋਰੜੇ ਲਗਾਏ ਗਏ ਸਨ।
੯. ਈਰਾਨ ਦਾ ਪ੍ਰਸਿੱਧ ਇਨਸਾਫੀ ਬਾਦਸ਼ਾਹ।

ਮੇਰਾ ਜ਼ਿਕਰ ਜਹਾਨ ਵਿਚ, ਕਰ ਦਰਜ਼ੀ ਲੀਰਾਂ।
ਕਰੇ ਜਿਉਂ ਬੂੰਦ ਬਰਾਬਰੀ, ਸਮੁੰਦਰ ਨੀਰਾਂ"॥੯॥
ਵਜ਼ੀਰ ਅਮੀਰ ਹੱਥ ਬੰਨ੍ਹ ਕੇ, ਇਹ ਕਰੀ ਪੁਕਾਰਾ।
"ਸਾਹ ਜੋ ਭਾਵੇ ਸੋ ਕਰੇ, ਕੋਈ ਉਜ਼ਰ ਨ ਚਾਰਾ।
ਜੋ ਕੀੜੀ ਉੱਪਰ ਬਲ ਧਰੇ, ਫੀਲ ਕਰੇ ਸਵਾਰਾ।
ਉਹ ਪਲ ਵਿਚ ਸਫ਼ਾ ਉਠਾਇੰਦਾ, ਕਰ ਕੂੜ ਪਸਾਰਾ।
ਮੰਨੀਏ ਕੁਦਰਤ ਓਸ ਦੀ ਕਿਆ ਜੀਵ ਬਿਚਾਰਾ।
ਅਸੀਂ ਤਾਬਿਆ ਤੇਰੀ ਜ਼ਰ ਖਰੀਦ, ਤੂੰ ਸ਼ਾਹ ਹਮਾਰਾ।
ਹੁਣ ਲਿਖ ਘੱਲੋ ਵੱਲ ਰਾਜਿਆਂ, ਜੋ ਗਿਰਦ ਨਿਵਾਰ੍ਹਾ।
ਜਾ ਜੰਗ ਕਰਨ ਨਾਲ ਗੁਰੂ ਦੇ, ਇਕਬਾਲ ਤੁਮਾਰਾ"॥੧੦॥
ਪੰਡਿਤ ਅਤੇ ਨਜੂਮੀਏ[੧੦], ਸਭ ਸ਼ਾਹ ਸਦਾਏ।
"ਦੱਸੋ ਖਬਰ ਨਜੂਮ ਦੀ, ਕਿਆ ਬੇਦ ਬਤਾਏ?
ਉਹ ਹਿੰਦੂ ਪੀਰ ਸਦਾਇੰਦਾ, ਜਿਸ ਦੂੰਦ ਮਚਾਏ।
ਕੌਣ ਕੋਈ ਇਹ ਔਲੀਆ, ਜਿਸ ਕਰੀ ਅਤਾਏ।
ਕੀ ਲੈ ਆਇਆ ਹੁਕਮ ਹਜ਼ੂਰ ਤੋਂ, ਜਿਸ ਤੇ ਪੇਸ਼ ਨ ਜਾਏ।
ਚਾਰੇ ਕੂੰਟ ਝੁਕਾਂਵਦੀ*, ਸਿਰ ਛਤ੍ਰ ਝੁਲਾਏ।
ਇਹ ਸੱਚਾ ਗੁਰੂ ਸਦਾਇੰਦਾ, ਜਿਸ ਗ੍ਰੰਥ ਬਣਾਏ।
ਸੱਚ ਕਹੋ ਤੁਮ ਪੰਡਿਤੋ ! ਮਤ ਝੂਠ ਅਲਾਏ"॥੧੧॥
ਪੰਡਿਤ ਸਭਾ ਨਜੂਮੀਏ, ਫਿਰ ਬੇਦ ਬੀਚਾਰੇ।
"ਜੋ ਡਿੱਠਾ ਸੋ ਆਖਸਾਂ, ਸੁਣ ਸ਼ਾਹ ਹਮਾਰੇ।
ਜੁਗ ਜੁਗ ਅੰਦਰ ਵਰਤਦਾ, ਨਾਨਕ ਅਵਤਾਰੇ।
ਸਤਜੁਗ ਦੇ ਵਿਚ ਹੰਸ ਸੀ, ਤ੍ਰੇਤੇ ਰਾਮ ਅਵਤਾਰੇ।
ਏਹ ਪੰਥ ਕਰੇਗਾ ਖ਼ਾਲਸਾ, ਸਭ ਕੇਸਾਂ ਧਾਰੇ।
ਜਿੱਤਣ ਸਭ ਵਿਲਾਇਤਾਂ, ਕਾਬਲ ਕੰਧਾਰੇ।
ਸਾਧੇਗਾ ਇਹ ਆਕੀਆਂ, ਹਾਕਮ ਫੌਜਦਾਰੇ।
ਡਿੱਠਾ ਵਿੱਚ ਨਜੂਮ ਦੇ, ਸਭ ਦੈਂਤ ਸੰਘਾਰੇ।
ਹੁਕਮ ਕਰਨਗੇ ਮੁਲਕ ਵਿਚ, ਬਜਵਾਇ ਨਗਾਰੇ।
ਸਚੋ ਹੀ ਸਚ ਕਹਿਤ ਹੈਂ, ਜੋ ਬੇਦ ਹਮਾਰੇ"॥੧੨॥
ਸੁਣਕੇ ਗੱਲ ਨਜੂਮ ਦੀ, ਇਤਕਾਦ ਨ ਕਰਦਾ।
"ਜਦ ਤਕ ਜਾਨ ਸਲਾਮਤੀ, ਮੈਂ ਨਾਹੀਂ ਡਰਦਾ।

---

੧੦. ਜੋਤਿਸ਼ੀ । * ਚਾਰੇ ਕੂੰਟਾਂ ਝੁਕਦੀਆਂ ।

ਮੈਂ ਲਿਖਿਆ ਬਹਾਦੁਰ ਸ਼ਾਹ ਨੂੰ, ਜੋ ਮੇਰੇ ਵਰਗਾਂ।
ਮੈਂ ਲਿਖ ਘਲਾਂ ਵਲ ਰਾਜਿਆਂ, ਜੋ ਹੈਂ ਸਿਰਕਰਦਾ।
ਮੈਂ ਲਿਖਿਆ ਖਾਨ ਹਯਾਤਿ[੧੧] ਨੂੰ, ਜੋ ਨੌਕਰ ਘਰ ਦਾ।
ਮੈਂ ਲਿਖਿਆ ਰਾਜੇ ਹਰੀ ਚੰਦ ਨੂੰ, ਜੋ ਮੇਰਾ ਬਰਦਾ?
ਮੈਂ ਸਭੇ ਚੁਣ ਚੁਣ ਮਾਰਸਾਂ ਜਿਉਂ ਚੌਪੜ ਨਰਦਾ।
ਮੈਂ ਵੇਖਾਂ ਜਾ ਕੇ ਜੰਗ ਨੂੰ, ਦਿਲ ਨਾਹੀਂ ਡਰਦਾ" ॥੧੩॥
ਲਿਖ ਹਲਕਾਰੇ ਪਾਦਸ਼ਾਹ, ਫਿਰ ਤੁਰਤ ਭਜਾਏ।
ਲਿਖਿਆ ਵੱਲ ਮੁਸਾਹਿਬਾਂ, ਰਾਜੇ ਸਦਵਾਏ।
ਜੰਮੂ ਵਾਲਿਆਂ ਨੂੰ ਲਿਖਿਆ, ਤਾਕੀਦ ਕਰਾਏ?
ਖਤ ਜੰਮੂ ਵਲ ਭੇਜਿਆ, ਅਮੀਰ ਬੁਲਾਏ?
"ਉਹ ਹਿੰਦੂ ਪੀਰ ਸਦਾਇੰਦਾ, ਜਿਸ ਦੂੰਦ ਮਚਾਏ।
ਤੁਸੀਂ ਘੇਰਾ ਘਤੋ ਬਹਾਦੁਰੋ, ਜਾਣਾ ਨਾ ਪਾਏ।
ਮੈਂ ਬਖਸ਼ਾਂ ਘੋੜੇ ਖਿੱਲਤਾਂ, ਮਨਸਬਾਂ ਵੱਧਾਏ" ॥੧੪॥
ਲਿਖਿਆ ਆਇਆ ਪਾਦਸ਼ਾਹ, ਧਾਏ ਹਲਕਾਰੇ।
ਵਿਚ ਪਹਾੜਾਂ ਖਲਬਲੀ, ਢੋਲ ਵੱਜਣ ਨਗਾਰੇ।
ਚੜ੍ਹੇ ਬਹਾਦੁਰ ਕੇਤੜੇ, ਜਿਉਂ ਬਾਦਰ ਕਾਰੇ।
ਜਿਉਂ ਝੜ ਵਿਚ ਲਿਸ਼ਕਣ ਬਿਜਲੀਆਂ ਚਮਕਣ ਤਲਵਾਰੇ।
ਨਾਰਦ ਆਇਆ ਕੁੱਦ ਕੇ, ਚਲ ਨਾਰ੍ਹੇ ਮਾਰੇ।
ਮੈਂ ਖੱਪਰ ਭਰ ਭਰ ਪੀਵਸਾਂ, ਗੁਰ ਤੇਗ ਨਿਕਾਰੇ।
ਜਿਉਂ ਰਾਵਣ ਹਨੂੰ ਕੁਪਾਇ ਕੇ, ਬਹੁ ਦੈਤ ਸੰਘਾਰੇ।
ਔਰਤ ਕਹੇ ਦਮੋਦਰੀ, ਇਹ ਰਾਮ ਅਵਤਾਰੇ।
ਤੂੰ ਲੈ ਕੇ ਸੀਤਾ ਮਿਲ ਸਤਾਬ, ਉਹ ਬਖਸ਼ਣਹਾਰੇ।
ਨਹੀਂ ਲੰਕਾ ਤੇਰੀ ਲੁੱਟਸੀ, ਲੈ ਦੈਤ ਸੰਘਾਰੇ।
ਔਰੰਗ ਚੜ੍ਹਿਆ ਜੁੱਧ ਨੂੰ, ਜ਼ੇਬੁੰਨਿਸਾ ਪੁਕਾਰੇ।
ਔਰੰਗੇ ਦਾ ਖੈ ਕਰੇ, ਗੁਰੂ ਅਪਰ ਅਪਾਰੇ ॥੧੫॥
ਖਬਰਾਂ ਕੁੱਲ ਜਹਾਨ ਵਿਚ, ਦੋ ਫ਼ੌਜਾਂ ਆਈਆਂ।
ਬਜੇ ਨਗਾਰੇ ਨੌਬਤਾਂ, ਕਰ ਆਏ ਧਾਈਆਂ।
ਕਲ ਲੱਗੀ ਨੱਚਣ, ਚਿੱਠੀਆਂ ਦਰਗਾਹੋਂ ਆਈਆਂ।
ਇਕ ਮਾਰਨ ਇਕ ਘਾਇਲੇ ਇਕ ਦੇਣ ਦੁਹਾਈਆਂ।

---

੧੧. ਹਯਾਤ ਖਾਂ, ਸਰਕਾਰੀ ਚਾਕਰ ਨਹੀਂ ਸੀ, ਸਗੋਂ ਉਨ੍ਹਾਂ ਲੂਣ-ਹਰਾਮੀ ਪਠਾਣਾਂ ਵਿਚੋਂ ਸੀ, ਜੋ ਸਤਿਗੁਰਾਂ ਨੇ ਰੁਲਦੇ ਫਿਰਦੇ ਨੌਕਰ ਰੱਖ ਕੇ ਨਿਵਾਜੇ ਸਨ।

ਇਕ ਛੱਡ ਕੇ ਘੋੜੇ ਨੱਸ ਗੇ, ਵਿਚ ਜੂਹਾਂ ਪਰਾਈਆਂ।
ਤੂੰ ਬਖਸ਼ੀਂ ਸੱਚੇ ਪਾਤਸ਼ਾਹ, ਮੁਲਕਾਂ ਦਿਆ ਸਾਈਆਂ।
ਜੋ ਨਾਲ ਗੁਰਾਂ ਦੇ ਲੜੇਗਾ, ਕਾਲੇ ਮੂੰਹ ਛਾਈਆਂ॥੧੬॥
ਭੀਮ ਚੰਦ ਪਹਾੜੀਆ ਚੜ੍ਹ ਵਤਨੋਂ ਧਾਇਆ।
ਪੰਜ ਹਜ਼ਾਰ ਅਸਵਾਰ ਦਾ, ਕਰ ਪਰ੍ਹਾ ਚਲਾਇਆ।
ਅਗੇ ਪੈਦਲ ਦਸ ਹਜ਼ਾਰ, ਕਰ ਪੇਸ ਦੁੜਾਇਆ।
ਲੱਕ ਜਿਨ੍ਹਾਂ ਦੇ ਚਰਮ ਪੋਸ਼, ਸਿਰ ਖੰਭਰ ਪਾਇਆ।
ਕਰਕੇ ਕਸਮ ਸੁ ਗੁਰੂ ਨਾਲ, ਉਸ ਧ੍ਰੋਹ ਕਮਾਇਆ।
ਬੀਜੇਗਾ ਸੋ ਲੁਣੇਗਾ, ਸਾਹਿਬ ਫ਼ੁਰਮਾਇਆ।
ਜੋ ਨਾਲ ਗੁਰਾਂ ਦੇ ਲੜੇਗਾ, ਸੋ ਦੋਜ਼ਖ ਪਾਇਆ।
ਜੋ ਸ਼ਰਨ ਗੁਰਾਂ ਦੀ ਪਵੇਗਾ, ਤਿਸ ਮੁਕਤ ਕਰਾਇਆ॥੧੭॥
ਚੜ੍ਹਿਆ ਰਾਇ ਕਟੌਚ ਦਾ, ਕਰ ਮਾਰੋ ਮਾਰਾ।
ਦੋ ਲਖ ਕਰੇ ਪਿਆਦਿਆਂ, ਇਕ ਲਖ ਅਸਵਾਰਾ।
ਤੀਰ ਤੁਫੰਗਾ ਧਨੁਖ ਬਾਣ, ਬਰਛੀ ਹਜ਼ਾਰਾ।
ਸ਼ਮਸ਼ੇਰ ਢਾਲ ਹਥ ਉਨ੍ਹਾਂ ਦੇ ਮੁਗਦਰ ਕਟਾਰਾ।
ਕੁਹਕ ਬਾਣ ਜੋ ਛੁੱਟਦੇ, ਤੇਗੇ ਦੋਧਾਰਾ।
ਕੜ ਕੜ ਕੜਕਨ ਆਪ ਵਿਚ, ਕੌਨ ਕਰੇ ਸ਼ੁਮਾਰਾ।
ਆਣ ਲਥੇ ਵਿਚ ਜੰਗ ਦੇ, ਹੋਈ ਧੂੰਆਂ ਧਾਰਾ।
ਹੋਇਆ ਜੰਗ ਮੁਕਾਬਲਾ, ਰੋਜ਼ੇ ਵੀਰਵਾਰਾ॥੧੮॥
ਹਯਾਤ ਖਾਨ ਚੜ੍ਹ ਧਾਇਆ, ਅਮੀਰ ਜੋ ਭਾਰਾ।
ਔਰ ਖਾਨ ਜੁਆਨ ਸੰਗ, ਵਡ ਮਨਸਬਦਾਰਾ।
ਜਿਉਂ ਜਿਉਂ ਭਿੜਦੇ ਜੰਗ ਵਿਚ, ਤਿਉਂ ਕਰੇ ਉਚਾਰਾ।
ਸਤਿਗੁਰੂ ਸੱਚਾ ਪਾਤਸ਼ਾਹ, ਭੇਜਿਆ ਕਰਤਾਰਾ।
ਤੁਰਕਾਂ ਮਾਰ ਖਪਾਇੰਦਾ, ਕਰ ਫਤੇ ਨਗਾਰਾ।
ਤਿਸ ਅੰਤ ਨ ਕੋਈ ਲਖ ਸਕੇ, ਜੋ ਸਤਿਗੁਰ ਧਾਰਾ।
ਆਏ ਆਹਮੋ ਸਾਮ੍ਹਣੇ, ਭੇੜ ਪਿਆ ਕਰਾਰਾ।
ਮਾਰੋ ਮਾਰ ਪੁਕਾਰਦੇ, ਕਰਕੇ ਲਲਕਾਰਾ।
ਉਤ ਵਲ ਰਾਣੇ ਤੁਰਕ ਹੈਂ ਬਹੁ ਭਾਰ ਗਵਾਰਾ।
ਸਤਿਗੁਰੂ ਬਹਿ ਗੜ੍ਹ ਪਾਉਂਟੇ, ਲੈਂਦੇ ਸਭ ਸਾਰਾ॥੧੯॥
ਹਰਕਾਰੇ ਆਨ ਪੁਕਾਰਿਆ, "ਸੁਣ ਅੰਤਰਜਾਮੀ।
ਜੋ ਡਿਠਾ ਅੱਖੀਂ ਆਪਣੀ, ਸੋ ਕਹਾਂ ਜ਼ਬਾਨੀ।
ਚੜ੍ਹੇ ਮੁਗ਼ਲ ਪਠਾਣ ਕਸੂਰੀਏ, ਅਤੇ ਹੋਰ ਦੁਰਾਨੀ।

ਚੜ੍ਹੇ ਨੀ ਰਾਜੇ ਰਾਜਪੂਤ, ਤਾਬਿਆ ਸੁਲਤਾਨੀ।
ਘੋੜੇ ਹੇਠ ਵਿਲਾਇਤੀ, ਭੱਜਣ ਮੈਦਾਨੀ।
ਬੋਲਣ ਅਰਬੀ ਫ਼ਾਰਸੀ, ਪਸ਼ਤੋ ਦੂਰਾਨੀ।
ਚੜ੍ਹੇ ਚੁਗੱਤੇ ਮੁਗ਼ਲ ਸ਼ਾਹ, ਬੋਲਣ ਈਰਾਨੀ।
ਹਰੀ ਚੰਦ ਚੜ੍ਹ ਧਾਇਆ, ਜੋ ਜਬਰ ਜੁਆਨੀ।
ਤੂੰ ਸਤਿਗੁਰੁ ਸੱਚਾ ਪਾਤਸ਼ਾਹ, ਹੋਰ ਆਵਣ ਜਾਨੀ" ॥੨੦॥
ਸਤਿਗੁਰੁ ਨੇ ਫ਼ਰਮਾਇਆ, ਜੋ ਹੋਵਣਹਾਰੀ।
ਗੁੱਸੇ ਹੋਈ ਕਾਲਕਾ, ਚੜ੍ਹ ਸਿੰਘ ਸਵਾਰੀ।
ਖੰਡਾ ਬਖਸ਼ਿਆ ਸ਼ਾਮ ਰੰਗ, ਵੱਡਾ ਮਹਿਕਾਰੀ।
ਕਲਜੁਗ ਦੇ ਵਿਚ ਗੁਰੂ ਹੈ, ਸ੍ਰੀ ਪ੍ਰਭੂ ਅਵਤਾਰੀ।
ਸਿਰ ਪਰ ਕਲਗੀ ਸੋਂਹਦੀ, ਮੋਤੀ ਸਭ ਝਾਰੀ।
"ਸਤਿ ਸ੍ਰੀ ਅਕਾਲ ਜਪੁ, ਤੁਰਕਾਂ ਨੂੰ ਮਾਰੀ।
ਤੂੰ ਵੱਡਾ ਗੁਰੁ ਅਵਤਾਰ ਹੈਂ, ਤੈਥੋਂ ਬਲਹਾਰੀ" ॥੨੧॥
ਨੰਦ ਚੰਦ ਕ੍ਰਿਪਾਲ ਦਾਸ, ਇਹ ਵਡੇ ਅਤਾਈ।
ਧੂਹ ਮਿਆਨੋਂ ਕੱਢੀਆਂ, ਚਮਕਾਇਨ ਭਾਈ।
ਰਣ ਵਿਚ ਮਾਰਨ ਵੈਰੀਆਂ, ਸੁਧ ਰਹੀ ਨ ਕਾਈ।
ਸਿਰ ਲੱਗੀ ਖਾਨ ਹਯਾਤ ਦੇ, ਸਰਦਾਰ ਸਿਪਾਹੀ।
ਸੰਜੋਹ ਸੈਂਜੁਗਤ ਜੂਝਿਆ, ਇਕ ਰਾਣੀਂ ਖਾਈ।
ਡਿੱਠਾ ਸੱਚੇ ਪਾਤਸ਼ਾਹ, ਨਹੀਂ ਪਾਉਂ ਹਟਾਈ ॥੨੨॥
ਰਾਇ ਚੰਦੇਰੀ ਹਰੀ ਚੰਦ, ਬਹੁ ਤੀਰ ਚਲਾਏ।
ਇਕ ਇਕ ਤੋਂ ਲੰਘ ਦੂਸਰਾ, ਮਾਰ ਮਾਰ ਸਿਧਾਏ।
ਪੀ ਪੀ ਸ਼੍ਰੋਣਿਤ[੧੨] ਜੋਗਨੀ, ਬਹੁ ਮੇਦ ਬਢਾਏ।
ਜੂਝਤ ਦੇਖ ਕ੍ਰਿਪਾਲ ਨੂੰ, ਸਤਿਗੁਰੁ ਤਦ ਆਏ।
ਮਾਰਿਆ ਭੀਖਣ ਖਾਨ ਨੂੰ, ਨਹੀਂ ਜਾਣਾ ਪਾਏ।
ਬਾਣ ਜੁ ਮਾਰਿਆ ਸਤਿਗੁਰੂ, ਫੇਰ ਤਹੀਂ ਖਪਾਏ ॥੨੩॥
ਲਾਲ ਸਿੰਘ ਹਲਵਾਈ, ਗੁਰੁ ਪਹਿ ਆਇਆ।
ਲਈ ਢਾਲ ਤਲਵਾਰ, ਤੁਰੰਗ ਨਚਾਇਆ।
ਮਾਰਿਆ ਖਾਨ ਜ਼ਮਾਨ ਨੂੰ, ਨਹੀਂ ਜਾਣਾ ਪਾਇਆ।
ਜੰਗ ਹੋਇਆ ਰਣ ਮੱਚਿਆ, ਦੀਪ ਸਿੰਘ ਜੁ ਆਇਆ।
ਸਤਿਗੁਰੁ ਸੱਚੇ ਪਾਤਸ਼ਾਹ, ਜਗ ਤੇਰੀ ਛਾਇਆ।

---

੧੨. ਲਹੂ।

ਬਾਜੇ ਵੱਜਣ ਹਜ਼ੂਰ ਦੇ, ਸਤਿਗੁਰੁ ਫ਼ਰਮਾਇਆ ॥੨੪॥
ਰਾਇ ਸੁਖਦੇਉ ਜਸਰੋਟੀਆ, ਕਢ ਡੇਰਾ ਪਾਇਆ।
ਵਜੇ ਨਗਾਰੇ ਨੌਬਤਾਂ, ਧੌਂਸਾ ਘੁੱਰਾਇਆ।
ਘੋੜੇ ਰੰਗ ਬਿਰੰਗ ਦੇ, ਕੁਝ ਕਹਿਣ ਨ ਜਾਇਆ।
ਜਿਉਂ ਫ਼ਿਰਨ ਸ਼ਰਾਬਾਂ ਪੀਇ ਕੇ, ਬਹੁ ਵਾਜ ਵਜਾਇਆ।
ਖੁਸ਼ੀਆਂ ਦੇ ਵਿਚ ਮਸਤ ਹੋਇ, ਕਿਛੁ ਅੰਤ ਨ ਪਾਇਆ।
ਕਲ ਮਾਤਾ ਲੱਗੀ ਹੱਸਣੇ, ਸਤਿਗੁਰੁ ਹਰਖਾਇਆ।
ਮਾਰਿਆ ਰਾਇ ਜਸਰੋਟੀਆ, ਢਾਡੀ ਜਸ ਗਾਇਆ ॥੨੫॥
ਫ਼ਤਹ ਸ਼ਾਹ ਚੜ੍ਹ ਧਾਇਆ, ਲੈ ਫੌਜਾਂ ਭਾਰੀ।
ਕਟਕ ਲਿਆਇਆ ਜੋੜ ਕੇ, ਹੋਈ ਧੁੰਦੂਕਾਰੀ।
ਉਡੀ ਗਰਦ ਜ਼ਮੀਨ ਥੀਂ, ਜਿਉ ਬਹੇ ਅੰਧਿਆਰੀ।
ਸੂਰਜ ਬੁਰਕਾ ਪਹਿਰਿਆ, ਰਾਤ ਪਈ ਗੁਬਾਰੀ।
ਜੁੱਟੇ ਆਹਮੋ ਸਾਮ੍ਹਣੇ, ਵੱਡੇ ਬਲਕਾਰੀ।
ਕੜਕ ਉਠੇ ਰਣ ਸੂਰਮੇ, ਵੱਡੇ ਹੰਕਾਰੀ।
ਚਮਕਣ ਤੇਗਾਂ ਬਰਛੀਆਂ, ਸੂਰ ਚੜ੍ਹੇ ਹਜ਼ਾਰੀ ॥੨੬॥
ਸਾਹਿਬਜ਼ਾਦੇ ਅਜੀਤ ਸਿੰਘ,[੧੩] ਬਹੁ ਤੀਰ ਚਲਾਏ।
ਗਏ ਸਰੀਰੋਂ ਚੀਰ ਕੇ ਰਤ ਪੀਣ ਤਿਹਾਏ।
ਕੜਕ ਉਠੇ ਰਣ ਸੂਰਮੇ, ਵਿਚ ਜੋਸ਼ ਸਵਾਏ।
ਜੁੱਟੇ ਆਹਮੋ ਸਾਮ੍ਹਣੇ, ਰਣ ਮਾਈਆਂ ਜਾਏ।
ਚੱਲਣ ਬੰਦੂਕਾਂ ਰਹਿਕਲੇ, ਧੁੰਦਕਾਰ ਮਚਾਏ।
ਚੱਲਣ ਤੇਗਾਂ ਬਰਛੀਆਂ, ਰਤ ਨੀਰ ਵਹਾਏ।
ਰਣ ਵੇਖਣ ਲਈ ਦੇਵਤੇ, ਸੁਰਪੁਰ ਥੀਂ ਆਏ।
ਮਾਰਿਆ ਰਾਜਾ ਹਰੀ ਚੰਦ, ਵਡ ਸੂਰ ਹਰਖਾਏ।
ਜੁੱਝੇ ਜੰਗ ਜੁਝਾਰ ਸਿੰਘ,[੧੪] ਗੁਰੁ ਦੇਖਣ ਆਏ ॥੨੭॥
ਨੰਦ ਚੰਦ ਕ੍ਰਿਪਾਲ ਦਾਸ, ਇਹ ਬੜੇ ਅਤਾਈ।
ਧੂਹ ਮਿਆਨੋਂ ਕੱਢੀਆਂ, ਚਮਕਾਇਨ ਭਾਈ।

---

੧੩. ਸਾਹਿਬ ਅਜੀਤ ਸਿੰਘ ਜੀ, ਭੰਗਾਣੀ ਜੁੱਧ ਤੋਂ ਬਾਦ ਮਾਖੋਵਾਲ (ਆਨੰਦਪੁਰ) ਪਹੁੰਚਣ ਪਰ ਜਨਮੇ, ਸੰਮਤ ੧੭੪੬ ਵਿਚ। ਇਸ ਜੰਗ ਵਿਚ ਉਨ੍ਹਾਂ ਦਾ ਸ਼ਾਮਿਲ ਹੋਣਾ ਅਪ੍ਰਸੰਗਕ ਹੈ।

੧੪. ਨਿਸਚੇ ਹੀ ਇਹ ਜੁਝਾਰ ਸਿੰਘ ਕਿਸੇ ਵਿਅਕਤੀ ਦਾ ਨਾਉ ਨਹੀਂ ਭਾਵ ਸੂਰਮੇ ਸਿੱਖਾਂ ਤੋਂ ਹੈ।

ਰਣ ਵਿਚ ਮਾਰਨ ਵੈਰੀਆਂ, ਸੁਧ ਰਹੀ ਨ ਕਾਈ।
ਸਿਰ ਲੱਗੀ ਮੁਗਲ ਚੁਗੱਤਿਆਂ, ਆ ਕਾਲ ਲਗਾਈ।
ਨੱਠੇ ਸੱਭੇ ਜਮਾਦਾਰ, ਲਾ ਸਰਦਾਰ ਸਿਪਾਹੀ।
ਹੁਣ ਮੋੜੇ ਕੌਣ ਕਲੰਮ ਨੂੰ, ਕਰਤਾਰ ਵਗਾਈ।
ਤੂੰ ਸਤਿਗੁਰੁ ਸੱਚਾ ਪਾਤਸ਼ਾਹ, ਤੇਰੀ ਸ਼ਰਨਾਈ॥੨੮॥
ਚੜ੍ਹਿਆ ਰਾਇ ਜਸਵਾਲੀਆ, ਫਿਰ ਕਰੀ ਤਿਆਰੀ।
ਕਟਕ ਲਿਆਇਆ ਜੋੜ ਕੇ, ਕੋਈ ਬੇ-ਸ਼ੁਮਾਰੀ।
ਚਮਕਣ ਤੇਗਾਂ ਜੰਗ ਵਿਚ ਰਤ ਪੈਣ ਫੁਹਾਰੀ।
ਜੁੱਟੇ ਆਹਮੋ ਸਾਮ੍ਹਣੇ, ਵੱਡੇ ਹੰਕਾਰੀ।
ਵਾਰੋ ਵਾਰੀ ਵਾਹੁੰਦੇ; ਜਿਉਂ ਵਾਢੀ ਸਾਰੀ।
ਮਾਰੋ ਮਾਰ ਪੁਕਾਰਦੇ, ਮਾਰਨ ਕਿਲਕਾਰੀ।
ਗੁੱਸੇ ਹੋਈ ਕਾਲਕਾ, ਰਤ ਪੀਵਣਹਾਰੀ।
ਗੱਜਣ ਤੋਪਾਂ ਜੰਗ ਵਿਚ, ਪਈ ਧੁੰਦ ਗੁਬਾਰੀ।
ਕੜਕਿਆ ਆਣ ਮੁਕਾਬਲਾ, ਤੇਗਾਂ ਦੋਧਾਰੀ।
ਅਗਨ ਬਾਣ ਰਣ ਛੁੱਟਦੇ, ਕੋਈ ਬੇਸ਼ੁਮਾਰੀ।
ਸ਼ਸਤ੍ਰ ਬੇਸ਼ੁਮਾਰ ਸੀ, ਤੁਰਕਾਂ ਜ਼ਾਹਰਦਾਰੀ॥੨੯॥
ਲਈ ਕਮਾਣ ਹਰੀ ਚੰਦ ਨੇ, ਕਰ ਗੁੱਸਾ ਭਾਰੀ।
ਮਾਰਿਆ ਤੀਰ ਜੁ ਗੁਰੂ ਨੂੰ, ਛੂਹ ਕੰਨ ਸਿਧਾਰੀ।
ਦੂਸਰ ਓਰ ਜੁ ਮਾਰਿਆ, ਪੇਟੀ ਮੰਝਾਰੀ।
ਤੀਸਰ ਚਿਲਤਾ ਭੇਦ ਕੇ, ਕੁਝ ਚੂਕ ਸਿਧਾਰੀ।
ਜੁਗ ਜੁਗ ਰੱਛਾ ਆਪ ਕਰੇ, ਸ੍ਰੀ ਪ੍ਰਭੁ ਅਵਤਾਰੀ॥੩੦॥
ਕੋਪਿਆ ਗੁਰੂ ਗੋਬਿੰਦ ਸਿੰਘ, ਕਰ ਲੈ ਕੱਮਾਨੀ।
ਮਾਰਿਆ ਤੀਰ ਜੁ ਖੈਂਚ ਕਰ, ਦਿੱਤੀ ਨੀਸਾਨੀ।
ਢੱਠਾ ਵਿਚ ਮੈਦਾਨ ਦੇ ਰਾਜਿਆਂ ਦਾ ਧਾਨੀ।
ਮਾਰੇ ਸੱਭੇ ਡੋਗਰੇ, ਵੱਡੇ ਬਲਵਾਨੀ।
ਹਰੀ ਚੰਦ ਰਣ ਮਾਰਿਆ, ਰਾਜਿਆਂ ਦਾ ਸਾਨੀ।
ਜੈ ਜੈ ਸ਼ਬਦ ਜਗਤ੍ਰ ਵਿਚ, ਹੋਇਆ ਦੂਹੀਂ ਜਹਾਨੀ।
ਤੂੰ ਜਗਤ ਗੁਰੂ ਅਵਤਾਰ ਹੈਂ, ਕੋਈ ਅਵਰ ਨ ਜਾਨੀ।
ਜੰਗ ਵੇਖਣ ਦੇ ਵਾਸਤੇ, ਰੋਹ ਹੋਈ ਭਵਾਨੀ॥੩੧॥
ਗੁਲਾਬ ਸਿੰਘ ਇਕ ਸੂਰਮਾ, ਰਣ ਅੰਦਰ ਅੜਿਆ।
ਥਾਪੀ ਲਈ ਹਜ਼ੂਰ ਤੋਂ, ਹਥ ਨੇਜਾ ਫੜਿਆ।
ਮਾਰੇ ਸੱਭੇ ਡੋਗਰੇ, ਇਕੱਲਾ ਲੜਿਆ।

ਸੁੱਘਾਂ ਪਈਆਂ ਹਲੋ ਹਲੀ, ਬਾਜ ਡਾਗੀਂ ਵੜਿਆ।
ਮਾਰੋ ਮਾਰ ਪੁਕਾਰਦਾ, ਦਿਲ ਜ਼ਰਾ ਨ ਡਰਿਆ।
ਆਇਆ ਹੁਕਮ ਅਕਾਲ ਦਾ, ਰਣ ਅੰਦਰ ਵੜਿਆ।
ਗਿਰਿਜਾ[15] ਨੇ ਸਿਰ ਲੈ ਜੋੜਿਆ, ਸਿਰ ਮੇਰੁ ਉਸ ਕਰਿਆ।
ਸਤਿਗੁਰੁ ਸੱਚੇ ਪਾਤਸ਼ਾਹ, ਸਤਿ ਸੰਗਤ ਤਰਿਆ।
ਜੇ ਕੋ ਨਾਮ ਧਿਆਵਸੀ, ਸੋ ਹੋਸੀ ਹਰਿਆ।
ਤੂੰ ਬਖਸ਼ੀਂ ਸੱਚੇ ਪਾਤਸ਼ਾਹ, ਜਸ ਤੇਰਾ ਪੜ੍ਹਿਆ।
ਤੂੰ ਬਖਸ਼ੀਂ ਗੁਰੂ ਗੋਬਿੰਦ ਸਿੰਘ, ਜਸ ਤੇਰਾ ਪੜ੍ਹਿਆ॥੩੩॥

---

੧੫. ਪ੍ਰਬਤ ਰਾਜ ਦੀ ਪੁੱਤਰੀ ਪਾਰਬਤੀ ਦਾ ਨਾਉਂ ਗਿਰਿ (ਪਹਾੜੀ) ਨਰੇਸ਼ ਦੇ ਗਰ ਪੈਦਾ ਹੋਣ ਕਰਕੇ ਗਿਰਿਜਾ ਹੈ : ਪਾਰਬਤੀ ਦੀਆਂ ਸ਼ਕਲਾਂ ਤੰਤ੍ਰ ਸ਼ਾਸਤ੍ਰ ਦੇ ਅਨੁਸਾਰ ਨੌਂ ਦੁਰਗਾ ਤੇ ਦਸ ਮਹਾ ਵਿਦਿਯਾਂ ਹਨ, ਜਿਹਨਾਂ ਵਿਚੋਂ ਕਈ ਦੇਵੀਆਂ ਤਾਮਸੀ ਹੋਣ ਕਰਕੇ ਮੁੰਡਮਾਲਾ ਧਾਰਨ ਕਰਦੀਆਂ ਹਨ। ਪਾਰਬਤੀ ਦੇ ਪਤੀ ਸ਼ਿਵਜੀ 'ਮੁੰਡਮਾਲਾ ਧਾਰੀ' ਨਾਮ ਨਾਲ ਪਹਿਲਾਂ ਹੀ ਪ੍ਰਸਿੱਧ ਹਨ, ਇਸ ਲਈ ਗਿਰਿਜਾ ਦਾ ਇਥੇ ਮੁੰਡਮਾਲਾ ਨਾਲ ਸੰਬੰਧ ਦੱਸਿਆ ਹੈ।

# ਜੰਗ-ਨਾਮਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ
## *ਕ੍ਰਿਤ ਕਵੀ ਅਣੀ ਰਾਇ*

ਕਵੀ ਅਣੀ ਰਾਇ, ਜਿਸ ਦੀ ਮਨੋਹਰ ਰਚਨਾ ਇਹ ਜੰਗ-ਨਾਮਾ ਹੈ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਹਜ਼ੂਰੀ ਕਵੀ ਸੀ। ਗੁਰੂ ਸਾਹਿਬ ਦੇ ਦਰਬਾਰ ਵਿਚ ੫੨ ਕਵੀ ਰਹਿੰਦੇ ਸਨ, ਜਿਨ੍ਹਾਂ[1] ਦੀ ਨਾਮਾਵਲੀ ਇਸ ਪ੍ਰਕਾਰ ਹੈ :-

'ਉਦੇ ਰਾਇ, ਅਣੀ ਰਾਇ, ਅੰਮ੍ਰਿਤ ਰਾਇ, ਅੱਲੂ, ਆਸਾ ਸਿੰਘ, ਆਲਿਮ, ਈਸਰ ਦਾਸ, ਸੁਖਦੇਵ, ਸੁੱਖਾ ਸਿੰਘ, ਸੁਖੀਆ, ਸੁਦਾਮਾ, ਸੈਨਾਪਤਿ, ਸ਼ਯਾਮ, ਹੁਸੈਨ ਅਲੀ, ਹੀਰ ਭੱਟ, ਹੰਸ ਰਾਮ, ਕੁੱਲੂ, ਕੁਵਰੇਸ਼, ਖਾਨ ਚੰਦ, ਗੁਣੀਆ, ਗੁਰਦਾਸ, ਗੋਪਾਲ, ਚੰਦਨ, ਚੰਦਾ, ਜਮਾਲ, ਟਹਿਕਣ, ਧਰਮ ਸਿੰਘ, ਧੰਨਾ ਸਿੰਘ, ਧਯਾਨ ਸਿੰਘ, ਨਨੂਆ, ਨਿਸਚਲ ਦਾਸ, ਨਿਹਾਲ ਚੰਦ, ਨੰਦ ਸਿੰਘ, ਨੰਦ ਲਾਲ, ਪਿੰਡੀ ਦਾਸ, ਬਲੱਭ, ਬੱਲੂ, ਬਿਧੀ ਚੰਦ, ਬ੍ਰਿਖਾ, ਬ੍ਰਿਜ ਲਾਲ, ਮਥੁਰਾ, ਮਦਨ ਗਿਰਿ, ਮਦਨ ਸਿੰਘ, ਮੱਲੂ, ਮਾਨ ਦਾਸ, ਮਾਲਾ ਸਿੰਘ, ਮੰਗਲ ਰਾਮ, ਰਾਵਲ, ਲੱਖਾ, ਰੋਸ਼ਨ ਸਿੰਘ ਅਤੇ ਸੋਹਨ[2] ਤੇ ਇਹਨਾਂ ਕਵੀਆਂ ਵਿਚੋਂ ਅਣੀ ਰਾਇ ਦੂਜਾ ਕਵੀ ਹੈ।

ਅਣੀ ਰਾਇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿਚ ਕਦੋਂ ਪੁੱਜਾ ਤੇ ਇਸ ਨੇ ਗੁਰੂ ਸਾਹਿਬ ਦੀ ਆਗਿਆ ਪ੍ਰਾਪਤ ਕਰਕੇ ਕਿਤਨਾ ਸਾਹਿੱਤ ਰਚਿਆ, ਇਸ ਸਬੰਧ ਵਿਚ ਇਸ ਜੰਗ-ਨਾਮੇ ਦੀਆਂ ਮੁੱਢਲੀਆਂ ਤੁਕਾਂ ਕੇਵਲ ਇਤਨੀ ਹੀ ਸੰਕੇਤਕ ਗੱਲ ਦਸਦੀਆਂ ਹਨ ਕਿ :-

ਅਣੀ ਰਾਇ ਗੁਰੁ ਸੇ ਮਿਲੇ, ਦੀਨੀ ਤਾਹਿ ਅਸੀਸ।

---

੧. ਹੁਤੇ ਬਵੰਜਾ ਕਵਿ ਗੁਰੁ ਪਾਸ। ਸਭ ਹੀ ਬਾਨੀ ਕਰਹਿ ਪ੍ਰਕਾਸ਼।
(ਗੁ: ਪ੍ਰ: ਸੂ: ਰੁਤ ੩, ਅੰਸੂ ੫੧)

੨. ਕਵੀ ਸੰਤੋਖ ਸਿੰਘ, ਗੁ: ਪ੍ਰ: ਸੂ: ਰੁਤ ੫. ਅੰਸੂ ੨੭। ਸ: ਕਾਹਨ ਸਿੰਘ ਨਾਭਾ ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਸਫਾ ੨੫੩੦। ਬਵੰਜਾ ਕਵੀਆਂ ਦੇ ਨਾਮਾਂ ਬਾਰੇ ਸਿੱਖ, ਵਿਦਵਾਨਾਂ ਵਿਚ ਥੋੜਾ-ਥੋੜਾ ਮਤਭੇਦ ਹੈ। ਦੇਖੋ ਸੂਰਜ ਪ੍ਰਕਾਸ਼ ਟਿਪਣੀਆਂ ਵਾਲਾ ਸਫਾ ੫੫੫੨ ਅਤੇ ਇਤਿਹਾਸ ਗੁਰੂ ਖਾਲਸਾ, ੩, ਸਾਖੀ ੫੩) ਗਿਆਨੀ ਗਿਆਨ ਸਿੰਘ ਨੇ ਮੱਧੂ, ਰਾਮਦਾਸ, ਸੈਨਾ, ਸੇਖਾ, ਰਾਮ ਚੰਦ, ਮਾਨੀ, ਸੁੰਦਰ, ਜਾਨ ਅਤੇ ਠਾਕੁਰ ਕੁਝ ਹੋਰ ਕਵੀ ਗਿਣੇ ਹਨ, ਜੋ ਉਪ੍ਰੋਕਤ ਨਾਮਾਵਲੀ ਵਿਚ ਫ਼ਰਕ ਦਸਦੇ ਹਨ।

'ਆਉ' ਕਹਯੋ ਮੁਖ ਆਪ ਨੇ, ਬਹੁਰ ਕਰੀ ਬਖ਼ਸ਼ੀਸ਼ ॥੧॥
ਨਗ ਕੰਚਨ ਭੂਖਨ ਬਹੁਰ, ਦੀਨੇ ਸਤਿਗੁਰੂ ਤੇਹ ।
'ਨਾਮਾ ਹੁਕਮ' ਲਿਖਾਇ ਕੈ, ਦੀਨੋ ਸਰਸ ਸਨੇਹ ॥੨॥

ਅਰਥਾਤ- 'ਕਵੀ ਅਣੀ ਰਾਇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਮਿਲਿਆ ਤੇ ਅਸੀਸ ਦਿੱਤੀ ਸਤਿਗੁਰਾਂ ਨੇ ਅੱਗੋਂ 'ਆਓ' ਕਹਿ ਕੇ ਉਸ ਨੂੰ ਸਨਮਾਨਿਆ ਤੇ ਯੋਗ ਕਵੀ ਜਾਣ ਕੇ ਬਖਸ਼ਿਸ਼ ਕੀਤੀ। ਉਸ ਬਖਸ਼ਿਸ਼ ਵਿਚ ਨਗ, ਸੋਨਾ ਅਤੇ ਭੂਖਣ, ਅਥਵਾ-ਸੁੱਚੇ ਨਗ ਜਿਨ੍ਹਾਂ ਵਿਚ ਜੜੇ ਹੋਏ ਸਨ ਅਜਿਹੇ ਸੋਨੇ ਦੇ ਭੂਖਣ ਕਵੀ ਜੀ ਨੂੰ ਦਿੱਤੇ ਤੇ ਬੜੇ ਪ੍ਰੇਮ ਨਾਲ ਹੁਕਮ-ਨਾਮਾ ਲਿਖਵਾ ਕੇ ਪ੍ਰਦਾਨ ਕੀਤਾ।' ਪਰ ਇਹ ਸਭ ਕੁਝ ਕਿਸ ਸੰਨ-ਸੰਮਤ ਵਿਚ ਹੋਇਆ, ਇਸ ਬਾਰੇ ਕਵੀ ਨੇ ਆਪਣੀ ਰਚਨਾ ਵਿਚ ਕਿਤੇ ਨਹੀਂ ਦੱਸਿਆ।

ਇਸ ਜੰਗ-ਨਾਮੇ ਦਾ ਕਥਾਨਕ, ਜੋ ਗੁਰਬਿਲਾਸ ਅਤੇ ਸੂਰਜ ਪ੍ਰਕਾਸ਼ ਨਾਲ ਨਹੀਂ ਮਿਲਦਾ, ਇਸ ਤਰ੍ਹਾਂ ਹੈ ਕਿ (ਜਦ) ਬਾਦਸ਼ਾਹ ਔਰੰਗਜ਼ੇਬ ਸ਼ਾਹੀ ਤਖ਼ਤ ਉਤੇ ਬੈਠ ਕੇ ਬੇ-ਇਨਸਾਫੀ ਕਰਨ ਲੱਗਾ ਤੇ ਹਿੰਦੂ ਉਸ ਨੇ ਮੁਸਲਮਾਨ ਬਣਾਉਣੇ ਸ਼ੁਰੂ ਕੀਤੇ ਤੇ ਉਹਨਾਂ ਦੇ ਦੇਵ-ਦੇਹਰੇ ਢਾਹੇ ਜਾਣ ਲੱਗੇ ਤਾਂ ਉਸ ਨੂੰ ਉਸ ਦੇ ਗੁਨਾਹਾਂ ਦੀ ਸਜ਼ਾ ਦੇਣ ਲਈ ਸਰਬ ਸ਼ਕਤੀਵਾਨ ਅਕਾਲ ਪੁਰਖ ਦੀ ਦਰਗਾਹ ਵਿਚ ਫ਼ਰਿਆਦ ਹੋਣ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਅਵਤਾਰ ਸੋਢਵੰਸ (ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਗ੍ਰਿਹਿ) ਵਿਖੇ ਹੋਇਆ। (ਛੰਦ ਅੰਕ ੬-੯)

ਸ੍ਰੀ ਗੁਰੂ ਤੇਗ਼ ਬਹਾਦੁਰ ਜੀ ਦੀ ਸ਼ਹੀਦੀ ਤੋਂ ਬਾਅਦ ਜਦ ਸ੍ਰੀ ਦਸਮੇਸ਼ ਜੀ ਗੁਰ-ਗੱਦੀ 'ਪਰ ਸੁਸ਼ੋਭਿਤ ਹੋਏ ਤੇ ਉਹਨਾਂ ਦੀ ਅਗਵਾਈ ਹੇਠ ਸਿੱਖਾਂ ਨੇ (ਸੰਮਤ ੧੭੫੬ ਬਿ: ਵਿਚ ਖਾਲਸੇ ਬਣ ਕੇ) ਪੂਰੀ ਤਰ੍ਹਾਂ ਸ਼ਸਤ੍ਰ-ਅਸਤ੍ਰ ਸੰਭਾਲੇ ਤਾਂ ਬਾਦਸ਼ਾਹ ਪਾਸ (ਸ਼ਾਇਦ ਪਹਾੜੀ ਰਾਜਿਆਂ ਵਲੋਂ) ਲਿਖਤ ਭੇਜੀ ਗਈ ਕਿ 'ਹੁਣ ਤੂੰ ਆਪਣੀ ਹਕੂਮਤ ਦੀ ਸੰਭਾਲ ਕਰ, ਨਹੀਂ ਤਾਂ ਖ਼ਾਲਸਾ ਜਲਦੀ ਹੀ ਤੇਰੇ ਤਖ਼ਤੋ ਤਾਜ ਨੂੰ ਸਾਂਭ ਲਵੇਗਾ।' ਬਾਦਸ਼ਾਹ ਨੇ ਇਸ ਦਾ ਉੱਤਰ ਕੁਝ ਨਿਰਾਸਤਾ ਵਿਚ ਦਿਤਾ। (੧੦-੧੧)

ਇਸ ਸਮੇਂ ਕੋਲੋਂ ਅਬਦੁੱਲਾ ਖਾਂ ਨਾਮੀ ਇਕ ਦਰਬਾਰੀ ਨੇ, ਜੋ ਦਿਨ ਰਾਤ ਚੁਗਲੀਆਂ ਕਰਨ ਵਿਚ ਲੱਗਾ ਰਹਿੰਦਾ ਸੀ, ਬਾਦਸ਼ਾਹ ਨੂੰ ਕਿਹਾ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇਕ ਨਵਾਂ ਪੰਥ (ਖ਼ਾਲਸਾ) ਦੁਨੀਆਂ ਵਿਚ ਚਲਾ ਰਹੇ ਹਨ, ਇਸ ਲਈ (ਹੁਣ) ਉਹਨਾਂ ਨੂੰ ਦੇਸ਼ ਵਿਚ ਨਹੀਂ ਰੱਖਣਾ ਚਾਹੀਦਾ। (੧੨-੧੪)

ਇਹ ਮਸਲਤ ਦੇਣ ਵਾਲੇ ਕੁਝ ਉਮਰਾਉ (ਮੁਗ਼ਲ ਦਰਬਾਰ ਦੇ ਅਮੀਰ) ਸਨ, ਜੋ ਬਾਦਸ਼ਾਹ ਦੇ ਹਮੇਸ਼ਾਂ ਨੇੜੇ-ਤੇੜੇ ਰਹਿੰਦੇ ਸਨ। ਉਹਨਾਂ ਦੇ ਨਾਮ ਇਹ ਸਨ :- ਜ਼ੁਲਫਕਾਰ ਖਾਂ ਕਾਸਿਮ ਖਾਂ, ਕੋਕਲਤਾਸ, ਇਬਰਾਹੀਮ ਖਾਂ, ਗੰਜ ਅਲੀ ਖਾਂ, ਸ਼ਾਕਰ ਖਾਂ, ਹਸਨ, ਅਲੀ ਖਾਂ, ਹਿੰਮਤ ਖਾਂ, ਰਜ਼ਾ ਕੁਲੀ ਖਾਂ ਅਤੇ ਜ਼ਬਰਦਸਤ ਖਾਂ (ਸੂਬੇਦਾਰ

ਲਾਹੌਰ)। (੧੬-੧੮)

ਬਾਦਸ਼ਾਹ ਔਰੰਗਜ਼ੇਬ ਨੇ ਇਹਨਾਂ ਅਮੀਰਾਂ ਦੀਆਂ ਗੱਲਾਂ ਵਿਚ ਆ ਕੇ ਅਜ਼ੀਮ ਖਾਂ ਨਾਮੀ ਸਰਦਾਰ ਨੂੰ, ਜੋ ਮੁਗ਼ਲ ਦਰਬਾਰ ਵਿਚ ਗਿਣਤੀ ਦਾ ਜੋਧਾ ਸੀ; ਹੁਕਮ ਦਿੱਤਾ ਕਿ ਉਹ ਸਭ ਤਰ੍ਹਾਂ ਦੇ ਸ਼ਸਤਰ-ਅਸਤਰਾਂ ਨਾਲ ਸਜੀ ਹੋਈ ਫੌਜ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਉੱਤੇ ਚੜ੍ਹਾਈ ਕਰੇ। ਅਜ਼ੀਮ ਖਾਂ ਨੇ ਇਸ ਹੁਕਮ ਨੂੰ ਮੰਨਿਆ ਤੇ ਕੂਚ ਦਾ ਨਗਾਰਾ ਬਜਵਾ ਦਿੱਤਾ। ਜਦ ਉਸ ਦੀ ਫ਼ੌਜ ਮਾਰੋ ਮਾਰ ਕਰਦੀ ਹੋਈ ਸਤਲੁਜ ਦੇ ਕੰਢੇ (ਆਨੰਦਪੁਰ ਦੇ ਨੇੜੇ) ਪੁੱਜੀ ਤਾਂ ਅੱਗੋਂ ਗੁਰੂ ਸਾਹਿਬ ਨੇ ਉਸ ਦਾ ਡਟ ਕੇ ਮੁਕਾਬਲਾ ਕੀਤਾ। (੧੯-੨੮)

ਇਹ ਦੇਖ ਕੇ ਅਜ਼ੀਮ ਖਾਂ ਖੁਦ ਅੱਗੇ ਵਧਿਆ ਤੇ ਜਿਥੇ ਗੁਰੂ ਜੀ ਖਲੋਤੇ ਸਨ, ਉਥੇ ਉਸ ਨੇ ਆਪਣੀ ਸਾਰੀ ਤਾਕਤ ਝੋਕ ਦਿੱਤੀ। ਗਹਗੱਚ ਲੜਾਈ ਵਿਚ ਭਾਈ ਹਿੰਮਤ ਸਿੰਘ ਅਤੇ ਦਲੇਲ ਸਿੰਘ ਨੇ ਤੇਗਾਂ ਮਾਰ ਕੇ ਉਸ ਦੇ ਇਕ ਹਾਥੀ ਨੂੰ ਸਣੇ ਅੰਬਾਰੀ ਦੇ ਢਾਹ ਲਿਆ। ਭਾਈ ਮੁਹਕਮ ਸਿੰਘ (ਪਿਆਰੇ) ਤੇ ਬਚਿੱਤ੍ਰ ਸਿੰਘ ਨੇ ਵੀ ਇਸ ਲੜਾਈ ਵਿਚ ਸੂਰਮਤਾ ਦਿਖਾਈ। ਇਕ ਮਦ ਮਸਤ ਹਾਥੀ; ਜੋ ਇਸ ਮੌਕੇ 'ਤੇ ਦੁਸ਼ਮਣ ਵਲੋਂ (ਸ਼ਰਾਬ ਪਿਲਾ ਕੇ) ਛੱਡਿਆ ਗਿਆ ਸੀ, ਭਾਈ ਬਚਿੱਤ੍ਰ ਸਿੰਘ ਨੇ (ਨਾਗਣੀ ਦੇ) ਇਕੋ ਵਾਰ ਨਾਲ ਮਾਰ ਭਜਾਇਆ। (੨੯-੩੮)

ਗੁਰੂ ਸਾਹਿਬ ਨੇ ਇਸ ਗ਼ਾੜ੍ਹੇ ਘਮਸਾਨ ਵਿਚ 'ਲਰਤ ਅਜ਼ੀਮ ਜਹਾਂ ਗੁਰੂ ਲਲਕਾਰਯੋ ਆਇ'। ਅਰਥਾਤ- ਅਜ਼ੀਮ ਖਾਂ ਨੂੰ ਲਲਕਾਰਿਆ ਤੇ ਬੜੀ ਬਹਾਦੁਰੀ ਦੇ ਹੱਥ ਦਿਖਾ ਕੇ ਮਾਰ ਮੁਕਾਇਆ।

ਸ੍ਰੀ ਗੋਬਿੰਦ ਸਿੰਘ ਜਗ ਮੈਂ ਬਲੀ, ਸੁਕਵਿ ਰਾਇ ਪੌਰਖ ਪ੍ਰਬਲ।
ਜਹਾਂ ਮਾਰਿ ਸੁ ਸ਼ਾਹ ਅਜ਼ੀਮ ਕੋ ਤਖਤ ਛਤ੍ਰ ਦਿਨ ਅਟਲ।

ਅਜ਼ੀਮ ਖਾਂ ਦੇ ਮਰਨ ਸਾਰ ਇਕ ਦਮ ਲੋਹ, ਅਰਥਾਤ ਜੰਗ ਦਾ ਪਾਸਾ ਪਲਟ ਗਿਆ ਤੇ ਮੁਗ਼ਲੇਈ ਫੌਜ ਦੇ ਮੈਦਾਨ ਛੱਡ ਕੇ ਨੱਸਣ ਤੇ ਫਤਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਹੋਈ (੩੯-੬੧)

ਅਜ਼ੀਮ ਖਾਂ ਦੇ ਮਾਰੇ ਜਾਣ 'ਤੇ ਛੰਦ ਅੰਕ ੬੧ ਪੁਰ ਹੀ ਇਹ ਜੰਗ-ਨਾਮਾ ਸਮਾਪਤ ਹੋ ਜਾਂਦਾ ਹੈ ਤੇ ਇਸ ਤੋਂ ਅਗਲੀਆਂ ੮ ਪਉੜੀਆਂ ਇਸ ਜੰਗ-ਨਾਮੇ ਦਾ ਕੇਵਲ ਖੁਲਾਸਾ ਮਾਤ੍ਰ ਹਨ। ਗੁਰੂ ਸਾਹਿਬ ਦੀ ਵੀਰਤਾ ਤੇ ਖੰਡੇ ਦੀ ਸ਼ਕਤੀ ਇਹਨਾਂ ਪਉੜੀਆਂ ਵਿਚੋਂ ਸਾਫ਼ ਪਈ ਝਲਕਦੀ ਹੈ। ਬੋਲੀ ਇਸ ਜੰਗ-ਨਾਮੇ ਦੀ ਹਿੰਦੀ ਪੰਜਾਬੀ ਰਲਵੀਂ ਹੈ। ਅਰਥਾਤ-੩੬ ਵੀਂ ਪਉੜੀ ਤੇ ੬੨ ਤੋਂ ੬੯ ਅੰਕ ਦੀਆਂ ਪਉੜੀਆਂ ਪੰਜਾਬੀ ਬੋਲੀ ਵਿਚ ਹਨ ਤੇ ਬਾਕੀ ਰਚਨਾ ਹਿੰਦੀ ਵਿਚ ਹੈ। ਬੋਲੀ ਦੀ ਇਹ ਖਿਚੜੀ ਸਿੱਖ ਸਾਹਿਤ ਵਿਚ ਕੋਈ ਅਜਿਹੀ ਗੱਲ ਨਹੀਂ ਜੋ ਸਿਰਫ਼ ਕਵੀ ਅਣੀ ਰਾਇ ਨੇ ਹੀ ਅਪਣਾਈ ਹੋਵੇ, ਬਲਕਿ ਇਸ ਤਰ੍ਹਾਂ ਦੀ ਖਿਚੜੀ-ਸਾਹਿਤ-ਰਚਨਾ ਦਸਮ ਗ੍ਰੰਥ ਦੇ ਰਾਮਾਵਤਾਰ, ਕ੍ਰਿਸ਼ਨਾਵਤਾਰ ਤੇ ਕਲਗੀ ਅਵਤਾਰ ਵਿਚ

ਵੀ ਮਿਲਦੀ ਹੈ ਅਤੇ ਚੰਡੀ ਦੀ ਵਾਰ ਸਾਰੇ ਦਸਮ ਗ੍ਰੰਥ ਦੀ ਹਿੰਦੀ ਰਚਨਾ ਵਿਚੋਂ ਪੰਜਾਬੀ ਕਵਿਤਾ ਦਾ ਇਕ ਵਧੀਆ ਨਮੂਨਾ ਹੈ। ਸੈਨਾਪਤਿ ਨੇ ਗੁਰੂ ਸੋਭਾ ਵਿਚ, ਕਵੀ ਕੰਕਨ ਨੇ ਦਸ ਗੁਰਾਂ ਕੀ ਕਥਾ ਵਿਚ ਅਤੇ ਭਾਈ ਸੰਤੋਖ ਸਿੰਘ ਨੇ ਸੂਰਜ ਪ੍ਰਕਾਸ਼[3] ਵਿਚ ਪੰਜਾਬੀ ਬੋਲੀ ਦੇ ਕਈ ਥਾਵੀਂ ਅਜਿਹੇ ਨਮੂਨੇ ਪਾਠਕਾਂ ਦਾ ਸਾਹਿੱਤਕ ਸੁਆਦ ਬਦਲਣ ਲਈ ਪੇਸ਼ ਕੀਤੇ ਹਨ।

ਕਵਿਤਾ ਇਸ ਜੰਗ-ਨਾਮੇ ਦੀ ਚੰਗੀ ਚਮਤਕਾਰ ਵਾਲੀ ਹੈ ਤੇ ਕਵੀ ਨੇ ਇਸ ਵਿਚ ਬੀਰ-ਰਸ ਨੂੰ ਖ਼ੂਬ ਨਿਬਾਹਿਆ ਹੈ। ਰੂਪਕ ਬੰਨ੍ਹਣ ਵਿਚ ਕਵੀ ਉਸਤਾਦ ਜਾਪਦਾ ਹੈ, ਜਿਸ ਤਰ੍ਹਾਂ ਕਿ ਉਦਾਹਰਨ ਹੈ:-

ਆਪ ਘਟਾ, ਅੰਕੁਸ ਛਟਾ, ਬਗ ਦੰਤਨ ਕੀ ਪਾਂਤਿ।
ਮਦ ਪਾਨੀ, ਬਾਨੀ ਗਰਜ, ਘਨ ਗਜ ਏਕੋ ਭਾਂਤਿ।

ਚੜ੍ਹਾਈ ਕਰਨ ਸਮੇਂ ਅਜ਼ੀਮ ਖਾਂ ਦੇ ਦਲ ਵਿਚ ਕਿਨ੍ਹਾਂ ਕਿਨ੍ਹਾਂ ਕਿਸਮਾਂ ਦੇ ਘੋੜੇ ਸਨ, ਇਹ ਦੱਸਣ ਲਈ ਕਵੀ ਨੇ ਆਪਣੀ ਸਾਰੀ ਵਾਕਫ਼ੀਅਤ ਦਾ ਖ਼ਜ਼ਾਨਾ ਇਕੋ ਗੀਆ ਛੰਦ ਵਿਚ ਖੋਲ੍ਹ ਕੇ ਰੱਖ ਦਿੱਤਾ ਹੈ:-

ਤੀਖੇ ਤੁਰੰਗ ਅਭੰਗ ਸੁੰਦਰ; ਅੰਗ ਅੰਗ ਅਨੂਪ ਜੇ।
ਅਰਬੀ ਇਰਾਕੀ ਕੱਛ ਬਲਖੀ ਸਜੇ ਸੁੰਦਰ ਰੂਪ ਜੇ।
ਕਾਬਲੀ ਕੰਧਾਰੀ ਬੇਸ ਤੁਰਕੀ ਤੇਜ ਤਾਜੀ ਬਾਜ ਨੇ।
ਖੁਰਸਾਨ ਰੂਮ ਫਿਰੰਗ ਸਿੰਧੀ, ਪੀਪਰੇ ਦਲ ਬਾਜ ਨੇ।.....(੨੫)

ਤੇ ਇਧਰੋਂ ਮੁਕਾਬਲੇ 'ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਚੜ੍ਹਾਈ ਵੀ ਘੱਟ ਬਿਆਨ ਨਹੀਂ ਕੀਤੀ ਤੇ ਉਸ ਨੂੰ ਪਾਵਸ (ਬਰਸਾਤ) ਦੇ ਪ੍ਰਬਲ ਘਨਘੋਰ (ਲੰਗੋਰ ਕੇ ਆ ਰਹੇ) ਬੱਦਲਾਂ ਨਾਲ ਉਪਮਾ ਦਿੱਤੀ ਹੈ:-

ਚੜ੍ਹਿ ਚਲਯੋ ਜੁ ਸਿੰਘ ਗੁਬਿੰਦ, ਸੰਗ ਸੈਨਾ ਸਬਲ।
ਜਨ ਪੱਛਮ ਘਨਘੋਰ, ਉਠਯੋ ਪਾਵਸ ਪ੍ਰਬਲ।
ਮੱਤ ਮਤੰਗ ਉਤੰਗ, ਧੁਜਾ ਫਰਹਰਹਿ ਇਵ।
ਧੁਰਵਾ ਧਾਵਤ ਲਿਯੇ, ਇੰਦ੍ਰ ਕੋ ਧਨੁਖ ਸ਼ਿਵ।.....(੨੬-੨੭)
ਚੰਚਲ ਚਪਲ ਚਲਾਕ; ਛਬੀਲੇ ਸੋਹਨੇ।
ਦੇਤ ਬਾਤ ਕੋ ਬਾਜੀ, ਬਾਜੀ ਰੋਹਨੇ।.....(੨੬-੨੭)

ਤਿਸ ਤੋਂ ਪਿਛੋਂ ਦੋਹਾਂ ਦਲਾਂ ਦਾ ਟਾਕਰਾ ਹੋਣ ਤੇ ਜਦ ਕਮਾਣਾਂ ਵਿਚੋਂ ਤੀਰ ਛੁੱਟਦੇ ਤੇ ਫ਼ਨੀਅਰ ਸਪਾਂ ਦੀ ਤਰ੍ਹਾਂ ਤੇਜ਼ੀ ਨਾਲ ਉਡ ਕੇ ਸੂਰਮਿਆਂ ਨੂੰ ਡੰਗਦੇ ਹਨ ਤਾਂ ਰਣ-ਭੂਮੀ ਦਾ ਨਜ਼ਾਰਾ ਹੋਰ ਵੀ ਵੇਖਣ ਯੋਗ ਬਣ ਜਾਂਦਾ ਹੈ, ਤੇ ਕਵੀ ਉਸ ਨਜ਼ਾਰੇ ਨੂੰ ਇੰਜ ਦਰਸਾਂਦਾ ਹੈ:-

---

੩. ਦੇਖੋ ਰੁੱਤ ੪, ਅੰਸੂ ੧੬।

ਤੀਰਨ ਕੀ ਚਹੁੰਟੈ ਚਹੂੰ ਓਰ ਤੈਂ, ਤਾਨ ਸਰਾਸਨ ਸੋਂ ਜਬ ਛਾਡੇ ।
ਬੇਧਤ ਯੌਂ ਉਨ ਕੋ ਨਿਕਸਯੋ, ਉਤ ਪਾਖਰ ਢਾਲ ਭਈ ਨਹੀਂ ਆਡੇ ।
ਏਕ ਲੁਟੇ ਉਲਟੇ ਪਲਟੇ, ਇਕ ਭਾਜ ਬਚੇ ਦੂਰ ਤਾਪਤ ਖਾਡੇ ।
ਧਾਇ ਲਗਯੋ ਅਰਿ ਕੇ ਉਰ ਯੌਂ, ਮਨੋਂ ਅੰਤ ਕੇ ਜਾਇ ਨਿਸਾਨ ਸੇ ਗਾਡੇ ॥੪੫॥
ਸਰ ਕੋਸਨ ਤੇ ਬਹੁ ਰੋਸਨ ਸੋਂ, ਬਿਸਿਖੀ ਬਿਸ ਸੇ ਨਿਕਸੇਂ ਅਨੀਆਰੇ ।
ਗੁਨ ਜੋਰ ਕੇ ਜੋਰ ਸੋਂ ਛਾਡਤ ਹੀ, ਛਿਨ ਮੈਂ ਚਲ ਪ੍ਰਾਨ ਕਿਯੇ ਤਨ ਨਯਾਰੇ।
ਆਪ ਗਡੇ ਉਰ ਬਾਹਰ ਫੌਂਕ, ਯੌਂ ਕਬਿਤਾ ਛਬਿ ਭਾਉ ਵਿਚਾਰੇ ।
ਪੋਤ ਕਪੋਤ ਕਰਾਇਨ ਤੇ ਸੁ ਮਨੋਂ, ਮੁਖ ਕਾਢ ਕੈ ਮਾਂਗਤ ਚਾਰੇ ॥੪੬॥
ਮਾਰ ਮਚੀ, ਨ ਸੰਭਾਰ ਰਹੀ, ਦੂਹੂੰ ਓਰ ਛੁਟੈਂ ਘਨ ਜਯੋਂ ਘਨ ਗੋਲੈਂ।
ਤਾਨਿ ਸਰਾਸਨ ਤੀਰ ਚਲੈਂ ਬਰ ਬਾਨਨਿ ਸੋਂ ਬਹੁ ਕਾਇਰ ਡੋਲੈਂ ।
ਆ ਗਨ ਬੀਰ ਅਜਾਚੀ ਭਏ, ਤਹਿ ਜੰਬੁਕ ਗਿੱਧ ਮਹਾਬ੍ਰਤ ਖੋਲੈਂ ।
ਟੁੱਟਤ ਸੀਸ ਭੁਜਾ ਉਰ ਫੁੱਟਤ; ਲੁੱਟਤ ਜਯੋਂ ਪਰ ਪਾਵਕ ਹੋਲੈਂ ॥੪੭॥

ਇਸ ਜੰਗ ਵਿਚ ਦੋਹਾਂ ਧਿਰਾਂ ਦਾ ਕਿਤਨਾ ਜਾਨੀ ਨੁਕਸਾਨ ਹੋਇਆ, ਇਸ ਬਾਰੇ ਕਵੀ ਨੇ ਕੋਈ ਪਤਾ ਨਹੀਂ ਦਿੱਤਾ ਤੇ ਸਿਰਫ ਨਿਮਨ ਲਿਖਤ ਇਕੋ ਦੋਹੇ ਵਿਚ ਗੱਲ ਮੁਕਾ ਦਿੱਤੀ ਹੈ :-

ਗਜ ਕਾਟੇ ਘੋਰੇ ਮੁਏ, ਮਾਣਸ ਮਰੇ ਅਨੇਕ ।
ਕਈ ਸਹੰਸ੍ਰ ਦਲ ਜੂਝਿਓ, ਬਰਣੋ ਕਹਾਂ ਬਿਬੇਕ ॥੫੯॥

ਇਹਨਾਂ ਉਦਾਰਣਾਂ ਤੋਂ ਸਿਧ ਹੁੰਦਾ ਹੈ ਕਿ ਇਸ ਜੰਗ-ਨਾਮੇ ਵਿਚ ਇਤਿਹਾਸਿਕ ਗੱਲਾਂ ਦੀ ਪ੍ਰਧਾਨਤਾ ਨਹੀਂ, ਬਲਕਿ ਵਰਣਨ ਦੀ ਪ੍ਰਧਾਨਤਾ ਹੈ। ਕਵੀ ਨੇ ਬੀਰ ਰਸ ਦੇ ਵਰਣਨ ਕਰਨ ਉੱਤੇ ਹੀ ਸਾਰਾ ਜ਼ੋਰ ਲਾ ਦਿੱਤਾ ਹੈ ਤੇ ਇਤਿਹਾਸਕ ਘਟਨਾਵਾਂ ਨੂੰ ਬਹੁਤੀ ਥਾਂ ਨਹੀਂ ਦਿੱਤੀ। ਸੂਰਮਿਆਂ ਦੀਆਂ ਤੇਗਾਂ ਕਿਵੇਂ ਲਿਸ਼ਕਦੀਆਂ ਸਨ ਤੇ ਉਹਨਾਂ ਦੇ ਚਲਣ ਨਾਲ ਲੋਥਾਂ ਦੇ ਅੰਬਾਰ ਲੱਗਣ ਤੇ ਕਿਵੇਂ ਭਯਾਨਕ ਜਿਹੀ ਹਾਲਤ ਪੈਦਾ ਹੋ ਜਾਂਦੀ ਸੀ ਅਤੇ ਥੋੜ ਦਿਲੇ ਆਦਮੀ ਉਸ ਹਾਲਤ ਵਿਚ ਕਿਵੇਂ ਭੈ-ਭੀਤ ਹੋ ਕੇ ਨਸ ਦੇ ਸਨ ਤੇ ਸੂਰਮਿਆਂ ਨੂੰ ਲਾਲੀਆਂ ਚੜ੍ਹਦੀਆਂ ਸਨ ਆਦਿ ਵਰਣਨ ਕਰਨ ਦੀਆਂ ਵਿਸ਼ੇਸ਼ਤਾਈਆਂ ਹਨ, ਜੋ ਉਸ ਸਮੇਂ ਦੀ ਬੀਰ-ਰਸੀ ਕਵਿਤਾ ਵਿਚ ਪਾਈਆਂ ਜਾਂਦੀਆਂ ਹਨ। ਕਵਿਤਾ ਦੀਆਂ ਇਹ ਖ਼ੂਬੀਆਂ ਉਸ ਸਮੇਂ ਦੀ ਲੋੜ ਦੇ ਮੁਤਾਬਕ ਸਨ, ਜਿਵੇਂ ਕਿ ਹੇਠ ਲਿਖੀ ਪਉੜੀ ਇਸ ਕਿਸਮ ਦੀ ਕਵਿਤਾ ਦਾ ਨਮੂਨਾ ਹੈ :-

ਘੋਰ ਦਮਾਮੇ ਸੰਚਰੇ, ਤੀਰੇ ਝਰ ਲਾਵਨ ।
ਖੰਡਾ ਵਿੱਜ ਚਮਕਈ, ਵੈਰੀ ਤਨ ਤਾਵਨ ।
ਬੱਦਲ ਮਾਰੂ ਬਰ ਤੂਰੈ, ਭਰਿ ਜੋਸੀਂ ਧਾਵਨ ।
ਕੜਕਣ ਗੋਲੇ ਸ਼ੁਤਰ ਨਾਲ; ਕਾਇਰ ਕੰਪਾਵਨ ।

ਅਰਿ ਘਰ ਕਾਲ ਪਰਖੀਏ, ਘਰਨੀ ਬਿਰਲਾਵਨ ।
ਚੜ੍ਹਿਆ ਗੁਰੂ ਗੋਬਿੰਦ ਸਿੰਘ; ਸਾਰ ਸੰਦਾ ਸਾਵਨ ॥੬੩॥

ਕਿਹੜਾ ਗੁਰੂ ਦਾ ਸਿੰਘ ਹੈ, ਜੋ ਇਸ ਬੀਰ ਰਸੀ ਕਵਿਤਾ ਨੂੰ ਪੜ੍ਹ-ਸੁਣ ਕੇ ਜੋਸ਼ ਵਿਚ ਨਾ ਆ ਜਾਵੇ । ਆਪਣੇ ਕਵੀਆਂ ਤੋਂ ਅਜਿਹੀਆਂ ਜੋਸ਼ੀਲੀਆਂ ਕਵਿਤਾਵਾਂ ਤਿਆਰ ਕਰਵਾ ਕੇ ਧਰਮ ਯੁਧ ਲਈ ਸਿੰਘਾਂ ਵਿਚ ਜੋਸ਼ ਭਰਨਾ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਕਰਤਵ ਸੀ, ਜਿਸ ਦੀ ਝਲਕ ਦਸਮ ਗ੍ਰੰਥ ਦੀ ਬੀਰ ਰਸੀ ਕਵਿਤਾ ਤੇ ਇਸ ਜੰਗ-ਨਾਮੇ ਦੀ ਕਵਿਤਾ ਵਿਚੋਂ ਪੈਂਦੀ ਹੈ ।

ਕਵੀ ਅਣੀ ਰਾਇ ਦਾ ਇਹ ਜੰਗ-ਨਾਮਾ ਸਿੱਖ ਸਾਹਿਤ ਤੇ ਇਤਿਹਾਸ ਲਈ ਇਕ ਲਾਭਦਾਇਕ ਚੀਜ਼ ਹੈ। ਸਾਹਿੱਤ ਲਈ ਇਸ ਕਰ ਕੇ ਕਿ ਇਹ ਗੁਰੂ ਸਾਹਿਬ ਦੇ ਇਕ ਦਰਬਾਰੀ ਕਵੀ ਦੀ ਰਚਨਾ ਹੈ ਤੇ ਇਤਿਹਾਸ ਲਈ ਇਸ ਕਰ ਕੇ ਕਿ ਇਸ ਦਾ ਲੇਖਕ ਉਸ ਜੰਗ ਦੇ ਮੌਕੇ 'ਤੇ; ਜਿਸ ਦਾ ਇਸ ਵਿਚ ਵੇਰਵਾ ਦਿੱਤਾ ਹੋਇਆ ਹੈ, ਮੌਜੂਦ ਸੀ। ਇਸ ਵਿਚ ਕੋਈ ਸ਼ੱਕ ਨਹੀਂ ਕਿ ਇਹ ਜੰਗ-ਨਾਮਾ ਕਵੀ ਅਣੀ ਰਾਇ ਦੀ ਇਕ ਅੱਖੀਂ ਡਿੱਠੀ ਗਵਾਹੀ ਹੈ; ਗਵਾਹੀ ਵੀ ਅਜਿਹੀ; ਜੋ ਪਹਿਲੀ ਵੇਰ ਸੰਪਾਦਨ ਕਰ ਕੇ ਪ੍ਰਕਾਸ਼ਿਤ ਕੀਤੀ ਜਾ ਰਹੀ ਹੈ ।

ੴ ਸਤਿਗੁਰ ਪ੍ਰਸਾਦਿ ॥

# ਅਥ ਜੰਗ ਨਾਮਾ

# ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਾ ਲਿਖਯਤੇ

ਦੋਹਰਾ ॥

ਅਨੀ ਰਾਇ ਗੁਰੁ ਸੇ ਮਿਲੇ; ਦੀਨੀ ਤਾਹਿ ਅਸੀਸ ।
'ਆਉ' ਕਹਯੋ ਮੁਖ ਆਪਨੇ, ਬਹੁਰ ਕਰੀ ਬਖਸੀਸ[1] ॥੧॥
ਨਗ ਕੰਚਨ ਭੂਖਨ ਬਹੁਰ, ਦੀਨੇ ਸਤਿਗੁਰ ਏਹ ।
ਨਾਮਾ ਹੁਕਮ[2] ਲਿਖਾਇਕੈ, ਦੀਨੋ ਸਰਸ ਸਨੇਹ ॥੨॥

ਸਵੈਯਾ ॥

ਬਾਨ ਕਪਿ ਧ੍ਵਜ[3] ਭੀਮ ਭੁਜਾਨ,[4] ਕ੍ਰਿਪਾਨ ਸੁ ਮਾਨਸ ਕੋ ਮਰਦਾਨੇ ।
ਮਾਰ ਕੇ ਮੀਰ ਅਧੀਰ ਕੀਯੇ; ਨਿਤ ਯੌਂ ਡਰਪੈਂ 'ਕਵਿਰਾਇ' ਬਖਾਨੇ ।
ਸ੍ਰੀ ਗੁਰੁ ਗੋਬਿੰਦ ਸਿੰਘ ਚਢੈ, ਅਰਿ ਕੇ ਸੁਨ ਕੇ ਹਿਯਰੇ ਦਹਿਰਾਨੇ[5] ।
ਤੇਜ ਕੇ ਤ੍ਰਾਸ ਤੇ ਯੌਂ ਤਰਫੈਂ, ਥਰਕੇ ਥਿਰਿਆ ਜਯੌਂ ਪਾਰਦ[6] ਪਾਨੇ ॥੩॥

ਕਬਿੱਤ ॥

ਜੀਤੇ ਜਿਨ ਦੱਛਨ ਬਿਚੱਛਨ ਬਨੈਤ ਬਾਂਕੇ,
ਨਾਦਰ ਨਿਪਟ ਅਤਿ ਆਦਰ ਸਿਪਾਹੀ ਕੋ ।
ਜਾਕੇ ਤ੍ਰਾਸ ਵੈਰੀ ਬਨਵਾਸ ਉਪਹਾਸ[7] ਲੇਤ,
ਛਾਡੇ ਸੁਖ ਆਸ ਉਪਹਾਸ ਜਾਹੀ ਤਾਹੀ ਕੋ ।
ਜੋਧਾ ਗੁਰੁ ਗੋਬਿੰਦ ਉਦਾਰ ਆਯੋ 'ਰਾਇ ਕਵਿ';

---

੧ ਬਖਸ਼ਿਸ਼ । ੨. ਹੁਕਮਨਾਮਾ, ਜੋ ਸਤਿਗੁਰਾਂ ਨੇ ਕਵੀ ਅਣੀ ਰਾਇ ਨੂੰ ਦਿਤਾ ਸੀ। ਇਸੇ ਤਰ੍ਹਾਂ ਸਤਿਗੁਰਾਂ ਦੇ ਬਖਸ਼ੇ ਹੋਏ ਬਹੁਤ ਸਾਰੇ ਹੋਰ ਹੁਕਮ ਨਾਮੇ ਵੀ ਪ੍ਰਸਿੱਧ ਹਨ ।
੩. ਜਿਸ ਦੀ ਧੁਜਾ ਵਿਚ ਕਪਿ (ਹਰਮਰਨ ਬਾਂਦਰ) ਦਾ ਚਿੰਨ੍ਹ ਹੈ, ਭਾਵ 'ਅਰਜੁਨ (ਪਾਂਡਵ)।
੪. ਭਾਰੀਆਂ ਬਾਹਵਾਂ (ਤਕੜੇ ਡੌਲਿਆਂ) ਵਾਲਾ, ਯਾ ਭੀਮ (ਪਾਂਡਵ) ਵਰਗੇ ਬਾਹੂਬਲ ਵਾਲਾ।
੫. ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਚੜ੍ਹਾਈ ਦੀ ਖਬਰ ਸੁਣ ਕੇ ਅਰਿ ਕੇ (ਦੁਸ਼ਮਨਾਂ ਦੇ) ਹਿਯਰੇ (ਦਿਲ) ਦਹਿਰਾਨੇ (ਦਹਿਲ) ਗਏ । ੬. ਪਾਰਾ । ੭. ਹਾਸਾ, ਠੱਠਾ ਮਖੌਲ।

ਗਾਹਤ, ਨ ਬਾਰ ਕੇਈ ਬਾਰ ਅਵਗਾਹੀ ਕੋ ।
ਏਕ ਫੌਜੈਂ ਫੋਰ ਏਕ ਓਰ ਏਹ ਜੋਰ ਕਰੈਂ;
ਤੇਰੀ ਤਰਵਾਰ ਹੈ ਬਿਰੰਚਿ[੮] ਪਾਤਸਾਹੀ ਕੋ ॥੪॥
ਪਾਯੋ ਜੈਤ ਪਤ੍ਰ[੯] ਸਤ੍ਰ ਪਤ੍ਰ ਜਯੋਂ ਪੁਰਾਣੇ ਭਏ,
ਏਕ ਉਡ ਗਏ ਏਕ ਪਾਵਨ ਉਡਾਤ ਹੈ ।
ਚਲੇ ਸੁਖ ਫੂਲ ਸੂਲ ਉਠੇ ਉਰ ਅਰਿਨ ਕੇ,
ਚਾਹਤ ਅਰਿਨ ਸੋ ਅਰਿਨ ਬਿਲਲਾਤ ਹੈ ।
ਪਾਯੋ ਫਲ ਪ੍ਰਗਟ ਪ੍ਰਤਾਪ ਪਾਤਸਾਹੀ ਕੋ ਸੁ ।
ਜੋਧਾ ਗੁਰੂ ਗੋਬਿੰਦ, ਰਸ ਕੀਰਤ ਚੁਚਾਤ ਹੈ ।
ਸੂਰਨ ਕੀ ਲਾਜ ਸੁਖ ਪਾਨਪ[੧੦] ਸਮਾਜ ਆਜ,
ਤੇਰੀ ਤਰਵਾਰ[੧੧] ਰਿਤੁਰਾਜ ਜਯੋਂ ਬਿਖਜਾਤ ਹੈ ॥੫॥

ਦੋਹਰਾ ॥

ਤਖਤੇ ਬੈਠ ਅਨੀਤਿ ਕੋ, ਸੁਨੇ ਨ ਚਿਤ ਅਕੁਲਾਇ ।
ਤਾਕੋ ਕਰਤਾ ਦਿਨਨ ਕੇ ਕਿਉਂ ਨ ਲਗੇ ਫਲ ਆਇ ॥੬॥
ਮੁਸਲਮਾਨ ਹਿੰਦੂ ਕਰੇ, ਦੇਉ[੧੨] ਢਹਾਵੈ ਨਿੱਤ ।
ਫਰਿਆਦ ਲਗੀ ਦਰਗਾਹ ਮੈਂ, ਕਰਤਾ ਧਰੇ ਨ ਚਿੱਤ ॥੭॥
ਹੁਕਮ ਹੁਓ ਗੋਬਿੰਦ ਕੋ, 'ਉਤਰਯੋ ਅਵਨੀ ਜਾਇ ।
ਕੁਟਲ ਕਰਮ ਔਰੰਗ ਕਰੇ; ਤਾਕੋ ਦੇਹੁ ਸਜਾਇ' ॥੮॥
ਧਨੁਖ ਚਕ੍ਰ ਖੰਡਾ ਧਰੇ, ਹਿੰਦੂ ਪਤਿ ਸੁਲਤਾਨ ।
ਸੋਢਵੰਸ਼ ਅਵਤਾਰ ਹੋ; ਗੋਬਿੰਦ ਸਿੰਘ ਬਲਵਾਨ ॥੯॥
ਲਿਖੇ ਪਠਾਏ ਸ਼ਾਹ ਪੈ; 'ਛੋਡਯੋ ਸਕਲ ਸਮਾਜ ।
ਕਛੁਕ ਦਿਨਨ ਲਗ ਖਾਲਸਾ; ਲਹੈ ਤਖਤ ਔ ਤਾਜ ॥੧੦॥

ਸੋਰਠਾ ॥

ਸੁਨੀ ਸ਼ਾਹ ਯਹ ਬਾਤ; ਉਤਰ ਦਿਯੋ ਨਿਰਾਸ ਕਛੁ ।
ਜਾਨੌਂ ਸਾਈ ਜਾਤ, ਜੋ ਜਾਨੌਂ ਮੋਕੌਂ ਮਿਲੈ ॥੧੧॥

ਦੋਹਰਾ ॥

'ਪੰਥ ਚਲਾਵਤ ਜਗਤ ਮੋ;' ਕਹੀ ਅਬਦੁਲਾ ਖਾਨ
'ਤਾਕੋ ਦੇਸ ਨ ਰਾਖੀਏ; ਸੁਨ ਸਾਹਿਬ ਸੁਲਤਾਨ' ॥੧੨॥

---

੮. ਬ੍ਰਹਮਾ, ਵਿਧਾਤਾ    ੯. ਜਯ ਦਾ ਪਤ੍ਰ: ਫ਼ਤਹ ।
੧੦. ਓਜ; ਤੇਜ ।    ੧੧. ਤਲਵਾਰ ।
੧੨. ਮੂਰਤੀਆਂ ਦੇਵਤਿਆਂ ਦੀਆਂ ਯਾ ਦੇਹੁਰੇ; ਠਾਕੁਰਦਵਾਰੇ ਜਾਂ ਸ਼ਿਵਾਲੇ ਆਦਿ ।

ਸੋਰਠਾ ॥

ਖੋਟੀ ਪੜੀ ਗੋਬਿੰਦ; ਦਿਯੋ ਕਾਢ ਦਰਬਾਰ ਤੇ ।
ਦੂਰ ਕੁਟਨ ਕਮਜਾਤ; ਕਹੀ ਬਾਤ ਤਬ ਸਾਹ ਇਹ ॥੧੩॥

ਦੋਹਰਾ ॥

ਨਿਸ ਦਿਨ ਚੁਗਲੀ ਜੋ ਕਰੇ; ਖਾਂ ਅਬਦੁੱਲਾ ਨਾਮ ।
ਕਹੀ ਜਾਇ ਅਉਰੰਗ ਪੈ; ਯਾਹੀ ਤਾਹਿ ਕੋ ਕਾਮ ॥੧੪॥
ਜੋ ਹਮ ਮਤ ਦੁਰਮਤ ਭਈ; ਉਪਜਯੋ ਹਿਯੇ ਅਸੱਤ ।
ਬਿਨਸਤ ਲਗੇ ਨ ਬਾਰ ਤਿਸ; ਕੀਜੇ ਕਹਾਂ ਬਡੱਤ ॥੧੫॥
ਚਹੁੰ ਓਰ[੧੩] ਉਮਰਾਉ ਮਿਲ; ਮਸਲਤ ਕਰੈਂ ਅਨੇਕ ।
ਅਪਨੇ ਅਪਨੇ ਪੱਛ ਕੋ; ਭਏ ਆਪ ਮੈਂ ਏਕ ॥੧੬॥
ਤਿਨ ਕੇ ਨਾਮ ਬਖਾਨਿਯਤ ਅਤਿ ਜੋਧਾ ਬਲਵੰਡ[੧੪] ।
ਦਲ ਬਲ ਬੁੱਧਿ ਬਿਬੇਕ ਸੋਂ; ਪੈਜ ਪੁਰਖ ਪ੍ਰਚੰਡ ॥੧੭॥

ਛਪਯ

ਜੁਲਫਕਾਰ ਖਾਂ ਪ੍ਰਿਥਮ; ਪਾਤਸਾਹੀ ਕੋ ਮੰਡਨ ।
ਕਾਸਮ ਕੋਕਲਤਾਸ; ਖਾਨ ਪਰ-ਦਲੈਂ ਬਿਹੰਡਨ ।
ਇਬਰਾਹਿਮ ਖਾਂ ਅਟਲ; ਗੰਜ ਅਲਿ ਖਾਂ ਗੁਨ ਗਾਢੋ ।
ਸਾਜ਼ੋ ਸ਼ਾਕਰ ਖਾਨ ਹਸਨ ਅਲੀ ਖਾਂ ਰਿਸ ਬਾਢੋ ।
ਅਤਿ ਹਿਮਤ ਖਾਂ ਤਮ ਤੇਗ ਖਾਂ, ਰਜ਼ਾ ਕੁਲੀ ਖਾਂ ਨਹਿ ਟਰੈ ।
ਸੁਤ[੧੫] ਸੁਭਟ ਅਤੁਲ ਬਖ਼ਾਨ ਕੇ; ਜਬਰਦਸਤ[੧੬] ਸਨਮੁਖ ਲਰੈ ॥੧੮॥

ਦੋਹਰਾ ॥

ਸਰਜੈ ਖਾਨ ਅਜ਼ੀਮ ਕੋ ਹੁਕਮ ਦਿਯੋ ਇਹ ਸਾਹਿ ।
ਸਾਜਿ ਚਮੂੰ[੧੭] ਚਤੁਰੰਗਨੀ; ਚੜ੍ਹੋ ਜਾਇ ਤੁਮ ਤਾਹਿ ॥੧੯॥
ਕੂਚ ਕੀਯੋ ਅਜ਼ੀਮ; ਸਰਜੈ ਭਾਨ[੧੮] ਮੈਂ ।
ਡਰ ਡੁਲੇ ਦਿਗ ਪਾਲ[੧੯] ਚਾਲ ਅਸਮਾਨ ਮੈਂ ।
ਸਈਅਦ ਚਲੇ ਪਠਾਨ; ਮੁਗਲ ਕਈ ਲੱਖ ਹੈਂ ।
ਚਲੇ ਜਾਂਹਿ ਸਨਮੁਖ; ਕਾਲ ਸਭ ਭੱਖ ਹੈਂ ॥੨੦॥

---

੧੩. ਚੌਹੀਂ ਤਰਫ਼ੀ । ੧੪. ਬਲਵਾਨ । ੧੫.ਰੁਸਤਮ ਖਾਂ; ਸੂਬਾ ਲਾਹੌਰ ਦਾ ਪੁਤ੍ਰ ।
੧੬. ਜ਼ਬਰਦਸਤ ਖਾਂ; ਸੂਬਾ ਲਾਹੌਰ । ਸੁਖਾ ਸਿੰਘ ਦੇ ਗੁਰ ਬਿਲਾਸ ਵਿਚ ਜ਼ਬਰਦਸਤ ਦੀ ਥਾਵੇਂ ਜ਼ਬਰਦਸਤ ਲਿਖਿਆ ਹੈ । ੧੭. ਫੌਜ । ੧੮. ਸੂਰਜ ।
੧੯. ਦਿਸ਼ਾ ਦੇ ਹਾਥੀ ।

ਦੋਹਰਾ ॥

ਚੜ੍ਹਯੋ ਚਮੂ ਚਤੁਰੰਗ ਲੈ; ਅਤਿ ਅਜ਼ੀਮ ਸੁਲਤਾਨ ।
ਤੀਰ ਤੋਪ ਗੋਲਾ ਗੁਰਜ; ਅਤਿ ਬਰਛੀ ਬਰ ਬਾਨ ॥੨੧॥
ਸਤਲੁਜ ਹੂੰ ਕੇ ਘਾਟ ਪਰ; ਕੀਯੇ ਠਾਟ ਗੁਰ ਜਾਨ ।
ਪਾਟਨਿ ਪਹੁੰਚੇ ਪੈਜ ਕਰ; ਕੋ ਅਜੀਮ ਅਗਜਾਨ ॥੨੨॥

ਭੁਜੰਗ ਪ੍ਰਯਾਤ ਛੰਦ

ਚਹੂੰ ਓਰ ਦਲ ਦਿੱਗ ਬਾਜੇ ਨਗਾਰੇ ।
ਚੜ੍ਹੇ ਚੱਕਵੇ ਚਿੱਤ ਗੁਪਤਾਂ ਜੁ ਜਾਰੇ ।
ਲਰੈਂ ਬਾਜ ਕੋ ਤਾਜ ਕੋ ਗਾਜ ਗਾਜੈਂ ।
ਖਰੇ ਲਾਜ ਕੋ ਕਾਜ ਕੋ ਨਾਹਿ ਭਾਜੈਂ ।
ਸਜੇ ਸਾਜ ਕੁੰਭੀ ਕੀਯੇ ਕੁੰਭ ਕਾਰੇ ।
ਸਿਰੀਂ ਚੌਰ ਗਜ ਗਾਹ ਘੰਟਾ ਘੁਮਾਰੇ ।
ਦੀਯੇ ਸੀਸ ਸੰਧੂਰ ਠਾਢੇ ਨਿਸਾਸੈ ।
ਸੁਨੈ ਡੰਕ ਮਾਰੂ ਨਿਰਾਤੰਕ ਬਾਸੈ ।
ਚਲੇ ਕੋਰ ਬਾਂਧੇ ਘਟਾ ਘੋਰ ਭਾਰੀ ।
ਪਰੀ ਛਾਹ ਛੌਨੀ ਛਟਾ ਜਯੋਂ ਉਬਾਰੀ ।
ਚੁਐਂ ਗੰਗ ਪਾਨੀ; ਮਹਾ ਚੰਡ ਵਾਨੀ ।
ਜੁਰੈਂ ਜੁਧ ਜੋਧਾ; ਨਹੀਂ ਸੰਕ ਮਾਨੀ ।
ਚਹੂ ਓਰ ਤੇ ਓਰ[੨੦] ਕੋਊ ਨਾਹਿ ਪਾਵੈ ।
ਕਰੀ ਪੈਜ ਪੂਰੇ; ਕਹਾਂ ਲੌ ਗਿਨਾਵੈ ॥੨੩॥

ਦੋਹਰਾ ॥

ਆਪ ਘਟਾ ਅੰਕੁਸ਼ ਛਟਾ; ਬਗ ਦਲਨ ਕੀ ਪਾਂਤਿ ॥
ਮਦ ਪਾਨੀ ਬਾਨੀ ਗਰਜ ਘਨ[੨੧] ਗਜ[੨੨] ਏਕੈ ਭਾਂਤਿ ॥੨੪॥

ਗੀਆ ਛੰਦ ।

ਤੀਖੇ ਤੁਰੰਗ[੨੩] ਅਭੰਗ ਸੁੰਦਰ ਅੰਗ ਅੰਗ ਅਨੂਪ ਜੇ ।
ਅਰਬੀ ਇਰਾਕੀ ਕੱਛ ਬਲਖੀ[੨੪] ਸਜੇ ਸੁੰਦਰ ਰੂਪ ਜੇ ।
ਕਾਬਲੀ ਕੰਧਾਰੀ ਬੇਸ ਤੁਰਕੀ ਤੇਜ ਤਾਜੀ ਬਾਜ ਨੇ ।
ਖੁਰਸਾਨ ਰੂਪ ਫਿਰੰਗ ਸਿੰਧੀ; ਪੀਪਰੇ ਦਲ ਬਾਜ ਨੇ ।
ਨੀਲੇ ਹਰੇ ਸੰਜਾਬ ਅੰਬਰਸ; ਬੋਝ ਮਗਸੀ ਮਨ ਹਰੈਂ ।

---

੨੦. ਅੰਤ । ੨੧. ਬਦਲ । ੨੨. ਹਾਥੀ । (ਇਥੇ ਹਾਥੀਆਂ ਦੀ ਤੁਲਨਾ ਬੱਦਲਾਂ ਨਾਲ ਕੀਤੀ ਹੈ; ਇਸ ਲਈ ਰੂਪਕ ਅਲੰਕਾਰ ਹੈ ।) ੨੩. ਘੋੜੇ।
੨੪. ਘੋੜਿਆਂ ਦੇ ਨਾਂ ।

ਸੰਦਲੀ ਅਬਲਕ ਔ ਸੀਰਾਜੀ; ਅਗਰਬਾ ਪਰ ਦਲ ਤਰੈਂ।
ਨੀਲੇ ਸੁਰਖ ਪੀਲੇ ਸਿਤਾਸਿਤ, ਪਛ ਕਲਿਆਨ ਸਵੈ ਸਜੈਂ।
ਸਿਰਗੇ ਸਮੁੰਦ ਚਲਾਕ ਚੌਧਰ, ਦੇਖ ਸੁਰਪਤਿ ਕੇ ਲਜੈਂ।
ਕਪੂਰ ਰੋਝੇ ਕਾਕ ਹਸਲੇ, ਫੂਲਵਾਰੀ ਸੇ ਫੂਲੈਂ।
ਪਾਰਾਬਤੇ[੨੫] ਰਜਤੇ[੨੬] ਸੁਰੰਗੇ, ਥਾਪ ਬਾਨਨ ਤੇ ਖੁਲੈਂ।
ਸੁਰਮਈ ਸੂਰੇ ਕਿਲਕ ਕਜਰੇ, ਮਿਸਤ ਕਰਬੁਰ ਅਤਿ ਬਲੀ।
ਖੁਰਖੁੰਦ ਰਬਿ ਰਜ ਰੁੰਦ ਧਾਵਤ, ਕੌਪ ਕਟਕ ਚਲਾ ਚਲੀ।
ਜਗ ਮਗਤ ਜੀਨ ਜਰਾਉ ਪੱਟੇ, ਪੇਸ ਬੰਦ ਬਨਾਉ ਕੇ।
ਪਹਰੇ ਸਨਾਹੁ ਬਨਾਇ ਪਾਖਰ, ਚਕ੍ਰਵੇ ਚਕ ਚਾਹੁ ਕੇ ॥੨੫॥

ਦੋਹਰਾ ॥

ਪਾਂਚ ਕੋਸ ਡੇਰੇ ਰਹੇ, ਛੂਟੇ ਤੀਰ ਜੁ ਬੀਰ।
ਗਡੈਂ ਜਾਇ ਅਜੀਮ ਪੈ, ਕਹੈ ਜੁ ਜਾਦੂ ਬੀਰ[੨੭] ॥੨੬॥

ਰਾਸ ਛੰਦ

ਚੜ੍ਹਿ ਚਲਯੋ ਜੁ ਸਿੰਘ ਗੁਬਿੰਦ, ਸੰਗ ਸੈਨਾ ਸਬਲ।
ਜਨ ਪੱਛਮ ਘਨਘੋਰ, ਉਠਯੋ ਪਾਵਸ ਪ੍ਰਬਲ।
ਮੱਤ ਮਤੰਗ[੨੮] ਉਤੰਗ[੨੯] ਧੁਜਾ ਫਰਹਰਹਿ ਇਵ।
ਧੁਰਵਾ[੩੦] ਧਾਵਤ ਲਿਯੇ ਇੰਦ੍ਰ ਕੋ ਧਨੁਖ ਸ਼ਿਵ।
ਫਿਰ ਧੁਰਵਾ ਸੋਂਧਰ ਧਾਏ ਧਰਜ ਧਰਾਧਰ।
ਕੋਰ ਬਾਂਧ ਗਿਰ ਜਾਏ ਕੀਨੇ ਬਰਾਬਰ।
ਬਗ ਪੰਤ[੩੧] ਦੰਤ ਦਰਸਾਏ, ਬਾਦਲ ਮੇਹ ਕੇ।
ਚੁਏ ਗੰਡ ਮਦ ਪਾਨੀ ਭਾਰੀ ਦੇਹ ਕੇ।
ਛਾਏ ਮੇਘ ਜੁ ਡੰਬਰ ਅੰਬਰ ਸੇ ਸਰਸ।
ਭਈ ਧੁੰਦ ਰਜ ਰੁੰਦ, ਸੁਰ ਝਾਪਯੋ ਦਰਸ।

---

੨੫. ਪਾਰਾਬਤ (ਕਬੂਤਰ) ਦੇ ਰੰਗ ਵਾਲੇ, ਅਰਥਾਤ-ਕਬੂਤਰੇ। ੨੬. ਚਾਂਦੀ ਰੰਗੇ।

੨੭. ਗੁਰ ਪ੍ਰਤਾਪ ਸੂਰਯ, ਰੁਤ ੬, ਅੰਸੂ ੧੪-੧੫ ਵਿਚ ਲਿਖਿਆ ਹੈ ਕਿ ਆਨੰਦਪੁਰ ਤੋਂ ਢਾਈ ਕੋਹਾਂ ਦੀ ਵਿਥ ਤੇ ਜ਼ਬਰਦਸਤ ਖਾਂ ਸੂਬੇਦਾਰ ਲਾਹੌਰ ਅਤੇ ਵਜੀਦ ਖਾਂ ਸੂਬੇਦਾਰ ਸਰਹਿੰਦ ਚੌਪਟ ਖੇਲ ਰਹੇ ਸਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਨੰਦਪੁਰੋਂ ਤੀਰ ਚਲਾਇਆ, ਜੋ ਸਾਲਮਲੀ (ਸਿੰਮਲ) ਦੇ ਹੇਠਾਂ ਉਹ ਬੈਠੇ ਸਨ, ਲੱਗਿਆ। ਇਹ ਪ੍ਰਾਕ੍ਰਮ ਦੇਖ ਕੇ ਉਹਨਾਂ ਨੇ ਗੁਰੂ ਜੀ ਨੂੰ ਕਰਾਮਾਤੀ ਮੰਨਿਆ। ਪਰ ਦੂਜੇ ਤੀਰ ਨਾਲ ਸਤਿਗੁਰਾਂ ਨੇ ਉੱਤਰ ਲਿਖ ਕੇ ਭੇਜਿਆ ਕਿ ਇਹ ਕਰਾਮਾਤ ਨਹੀਂ, ਬਲਕਿ ਸ਼ਸਤ੍ਰ ਵਿਦਯਾ ਦੇ ਅਭਯਾਸ ਦਾ ਨਤੀਜਾ ਹੈ।

੨੮. ਮਸਤ ਹਾਥੀ। ੨੯. ਉੱਚੇ। ੩੦. ਬੱਦਲ।

੩੧. ਬਗਲਿਆਂ ਦੀ ਪੰਤ (ਪੰਕਤੀ)।

ਅੰਕਸ਼ ਜੜਤ ਜੜਾਉ, ਦਿਪੈਂ ਤਹ ਅਤਿ ਭਲਾ।
ਜਨ ਘਟਾ ਛਟਾ ਆਕਾਸ਼ ਜੁ ਚਮਕੇ ਚੰਚਲਾ।
ਜਰੀ ਬਾਫ ਕੈ ਝੂਲ ਸੂਮ ਸਕਲਾ ਤਾਕੇ।
ਸ੍ਰੀ ਚਮਰ ਗਜ ਘੰਟਾ ਘੁਰ ਸੂਕ ਘਾਟਕੇ।
ਕੱਜਲ ਗਿਰ[32] ਸੇ ਬਰਣੋ ਬਰਣ ਬਨਾਇ ਬਰ।
ਮਾਰੈਂ ਸੁੰਡ ਫੁੰਕਾਰ ਜੁ ਪਾਰਾਵਾਰਿ ਪਰ।
ਜਬ ਸੁੰਡਾਹਲ ਸਜੈ ਪੂਰ ਸੰਧੂਰ ਰੁਚ।
ਸਾਂਝ ਲਲਾਈ ਮਾਂਝ ਕਿਧੋਂ ਗਿਰਿਰਾਜ ਉਚ।
ਡਰ ਡੁਲੇ ਦਿਗ ਪਾਲ, ਜਲਾਜਲ ਕੀਚ ਹੁਇ।
ਦੁਰੇ ਦੌਰ ਦਰ ਹਾਲ, ਬਿਆਲ[33] ਬਿਲ ਬੀਚ ਰੁਇ।
ਰਦ[34] ਫੁੱਟੇ ਬਾਰਹਿ, ਤਲਾਤਲ ਤ੍ਰਿੜ ਤੁੜਗ।
ਧੌਲ ਧਰਾਧਰ ਕੱਪਯੋ, ਕੂਰਮ ਕਿੜ ਮੁੜਗ।
ਐ ਮਤ ਅਮ੍ਰਿਤ ਮਤੰਗ ਬ੍ਰਿੰਦ ਬਲ ਬਾਹ ਕੇ।
ਕੋ ਕਵਿ ਸਕੇ ਸਰਾਹਿ, ਹਿੰਦੂ ਪਤਿ ਨਾਹ ਕੇ[35] ॥੨੬॥
ਜੀਨ ਜਰਾਉ ਬਨਾਇ ਤੁਰੰਗਮ ਕੋਰ ਕੇ।
ਚਪਲ ਭਾਸ ਮ੍ਰਿਗ ਮੀਨ, ਭਾਨ ਰਥ ਜੋਰ ਕੇ।
ਚੰਚਲ ਚਪਲ ਚਲਾਕ, ਛਬੀਲੇ ਸੋਹਨੇ।
ਦੇਤ ਬਾਤ ਕੋ ਬਾਜੀ ਬਾਜੀ ਰੋਹਨੇ।
ਉਠੇ ਜਾਤ ਨਭ ਗੌਨ, ਭੀਰ ਭਟ ਕੌਨ ਕੀ।
ਨੇਕ ਸੁ ਬਾਗੇਂ ਲੇਹਿ ਬਾਗੇਂ ਪੌਨ ਕੀ।
ਸਾਤ ਦੀਪ ਕਰ ਭੌਰੀ, ਫਿਰਕੀ ਸੇ ਫਿਰੈਂ।
ਬੈਨ ਤੇਯੇ[36] ਤਰੁ ਦੂਰਤ, ਦੌਰ ਮਨ ਤੇ ਪਰੈਂ।
ਕੱਛੀ ਸ੍ਵੱਛ ਸੁਜਾਤ ਪਰੇਵਾ, ਪੌਨ ਹੈ।
ਅੰਗ ਅਨੂਪਮ ਰੰਗ, ਸਿੰਧ ਸੁਤ ਕੌਨ ਹੈ।
ਬਰੇ ਬਾਰ ਕਰ ਮੋਤੀ, ਪਾਰਦ ਚਲਾਚਰ।
ਦੇਖ ਦੌਰ ਕੇ ਦੁਰੇ ਜੁ ਦਾਮਿਨੀ ਦਰਾਦਰ।
ਖੰਜਨ ਸਰਦ ਸੁਹਾਏ, ਰਹੇਂ ਸੁ ਬਾਰ ਹੈਂ।
ਸਮਰ ਸੁ ਮਦ ਜਨ ਮੀਨ, ਪਰੇ ਵਾਪਾਰ ਹੈਂ।
ਹਿੰਦੂ ਪਤਿ ਗੁਰੁ ਆਪ, ਸਿੰਗ ਗੋਬਿੰਦ ਹੈਂ।

---

੩੨. ਪਰਬਤ। ੩੩. ਸੱਪ। ੩੪. ਦੰਦ।
੩੫. ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ।
੩੬. ਕੱਸ਼ਪ ਦੀ ਇਸਤ੍ਰੀ ਵਿਨਤਾ ਦੇ ਪੁਤ੍ਰ ਗਰੁੜ ਦਾ ਨਾਮ ਵੈਨਤੇਯ ਹੈ।

ਜਨ ਮਘਵਾ ਚੜ੍ਹਯੋ ਗੁਰਾਕ, ਸੂਰ ਸੰਗ ਬ੍ਰਿੰਦ ਹੈਂ ॥੨੭॥

ਦੋਹਰਾ ॥

ਲਰੇ ਦੋਇ ਦਲ ਦੋਇ ਦਿਸ, ਕੋਊਅ ਨ ਨੈਕ ਸਰਾਇ ।
ਬੁੱਧ ਵਿਰੁਧ ਸੁਧ ਨਾ ਪਰੇ, ਜੁਰੇ । ਜੁੱਧ ਕੋ ਆਇ ॥੨੮॥

ਚੌਪਈ ॥

ਸਭ ਕੇ ਮਨ ਮੈਂ ਯਹੀ ਬਿਸੇਖੋ ।
ਦਲਬਲ ਪ੍ਰਬਲ ਅਜੀਮਹਿ ਦੇਖੋ ।
ਬਹੁਤ ਅਮੀਰ ਭਏ ਤਿਹ ਸੰਗੀ ।
ਸੂਰਬੀਰ ਜੋਧਾ ਜੁਰ ਜੰਗੀ ।
ਬੁਧ ਬਚਿਤ੍ਰ ਅਰੁ ਬਡੋ ਖਜਾਨਾ ।
ਰੋਪਯੋ[੩੭] ਖੇਤ ਧਰੇ ਬਰ ਬਾਨਾ ।
ਨਿਸ ਦਿਨ ਰਾਖੇ ਬੀਨ[੩੮] ਸਿਪਾਹੀ ।
ਸਦੀ[੩੯] ਹਜ਼ਾਰੀ ਔਰ ਪੰਜਾਹੀ ।
ਸਭੈ ਬਨਾਉ ਠੀਕ ਹੈ ਯਾਕੇ ।
ਹੋਨੀ ਹਾਥ ਰਹੀ ਕਰ ਤਾਕੇ ।
ਉਤ ਖਾਨੀ ਕਾ ਸਭ ਜਗ ਜਾਨੈ ।
ਲੁਤਫੁੱਲਾ ਖਾਂ ਸ਼ੰਕ ਨ ਮਾਨੈ ।
ਅਉ ਅਨੇਕ ਦਲ ਬਾਲਾ ਸ਼ਾਹੀ ।
ਫ਼ਜ਼ਲ ਅਲੀ ਖਾਂ ਸਰਸ ਸਿਪਾਹੀ ।
ਨਬੀ ਕੁਲੀ ਖਾਂ ਨਹਿ ਮੁਖ ਮੋੜੇ ।
ਖਾਂ ਮਿਹਰੰਮਤ ਸਾਰ ਝਕੋਰੇ[੪੦] ।
ਮਾਰਯੋ ਖੇਤ ਦੁਹੂੰ ਦਿਸ ਭਾਰੋ ।
ਦਾਰੂ[੪੧] ਦੂੰਦ ਭਯੋ ਅੰਧਿਆਰੋ ।
ਸੂਰਜ ਸੰਕ ਦੂਰੋ ਗਿਰਿ ਅੰਤੇ[੪੨] ।
ਰਹਯੋ ਨ ਮੋਹਿ ਲੋਹਿ ਬਸੰਤੇ ॥੨੯॥

ਸਵੈਯਾ ॥

ਤੇਗ ਬਲੀ ਸ੍ਰੀ ਗੋਬਿੰਦ ਸਿੰਘ, ਚੜ੍ਹੈ ਰਣ ਕੋ ਮਨ ਕੋ ਜੁ ਹੁਲਾਸਾ ।
ਰਾਇ ਰਹੈ ਠਹਿਰਾਇ ਸੁ ਕੋ ਨਰ, ਲਾਖਨ ਮੈਂ ਭੁਜ ਕੋ ਭਰਵਾਸਾ ।
ਲੋਹ ਕੇ ਤੇਜ ਤੈ ਕੋਦ[੪੩] ਮਜ਼ੇਜ ਤੈ, ਧਾਇ ਪਰੈ ਅਰਿ ਕੋ ਮਘਵਾਸਾ[੪੪] ॥

---

੩੭. ਮੰਡਯੋ । ੩੮. ਚੁਣਕੇ । ੩੯. ਇਕ ਸੌ ਜਵਾਨਾਂ ਦਾ ਅਫਸਰ ।
੪੦. ਸਾਰ ਝਕੋਰਦਾ, ਅਰਥਾਤ-ਤਲਵਾਰ ਚਲਾਉਂਦੀ ਸੀ । ੪੧. ਦਾਰੁਣ, ਭਿਆਨਕ, ਘੋਰ ।
੪੨. ਅਸਤਾਚਲ ਦੇ ਅੰਚਲ ਵਿਚ । ੪੩. ਪੱਖ, ਤਰਫ਼ ।
੪੪. ਅਰਿ (ਦੁਸ਼ਮਨ) ਨੂੰ ਮਗਵਾ (ਦੇਵਰਾਜ ਇੰਦ੍ਰ) ਦੀ ਤਰ੍ਹਾਂ ਦੌੜਕੇ ਪੈਂਦੇ ਸਨ ।

ਸੂਕਤ ਯੌਂ ਮੁਖ ਸੂਰਨ ਕੇ, ਘਨ ਘੋਰ ਕੋ ਸੋਰ ਸੁਨੇ ਜੁ ਜਵਾਸਾ ॥੨੯॥

ਕਬਿੱਤੁ ॥

ਤੁਰੰਗ ਫ਼ੌਜ ਤੋਰ ਕੈ, ਮਤੰਗ ਮਾਨ ਮੋਰ ਕੈ,
ਲਰੈਂ ਕਰੈਂ ਅਧੀਰ ਸ਼ਤ੍ਰੁ ਜੱਤ੍ਰਪਤ੍ਰ[੪੫] ਪਾਨ ਕੋ ।
ਜਿਤੇ ਸਮੀਪ[੪੬] ਕੋ ਗਿਨੈ, ਕ੍ਰਿਸਾਨ[੪੭] ਕੋਪ ਜਯੋਂ ਹਨੈ,
ਪ੍ਰਚੰਡ ਖੰਡ ਕਿੱਤ ਮੁੰਡ ਤੇਜ ਪੁੰਜ ਭਾਨ ਕੋ ।
ਘਟਾ ਛਟਾ ਬਿਦਾਰਨੀ, ਧਨੀ ਧਰਾ ਪ੍ਰਹਾਰਨੀ ਕਿ,
ਕਾਲ ਬਿਆਲ ਕਾਲ ਕੂਟ ਗੂੜ੍ਹ ਬਿਆਨ ਤ੍ਰਾਨ ਕੋ ।
ਪ੍ਰਸਿੱਧ ਦੀਪ ਦੇਸ ਮੈਂ, ਪੁਰੀ ਗਨੇਸ ਸੇਸ ਮੈਂ,
ਗੁਰੂ ਗੋਬਿੰਦ ਸਿੰਘ ਕੀ ਕ੍ਰਿਪਾਨ ਕੇ ਸਮਾਨ ਕੋ ॥੩੦॥
ਜਹਾਂ ਸ਼ਾਹ ਜੂ ਸੋਂ ਕੀਨੀ ਜਹਾਂ ਲੌ ਨਿਕਾਈ ਹੁਤੀ,
ਰੁਫੀਉ[੪੮] ਸਜਾਹ ਉਤਸਾਹ ਸੋ ਬਢਾਇਕੈ ।
ਲਰਬੇ ਕੋ ਚਹੂੰ ਓਰ ਘੋਰੀ ਘਨੋ ਰਾਇ[੪੯] ਕਵਿ
ਉਮੰਡ ਘੁਮੰਡ ਆਏ ਅਤਿ ਹੀ ਰਿਸਾਇ ਕੈ ।
ਰਾਜ ਸਾਜ ਕੋ ਸਮਾਜ ਕੈ ਕੈ ਬੀਰ ਗਾਜ ਗਾਜ,
ਭਾਜੇ ਨ ਬਚਤ ਯਾ ਤੇ ਚੜ੍ਹੇ ਚਿਤ ਚਾਇਕੈ ।
ਫ਼ੌਜਨ ਕੀ ਕੋਰੈਂ ਮੁਖ ਤੋਪਨ ਕੇ ਜੋਰੈਂ ਦੇਤ,
ਸਾਰ ਕੀ ਝਕੋਰੈਂ ਸੁ ਅਜੀਮ ਕੋਪਯੋ ਆਇਕੈ ॥੩੧॥

ਤੋਟਕ ਛੰਦ ।

ਇਤ ਏ ਸਬ ਸੋ ਮਨਹਾਰ ਕਰੈਂ ।
ਦਲ ਕੋ ਧਨ ਦੇਤ ਨਿਸੰਕ ਧਰੈਂ ।
ਦੁ ਸਦੀ ਸੁ ਸਦੀ ਔ ਹਜਾਰਨ ਕੋ ।
ਮਨ ਮੋਦ ਬਢਯੋ ਸੁ ਜੁਝਾਰਨ ਕੋ ।
ਗਜਰਾਜ ਸਿੰਘਾਰਤ ਸਾਜ ਤਰੈਂ ।
ਲਰਬੇ ਕੀ ਕਥਾ ਨਿਤ ਹੀ ਉਚਰੈਂ ।
ਉਮੰਡੇ ਚਹੂੰ ਓਰ ਤੇ ਬਾਂਧਿ ਘਟਾ ।
ਦਿਹ ਬਰ ਏਕ ਅਨੇਕ ਠਟਾ ॥੩੨॥

ਅੜਿਲ ।

ਬਰਖ਼ਤ ਬਾਨ ਬੰਦੂਖ, ਤੀਰ ਤਰਵਾਰ ਤਿਹ ।

---

੪੫. ਫ਼ਤਹ । ੪੬. ਕੋਲ । ੪੭. ਅੱਗ । ੪੮. ਰਫੀਉਲ ਅਤੈਬ ਨਾਮੀ ਇਕ ਸ਼ਾਹੀ ਫੌਜਦਾਰ । ੪੯. ਘਨ=ਬੱਦਲ ਦੀ ਘਟਾ ।

ਛੁਟੇ ਤੋਪ ਗ਼ਜ ਨਾਲ, ਗਰਜ ਘੁਰ ਨਾਲ ਜਿਹ ।
ਉਠੇ ਤੁੰਡ ਬਹੁ ਮੁੰਡ, ਝੁੰਡ ਝਾਲਾ ਝਪਟ ।
ਚੜ੍ਹਤ ਸੂਰ ਮੁਖ ਨੂਰ, ਕੂਰ ਕਾਇਰ ਦਬਟ ॥੩੨॥
ਮਢ੍ਯੋ ਬੀਰ ਘਮਸਾਨ; ਕਾਨ ਕੀਚਕ ਭਯੋ ।
ਖਰੇ ਖੇਤ ਜਸ ਹੇਤ, ਠਾਠ ਠੀਕੋ ਠਯੋ ।
ਸਯਦ ਮੁਗ਼ਲ ਪਠਾਨ, ਸੇਖ ਰਾਜੇ ਲਰੇ ।
ਏਕ ਏਕ ਤੇ ਸਰਸ ਪਲਟ ਪਗ ਨਾ ਧਰੇ ।
ਗਿਰੇ ਲੁੱਥ ਪਰ ਲੁੱਥ, ਜੁੱਥ ਜੁੱਗਣ ਜਹਾਂ ।
ਕਰੈਂ ਘਾਉ ਪਰ ਘਾਉ, ਤਾਉ ਤਮਕੈ ਤਹਾਂ ।
ਧੂਮ ਧੁੰਦ ਰਵਿ ਰੁਕਯੋ; ਝੁਕਯੋ ਚਹੁੰ ਓਰ ਦਲ ।
ਜਹਾਂ ਗੁਰੂ ਗਜ ਧੁਕਯੋ, ਮੁਕਯੋ ਅਜੀਮ ਬਲ ॥੩੪॥

ਦੋਹਰਾ ॥

ਦਲ ਚਾਰਨ ਕਾਰਨ ਕਹਾ; ਬਾਰਨ[੫੦] ਛਾਡਯੋ ਭੀਰ ।
ਮਾਰਨ ਮਚਯੋ ਅਜੀਮ ਤੇ, ਮਾਰਨ ਆਯੋ ਬੀਰ ॥੩੫॥

ਪਉੜੀ ॥

ਹਿੰਮਤ ਸਿੰਘ ਦਲੇਲ ਸਿੰਘ, ਗੁਰ ਆਗਯਾ ਕਾਰੀ ।
ਮਾਰੀ ਤੇਗ ਮਤੰਗ ਸਿਰ, ਢਾਹੀ ਅੰਬਾਰੀ ।
ਮਾਨੋ ਪਾਵਸ ਬੀਜਲੀ, ਗਿਰਿ[੫੧] ਪਰੀ ਕਰਾਰੀ ।
ਲੰਕਾ ਵਾਸ ਜੁ ਪੌਨ ਪੁਤ, ਡਾਰੀ ਅੱਟਾਰੀ ।
ਮਾਰੀ ਸਰਜੇ ਖਾਨ ਨੋ[੫੨] ਜਨ ਹਰ[੫੩] ਆਂਖ ਉਘਾਰੀ ।
ਮੰਗਲ ਗਾਵੈ ਜੋਗਣੀ, ਪਹਨਿ ਸੂਹੀ ਸਾਰੀ ॥੩੬॥

ਦੋਹਰਾ ॥

ਆਗੇ ਲੜਤ ਬਚਿਤ੍ਰ ਸਿੰਘ, ਸੁਨ ਮੁਹਕਮ ਸਿੰਘ ਸੂਰ ॥
ਬਾਰਨ ਮਾਰਨ ਕੋ ਚਲਯੋ,[੫੪] ਮੁਖ ਪਰ ਬਰਸਤ ਨੂਰ ॥੩੭॥

ਇੰਦਵ ਛੰਦ ॥

ਠਾਢੋ ਜੋ ਸਿੰਘ ਮਹਾਰਨ ਮੈਂ, ਕਰਵਾਇ ਸੋ ਦਾਹਨੇ ਮੰਤ੍ਰ ਮਤਾਯੋ ।
ਤੁਮ ਕਿਹ ਕਾਜ ਰਹ ਯੋ ਹਠਿ ਕੇ, ਜਿਹ ਸੁਕ੍ਰਿਤ ਦਾਨ ਕੋ ਸੀਸ ਦੁਰਾਯੋ ।
ਯੌ ਸੁਨ ਆਗੇ ਉਠਯੋ ਉਤ ਕੋ, ਇਨ ਦੇਖਤ ਹੀ ਅਤਿ ਰੋਸ ਬਢਾਯੋ ।

---

੫੦. ਹਾਥੀ (ਸ਼ਰਾਬ ਪਿਲਾ ਕੇ ਛਡਿਆ) । ੫੧. ਪਰਬਤ ਦੇ ਉਤੇ । ੫੨. ਸਰਜੈ (ਬਹਾਦਰ) ਅਜੀਮ ਖਾਂ ਨੂੰ । ੫੩. ਸ਼ਿਵ ਨੇ ।
੫੪. ਮਦ ਮਸਤ ਹਾਥੀ ਦਾ ਮੁਕਾਬਲਾ ਕਰਨ ਲਈ ਚੱਲਿਆ ।

ਪ੍ਰੇਰਿ ਤੁਰੰਗ ਉਮੰਗ ਧਸਯੋ, ਮੁਖ ਮਾਰਿ ਮਤੰਗ ਕੋ ਅੰਗ ਕਪਾਯੋ[੫੫] ॥੩੮॥

ਮਨਹਰ ਛੰਦ।

ਛਾਡ ਛਾਡ ਤੀਰਨ ਕੋ ਮੁੜੀ ਹੈਂ ਕਮਾਨ ਕੇਤੀ,
ਛੂਟਕੈ ਬੰਦੂਕੈਂ ਗੋਲੀ ਬਾਨੀ ਦ੍ਵੈ ਦੁਰਤ ਹੈ।
ਮਾਰਿ ਮਾਰਿ ਬਰਛੀ ਮੁਰੀ ਹੈ ਕੇਤੀ ਰਾਇ ਕਵਿ,
ਬਾਨ ਭਬਕਾਇ ਮੁਰੇ ਭੂਮਿ ਮੈ ਹੁਰਤ ਹੈ।
ਕਾਟਿ ਕਾਟਿ ਸੀਸ ਤਰਵਾਰੈਂ ਮੁਰਿ ਮਿਆਨ ਪਰੀ,
ਹਾਥੀ ਘੋਰਾ ਮਰੇ ਜਾਸੋਂ ਸਮਰ ਜੁਗਤ ਹੈ।
ਲਰਿ ਲਰਿ ਮੁਰੈਂ ਫੇਰ ਲਰੈਂ ਪਰੈਂ ਰਨ ਮਾਂਝ,
ਮੁਹਕਮ ਸਿੰਘ ਜੂ ਕੋ ਮੁਖ ਨ ਮੁਰਤ ਹੈ ॥੩੯॥

ਸਵੈਯਾ।

ਜਾਸੋਂ ਰਹੈ ਬਲਿਹਾਰ ਬਿਲੋਚ[੫੬], ਲਗੀ ਲਟ ਛਾਡਿ ਤਚਯੋ[੫੭] ਤਪ ਤਾਹੀ।
ਜਾਸੋਂ ਦਬੇ ਦਲ ਦੱਛਨ ਕੇ ਯਹ ਲਛੱਨ ਜਾਨ ਸਬੇ ਚੁ ਸਿਰਾਹੀ।
ਜਾਸੋ ਬਿਦਾਰ ਬਿਦਾਰਤ ਬਾਰਨ, ਯਾਰਨ ਮੋਂ ਰਿਸਕੇ ਜੁ ਉਮਾਹੀ।
ਕਾਟਤ ਰੁੰਡਨ ਮੁੰਡਨ ਝੁੰਡਨ ਸੋ ਤਰਵਾਰ ਗੁਰੂ ਬਰਸਾਹੀ ॥੪੦॥

ਛਪਯ।

ਅਚਲ[੫੮] ਚਲਤ, ਨਗ[੫੯], ਹਲਤ, ਕਮਠ[੬੦] ਕਲਮਲਤ ਸਕਲ ਤਨ।
ਗੁਨ ਗਾਵਤ ਗਵਰੇਸ[੬੧] ਸੇਸ਼ ਕਵਿਤੇਸ ਸਹਸ ਫਨ।
ਹਰੀ ਅਨਲ ਦਲਨ ਦਲ ਤਹਾਂ ਕਹਿ ਹਿਲਤ ਚਹੂ ਓਰਨ।
ਮਿਟੈ ਮਵਾਸ[੬੨] ਬਿਲਾਸ ਤਾਕਤ ਗਿਰਿ ਖੋਰਨ।
ਚਕਵੈ ਚਿਤ੍ਰ ਚਮਕਤ ਚਕਿਤ੍ਰ ਸੁਕਤ ਧਾਇ ਪਰ ਭੁਵਨ ਬਲ।
ਗਹਿ ਚੜਤ ਕਟਕ ਭੈ ਭਟਕ ਭਟ ਜਹਾਂ ਗੁਰੂ ਬਰਛੀ ਬਿਮਲ ॥੪੧॥

ਮਨਹਰ।

ਫੌਜੈਂ ਬਾਂਧਿ ਘਟਾ ਤਾਵੇ, ਛਟਾ ਚਮਕਤ ਅਸਿ[੬੩],

---

੫੫. ਗੁਰ ਬਿਲਾਸ ਪਾਤਸ਼ਾਹੀ ੧੦ ਦੇ ਕਥਨ ਅਨੁਸਾਰ ਦੁਸ਼ਮਣ ਨੇ ਮਸਤ ਹਾਥੀ ਲੋਹਗੜ੍ਹ ਦੇ ਕਿਲ੍ਹੇ ਨੂੰ ਫਤਹ ਕਰਨ ਲਈ ਅਗੇ ਕੀਤਾ ਸੀ (ਦੇਖੋ ਅਧਯਾਯ ੧੫), ਪਰ ਸੂਰਜ ਪ੍ਰਕਾਸ਼ (ਰੁਤ ੪, ਅੰਸੂ ੨੧) ਵਿਚ ਲਿਖਿਆ ਹੈ ਕਿ ਇਹ ਕੇਵਲ ਕੇਸਰੀ ਚੰਦ ਜਸਵਾਲੀਏ ਦੀ ਸ਼ਰਾਰਤ ਸੀ, ਜੋ ਉਸ ਨੇ ਪਹਾੜੀ ਰਾਜਿਆਂ ਦੇ ਨਾਲ ਮਿਲਕੇ ਕੀਤੀ ਸੀ।

੫੬. ਬਿਲੋਚਨ=ਅੱਖਾਂ। ੫੭. ਤਪਯੇ। ਗਰਮ ਹੋ ਕੇ।

੫੮. ਬ੍ਰਿਛ ਆਦਿ। ੫੯. ਪ੍ਰਬਤ। ੬੦. ਕੱਛੂ। ੬੧. ਗੌਰੀ (ਪਾਰਬਤੀ) ਦਾ ਈਸ਼ (ਪਤਿ=ਸ਼ਿਵਜੀ) ੬੨. ਦੁਸ਼ਮਣ। ੬੩.ਤਲਵਾਰ।

ਗਰਜਤ ਗੋਲਾ ਗਾਡੇ ਲਾਗੀ ਝਰੀ ਭੋਰ ਤੈਂ ।
ਬਰਖਤ ਬਾਨ, ਅਵਸਾਨ ਭੂਲ ਜਾਤ ਜਹਾਂ,
ਬਾਜਤ ਨਿਸਾਨ ਘਨ ਘੋਰ ਚਹੂੰ ਓਰ ਤੈਂ ।
ਮਘਵਾ ਧਨੁਖ ਧਰ ਧਰੈ ਬੀਰ ਰਣ ਮਾਂਝ,
ਕਾਇਰ ਕੰਪਾਨੇ ਤਹਾਂ ਸਾਰ ਕੀ ਝਕੋਰ ਤੈਂ ।
ਪੇਲੈਂ ਪੀਲ ਬਾਨਨ[੬੪] ਧਕੇਲੇ ਦੈ ਦੈ ਗਜਰਾਜ,
ਮੇਰੇ ਜਾਨੈਂ ਧੁਰਵਾ[੬੫] ਸੋ ਛੂਟੈਂ ਚਹੂੰ ਕੋਰ ਤੈਂ ॥੪੨॥

ਕਬਿੱਤੁ ।

ਕੁਰਬਾਨ ਜਾਨੀ ਪਰੇ ਕੁਹਕਤਾ ਮੈਂ ਬਾਨ ਭਾਰੀ,
ਘਮਸਾਨ ਮਚਯੋ ਆਇ ਚੁਗਤਾ ਨਰੇਸ ਕੋ ।
ਅਤਲ ਤਲਾਤਲ ਚਲਾਚਲ ਸੇ ਗਿਰਿਰਾਜ,
ਦਲ ਕੇ ਸਮਾਜਨ ਤੇ ਕਾਂਪਯੋ ਸੀਸ ਸੇਸ ਕੋ ।
ਤੀਰ ਤਰਵਾਰਨ ਕੋ, ਬਾਜੀ[੬੬] ਬਰ ਬਾਰਨ[੬੭] ਕੋ;
ਪਾਰ ਨ ਲਹਿਤ ਬਰ ਬਰਾਨ ਮਹੇਸ਼ ਕੋ ।
ਗੱਜਨ ਸੇ ਕਰ ਚੋਟੈਂ ਕੋਟੈਂ ਬਾਨ ਜੋਟੈਂ ਸੂਰ
ਯਾਂਤੇ ਮੁਖ ਗੋਰਜਾ ਦੁਰਾਵਤ ਗਨੇਸ਼ ਕੋ ॥੪੩॥
ਧਰਯੋ ਹੀ ਰਹਯੋ ਖਜਾਨਾ, ਬਾਂਧੋ ਰਹਯੋ ਬੀਰ ਬਾਨਾ,
ਭਯੋ ਚਹੂੰ ਓਰ ਤੈਂ ਜਯੋਂ ਈਦ ਕੋ ਕਿਸ਼ਾਨਾ ਹੈ ।
ਜੂਝ ਪਰੇ ਉਮਰਾ[੬੮] ਤੇ ਗਜ ਪਾਛੇ ਪੇਲੇ ਪਾਉਂ,
ਲਾਗੇ ਸਨਮੁਖ ਘਾਉ ਚਿਤ ਇਤਰਾਨਾ ਹੈ ।
ਲੋਕ ਕੀ ਲੁਨਾਈ ਬਿਸਰਾਈ ਮਨ ਮੈਂ ਨ ਆਈ,
ਸਾਂਕੁਰੇ[੬੯] ਸਹਾਈ ਜਹਾਂ ਪੌਰਖ ਹਿਰਾਨਾ ਹੈ ।
ਲਰਤ ਅਜੀਮ ਜਹਾਂ ਗੁਰੂ ਲਲਕਾਰਯੋ ਆਇ,
ਹੈਦਰ ਕੀ ਹਾਂਕ ਜੈਸੇ ਖਹਵਰ ਖਟਾਨਾ ਹੈ ॥੪੪॥

ਸਵੈਯਾ ।

ਤੀਰਨ ਕੀ ਚਹੂੰਟੈਂ[੭੦] ਚਹੂੰ ਓਰ ਤੈਂ, ਤਾਨ ਸਰਾਸਨ ਸੋਂ ਜਬ ਛਾਡੇ ।
ਬੇਧਤ ਯੌਂ ਉਨ ਕੋ ਨਿਕਸਯ, ਉਤ ਪਾਖਰ[੭੧] ਢਾਲ ਭਈ ਨਹੀ ਆਡੇ ।
ਏਕ ਲੁਟੇ ਉਲਟੇ ਪਲਟੇ, ਇਕ ਭਾਜ ਬਚੇ ਦੁਰ ਤਾਪਤ ਖਾਡੇ ।

---

੬੪. ਮਹਾਵਤ । ੬੫. ਧੁਰਵਾ=ਬੱਦਲ । ੬੬. ਘੋੜੇ । ੬੭. ਹਾਥੀ ।
੬੮. ਅਮੀਰ (ਬਹੁ ਬਚਨ-ਉਮਰਾ) । ੬੯. ਵਿਰਲੇ । ੭੦. ਨੋਕਾਂ ।
੭੧. ਪ੍ਰਖਰ=ਘੋੜੇ ਦਾ ਝੁਲ ਜੋ ਸੰਜੋਹ ਦੀ ਤਰ੍ਹਾਂ ਹੁੰਦਾ ਹੈ ।

ਧਾਇ ਲਗਯੋ ਅਰਿ ਕੇ ਉਰ ਯੋਂ, ਮਨੋਂ ਅੰਤਕੇ ਜਾਇ ਨਿਸਾਨ ਸੇ ਗਾਡੇ ।੪੫।
ਸੁਰ ਕੋਸਨ[੭੨] ਤੇ ਬਹੁ ਰੋਸਨ ਸੋਂ, ਬਿਸਿਖੀ[੭੩] ਬਿਸ ਸੇ ਨਿਕਸੇ ਅਨੀਆਰੇ
ਗੁਨ[੭੪] ਜੋਰ ਕੇ ਜੋਰ ਸੋਂ ਛਾਡਤ ਹੀ, ਛਿਨ ਮੈਂ ਚਲ ਪ੍ਰਾਨ ਕਿਯੇ ਤਨ ਨਜਾਰੇ।
ਆਪ ਗਡੇ ਉਰਿ ਬਾਹਰ ਫੌਂਕ[੭੫] ਸੁ, ਯੋਂ ਕਬਿਤਾ ਛਬਿ ਭਾਉ ਵਿਚਾਰੇ।
ਪੋਤ ਕਪੋਤ ਕਰਾਇਨ ਤੇ ਸੁ ਮਨੋਂ [੭੬], ਮੁਖ ਕਾਢ ਕੈ ਮਾਂਗਤ ਚਾਰੇ ॥੪੬॥

ਗਹੀ ਕਮਾਨ ਕਾਨ ਲੌਂ, ਹਨੇ ਜੁ ਪੁੰਜ ਪ੍ਰਾਨ ਲੌਂ,
ਭਜੀ ਚਮੰਕ ਸੰਕ ਸੈਨ ਹ੍ਵੈ ਸਬੈ ਅਧੀਰ ਸੈਂ ।
ਜਹਾਂ ਜਹਾਂ ਜਬੈ ਲਗੈ, ਅਛੇਦ ਛੇਦ ਕੋ ਖਗੈ,
ਸਨੱਧ ਬੱਧ ਜੁੱਧ ਮੈਂ ਗਿਰੈਂ ਕਪੋਤ ਕੀਰ[੭੭] ਸੈਂ।
ਬਲਾਇ ਸਾਨ ਬੀਨ ਤੈ, ਕਨੀ ਅਨੀ[੭੮] ਨਵੀਨ ਕੈ,
ਗਢੇ ਬਢੇ ਸੁ ਲੋਹ ਕੋਹ ਸਦ ਨਦ ਕੀਰ ਸੈਂ।
ਰਹਯੋ ਨ ਤੇਹ ਦੇਰ ਮੈਂ, ਲੁਟੇ ਕਿਤੇ ਜੁ ਖੇਹ ਮੈਂ,
ਗੁਰੂ ਗੋਬਿੰਦ ਸਿੰਘ ਕੇ ਛੁਟੇ ਜੁ ਤੀਰ ਬੀਰ ਸੈਂ[੭੯] ॥੪੭॥

ਸਵੈਯਾ ।

ਬਾਰ ਨ ਪਾਰ ਬਿਥਾਰ ਮਹਾ, ਉਮਡੈਂ ਘੁਮਡੈਂ ਜਸ ਸਿੰਧ[੮੦] ਕੀ ਓਜੈਂ ।
ਤੋਪ ਤਿਮਿੰਗਲ[੮੧] ਕੂਰਮਾ[੮੨] ਢਾਲ, ਪੈ ਤੀਰ ਤਰੈਂ ਧਨ ਜਯੋਂ ਦਲ ਸੋਜੈਂ।
ਮੀਨ[੮੩] ਮੁਨਾਕ ਮੁਖੀ ਬਰਛੀ,[੮੪] ਚੁਭਕੈ ਦਲ ਕੁੰਤ [੮੫] ਕਰੇ ਚਿਤ ਕੋ ਜੈਂ।
ਕੋ ਸਮੁਹਾਈ[੮੬] ਕਰੈਂ ਰਣ ਮੈਂ, ਜਬ ਧਾਈ ਗੁਰੂ ਬਰ ਸਾਹਿ ਕੀ ਫੌਜੈਂ ।੪੮।
ਮਾਰ ਮਚੀ, ਨ ਸੰਭਾਰ ਰਹੀ, ਦੂਹੂੰ ਓਰ ਛੁਟੈਂ ਘਨ ਜਯੋਂ ਘਨ ਗੋਲੈਂ ।
ਤਾਨਿ ਸਰਾਸਨ ਤਰਿ ਚਲੈਂ, ਬਰ ਬਾਨਨਿ ਸੋਂ ਬਹੁ ਕਾਇਰ ਡੋਲੈਂ ।
ਆ ਗਨ ਬੀਰ ਅਜਾਚੀ ਭਏ, ਤਹਿ ਜੰਬੁਕ[੮੭] ਗਿੱਧ ਮਹਾਭ੍ਰਤ ਖੋਲੈਂ ।
ਟੁੱਟਤ ਸੀਸ ਭੁਜਾ ਉਰ ਛੁੱਟਤ, ਲੁੱਟਤ ਜਯੋਂ ਪਰ ਪਾਵਕ ਹੋਲੈਂ ॥੪੯॥
ਲਾਗਿ ਜੰਜਾਇਲ ਸ੍ਾਇਲ ਜਯੋਂ ਤਰਫੈਂ ਤਨ ਤਾਇਲ ਘਾਇਲ ਘੂਮੈਂ ।
ਸੂਰ ਝੁਕੇ ਕਰਵਾਰਨ[੮੮] ਸੋਂ, ਕਰਵਾਰਨ[੮੯] ਸੋਂ ਬਹੁ ਲੋਟਤ ਭੂਮੈਂ ।

---

੭੨. ਸਰਾਂ (ਤੀਰਾਂ ਦੇ ਕੋਸ਼ (ਖਜਾਨੇ) ਭਥੇ । ੭੩. ਤੀਰ ।
੭੪. ਧਨੁਖ ਦੀ ਡੋਰ। ੭੫. ਫਾਂਕ, ਅਰਥਾਤ ਤੀਰ ਦਾ ਪਿਛਲਾ ਹਿੱਸਾ।
੭੬. ਮਾਨੋਂ ਕਬੂਤਰ ਦੇ ਬੱਚੇ ਆਲ੍ਹਣੇ ਵਿਚੋਂ ਮੂੰਹ ਕੱਢ ਕੇ ਚੋਗਾ ਮੰਗਦੇ ਹਨ ।
੭੭. ਤੋਤਾ । ੭੮. ਫੌਜ । ੭੯. ਬੀਰਤਾ ਨਾਲ, ਜ਼ੋਰ ਨਾਲ ।
੮੦. ਸਮੁੰਦ੍ਰ। ੮੧. ਵਡਾ ਮੱਛ । ੮੨. ਕੱਛੂ । ੮੩. ਮੱਛੀ ।
੮੪. ਛੋਟੇ (ਮਨਾਕ) ਮੂੰਹ ਵਾਲੀ ਬਰਛੀ । ੮੫. ਬਰਛੀ ਦੇ ਫਲ । ੮੬. ਸਾਹਮਣਾ ।
੮੭. ਗਿੱਦੜ । ੮੮. ਹਥਾਂ ਦੇ ਵਾਰ ਕਰਨ ਸਮੇਂ । ੮੯. ਤਲਵਾਰਾਂ ਨਾਲ।

ਗੁਰੂ ਗੋਬਿੰਦ ਕੀ ਲਾਜ ਕੇ ਕਾਜ, ਭਜੈਂ ਨ ਮਹਾਰਨ ਮੈਂ ਝੁਕ ਝੂਮੈਂ।
ਫੂਲ ਕੇ ਹਾਰਨ ਮਾਂਗ ਸੰਧੂਰ ਦੈ ਹੂਰ ਕਿਤੀ ਮਿਲਿ ਪਾਇਨ ਚੂਮੈਂ ॥੫੦॥

ਕਬਿੱਤੁ।

ਦਾਰੂ ਗੋਲੀ ਗਜ ਕਲੈਂ ਚਲੈਂ ਮਤਵਾਰੀ ਜੈਸੇ,
ਗਨਤ ਨ ਰਾਨਾ ਰਾਉ ਇਹੈ ਤੇਹੁ ਤਾਹ ਕੀ।
ਸੌਹੈਂ ਕਿਯੇ ਸੌਹੇਂ ਨ ਖਟਾਤ ਕੋਊ 'ਰਾਇ ਕਵਿ',
ਕੇਤੇ ਸੌਹੇਂ ਖਾਤ ਸੁਧ ਭੂਲ ਜਾਤ ਰਾਹ ਕੀ।
ਸਬਦ ਗਹਿਰ ਸੁਨਿ ਹਹਿਰ ਹਿਯ ਹਹਿਰਾਤ,
ਠਹਿਰ ਨ ਸਕੈਂ ਕੋਊ ਦੇਖੈਂ ਦੂਖ ਦਾਹ ਕੀ।
ਲਾਗਤ ਅਚੂਕੈਂ ਹਾਹਾ ਕੂਕੈਂ ਉਰਿ ਹੂਕੈਂ ਉਠੈਂ,
ਛੂਟਤ ਬੰਦੂਕੈਂ ਰਣ ਐਸੀ ਜਹਾਂ ਸ਼ਾਹ ਕੀ ॥੫੧॥

ਚੌਪਈ॥

ਅਜ਼ੀਮ ਖਾਨ ਭਾਵੀ ਭਰਮਾਯੇ।
ਔਰ ਕਛੁ ਮਨ ਮੈਂ ਨਹੀਂ ਆਯੇ।
ਜੋ ਨਿਜ ਹੁਤੀ ਸੁ ਸੈਨਾ ਸਾਜੀ।
ਖੇਲੈਂ ਖੇਤ ਲਾਇ ਸਿਰ ਬਾਜੀ।
ਮਾਰੈਂ ਮੂਰੈਂ ਟਰੈਂ ਅਬ ਕੈਸੇ।
ਪਾਛੈ ਹੈ ਆਈ ਨਿਤ ਐਸੇ।
ਤਿਮਰ ਬੰਸ ਕੋ[੯੦] ਓਪ[੯੧] ਚਢਾਵੈਂ।
ਜਾਕੋ ਕਰਤਾ ਦੇਹ ਸੁ ਪਾਵੈਂ।
ਰਣ ਤੇ ਭਾਜੇ ਕਹਾ ਬਡਾਈ।
ਵਧੇ ਨ ਅਉਧ, ਘਟੇ ਨ ਘਟਾਈ।
ਆਜ ਥਕੇ ਲਰ ਕੇ ਦਲ ਦੋਊ।
ਬਹੁਰ ਸੰਭਾਰ ਸ਼ਕੈ ਨਹੀਂ ਕੋਊ ॥੫੨॥

ਛਪਯ।

ਸਮੈ ਪਹੁਤੀ ਆਇ ਸੁ ਤੋ ਕਹਿ ਕਿਉਂ ਕਰ ਹੁਟੈ।
ਡੋਰ ਕਹਾਂ ਲਗ ਚਲੈ ਗੁਡੀ ਜੋ ਪਉਨ ਨ ਛੂਟੈ।
ਨਾਰਿ ਕਹਾ ਸੋਹਿਯੇ ਬਿਨਾ ਭਰਤਾਰ ਸਿੰਗਾਰੇ।
ਸਕਟ ਕਹਾਂ ਲੌ ਚਲੇ ਜਹਾਂ ਧੋਰੀ[੯੨] ਸਭ ਹਾਰੈ।

---

੯੦. ਤੈਮੂਰ ਦੇ ਖਾਨਦਾਨ ਦਾ। ੯੧. ਜਸ, ਉਪਮਾ। ੯੨. ਬੈਲ।

ਬਿਨ ਖੇਵਟ ਨਾਉ ਨਿਬਾਹੁ ਕਤ,[੯੩] ਬਿਨ ਗੁਰ ਬਾਨ ਚਲੰਤ ਨਹਿ[੯੪]।
ਯਹ ਪ੍ਰਗਟ ਬਾਤ ਸੰਸਾਰ ਮੈਂ, ਬਿਨ ਠਾਕੁਰ[੯੫] ਦਲ ਲੜਤ ਨਹਿ ॥੫੩॥

ਦੋਹਰਾ।

ਪ੍ਰਾਨ ਚਲੈ ਤਨ ਨਾ ਚਲੇ, ਰੋਪਯੋ ਰਫੀ ਅਤੇਬ ।
ਹਾਥੀ ਸਾਥੀ ਛਾਡ ਕੈ, ਸਾਥ ਨ ਛਾਡਯੋ ਟੇਬ ॥੫੪॥

ਛਪਯ ।

ਅਤਿ ਅਜੀਮ ਲਰਿ ਲਟਯੋ, ਭਾਗ ਬਿਨ ਲੋਹ ਪਲਟਯੋ।
ਜਹਾਂ ਗੁਰੂ ਬਰ ਜੁੱਧ ਕਟਕ ਅਧਰ ਧਰ ਕਟਯੋ ।
ਬਹੁਰ ਜੁ ਅਉਰੰਗ ਸਾਹ, ਰੋਸ ਕਰਿ ਰਾਜ ਗਵਾਯੋ ।
ਆਇਸ ਭੇਜੋ ਲੋਕ ਸੀਸ, ਸਨਮੁਖ ਹੋਇ ਨਾਯੋ ।
ਜਹੰ ਗੁਰੂ ਸਾਹ ਸੋ ਬਿਨੈ ਕਰ ਦਈ ਬਡਾਈ ਸਫਲ ਜਗ।
ਪਾਵਰੀ ਕਰੀ ਨਿਸ ਦਿਨ ਰਰੈਂ, ਧਰੈਂ ਹਾਥ ਨਿਜ ਨਿਜਹਿ ਪਗ ॥੫੫॥
ਆ-ਦਲ ਆਲਮ ਸ਼ਕਲ, ਜੋਧਾ ਜਗ ਜਾਨੋ ।
ਨਾਸ ਹੋਇ ਤਿਹ ਬਾਸ, ਰਾਸ ਜਿਹ ਹੁਕਮ ਨ ਮਾਨੋ ।
ਪਰੀ ਨਾਥ ਚਹੂੰ ਓਰ ਤੂੰ ਜੁ ਨਰ ਨਾਥ ਭਯੋ ਭੁਵ ।
ਕਰੀ ਸੁ ਜਸ ਦਿਗ ਬਿਜੈ, ਛਿਨਕ ਰਾਵਰੇ ਚਰਨ ਛੁਵ ।
ਸ੍ਰੀ ਗੋਬਿੰਦ ਸਿੰਘ ਜਗ ਮੈਂ ਬਲੀ, ਸੁਕਵਿ ਰਾਇ ਪੌਰਖ ਪ੍ਰਬਲ।
ਜਹਾਂ ਮਾਰਿ ਸੁ ਸ਼ਾਹਿ ਅਜ਼ੀਮ ਕੋ, ਤਖਤ ਛਤ੍ਰ ਦਿਨ ਦਿਨ ਅਟਲ ॥੫੬॥

ਭੁਜੰਗ ਪ੍ਰਯਾਤ ਛੰਦ ॥

ਕਿਯੋ ਪੀਲ[੯੬] ਆਗੇ ਜਹਾਂ ਸਾਰ ਬਾਜੈਂ।
ਮਹਾਂ ਬਾਹੁ ਜੋਧਾ ਖਰੇ ਖੇਤ ਗਾਜੈਂ ।
ਚੜਯੋ ਧੂਮ ਬਜੋਮੈ,[੯੭] ਛੁਟਯੋ ਤੋਪਖਾਨਾ।
ਪਰਯੋ ਘੋਖ ਭੂਮੈਂ, ਕਰੇ ਕੋਪ ਖਾਨਾ ।
ਕਿਤੇ ਘਾਇ ਘੂਮੈਂ, ਉਠੇ ਜਾਤ ਕੇਤੇ ।
ਕਿਤੇ ਲੁੱਥ ਝੂਲੇਂ, ਪਰੇ ਹੈਂ ਅਚੇਤੇ ।
ਕਿਯੋ ਪੈਜ ਗਾਢੀ ਜਹਾਂਦਾਰ ਆਯੋ ।
ਚਲੇ ਬਾਨ ਬੰਦੂਕ ਜੋਧਾ ਰਿਸਾਯੋ ।
ਕਰੇ ਮਾਰ ਭਾਰੀ ਭਯੋ ਜੁਧ ਭਾਰੋ ।

---

੯੩. ਬਿਨਾ ਖੇਵਟ (ਖਿਉਣ ਵਾਲੇ) ਤੋਂ ਨਾਵ (ਕਿਸ਼ਤੀ) ਕਿਵੇਂ ਪਾਰ ਲਗ ਸਕਦੀ ਹੈ।
੯੪. ਬਿਨਾ ਧਨੁਖ ਦੀ ਡੋਰ ਤੋਂ ਤੀਰ ਨਹੀਂ ਚਲਦਾ ।
੯੫. ਸੁਆਮੀ ਭਾਵ-ਸਿਪਾਹ ਸਾਲਾਰ । ੯੬. ਹਾਥੀ । ੯੭. ਅਸਮਾਨ ਵਿਚ।

ਬੜੋ ਚਿੱਤ ਜਯੋਂ ਬਿੱਤ ਹੈ ਬ੍ਰਿੱਤ ਧਾਰੋ।
ਮਰੇ ਨਾਹਿ ਕਯੋਂ ਹੀ ਜਹਾਂ ਸੂਰ ਜੰਗੀ।
ਕਿਯੋ ਲਾਲ ਆਂਖੈਂ ਲਿਯੇ ਸੂਰ ਸੰਗੀ।
ਬਿਨਾ ਭਾਵ ਨੀਕੋ, ਪਰੇ ਭੂਮ ਭਾਈ।
ਮਿਟੈ ਕੌਨ ਪੈ ਜੋ ਬਿਧਾਤਾ ਬਨਾਈ ॥੫੭॥
ਮਚੀ ਮਾਰ ਭਾਰੀ ਦੁਹੂੰ ਓਰ ਐਸੀ।
ਭਈ ਭੀਰ ਕੁਰਖੇਤ ਕੇ ਖੇਤ ਜੈਸੀ।
ਛੁਟੇ ਤੋਪ ਬੰਦੂਕ ਘੁਰੇ ਨਾਲ ਗੋਲਾ।
ਪਰੇ ਊਖ[੯੮] ਕੇ ਪੂਖ[੯੯] ਮੈਂ ਬਜ੍ਰ ਓਲਾ।
ਚਲੈਂ ਤਾਨ ਕਮਾਨ ਸੋਂ ਤੀਰ ਤਿੱਖੇ।
ਮਨੋਂ ਭੂਮਿ ਭਾਰਥ ਪਾਰੱਥ ਪਿੱਖੇ[੧੦੦]।
ਕਿਤੇ ਬਾਨ ਕੂਹਕੰਤ ਭੂਵਕੰਤ ਆਵੇਂ।
ਉਡੈਂ ਆਗ ਜਯੋਂ, ਲਾਗ ਜਯੋਂ ਨਾਗ ਧਾਵੈਂ।
ਕਈ ਬੀਰ ਰਨ ਮਾਂਹਿ ਕਰ ਖੱਗ ਝਾਰੈਂ।
ਕਟੈਂ ਸੀਸ ਲੈ ਈਸ ਸ਼ਮਲਾ ਸਵਾਰੈ[੧੦੧]।
ਹਨੇ ਹਾਥ ਨੇਜਾ ਗਹੇ ਦੀਘ ਚੌਂਧੀ।
ਲਗੇ ਸ਼ਤਰੂ ਕੇ ਅੰਗ ਜਯੋਂ ਬਜ੍ਰ[੧੦੨] ਕੌਂਧੀ।
ਕਰੈਂ ਘਾਉ ਪਰ ਘਾਉ ਖਪੂਆ ਕਟਾਰੈਂ।
ਮਿਲੇ ਅੰਕ ਜਿਨ ਸੰਕ ਜਯੋਂ ਪਰੇ ਪਜਾਰੈਂ।
ਗਿਰੈਂ ਲੁੱਥ ਪਰ ਲੁੱਥ ਜੁੱਥ ਐਸੇ।
ਪਰੈ ਤਾਲ ਕੇ ਪਾਲ ਬਹੁ ਮਗ੍ਰ[੧੦੩] ਜੈਸੇ।
ਕਿਤੇ ਨੀਰ ਬਿਨ ਮੀਨ ਜਯੋਂ ਤਰਫਰਾਵੈਂ।
ਕਿਤੇ ਲੋਹ ਕੇ ਛੋਹ ਪਰ ਮੋਹ ਧਾਵੈਂ।
ਕਈ ਗਿਰੈਂ ਰਨ ਮਾਹਿ ਕਈ ਛੋਡ ਭਾਗੈਂ।
ਕਈ ਘੋਰ ਘਾਇਲ ਕਈ ਘੂਮ ਜਾਗੈਂ।
ਕਹਾਂ ਓਰ ਤੇ ਨਾਮ ਸੰਖਯਾ ਬਕਾਨੌਂ।

---

੯੮. ਇਖ (ਕਮਾਦ)।  ੯੯. ਪੋਹ (ਦੇ ਮਹੀਨੇ)।

੧੦੦. ਮਾਨੋਂ (ਪ੍ਰਿਥਾ ਦੇ ਪੁਤ੍ਰ ਪਾਰਥ) ਅਰਜੁਨ ਦਾ ਮਹਾਭਾਰਤ ਦਾ ਜੰਗ ਪ੍ਰਿਥਵੀ ਤੇ ਹੁੰਦਾ ਦੇਖਿਆ ਜਾ ਰਿਹਾ ਹੈ।  ੧੦੧. ਭਾਵ-ਸ਼ਿਵ ਜੀ ਕਟੇ ਹੋਏ ਸਿਰ ਲੈ ਕੇ ਆਪਣੇ ਗਲ ਵਿਚ ਪਾਉਣ ਲਈ ਮੁੰਡ ਮਾਲਾ ਸਵਾਰ ਰਹੇ ਹਨ।

੧੦੨. ਬਿਜਲੀ।  ੧੦੩. ਜਿਵੇਂ ਮਗਰਮੱਛ ਤਲਾ ਦੇ ਕਿਨਾਰੇ ਪਏ ਹੁੰਦੇ ਹਨ, ਇਸ ਤਰ੍ਹਾਂ ਲੋਥਾਂ ਉਤੇ ਲੋਥਾਂ ਮੈਦਾਨਿ-ਜੰਗ ਵਿਚ ਡਿਗ ਰਹੀਆਂ ਸਨ।

ਲਿਖੇ ਜਾਤ ਥੋਰੇ ਕਈ ਨਾਹਿ ਜਾਨੌਂ ॥੫੮॥

ਦੋਹਰਾ ।

ਗਜ ਕਾਟੇ ਘੋਰੇ ਮੁਏ, ਮਾਣਸ ਮਰੇ ਅਨੇਕ ।
ਕਈ ਸਹੰਸ੍ਰ ਦਲ ਜੂਝਿਯੋ, ਬਰਣੋਂ ਕਹਾਂ ਬਿਬੇਕ ॥੫੯॥

ਪਉੜੀ ॥

ਬਾਂਕੇ ਬਨੈਤ ਮੰਡੈਤ ਜੋਧਾ, ਸਭੈ ਸੱਜਿ ਸਨਾਹਿ ।
ਸਿਰ ਖੋਲ ਬਕਤਰ[104] ਜਿਗੇ ਪਾਗੀ ਬਾਂਧ ਕੇ ਗਜ ਗਾਹਿ ।
ਸੂਰੇ ਸਿਪਾਹੀ ਸਰਸ ਸਾਚੇ, ਬੀਰ ਖੇਤ ਖਿਲਾਰ ।
ਤਰਵਰ ਜਮਧਰ ਤੀਰ ਬਰਛਾ ਸਿਪਰ[105] ਲੇ ਹਥਿਆਰ ।
ਬੰਦੂਕ ਬਾਨ ਨਿਸਾਨ ਬੈਰਕ ਸੀਸ ਚਮਰ ਢੁਲੰਤ ।
ਪੈਦਲ ਘਨੇ ਜੁਝਾਰ ਆਏ, ਕੋ ਨ ਗਨੇ ਜਿਹ ਅੰਤ ।
ਬਜੰਤ ਮਾਰੂ ਘੋਰ ਦੂੰਦਭਿ ਚਲਯੋ ਅਤਿ ਰਿਸ ਠਾਨ ।
ਰਜ ਰੁੰਧ ਧੁੰਦ ਅਕਾਸ ਛਾਯੋ ਗਯੋ ਲੋਪਤ ਭਾਨ ।
ਤੀਖੇ ਤੁਰੰਗ ਮਤੰਗ ਮਰਦਨ, ਪੌਨ ਤੈ ਅਗਵਾਰ ।
ਦਬਕੇ ਦਲੇਰ ਨ ਬੇਰ ਲਾਵਤ, ਸ੍ਵਾਮਿ ਕਾਜ ਸੰਭਾਰ ।
ਭਾਰਥ ਮਚਯੋ ਤੁਵ ਲੋਕ ਮੈਂ ਗੁਰੂ ਦੇਵ ਖਾਂਡੇ ਸੂਰ ।
ਸਿਰਤਾਜ ਸੋਢੀ ਸਿੰਘ ਗੋਬਿੰਦ, ਜਗਤ ਸਾਕੇ ਪੂਰ ॥੬੦॥
ਦਾਰੂ ਭਭੂਕਾ ਬਾਨ ਛੂਟੈ, ਗਰਜ ਗੋਲਾ ਤੋਪ ।
ਧਰ ਲੁੱਟ ਟੁੱਟ ਸੰਜੋਹ ਬਕਤਰ, ਜੁੱਟ ਜਿਰਹਾ ਟੋਪ ।
ਇਕ ਘਾਇ ਘੂਮੈਂ ਦੇਖਿ ਝੂਮੈਂ, ਇਕ ਛੋਡੈਂ ਪ੍ਰਾਨ ।
ਜਿਹ ਬੀਰ ਨੱਚੈਂ ਰੁਧਰ ਰਚੇਂ, ਮਚੋ ਕੀਚਕ ਖਾਨ ।
ਸਰ ਸਿਲ ਸੁਹਲ ਖਿਲਾਰ ਖਿਲੇ ਇੱਕ ਮੱਲੈਂ ਖੱਗ ।
ਗਾਵਤ ਮੰਗਤ ਜੋਗਣੀ ਜਸ ਰਹਯੋ ਜਗਮਗ ਜੱਗ ।
ਬਰਸੰਤ ਕੇਸਰ ਕੁਸਮ ਸੁੰਦਰ, ਬਰਤ ਹੈਂ ਬਰ ਹੂਰ ।
ਗੌਰੀ ਗਨੇਸ਼ ਮਹੇਸ਼ ਆਏ, ਡਵਰ ਸਬਦ ਅਪੂਰ ।
ਕੀਨੀ ਫਤੇਹ ਸ੍ਰੀ ਸਾਹਿਬਾਂ, ਸਤਿਗੁਰੁ ਗਰੀਬ ਨਿਵਾਜ ।
ਸਿਰਤਾਜ ਸੋਢੀ ਸਿੰਘ ਗੋਬਿੰਦ, ਰਹਯੋ ਜਗਮਗ ਛਾਜ ॥੬੧॥

ਪਉੜੀ ।

ਸਤਿਗੁਰ ਸੇਵਾ ਹੋਈਐ, ਤਨ ਤਾਨ ਸਤਾਨੇ ।
ਦੂਖ ਨਸੇ ਸੁਖ ਉਪਜੈ, ਭਾਵਨ ਮਨ ਮਾਨੇ ।
ਤੇਗ ਬਲੀ ਗੋਬਿੰਦ ਸਿੰਘ, ਸਾਚੇ ਬਲਵਾਨੇ ।

---

੧੦੪. ਸੰਜੋਹ । ੧੦੫. ਢਾਲ ।

ਕਲਜੁਗ ਸਾਚੇ ਸੂਰ ਤੂੰ, ਨੌ ਖੰਡੀ ਜਾਨੇ।
ਖੰਡਾ ਦਾਨ ਸੰਭਾਰਿਆ, ਕੁਲ ਦਿਤੀ ਓਪ।
ਭੇੜ ਭਜਾਏ ਸੂਰਮੇ, ਕਟਿ ਬਖਤਰ ਟੋਪ।
ਤਰਵਾਰੀ ਤੇ ਕੈਬਰਾਂ,[੧੦੬] ਜਿਤੋ ਰਣ ਰੋਪ।
ਸ੍ਰੀ ਗੁਰੂ ਗੋਬਿੰਦ ਸਿੰਘ ਦਾ, ਕੌਣ ਝੱਲੇ ਕੋਪ ॥੬੨॥
ਘੋਰ ਦਮਾਮੇ ਸੰਚਰੇ, ਤੀਰੇ ਝਰ ਲਾਵਨ।
ਖੰਡਾ ਵਿਚ ਚਮੱਕਈ, ਵੈਰੀ ਤਨ ਤਾਵਨ।
ਬੱਦਲ ਮਾਰੂ ਬਰ ਤੁਰੈ, ਭਰਿ ਜੋਸੀਂ ਧਾਵਨ।
ਕੜਕਨ ਗੋਲੇ ਸੁਤਰ ਨਾਲ, ਕਾਇਰ ਕੰਪਾਵਨ।
ਅਰਿ ਘਰ ਕਾਲ ਪਰਖੀਏ, ਘਰਨੀ[੧੦੭] ਬਿਰਲਾਵਲ।
ਚੜ੍ਹਿਆ ਗੁਰੂ ਗੋਬਿੰਦ ਸਿੰਘ, ਸਾਰ ਸੰਦਾ ਸਾਵਨ[੧੦੮] ।੬੩॥
ਸੱਤ ਧਾਰਾਂ[੧੦੯] ਧਾਈਆਂ, ਚੜ੍ਹਿ ਬਡੈ ਰਾਜੈ।
ਖੇਤ ਮਚਾਇਆ ਸੂਰਮੇ, ਦਲ ਮਾਰੂ ਬਾਜੈ।
ਝੰਡੇ ਨੇਜੇ ਬੈਰਕਾਂ, ਤਨ ਪੱਖਰ ਸਾਜੈ।
ਨਾਰਦ ਤੁੰਦ ਬਜਾਇਆ, ਬੀਰ ਤੱਕਣ ਖਾਜੈ।
ਕਲ ਨੱਚੀ ਮਹ ਜੁੱਟਿਆ, ਸੁਣਿ ਕਾਇਰ ਭਾਜੈ।
ਤੇਗ ਸਰਾਹੀ ਸਿੰਘ ਦੀ, ਜਿਨ ਸਭੈ ਰਾਜੈ।
ਸੌਹੇ ਹੋਇਆ ਖਾਲਸਾ, ਜਿਨ ਗੈਵਰ ਗਾਜੈ।
ਫਤੇ ਕਰੀ ਸ੍ਰੀ ਸਾਹਿਬਾਂ, ਜਗ ਮੈਂ ਜਸ ਛਾਜੈ ॥੬੪॥
ਖੋਟੀ ਮਸਲਤ ਧੋਹਿ ਦਿਲ, ਚੜ੍ਹ ਚਲੇ ਪਠਾਣ।
ਧਾਏ ਨਾਮ ਲਿਖਾਇਕੈ, ਸਜਿ ਵਡੇ ਮਾਣ।
ਤੀਰਾਂ ਤੇਗਾਂ ਗੋਲੀਆਂ ਜੁੱਟੇ ਘਮਸਾਣ।
ਅਗੇ ਗੁਰੂ ਗੋਬਿੰਦ ਸਿੰਘ, ਬਲ ਭੀਮ ਸਮਾਨ।
ਮਾਰੇ ਖੇਤ ਖਰਾਬ ਕਰ, ਘਾਇਰ ਘਰ ਦਾਨ।
ਲਗੇ ਕੈਬਰ ਕਹਿਰ ਦੇ, ਚੁਗ ਗਏ ਚਵਾਨ।
ਖੋਹਨ ਬਾਲ ਚੁੜੇਲੀਆਂ[੧੧੦] ਮਹਿਲੀਂ ਕੁਰਲਾਣ।
ਢੂੰਡੇ ਹੱਥ ਨ ਆਉਂਦੇ, ਰਣ ਰੁੜੇ ਪਠਾਣ ॥੬੫॥

---

੧੦੬. ਤੀਰਾਂ ਨਾਲ। ੧੦੭. ਇਸਤ੍ਰੀਆਂ।
੧੦੮. ਲੋਹੇ ਦੀ ਬਰਖਾ ਬਰਖਾਉਣ ਵਾਲਾ ਸਾਵਣ। ੧੦੯. ਬਾਈਧਾਰ ਦੇ ਪਹਾੜੀ ਰਾਜਿਆਂ ਵਿਚੋਂ ਸੱਤ ਧਾਰਾ ਦੇ ਪ੍ਰਸਿੱਧ ਰਾਜੇ। ੧੧੦. ਚੂੜੇ ਵਾਲੀਆਂ

ਖੰਡੇ ਧੂਹੇ ਮਿਆਨ ਤੇ, ਵੈਰੀ ਬਿਲਖਾਨੇ[੧੧੧]।
ਜੁੱਟੇ ਦੁਹੂੰ ਮੁਕਾਬਲੇ, ਬਿੱਜੂੰ[੧੧੨] ਝਰਲਾਨੇ।
ਵਾਹਨ ਮੁਣਸਾਂ ਘੋੜਿਆਂ, ਘਾਇਲ ਘੁੱਮਾਨੇ।
ਜੁਝਨ ਸੌਂਹੇਂ ਸਾਰ ਦੇ, ਦਰਗਹ ਪਰਵਾਨੇ।
ਮੁੰਡ ਮੁੰਡਕਨ ਮੇਦਨੀ, ਏਹੀ ਨੇਸਾਨੇ।
ਜਣ ਮਾਲੀ ਸਿਟੇ ਬਾੜੀਆਂ, ਖਰਬੂਜੇ ਕਾਨੇ ॥੬੬॥
ਜੁੱਟੇ ਤੇਜ ਤਤਾਰਚੇ,[੧੧੩] ਤਿੱਖੇ ਅਣੀਆਲੇ।
ਤਾਣਿ ਕਮਾਨੀ ਛੱਡੀਅਨ, ਉਡਿ ਚਲਨ ਉਤਾਲੇ।
ਪੈਗਾਮਾਂ ਤੇ ਕਾਣੀਆਂ, ਸੋਹਨ ਸੂਫਾਲੇ।
ਲੱਗਣ ਮੁਵਸਾਂ ਪਾਖਰਾਂ, ਛਡ ਜਾਹਿ ਨਿਰਾਲੇ।
ਘਾਇਲ ਘੁੱਮਣ ਤੜਫੜੀ, ਬੈਰੀ ਬੇਹਾਲੇ।
ਜਣ ਲੁੱਟਣ ਕਬੂਤਰ ਕਾਬਲੀ, ਮੱਲੂਕੀਂ ਪਾਲੇ ॥੬੭॥
ਬੰਦੂਕੀਂ ਭਰ ਗੋਲੀਆਂ, ਪੱਲੀਤੇ ਲਾਏ।
ਸ਼ੋਰ ਸੁਣਿਆ ਸਭ ਪ੍ਰਿਥਵੀ, ਬੱਦਲ ਗਰੜਾਏ।
ਤਕ ਤਕ ਮਾਰਨ ਸਾਊਆਂ, ਬਹੁਤੇ ਬਿਚਲਾਏ।
ਖੇਤ ਜਿਤਾ ਸ੍ਰੀ ਸਾਹਿਬਾਂ, ਜਗ ਸਾਕੇ ਪਾਏ।
ਬੁਰਜਾਂ ਵਾਂਗੂ ਢਾਹਿ ਕਰ, ਸਭ ਗਰਦ ਮਿਲਾਏ।
ਜਨ ਦੂਰੋਂ ਆਏ ਪਾਹੁਨੇ, ਸੁਖ ਨੀਂਦ ਸੁਵਾਏ ॥੬੮॥
ਪੜ੍ਹਿਆ ਜੁਧ ਮੈਂ ਗੁਰੂ ਦਾ, ਕੰਮ ਹੋਵਨ ਰਾਸ।
ਨਜਰ ਮਿਹਰ ਦੀ ਜੀਵੀਏ, ਪੂਰੇ ਮਨ ਆਸ।
ਮੌਜ ਦਰਿਦ੍ਰ ਬਿਦਾਰਿਆ, ਮੰਨੇ ਅਰਦਾਸ।
ਏਥੇ ਓਥੇ ਓਟ ਤੂੰ, ਤੇਰਾ ਪਰਗਾਸ।
ਸ੍ਰੀ ਗੋਬਿੰਦ ਸਿੰਘ ਮਨਾਈਐ, ਨਿਤ ਹੋਣ ਹੁਲਾਸ।
ਅਣੀ ਰਾਇ ਜਸ ਜੰਪਿਆ,[੧੧੪] ਮੇਟੇ ਜਮ ਤ੍ਰਾਸ ॥੬੯॥

**ਇਤਿ ਸ੍ਰੀ ਗੋਬਿੰਦ ਸਿੰਘ ਜੀ ਕਾ**

**ਜੰਗ-ਨਾਮਾ ਸੰਪੂਰਣਮਸਤ ਸੁਭਮਸਤੁ ॥**

---

੧੧੧. ਰੋਏ। ੧੧੨. ਬਿਜਲੀ। ੧੧੩. ਇਕ ਕਿਸਮ ਦੇ ਤੀਰ।
੧੧੪. ਗਾਇਆ, ਵਰਨਣ ਕੀਤਾ।

# ੩. ਭੇੜਾ ਸ੍ਰੀ ਗੋਬਿੰਦ ਸਿੰਘ ਜੀ ਕਾ

ਇਹ ਭੇੜਾ, ਅਰਥਾਤ-ਜੰਗ-ਨਾਮਾ ਇਕ ਅਜਿਹੀ ਲਿਖਤ ਹੈ, ਜੋ ਹਜ਼ੂਰੀ ਕਵੀ ਅਣੀ ਰਾਇ ਦੇ ਜੰਗ-ਨਾਮਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਾਂਗ ਅਨੰਦਪੁਰ ਤੇ ਚਮਕੌਰ ਸਾਹਿਬ ਦੀ ਲੜਾਈ ਉਤੇ ਜੋ ਸੰਨ ੧੭੬੧ ਬਿ: ਵਿਚ ਹੋਈ ਸੀ, ਕੁਝ ਰੋਸ਼ਨੀ ਪਾਉਂਦੀ ਹੈ। ਇਹ ਉਹ ਲੜਾਈ ਸੀ ਜੋ ਪਹਾੜੀ ਰਾਜੇ ਤੇ ਬਾਦਸ਼ਾਹੀ ਫੌਜਾਂ ਦੇ ਮਿਲਵੇਂ ਜਤਨ ਨਾਲ ਸ੍ਰੀ ਕਲਗੀਧਰ ਜੀ ਦੇ ਵਿਰੁੱਧ ਲੜੀ ਗਈ ਸੀ। ਪਹਾੜੀ ਰਾਜਿਆਂ ਦਾ ਦਿੱਲੀ ਦੇ ਬਾਦਸ਼ਾਹ ਪਾਸ ਜਾਣਾ ਤੇ ਫੇਰ ਸੂਬਾ ਸਰਹੰਦ ਤੇ ਲਾਹੌਰ ਪਾਸੋਂ ਮੱਦਦ ਮੰਗਣੀ ਇਸ਼ ਜੰਗ-ਨਾਮੇ ਵਿਚ ਦੱਸੀ ਗਈ ਹੈ (੨, ੩)। ਦੁਸ਼ਮਣ ਦੀਆਂ ਫੌਜਾਂ ਨੇ ਜਿਸ ਤਰ੍ਹਾਂ ਅਨੰਦਪੁਰ ਨੂੰ ਘੇਰਾ ਪਾਇਆ ਤੇ ਲੰਬੀ ਲੜਾਈ ਤੋਂ ਪਿਛੋਂ ਹੋਰ ਕੋਈ ਚਾਰਾ ਚਲਦਾ ਨਾ ਦੇਖ ਕੇ ਛੇਕੜ ਬਾਹਰੋਂ ਕਿਲ੍ਹੇ ਅੰਦਰ ਰਸਦ ਜਾਣੀ ਬੰਦ ਕਰ ਦਿੱਤੀ ਸੀ; ਉਸ ਦਾ ਵੇਰਵਾ ਇਸ ਜੰਗ-ਨਾਮੇ ਵਿਚ ਛੰਦ ਅੰਕ ੪ ਤੋਂ ੮ ਤਕ ਦਿੱਤਾ ਹੋਇਆ ਹੈ। ਛੰਦ ਅੰਕ ੯ ਤੋਂ ੧੨ ਤਕ ਗੁਰੂ ਸਾਹਿਬ ਦੇ ਆਨੰਦਪੁਰ ਛੱਡਣ ਤੇ ਚਮਕੌਰ ਦੀ ਗੜ੍ਹੀ ਵਿਚ ਜਾਣ ਦਾ ਹਾਲ ਹੈ। ਚਮਕੌਰ ਦੇ ਜੰਗ ਵਿਚ ਸਤਿਗੁਰਾਂ ਦੇ ਖ਼ਜ਼ਾਨਚੀ ਲਾਲ ਸਿੰਘ ਤੇ ਭਾਈ ਜੀਵਨ ਸਿੰਘ ਰੰਘਰੇਟੇ ਨੇ ਕਰਾਰੇ ਹੱਥ ਦਿਖਾਏ ਸਨ ਤੇ ਇਸ ਲੜਾਈ ਵਿਚ ਸਤਿਗੁਰਾਂ ਦੇ ਹੱਥੋਂ ਹਲੀਮ ਖਾਨ ਅਤੇ ਨਾਹਰ ਖਾਨ ਨਾਮੀ ਦੋ ਪ੍ਰਸਿੱਧ ਪਠਾਣ ਮਾਰੇ ਗਏ ਸਨ। ਸਾਹਿਬਜ਼ਾਦਾ ਅਜੀਤ ਸਿੰਘ, ਜੁਝਾਰ ਸਿੰਘ ਅਤੇ ਜ਼ੋਰਾਵਰ ਸਿੰਘ ਦੀ ਲੜਾਈ ਦਾ ਹਾਲ ਇਸ ਜੰਗ-ਨਾਮੇ ਵਿਚ ਹੈ। ਸਾਹਿਬਜ਼ਾਦਾ ਜ਼ੋਰਾਵਰ ਸਿੰਘ ਦੇ ਜੰਗ ਦਾ ਹਾਲ ਸਿਵਾਇ ਗੁਰੁ ਸੋਭਾ ਗ੍ਰੰਥ ਦੇ; ਜੋ ਗੁਰੂ ਜੀ ਦੇ ਹਜ਼ੂਰੀ ਕਵੀ ਸੈਨਾਪਤਿ ਦੀ ਕਿਰਤ ਹੈ, ਹੋਰ ਕਿਤੋਂ ਨਹੀਂ ਮਿਲਦਾ। ਜੰਗ ਸਮੇਂ ਭਾਈ ਸੰਤ ਸਿੰਘ ਨੂੰ ਸ਼ਹੀਦੀ ਦਾ ਮੁਕਟ ਪਹਿਨਾ ਕੇ ਗੁਰੂ ਸਾਹਿਬ ਦੇ ਚਮਕੌਰ ਛੱਡਣ 'ਤੇ ਇਸ ਜੰਗ-ਨਾਮੇ ਦਾ ਅੰਤ ਹੋ ਜਾਂਦਾ ਹੈ ਤੇ ਇਸ ਦਾ ਕਰਤਾ (ਕਵੀ) ਕੌਣ ਤੇ ਕਿਥੋਂ ਦਾ ਵਸਨੀਕ ਸੀ ਤੇ ਇਸ ਦਾ ਰਚਨਾ-ਕਾਲ ਕਿਹੜਾ ਹੈ ? ਇਹ ਪਤਾ ਕਿਤੋਂ ਨਹੀਂ ਲੱਗਦਾ।

ਇਸ ਜੰਗ-ਨਾਮੇ ਦੇ ਕੁਝ ਦੋਹਰੇ, ਮਾਲੂਮ ਹੁੰਦਾ ਹੈ, ਬਤੌਰ ਉਦਾਹਰਣਾਂ ਦੇ ਹੋਰ ਗ੍ਰੰਥਾਂ ਵਿਚੋਂ ਲਏ ਹੋਏ ਹਨ, ਜਿਵੇਂ-"ਜੁੱਧ ਜੀਤ ਆਏ ਜਬੈ...." ਛੰਦ ਅੰਕ ੩ ਦੋਹਰਾ

ਬਚਿਤ੍ਰ ਨਾਟਕ ਵਿਚੋਂ ਤੇ ਛੰਦ ੨੦ ਦਾ ਦੋਹਰਾ। "ਕੰਤਾ ਰਣ ਮੈਂ ਜਾਇ ਕੇ...." ਕਿਸੇ ਹਿੰਦੀ ਪੁਸਤਕ ਵਿਚੋਂ ਹੈ ਤੇ ਇਹ ਇਸ ਜੰਗ-ਨਾਮੇ ਦੇ ਲੇਖਕ ਦੀ ਕਿਰਤ ਨਹੀਂ ਹਨ। ਇਸ ਤੋਂ ਇਸ ਜੰਗ-ਨਾਮੇ ਦਾ ਲੇਖਕ ਕੋਈ ਸਿਆਣਾ ਕਵੀ ਜਾਪਦਾ ਹੈ, ਜਿਸ ਨੇ ਇਸ ਵਿਚ ਬੀਰ-ਰਸ ਨੂੰ ਹਿੰਦੀ ਬੋਲੀ ਦੇ ਦੋਹਿਆਂ ਦੀ ਪੁੱਠ ਦੇ ਕੇ ਚੰਗੀ ਤਰ੍ਹਾਂ ਨਿਭਾਇਆ ਹੈ ਤੇ ਰਸ ਵਿਚ ਕਿਤੇ ਟੋਟ ਨਹੀਂ ਆਉਣ ਦਿੱਤੀ।

ਇਸ ਜੰਗ-ਨਾਮੇ ਦੀ ਪੁਰਾਤਨ ਹੱਥ ਲਿਖਿਤ, ਜਿਸ ਵਿਚੋਂ ਉਤਾਰਾ ਕੀਤਾ ਗਿਆ, ਕੁਝ ਅਸ਼ੁੱਧ ਸੀ। ਉਸ ਨੂੰ ਪੂਰੀ ਕਰਨ ਲਈ ਮੈਂ ਪ੍ਰੋਫੈਸਰ ਸੁਰਿੰਦਰ ਸਿੰਘ ਕੋਹਲੀ ਐਮ. ਏ. ਦੇ ਜੀਉਂਦੀ ਜਨਤਾ (ਅਪ੍ਰੈਲ, ੧੯੪੮) ਵਿਚ ਛਾਪੇ ਹੋਏ ਜੰਗ-ਨਾਮੇ ਤੋਂ ਸਹਾਇਤਾ ਲਈ ਪਰ ਉਹ ਜੰਗ-ਨਾਮਾ ਵੀ ਸ਼ੁੱਧ ਨਾ ਹੋਣ ਕਰਕੇ ਇਸ ਦੇ ਕਈ ਪਾਠ ਸ਼ੁੱਧ ਨਹੀਂ ਹੋ ਸਕੇ। ਕੋਹਲੀ ਸਾਹਿਬ ਦੀ ਲਿਖਤ ਤੋਂ ਇਸ ਦੇ ਸੰਪਾਦਨ ਕਰਨ ਵਿਚ ਸਹਾਇਤਾ ਲਈ ਗਈ ਹੈ, ਇਸ ਲਈ ਉਨ੍ਹਾਂ ਦਾ ਧੰਨਵਾਦ ਹੈ।

੧ੳ ਵਾਹਿਗੁਰੂ ਜੀ ਕੀ ਫ਼ਤਹ ॥

# ਅਥ ਭੇੜਾ ਸ੍ਰੀ ਗੋਬਿੰਦ ਸਿੰਘ ਜੀ ਕਾ ਪਾਤਸ਼ਾਹੀ ੧੦ ॥

ਸਤਰਾਂ ਸੇ ਇਕਾਹਠੇ[1] ਚਲਤ[2] ਕੀਆ ਗੁਰਦੇਵ ।
ਭਯੋ ਸਮਾਨਾ ਜੁੱਧ ਕਾ ਲਈ ਭਗੌਤੀ ਸੇਵ ।
ਸੰਮਤ ਸਤਰਾਂ ਸੈ ਇਕਾਹਠ ਭੇੜਾ ਗੋਬਿੰਦ ਸਿੰਘ ਦਾ ।
ਜੁੱਧ ਕੀਆ ਮੂਹ ਖਾਲਸੇ ਜਿਉ ਮੂੰਹ ਤੋੜੇ ਇੰਦ ਦਾ ।
ਕਲ ਕੁੱਦੀ ਨਾਰਦ ਮੱਚਿਆ, ਕੀਹ ਹੋਗ ਅਸਾਡੀ ਜ਼ਿੰਦ ਦਾ।
ਰਾਜਿਆਂ ਕਲ ਉਠਾਲੀਆ, ਹੁਣ ਨਾਰਦ ਪਾਸਹੁੰ ਟੁੰਬਦਾ।
ਅਸੀਂ ਦੇਖਣ ਆਏ ਚੱਲ ਕੇ ਭੇੜਾ[3], ਗੋਬਿੰਦ ਸਿੰਘ ਦਾ ॥੧॥
ਰਣਜੀਤ ਦਮਾਮਾ ਬਾਜਿਓ, ਭਈ ਨਗਾਰੇ ਚੋਟ ।
ਫਤੇ ਭਈ ਗੋਬਿੰਦ ਕੀ, ਚੜ੍ਹ ਆਯੋ ਕਲਮੋਟ ।
ਰਾਜੇ ਜਾਇ ਪੁਕਾਰਦੇ ਦਿੱਲੀ ਦੇ ਪਤਸਾਹ ਥੇ ।
ਤੁਸੀਂ ਫੌਜਾਂ ਦੇਹੁ ਭੇਜ ਕੈ ਅਸੀਂ ਪੈਸੇ ਲਵਾਂ ਛਿਨਾਇ ਕੈ।
ਅਗੇ ਗੁਰੂ ਜੀ ਗੋਬਿੰਦ ਸਿੰਘ ਹੈ ਤਲਵਾਟੇ ਰੋਵਨ ਆਇ ਕੈ।
ਤੁਸੀਂ ਸਮਝੋ ਗੀਦੀ ਰਾਜਿਓ ! ਗਿਰਵਾਨੀ ਮੁਹਿ ਪਇ ਕੈ।
ਅਸੀਂ ਦੂਰੋਂ ਆਏ ਚਲਕੈ ਗੋਬਿੰਦ ਸਚੇ ਪਾਤਸ਼ਾਹ ਥੇ ॥੨॥
"ਜੁੱਧ ਜੀਤ ਆਏ ਜਬੈ ਟਿਕੈ ਨ ਤਿਨ ਪੁਰ ਪਾਉਂ ।
ਕਾਹਲੂਰ ਮੈਂ ਬਾਂਧਿਓ, ਆਨ ਅਨੰਦ ਪੁਰ ਗਾਉਂ ।
ਰਾਜੇ ਗਏ ਪਾਸ ਸੂਬਿਆਂ; ਸਰਹੰਦੀ ਅਉਰ ਲਾਹੌਰ ਥੇ ।
ਅਸੀਂ ਰਯੀਅਤ ਤੇਰੀ ਜਰਦਸਤ ਖਾਂ, ਜੰਮੂ ਨੂੰ ਫੌਜਾਂ ਟੋਰ ਦੇ।
ਜਿਨ੍ਹਾਂ ਨੇ ਮਰਣਾ ਮਾਂਡਿਆ, ਸੇ ਸਨਮੁਖ ਅਣੀਆਂ[4] ਜੋੜਦੇ।
ਅਸੀਂ ਸਤੀਆਂ ਵਾਂਗੂ ਸੜਾਂਗੇ, ਹੁਣ ਰਾਜ ਪਿਆਰਾ ਲੋੜਦੇ।
ਰਾਜ ਹੋਂਦਾ ਕਿਸੇ ਨੇ ਜਾਣਿਆ, ਭੇੜ ਪਯਾ ਸਿਰ ਜੋੜਦੇ ॥੩॥

---

੧. ੧੭੬੧ ਬਿ: ।  ੨. ਚਰਿਤ੍ਰ ।  ੩. ਜੁੱਧ ।  ੪. ਫੌਜਾਂ ।

ਰਾਜਜਾਂ ਕੀਤੀ ਸਾਖਤੀ, ਚੜ੍ਹੇ ਜੋ ਡੰਕ ਬਜਾਇ ।
ਸਿੰਘਾਂ ਮਰਣਾ ਮਾਂਡਿਆ, ਸ੍ਰੀ ਗੋਬਿੰਦ ਸਹਾਇ ।
ਰਾਜਜਾਂ ਕੀਤੀ ਸਾਖਤੀ, ਉਤੋਂ ਚੜ੍ਹ ਆਏ ।
ਅੱਗੇ ਗੁਰ ਗੋਬਿੰਦ ਸਿੰਘ, ਤਲਵਾਰ ਬਜਾਏ ।
ਮੋਹਰੇ ਹੋਏ; ਨ ਸੰਗਦੇ, ਸਭ ਬੀਰ ਸਬਾਏ ।
ਮੱਥਾ ਟੇਕਿਆ ਖਾਲਸੇ, ਸਭ ਹੁਕਮ ਲਿਆਏ ।
ਬੋਲੈ ਪੂਰਾ ਸਤਿਗੁਰੂ ਰਣਜੀਤ[੫] ਬਜਾਏ ॥੪॥
ਤਲਵਾਰੀਂ ਮੂੰਹ ਰੱਤਿਆ, ਕੋਹੇ ਲੱਗਨ ਘਾਇ ।
ਬਾਈ ਰਾਜੇ ਚਾਰ ਭੂਪ, ਫਉਜਾਂ ਗਏ ਉਠਾਇ ॥
ਬਾਈ ਰਾਜੇ ਚਾਰ ਭੂਪ, ਤਾਰਾ ਪੁਰ ਉਤਰੇ ਆਇ ਕੈ ॥
ਉਥੇ ਮਰਣਾ ਮਾਂਡਿਆ, ਉਹ ਬੈਠੇ ਬੁੰਗੇ ਲਾਇ ਕੈ ।
ਸਿੰਘ ਸੀਹਾਂ ਵਾਂਗੂ ਝਪਟਿਆ, ਹੁਣ ਅੱਗੋਂ ਲੈਂਦੇ ਖਾਇ ਕੈ ।
ਛੁਰੀ, ਕਟਾਰੀ, ਬਰਛੀਆਂ, ਰਾਜਪੂਤਾਂ ਮਾਰਨ ਧਾਇ ਕੈ ।
ਰਣ ਦਾ ਭੰਨਾ ਕੀ ਕਰੈ, ਦੇਸਾਂ ਵਿਚ ਦੀ ਜਾਇ ਕੈ ।
ਖਾਇ ਕਲਾਮਾਂ ਭੀਮ ਚੰਦ, ਬੀਰਾ ਤੇਗ ਉਠਾਇ ਕੈ ॥੫॥
ਰਾਜਜਾਂ ਲਿਖਿਆ ਭੇਜਿਆ, ਸਤਿਗੁਰ ਸੁਣ ਅਰਦਾਸ ।
ਸਤੀਆਂ ਹੋਵਨ ਰਾਣੀਆਂ, ਲੋਥਾਂ ਆਵਨ ਪਾਸ ।
ਫਉਜਾਂ ਦੋਹਾਂ ਮੁਕਾਬਲੇ ਜਿਉਂ ਬਰਸਣ[੬] ਆਈਆਂ ।
ਬੰਦੂਕਾਂ ਦੀਆਂ ਗੋਲੀਆਂ, ਕੁਹ ਪਵਨ ਵਸਾਈਆਂ ।
ਗੱਜਣ ਤੋਪਾਂ ਡਾਇਣੀ, ਜਿਉਂ ਘਣੀਅਰ ਛਾਈਆਂ ।
ਧੂਹ ਮਿਆਨੋਂ ਕੱਢੀਆਂ, ਰਣ ਵਿਚ ਚਲਾਈਆਂ ।
ਜਿਸ ਨੋ ਰੱਖੇ ਸੋ ਰਹੇ, ਜਿਸ ਰੱਖੇ ਸਾਈਆਂ ।
ਘਣ ਵਿਚ ਬਿੱਜਲ ਜਿਉਂ ਖਿਵੈਂ ਤਿਉ ਛਹਿਬਰ ਲਾਈਆਂ ॥੬॥
ਗੁਰੂ ਗੋਬਿੰਦ ਕੀ ਧਾਕ ਮੈਂ, ਡਰਪੈ ਸਭ ਕਹਿਲੂਰ ।
ਆਨੰਦ ਗੜ੍ਹ ਕੇ ਖੇਤ ਮੈਂ, ਕੀਨੋ ਚਕਨਾ ਚੂਰ ।
ਸਿੰਘਾਂ ਅਤੇ ਰਾਜਿਆਂ, ਵੈਰ ਆਹਾ[੭] ਚਿਰੋਕਾ[੮] ।
ਮਾਰਿਆ ਮੀਆਂ ਕੇਸਰੀ, ਜਸਵਾਲੋਂ ਪੋਤਾ ।
ਤੀਰੀਂ ਛਹਿਬਰ ਲਾਈਆਂ, ਬੰਦੂਕੀਂ ਜੋਤਾ ।
ਫਤੇ ਭਈ ਗੋਬਿੰਦ ਸਿੰਘ, ਖੇਤ ਲਿਆ ਅਜੋਕਾ ॥੭॥
ਰਾਮ ਜੰਗ[੯] ਹੈ ਬਾਜਤੀ, ਕਹਿਲੂਰੀ ਕੇ ਸੀਸ ।

---

੫. ਰਣਜੀਤ ਨਗਾਰਾ। ੬. ਬਰਸਾਤ । ੭. ਸੀ ।
੮. ਚਿਰਾਕਾ, ਚਿਰ ਤੋਂ। ੯. ਰਾਮ ਜੰਗਾ, ਬੰਦੂਕ ।

ਸਾਤੋਂ ਧਾਰਾਂ ਮਾਰੀਆਂ, ਗੋਬਿੰਦ ਸਿੰਘ ਕੀ ਜੀਤ ।
ਰਾਜੀਆਂ ਮਸਲਤ ਮਾਂਡੀਆਂ[10] ਚਉਤਰਫੀ ਡੇਰੇ ਤਵਨਗੇ।
ਲੜਿਆਂ ਪੁੱਜ ਨ ਹੰਘੀਏ, ਰਸਤ ਬੰਦੀ ਕੀਤੇ ਡਰਨਗੇ ।
ਸਿੰਘਾਂ ਤੁਲਮ ਸਾਧਿਆਂ[11], ਸਿਰ ਸਤਿਗੁਰ ਅਗੇ ਧਰਨਗੇ।
ਬੁੰਗੇ ਬੈਠੇ ਝੂਲਦੇ, ਹੁਣ ਸਾਰ ਕਿਵੇਹਾ ਕਰਨਗੇ ।
ਸੱਤੇ ਧਾਰਾਂ ਮਾਰ ਕੈ, ਉਹ ਖੱਡੀਂ ਲੋਥਾਂ ਭਰਨਗੇ ॥੮॥
ਮਾਈ ਐਸਾ ਪੂਤ ਜਣ, ਜੈਸਾ ਪਿਪਲ ਕਾ ਪਾਤ ।
ਖੰਡਾ ਵਾਹੇ, ਰਣ ਭਿੜੈ, ਮੁੱਛੀਂ ਪੂੰਝੇ ਰਾਤ ।
ਲੱਗੀ ਕਟਾਰੀ ਪੇਟ ਮੈਂ ਆਧੋ ਪੇਲ ਮੈਂ ਜਾਇ ।
ਸਨਮੁਖ ਮੱਥੈ ਜੋ ਭਿੜੈ, ਅਮਰ ਤਿਨਾਂ ਦੇ ਨਾਇ ।
ਬੋਲੈ ਪੂਰਾ ਸਤਿਗੁਰੂ, ਤੁਸੀਂ ਖਾਲਸਾ ਕਰਹੁ ਤਿਆਰੀਆਂ।
ਦਾਣਾ ਪਾਣੀ ਰਹਿ ਗਿਆ, ਹੁਣ ਜਾਗਾ ਛੋਡਣ ਹਾਰੀਆਂ।
ਰੋਵੇ ਬਹੁਤ ਅਨੰਦਗੜ੍ਹ, ਹੁਣ ਸਤਿਗੁਰ ਛੋਡ ਸਿਧਾਰੀਆਂ।
ਛੱਡ ਕੇ ਆਏ ਨਿਮੋਹ ਨੂੰ, ਹੁਣ ਚਉਕੀਆਂ ਸਭ ਉਠਾਲੀਆਂ।
ਸਭ ਰਾਜੇ ਪਹੁੰਚੇ ਆਇ ਕੈ, ਹੁਣ ਹੋਈਆਂ ਬਹੁਤ ਗੁਬਾਰੀਆਂ।
ਉਦੇ ਸਿੰਘ ਵਿਚ ਰਾਹ ਦੇ, ਸਿੰਘ ਫਿਰ ਫਿਰ ਤੇਗਾਂ ਮਾਰੀਆਂ ॥੯॥
ਘੋੜਿਆਂ ਪਾਇਆਂ ਪਾਖਰਾਂ, ਸਿੰਘਾਂ ਲਏ ਸੰਜੋਇ[12] ।
ਰਣ ਨੂੰ ਵਾਗਾਂ ਚਾਈਆਂ, ਹੋਣੀ ਹੋਇ ਸੁ ਹੋਇ ।
ਉਦੇ ਸਿੰਘ ਦਿਆਂ ਬਰਛਿਆਂ, ਕਹੁ ਆਖਰ ਪਾਈ ।
ਜਿਸ ਮਿਲ ਮਾਰੇ ਸੂਰਮੇ, ਕਹੁ ਕਿੱਥੇ ਜਾਈ ।
ਮਾਰੇ ਵਿਚ ਭਕੱਲਦੇ[13], ਦੇ ਹੱਥ ਸਫਾਈ ।
ਸਿਰ ਕੱਟ ਵਾਂਗੂੰ ਤੂੰਬੜੇ, ਕੀ ਅੱਤ ਚਲਾਈ ।
ਉਦੇ ਸਿੰਘ ਵਿਚ ਖੇਤ ਦੇ, ਅਮਰ ਪਦਮੀ ਪਾਈ ॥੧੦॥
ਢੋਲ ਢਮੱਕਾ ਮੈਂ ਸੁਣਿਓ, ਕੰਤ ਜੁਝੈ ਰਣ ਮਾਹਿ ।
ਡੋਲੀ ਆਈ ਕੰਤ ਕੀ, ਚਲ ਸਖੀਏ ! ਦੇਖਣ ਜਾਇ ।
ਸੋ ਪੁਰਖ ਕਨੌਲੇ ਆਇਆ, ਜਿਸ ਦੀ ਸਭ[14] ਸਾਜੀ ।
ਕਿਹਾ ਸਾਰ[15] ਮਚਾਇਕੈ ਕੀ ਪਾਈਉ ਬਾਜੀ ।
ਸਿੰਘਾਂ ਸਿਰ ਸੰਕਲਪਿਆ, ਜੇ ਹੋਵੈ ਰਾਜੀ ।
ਸ਼ਸਤ੍ਰ ਬਖਸ਼ੇ ਸਤਿਗੁਰੂ, ਨਾਲ ਘੋੜੇ ਤਾਜੀ ।

---

੧੦. ਮਸਲਤ ਮੰਡ ਲਈ, ਅਰਥਾਤ-ਮਤਾ ਪਕਾਇਆ ।
੧੧. ਤੁਮੱਲ ਸਾਧਿਆ, ਇਕੱਠ ਕੀਤਾ । ੧੨. ਸੰਜੋਅ ।
੧੩. ਧੱਕਮ ਧੱਕਿਆਂ ਦੇ । ੧੪. ਸਾਰੀ ਦੁਨੀਆਂ। ੧੫. ਲੋਹਾ।

ਫਉਜਾਂ ਆਇਆਂ ਝੂਮ ਕੇ, ਲੈ ਅਪਨੀ ਭਾਜੀ ।
ਕਬੂਤਰ ਵਾਂਗੂੰ ਲੋਟ ਦੇ, ਮਾਰੇ ਗਜ ਗਾਜੀ ॥੧੧॥
ਲਾਲ ਸਿੰਘ ਪਿਸਉਰੀਆ, ਚਉਪੜ ਮੱਲ ਰਹਿਆ ।
ਮਾਇਆ ਛੋਡ ਨ ਹੰਘਦਾ[16] ਸਰਹੰਦੀ ਬੰਦ ਪਾਇਆ ।
ਸਤਿਗੁਰੁ ਕਰਹਿ ਸਵਾਰੀਆਂ, ਹੁਣ ਚਮਕਉਰੇ ਦੇ ਰਾਹ ਨੂੰ ।
ਹੁਣ ਜਾਉ ਜਾਈ[17] ਮੁੱਸ ਦੇ, ਜੋ ਲੇਖ ਲਿਖਿਆ ਦਰਗਾਹ ਨੂੰ ।
ਆਇ ਮਿਲਿਆ ਚਮਕਉਰੀਆ[18] ਹੁਣ ਸਤਿਗੁਰੁ ਬੇਪ੍ਰਵਾਹ ਨੂੰ ।
ਚਲ ਪਾਤਸਾਹ ਅਸਾਡੇ ਕੋਟ ਵਿਚ, ਕਹੁ ਮਸਲਤ ਕਹੇ ਸਲਾਹ ਨੂੰ ।
ਸਭ ਰਾਜੇ ਢੁੱਕ ਨ ਹੰਘਦੇ, ਉਹ ਡਰਦੇ ਕਰਨ ਵਿਸਾਹ ਨੂੰ ॥੧੨॥
ਸਤਿਗੁਰੁ ਦਾ ਖਜ਼ਾਨਚੀ, ਲਾਲ ਸਿੰਘ ਹੈ ਲਾਲ ।
ਤਲਵਾਰੀ ਕੋ ਲੇ ਨਠਿਆ, ਹੋਂਦਾ ਏਹੁ ਹਵਾਲ ।
"ਪਾਤਸ਼ਾਹ ! ਪਠਾਣਾਂ ਦੀਆਂ ਫੌਜਾਂ, ਆਈਆਂ ਜੰਗ ਨੂੰ ।
ਸੱਲਾਹੀ[19] ਭੇਜੋ ਆਪਣਾ, ਅਸਾਂ ਮਿਲਣਾ ਜਾਇ ਸਰਹੰਦ ਨੂੰ ।[20]
'ਤੂੰ ਹੁਕਮ ਸ਼ਰ੍ਹੇ ਦਾ ਮੰਨ ਕੇ, ਆ ਮਿਲ ਅਸਾਡੇ ਅੰਗ ਨੂੰ ।
ਪਾਤਸ਼ਾਹ! ਤੁਰਕ ਅਵੱਲਾ ਬੋਲਦਾ, ਤੁਸੀਂ ਕਰੋ.ਤਿਆਰ ਤੁਫੰਗ ਨੂੰ ।
ਜੋ ਆਵੇ ਸੋ ਮਾਰ ਦੇਹੁ, ਕੁਛ ਲੱਗਦਾ ਨਾਹੀ ਚੰਦ ਨੂੰ ।
ਸਿਰ ਕਾਣ ਨ ਇਹਨਾਂ ਸੂਰਿਆਂ, ਹੁਣ ਖੇਤ ਸ਼ਹੀਦਾਂ ਜੰਗ ਨੂੰ ॥੧੩॥
ਗੁਰੂ ਗੋਬਿੰਦ ਸਿੰਘ ਜੀ ਸੋਢ ਬੰਸ, ਕਰ ਮਾਹਿ ਕਮਾਨ ।
ਜਿਸ ਕੋ ਮਾਰੇ ਬਾਣ ਭਰ, ਤਿਸੈ ਨ ਦੇਵਹਿ ਜਾਨ ।
ਜੀਵਨ ਸਿੰਘ ਰੰਘਰੇਟੜੇ, ਰਣ ਮਹਿ ਪਵੈ ਨਿਸੰਗ ।
ਮੂਹ ਮੂਹ[21] ਤਲਵਾਰਾਂ ਖਾਧੀਆਂ, ਟੂਕ ਮੂਲ ਨ ਮੋੜੈ ਅੰਗ ।
ਸਤਿਗੁਰੁ ਬੈਠਾ ਰਾਵਟੀ ਜਿਸ ਪਹਿਲਾ ਬੁੰਗਾ ਲਾਇਆ ।
ਕਾਜ਼ੀ ਨਾਲ ਕਮਾਣ ਦੇ ਮੁਫ਼ਤੀ ਜਿਵੇਂ ਚੜ੍ਹਾਇਆ ।
ਸਰੇ ਸਫਾਲੇ ਤੀਰ ਦੇ ਪੈਗਾਮੀ ਹੁਕਮ ਮਨਾਇਆ ।
ਲੱਗਾ ਤੀਰ ਜੁ ਜ਼ੋਰ ਦਾ, ਤਦ ਸਾਹਿਬ ਕੀ ਫ਼ੁਰਮਾਇਆ ।
ਮਰਣ ਪਠਾਣ ਹਰਾਮ ਮੌਤ, ਹੁਣ ਦੀਨ ਇਮਾਨ ਗਵਾਇਆ ॥੧੪॥
ਹਲੀਮ ਖਾਨ ਅਤਿ ਸੂਰਮਾ ਹੈ ਚਰਣੋਂ ਕੇ ਪਾਸ ।

---

੧੬. ਸਕਦਾ । ੧੭. ਜਗ੍ਹਾ ਜਗ੍ਹਾ, ਥਾਂ ਥਾਂ ।

੧੮. ਖਬਰ ਸੁਨੀ ਜ਼ਿਮੀਂਦਾਰ ਨੇ, ਮੱਧ ਬਸੇ ਚਮਕੌਰ । ਸੁਨਤ ਬਚਨ ਤਤਕਾਲ ਹੀ, ਵਹੁ ਆਯੋ ਉਠਿ ਦੌਰ ॥੫॥੪੭੬॥ ਹਾਥ ਜੋਰ ਐਸੇ ਕਹਿਓ, ਬਿਨਤੀ ਸੁਨੋ ਕਰਤਾਰ । ਬਸੋ ਮੱਧਿ ਚਮਕੌਰ ਕੈ, ਅਪਨੀ ਕ੍ਰਿਪਾ ਧਾਰ ॥੬॥੪੭੭॥ (ਗੁਰ ਸੋਭਾ ਕ੍ਰਿਤ ਸੈਨਾਪਤਿ)

੧੯. ਅਸਲਹ (ਸ਼ਸਤ੍ਰਾਂ) ਦਾ ਪ੍ਰਬੰਧਕ । ੨੦. ਸੂਬਾ ਸਰਹੰਦ ਨੂੰ । ੨੧. ਸਾਮ੍ਹਣੇ ਮੱਥੇ

ਜੰਗ ਸ਼ਹੀਦੀ ਪਾਇ ਕੈ, ਪੂਰਨ ਹੋਈ ਆਸ।
ਫਉਜਾਂ ਹੋਈਆਂ ਛਿੱਥੀਆਂ, ਕਰ ਹਲਾ ਇਕੱਠਾ।
ਸਤਿਗੁਰੁ ਸਿੰਘ ਸਮ੍ਹਾਲਦਾ; ਦੇਖ ਬੁੰਗੀ ਬੈਠਾ।
ਤੀਰ ਲੱਗਾ ਨਾਹਰ ਖਾਨ ਨੂੰ, ਸਿਰ ਪਰਨੇ ਢੱਠਾ।
ਲੋਥ ਪਠਾਣੀ ਇਉਂ ਪਈਆਂ ਜਿਉਂ ਪੂਰੋਂ ਲੱਥਾ।
ਫਤਹ ਭਈ ਗੋਬਿੰਦ ਸਿੰਘ, ਮਾਰਿਆ ਖਾਨ ਕੱਟਾ ॥੧੫॥
ਸਿੰਘ ਕਹਾਵਨ ਕਠਨ ਹੈ, ਸਿੰਘ ਪੈਂਡਾ ਦੂਰ।
ਸਿੰਘੀ ਤਾ ਕੋ ਬਖਸ਼ੀਆ, ਜੋ ਚਰਨਾਂ ਤਲੇ ਹਜ਼ੂਰ।
ਪਠਾਣੀ ਫਉਜਾਂ ਤੋੜ ਕੇ ਹੁਣ ਅੰਦਰ ਆਏ।
ਸਿੰਘ ਭੁੱਖੇ ਪਉਂਦੇ ਮਾਸ ਨੂੰ, ਰਤ ਪੀਣ ਤਿਹਾਏ।
ਮਿਸਰੀ[22] ਹੱਥ ਅਜੀਤ ਸਿੰਘ, ਰਣ ਵਿਚ ਚਲਾਏ।
ਸਿਰ ਕਟ ਸਜੋਆਂ ਲੈ ਗਈ, ਜਾਇ ਪਿੰਜਰ ਖਾਏ।
ਪਠਾਣ ਕੁੱਠੇ ਵਾਂਗੂ ਬੱਕਰੇ, ਜਿਉਂ ਪਏ ਮਮਿਆਏ ॥੧੬॥
ਅਜੀਤ ਸਿੰਘ ਅਤਿ ਸੂਰਮਾ, ਕਰੈ ਲਾਖ ਮੈਂ ਚੋਟ।
ਮੁਹ ਮੂਹ ਤਲਵਾਰੀ ਮਾਰੀਆਂ ਸੁ, ਸ੍ਰੀ ਗੋਬਿੰਦ ਕੀ ਓਟ।
ਮਿਸਰੀ ਹੱਥ ਅਜੀਤ ਸਿੰਘ ਦਲ ਸਾਰੇ ਠੱਲੇ।
ਤਲਵਾਰੀਂ ਉਸ ਦੀ ਵਾਹੀਆਂ, ਕੋਈ ਸੂਰਾ ਝੱਲੇ।
ਜਿਸ ਸਿਰ ਮਾਰੇ ਪਹੁੰਚ ਕੇ, ਸਟ ਦੇਇ ਉਥੱਲੇ।
ਵੈਰੀ ਘੁੰਮੇਂ ਇਉਂ ਫਿਰਨ, ਜਿਉਂ ਤੀਰੀਂ ਸੱਲੇ।
ਪਠਾਣ ਮਾਰਿਆ ਤਿੰਨ ਸੈ, ਉਸ ਪਹਿਲੇ ਹੱਲੇ ॥੧੭॥
ਜੁਝਾਰ ਸਿੰਘ ਨੂੰ ਆਖਿਆ, "ਜਾਉ ਭਰਾਤਾ ਸੰਗ।
ਕਰਹੁ ਜੁੱਧ ਨਿਸੰਗ ਹੋਇ, ਪਾਉ ਸ਼ਹੀਦੀ ਰੰਗ।"
"ਕੰਤਾ! ਰਣ ਮੈਂ ਜਾਇ ਕੈ, ਖੰਡਾ ਕਰੋ ਨਿਸੰਕ।
ਨਾ ਮੁਝੇ ਲਗੇ ਰੰਡੇਪੜਾ, ਨਾ ਤੁਹਿ ਲਗੇ ਕਲੰਕ।"
ਰਣ ਨੂੰ ਚਲੇ ਜੁਝਾਰ ਸਿੰਘ, ਜੂਝਣ ਦੇ ਚਾਏ।
ਸੂਰਾ ਕੋਇ ਨ ਦਿਸਦਾ, ਜਿਸ ਹੱਥ ਉਠਾਏ।
ਪੁੱਛੇ ਖੁਆਜਾ ਮਰਦੂਦ ਨੂੰ, ਜਾਇ ਵਾਰ ਚਲਾਏ।
ਤੇਗਾ ਲੱਗਾ ਢਾਲ 'ਤੇ, ਟੁਟ ਧਰਤੀ ਆਏ।
ਫੇਰ ਕਟਾਰੀ ਸਮ੍ਹਾਲ ਕੇ, ਪਠਾਨ ਨੂੰ ਵਾਹੇ ॥੧੮॥
"ਘੋੜਾ ਲੜੇ, ਘੋੜਾ ਭਿੜੇ, ਘੋੜਾ ਰਣ ਮੈਂ ਜਾਇ।
ਜਿਸ ਕੇ ਸਾਹਿਬ ਭਾਗਨਾ, ਘੋੜਾ ਕਹਾਂ ਕਰਾਇ।"
ਰਣ ਨੂੰ ਚਲੇ ਜ਼ੋਰਾਵਰ ਸਿੰਘ, ਕਰ ਜ਼ੋਰ ਇਕੱਠਾ।

---

੨੨. ਮਿਸਰ ਦੀ ਬਣੀ ਹੋਈ ਤਲਵਾਰ।

ਸੀਹਾਂ ਵਾਂਗੂ ਪਲਮਦਾ, ਦਲ ਸਾਰਾ ਨੱਠਾ ।
ਵਹੇ ਸਿਰੋਹੀ ਸਾਰ ਦੀ, ਕਰ ਸਨਮੁਖ ਮੱਥਾ ।
ਤਲਵਾਰਾਂ ਦੇ ਘਾਵ ਜਿਉਂ, ਛਬ ਲੋਹੂ ਲੱਥਾ ।
ਸੂਰੇ ਜੂਝੇ ਵਿਚ ਖੇਤ ਦੇ, ਕਰ ਦੇਹ ਇਕੱਠਾ ॥੧੯॥
"ਕੰਤਾ ! ਰਣ ਮੈਂ ਜਾਇ ਕੈ, ਮਤ ਮਟਕਾਈਓ ਨੈਣ ।
ਜੇ ਤੂੰ ਆਯੋ ਭਾਗ ਕੇ; ਤੁਮ ਭਾਈ ਹਮ ਭੈਣ ।"
ਬੋਲੇ ਪੂਰਾ ਸਤਿਗੁਰੂ, ਸੰਤ ਸਿੰਘ ਬੁਲਾਇਆ ।
ਤੁਰਾ ਬਖਸ਼ਿਆ ਖਾਸ ਕੀ, ਸਿਰ ਮੁਕਟ ਬੰਧਾਇਆ ।
ਪਠਾਣਾਂ ਸਿਰ ਚੜ੍ਹ ਮਰੋ, ਸਤਿਗੁਰੁ ਫੁਰਮਾਇਆ ।
ਕਾਰਣ ਕੀਆ ਸਤਿਗੁਰੂ, ਜੋ ਅਪਨਾ ਭਾਇਆ ॥੨੦॥
ਨਾਹਰ ਖਾਂ ਕਉ ਮਾਰ ਕਰ, ਸਤਿਗੁਰੁ ਕੀਆ ਉਮਾਹ ।
ਸੰਤ ਸਿੰਘ ਕਉ ਦੇਇ ਕੈ, ਨਿਕਸੇ ਗੋਬਿੰਦ ਸਾਹ ।
ਸੋਈ ਕਾਰਣ ਹੋਇਆ; ਜੋ ਸਤਿਗੁਰੁ ਭਾਇਆ ।
ਨੀਲਾ ਜਾਮਾ ਪਹਿਰ ਕੇ, ਉਚ ਪੀਰ ਕਹਾਇਆ ।
ਮਿਲਿਆ ਜਾ ਸ਼ਾਹ ਆਲਮੇ[੨੩], ਜਗ ਭਰਮ ਚੁਕਾਇਆ ।
ਨਵਾਂ ਨਿਰੋਆ ਉਗਵਿਆ, ਨਿਜ ਬਿਰਦ ਰਖਾਇਆ ।
ਬੰਦਾ* ਸਰਹੰਦ ਭੇਜ ਕੇ; ਵਜੀਰੇ ਨੋ ਖਪਵਾਇਆ ।
ਸੱਚਾ ਤਖਤ ਵਾਹਿਗੁਰੂ ਦਾ, ਨਿਤ ਚੜ੍ਹੇ ਸਵਾਇਆ ॥੨੧॥

---

੨੩. ਸ਼ਾਹ (ਬਾਦਸ਼ਾਹ) ਆਲਮ (ਦੁਨੀਆ ਦਾ); ਅਰਥਾਤ-ਬਹਾਦੁਰ ਸ਼ਾਹ । ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜਦ ਦੱਖਣ ਨੂੰ ਜਾ ਰਹੇ ਸਨ ਤਾਂ ਉਹਨਾਂ ਨੂੰ ਰਸਤੇ ਵਿਚ ਔਰੰਗਜ਼ੇਬ ਦੀ ਮੌਤ 'ਤੇ ਉਸ ਦੇ ਦੋਹਾਂ ਬੇਟਿਆਂ ਮੁਅੱਜ਼ਮ ਸ਼ਾਹ ਤੇ ਆਜ਼ਮ ਸ਼ਾਹ (ਬਹਾਦਰ ਸ਼ਾਹ) ਦੀ ਪਰਸਪਰ ਲੜਾਈ ਦੀਆਂ ਖ਼ਬਰਾਂ ਪੁੱਜੀਆਂ । ਇਸ ਦੇ ਨਾਲ ਹੀ ਬਹਾਦਰ ਸ਼ਾਹ ਵਲੋਂ ਮੱਦਦ ਲਈ ਬਿਨੈ ਪੱਤਰ ਵੀ ਪੁੱਜਾ, ਜਿਸ ਕਰ ਕੇ ਗੁਰੂ ਜੀ ਉਸ ਦੀ ਮੱਦਦ ਵਾਸਤੇ ਜਾਲੌਂ (ਆਗਰੇ) ਗਏ । ਉਥੇ ਚੰਬਲ ਨਦੀ ਦੇ ਕੰਢੇ ਦੋਹਾਂ ਦਲਾਂ ਦੀ ਗਹਿਗੱਚ ਲੜਾਈ ਹੋਈ, ਜਿਸ ਵਿਚ ਗੁਰੂ ਸਾਹਿਬ ਦੇ ਤੀਰ ਨਾਲ ਮੁਅੱਜ਼ਮ ਸ਼ਾਹ, ਤਾਰਾ ਆਜ਼ਮ) ਮਾਰਿਆ ਗਿਆ ਤੇ ਇਸ ਤਰ੍ਹਾਂ ਮੈਦਾਨਿ-ਜੰਗ ਵਿਚ ਫਤਹ ਹੋਣ 'ਤੇ ਬਹਾਦੁਰ ਸ਼ਾਹ ਹਿੰਦੁਸਤਾਨ ਦਾ ਬਾਦਸ਼ਾਹ ਬਣਿਆ ।

* ਬਾਬਾ ਬੰਦਾ ਬਹਾਦੁਰ ਜੋ ਪਹਿਲਾਂ ਇਕ ਵੈਰਾਗੀ ਸਾਧੂ ਸੀ, ਦੱਖਣ ਵਿਚ ਨੰਦੇੜ ਦੇ ਮੁਕਾਮ 'ਪਰ ਗੁਰੂ ਜੀ ਦਾ ਸਿੱਖ ਬਣਿਆ ਤੇ ਗੁਰੂ ਜੀ ਦੇ ਹੁਕਮ ਨਾਲ ਸਰਹੰਦ ਪਹੁੰਚ ਕੇ ਇਸ ਨੇ ਵਜ਼ੀਰ ਖਾਨ ਸੂਬਾ ਸਰਹੰਦ ਨੂੰ, ਜਿਸ ਨੇ ਗੁਰੂ ਸਾਹਿਬ ਦੇ ਦੋ ਛੋਟੇ ਸਾਹਿਬਜ਼ਾਦਿਆਂ ਨੂੰ ਵੱਡੇ ਮਾਤਾ ਜੀ ਸਮੇਤ ਤਸੀਹੇ ਦੇ ਕੇ ਸ਼ਹੀਦ ਕੀਤਾ ਸੀ, ਮਾਰਿਆ ਤੇ ਜ਼ੁਲਮ ਦੇ ਗੜ੍ਹ ਸਰਹੰਦ ਦੀ ਇਟ ਨਾਲ ਇੱਟ ਵਜਾਈ ਸੀ ।

# 4. ਵਾਰ ਰਾਜਾ ਅਮਰ ਸਿੰਘ ਕੀ

ਇਹ ਵਾਰ ਕਵੀ ਕੇਸ਼ਵ ਦਾਸ ਪਟਿਆਲਵੀ ਦੀ ਰਚੀ ਹੋਈ ਹੈ ਤੇ ਇਸ ਦੇ ਸਬੰਧ ਵਿਚ ਕੁਝ ਕਹਿਣ ਤੋਂ ਪਹਿਲਾਂ ਫੂਲਕਿਆਂ ਦੀ ਇਤਿਹਾਸਿਕ ਅਹਿਮੀਅਤ ਨੂੰ ਸਮਝਣਾ ਜ਼ਰੂਰੀ ਹੈ। ਮਹਾਰਾਜਾ ਅਮਰ ਸਿੰਘ ਜੀ, ਜਿਹਨਾਂ ਦੇ ਸਬੰਧ ਵਿਚ ਇਹ ਵਾਰ ਲਿਖੀ ਗਈ ਹੈ; ਪਟਿਆਲਾ ਪਤੀ ਬਾਬਾ ਆਲਾ ਸਿੰਘ ਜੀ ਦੇ ਪੋਤ੍ਰੇ ਸਨ। ਸਿੱਖਾਂ ਦੀਆਂ ਬਾਰਾਂ ਮਿਸਲਾਂ ਵਿਚੋਂ ਫੂਲਕਿਆਂ ਦੀ ਵੀ ਇਕ ਮਿਸਲ ਸੀ; ਜਿਸ ਦੇ ਮੋਢੀ ਹੋਣ ਕਰਕੇ ਪਟਿਆਲੇ ਦੇ ਮਹਾਰਾਜੇ ਪੰਜਾਬ ਦੇ ਇਤਿਹਾਸ ਵਿਚ ਇਕ ਖਾਸ ਦਰਜਾ ਰੱਖਦੇ ਹਨ। ਬਾਬਾ ਆਲਾ ਸਿੰਘ ਤੇ ਮਹਾਰਾਜ ਅਮਰ ਸਿੰਘ ਜੀ ਦੇ ਲੋਕ-ਉਪਕਾਰਾਂ ਦੀ ਗਵਾਹੀ ਖ਼ਾਸ ਕਰ ਕੇ ਪਟਿਆਲੇ ਦੇ ਇਤਿਹਾਸ ਤੇ ਸਿੱਖ ਇਤਿਹਾਸ ਵਿਚੋਂ ਮਿਲਦੀ ਹੈ ਤੇ ਇਸ ਸਬੰਧ ਵਿਚ ਮਹਾਰਾਜਾ ਅਮਰ ਸਿੰਘ ਦੀ ਬਹਾਦੁਰੀ ਦਾ ਇਕ ਨਿਹਾਇਤ ਸ਼ਾਨਦਾਰ ਵਾਕਿਆ ਵਾਰ ਦੇ ਰੂਪ ਵਿਚ ਪਾਠਕਾਂ ਦੀ ਸੇਵਾ ਵਿਚ ਪੇਸ਼ ਕੀਤਾ ਜਾਂਦਾ ਹੈ, ਜਿਸ ਤੋਂ ਪ੍ਰਗਟ ਹੋਵੇਗਾ ਕਿ ਮਹਾਰਾਜਾ ਸਾਹਿਬ ਆਪਣੀ ਪ੍ਰਜਾ ਨਾਲ ਕਿਤਨਾ ਦਿਲੀ ਪਿਆਰ ਰੱਖਦੇ ਤੇ ਮਜ਼ਲੂਮਾਂ ਦੀ ਰੱਖਯਾ ਲਈ ਕਿਸ ਤਰ੍ਹਾਂ ਤਤਪਰ ਰਹਿੰਦੇ ਸਨ।

ਜਿਸ ਘਟਨਾ ਨੂੰ ਇਥੇ ਵਾਰ ਦੀ ਸ਼ਕਲ ਵਿਚ ਪੇਸ਼ ਕੀਤਾ ਜਾ ਰਿਹਾ ਹੈ, ਉਹ ਉਂਜ ਤਾਂ ਗਿਆਨੀ ਗਿਆਨ ਸਿੰਘ, ਸਰ ਲੈਪਲ ਗ੍ਰਿਫਨ, ਖਲੀਫ਼ਾ ਮੁਹੰਮਦ ਹਸਨ ਆਦਿ ਸਾਰੇ ਹੀ ਇਤਿਹਾਸਕਾਰਾਂ ਨੇ ਸੰਖੇਪ ਨਾਲ ਕਲਮ-ਬੰਦ ਕੀਤੀ ਹੈ, ਪਰ ਉਸ ਦੇ ਸਬੰਧ ਵਿਚ ਖੋਜ ਕਰਨ ਤੋਂ ਪ੍ਰਾਪਤ ਹੋਈ ਕਵੀ ਕੇਸ਼ੋ ਦਾਸ ਦੀ ਬਣਾਈ **"ਰਾਜਾ ਅਮਰ ਸਿੰਘ ਕੀ ਵਾਰ"** ਵਿਚ ਜੋ ਵਾਕਿਆਤ ਮਿਲੇ ਹਨ, ਉਹ ਹੋਰ ਕਿਸੇ ਲਿਖਤ ਵਿਚੋਂ ਅਜੇ ਤੋੜੀ ਨਹੀਂ ਮਿਲੇ।

ਕਵੀ ਕੇਸ਼ੋ ਦਾਸ ਜੀ, ਜਿਹਾ ਕਿ ਇਸ ਵਾਰ ਦੇ ਲਿਖਣ ਢੰਗ ਤੋਂ ਪਤਾ ਲਗਦਾ ਹੈ, ਸ਼ਾਇਦ ਮਹਾਰਾਜਾ ਅਮਰ ਸਿੰਘ ਦੇ ਹੀ ਦਰਬਾਰੀ ਕਵੀ ਹੋਏ ਹੋਣਗੇ। ਉਹਨਾਂ ਦੀ ਇਹ ਵਾਰ ਹਿੰਦੀ ਪੰਜਾਬੀ ਬੋਲੀ ਦੀ ਖਿਚੜੀ ਹੈ, ਜੋ ਸਾਹਿੱਤਕ ਤੇ ਇਤਿਹਾਸਕ ਦੋਹਾਂ ਖਿਆਲਾਂ ਨਾਲ ਉਪਮਾ ਯੋਗ ਹੈ। ਇਸ ਵਾਰ ਦੀ ਦਿਲ-ਖਿਚੂ ਕਵਿਤਾ ਵਿਚ ਮਹਾਰਾਜਾ ਅਮਰ ਸਿੰਘ ਦੀ ਭੱਟਿਆਣੇ 'ਪਰ ਚੜ੍ਹਾਈ ਦੇ ਹਾਲ ਦੱਸੇ ਹੋਏ ਹਨ। ਇਹ ਲੜਾਈ ਮਹੀਨਾ ਪੋਹ ਸੰਮਤ ੧੮੩੧ ਬਿ: (ਮੁਤਾਬਿਕ ਸੰਨ ੧੭੭੪ ਈ:) ਨੂੰ

ਹੋਈ ਸੀ। ਇਸ ਦਾ ਕਾਰਣ ਇਹ ਸੀ ਕਿ ਉਸ ਸਮੇਂ ਭੱਟੀ (ਰਾਜਪੂਤ) ਰਈਸ, ਜੋ ਹਰਿਆਣੇ-ਭਟਿਆਣੇ ਦੇ ਹਾਕਮ ਸਨ, ਬੜੇ ਪੱਥਰ-ਦਿਲ ਅਤੇ ਜ਼ਾਲਮ ਸਨ। ਉਹ ਮਜ਼ਹਬ ਦੇ ਲਿਹਾਜ਼ ਨਾਲ ਤਾਂ ਭਾਵੇਂ ਮੁਸਲਮਾਨ ਸਨ ਪਰ 'ਮੁਸਲਮਾਨ ਮੋਮ-ਦਿਲ ਹੋਵੈ' ਦੇ ਸੁਨਹਿਰੀ ਅਸੂਲ ਨੂੰ ਉਹਨਾਂ ਨੇ ਤਿਲਾਂਜਲੀ ਦਿੱਤੀ ਹੋਈ ਸੀ ਅਤੇ ਮਜ਼ਹਬੀ ਪੱਖਪਾਤ ਦੇ ਕਾਰਣ ਨਿੱਹਥੇ ਹਿੰਦੂਆਂ ਉੱਤੇ ਨਿੱਤ ਨਵੀਆਂ ਸਖ਼ਤੀਆਂ ਕਰਦੇ ਰਹਿੰਦੇ ਸਨ।

ਸ਼ੁਰੂ ਵਿਚ ਹੀ ਬਾਬਾ ਆਲਾ ਸਿੰਘ ਜੀ ਦੇ ਮਾਲਵੇ ਵਿਚ ਪੈਰ ਜੰਮਦੇ ਦੇਖ ਕੇ ਭੱਟੀਆਂ ਨੂੰ ਚਿੜ ਹੋ ਗਈ ਸੀ ਤੇ ਉਹ ਇਸ ਨਵੇਂ ਪਟਿਆਲਵੀ ਰਾਜ ਨੂੰ ਮਿਟਾ ਦੇਣਾ ਚਾਹੁੰਦੇ ਸਨ। ਮੁਹੰਮਦ ਅਮੀਨ ਖ਼ਾਨ ਫ਼ਤਿਹਾਬਾਦੀ, ਅੱਲਾਹ ਦਾਦ ਖਾਂ; ਰਈਸ ਬੋਹਾ, ਵਿਲਾਇਤ ਖਾਂ-ਇਨਾਇਤ ਖਾਂ ਬੁਡਲਾਢੇ ਵਾਲੇ ਅਤੇ ਬਾਕਰ ਖਾਂ, ਰਈਸ ਹਰਿਆਊ, ਇਹਨਾਂ ਦੀ ਆਪਸ ਵਿਚ ਇਕ ਗੱਲ ਸੀ। ਇਹਨਾਂ ਨੂੰ ਆਪਣੀ ਤਾਕਤ 'ਪਰ ਇਤਨਾਂ ਗ਼ਰੂਰ ਸੀ ਕਿ ਰਹੇ ਰੱਬ ਦਾ ਨਾਂ। ਇਸ ਤਾਕਤ ਦੇ ਘੁਮੰਡ ਹੀ ਇਹ ਐਲਾਨੀਆਂ (ਗਊਆਂ ਦੇ ਗਲ ਕਟਦੇ ਤੇ) ਹਿੰਦੂਆਂ ਨੂੰ ਤਰ੍ਹਾਂ ਤਰ੍ਹਾਂ ਦੇ ਕਸ਼ਟ ਦਿੰਦੇ ਰਹਿੰਦੇ ਸਨ। ਮੁਹੰਮਦ ਅਮੀਨ ਖਾਂ ਫਤਿਹਾਬਾਦੀ ਸੁਨਾਮ ਅਤੇ ਮਾਲੇਰ ਕੋਟਲੇ ਨੂੰ ਲੰਘ ਕੇ ਇਲਾਕਾ ਰਾਇ ਕੋਟ ਤਕ ਲੁਟ ਮਾਰ ਕਰਿਆ ਕਰਦਾ ਸੀ। ਭਾਵੇਂ ਬਾਬਾ ਆਲਾ ਸਿੰਘ ਜੀ ਨੇ ਕਈ ਵੇਰ ਚੜ੍ਹਾਈਆਂ ਕਰ ਕੇ ਇਹਨਾਂ ਦੇ ਦੰਦ ਖੱਟੇ ਕੀਤੇ ਪਰ ਇਹ ਫਿਰ ਵੀ ਬਾਜ਼ ਨਾ ਆਏ ਤੇ ਗ਼ਰੀਬ ਲੋਕਾਂ 'ਪਰ ਤਸ਼ਦੱਦ ਕਰਦੇ ਹੀ ਰਹੇ।

ਸੰਮਤ ੧੮੨੨ ਬਿ: (ਮੁਤਾਬਕ ਸੰਨ ੧੭੬੫ ਈ:) ਵਿਚ ਜਦ ਬਾਬਾ ਆਲਾ ਸਿੰਘ ਜੀ ਦਾ ਦੇਹਾਂਤ ਹੋਣ 'ਤੇ ਉਹਨਾਂ ਦੇ ਪੋਤਰੇ ਮਹਾਰਾਜਾ ਅਮਰ ਸਿੰਘ ਜੀ ਗੱਦੀ ਉੱਤੇ ਸੁਸ਼ੋਭਿਤ ਹੋਏ ਤਾਂ ਭੱਟੀਆਂ ਦੇ ਹੌਸਲੇ ਹੋਰ ਵੀ ਵਧ ਗਏ। ਨਤੀਜਾ ਇਹ ਹੋਇਆ ਕਿ ਉਹਨਾਂ ਨੇ ਰਿਆਸਤ ਪਟਿਆਲਾ ਦੇ ਕੁਝ ਪਿੰਡ ਲੁੱਟ ਲਏ ਅਤੇ ਹਿੰਦੂਆਂ 'ਪਰ ਸਖਤੀ ਕਰਨੀ ਸੁਰੂ ਕਰ ਦਿੱਤੀ। ਮਹਾਰਾਜਾ ਅਮਰ ਸਿੰਘ ਜੀ ਨੂੰ ਉਹਨਾਂ ਦੀਆਂ ਸ਼ਰਾਰਤਾਂ ਦੀ ਖ਼ਬਰ ਭਵਾਨੀਗੜ੍ਹ (ਢੋਡਿਆਂ) ਦੇ ਕਿਲ੍ਹੇ ਵਿਚ ਮਿਲੀ। ਮਹਾਰਾਜਾ ਸਾਹਿਬ ਦੀ ਰਾਣੀ, ਜਿਸ ਦਾ ਨਾਉਂ ਹੁਕਮਾਂ ਜਾਂ ਹੁਕਮ ਕੌਰ ਸੀ, ਰਾਜਸੀ ਉਲਝਣਾਂ ਸੁਲਝਾਉਣ ਵਿਚ ਬੜੀ ਚੁਸਤ ਅਤੇ ਦਲੇਰੀ ਰੱਖਦੀ ਸੀ। ਮਜ਼ਲੂਮਾਂ ਉੱਤੇ ਜ਼ੁਲਮ ਹੁੰਦੇ ਦੇਖ ਕੇ ਉਹ ਬਰਦਾਸ਼ਤ ਨਹੀਂ ਸੀ ਕਰ ਸਕਦੀ। ਕਵੀ ਕੇਸ਼ੋਦਾਸ ਨੇ ਉਸ ਦੀ ਯੋਗਤਾ ਦੀ ਉਪਮਾ ਕਰਦਿਆਂ ਹੋਇਆਂ ਇਸ ਤਰ੍ਹਾਂ ਲਿਖਿਆ ਹੈ :-

ਇੰਦ੍ਰ ਕੇ ਸਚੀ ਔ ਕੁਸ਼ਲਜਾ ਜੈਸੇ ਦਸਰਥ ਕੈ,
ਜਾਨਕੀ ਜੂ ਰਾਨੀ ਜੈਸੇ ਰਾਮ ਰਘੁਰਾਜ ਕੈ।
ਰਾਜਾ ਬਸੁਦੇਵ ਜੂਕੇ ਦੇਵਕੀ ਪ੍ਰਸਿੱਧ ਜਗ,
ਰੁਕਮਨਿ ਰਾਣੀ ਜੈਸੇ ਕ੍ਰਿਸ਼ਨ ਬ੍ਰਿਜਰਾਜ ਕੈ।
ਜੈਸੇ ਰਾਜਾ ਪੰਡੁ ਜੂ ਕੇ ਪਟਰਾਨੀ ਕੁੰਤੀ ਜਾਨ,

ਦਰੁਪਤ ਸੁਤਾ ਰਾਨੀ ਜੈਸੇ ਅਰਜਨ ਸੁਖ ਸਾਜ਼ ਕੈ ।
ਮਹਾਰਾਨੀ, ਜੱਗਰਾਨੀ, ਪਟਰਾਨੀ, ਸੁਖਦਾਨੀ,
ਤੈਸੇ ਬਾਮੇਂ ਅੰਗ ਅਮਰ ਸਿੰਘ ਮਹਾਰਾਜ ਕੈ ॥੬॥
ਸਤ ਪੁਤ੍ਰਿ ਸੁਰਾਜ ਕੀ ਰੀਤਿ ਬਿਖੈ, ਅਤਿ ਨੀਤਿ ਕਰੈ ਜਿਮ ਬੇਦ ਬਤਾਯੋ।
ਪਾਰਥ ਜਯੋਂ ਚਿਤ ਮੈਂ ਉਤਸਾਹ ਸੁ, ਦਾਨ ਮਾਹਿ ਬਲਿ ਕੂੰ ਸੁ ਲਜਾਯੋ ।
ਬ੍ਰਿੱਧਿ ਕੋ ਗ੍ਰਿਹ ਬਨੀ ਨ੍ਰਿਪ ਭੋਜ ਜੂ, ਕੇਸਵ ਦਾਸ ਯਹੀ ਮਤਿ ਆਯੋ ।
ਰਾਨਿ ਸਭੈ ਪੁਰਖੱਤਨ ਪੂਰਨ, ਭੂਲ ਗਯੋ ਬਿਧ ਤੀਯ ਬਨਾਯੋ ॥੭॥

ਮਹਾਰਾਜਾ ਅਮਰ ਸਿੰਘ ਜੀ ਜੇਹੇ ਸੂਰਬੀਰ ਤੇ ਯੋਗ ਮਹਾਰਾਜਾ ਸਨ, ਉਹੋ ਜੇਹੀ ਹੀ ਉਨ੍ਹਾਂ ਦੀ ਮਹਾਰਾਨੀ ਸੀ । ਇਸ ਲਈ ਮਹਾਰਾਜੇ ਨੇ ਉਸ ਦੀ ਸਲਾਹ ਨਾਲ ਫੌਰਨ ਆਪਣੀਆਂ ਫ਼ੌਜਾਂ ਨੂੰ ਭਟਿਆਣੇ 'ਪਰ ਚੜ੍ਹਾਈ ਕਰਨ ਦਾ ਹੁਕਮ ਦੇ ਦਿੱਤਾ। ਲਾਲਾ ਨਾਨਕ ਚੰਦ ਨੂੰ ਜੋ ਉਸ ਸਮੇਂ ਪਟਿਆਲੇ ਦਾ ਦੀਵਾਨ ਸੀ, ਸਰਦਾਰ ਨਾਨੂ ਸਿੰਘ ਸੈਣੀ ਦੇ ਹੱਥ ਹੁਕਮ ਭੇਜਿਆ ਅਤੇ ਤਾਕੀਦ ਕੀਤੀ ਕਿ ਉਹ ਆਪਣੀ ਫੌਜ ਸਮੇਤ ਮੂਨਕ ਪਹੁੰਚ ਕੇ ਸਰਕਾਰੀ ਲਸ਼ਕਰ ਦੇ ਨਾਲ ਸ਼ਾਮਲ ਹੋਵੇ । ਇਧਰ ਖ਼ੁਦ ਮਹਾਰਾਜੇ ਨੇ, ਜਿਹਾ ਕੇ ਸਿੱਖਾਂ ਦਾ ਕਦੀਮੀ ਰਿਵਾਜ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਵਾਕ ਲੈ ਕੇ ਸਿਦਕ ਦਿਲੀ ਨਾਲ ਅਰਦਾਸਾ ਸੋਧਿਆ ਤੇ ਕੂਚ ਦਾ ਨਗਾਰਾ ਬਜਵਾ ਦਿੱਤਾ। ਮਹਾਰਾਜੇ ਦਾ ਅਦੁੱਤੀ ਰੁਅਬਦਾਬ ਤੇ ਭਖਾਂ ਭਖਾਂ ਕਰਦਾ ਚਿਹਰਾ ਤੱਕ ਕੇ ਬੜੇ ਆਕੜਖਾਨਾਂ ਦੇ ਵੀ ਹੋਸ਼ ਹਵਾ ਹੋ ਗਏ। ਪਟਿਆਲੇ ਦੀ ਚਤੁਰੰਗਿਣੀ ਸੈਨਾ ਜਦ ਪੂਰੀ-ਪੂਰੀ ਸਜ-ਧਜ ਅਤੇ ਜੋਸ਼-ਖਰੋਸ਼ ਨਾਲ ਠਾਠਾਂ ਮਾਰਦੇ ਹੋਏ ਦਰਿਆ ਦੀ ਤਰ੍ਹਾਂ ਚੱਲੀ ਤਾਂ ਤਕੜੇ ਨਰੋਏ ਜ਼ਾਲਮ ਦਿਲ ਵੀ ਦਹਿਲ ਉੱਠੇ। ਕਵੀ ਕੇਸ਼ੋਦਾਸ ਨੇ ਮਹਾਰਾਜੇ ਦੀ ਇਸ ਚੜ੍ਹਾਈ ਨੂੰ :-

"ਅਮਰ ਸਿੰਘ ਤਬ ਹੀ ਚਢ੍ਯੋ, ਜਿਮ ਗ੍ਰੀਖਮ ਕੋ ਭਾਨ ॥੧੨॥

ਕਹਿ ਕੇ ਜੇਠ-ਹਾੜ੍ਹ ਦੇ ਤਪਦੇ ਸੂਰਜ ਨਾਲ ਤੁਲਨਾ ਦਿੱਤੀ ਹੈ ਤੇ ਲਿਖਿਆ :-

ਚਮੂ ਚਲੀ ਚਤੁਰੰਗਿਨੀ, ਕਿਨੀ ਅੰਤੁ ਨ ਪਾਇਆ ।
ਘੋਰਨ ਕੀ ਖੁਰ ਤਾਲ ਸੋਂ, ਸੂਰਜ ਰਜ ਛਾਇਆ ।
ਫੂਲ ਬੰਸ ਘਰ ਰਾਜ ਥਿਰ, ਸਭ ਜਗ ਸੁਖ ਪਾਇਆ ।...
ਚੜ੍ਹਕੇ ਚਲਯਾ ਸੂਰਮਾ, ਕਹੀ ਨਹੀਂ ਠਹਿਰਾਇਆ ।
ਮਾਨੋਂ ਕੂੰਭਜ ਸੁ ਕੋਪਕੈ, ਨਿਧਿ ਸੋਖਨ ਧਾਇਆ ।
ਰਾਜਨ ਪਤੀ ਰਾਜਾ ਬਲੀ; ਆ ਮੂਨਕ ਛਾਇਆ ।....

ਅਮਰ ਸਿੰਘ ਦੀ ਤੇਗ ਨੂੰ, ਕੁਲ ਆਲਮ ਜਾਣੇ ।
ਜਿਸ ਨੇ ਅਰਿ ਸਭ ਬਸ ਕੀਏ, ਕੋਈ ਤਾਬ ਨ ਆਣੇ।
ਰਾਜ ਕਾਜ ਭੁਜ ਬਲ ਕਿਯੋ; ਜਗ ਕਿੱਤਿ ਬਖਾਨੇ ।

ਜ਼ਾਲਮ ਕੋਈ ਨ ਛਡਿਆ, ਜਿਨ ਅਪਨੈ ਜਾਨੈ ॥੧੭॥

ਦੀਵਾਨ ਨਾਨਕ ਚੰਦ ਮਹਾਰਾਜੇ ਦੇ ਹੁਕਮ ਮੂਜਬ ਪਟਿਆਲਿਓਂ ਕੂਚ ਕਰਕੇ ਮੂਨਕ ਦੇ ਮੁਕਾਮ 'ਪਰ ਜਾ ਮਿਲਿਆ। ਮਹਾਰਾਜੇ ਦੀ ਫੌਜ ਦੀ ਇਸ ਤਰ੍ਹਾਂ ਭਟਿਆਣੇ 'ਪਰ ਚੜ੍ਹਾਈ ਦੀ ਖਬਰ ਸੁਣ ਕੇ ਮਜ਼ਲੂਮਾਂ ਲੋਕਾਂ, ਖਾਸ ਕਰਕੇ ਹਿੰਦੂਆਂ ਨੂੰ ਬਹੁਤ ਖ਼ੁਸ਼ੀ ਹੋਈ। ਭੱਟੀਆਂ ਦੇ ਅਤਿਆਚਾਰਾਂ ਤੋਂ ਤੰਗ ਆਈ ਹੋਈ ਪ੍ਰਜਾ ਦੀ ਪ੍ਰਸੰਨਤਾ ਉਸ ਵੇਲੇ ਅਕਥਨੀਯ ਸੀ। ਕੇਸ਼ੋਦਾਸ ਜੀ ਨੇ ਲਿਖਿਆ ਹੈ :-

ਜਾ ਠਾਧਯੋ ਤਹਿ ਅਤਿ ਭਯੋ, ਗਾਮ ਗਾਮ ਆਨੰਦ।
ਤਿਮਰ ਹਰਣ ਕਾਰਣ ਕਰਣ, ਚੜ੍ਹਯੋ ਜਿਮ ਦੁਤਿ ਚੰਦ ॥੧੯॥

ਜਦ ਭੱਟੀਆਂ ਨੂੰ ਮਹਾਰਾਜੇ ਦੀ ਇ਼ਸ ਚੜ੍ਹਾਈ ਦਾ ਪਤਾ ਲੱਗਿਆ ਤਾਂ ਉਹਨਾਂ ਨੇ ਬਿੱਘੜਾਂ ਨਾਮੀ ਇਕ ਪਿੰਡ ਵਿਚ ਮੋਰਚੇ ਲਾ ਦਿੱਤੇ, ਤੇ ਮਹਾਰਾਜੇ ਦੀਆਂ ਫੌਜਾਂ ਨਾਲ ਲੋਹਾ ਲੈਣ ਦਾ ਮਤਾ ਕਰ ਲਿਆ। ਕਵੀ ਕੇਸ਼ੋਦਾਸ ਦਾ ਕਥਨ ਹੈ :-

ਧਾਏ ਗਢ ਡੇਰਾ ਕਿਯੋ, ਅਮਰ ਸਿੰਘ ਮਹਾਰਾਜ।
ਬੀਘੜ ਮਤ ਮਗਰੂਰ ਨੇ, ਕਿਯੋ ਜੁੱਧ ਕੋ ਸਾਜ ॥੨੧॥
ਬੀਘੜ ਕਿਯੋ ਗਰੂਰ, ਬੀਰ ਮਹਾਰਾਜ ਸੋਂ ਜੁਰ ਹੈਂ।
ਕਹੈਂ ਗਰਬ ਕੀ ਬਾਤ, ਜੁੱਧ ਮਿਲ ਸਨਮੁਖ ਕਰ ਹੈਂ।
ਅਮਰ ਸਿੰਘ ਮਹਾਰਾਜ, ਉਨੈਂ ਜਿਉਂ ਜਿਉਂ ਸਮਝਾਵੈਂ।
ਤਿਉਂ ਤਿਉਂ ਮੂੜ੍ਹ ਮਲੇਛ; ਨੈਨ ਮਨ ਮੈਂ ਨ ਲਜਾਵੈਂ।
ਠਾਠਯੋ ਠਾਠ ਸੰਗ੍ਰਾਮ ਕੋ, ਮਨ ਅਭਿਮਾਨ ਬੰਧਯੋ ਵਹੈ।
ਔਰ ਠਾਠ ਠਠਯੋ ਰਹੈ; ਠਾਕੁਰ ਠਨੀ ਸੁ ਹੋਇ ਹੈ ॥੨੨॥

ਮਹਾਰਾਜੇ ਨੇ ਭੱਟੀਆਂ ਨੂੰ ਸਮਝਾਉਣ ਦੀ ਬਹੁਤ ਕੋਸ਼ਿਸ਼ ਕੀਤੀ ਕਿ ਇਸ ਤਰ੍ਹਾਂ ਐਵੇਂ ਜੋਸ਼ ਵਿਚ ਨਾਹਕ ਲੜਾਈ ਛੇੜ ਕੇ ਰੱਬ ਦੇ ਬੰਦਿਆਂ ਦੀਆਂ ਜਾਨਾਂ ਦਾ ਨੁਕਸਾਨ ਨਹੀਂ ਕਰਨਾ ਚਾਹੀਦਾ ਤੇ ਉਨ੍ਹਾਂ ਨੂੰ ਦਸਤ-ਦਰਾਜ਼ੀ ਤੋਂ ਬੰਦ ਹੋ ਕੇ ਈਨ ਮੰਨ ਲੈਣੀ ਚਾਹੀਦੀ ਹੈ; ਮਗਰ ਜਾਹਿਲ ਅਭਿਮਾਨੀ ਭੱਟੀ ਇਹ ਸ਼ਾਂਤ ਮਈ ਦੀਆਂ ਗੱਲਾਂ ਕਦ ਮੰਨ ਸਕਦੇ ਸਨ, ਇਸ ਲਈ ਉਹਨਾਂ ਨੇ ਲੜ-ਮਰਨ ਦੀ ਹੀ ਇੱਛਾ ਪ੍ਰਗਟ ਕੀਤੀ। ਮਹਾਰਾਜਾ ਸਾਹਿਬ ਉਨ੍ਹਾਂ ਦੀ ਇਸ ਪਸੂ ਵਿਰਤੀ ਨੂੰ ਦੇਖ ਕੇ ਮੁਕਾਬਲੇ ਲਈ ਝੱਟ ਤਿਆਰ ਹੋ ਗਏ ਤੇ ਫੌਜ ਨੂੰ ਦੁਸ਼ਮਣ 'ਪਰ ਹਮਲਾ ਕਰਨ ਦਾ ਹੁਕਮ ਦੇ ਦਿੱਤਾ। ਕਵੀ ਕਹਿੰਦਾ ਹੈ :-

ਦੋ ਦਲ ਭਏ ਮੁਕਾਬਲਾ, ਭੱਟੀ ਔ ਬੈਰਾਰ।
ਲੋਹ ਕਰੇ ਜਾ ਸੂਰਮੇ, ਕਾਇਰ ਭਾਜੇ ਹਾਰ ॥੨੫॥
ਬਿਘੜਾ ਘੇਰਯੋ ਜਾਇ, ਅਮਰ ਸਿੰਘ ਮਹਾਰਾਜ ਨੈ।
ਆਇ ਚਢਯੋ ਕਰਿ ਚਾਇ, ਰਣ ਬਿਬਾਦ ਦੁਜ ਦਲ ਹਰਨ ॥੨੬॥

ਚੜ੍ਹਯੋ ਮਹਾਰਾਜ, ਬਜਯੋ ਸਬਲ ਡੰਕਾ।
ਮਾਨੋਂ ਰਾਮ ਦਲ ਚੜ੍ਹਯੋ, ਤੋਰਨ ਸੁ ਲੰਕਾ।
ਛੂਟੇ ਤੋਪ ਸੁ ਕੋਪ ਪਰੇ ਗੋਲੇ।
ਮਾਨੋ ਪਕੇ ਖੇਤ ਬਰਖਤ ਓਲੇ।
ਛੂਟੇ ਰਹਿਕਲੇ ਔ ਜੰਬੂਰੇ ਜੰਜਾਇਲ।
ਹੂਏ ਸਤ੍ਰੂ ਕੀ ਸੈਨ ਕੇ ਲੋਕ ਘਾਇਲ।
ਗਹੇ ਸੂਰ ਕ੍ਰਿਪਾਨ ਅਰ ਤੇਜ ਕੱਤੀ।
ਚਲੀ ਰੁਧਿਰ ਸਰਿਤਾ ਭਈ ਭੂਮਿ ਰੱਤੀ ॥੩੦॥

ਬਿਘੜਾਂ ਦੇ ਮੈਦਾਨ ਵਿਚ ਦੋਹਾਂ ਪਾਸਿਆਂ ਤੋਂ ਬੜੀ ਘਮਸਾਨ ਦੀ ਲੜਾਈ ਹੋਈ ਅਤੇ ਬਹੁਤ ਸਾਰੇ ਬਹਾਦੁਰ ਜੋਧੇ ਮੈਦਾਨਿ ਜੰਗ ਵਿਚ ਕੰਮ ਆਏ। ਭੱਟੀਆਂ ਦਾ ਤਾਂ ਬਹੁਤ ਹੀ ਨੁਕਸਾਨ ਹੋਇਆ ਅਤੇ ਅੰਤ ਹਾਰ ਹੋਈ। ਜਦ ਭੱਟੀ ਮਹਾਰਾਜੇ ਦੇ ਮੁਕਾਬਲੇ ਦੀ ਝਾਲ ਨਾ ਝਲ ਸਕੇ ਤਾਂ ਭੱਜ ਕੇ ਧੂਲਕੋਟ ਨਾਮੀ ਇਕ ਗੜ੍ਹੀ ਵਿਚ ਜਾ ਘੁਸੇ। ਮਹਾਰਾਜੇ ਦੀਆਂ ਫੌਜਾਂ ਨੇ ਉਨ੍ਹਾਂ ਦਾ ਉਥੇ ਭੀ ਪਿੱਛਾ ਕੀਤਾ। ਬੇਸ਼ਕ ਹੱਲੇ ਤਾਂ ਕਿਤਨੇ ਹੀ ਕੀਤੇ ਗਏ, ਪਰ ਦੁਸ਼ਮਣ ਦੇ ਗੜ੍ਹੀ ਵਿਚ ਪਨਾਹ ਲੈਣ ਦੇ ਕਾਰਨ ਮਹਾਰਾਜੇ ਨੂੰ ਕਾਮਯਾਬੀ ਨਾ ਹੋ ਸਕੀ, ਜਿਸ ਕਰ ਕੇ ਸਾਰਾ ਦਿਨ ਲੜਾਈ ਹੁੰਦੀ ਰਹੀ। ਇਸ ਹਾਲਤ ਵਿਚ ਤ੍ਰਿਕਾਲਾਂ ਹੋਣ 'ਤੇ ਮਹਾਰਾਜੇ ਨੂੰ ਜਿੱਤ ਦਾ ਫ਼ਿਕਰ ਹੋਇਆ, ਕਿਉਂਕਿ ਜੰਗ ਸ਼ੁਰੂ ਹੋਣ ਤੋਂ ਪਹਿਲਾਂ ਉਹਨਾਂ ਨੇ ਅਰਦਾਸਾ ਕਰਨ ਵੇਲੇ ਪ੍ਰਣ ਕੀਤਾ ਸੀ ਕਿ ਮੈਂ ਭੱਟੀਆਂ ਨੂੰ ਸੂਰਜ ਛਿਪਣ ਤੋਂ ਪਹਿਲਾਂ ਪਹਿਲਾਂ ਫ਼ਤਹ ਕਰ ਲਵਾਂਗਾ। ਦੂਜੇ ਇਕ ਗੱਲ ਇਹ ਵੀ ਸੀ ਕਿ ਜੇ ਉਹ ਦਿਨ ਐਂਵੇ ਹੀ ਚਲਿਆ ਜਾਂਦਾ ਤੇ ਫ਼ਤਹ ਹਾਸਲ ਨਾ ਹੁੰਦੀ ਤਾਂ ਭੱਟੀਆਂ ਨੂੰ ਆਸ ਪਾਸ ਦੇ ਇਲਾਕੇ ਵਿਚੋਂ ਕੁਮਕ ਪੁੱਜਣ ਦੀ ਸੰਭਾਵਨਾ ਸੀ। ਜੇ ਉਨ੍ਹਾਂ ਨੂੰ ਇਸੇ ਤਰ੍ਹਾਂ ਮਦਦ ਮਿਲ ਜਾਂਦੀ ਤਾਂ ਉਹ ਕਿਸੇ ਤਰ੍ਹਾਂ ਵੀ ਜਿੱਤੇ ਨਹੀਂ ਸੀ ਜਾ ਸਕਦੇ। ਇਸ ਲਈ ਮਹਾਰਾਜੇ ਨੇ ਕਰਤਾਰ ਦਾ ਨਾਮ ਲੈ ਕੇ ਇਕ ਵੇਰ ਫੇਰ ਹੱਲਾ ਕਰਨ ਦਾ ਹੁਕਮ ਦੇ ਦਿੱਤਾ ਤੇ ਖ਼ੁਦ (ਕਈ ਬ੍ਰਿਧਾਂ ਦੇ ਕਥਨ ਅਨੁਸਾਰ) ਅਰਦਾਸ ਕਰਨ ਵਿਚ ਜੁਟ ਗਏ। ਅਚਾਨਕ ਉਨ੍ਹਾਂ ਨੇ ਜਦ ਦੇਖਿਆ ਤਾਂ ਦੋ ਘੜੀ ਦਿਨ ਅਜੇ ਬਾਕੀ ਰਹਿੰਦਾ ਸੀ ਤੇ ਹਮਲਾ ਕਰਨ 'ਤੇ ਉਹ ਗੜ੍ਹੀ ਫ਼ਤਹ ਹੋ ਗਈ। ਕਵੀ ਕੇਸ਼ੋਦਾਸ ਨੇ ਮਹਾਰਾਜੇ ਦੀ ਇਸ ਕਰਾਮਾਤ ਨੂੰ ਹੇਠ ਲਿਖੇ ਸ਼ਬਦਾਂ ਵਿਚ ਮੰਨਿਆ ਹੈ:-

ਦਿਵਸ ਬਢ੍ਯੋ; ਜਾਨੈ ਜਗਤੋ, ਕ੍ਰਿਪਾ ਕਰੀ ਬ੍ਰਿਜਰਾਇ।
ਅਮਰ ਸਿੰਘ ਮਹਾਰਾਜ ਕੇ, ਸੂਰਜ ਭਯੋ ਸਹਾਇ ॥੩੪॥

ਤੇ ਪਟਿਆਲਾ ਦਰਬਾਰ ਦੇ ਇਕ ਹੋਰ ਕਵੀ ਨੇ ਵੀ, ਜਿਸ ਦਾ ਨਾਮ ਭਾਈ ਦਲ ਸਿੰਘ ਸੀ, ਆਪਣੀ 'ਅਨੰਦ ਪ੍ਰਕਾਸ਼ ਸਤਸਈ' ਵਿਚ ਇਸ ਕਰਾਮਾਤ ਉਤੇ ਇਸ ਤਰ੍ਹਾਂ ਸਹੀ ਹੋਣ ਦੀ ਮੁਹਰ ਲਾਈ ਹੈ:-

ਜਾਕੋ ਸਮਰ[1] ਨਿਹਾਰ ਕਰਿ, ਚਲਤ ਰੁਕਤ ਭੋ ਭਾਨ ।
ਜੁਗਲ[2] ਮੁਹੂਰਤ ਠਾਢ ਭੋ, ਜਾਨਤ ਸਗਰ ਜਹਾਨ ॥

ਮਹਾਰਾਜਾ ਅਮਰ ਸਿੰਘ ਦੇ ਤਪ ਤੇਜ ਅੱਗੇ ਸੂਰਜ ਦਾ ਰੁਕਣਾ ਤੇ ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ ਨੂੰ ਅਟਕ ਦਰਿਆ ਨੇ ਰਾਹ ਦੇਣਾ, ਇਹ ਦੋ ਪੰਜਾਬ ਦੀਆਂ ਰਹਸਜਪੂਰਿਤ ਇਤਿਹਾਸਿਕ ਘਟਨਾਵਾਂ ਹਨ ।

ਜਦ ਮਹਾਰਾਜਾ ਅਮਰ ਸਿੰਘ ਜੀ ਨੇ ਬਿੱਘੜਾਂ ਦੇ ਮੈਦਾਨ ਵਿਚ ਪੂਰੀ ਤਰ੍ਹਾਂ ਜਿਤ ਪ੍ਰਾਪਤ ਕਰ ਲਈ ਤਾਂ ਰਾਜਾ ਅਤੇ ਪ੍ਰਜਾ ਦੋਹਾਂ ਵਲੋਂ ਖੁਸ਼ੀ ਮਨਾਈ ਗਈ[3] ਤੇ :-

ਰਾਣੀ ਮੁਹੰਮਦ ਅਮੀਨ ਕੀ, ਤਜਯੋ ਹਿਯੇ ਤੇ ਖੋਟ ।
ਮਹਾਰਾਜ ਕੋ ਦੇ ਮਿਲੀ, ਫਤਿਹਾਬਾਦ ਕੋ ਕੋਟ ॥
ਥਾਨਾ ਤਹਾਂ ਬਿਠਾਇ ਕੈ, ਮੁਲਕ ਮਿਲਾਵਨ ਕਾਜ ।
ਬਿਘੜੇ ਤੇ ਤਿਗੜੇ ਚਲਯੋ, ਅਮਰ ਸਿੰਘ ਮਹਾਰਾਜ ॥

ਫਤਿਹਾਬਾਦ ਦਾ ਕਬਜ਼ਾ ਕਰਨ ਤੋਂ ਬਾਦ ਮਹਾਰਾਜਾ ਅਮਰ ਸਿੰਘ ਨੇ ਸਰਸਾ ਗੜ੍ਹ ਨੂੰ ਜਾ ਲਿਆ। ਇਸ ਤਰ੍ਹਾਂ ਭੱਟੀਆਂ ਦਾ ਲਗਭਗ ਸਾਰਾ ਹੀ ਇਲਾਕਾ ਮਹਾਰਾਜੇ ਦੀ ਹਕੂਮਤ ਵਿਚ ਸ਼ਾਮਿਲ ਹੋ ਗਿਆ। ਖ਼ਲੀਫਾ ਮੁਹੰਮਦ ਹਸਨ ਦੀ ਲਿਖਤ ਦੇ ਅਨੁਸਾਰ ਇਸ ਜੰਗ ਵਿਚ ਭੱਟੀਆਂ ਦੇ ੧੪੦੦ ਜਵਾਨ ਮਾਰੇ ਗਏ ਤੇ ਮਹਾਰਾਜਾ ਪਟਿਆਲਾ ਦੇ ਕੇਵਲ ਇਕ ਸੌ ੧੦੦ਬਹਾਦੁਰ ਖੇਤ ਰਹੇ। (ਦੇਖੋ, ਤਾਰੀਖ਼ ਪਟਿਆਲਾ)

ਸਰਸਾ ਗੜ੍ਹ ਦੇ ਨਾਲ ਹੀ ਸਰਕਾਰ ਬੀਕਾਨੇਰ ਦੀ ਹੱਦ ਲਗਦੀ ਸੀ। ਜਦ ਮਹਾਰਾਜੇ ਨੇ ਸਰਸਾ ਗੜ੍ਹ ਉਤੇ ਕਬਜ਼ਾ ਕੀਤਾ ਤਾਂ ਮਹਾਰਾਜਾ ਰਾਜ ਸਿੰਘ ਜੀ ਬੀਕਾਨੇਰ ਵਾਲੇ ਇਸ ਖਿਆਲ ਨਾਲ ਪ੍ਰਭਾਵਿਤ ਹੋ ਕੇ ਕਿ ਕਿਸੇ ਤਰ੍ਹਾਂ ਪਟਿਆਲੇ ਦੀਆਂ ਫੌਜਾਂ ਤੋਂ ਉਹਨਾਂ ਦੇ ਇਲਾਕੇ ਨੂੰ ਕੋਈ ਨੁਕਸਾਨ ਨ ਪੁਜੇ, ਫੌਰਨ ਮਹਾਰਾਜਾ ਅਮਰ ਸਿੰਘ ਨੂੰ ਆ ਮਿਲੇ ਤੇ ਮਿਤ੍ਰਤਾ ਗੰਢ ਲਈ। ਕਵੀ ਕੇਸ਼ਵਦਾਸ ਨੇ ਇਨ੍ਹਾਂ ਦੋਹਾਂ ਮਹਾਰਾਜਿਆਂ ਦਾ ਆਪਸ ਵਿਚ ਮੇਲ ਕਰਵਾਕੇ ਅੰਤ ਦੇ ਤਿਹੁ ਛੰਦਾਂ ਵਿਚ ਹੀ ਵਾਰ ਖ਼ਤਮ ਕਰ ਦਿਤੀ ਹੈ ਤੇ ਅਖੀਰ ਵਿਚ ਕੋਈ ਸੰਨ-ਸੰਮਤ ਨਹੀਂ ਦਿਤਾ, ਜਿਸ ਤੋਂ ਵਾਰ ਦੇ ਰਚੇ ਜਾਣ ਦੇ ਸਮੇਂ ਦਾ ਪਤਾ ਲੱਗ ਸਕੇ। ਇਸ ਵਾਰ ਦੀ ਵਿਬਾਰਤ ਤੇ ਇਸਿਹਾਸਿਕ ਘਟਨਾਵਲੀ ਤੋਂ ਪ੍ਰਗਟ ਹੁੰਦਾ ਹੈ ਕਿ ਇਹ ਵਾਰ ਕਵੀ ਨੇ ਭਟਿਆਨੇ ਦੇ ਇਸ ਜੰਗ ਤੋਂ ਥੋੜ੍ਹਾ ਚਿਰ ਪਿੱਛੋਂ ਹੀ ਲਿਖੀ ਹੋਵੇਗੀ। ਇਹ ਵਾਰ ਰਿਆਸਤ ਪਟਿਆਲੇ ਦੇ ਇਤਿਹਾਸ ਵਾਸਤੇ ਇਕ ਕੀਮਤੀ ਚੀਜ਼ ਹੈ।

---

੧. ਲੜਾਈ। ੨. ਦੋ।
੩. ਦੇਖੋ, ਤ੍ਵਾਰੀਖਿ ਪਟਿਆਲਾ ਕ੍ਰਿਤ ਸਯਦ ਮੁਹੰਮਦ ਹਸਨ।

੧ੴ ਸਤਿਗੁਰ ਪ੍ਰਸਾਦਿ ॥

# ਅਥ ਵਾਰ ਅਮਰ ਸਿੰਘ ਕੀ ਲਿਖਯਤੇ

ਦੋਹਰਾ ॥

ਗੁਰੂ ਗਣੇਸ ਗੌਰੀਸ਼ ਸੁਤ, ਮਤਿ ਸਾਗਰ ਸੁਖ ਧਾਮ ।
ਪ੍ਰਥਮ ਤੋਹਿ ਬੰਦਨ ਕਰੋਂ, ਲੇਹੂੰ ਬੁੱਧਿ ਗੁਣ ਗ੍ਰਾਮ ॥੧॥
'ਠਾਰਾਂ ਸੈ ਸੁ ਇਕਤ੍ਰਿਯਹਿ, ਪੂਸ ਮਾਸ ਚਿਤ ਧਾਰ ।
ਪਾਰਥ ਜਯੋਂ ਭਾਰਤ ਭਯੋ, ਬਰਨੋਂ ਜੁੱਧ ਅਪਾਰ ॥੨॥

ਸੋਰਠਾ ।

ਭੱਟੀ ਮਨ ਮਗਰੂਰ, ਨਿੱਤ ਮੁਲਕ ਲੂਟਤ ਰਹੈਂ ।
ਯਹ ਗਤਿ ਧਰਮ ਸੈ ਦੂਰ, ਅੱਤ ਦਈ ਭਾਵੈ ਨਹੀਂ ॥੩॥

ਕਬਿੱਤ ।

ਆਦਿ ਕੇ ਮਵਾਸੀ, ਕੰਦਰਾ ਕੈ ਸਭ ਬਨਬਾਸੀ,
ਹਤੇ ਕਈ ਬਾਰ ਨਾਹਿ ਰੰਚ ਭਯ ਪਾਯੋ ਹੈ ।
ਕਰਤ ਕਜ਼ਾਕੀ ਮਾਰ ਮੁਲਕ ਮੈਂ ਨ ਛਾਡੀ ਬਾਕੀ,
ਰਹੈਂ ਸਦਾ ਆਕੀ ਫੌਜਦਾਰਨ ਹਰਾਯੋ ਹੈ ।
ਰਾਜਾ ਅਮਰ ਸਿੰਘ ਜੂ ਨੇ ਬਸੁਧਾ ਕੀ ਇੱਛਾ ਹੇਤ,
ਸੈਨਨ ਪਠਾਇ ਤਿਨ ਗਰਬ ਗਵਾਯੋ ਹੈ ।
ਤਾਹੀ ਪੈ ਨ ਜਾਨੈ ਭਯ ਕਾਹੂ ਕੋ ਨ ਮਾਨੈ,
ਅਹੋ ! ਹੋਣਹਾਰ ਹੋਨੀ ਹੂੰ ਨੇ ਤਿਨੈਂ ਭਰਮਾਯੋ ਹੈ ॥੪॥

ਸੋਰਠਾ ।

ਰਾਨੀ ਮਤਿ ਅਧਿਕਾਇ, ਅਮਰ ਸਿੰਘ ਮਹਾਰਾਜ ਕੀ ।
ਜਿਨ ਯਹ ਕਿਯੋ ਉਪਾਇ, ਭੱਟੀ ਮਾਰੇ ਚਾਹੀਐ ॥੫॥

ਕਬਿੱਤੁ ॥

ਇੰਦ੍ਰ ਕੇ ਸਚੀ ਔ ਕੁਸ਼ਲਯਾ ਜੈਸੇ ਦਸਰਥ ਕੈ,
ਜਾਨਕੀ ਜੂ ਰਾਨੀ ਜੈਸੇ ਰਾਮ ਰਘੁਰਾਜ ਕੈ ॥
ਰਾਜਾ ਬਸੁਦੇਵ ਜੂ ਕੇ ਦੇਵਕੀ ਪ੍ਰਸਿਧ ਜਗ,

ਰੁਕਮਨਿ ਰਾਨੀ ਜੈਸੇ ਕਿਸ਼ਨ ਬ੍ਰਿਜਰਾਜ ਕੈ ।
ਜੈਸੇ ਰਾਜਾ ਪੰਡੁ ਜੂ ਕੇ ਪਟਰਾਨੀ ਕੁੰਤੀ ਜਾਨ,
ਦੁਰਪਤ ਸੁਤਾ[1] ਰਾਨੀ ਜੈਸੇ ਅਰਜਨ ਸੁਖ ਸਾਜ ਕੈ ।
ਮਹਾਰਾਨੀ ਜਗਰਾਨੀ ਪਟਰਾਨੀ ਸੁਖਦਾਨੀ,
ਤੈਸੇ ਬਾਮੇ ਅੰਗ ਅਮਰ ਸਿੰਘ ਮਹਾਰਾਜ ਕੈ ॥੬॥

ਸਵੈਯਾ ॥

ਸਤ ਪੁਤ੍ਰਿ ਸੁਰਾਜ ਕੀ ਰੀਤਿ ਬਿਖੇ, ਅਤਿ ਕੀਤਿ ਕਰੈ ਜਿਮ ਬੇਦ ਬਤਾਯੋ।
ਪਾਰਥ[2] ਜਯੋਂ ਚਿਤ ਮੈਂ ਉਤਸਾਹ ਸੁ, ਦਾਨ ਮਾਹਿ ਬਲ ਕੂੰ[3] ਸੁ ਲਜਾਯੋ।
ਬ੍ਰਿਧਿ ਕੋ ਗ੍ਰਿਹ ਬਨੀ ਨ੍ਰਿਪ ਭੌਜ, ਜੂ, ਕੇਸ਼ਵ ਦਾਸ ਯਹੀ ਮਤਿ ਆਯੋ ।
ਰਾਨਿ ਸਬੈ ਪੁਰਖੱਤਨ ਪੂਰਨ[4] ਭੂਲ ਗਯੋ ਬਿਧ ਤੀਯ[5] ਬਨਾਯੋ ॥੭॥

ਛਪਯ ।

ਤਿਨ ਰਾਨੀ ਮਤਿਵੰਤ, ਸੁਮਤਿ ਸੋ ਮਤੋ ਉਪਾਯੋ ।
ਮੁਨਸ਼ੀ ਔਰ ਦਿਵਾਨ, ਬੇਗ ਨਿਜ ਨਿਕਟ ਬੁਲਾਯੋ ।
ਭੱਟੀ ਮਹਾਂ ਮਲੇਚ, ਸਦਾ ਗੋ ਦੀਨ ਸਤਾਵੈਂ ।
ਜਿਹ ਕੋ ਅਧਿਕ ਤ੍ਰਾਸ, ਪਥਿਕ ਪੈਂਡਾ ਨ ਪਾਵੈਂ ।
ਯਹਿ ਉਪਾਵ ਨੀਕੋ ਅਧਿਕ, ਭੱਟੀ ਪੈ ਚਢਿ ਬਾਂਧਯੋ ।
ਰਾਖਸ ਮਾਰਿ ਨਿਕਾਰ ਕੈ, ਧਰਮ ਰਾਜ ਤਬ ਸਾਂਧਯੋ ॥੮॥
ਨਾਨਕ ਚੰਦ ਦਿਵਾਨ, ਸੂਰ ਸਾਵੰਤ ਸਵਾਯੋ ।
ਮੰਤ੍ਰ ਕਰਯੋ ਯੁਵਰਾਜ, ਭਲੋ ਯੋਂ ਲਿਖਯੋ ਪਠਾਯੋ ।
ਭੱਟੀ ਪੈ ਚਢ ਚਲੋ, ਯਾਹਿ ਮੈਂ ਬਿਲਮ ਨ ਕੀਜੈ ।
ਰਾਖਸ ਮਾਰਿ ਨਿਕਾਰਿ, ਚੈਨ ਪਰਜਾ ਕੋ ਦੀਜੈ ।
ਢੋਡਾਂ ਮੈਂ ਮਹਾਰਾਜ ਮੈ, ਯਹੀ ਮੰਤ੍ਰ ਪਰਮਾਨ ਕਿਯ ।
ਤਿਹ ਕੋ ਲਿਖਯੋ ਸੁ ਬਾਚ ਕੈ, ਪਤ੍ਰੋੱਤਰ ਲਿਖ ਪਠ ਸੁ ਦਿਯ।੯।

ਦੋਹਰਾ ।

ਜਾਨ ਆਪ ਮਹਾਰਾਜ ਨੈ, ਨਾਨੂ ਸਿੰਘ[6] ਬੁਲਾਇ ।
ਮੁਨਸ਼ੀ ਔਰ ਦੀਵਾਨ ਯੇ, ਦੀਨੋ ਬੇਗ ਪਠਾਇ ॥੧੦॥

---

੧. ਰਾਜਾ ਦਰੁਪਦ ਦੀ ਪੁਤ੍ਰੀ ਕ੍ਰਿਸ਼ਨਾ (ਦ੍ਰੋਪਦੀ) ।
੨. ਪਾਰਥ (ਪ੍ਰਿਥਾ ਦਾ ਪੁਤ੍ਰ) = ਅਰਜਨ (ਤੀਜਾ ਪਾਂਡਵ) ।
੩. ਰਾਜਾ ਬਲ, ਜੋ ਬੜਾ ਦਾਨੀ ਸੀ । ਇਸ ਦਾ ਜ਼ਿਕਰ ਭਾਈ ਗੁਰਦਾਸ ਜੀ ਨੇ ੧੦ ਵੀਂ ਵਾਰ ਵਿਚ ਕੀਤਾ ਹੈ । ੪. ਹਰ ਤਰ੍ਹਾਂ ਦੇ ਮਰਦਊ ਸਹਿਤ ।
੫. ਇਸਤ੍ਰੀ । ੬. ਸ: ਨਾਨੂ ਸਿੰਘ ਸੈਣੀ ।

ਹਮ ਇਤ ਤੈ ਮੂਨਕ ਚਲੈਂ, ਤੁਮ ਆਇਓ ਤਤਕਾਲ ।
ਮੂਨਕ ਕੈ ਸੁ ਮੁਕਾਮ ਮੈਂ, ਮਿਲਿਯੋ ਆਇ ਉਤਾਲ ॥੧੧॥
ਯਹਿ ਉਪਾਵ ਬੁਧਵਾਨ ਕੋ, ਧਰਯੋ ਤੁਰਤ ਨਿਜ ਕਾਨ ।
ਅਮਰ ਸਿੰਘ ਤਬ ਹੀ ਚਢਯੋ, ਜਿਮ ਗ੍ਰੀਖਮ ਕੋ ਭਾਨ ॥੧੨॥

ਬਾਰ ਛੰਦ (ਪਉੜੀ)

ਚੜ੍ਹਤ ਰਾਮ[7] ਨੂੰ ਸੱਦ ਕੇ ਸੁਭ ਜੋਗ ਦਿਖਾਇਆ ।
ਡੋਡਾਂ[8] ਤੇ ਚੜ੍ਹ ਚੱਲਿਆ, ਸਤਿਗੁਰੂ ਮਨਾਇਆ ।
ਚਮੂ[9] ਚਲੀ ਚਤੁਰੰਗਨੀ,[10] ਕਿਨੀ ਅੰਤ ਨ ਆਇਆ ।
ਘੋਰਨ ਕੀ ਖੁਰ ਤਾਲ ਸੋਂ, ਸੂਰਜ ਰਜ ਛਾਇਆ ।
ਫੂਲ ਬੰਸ ਗਰ ਰਾਜ ਥਿਰ, ਸਭ ਜਗ ਸੁਖ ਪਾਇਆ ।
ਅਮਰ ਸਿੰਘ ਰਾਜਾ ਸੁਭਟ,[11] ਹੁਣ ਦ੍ਰਿੜ੍ਹ ਹੈ ਆਇਆ ।
ਓਥੇ ਕੀਤੀ ਸਾਖਤੀ, ਤਾਜੀ ਪਿੰਡ ਬਾਇਆ ।
ਚੜ੍ਹ ਕੈ ਚਲਜਾ ਸੂਰਮਾ, ਕਹੀਂ ਨਹੀਂ ਠਹਿਰਾਇਆ ।
ਮਾਨੋ ਕੁੰਭਜ[12] ਸੁ ਕੋਪ ਕੈ, ਨਿਧਿ[13] ਸੋਖਨ ਧਾਇਆ ।
ਰਾਜਨ ਪਤੀ ਰਾਜਾ ਬਲੀ, ਆ ਮੂਨਕ ਛਾਇਆ ॥੧੩॥

ਛੰਦ ਪਲਵੰਗਮ ।

ਪਟਿਆਲੇ ਚੜ੍ਹ ਚਲਾ, ਸੁ ਨਾਨਕ ਚੰਦ ਕਰ ।
ਚਮੂ ਸਾਜਿ ਚਤੁਰੰਗ, ਘੋਰ ਨਿਸ਼ਾਨ ਕਰ ।
ਸੂਰਬੀਰ ਨਰ ਜੰਗੀ ਲਏ ਬੁਲਾਇ ਤਟ ।
ਪਰਮ ਬੁੱਧ ਪ੍ਰਬੀਨ, ਬਡੇ ਜੋਧਾ ਸੁਭਟ ।
ਲਈ ਤੋਪ ਸਭ ਸੰਗ ਕੋਪ ਕਰ ਧਾਯੋ ।
ਸ਼ੁਤਰ ਨਾਲ ਅਰ ਬਾਨ, ਬਹੁਤ ਭੈ ਪਾਯੋ ।
ਗਹੀ ਸੂਤ ਤਰਵਾਰ ਸ੍ਵਾਮੀ ਕੈ ਕਾਜ ਹੀ ।
ਜੋ ਹੇਰਤ ਹੈ ਸ਼ਤ੍ਰ ਸੁ ਤੁਰਤੈ ਭਾਜ ਹੀ ।

---

੭. ਪਟਿਆਲੇ ਦਾ ਪ੍ਰਸਿਧ ਜੋਤਸ਼ੀ ।
੮. ਢੋਡਿਆਂ ਦਾ ਦੂਜਾ ਨਾਉਂ ਭਵਾਨੀਗੜ੍ਹ ਮਸ਼ਹੂਰ ਹੈ । ੯. ਫੌਜ ।
੧੦. ਚਾਰ ਅੰਗਾਂ ਵਾਲੀ ਫੌਜ, ਅਰਥਾਤ-ਉਹ ਫੌਜ ਜਿਸ ਵਿਚ ਰਥ-ਸਵਾਰ, ਹਾਥੀ-ਸਵਾਰ, ਘੋੜ-ਸਵਾਰ ਅਤੇ ਪੈਦਲ ਸਿਪਾਹੀ ਸ਼ਾਮਲ ਹੋਣ । ੧੧. ਚੰਗਾ ਸੂਰਮਾ ।
੧੨. ਕੁੰਭ ਤੋਂ ਪੈਦਾ ਹੋਏ ਵਸਿਸ਼ਟ ਤੇ ਅਗਸਤ ਮੁਨੀ । ਪੁਰਾਣਾਂ ਦਾ ਕਥਨ ਹੈ ਕਿ ਅਗਸਤ ਮੁਨੀ ਨੇ ਢਾਈ ਚੂਲੀਆਂ ਨਾਲ ਸਮੁੰਦਰ ਦਾ ਸਾਰਾ ਪਾਣੀ ਪੀਤਾ ਤੇ ਪਿੱਛੋਂ ਪਿਸ਼ਾਬ ਕਰਕੇ ਕੱਢ ਦਿੱਤਾ ਸੀ, ਜਿਸ ਕਰ ਕੇ ਸਮੁੰਦਰ ਖਾਰਾ ਹੈ । ੧੩. ਸਮੁੰਦ੍ਰ ।

ਬਾਜ ਸਾਜ ਲਿਯੇ ਸੰਗ, ਔ ਪੈਦਲ ਸੁ ਦਰ ।
ਸੈਨ ਸਹਿਤ ਸਾਮਾਨੈ[14] ਆਯੋ ਸੂਰਨਰ ॥੧੪॥

ਦੋਹਰਾ ।

ਸਾਮਾਨੈ ਤੇ ਭੋਰ ਹੀ, ਚੜ੍ਹਯੋ ਹਿਯੇ ਕਰ ਚਾਵ ।
ਮੂਨਕ[15] ਮੈਂ ਸੁ ਮੁਲਾਜ਼ਮਤ, ਕਰੀ ਰਾਜ ਕੀ ਆਵ ॥੧੫॥
ਮੂਨਕ ਮੈਂ ਸੁ ਮੁਕਾਮ ਕਰਿ, ਸਾਜ ਲਈ ਸਭ ਸੈਨ ।
ਬਧ ਕਰ ਚੜ੍ਹਯੋ ਸੁ ਅਰਿ ਕੋ ਬਧਨ ਰੋਸ, ਰਿਸ ਨੈਨ ॥੧੬॥

ਬਾਰ ਛੰਦ ।

ਅਮਰ ਸਿੰਘ ਦੀ ਤੇਗ ਨੂੰ, ਕੁਲ ਆਲਮ ਜਾਣੇ ।
ਜਿਸ ਨੇ ਦੁਸ਼ਮਨ ਬਸ ਕਰੇ, ਕੋਈ ਤਾਬ ਨ ਆਣੇ ।
ਰਾਜ ਕਾਜ ਭੁਜ ਬਲ ਕਿਯੋ, ਜਗ ਕਿੱਤਿ ਬਖਾਨੈ ।
ਨਿਆਵ ਕਰੈ, ਅਤਿ ਨਿਤਿ, ਦੂਧ ਤੇ ਪਾਨੀ ਛਾਨੈ ।
ਜਾਲਮ ਕੋਇ ਨ ਛਡਿਆ, ਜਿਨ ਅਪਨੈ ਜਾਨੈ ।
ਲੱਥੇ ਪੈਦਲ ਬਲ ਸਹਿਤ, ਹੁਣ ਸਹਿਰ ਟੁਹਾਨੈ ।
ਆਇ ਬਹੁਨੈ ਪਹੁਤੀਆਂ, ਮਨ ਮਤਾ ਮਤਾਇਆ ।
ਸਭੀ ਜਟਾਪਤਿ ਦੇਸ ਘੇਰ, ਇਹ ਹੁਕਮ ਚਲਾਇਆ ।
ਫਤੇ ਬੁਲਾਈ ਚਾਉ ਸੋ, ਕਿਯ ਕਟਕ ਸਵਾਇਆ ।
ਠਾਠ ਸੁਨਯੋ ਜਦ ਜੁੱਧ ਨੋ, ਮਹਾਰਾਜ ਰਿਸਾਇਆ ।
ਗੋਰਖ ਪੁਰ ਕੇ ਗੋਇਰੇ, ਆ ਡੇਰਾ ਲਾਇਆ ॥੧੭॥

ਦੋਹਰਾ ॥

ਜਾ ਠਾਢਯੋ ਤਹਿ ਅਤਿ ਭਯੋ, ਗਾਮ ਗਾਮ ਆਨੰਦ ।
ਤਿਮਰ ਹਰਣ ਕਾਰਣ ਕਰਣ, ਚੜ੍ਹਯੋ ਜਿਮ ਦੁਤਿ ਚੰਦ ॥੧੮॥

ਸਵੈਯਾ ।

ਚਾਨਕ ਹੀ ਇਕ ਜਾਟ ਕੋਊ, ਮਹਾਰਾਜ ਕੀ ਢੋਡੇ ਆਨ ਪੁਕਾਰੋ ।
ਕਾਨਨ ਮੈਂ ਪਲ ਭੱਛ ਸੁ ਰਾਜਤ, ਗਊਅਨ ਕੋ ਦੁਖ ਦੇਤ ਹੈ ਭਾਰੋ ।
ਰਾਜਾ ਚਢਯੋ ਮ੍ਰਿਗਰਾਜ ਕੇ ਹੇਤ, ਸੁ ਤਾਹੀ ਸਮੇਂ ਯਹ ਭੇਦ ਵਿਚਾਰੋ ।
ਧਾਇਕੇ ਯੌਂ ਮ੍ਰਿਗਏਸ਼ ਸੰਘਾਰ, ਸੁ ਭਾਗੇ ਨਹੀਂ ਯਹ ਭੀ ਚਢ ਮਾਰੋ ॥੧੯॥

ਦੋਹਰਾ ।

ਸਭੀ ਲੋਗ ਸੁਨ ਫੌਜ ਕੇ, ਜਬ ਯਹ ਕਿਯੋ ਵਿਚਾਰ ।
ਸਤਿਗੁਰ ਕੇ ਪ੍ਰਤਾਪ ਸੇ, ਬਿਘੜੇ ਲੈ ਹੋਂ ਮਾਰ ॥੨੦॥

---

੧੪. ਸਆਣਾ । ੧੫. ਰਿਆਸਤ ਪਟਿਆਲਾ ਦੇ ਪ੍ਰਸਿੱਧ ਕਸਬੇ ।

ਧਾਏਗੜ੍ਹ ਆ ਡੇਰਾ ਕਿਯੋ, ਅਮਰ ਸਿੰਘ ਮਹਾਰਾਜ ।
ਬੀਘੜਿ ਮਤਿ ਮਗਰੂਰ ਨੇ, ਕਿਯੋ ਜੁੱਧ ਕੋ ਸਾਜ ॥੨੧॥

ਛਪਯ ।

ਬੀਘੜ ਕਿਯੋ ਗਰੂਰ, ਬੀਰ ਮਹਾਰਾਜ ਸੋਂ ਜੁਰ ਹੈਂ ।
ਕਹੈਂ ਗਰਬ ਕੀ ਬਾਤ[੧੬] ਜੁਧ ਮਿਲਿ ਸਨਮੁਖ ਕਰ ਹੈਂ।
ਅਮਰ ਸਿੰਘ ਮਹਾਰਾਜ, ਉਨ੍ਹੈਂ ਜਿਉਂ ਜਿਉਂ ਸਮਝਾਵੈਂ ।
ਤਿਉਂ ਤਿਉਂ ਮੂੜ ਮਲੇਛ, ਨੈਨ ਮਨ ਮੈਂ ਨ ਲਜਾਵੈਂ ।
ਠਾਠਯੋ ਠਾਠ[੧੭] ਸੰਗ੍ਰਾਮ ਕੋ, ਮਨ ਅਭਿਮਾਨ ਬੰਧਯੋ ਵਹੈ।
ਔਰ ਠਾਠ ਠਠਿਯੋ ਰਹੈ, ਠਾਕੁਰ ਠਨੀ ਸੁ ਹ੍ਵੈ[੧੮] ਵਹੈ ॥੨੨॥

ਪਾਧੜੀ ਛੰਦ ।

ਅਮਰ ਸਿੰਘ ਚਢ ਚਲਯੋ ਭੂਪ ।
ਅਤ ਤੇਜਵੰਤ ਸੁੰਦਰ ਸਰੂਪ ।
ਜਹਾਂ ਬਜਯੋ ਦਮਾਮਾ ਘੋਰ ਘਾਰ ।
ਸਭ ਚਢੀ ਸੈਨ ਸ਼ਸਤ੍ਰ ਸੰਭਾਰ ।
ਸੂਰਨ[੧੯] ਬੂਰਨ ਅਰ ਪੀਤ ਰੰਗ ।
ਫਹਿਰੈਂ ਧੁਜਾ ਨਿਸ਼ਾਨ ਸੰਗ ।
ਮੈਂਗਲ[੨੦] ਚਲਤ ਤਹਾਂ ਅਤਿ ਗ੍ਰਬੰਤ ।
ਸਮ ਸਜਾਮ ਅੰਗ ਉੱਜਲ ਮੁਦੰਤ ।
ਸੁੰਦਰ ਸੰਧੂਰ ਰਾਜੈਂ ਸੁ ਭਾਲ ।
ਗਜ਼ਗਾਹ ਘੋਰ ਚੁੰਦਾ ਰਸਾਲ ।
ਅੰਬਾਰੀ ਚਲ ਚਲੈਂ ਸੁ ਰੰਗ ।
ਪੁਨਿ ਮੇਘ ਅਡੰਬਰ ਲਿਯੇ ਸੁ ਢੰਗ ।
ਸਮ ਸਜਾਮ ਕਰਣ ਕੋਤਲ ਅਪਾਰ ।
ਸੋਈ ਤਰਲ ਬੈਦ ਬਰਨੈ ਸੁਚਾਰ ।
ਸੁਰਬੇ ਸੁੰਜਾਬ ਚੌਧਰ ਬਖਾਨ ।
ਕੁਮੈਤ ਮਨਤਮ ਪੰਚਾ-ਕਲਾਨ ।
ਸਮੰਦ ਸੌਦਨ ਰੰਗ ਬਿਲੌਰ ।
ਸੁਰਮਈ ਕਰੈ ਗਰਡੈ ਸੁ ਮਰੋਰ ।
ਫੇਲ ਕਰ ਮੁਤਕਾ ਜਰਦ ਰੰਗ ।

---

੧੬. ਹੰਕਾਰ ਦੀਆਂ ਗੱਲਾਂ । ੧੭. ਬਣਾਇਆ, ਸਾਜਿਆ । ੧੮. ਹੋਵੇ ।
੧੯. ਪੀਲੇ ਰੰਗ ਦੀਆਂ । ੨੦. ਹਾਥੀ।

ਬਲਬੀਰ ਅਰੁ ਕਛੀ ਸੁਠ ਸੁਰੰਗ ।
ਹੰਸ ਲਹਿਰੈਂ ਕੁਮੱਤ ਰੁਹਾਲਿ ।
ਚੰਚਲ ਬਜਤ ਸਹਿਤ ਗਾਮ ਚਾਲਿ ।
ਜ਼ਰਦੋਜ਼ੀ ਬੁਜਰੇ ਰਹੰਤ ।
ਪੂਜੀ ਅਰ ਪਟੇ ਅਤਿ ਸੁਹੰਤ ।
ਇਮ ਚਢੀ ਚੁਰੰਗ ਚਮੂ ਸਾਜ ।
ਅਬ ਜਾਹਿ ਕੇੜ੍ਹਾ ਭੱਟੀਸ ਗਾਜ ।

ਛਪਯ ।

ਗਜਪਤ ਸਿੰਘ ਨਰੇਸ, ਤੇ ਦੀਵਾਂ ਸੁਭਗ ਵਰ ।
ਬਡੋ ਸੂਰ ਸਰਦਾਰ, ਚਢਯੋ ਰਨ ਰੰਗ ਸੁ ਸਜ ਵਰ ।
ਗਜ ਤੁਰੰਗ ਪਦ ਪਸਤ, ਸਰਸ ਧਰਤੀ ਸਿੰਗਾਰੀ ।
ਸੈਨਾਨੀ ਸਭ ਸਭ ਕਰੈਂ ਅਰਿ ਕੂੰ ਪਰਹਾਰੀ ।
ਕਲ ਤਰਕਸ ਅੰਗ ਕਮਾਨ ਕਰ, ਤੀਰ ਖਪਰ ਆਯੁਧ ਸੁ ਧਰ ।
ਸੋਈ ਚਢਯੋ ਸੰਗ ਮਹਾਰਾਜ ਕੇ, ਸੂਰਬੀਰ ਰਿਸਵੰਤ ਨਰ ॥੨੩॥
ਕਿਯੋ ਜੁੱਧ ਕੋ ਸਾਜ, ਚੌਪ ਸੋਂ ਗਢੀ ਬਨਾਈ ।
ਕਈ ਸਹੰਸ੍ਰ ਦਲ ਜੁਰੇ, ਬਿਖਮਤਾ ਘੋਰ ਦਿਖਾਈ ।
ਭਯਾ ਇਕੱਠਾ ਦੇਸ, ਅਧਿਕ ਆਯੁਧ ਸੰਜੁੱਤੇ[੨੧] ।
ਖੜਗ ਬੰਦੂਖ ਕਮਾਨ, ਤੀਰ ਬਰਛੀ ਕੋ ਸੂਤੈ ।
ਜਬ ਕਹਿਤ ਬਾਤ ਅਭਿਮਾਨ ਕੀ, ਜਾਪੈ ਕਛੁ ਸ਼ੰਕਾ ਨਹੀਂ ।
ਬੀਘੜ ਗਰੂਰ ਅਤ ਹੀ ਭਰੇ, ਤਕਯੋ ਤਨਿਕ ਪਿਛਾ ਨਹੀਂ ॥੨੪॥

ਦੋਹਰਾ ॥

ਦੋ ਦਲ ਭਏ ਮੁਕਾਬਲਾ, ਭੱਟੀ ਔ ਬੈਰਾਰ ।
ਲੋਹ ਕਰੇਂ ਜਾ ਸੂਰਮੇ, ਕਾਇਰ ਭਾਜੇ ਹਾਰ ॥੨੫॥
ਅਮਰ ਸਿੰਘ ਮਹਾਰਾਜ ਕੋ, ਨਾਨਕ ਚੰਦ ਦੀਵਾਨ ।
ਦਯਾ ਲਾਲ ਮੁਨਸ਼ੀ ਪ੍ਰਗਟ, ਇਲਮ ਅਕਲ ਕੀ ਖਾਨ ॥੨੬॥

ਛਪਯ ॥

ਜਿਤ ਅਠ ਖੰਡ ਹਤਿਆਰ, ਘਨੇ ਨਿਬਲ ਜਿਨ ਕਿਯੇ ਬਸ ।
ਭਯ ਵਸ ਭਏ ਸੁਰਾਠ, ਮਾਰਿ ਸਭ ਲਿਯੋ ਸੁ ਸਰਕਸ ।
ਗੋਲਾ ਹਡ ਗੁਮਰਾਹਿ, ਤਾਹਿ ਕੋ ਗਰਬ ਗਵਾਯੋ ।
ਪਾਇਲ ਥਾਨਾ ਕਿਯੋ, ਔਰ ਰਯਤ ਸੁ ਵਸਾਯੋ ।
ਦੀਵਾਨ ਸੁ ਨਾਨਕ ਚੰਦ ਵਰ, ਨਰ ਬੁਧਵੰਤ ਸਾਵੰਤ[੨੨] ਸਹੀ ।

---

੨੧. ਹਥਿਆਰਾਂ ਸਹਿਤ । ੨੨. ਸਾਮੰਤ, ਸਰਦਾਰ ।

ਕਰ ਬਾਰ[23] ਕਲਮ ਕਰਤਾਰ ਨਿਜ, ਕਿਰਪਾ ਕਰ ਤਾ ਕੋ ਦਈ ॥੨੭॥
ਦਯਾ ਲਾਲ ਦਯਾਵੰਤ, ਔਰ ਦਯਾਨਤ ਦਾਰ ਨਰ ।
ਚਿੱਤ ਉਦਾਰ ਸਰਦਾਰ, ਕਿਯੋ ਕਰਤਾਰ ਕਲਾਧਰ ।
ਕਾਰਬਾਰ ਸਰਕਾਰ, ਕਰਤ ਅਤ ਹੀ ਚਿਤ ਲਾਈ ।
ਜੌ ਲੌ ਪਾਰ ਬਸਾਇ, ਲੇਤ ਜਗ ਮੈਂ ਭਲਿਆਈ ।
ਮੁਨਸ਼ੀ ਦ੍ਵਾਰ ਮਹਾਰਾਜ ਕੇ, ਨੇਕੀ ਸੇ ਜਗ ਜਸੁ ਲਿਯੋ ।
ਵਿਦ੍ਯਾ ਸੁਬੁਧਿ ਗੁਨ ਗ੍ਯਾਨ, ਸੁਬਰ ਵਿਧਾਤਾ ਤਿਹ ਦਿਯੋ ॥੨੮॥

ਸੋਰਠਾ ॥

ਬਿਘੜਾ[24] ਘੇਰਿਓ ਜਾਇ, ਅਮਰ ਸਿੰਘ ਮਹਾਰਾਜ ਨੇ ।
ਆਇ ਚਢਯੋ ਕਰਿ ਚਾਇ, ਰਣ ਬਿਬਾਦ ਦੁਜ ਦਲ ਹਰਨ ॥੨੯॥

ਭੁਜੰਗ ਛੰਦ

ਚਢਯੋ ਮਹਾਰਾਜ, ਬਜਯੋ ਸਬਲ ਡੰਕਾ ।
ਮਨੋ ਰਾਮ ਦਲ ਚਢਯੋ, ਤੋਰਨ ਸੁ ਲੰਕਾ ।
ਛੂਟੇ ਤੋਪ ਸੁ ਕੋਪ ਪਰੇ ਗੋਲੇ ।
ਮਾਨੋ ਪਕੇ ਖੇਤ ਬਰਖਤ ਓਲੇ ।
ਛੂਟੇ ਰਹਿਕਲੇ ਔ ਜੰਬੂਰੇ ਜੰਜਾਇਲ ।
ਹੂਏ ਸ਼ਤ੍ਰ ਕੀ ਸੈਨ ਕੇ ਲੋਕ ਘਾਇਲ ।
ਛੂਟੇ ਬਾਨ ਬੰਦੂਖ ਤੀਖੇ ਕਰਾਰੇ ।
ਲਰੇ ਖੇਤ ਜਸ ਹੇਤ ਜੂਟੇ ਸੂਰ ਭਾਰੇ ।
ਗਹੇ ਸੂਰ ਕ੍ਰਿਪਾਨ ਅਰ ਤੇਜ ਕੱਤੀ ।
ਚਲੀ ਰੁਧਿਰ ਸਰਿਤਾ ਭਈ ਭੂਮਿ ਰੱਤੀ ।
ਅਮਰ ਸਿੰਘ ਕੋ ਤੇਜ ਦਿਨ ਦਿਨ ਸਵਾਯੋ ।
ਜਿਨ੍ਹੰ ਮਾਰਿ ਮਲੇਛ ਭੱਟੀ ਖਪਾਯੋ ॥੩੦॥

ਦੋਹਰਾ ॥

ਭਾਰਥ ਜਿਉਂ ਪਾਰਥ[25] ਲਰਯੋ, ਐਸੇ ਸੂਰ ਲਰਾਇ ।
ਲਲਕਾਰੇ ਤਹਾਂ ਸੂਰਮਾ, ਕਾਇਰ ਭਾਜੇ ਜਾਇ ॥੩੧॥

ਭੁਜੰਗ ਛੰਦ ॥

ਚਲੈ ਭਾਜ ਭੈ ਖਾਇ ਭੱਟੀ ਗੁਮਾਨੀ ।
ਧੂਲੰ ਕੋਟ ਹੂਮੈਂ ਧਸੇ ਸੁਬੁੱਧ ਹਾਨੀ ।

---

੨੩. ਤਲਵਾਰ । ੨੪. ਅੱਜ ਕਲ੍ਹ ਬਿਘੜਾਂ ਪਿੰਡ ਜ਼ਿਲਾ ਹਿਸਾਰ ਵਿਚ ਹੈ ।
੨੫. ਜਿਵੇਂ ਮਹਾਂ ਭਾਰਤ ਦੇ ਜੁੱਧ ਵਿਚ ਪਾਰਥ (ਅਰਜੁਨ) ਨੇ ਲੜਾਈ ਕੀਤੀ ਸੀ ।

ਹਿਯੇ ਕੋਪ ਕਰ ਫੌਜ ਨੈ ਕਿਯੋ ਹੇਲਾ ।
ਜਬੈ ਗਾਮ ਕੋ ਮਾਰ ਕੈ ਤੁਰਤ ਭੇਲਾ ।
ਕਹੀਂ ਰਹੀ ਬੰਦੂਕ, ਕਈ ਹਾਥ ਸੇਲੇ ।
ਕਈ ਤੀਰ ਕਮਾਨ ਛਡ ਦੌਰ ਚੱਲੇ ।
ਕਈ ਪਗ ਪਿਆਦੇ ਕਈ ਖਰੇ ਘੋਰੇ ।
ਕਈ ਸੀਸ ਪਗਰੀ ਕਈ ਪਾਵ ਜੋਰੇ ।
ਰੁਕੇ ਗਢੀ ਮੈਂ ਜਾਇ ਕਿਯ ਜੁੱਧ ਭਾਰੀ ।
ਰੁਕੇ ਸਿੰਘ ਮਾਨੋ ਬਿਕਟ ਬਨ ਮਝਾਰੀ ।
ਅਮਰ ਸਿੰਘ ਕੋ ਤੇਜ ਦਿਨ ਦਿਨ ਸਵਾਯੋ ।
ਜਿਨੋਂ ਮਾਰ ਮੱਲੇਛ ਭੱਟੀ ਖਪਾਯੋ ॥੩੨॥

ਦੋਹਰਾ ॥

ਬੇਦ ਘਰੀ[੨੬] ਬਾਕੀ ਰਹੀ, ਗਢੀ ਸੁ ਟੂਟੀ ਨਾਹਿ ।
ਅਮਰ ਸਿੰਘ ਮਹਾਰਾਜ ਕੇ, ਭਈ ਸੋਚ ਮਨ ਮਾਹਿ ॥੩੩॥
ਤਿਮਰ ਭਏ ਭੱਟੀ ਦਲਨ, ਚਲ ਆਵੈਂ ਚਹੂੰ ਓਰ ।
ਬਿਨਯ ਕਰੀ ਨ੍ਰਿਪ ਦੇਸ ਨੇ, ਰਵਿ ਕੀ ਰੁਕੇ ਸੁ ਤੋਰ ।
ਦਿਵਸ ਬਢਯੋ ਜਾਨੈ ਜਗਤੁ, ਕ੍ਰਿਪਾ ਕਰੀ ਬ੍ਰਿਜਰਾਇ ।
ਅਮਰ ਸਿੰਘ ਮਹਾਰਾਜ ਕੇ, ਸੂਰਜ ਭਯੋ ਸਹਾਇ ॥੩੪॥

ਹੁੱਮਤ ਛੰਦ ॥

ਜੁੱਧ ਕੋ ਜੋਰ ਭਯੋ ਦੂਹੂੰ ਓਰ ਸੁ, ਸੂਰਨ ਕੇ ਚਿਤ ਹੋਤ ਹੁਲਾਸਾ ।
ਰਾਮ ਕੀ ਸੈਨ ਲਰੋ ਜਿਮ ਲੰਕ ਸੁ, ਰਾਖਸ ਹੋਤ ਅਨੇਕ ਬਿਨਾਸਾ ।
ਇੰਦ੍ਰ ਕੇ ਆਇ ਭਯੋ ਉਤਸਾਹ ਸੁ, ਆਇ ਕੈ ਛਾਇ ਲਿਯੋ ਘਨ ਬਾਸਾ ।
ਕਸਜਪ ਪੁਤ੍ਰ[੨੭] ਮਹਾ ਹਰਖਾਯੇ, ਰਥ ਠਾਢੋ ਕਿਯੋ ਤਹਾ ਦੇਖ ਤਮਾਸਾ ॥੩੫॥

ਦੋਹਰਾ ॥

ਕਿਯੋ ਲੋਹ ਚਿਤ ਰੋਹ ਕਰਿ, ਭੱਟੀ ਅਤਿ ਬਲ ਧਾਰ ।
ਪਰਿਯੋ ਖੇਤ ਕੁਲਖੇਤ ਸੋਂ, ਕੋ ਕਰ ਸਕੈ ਬਿਚਾਰ ॥੩੬॥

ਭੁਜੰਗ ਛੰਦ ॥

ਜਹਾਂ ਆਖ ਕਿਲਕਾਰ, ਜੋਧਾ ਪੁਕਾਰੇ ।
ਲਗੇ ਗਢੀ ਕੋ ਜਾਇ, ਭੱਟੀ ਪ੍ਰਹਾਰੇ ।
ਜਹਾਂ ਕ੍ਰੋਧ ਕਰ ਫੌਜ ਨੇ, ਗਢੀ ਤੋਰੀ ।
ਲਗੀ ਕਤਲ ਜਬ ਹੋਨ, ਬਹੁ ਭਯੋ ਸੋਰੀ ।

---

੨੬. ਚਾਰ ਘੜੀ ਦਿਨ ।    ੨੭. ਕਸ਼ਜਪ ਪੁਤ੍ਰ=ਸੂਰਜ ।

ਕੇਤੇ ਮਾਰ ਤਰਵਾਰ ਸੋਂ ਕਾਟਿ ਡਾਰੇ ।
ਕੇਤੇ ਤੀਰ ਬੰਦੂਖ, ਬਰਛੀ ਸੰਘਾਰੇ ।
ਕੇਤੇ ਜੀਵ ਤਿਆਗੀ ਕੇਤੇ ਪਰੇ ਘਾਇਲ।
ਕੇਤੇ ਉਲਟ ਕੇ ਧੂਰ ਮੈਂ ਪਰੇ ਮਾਇਲ।
ਕੇਤੇ ਕੰਦ ਕਟੇ ਕੇਤੇ ਖੀਟ ਫੂਟੇ।
ਕੇਤੇ ਘਾਸ ਮੁਖ ਮੈਂ ਲੇ ਕਹਿ, ਗਊ ਛੂਟੇ।
ਕੇਤੇ ਛੂਟੇ ਮਹਾਰਾਜ ਕੀ ਦੈ ਕੈ ਦੁਹਾਈ।
ਫੂਲ ਵੰਸ ਕੀ ਕਲਾ ਦਿਨ ਦਿਨ ਸਵਾਈ।
ਅਮਰ ਸਿੰਘ ਕੋ ਤੇਜ ਦਿਨ ਦਿਨ ਸਵਾਯੋ।
ਜਿਨ ਮਾਰਿ ਮਲੇਛ ਭੱਟੀ ਖਪਾਯੋ ॥੩੭॥

ਦੋਹਰਾ ॥

ਜੋ ਰਨ ਮੈਂ ਸਨਮੁਖ ਭਿਰੇ, ਸੂਰਬੀਰ ਬਲਵਾਨ ।
ਤਾਹੀ ਕੈ ਕੁਛ ਨਾਮ ਕੋ, ਕਵਿਤਾ ਕਰੇ ਬਖਾਨ ॥੩੮॥

ਭੁਜੰਗ ਛੰਦ ॥

ਚਢ੍ਯੋ ਸਿੰਘ ਝੰਡੂ ਸੁ ਜੋਧਾ ਸਿਪਾਹੀ ।
ਜਿਨੈ ਦੁਜਨ ਦਲ ਮਾਰ ਤਲਵਾਰ ਬਾਹੀ ।
ਸਾਵਲ ਸਿੰਘ ਸੁਖਦਾਸ ਘੋੜਾ ਚਲਾਯੋ ।
ਖਲਭਾਟ ਸਭ ਦੇਸ ਕੇ ਬੀਚ ਪਾਯੋ ।
ਲੱਧਾ ਸਿੰਘ ਹੈ ਵਾਹਗੁਰੂ ਜੂ ਕੋ ਪਿਆਰਾ ।
ਨਿਜ ਸਵਾਮਿ ਕੇ ਕਾਜ ਸੁਰ ਪੁਰ ਸਿਧਾਰਾ।
ਲਿਯ ਸੁਬਲ ਹਿੰਮਤ ਸੁਲਖਨਾ[੨੮] ਕਰਾਰਾ ।
ਜਿਨੈ ਖੇਤ ਕੇ ਸਿਧੁ ਖੰਡਾ ਪਖਾਰਾ।
ਹਮੀਰ ਸਿੰਘ ਵਰ ਸੂਰ ਸਨਮੁਖ ਗਰਜਯੋ ।
ਤਬੈ ਸ਼ਤਰੁ ਕੀ ਸੈਨ ਕੋ, ਤੁੱਘ[੨੯] ਭਜਯੋ ।
ਤਹਾਂ ਸੂਰਤੀਆ ਸਿੰਘ ਅਤ ਸੂਰਬੀਰਾ ।
ਜਿਨੈ ਦਿਯੇ ਭਜਾਇ ਭੱਟੀ ਅਧੀਰਾ ।
ਸਾਵਲ ਸਿੰਘ ਗੁਰਦਾਸ ਸੇਖੋਂ ਸਿਪਾਹੀ ।
ਜਿਨੈ ਜੁੱਧ ਮੈਂ ਕਰੀ ਹੈ ਆ ਲਰਾਈ ।
ਲਰੇ ਔਰ ਸਭ ਲੋਗ ਜੋਧੇ ਕਰਾਰੇ ।
ਕਈ ਸਹੰਸ ਕਟਕ ਭੱਟੀ ਸੰਘਾਰੇ ।

---

੨੮. ਲਖਨਾ ਡੋਗਰ । ੨੯. ਚਮੜੀ ।

ਅਮਰ ਸਿੰਘ ਕੋ ਤੇਜ ਦਿਨ ਦਿਨ ਸਵਾਯੋ ।
ਜਿਨੈ ਮਾਰਿ ਮਲੇਛ ਭੱਟੀ ਖਪਾਯੋ ॥੩੯॥

ਦੋਹਰਾ।

ਬਨ ਮਾਨਸ ਗਿਰਝੈਂ ਘਨੀ, ਗੀਦੜ ਭੋਗ ਬਿਲਾਸ ॥
ਨਾਰਦ ਨਾਚੇ ਚਾਵ ਸੋਂ, ਭੈਰਉ ਭੱਖੇ ਮਾਸ ॥੪੦॥

ਛਪਯ।

ਜਹਾਂ ਗਿਦੜ ਅਰ ਗਿਰਝਰੀ, ਕਰ ਸ਼ਬਦ ਸੁਨਾਯੋ ।
ਕੂਕੀ ਆਇ ਸੁ ਜੋਗਨੀ, ਸ਼ਿਵ ਮੁੰਡ ਚਢਾਯੋ ।
ਹਾਇ ਹਇ ਕੋ ਸ਼ਬਦ ਅਧਿਕ ਕਰ ਧੂਮ ਸੋ ਮਾਚੀ ।
ਬੈਤਾਲ, ਬੀਰ ਔ ਗੀਧ ਲੋਹੂ ਤਹ ਭਏ ਅਜਾਚੀ ।
ਜੁੱਧ ਜੁੱਧ ਮਾਚੇ ਬਰੇ, ਅਤਿ ਘਮਸਾਨ ਮਚਾਯੋ ।
ਪਾਰਥ[30] ਜਿਉਂ ਰਣ ਜਿੱਤ ਕੇ, ਰਤ ਪ੍ਰਵਾਹ ਚਲਾਯੋ ॥੪੧॥

ਦੋਹਰਾ।

ਬਿਘੜਾਂ ਮਾਰ, ਫਤਹ ਕਿਯੋ, ਜਸ ਚਲਯੋ ਜਗ ਮਾਹਿ ।
ਘਰ ਘਰ ਭਈ ਵਧਾਈਆਂ, ਮਨੋ ਅਨੰਦ ਵਿਵਾਹਿ ॥੪੨॥

ਦੋਹਰਾ।

ਰਾਨੀ ਮੁਹੰਮਦ ਅਮੀਨ ਕੀ, ਤਜਿਯੋ ਹਿਯੇ ਤੇ ਖੋਟ ।
ਮਹਾਰਾਜ ਕੋ ਦੇ ਮਿਲੀ, ਫਤਿਹਬਾਦ ਕੋ ਕੋਟ ॥੪੩॥
ਥਾਨਾ ਤਹਾਂ ਬਿਠਾਇਕੈ ਮੁਲਕ ਮਿਲਾਵਨ ਕਾਜ ।
ਬਿਘੜੇ ਤੇ ਤਿਘੜੇ ਚਲਯੋ, ਅਮਰ ਸਿੰਘ ਮਹਾਰਾਜ ॥੪੪॥

ਸਵੈਯਾ।

ਅੰਤ ਕ੍ਰਿਪਾ ਕਰ ਡੰਕ ਫਤੇ ਸੰਗ, ਆਪ ਗੁਰੂ ਜਿਮ ਤੇਗ ਬੰਧਾਈ ।
ਮਾਰ ਮਵਾਸ[31] ਕਿਯੇ ਸਭ ਖ੍ਵਾਸ, ਸੁ ਦੁਰਜਨ ਕੈ ਸਿਰ ਖੱਗ ਬਜਾਈ ।
ਧਾਇ ਚਲਯੋ ਸਰਸਾ ਗੜ੍ਹ ਲੈਨ ਕੋ, ਆਗੈ ਹੁਸੈਨ ਹੁਤੋ ਤਿਸ ਠਾਈ ।
ਕੋਟ ਕੋ ਛਾਡ ਕੈ ਬਾਜ ਗਯੋ, ਪੈ ਮਲੇਛ ਕੋ ਜੁੱਧ ਕੀ ਤਾਬ ਨ ਆਈ ॥੪੫॥

ਦੋਹਰਾ।

ਸਰਸੇ ਮੈਂ ਦਾਖਲ ਭਯੋ, ਹਿੰਦੂ ਪਤਿ ਬਲਵਾਨ ।
ਕਿਯੇ ਸੁ ਕੋਟ ਪਵਿਤ੍ਰ ਤਬ, ਬਿਧਿ ਸਮੇਤ ਕਰ ਦਾਨ ॥੪੬॥
ਨੌਹਰ ਮੈਂ ਗਜ ਸਿੰਘ ਨੇ, ਯਹ ਜੁ ਸੁਨਯੋ ਹਵਾਲ ।
ਮਹਾਰਾਜ ਕੇ ਮਾਨ ਹਿਤ, ਕਿਯੋ ਕੂਚ ਤਤਕਾਲ ॥੪੭॥

---

੩੦. ਅਰਜਨ (ਤੀਜਾ ਤਾਂਡਵ) । ੩੧. ਦੁਸ਼ਮਣ ।

ਕਬਿੱਤ ।

ਤਿਮਰ[32] ਬਾਬਰ ਔ ਹਿਮਾਯੂੰ ਅਕਬਰ ਸ਼ਾਹ,
ਜਹਾਂਗੀਰ ਸ਼ਾਹਜਹਾਂ ਗਜਯੋ ਤਪ ਤਾਇਕੈ ।
... ... ... ... ...
... ... ... ...।
ਤਾਹੀ ਮੈਂ ਸੁ ਰਾਜਾ ਰਾਜਪੂਤ ਹੱਦ ਹਿੰਦੁਨ ਕੀ,
ਬੀਕਾਨੇਰ ਧਨੀ ਕੀਨੋ ਮੁਜਰਾ ਨਿਜਾਇ ਕੈ ।
ਰਾਜੈ ਰਾਜਗਾਨ ਅਮਰ ਸਿੰਘ ਮਹਾਰਾਜ ਜੂ ਕੋ;
ਰਾਜਾ ਗਜਪਤਿ ਸੁਤ ਸਮੇਤ ਮਿਲਯੋ ਆਇ ਕੈ ॥੪੮॥

ਛਪਯ ॥

ਪ੍ਰਿਥਮੈ ਗੰਗਾ ਸਿੰਘ ਰਾਜ ਆਪ ਕੰਧਾਰ ਪਧਾਰਯੋ ।
ਮਹਾਰਾਜ ਸਨਮਾਨ ਕਿਯੋ ਤਾਂਕੋ ਅਤਿ ਭਾਰੋ ।
ਬਹੁਰਿ ਆਪ ਮਹਾਰਾਜ, ਗਏ ਗਜ ਸਿੰਘ ਕੇ ਪਾਸਾ ।
ਬਢੀ ਪਰਸਪਰ ਪ੍ਰੀਤ, ਭਯੋ ਚਿਤ ਅਧਿਕ ਹੁਲਾਸਾ ।
ਮੁਕਤ ਮਾਲ ਗਜ ਸਿੰਘ ਨੈ, ਮਹਾਰਾਜ ਡਾਰੀ ਗਰੇ ।...
ਮਾਨੋ ਭੁਜਾ ਦੋ ਪ੍ਰੀਤ ਕੀ, ਯਹ ਪ੍ਰਭਾਵ ਅਤਿ ਸੋ ਧਰੇ ॥੪੯॥

ਦੋਹਰਾ ।

ਬਿਦਾ ਮਾਂਗ ਗਜ ਸਿੰਘ ਕੇ, ਗ੍ਰਿਹ ਆਏ ਮਹਾਰਾਜ ।
ਬੈਰੀ ਮਾਰੇ ਖੇਤ ਚੜ, ਕ੍ਰਿਪਾ ਕਰੀ ਬ੍ਰਿਜ ਰਾਜ ॥੫੦॥

ਕਬਿੱਤ ।

ਦੁੰਦਭੀ ਕੀ ਘੋਰ ਸੁਨਿ ਧੀਰ ਨਾ ਧਰਤ ਮਨ,
ਰਾਕਸ ਬਨਬਾਸੀ ਹਤੇ ਸਾਨੇ ਕਿਸਕੂੰ ।
ਫੌਜਨ ਸੌਂ ਲਰੇ ਫੌਜਦਾਰਨ ਸੌਂ ਅਰੇ ,
ਕਾਹੂੰ ਕੇ ਨਾ ਪਰੇ ਹਾਥ ਲਾਵੇਂ ਜਿਨ ਸਿਰ ਖੰਡਾ ਬਜਾਯੋ।
ਸੋਈ ਅਮਰ ਸਿੰਘ ਮਹਾਰਾਜ ਨੂੰ, ਅਟਲ ਰਾਜ ਸਤਿਗੁਰ ਦਿਯੋ।
ਅਬ ਭਟੀ ਸੈਨ ਸੰਘਾਰ ਕੇ, ਪਾਂਡਵ ਜਯੋਂ ਜਗ ਜਸ ਲਿਯੋ[33] ॥੫੧॥

---

੩੨. ਅਮੀਰ ਤੈਮੂਰ ।

੩੩. ਛੰਦ ਅੰਕ ੫੧ ਅਤੇ ੫੨ ਮੇਰੀ ਪ੍ਰਤੀ ਵਿਚ ਨਹੀਂ ਹਨ। ਇਸ ਲਈ ਰਾਜਿੰਦ੍ਰ ਪਬਲਿਕ ਲਾਇਬ੍ਰੇਰੀ ਪਟਿਆਲਾ ਦੀ ਹੱਥ ਲਿਖਤ ਨੰ: ੪੧ 'ਵਾਰ ਰਾਜਾ ਅਮਰ ਸਿੰਘ ਕੀ' ਵਿਚੋਂ ਇਹ ਪਾਠ ਲਏ ਗਏ ਹਨ। ਪਟਿਆਲੇ ਦੀ ਪ੍ਰਤੀ ਵੀ ਚੂੰਕਿ ਕਈ ਥਾਵਾਂ ਤੋਂ ਬੜੀ ਅਸ਼ੁੱਧ ਹੈ ਤੇ ਰਾਜਾ ਅਮਰ ਸਿੰਘ ਦੀ ਵਾਰ ਦੀ ਹੋਰ ਪ੍ਰਤੀ ਕਿਤੋਂ ਮਿਲ ਨਹੀਂ ਸਕੀ, ਇਸ ਲਈ ਛੰਦ ਅੰਕ ੫੧ ਦਾ ਪਾਠ ਸ਼ੁੱਧ ਨਹੀਂ ਹੋ ਸਕਿਆ।

ਫੌਂਜਦਾਰ ਪੰਜ ਗਏ ਤ੍ਰਾਸ[੩੪] ਤਿਨ ਨਹਿੰ ਮਾਨੋ ।
ਕਈ ਵੇਰ ਸਨਮੁਖ ਜੁੱਧ, ਤਿਨਹੀ ਸੋ ਠਾਨੋ ।
ਅਤ ਭੱਟੀ ਪ੍ਰਬਲ ਪ੍ਰਚੰਡ, ਭੂਮਿ ਭਾਰਥ ਮਚਾਯੋ ।
ਦੁਸ਼ਮਨ ਕੋ ਦਲ ਜਿੱਤ ਕੋਟ ਜਿਹ ਕਬਜ ਕਰਾਯੋ ।
ਕਵਿ ਕੋਸ਼ੇ·ਦਾਸ ਸੁ ਪ੍ਰਕਾਸ਼ ਜਗ, ਤੇਜਵੰਤ ਜੁਗ ਜੁਗ ਜਿਯੋ।
ਜਸ ਬਾਢਯ ਸੰਸਾਰ ਮੈਂ, ਅਮਰ ਸਿੰਘ ਸਾਕਾ ਕਿਯੋ ॥੫੨॥

# ੫. ਚੱਠਿਆਂ ਦੀ ਵਾਰ

ਇਹ ਵਾਰ ਪੀਰ ਮੁਹੰਮਦ ਨਾਮੀ ਇਕ ਮੁਸਲਮਾਨ ਕਵੀ ਦੀ ਰਚਨਾ ਹੈ। ਪ੍ਰੋਫ਼ੈਸਰ ਕਾਜ਼ੀ ਫ਼ਜ਼ਲ ਹੱਕ ਨੇ ਲਿਖਿਆ ਹੈ ਕਿ ਇਹ ਕਵੀ ਜ਼ਿਲ੍ਹਾ ਗੁਜਰਾਤ ਦਾ ਵਸਨੀਕ ਸੀ ਤੇ ਉਸ ਨੇ ਇਹ ਵਾਰ ਅੰਗਰੇਜ਼ੀ ਰਾਜ ਸਮੇਂ ਵਿਚ ਲਿਖੀ ਸੀ। (ਦੇਖੋ ਉਸ ਦੀ ਸੰਪਾਦਨ ਕੀਤੀ ਹੋਈ ਚੱਠਿਆਂ ਦੀ ਵਾਰ, ਸਫ਼ਾ ੭), ਪਰ ਇਸ ਕਥਨ ਦੀ ਪੁਸ਼ਟੀ ਇਸ ਵਾਰ ਦੀ ਕਿਸੇ ਪਉੜੀ ਤੋਂ ਨਹੀਂ ਹੁੰਦੀ।

ਚੱਠੇ ਜੱਟ, ਜਿਹਨਾਂ ਦਾ ਇਸ ਵਾਰ ਵਿਚ ਜ਼ਿਕਰ ਆਉਂਦਾ ਹੈ, ਪਰਗਨਾ ਰਸੂਲ ਨਗਰ ਦੇ ਨਵੇਂ ਬਣੇ ਮੁਸਲਮਾਨ ਸਰਦਾਰ ਸਨ। ਗੁੱਜਰਾਂ ਵਾਲੇ ਦੇ ਪਰਗਨਾ ਹਾਫਿਜ਼ਾਬਾਦ ਤੇ ਵਜ਼ੀਰਾਬਾਦ ਵਿਚ ਚੱਠੇ ਜੱਟਾਂ ਦੇ ੭੯ ਪਿੰਡ ਹਨ।

ਚੱਠਿਆਂ ਦਾ ਸਰਦਾਰ, ਜਿਸ ਨੇ ਇਸ ਖਾਨਦਾਨ ਨੂੰ ਉੱਘਾ ਕੀਤਾ, ਨੂਰ ਮੁਹੰਮਦ ਸੀ। ਇਹ ਸਰਦਾਰ ਸੰਨ-੧੭੦੪ ਈ: ਵਿਚ ਪੈਦਾ ਹੋਇਆ ਸੀ। (ਪੰਜਾਬ ਚੀਫ਼ਸ ਸਫਾ ੨੦੧) 'ਤੇ ਇਸਦੇ ਪੁਤ੍ਰ ਪੀਰ ਮੁਹੰਮਦ ਨੇ ਰਸੂਲ ਨਗਰ (ਜਿਸ ਦਾ ਪਿੱਛੋਂ ਸਿੱਖਾਂ ਨੇ ਰਾਮ ਨਗਰ ਨਾਂ ਰੱਖਿਆ) ਅਬਾਦ ਕੀਤਾ ਸੀ।

ਨੂਰ ਮੁਹੰਮਦ ਤੋਂ ਪਿੱਛੋਂ ਪੀਰ ਮੁਹੰਮਦ ਦੇ ਸਮੇਂ, ੧੭੯੫ ਤਕ ਪੰਜਾਬ ਵਿਚ ਬਦਅਮਨੀ ਰਹੀ। ਇਸ ਸਮੇਂ ਪੰਜਾਬ ਵਿਚੋਂ ਮੁਸਲਿਮ ਹਕੂਮਤ ਖਤਮ ਹੋਣ 'ਤੇ ਆਈ ਤੇ ਸਿਖ ਰਾਜ ਦੇ ਕਾਇਮ ਹੋਣ ਦੇ ਆਸਾਰ ਨਜ਼ਰ ਆਉਣ ਲੱਗੇ। ਪੀਰ ਮੁਹੰਮਦ ਦੇ ਮਰਨ 'ਤੇ ਜਦ ਉਸ ਦਾ ਪੁਤ੍ਰ ਗੁਲਾਮ ਮੁਹੰਮਦ ਚੱਠਿਆਂ ਦਾ ਸਰਦਾਰ ਹੋਇਆ ਤਾਂ ਸਿੰਘਾਂ ਨਾਲ ਉਸ ਦੀ ਝੱੜਪ ਹੋਣ ਲੱਗੀ। ਸਰਦਾਰ ਚੜ੍ਹਤ ਸਿੰਘ ਸ਼ੁਕਰ-ਚੱਕੀਏ ਦਾ ਪੁਤਰ ਸਰਦਾਰ ਮਹਾਂ ਸਿੰਘ, ਜੋ ਗੁੱਜਰਾਂ ਵਾਲੇ ਦਾ ਸਰਦਾਰ ਸੀ, ਇਸ ਇਲਾਕੇ ਦੇ ਸਿੰਘਾਂ ਦਾ ਮੋਢੀ ਸੀ। ਚੱਠੇ ਸਰਦਾਰ ਉਸ ਇਲਾਕੇ ਨੂੰ ਲੁੱਟ ਸੁੱਟ ਲਿਆ ਕਰਦੇ, ਤੇ ਮਾਮਲਾ ਨਹੀਂ ਤਾਰਦੇ ਸਨ। ਤੰਗ ਆ ਕੇ ਸਰਦਾਰ ਮਹਾਂ ਸਿੰਘ ਨੇ ਆਪਣਾ ਇਕ ਆਦਮੀ ਗੁਲਾਮ ਮੁਹੰਮਦ ਦੇ ਪਾਸ ਮਾਮਲੇ ਦੇ ਟਕੇ ਲੈਣ ਵਾਸਤੇ ਭੇਜਿਆ। ਗੁਲਾਮ ਮੁਹੰਮਦ ਨੇ ਅੱਗੋਂ ਸਾਫ ਇਨਕਾਰ ਕਰ ਦਿੱਤਾ। ਸਰਦਾਰ ਮਹਾਂ ਸਿੰਘ ਨੇ ਉਸ ਨੂੰ ਇਸ ਗੁਸਤਾਖੀ ਦੀ ਸਜ਼ਾ ਦੇਣ ਲਈ ਸੈਦ ਨਗਰ 'ਤੇ ਚੜ੍ਹਾਈ ਕਰ ਦਿੱਤੀ :-

ਲਸ਼ਕਰ ਮਹਾਂ ਸਿੰਘ ਦਾ, ਦਰਿਆਈ ਕਾਂਗਾਂ।

ਸੈਦ ਨਗਰ ਨੂੰ ਵੱਗਿਆ, ਕਰ ਕੂਕਾਂ ਚਾਂਗਾਂ।

ਦੋਹਾਂ ਧਿਰਾਂ ਦੀ ਆਪਸ ਵਿਚ ਬੜੀ ਗਹਿ-ਗੱਚ ਲੜਾਈ ਹੋਈ ਤੇ ਇਸ ਲੜਾਈ ਵਿਚ ਸੈਦ ਨਗਰ ਦੇ ਹਿੰਦੂਆਂ ਨੇ ਸਰਦਾਰ ਮਹਾਂ ਸਿੰਘ ਦਾ ਪੱਖ ਲਿਆ, ਜਿਸ ਕਰਕੇ ਖਾਲਸੇ ਦੀ ਸਹਿਜੇ ਹੀ ਫ਼ਤਹ ਹੋ ਗਈ।

ਸਿੱਖ ਫੌਜਾਂ ਦੇ ਸ਼ਹਿਰ ਵਿਚ ਦਾਖਲ ਹੋਣ ਸਾਰ ਗੁਲਾਮ ਮੁਹੰਮਦ ਦੁਮ ਦਬਾ ਕੇ ਰਸੂਲ ਨਗਰ ਵੱਲ ਦੌੜ ਗਿਆ ਤੇ ਉਸ ਦਾ ਇਕ ਬੇਟਾ ਜੋ ਸਰਦਾਰ ਗੁੱਜਰ ਸਿੰਘ ਨੇ ਫੜ ਲਿਆ ਸੀ, ਸਰਦਾਰ ਮਹਾਂ ਸਿੰਘ ਦੇ ਹੱਥ ਆਇਆ। ਥੋੜ੍ਹੇ ਜਿਹੇ ਹੇਰ-ਫੇਰ ਕਰਨ ਪਿੱਛੋਂ ਸਰਦਾਰ ਨੇ ਉਹ ਲੜਕਾ ਖਿਲਅਤ ਦੇ ਕੇ ਗੁਲਾਮ ਮੁਹੰਮਦ ਦੇ ਪਾਸ ਪ੍ਰੀਤ-ਮਿਲਣੀ ਦੇ ਸੁਨੇਹੇ ਸਹਿਤ ਭੇਜ ਦਿੱਤਾ। ਗੁਲਾਮ ਮੁਹੰਮਦ ਸਰਦਾਰ ਮਹਾਂ ਸਿੰਘ ਦੀ ਇਸ ਨੀਤੀ ਵਿਚ ਫਸ ਗਿਆ, ਤੇ ਆਖਰ ਰਸੂਲ ਨਗਰ ਦੇ ਕੇ ਉਸ ਨੇ ਮਸਾਂ-ਮਸਾਂ ਸਿੱਖ ਸਰਦਾਰ ਤੋਂ ਖਲਾਸੀ ਹਾਸਲ ਕੀਤੀ ਅਤੇ ਮੰਚਰ ਨੂੰ ਚਲਾ ਗਿਆ।

ਹੁਣ ਗੁਲਾਮ ਮੁਹੰਮਦ ਨੂੰ ਚਾਹੀਦਾ ਤਾਂ ਇਹ ਸੀ ਕਿ ਲੁਟਮਾਰ ਤੋਂ ਤੌਬਾ ਕਰਦਾ ਪਰ ਉਹ ਵਧੇਰੇ ਲੋਕਾਂ ਨੂੰ ਤੰਗ ਕਰਨ ਲੱਗਾ। ਉਹ ਲੁੱਟਮਾਰ ਤੋਂ ਤੰਗ ਆਏ ਤੇ ਰਾਹ ਚੱਲਣੇ ਬੰਦ ਹੋ ਗਏ ਤੇ ਸਰਦਾਰ ਮਹਾਂ ਸਿੰਘ ਪਾਸ ਫਰਿਆਦਾਂ ਆਉਣ ਲੱਗੀਆਂ। ਸ਼ੁਕਰਚਕੀਆ ਮਿਸਲ ਦੇ ਸਿੰਘ ਸੂਰਮੇ ਅਜਿਹੀਆਂ ਔਕੜਾਂ ਦੂਰ ਕਰਨ ਲਈ ਹਮੇਸ਼ਾਂ ਜੰਗ ਵਾਸਤੇ ਤਿਆਰ ਰਹਿੰਦੇ ਸਨ। ਸੋ ਜਦ ਸਰਦਾਰ ਮਹਾਂ ਸਿੰਘ ਨੇ ਹੁਕਮ ਦਿੱਤਾ ਕਿ ਮੰਚਰ ਦਾ ਕੁਫਰ ਗੜ੍ਹ ਤੋੜਨ ਲਈ ਧਾਵਾ ਕਰ ਦਿਤਾ ਗਿਆ, ਪਰ ਸਰਦਾਰ ਦਾ ਇਕ ਦੀਵਾਨ ਸ਼ਹੀਦ ਹੋ ਜਾਣ ਕਰਕੇ ਇਸ ਲੜਾਈ ਦਾ ਕੋਈ ਲਾਭ ਨਾ ਹੋਇਆ ਤੇ ਸਿੱਖ ਫੌਜਾਂ ਵਾਪਸ ਗੁੱਜਰਾਂ ਵਾਲੇ ਮੁੜ ਆਈਆਂ।

ਸਰਦਾਰ ਮਹਾਂ ਸਿੰਘ ਦੇ ਇਸ ਲੜਾਈ ਵਿਚ ਕਾਮਯਾਬ ਨਾ ਹੋਣ ਕਰ ਕੇ ਚੱਠੇ ਹੋਰ ਵੀ ਹੌਸਲੇ ਵਿਚ ਹੋ ਗਏ ਤੇ ਅੱਗੇ ਨਾਲੋਂ ਬਹੁਤੀ ਲੁਟਮਾਰ ਕਰਨ ਲੱਗੇ। ਸਰਦਾਰ ਮਹਾਂ ਸਿੰਘ ਨੇ ਇਸ ਲੁਟਮਾਰ ਦਾ ਬਦਲਾ ਲੈਣ ਲਈ ਭੰਗੀ ਸਰਦਾਰ ਗੁੱਜਰ ਸਿੰਘ ਨੂੰ ਆਪਣੇ ਨਾਲ ਸ਼ਾਮਿਲ ਕਰਨਾ ਚਾਹਿਆ। ਸਰਦਾਰ ਗੁੱਜਰ ਸਿੰਘ ਅਤੇ ਉਸ ਦੇ ਪੁੱਤਰ ਦੀ ਇਸ ਸਮੇਂ ਆਪਸ ਵਿਚ ਲੜਾਈ ਹੋ ਰਹੀ ਸੀ। ਸਰਦਾਰ ਮਹਾਂ ਸਿੰਘ ਨੇ ਬੜੀ ਕੋਸ਼ਿਸ਼ ਕਰਕੇ ਪਹਿਲਾਂ ਉਹਨਾਂ ਦੀ ਆਪਸ ਵਿਚ ਸੁਲਹ ਕਰਵਾਈ ਤੇ ਫਿਰ ਮਿਲ ਕੇ ਮੰਚਰ ਦੇ ਕਿਲ੍ਹੇ ਉੱਤੇ ਹਮਲਾ ਕਰ ਦਿੱਤਾ। ਬਹੁਤ ਸਾਰੇ ਜੁਆਨ ਮਾਰੇ ਜਾਣ ਕਰਕੇ ਗੁਲਾਮ ਮੁਹੰਮਦ ਚੱਠਾ ਇਸ ਲੜਾਈ ਵਿਚ ਤੰਗ ਆ ਗਿਆ। ਸਰਦਾਰ ਮਹਾਂ ਸਿੰਘ ਨੇ ਮੌਕਾ ਤਾੜ ਕੇ ਉਸ ਦੇ ਪਾਸ ਪੈਗ਼ਾਮ ਭੇਜਿਆ ਕਿ ਜੇ ਤੂੰ ਲੜਾਈ ਬੰਦ ਕਰ ਕੇ ਮਿਲ ਪਵੇਂ ਤਾਂ ਤੇਰੀ ਜਾਨ-ਬਖ਼ਸ਼ੀ ਹੋ ਸਕਦੀ ਹੈ। ਇਸ ਪੈਗ਼ਾਮ ਦੇ ਮੁਤਾਬਕ ਗੁਲਾਮ ਮੁਹੰਮਦ ਖੁਦ ਤਾਂ ਹਾਜ਼ਰ ਨਾ ਹੋਇਆ, ਮਗਰ ਉਸ

ਨੇ ਆਪਣਾ ਭਾਈ ਕੁਤੁਬੁੱਦੀਨ ਸਰਦਾਰ ਦੇ ਪਾਸ ਭੇਜ ਦਿੱਤਾ। ਮਹਾਂ ਸਿੰਘ ਨੇ ਅੱਗੋਂ ਉਸ ਦਾ ਬੜਾ ਸਤਿਕਾਰ ਕੀਤਾ ਤੇ ਗੁਲਾਮ ਮੁਹੰਮਦ ਨੂੰ ਮਿਲਵਰਤਣ ਦਾ ਯਕੀਨ ਦੇਣ ਲਈ ਆਪਣਾ ਪੁੱਤਰ ਰਣਜੀਤ ਸਿੰਘ ਉਸ ਦੇ ਨਾਲ ਮੰਚਰ ਦੇ ਕਿਲ੍ਹੇ ਵਿਚ ਘੱਲਿਆ। ਗੁਲਾਮ ਮੁਹੰਮਦ ਇਸ ਭਰੋਸੇ ਵਿਚ ਆ ਕੇ ਸਰਦਾਰ ਮਹਾਂ ਸਿੰਘ ਦੇ ਪਾਸ ਹਾਜ਼ਰ ਹੋ ਗਿਆ, ਉਧਰੋਂ ਸਿੱਖਾਂ ਦਾ ਹੱਲਾ ਜਾਰੀ ਸੀ, ਜਿਸ ਕਰਕੇ ਮੰਚਰ ਦਾ ਕਿਲ੍ਹਾ ਫਤਹ ਹੋਣ 'ਤੇ ਉਸ ਉਤੇ ਸਿੱਖ ਫੌਜ ਨੇ ਕਬਜਾ ਕਰ ਲਿਆ।

ਗੁਲਾਮ ਮੁਹੰਮਦ ਹੁਣ ਕੀ ਕਰ ਸਕਦਾ ਸੀ; ਇਸ ਲਈ ਉਸ ਨੇ ਬੜੀ ਆਜਜ਼ੀ ਨਾਲ ਸਰਦਾਰ ਮਹਾਂ ਸਿੰਘ ਤੋਂ ਆਪਣਾ ਅਸਬਾਬ ਢੋਣ ਵਾਸਤੇ ੪੦ ਊਠ ਮੰਗੇ ਤੇ ਹੱਜ ਵਾਸਤੇ ਮੱਕੇ ਜਾਣ ਦੀ ਇਜਾਜਤ ਮੰਗੀ। ਸਰਦਾਰ ਮਹਾਂ ਸਿੰਘ ਨੇ ਉਸ ਦੀ ਇਹ ਬੇਨਤੀ ਮਨਜ਼ੂਰ ਕਰ ਲਈ। ਜਦ ਗੁਲਾਮ ਮੁਹੰਮਦ ੪੦ ਊਠ ਲੈ ਕੇ ਮੰਚਰ ਦੇ ਕਿਲ੍ਹੇ ਵਿਚ ਪੁੱਜਾ ਤਾਂ 'ਹਜ਼ਰਤ ਮੁਹੰਮਦ ਸਾਹਿਬ ਦੇ ਤਬਰੁਕਾਤ' ਜੋ ਉਸ ਨੇ ਸਾਂਭ ਕੇ ਰਖੇ ਹੋਏ ਸਨ, ਗੁਮ ਸਨ। ਇਹ ਤਬਰੁਕਾਤ 'ਅਸਲ ਵਿਚ ਉਸ ਸਮੇਂ ਮਹਾਂ ਸਿੰਘ ਦੇ ਡੇਰੇ ਪੁੱਜ ਚੁਕੇ ਸਨ, ਇਸ ਲਈ ਗੁਲਾਮ ਮੁਹੰਮਦ ਨੂੰ ਇਨ੍ਹਾਂ ਦੀ ਪ੍ਰਾਪਤੀ ਵਲੋਂ ਮਾਯੂਸ ਹੋਣਾ ਪਿਆ। ਸਰਦਾਰ ਮਹਾਂ ਸਿੰਘ ਨੂੰ ਗੁਲਾਮ ਮੁਹੰਮਦ ਦੇ ਹੱਜ ਕਰਨ ਜਾਣ ਵਿਚ ਕੁਝ ਕਾਲਾ ਕਾਲਾ ਨਜ਼ਰ ਆਇਆ, ਇਸ ਲਈ ਜਦ ਉਹ ਸਾਮਾਨ ਲੱਦ ਕੇ ਅਜੇ ਥੋੜ੍ਹੀ ਹੀ ਦੂਰ ਗਿਆ ਸੀ ਤਾਂ ਪਿਛੋਂ ਹੱਲਾ ਕਰ ਦਿੱਤਾ, ਜਿਸ ਵਿਚ ਗੁਲਾਮ ਮੁਹੰਮਦ ਤੇ ਉਸ ਦਾ ਭਾਈ ਕੁਤਬੁੱਦੀਨ ਥੋੜ੍ਹੇ ਥੋੜ੍ਹੇ ਵਕਫ਼ੇ ਅੰਦਰ ਮਾਰੇ ਗਏ।

ਚੱਠਿਆਂ ਦੀ ਵਾਰ ਇਨ੍ਹਾਂ ਸਰਦਾਰਾਂ ਦੇ ਮਾਰੇ ਜਾਣ ਤੇ ਖ਼ਤਮ ਹੋ ਜਾਂਦੀ ਹੈ, ਪਰ ਅਧੂਰੀ ਹਾਲਤ ਵਿਚ ਹੀ। ਇਸ ਦੀ ਪੂਰੀ ਪ੍ਰਤੀ ਮੈਨੂੰ ਕਿਤੋਂ ਨਹੀਂ ਮਿਲ ਸਕੀ। ਕਾਜ਼ੀ ਫ਼ਜਲ ਹੱਕ ਨੇ ਜੋ ਚੱਠਿਆਂ ਦੀ ਵਾਰ ਉਰਦੂ ਅੱਖਰਾਂ ਵਿਚ ਛਾਪੀ ਹੈ, ਉਸ ਦੇ ਪਾਠ ਇਸ ਪ੍ਰਤੀ ਨਾਲ ਨਹੀਂ ਮਿਲਦੇ ਤੇ ਕਈ ਥਾਵੀਂ ਤੁਕਾਂ ਦਾ ਵੀ ਬਹੁਤ ਕੁਝ ਵਾਧਾ ਘਾਟਾ ਹੈ, ਪਰ ਫੇਰ ਵੀ ਇਹ ਪ੍ਰਤੀ ਉਸ ਨਾਲੋਂ ਸ਼ੁੱਧ ਹੈ। ਦੂਜੀ ਗੱਲ ਇਹ ਵੀ ਚੇਤੇ ਰੱਖਣ ਜੋਗ ਹੈ ਕਿ ਇਹ ਵਾਰ ਇਕ ਮੁਸਲਮਾਨ ਕਵੀ ਦੀ ਕਿਰਤ ਹੈ ਤੇ ਉਸ ਨੇ ਇਸ ਵਿਚ ਅਸਲ ਵਾਕਿਆਤ ਨੂੰ ਤੋੜ-ਮਰੋੜ ਕੇ ਕੁਝ ਹੋਰ ਢੰਗ ਵਿਚ ਪੇਸ਼ ਕੀਤਾ ਹੈ, ਜਿਸ ਤੋਂ ਚੱਠਿਆਂ ਦੀ ਸਾਦਗੀ ਤੇ ਸਰਦਾਰ ਮਹਾਂ ਸਿੰਘ ਦੀ ਬਦਦਿਆਨਤੀ ਟਪਕਦੀ ਹੈ, ਅਰਥਾਤ-ਇਸ ਵਾਰ ਤੋਂ ਜ਼ਾਹਿਰ ਹੁੰਦਾ ਹੈ ਕਿ ਸਰਦਾਰ ਮਹਾਂ ਸਿੰਘ ਨੇ ਚੱਠਿਆਂ ਨਾਲ ਧੋਖਾ ਕੀਤਾ ਸੀ ਜਿਸ ਕਰਕੇ ਉਨ੍ਹਾਂ ਦੀ ਤਾਕਤ ਖਤਮ ਕਰ ਦਿੱਤੀ ਗਈ ਸੀ ਪਰ ਕਵੀ ਦਾ ਇਹ ਕਥਨ ਏਨਾ ਭਰੋਸੇ ਜੋਗ ਨਹੀਂ ਹੈ। ਸਰਦਾਰ ਮਹਾਂ ਸਿੰਘ ਦਾ ਚੱਠਿਆਂ ਉਤੇ ਵਾਰ ਵਾਰ ਚੜ੍ਹਨਾ ਉਨ੍ਹਾਂ ਦੀ ਆਪਣੀ ਹੀ ਕਰਤੂਤ ਦਾ ਨਤੀਜਾ ਸੀ ਜੋ ਉਹ ਸ਼ਿਕਸਤ ਖਾ ਕੇ ਵੀ ਨਿਹੱਥੀ ਰਿਆਯਾ ਨੂੰ ਲੁਟਣ ਮਾਰਨ ਤੋਂ ਨਹੀਂ ਝਿਜਕਦੇ ਸਨ। ਸਰਦਾਰ ਮਹਾਂ ਸਿੰਘ ਚੂੰਕਿ ਇਕ

ਆਦਰਸ਼ਕ ਜੋਧਾ ਸੀ, ਇਸ ਲਈ ਉਸ ਵਲੋਂ ਅਜਿਹੇ ਲੁਟੇਰਿਆਂ ਪ੍ਰਤੀ ਐਸਾ ਵਰਤਾਉ ਹੋਣਾ ਬੇਇਨਸਾਫ਼ੀ ਨਹੀਂ ਕਹੀ ਜਾ ਸਕਦੀ।

ਚੱਠਿਆਂ ਦੀ ਵਾਰ ਵਿਚ ਕਈ ਥਾਵੇਂ, ਮੁਖ ਪਾਤ੍ਰ ਹੋਣ ਕਰਕੇ, ਉਸਤਤ ਕੀਤੀ ਗਈ ਹੈ ਤੇ ਉਪ ਪਾਤ੍ਰ ਕਰਕੇ ਸ਼ੁਕ੍ਰਚਕੀਆਂ ਨੂੰ ਢੰਗ ਨਾਲ ਨਿੰਦਿਆ ਗਿਆ ਹੈ, ਪਰ ਫੇਰ ਵੀ ਇਹ ਵਾਰ ਸਿੱਖ ਇਤਿਹਾਸ ਲਈ ਇਕ ਕੰਮ ਦੀ ਚੀਜ਼ ਹੈ ਤੇ ਇਤਿਹਾਸ ਪ੍ਰੇਮੀਆਂ ਲਈ ਵਿਚਾਰ ਪੂਰਵਕ ਪੜ੍ਹਨ ਜੋਗ ਹੈ। ਇਸ ਵਾਰ ਦੀ ਇਕ ਪੁਰਾਤਨ ਪ੍ਰਤੀ ਮੈਨੂੰ ਪਿਛਲੇ ਦਿਨੀ (੧੯੪੫-੪੬ ਵਿਚ) ਲਾਹੌਰ ਇਕ ਸੱਜਣ ਪਾਸੋਂ ਮਿਲੀ ਸੀ, ਜਿਸ ਦੇ ਅਨੁਸਾਰ ਇਸ ਨੂੰ ਸੰਪਾਦਨ ਕੀਤਾ ਗਿਆ ਹੈ।

* * *

# ਚੱਠਿਆਂ ਦੀ ਵਾਰ

ਰੱਬ ਬਿਅੰਤ ਅਪਾਰ ਦਾ, ਕਿਸੇ ਅੰਤ ਨ ਪਾਇਆ।
ਤੇ ਕਹਿਕੇ ਲਫ਼ਜ ਉਸ 'ਕੁਨ'[੧] ਦਾ, ਸਭ ਜਗਤ ਬਣਾਇਆ।
ਆਦਮ ਹੱਵਾ[੨] ਸਿਰਜ ਕੇ; ਉਸ ਆਪ ਲਖਾਇਆ।
ਕੱਢ ਉਨ੍ਹਾਂ ਨੂੰ ਜੰਨਤੋਂ, ਵਿੱਛੋੜਾ ਪਾਇਆ।
ਘੱਤ ਤੂਫ਼ਾਨ ਉਸ ਨੂਹ ਨੂੰ, ਚਾ ਗ਼ਰਕ ਕਰਾਇਆ।
ਇਬਰਾਹੀਮ ਖ਼ਲੀਲ ਨੂੰ[੩], ਜਾ ਚਿਖਾ ਚੜ੍ਹਾਇਆ।
ਇਸਮਾਈਲ[੪] ਉਸ ਬਾਪ ਥੀਂ, ਸੀ ਆਪ ਕੁਹਾਇਆ।
ਰੱਖ ਆਰਾ ਸਿਰ ਜ਼ਕਰੀਏ, ਉਸ ਚੀਰ ਵਢਾਇਆ[੫]।

---

੧. ਕੁਨ ਦਾ ਮਤਲਬ ਹੈ: "ਹੋ ਜਾ" ਇਸ ਤਰ੍ਹਾਂ ਸ੍ਰਿਸ਼ਟੀ ਪੈਦਾ ਹੋ ਗਈ।

੨. ਬਾਬਾ ਆਦਮ ਤੇ ਅੰਮਾ ਹਵਾ, ਪਹਿਲਾਂ ਇਹ ਦੋ ਮਰਦ ਜ਼ਨਾਨੀ ਰੱਬ ਨੇ ਪੈਦਾ ਕੀਤੇ। ਫੇਰ ਅੱਗੇ ਇਨ੍ਹਾਂ ਤੋਂ ਵਾਧਾ ਹੁੰਦਾ ਚਲਾ ਗਿਆ।

੩. ਹਜ਼ਰਤ ਇਬਰਾਹੀਮ ਨੂੰ ਬਾਦਸ਼ਾਹ ਨਮਰੂਦ ਨੇ, ਜੋ ਖੁਦਾਈ ਦਾ ਦਾਵੇਦਾਰ ਸੀ, ਚਿਖਾ ਉਤੇ ਚਾੜ੍ਹਿਆ ਸੀ, ਪਰ ਫਰਿਸ਼ਤਿਆਂ ਨੇ ਹਜ਼ਰਤ ਨੂੰ ਹੱਥ ਦੇ ਕੇ ਰੱਖ ਲਿਆ ਤੇ ਨਮਰੂਦ ਨੂੰ ਉਸ ਦੀ ਕਰਨੀ ਦਾ ਫਲ ਮਿਲਿਆ, ਆਖ਼ਰ ਮੱਛਰਾਂ ਨੇ ਖਾਧਾ।

੪. ਹਜ਼ਰਤ ਇਬਰਾਹੀਮ ਦੇ ਤਿੰਨ ਬੇਟੇ ਸਨ: ਇਸਮਾਈਲ, ਯਾਕੂਬ ਅਤੇ ਇਸਹਾਕ। ਇਸਮਾਈਲ ਹਾਜਰਾ ਨਾਮੀ ਔਰਤ ਦਾ ਲੜਕਾ ਸੀ, ਜੋ ਹਜ਼ਰਤ ਦੀ ਚਾਹੇਤੀ ਬੀਵੀ ਨਹੀਂ ਸੀ, ਇਸ ਲਈ ਜਦ ਇਕ ਵੇਰ ਕੁਰਬਾਨੀ ਦਾ ਮੌਕਾ ਆਇਆ ਤਾਂ ਉਸ ਦੇ ਪੁੱਤਰ ਇਸਮਾਈਲ ਨੂੰ ਕੁਰਬਾਨ ਕਰਨ ਲੱਗਾ, ਪਰ ਜਬਰਾਈਲ ਨੇ ਇਕ ਮੀਂਢਾ ਅੱਗੇ ਕਰ ਦਿੱਤਾ, ਜਿਸ ਕਰ ਕੇ ਉਹ ਬਚ ਗਿਆ।

੫. ਹਜ਼ਰਤ ਜ਼ਕਰੀਆ, ਹਜ਼ਰਤ ਈਸਾ ਦੀ ਮਾਤਾ ਮਰੀਅਮ ਦੇ ਚਾਚੇ ਦਾ ਲੜਕਾ ਬੈਤੁੱਲ ਦਾ ਮੁਜਾਵਰ ਸੀ। ਹਜ਼ਰਤ ਮਰੀਅਮ ਦੇਵ ਦਾਸੀਆਂ ਦੀ ਤਰ੍ਹਾਂ ਬੈਤੁੱਲ ਦੀ ਮਸੀਤ ਦੀ ਸੇਵਾ ਕਰਨ ਲਈ ਚੜ੍ਹਾਈ ਗਈ ਸੀ। ਇਸ ਲਈ ਉਹ ਜ਼ਕਰੀਏ ਕੋਲ ਹੀ ਰਹਿੰਦੀ ਸੀ। ਜਦ ਉਸ ਨੂੰ ਕੁਆਰੀ ਨੂੰ ਹਮਲ ਹੋ ਗਿਆ ਤਾਂ ਲੋਕਾਂ ਜ਼ਕਰੀਏ ਉਤੇ ਸ਼ੱਕ ਕੀਤਾ। ਜ਼ਕਰੀਆ ਡਰ ਕੇ ਬੈਤੁੱਲਾ ਤੋਂ ਦੌੜ ਗਿਆ ਤੇ ਇੱਕ ਦਰਖਤ ਦੀ ਖੋਖ ਵਿਚ ਜਾ ਲੁਕਿਆ। ਲੋਕਾਂ ਚੂੰਕਿ ਉਸ ਦੇ ਪਿੱਛੇ ਆ ਕੇ ਸੁਰਾਗ ਲਾ ਲਿਆ ਸੀ, ਇਸ ਲਈ ਆਰਾ ਰੱਖ ਕੇ ਉਸ ਦਰਖਤ ਨੂੰ ਚੀਰ ਦਿੱਤਾ, ਜਿਸ ਦੇ ਨਾਲ ਜ਼ਕਰੀਆ ਵੀ ਦੋਫਾੜ ਹੋ ਗਿਆ।

ਸਿਰ ਯਹੀਏ ਦਾ ਕੱਟਕੇ, ਵਿਚ ਥਾਲ ਟਿਕਾਇਆ ।
ਯੂਨਸ ਨੂੰ ਮੂੰਹ ਮੱਛ ਦੇ, ਉਸ ਚਾ ਨਿਗਲਾਇਆ ।
ਕੀੜੇ ਪਾ ਅਯੂਬ ਨੂੰ, ਉਸ ਤਰਸ ਨਾ ਆਇਆ ।
ਤਖ਼ਤੋਂ ਸੁਟ ਸੁਲੇਮਾਨ ਨੂੰ, ਉਸ ਭੱਠ ਝੋਕਾਇਆ ।
ਚਾਲੀ ਸਾਲ ਯਾਕੂਬ ਨੇ, ਰੋ ਹਾਲ ਵੰਞਾਇਆ ।
ਯੂਸਫ ਜੇਹੇ ਚੰਨ ਨੂੰ, ਚਾ ਖੂਹ ਸੁਟਾਇਆ ।
ਉਸ ਨੂੰ ਖੂਹੋਂ ਕੱਢ ਕੇ ਫਿਰ ਕੈਦ ਰਖਾਇਆ ।
ਤੇ ਈਸੇ ਹੱਥ ਨਸਾਰ ਬੀਂ, ਅਸ਼ਮਾਨ ਚੜ੍ਹਾਇਆ ।
ਮੂਸੇ ਨੂੰ ਕੋਹਤੂਰ ਨੇ, ਮੂੰਹ ਭਾਰ ਸੁਟਾਇਆ ।
ਦੰਦ ਰਸੂਲ ਕਰੀਮ ਦਾ, ਚਾ ਭੰਨ ਗਵਾਇਆ ।
ਹਸਨ ਹਸੈਨ ਸ਼ਜ਼ਾਦਿਆਂ; ਕਰਬਲਾ ਖ਼ਪਾਇਆ ।
ਪੀਰ ਮੁਹੰਮਦ ਆਖਦਾ, ਵਾਹ ਬਾਰ ਖ਼ੁਦਾਇਆ ।
ਕੀਤੀ ਤੇਰੀ ਖੇਲ ਦਾ, ਕਿਸੇ ਅੰਤ ਨ ਪਾਇਆ ॥੧॥
ਰੱਬ ਸਿਰਜਿਆ ਨਬੀ ਨੂੰ, ਦੇ ਤਾਜ ਸ਼ਹਾਨਾ ।
ਸਭੇ ਯਾਰ ਰਸੂਲ ਦੇ, ਸਭ ਸਿਰ ਸੁਲਤਾਨਾਂ ।
ਅੱਵਲ ਯਾਰ ਸਦੀਕ ਹੈ ਜੈਂਦਾ ਸਿਦਕ ਤਵਾਨਾਂ ।
ਪਾਇਆ ਫ਼ਰਕ ਫ਼ਾਰੂਕ ਨੇ, ਵਿਚ ਮੁਸਲਮਾਨਾਂ ।
ਦਿਤਾ ਰੱਬ ਉਸ ਮਾਨ ਨੂੰ, ਸਭ ਮਾਲ ਖਜਾਨਾ ।
ਅਲੀ ਸੀ ਸ਼ੇਰ ਖ਼ੁਦਾਇ ਦਾ, ਵਾਹ ਸ਼ੇਰ ਜਵਾਨਾਂ ।
ਮਾਰੇ ਘੇਰ ਉਹ ਕਾਫਰਾਂ, ਲਾ ਖੂਬ ਨਿਸ਼ਾਨਾਂ ।
ਗਏ ਜਹਾਨੋਂ ਸਫਰ ਕਰ, ਦੇਖਿ ਰਾਹ ਹਕਾਨਾ ।
ਦੁਨੀਆਂ ਝੂਠੋ ਝੂਠ ਹੈ, ਸਭ ਕੂੜ ਬਹਾਨਾ ।
ਪੜ੍ਹਿਆ ਲਫਜ਼ ਇਹ ਮੋਤ ਦਾ, ਅਸਾਂ ਵਿਚ ਕੁਰਾਨਾ ॥੨॥
ਖ਼ਲਕਤ ਰੰਗਾ ਰੰਗ ਦੀ, ਸਭ ਰੱਬ ਉਪਾਈ ।
ਵਾਰੀ ਆਪੋ ਆਪਣੀ, ਸਭ ਮੌਤ ਲੰਘਾਈ ।
ਲਿਖੀ ਆਹੀ ਤੋੜ ਦੀ, ਸਭ ਹੋਂਦੀ ਆਈ ।
ਇਕ ਪੀਰ ਮੁਹੰਮਦ[੬] ਨਾਮ ਸੀ, ਧੰਨ ਜੈਂਦੀ ਮਾਈ ।
ਰਸੂਲ ਨਗਰ ਦਾ ਚੌਧਰੀ, ਭਉ ਦੁਸ਼ਮਨ ਖਾਈ ।
ਤੇ ਖੇਸ਼ ਕਬੀਲਾ ਆਪਣਾ, ਸਭ ਭੈਣਾਂ ਭਾਈ ।
ਉਸ ਦੀ ਵਿਚ ਪੰਜਾਬ ਦੇ, ਸੀ ਫਿਰੀ ਦੁਹਾਈ ।

੬. ਚੱਠਿਆਂ ਦਾ ਮੋਢੀ, ਪੀਰ ਮੁਹੰਮਦ ।

ਬੰਦਾ ਉਹ ਇਸਲਾਮ ਸੀ, ਵਿਚ ਸਿਦਕ ਸਫਾਈ ।
ਮੋਇਆ ਮੂਲ ਨ ਆਖੀਏ, ਨਾ ਰਹਿਆ ਜਾਈ ।
ਪਰ ਅਕਸਰ ਏਸ ਜਹਾਨ ਥੀਂ, ਸਭ ਮੋਏ ਭਾਈ ॥੩॥
ਚੜ੍ਹ ਕੇ ਅਹਿਮਦ ਸ਼ਾਹ[7] ਵੀ, ਕੰਧਾਰੋਂ ਧਾਇਆ ।
ਅਟਕੋਂ ਲੰਘ ਉਰਾਰ ਉਸ, ਸਭ ਦੇਸ ਕੰਬਾਇਆ ।
ਸੁਲਤਾਨ ਮੁਕੱਰਬ ਬਾਦਸ਼ਾਹ, ਗੁਜਰਾਤ ਬਿਠਾਇਆ ।
ਤੇ ਆਪੂੰ ਮੁੜ ਕੇ ਚੱਲਿਆ, ਜਿਸ ਰਾਹ ਸੀ ਆਇਆ ।
ਜ਼ਾਲਮ ਸਿਰ ਪਰ ਮਾਰੀਏ, ਜਿਸ ਜ਼ੁਲਮ ਉਠਾਇਆ ॥੪॥
ਸਿੰਘ ਨੂੰ[8] ਲਿਖ ਕਰ ਘੱਲਿਆ ਖਤ ਰਹਿਮਤ ਖਾਂ ਨੇ ।
ਜ਼ੁਲਮ ਉਠਾਇਆ ਏਸ ਨੇ ਹੁਣ ਵਿਚ ਜਹਾਨੇ ।
ਆਓ, ਇਸ ਨੂੰ ਮਾਰੀਏ, ਕਿਸੇ ਬਹਾਨੇ ।
ਲੁੱਟੀਏ ਮਾਲ ਮਤਾਹ ਤੇ ਸਭ ਹੋਰ ਖਜ਼ਾਨੇ ।
ਕੀਤਾ ਕੌਲ ਕਰਾਰ ਇਹ, ਮੈਂ ਨਾਲ ਜ਼ਬਾਨੇ ।
ਮੂਲੇ ਸ਼ੱਕ ਨ ਪਾਵਸਾਂ, ਮੈਂ ਵਿਚ ਈਮਾਨੇ ।
ਜੇ ਦਗਾ ਹੋਵੇ ਕੁਝ ਏਸ ਵਿਚ, ਤਾਂ ਕਸਮ ਕੁਰਾਨੇ ॥੫॥
ਚੜ੍ਹ ਕੇ ਗੁਜਰ ਸਿੰਘ ਜੀ, ਤਦ ਪਾਰੋਂ ਧਾਏ ।
ਚੌਧਰ ਧਰ ਮਹਾਰਾਜ ਨੇ, ਉਰਾਰ ਲੰਘਾਏ ।
ਰਹਿਮਤ ਖਾਨ ਅਚਾਨਚਕ, ਆ ਕਟਕ ਬਹਾਏ ।
ਸੁਲਤਾਨ ਮੁਕੱਰਬ ਮਾਰਿਆ, ਸਭ ਮਾਲ ਲੁਟਾਏ ।
ਫਿਰੀ ਦੁਹਾਈ ਖਾਲਸਾ, ਸਭ ਰਾਜ ਵਹਾਏ ।
ਹੱਦੀਂ ਆਪੋ ਆਪਣੀ ਸਭ ਮੁਲਕ ਦਬਾਏ ।
ਚੰਗੇ ਚੰਗੇ ਆਦਮੀ, ਸਭ ਮਾਰ ਖਪਾਏ ।
ਕਲਮ ਵੁੜੀ[9] ਤਕਦੀਰ ਦੀ, ਉਸ ਕੌਣ ਮਿਟਾਏ ॥੬॥
ਉੱਤੇ ਪੀਰ ਮੁਹੰਮਦੇ, ਸਿੰਘ ਧਰਿਆ ਟੱਕਾ ।
ਅੱਗੇ ਪਿੱਛੇ ਉਸ ਦੇ, ਉਹ ਚੜ੍ਹ ਚੜ੍ਹ ਥੱਕਾ ।
ਜੋ ਮੁਲਕ ਆਹਾ ਇਹ ਖਾਲਸਾ, ਤਦ ਕੀਤਾ ਮੱਕਾ ।
ਚੜ੍ਹਤ ਸਿੰਘ[10] ਸੀ ਸੂਰਮਾ ਉਹ ਡਾਢਾ ਪੱਕਾ ।
ਪਰ ਡਰਦਾ ਮੂਲ ਨ ਉਭਰੇ, ਮਤ ਰਹੇ ਨ ਫੱਕਾ ।
ਇਕ ਜੱਟ ਭਲੇਰਾ ਰੱਜਿਆ ਮਤ ਕਰੇ ਪਿਛੱਕਾ ।

---

੭. ਅਹਿਮਦ ਸ਼ਾਹ ਅਬਦਾਲੀ । ੮, ਸਰਦਾਰ ਗੁਜਰ ਸਿੰਘ ਭੰਗੀ ਨੂੰ ।
੯. ਚੱਲੀ । ੧੦. ਸ: ਚੜ੍ਹਤ ਸਿੰਘ ਸ਼ੁਕਰਚੱਕੀਆ ।

ਉਹ ਮੋਇਆ ਏਸੇ ਆਰਜ਼ੂ, ਨ ਹੋਇਆ ਸੱਕਾ ॥੭॥
ਚੜ੍ਹਤ ਸਿੰਘ ਦੀ ਜ਼ਾਨ ਸੀ, ਜਦ ਉੱਡ ਉਡਾਨੀ ।
ਰਹਿਆ ਮਹਾਂ ਸਿੰਘ ਸੀ, ਤਦ ਬੁੱਧ ਇਆਨੀ ।
ਰਾਜ ਕਰਨ ਦੀ ਆਸ ਤੇ, ਦੇਖ ਫਿਰਦਾ ਪਾਨੀ ।
ਸੋਚੀਂ ਪਏ ਸੀ ਸਿੰਘ ਦੇ, ਜੋ ਨਿਮਕ ਖਵਾਨੀ ॥੮॥
ਦੇਸਾਂ ਦੇਸ ਸਿਪਾਹ ਦੀ, ਗੱਲ ਮੰਨੀ ਪਾਲੀ ।
ਲਸ਼ਕਰ ਫੌਜਾਂ ਓਸ ਥੀਂ, ਸਭ ਹੋਏ ਸੁਖਾਲੀ ।
ਰਾਜ ਕਮਾਇਆ ਓਸ ਨੇ, ਹੋ ਮੁਲਕੇ ਵਾਲੀ ।
ਏਹਾ ਦਿਖਾਇਆ ਹੌਂਸਲਾ, ਝਾਲ ਕਿਨੇ ਨ ਝਾਲੀ ॥੯॥
ਜੁਆਨ ਹੋਇ ਮਹਾਂ ਸਿੰਘ ਨੇ, ਜਦ ਸੁਰਤ ਪਛਾਨੀ ।
ਸਾੜੀ ਮਾਂ ਉਸ ਮਾਰ ਕੇ ਗੱਲ ਕਰੀ ਇਆਨੀ ।
ਫਿਰੀ ਦੁਹਾਈ ਓਸ ਦੀ, ਸਭ ਕੁੰਟੀਂ ਥਾਨੀਂ ।
ਵੈਰ ਉਠਾਇਆ ਮੁਲਕ ਦਾ, ਉਸ ਨਾਲ ਬਗਾਨੀ ।
ਟਕੇ ਲਏ ਉਸ ਜੰਮੂਓਂ, ਤਾਲੋਨ ਮਿਆਨੀ ।
ਪਰ ਦੇਣੇ ਵਾਲਾ ਰੱਬ ਸੀ, ਉਸ ਐਵੇਂ ਠਾਨੀ ॥੧੦॥
ਗੱਜਣ ਮਹਾਂ ਸਿੰਘ ਦੇ, ਮੈਦਾਨੀ ਘੋੜੇ ।
ਲਸ਼ਕਰ ਫ਼ੌਜਾਂ ਓਸ ਨੇ, ਸੰਜੋਹਾਂ ਜੋੜੇ ।
ਆਕੀ ਕੋਈ ਨ ਛੱਡਿਆ ਉਸ ਸਭੇ ਤੋੜੇ ।
ਫ਼ਤਹ ਹੋਵੇ ਅਜਗੈਬ ਦੀ, ਉਹ ਜਿਤ ਵੱਲ ਦੌੜੇ ।
ਜੇਹਾ ਕੋਈ ਨਾ ਜੰਮਿਆ, ਮੂੰਹ ਉਸ ਦਾ ਮੋੜੇ ।
ਪਰ ਧੰਨ ਚੱਠਾ ਜੰਮਣ ਹਾਰੀਏ, ਮਾਂ ਜੰਮੇ ਥੋੜ੍ਹੇ ।
ਉਸਦੇ ਜੇਹੇ ਆਦਮੀ, ਘੱਟ ਲਭਸਨ ਲੋੜੇ ॥੧੧॥
ਪੀਰ ਮੁਹੰਮਦ ਚੱਲਿਆ, ਕਰ ਸਫਰ ਤਿਆਰੀ ।
ਰੁਸਤਮ[੧੧] ਮਾਊਂ ਜੰਮਿਆ, ਜਿਨ ਦੂਜੀ ਵਾਰੀ ।
ਦੌਲਤ ਦੁਨੀਆਂ ਦੀਨ ਵੀ, ਉਹ ਆਹੀ ਸਾਰੀ ।
ਦੁਨੀਆਂ ਨਾਲ ਨ ਵੰਝਣਾ, ਦੀਨ ਆਵੇ ਕਾਰੀ ।
ਤੇ ਦੁਨੀਆਂ ਆਖਰ ਛੱਡਣੀ, ਪਰ ਨਾਲ ਖੁਆਰੀ ।
ਦੁਨੀਆ ਬਣੇ ਨਾ ਕਿਸੇ ਦੀ, ਨਾ ਰਖਦੀ ਯਾਰੀ ॥੧੨॥
ਜੇ ਸਾਨੀ ਹੋਵੇ ਜ਼ੋਰ ਦਾ, ਤਾਂ ਜ਼ੋਰ ਅਜ਼ਮਾਈਏ ।
ਜੇ ਕੁੱਵਤ ਹੋਵੇ ਭਾਰ ਦੀ, ਤਾਂ ਸਿਰ ਪਰ ਚਾਈਏ ।

---

੧੧. ਰੁਸਤਮ ਈਰਾਨ ਦਾ ਇਕ ਪ੍ਰਸਿੱਧ ਜੋਧਾ ਸੀ ।

ਜਦ ਆਪੂੰ ਕੰਮ ਵਿਗਾੜੀਏ, ਨਾ ਪੱਛੋਤਾਈਏ ।
ਦੇਖ ਫੂਸ ਦੀ ਛੱਪਰੀ, ਨਾ ਆਤਸ਼ ਲਾਈਏ ।
ਜੇ ਵੈਰੀ ਸਿਰ ਪਰ ਉੱਭਰੇ, ਤਾਂ ਜਾਨ ਬਚਾਈਏ ।
ਘਰ ਮੌਤੇ ਦੇ ਚੱਲ ਕੇ, ਨਾ ਆਪੇ ਜਾਈਏ ।
ਜੀਵਣ ਥੋੜ੍ਹਾ ਢੂੰਡੀਏ, ਜਾਂ ਮਹੁਰਾ ਖਾਈਏ ॥੧੩॥
ਹੋਇਆ ਪੀਰ ਮੁਹੰਮਦੋਂ, ਗੁਲੱਾਮ[੧੨] ਅਗੇਰੇ ।
ਉਸ ਦੀ ਕੀਤੀ ਗੱਲ ਨੂੰ, ਕੋਈ ਮੂਲ ਨ ਫੇਰੇ ।
ਬਾਦਸ਼ਾਹੀ ਦੇ ਸਿਲਸਿਲੇ, ਸਭ ਉਸ ਦੇ ਡੇਰੇ ।
ਕਹਿੰਦਾ ਸੀ ਉਹ ਰਾਜਿਆਂ, ਹੋ ਬਹੋ ਪਰੇਰੇ ।
'ਜੇਹਾ ਕੋਈ ਨ ਜੰਮਿਆ; ਜੋ ਉਸ ਨੂੰ ਛੇੜੇ ।
ਤੇ ਪਿਆ ਮਹਾਂ ਸਿੰਘ ਸੀ, ਇਕ ਉਸ ਦੇ ਝੇੜੇ ।
ਦੇਹੀਂ ਰਾਤੀਂ ਓਸ ਨੂੰ ਉਹ ਲੱਗਾ ਹੇਰੇ ॥੧੪॥
ਦੌਲਤ ਦੁਨੀਆਂ ਮਾਲ ਧਨ, ਉਸ ਆਹਾ ਵਾਫਰ ।
ਤੇ ਦੌਲਤ ਦੁਨੀਆਂ ਦੇਖ ਕੇ, ਸੈ ਆਹੇ ਚਾਕਰ ।
ਮੁਲਕ ਦਬਾਇਆ ਓਸ ਨੇ, ਲਾ ਜਿਹਲਮ ਤਾਕਰ ।
ਦੌਲਤ ਵਾਲਾ ਦੌਲਤੋਂ, ਨਾ ਹੁੰਦਾ ਸ਼ਾਕਰ ।
ਅਕਸਰ ਬਹੁਤੇ ਏਸ ਥੀਂ, ਹੋ ਮਰਦੇ ਕਾਫਰ ।
ਪਰ ਚੰਗਾ ਜਿਹਦਾ ਖਮੀਰ ਹੈ, ਉਹ ਚੰਗਾ ਆਖ਼ਰ ॥੧੫॥
ਜਦ ਡਿੱਠਾ ਮਹਾਂ ਸਿੰਘ ਨੇ, ਉਸ ਰਾਜ ਵਧੰਦਾ ।
ਕਾਵੜ ਖਾਧੀ[੧੩] ਓਸ ਨੇ, ਕਰ ਦੀਦਾ ਮੰਦਾ ।
ਦੇਖ ਸਮਾਨਾ ਓਸ ਦਾ, ਇਹ ਡਾਢਾ ਬੰਦਾ ।
ਮਤ ਇਹ ਅੰਦਰ ਮੁਲਕ ਦੇ, ਚਾ ਲਾਏ ਡੰਗਾ !
ਇਹ ਵੀ ਇਕ ਨਵਾਬ ਹੈ, ਇਸ ਮੁਲਕੇ ਸੰਦਾ ।
ਸਿਰ ਦਾ ਦਰਦ ਪਛਾਣ ਕੇ, ਕੁਝ ਕਰੀਏ ਧੰਦਾ ।
ਨਹੀਂ ਤਾਂ ਮਗਜ਼ ਦਿਮਾਗ਼ ਦਾ, ਸਭ ਹੋਸੀ ਗੰਦਾ ॥੧੬॥
ਹੀਲਾ ਕਰੀਏ ਤਦੋਂ, ਜਦੋਂ ਕੁਝ ਜਾਏ ਕੀਤਾ ।
ਮਤ ਪਾੜ ਅਵੱਲਾ ਪਾੜੀਏ, ਨਾ ਜਾਏ ਸੀਤਾ ।
ਕਿਉਂ ਆਕਲ ਕੰਮ ਵਿਗਾੜਦਾ, ਹੋ ਚੁੱਪ ਚੁਪੀਤਾ ।
ਲੈ ਮਤ ਇਹ ਦੌੜੇ ਜੰਗ ਨੂੰ, ਹਥਿਆਰ ਪਲੀਤਾ ।
ਜੇ ਮੁਲਕ ਵੰਞਾਈਏ ਹੱਥ ਥੀਂ, ਨਾ ਜਾਏ ਲੀਤਾ ।

---

੧੨. ਗੁਲਾਮ ਮੁਹੰਮਦ ਚੱਠਾ (ਪੀਰ ਮੁਹੰਮਦ ਦਾ ਪੁਤ੍ਰ) । ੧੩. ਗੁੱਸਾ ਖਾਧਾ ।

ਜੰਗ ਪਿਆਲਾ ਜ਼ਹਿਰ ਦਾ, ਮਤ ਚਾਹੀਏ ਪੀਤਾ ॥੧੭॥
ਘੱਲੇ ਮਹਾਂ ਸਿੰਘ ਨੇ, ਕੁਝ ਨੌਕਰ ਖਾਸੇ ।
"ਜਾਓ ਤੁਸੀਂ ਸ਼ਿਤਾਬ ਹੀ, ਗ਼ੁੱਲਾਮੇ ਪਾਸੇ ।
ਮੰਗੋ ਟਕੇ ਸਭ ਓਸ ਥੀਂ; ਕਿਸੇ ਨਾਲ ਕਿਆਸੇ ।
ਜਾਂ ਬੰਨ੍ਹ ਲਿਆਓ ਓਸ ਨੂੰ, ਕਿਸੇ ਨਾਲ ਦਿਲਾਸੇ ।
ਜੱਟ ਫੱਟ ਬਿਨ ਬੱਧਿਆਂ, ਨਾ ਆਵਣ ਰਾਸੇ ।
ਰਾਜੇ ਰਾਜਿਆਂ ਲੋਹੂ ਦੇ ਨਿਤ ਰਹਿਣ ਪਿਆਸੇ ।
ਖ਼ੂਨ ਕਰੇਂਦੇ ਸੱਕਿਆਂ, ਕਰ ਜਾਣਨ ਹਾਸੇ ॥੧੮॥
ਰਾਜ ਪਿਆਰੇ ਰਾਜਿਆਂ, ਵੀਰ ਦੂੱਪਰਿਆਰੇ ।
ਪੀਂਦੇ ਰੱਤ ਉਹ ਜਾਨੀਆਂ, ਹੋ ਘੂਰੇ ਘਾਰੇ ।
ਰਾਜੇ ਅਕਸਰ ਰਾਜਿਆਂ ਨੂੰ, ਮਾਰਨ ਹਾਰੇ ।
ਖ਼ੁਸਰੂ ਕੁੱਠਾ ਪੁੱਤਰੇ, ਗੱਲ ਆਲਮ ਸਾਰੇ ।
ਮਾਰਿਆ ਆਲਮਗੀਰ ਨੇ, ਉਸ ਭਾਈਚਾਰੇ[੧੪] ।
ਡਾਢੇ ਨਾਲ ਮੁਕਾਬਲਾ, ਨਾ ਆਵੇ ਵਾਰੇ ।
ਤੂੰ ਆਖ ਹਕੀਕਤ ਅਗਲੀ, ਹੋਰ ਛੱਡ ਪਸਾਰੇ ॥੧੯॥
ਚਾਕਰ ਮਹਾਂ ਸਿੰਘ ਦੇ, ਜਾ ਮੀਏਂ[੧੫] ਅੱਗੇ ।
ਕੁੱਲ ਹਕੀਕਤ ਸਿੰਘ ਦੀ, ਸਭ ਦੱਸਣ ਲੱਗੇ ।
ਦੇਹੋ ਹਾਸਲ ਮੁਲਕ ਦਾ, ਜੇ ਚਾਹੋ ਪੱਗੇ ।
ਨਹੀਂ ਤੇ ਲੜਦਾ ਸਿੰਘ ਹੈ, ਗੱਲ ਹੈਸੀ ਜੱਗੇ ।
ਬੋਲਿਆ "ਕਰਸਾਂ ਜੰਗ ਵੀ; ਨਾ ਦੇਸਾਂ ਟੱਗੇ ।"
ਸੁਣ ਕੇ ਸੁਖ਼ਨ ਗੁਲਾਮ ਦਾ, ਮੂੰਹ ਹੋਏ ਬੱਗੇ ।
ਤੇ ਆਹਾ ਤਦੋਂ ਗ਼ੁਲਾਮ ਵੀ, ਉਸ ਸਾਂਵੇਂ ਸੱਗੇ ।
ਪਰ ਦੱਸੇਂ ਪੀਰ ਮੁਹੰਮਦਾ, ਹੁਣ ਕਿਚਰਕ ਤੱਗੇ ੦ ॥੨੦॥
ਲਿਖ ਜਵਾਬ ਗ਼ੁਲਾਮ ਵੀ, ਖਤ ਓਹਨਾਂ ਘੱਲੇ ।
"ਮੈਥੇ ਆਓ ਸਿੰਘ ਜੀ, ਜੇ ਹੋਰ ਨ ਝੱਲੇ ।
ਗਿਣ ਕੇ ਦੰਮ ਮਹਿਸੂਲ ਦੇ, ਮੈਂ ਪਾਸਾਂ ਪੱਲੇ ।
ਢਿੱਲ ਨ ਕਰਨੀ ਜੰਗ ਦੀ, ਜਾਂ ਜ਼ੋਰਾ ਚੱਲੇ ।"
ਕਹਿਆ ਮਹਾਂ ਸਿੰਘ ਨੇ, ਆ ਲਸ਼ਕਰ ਹੱਲੇ ।
ਮਾਰੇ ਹੱਥ ਉਨ੍ਹਾਂ ਨੇ, ਹੋ ਖੜ੍ਹੇ ਅਵੱਲੇ ॥੨੧॥
ਲਸਕਰ ਮਹਾਂ ਸਿੰਘ ਦਾ; ਦਰਿਆਈ ਕਾਂਗਾਂ ।

---

੧੪. ਦਾਰਾ ਸ਼ਿਕੋਹ । ੧੫. ਗੁਲਾਮ ਮੁਹੰਮਦ ਚੱਠੇ ਦੇ ਅੱਗੇ । ੦ ਤਕ ।

ਸੈਦ ਨਗਰ ਨੂੰ ਵੱਗਿਆ, ਕਰ ਕੂਕਾਂ ਚਾਗਾਂ ।
ਕਾਨੇ ਜਿਉਂ ਕਰ ਬੇਲਿਆਂ, ਤਿਉਂ ਗਤਕੇ ਸਾਂਗਾਂ ।
ਕਹੀਆਂ ਹੋਰ ਕੁਹਾੜੀਆਂ, ਹੱਥ ਸੋਟੇ ਡਾਂਗਾਂ ।
ਲੱਥੇ ਤੰਬੂ ਤਾਣ ਕੇ, ਸਭ ਟਾਂਗ ਬਟਾਂਗਾਂ ।
ਬਾਹਰ ਗੁਰੂ ਚਿਤਾਰਦੇ, ਤੇ ਅੰਦਰ ਬਾਂਗਾਂ ।
ਪਰ ਖੂਨ ਨ ਕਰੀਏ ਕਿਸੇ ਦਾ; ਭੱਠ ਜੰਗ ਦੀਆਂ ਤਾਂਘਾਂ ॥੨੨॥
ਲੱਗੀ ਸੱਟ ਨਗਾਰਿਆਂ ਪਏ ਮਾਰੂ ਵੱਜਣ ।
ਤੋਪਾਂ ਹੋਰ ਜੰਬੂਰਚੇ, ਜਿਉਂ ਬੱਦਲ ਗੱਜਣ ।
ਘੋੜੇ ਕਰਨ ਸ਼ਿਤਾਬੀਆਂ, ਉਠ ਕਟਕੋਂ ਭੱਜਣ ।
ਤੇਗ਼ਾਂ ਬਹੁਤ ਪਿਆਸੀਆਂ, ਨਾ ਰੱਤੋਂ ਰੱਜਣ ।
ਸੁਲਹ ਕਰੇਂਦੇ ਮੌਤ ਦੀ, ਨਾ ਮਿਲਦੇ ਸੱਜਣ ।
ਪਰ ਦੁਸ਼ਮਨ ਦੁਸ਼ਮਨ ਵੇਖਕੇ; ਨਾ ਪਰਦੇ ਕੱਜਣ ॥੨੩॥
ਕਹਿ ਤੂੰ ਪੀਰ ਮੁਹੰਮਦਾ, ਇਕ ਗੱਲ ਗਿਆਨਾਂ ।
ਘੋੜੇ ਰੱਖੇ ਥੰਮ੍ਹ ਕੇ, ਕਰ ਜ਼ੋਰ ਜਵਾਨਾਂ ।
ਤੇਗ਼ਾਂ ਵਾਂਗੂ ਸਵਾਲੀਆਂ, ਦਰਾਜ਼ ਜ਼ਬਾਨਾਂ ।
ਲੋਕਾਂ ਮਿਲਣ ਵਿਸਾਹਿਆ, ਵਿਚ ਘੱਤ ਮਿਆਨਾਂ ।
ਤੇ ਤੀਰ ਕਰੇਂਦੇ ਆਜਜ਼ੀ ਅਸੀਂ ਪਹਿਲੇ ਜਾਨਾਂ ।
ਤੇ ਸਾਂਗਾਂ ਕੰਬਣ ਕਹਿਰ ਥੀਂ, ਵਿੱਚ ਹੱਥ ਜਵਾਨਾਂ ।
ਸਬਰ ਗਵਾਇਆ ਤੁਪਕਾਂ, ਤਦ ਖੋਲ ਦਹਾਨਾਂ[੧੬] ।
ਪਰ ਹੱਥ ਨ ਪਹੁੰਚੇ ਕਿਸੇ ਦਾ, ਸੀ ਕੋਟ ਸਮਿਆਨਾਂ ॥੨੪॥
ਦੌੜਨ ਸਿੱਧੇ ਜੰਗ ਨੂੰ, ਹਥ ਨਪ ਹਥਿਆਰਾਂ ।
ਕਹਿ ਤੂੰ ਪੀਰ ਮੁਹੰਮਦਾ ਕੀ ਹਾਲ ਸਵਾਰਾਂ ।
ਜਿਉਂ ਪਉਂਦੀ ਵੱਟ ਅਚਾਨਚਕ, ਜਾ ਵਿਚ ਉਡਾਰਾਂ ।
ਤੇ ਚਮਕੇ ਜਿਉਂ ਕਰ ਬਿਜਲੀ ਸੋ ਗਲ ਤਲਵਾਰਾਂ ।
ਵੱਸਣ ਤੁਪਕਾਂ ਗੋਲੀਆਂ ਜਿਉਂ ਅਬਰ ਬਹਾਰਾਂ ।
ਪਰ ਮਾਰਨ ਹਿਕ ਦੂੰ ਮੋਰਚੇ, ਵਿਚ ਲੇਲ ਨਿਹਾਰਾਂ ॥੨੫॥
ਲਿਖਿਆ ਖ਼ਤ ਗ਼ੁਲਾਮ ਨੇ, ਕਰ ਧਿਕ ਤਕਰੀਰਾਂ ।
ਘਲਿਆ ਮਹਾਂ ਸਿੰਘ ਨੂੰ, ਦੇ ਤਾਨੇ ਧੀਰਾਂ ।
ਜੋ ਕੀਤਾ ਤੁਧ ਇਹ ਸਿੰਘ ਜੀ, ਨਾ ਕੰਮ ਅਮੀਰਾਂ ।
ਜੇ ਕਰਨਾਂ ਜੰਗ ਮੁਕਾਬਲਾ, ਇਹ ਨਾਲ ਫ਼ਕੀਰਾਂ ।

---

੧੬. ਮੂੰਹ ।

ਤੇ ਮੈਥੇ ਆਓ ਸਿੰਘ ਜੀ, ਜੋ ਜੰਗ ਤਦਬੀਰਾਂ ।
ਜੇ ਜ਼ਹਿਰ ਖਵਾਈਏ ਜ਼ਹਿਰ ਤੇ, ਨਾ ਖੰਡੋਂ ਖੀਰਾਂ ॥੨੬॥
ਹੋਇਆ ਸਾਲ ਇਸ ਜੰਗ ਵਿਚ, ਕਰ ਥੱਕੇ ਜੰਗਾਂ ।
ਜਾਤਾ ਮਹਾਂ ਸਿੰਘ ਨੇ, ਹੁਣ ਕਦੀ ਨ ਸੰਗਾਂ ।
ਖੁੱਥਾ ਮੂਲ ਨ ਕੋਟ ਦਾ, ਕੁਝ ਤੀਰ ਤੁਫੰਗਾਂ ।
ਤੇ ਸੱਦ ਕਿਰਾੜਾਂ ਇਫਤਰੇ[੧੭], ਕਰ ਰੰਗ ਬਿਰੰਗਾਂ ।
ਵੜਨਾ ਕੀਤਾ ਕੋਟ ਵਿਚ, ਕਰ ਗੱਲਾਂ ਢੰਗਾਂ ।
ਅਕਸਰ ਓਹ ਥਾਂ ਮਾਰੀਏ, ਨਿੱਤ ਜਿੱਥੇ ਕੰਗਾਂ ।
ਪਰ ਰੱਬ ਥੀਂ ਏਸ ਨਿਫ਼ਾਕ ਦੀ ਬੇਜ਼ਾਰੀ ਮੰਗਾਂ ॥੨੭॥
ਓੜਕ ਭੱਲੇ ਖੱਤਰੀ, ਜਾ ਸੁਰੰਗ ਲਵਾਈ ।
ਰਾਤੋ ਰਾਤ ਅਚਾਨਚਕ, ਚਾ ਪਈ ਲੁਕਾਈ ।
ਘਰ ਭੇਤੀ ਨਗਰੇ ਸਾੜਿਆ, ਕਰ ਦਈ ਤਬਾਹੀ ।
ਘਰ ਭੇਤੀ ਦਹਿਸਿਰ ਮਾਰਿਆ, ਉਸ ਲੰਕ ਸੜਾਈ ।
ਘਰ ਭੇਤੀ ਬਾਜ਼ੀ ਹਾਰਸਨ, ਸੁਣ ਅਕਸਰ ਭਾਈ ।
ਪਰ ਕਹੋ ਹਕੀਕਤ ਅਗਲੀ, ਜਿਉਂ ਗੱਲ ਵਧਾਈ ॥੨੮॥
ਜਾਂ ਫ਼ਤਹ ਕਰਾਈ ਰੱਬ ਨੇ, ਉਸ ਕੋਟੇ ਸੰਦੀ ।
ਤੇ ਲੁੱਟੇ ਨਾਲ ਮਤਾਹ ਵੀ, ਹੋਰ ਦੌਲਤ ਚੰਦੀ ।
ਲਾਈ ਅੱਗ ਚੁਪੀਤਿਆਂ, ਦੇ ਢਾਹ ਬੁਲੰਦੀ ।
ਤੇ ਪਾਈ ਦੱਸ ਗੁਲਾਮ ਦੇ, ਕਿਸੇ ਬੇਟੇ ਸੰਦੀ ।
ਪਰ ਵਸਤੀ ਅੰਦਰ ਸ਼ਹਿਰ ਦੇ ਸੀ ਚੰਗੀ ਮੰਦੀ ।
ਤੇ ਪੁਤ੍ਰ ਇਕ ਗੁਲਾਮ ਦਾ, ਫੜ ਖ਼ੜਿਆ ਬੰਦੀ ॥੨੯॥
ਪਰ ਗੁੱਜਰ ਸਿੰਘ ਗੁਲਾਮ ਦਾ, ਉਹ ਪੁੱਤਰ ਫੜਿਆ ।
ਕਰਕੇ ਕੈਦ ਸਲਾਮ ਗੜ੍ਹ, ਜਾ ਜ਼ੋਰੀਂ ਵੜਿਆ ।
ਪਿੱਛੇ ਮਹਾਂ ਸਿੰਘ ਵੀ, ਲੈ ਲਸ਼ਕਰ ਚੜ੍ਹਿਆ ।
ਗੁੱਜਰ ਸਿੰਘ ਸੀ ਸੂਰਮਾ, ਨਾ ਦਿੱਤੁ ਸੁ, ਲੜਿਆ ।
ਮਹਾਂ ਸਿੰਘ ਲੈ ਡੋਗਰੇ, ਮੁੜ ਓਥੇ ਅੜਿਆ ।
ਜੋ ਹੱਥ ਆਇਆ ਓਸ ਨੂੰ, ਫੜ ਓਥੋਂ ਖੜਿਆ ॥੩੦॥
ਤੇ ਕਰ ਕੇ ਡੇਰੇ ਕੂਚ, ਫਿਰ ਹੋਏ ਰੱਵਾਨਾ ।
ਜਾਂ ਇਕ ਵਰ੍ਹਾ ਜਾਂ ਘੱਟ ਵਧ, ਕੁਝ ਗਿਆ ਜ਼ਮਾਨਾ ।
ਘੱਲਿਆ ਮਹਾਂ ਸਿੰਘ ਨੇ; ਇਕ ਲਿਖ ਪਰਵਾਨਾ ।

---

੧੭. ਫਰੇਬ ।

"ਜੇ ਚਾਹੇਂ ਪੁੱਤਰ ਜੀਵਿਆ, ਤਾਂ ਦੇਹੁ ਖਜ਼ਾਨਾ ।
ਨਹੀਂ ਤੇ ਉਸ ਨੂੰ ਮਾਰਸਾਂ, ਮੈਂ ਰੱਖ ਨਿਸ਼ਾਨਾ ।
ਜਿਗਰ ਖਰਾਸੇਂ ਆਪਣਾ, ਹੁਣ ਛੱਡ ਬਹਾਨਾ ।
ਰਹਿ ਤਾਬਿਆ ਦਿਨ ਕੱਟ ਤੂੰ, ਓ ਆਕਲ ਖਾਨਾ" ॥੩੧॥
ਪੜ੍ਹ ਕੇ ਖਤ ਜਵਾਬ ਵੀ ਲਿਖ ਘੱਲੇ ਮੀਆਂ[੧੮] ।
"ਜੇ ਪੈਸਾ ਹਿੱਕ ਨ ਦਾਗ਼ਸਾਂ, ਮੈਂ ਡਾਢਾ ਹੀਆਂ ।
ਜੇ ਦੇਵੇਂ ਕਾਸਾ ਜ਼ਹਿਰ ਦਾ, ਮੈਂ ਕਿਚਰਕੁ ਪੀਆਂ ।
ਤੁਧ ਪਾੜ ਅਵੱਲਾ ਪਾੜਿਆ, ਮੈਂ ਕੀਕੁਰ ਸੀਆਂ ।
ਉਸ ਨੂੰ ਭਾਵੇਂ ਮਾਰ ਕੇ, ਵਿਚ ਦੇਹੋ ਨੀਹਾਂ ।
ਮਾਪੇ ਰਹਿਣ ਸਲਾਮਤੀ, ਸੈ ਪੁੱਤ੍ਰ ਧੀਆਂ" ॥੩੨॥
ਜਾਤਾ ਮਹਾਂ ਸਿੰਘ ਨੇ, ਇਹ ਰਾਸ ਬਿਰਾਸਾ ।
ਜੇ ਰਹਿਆ ਪੁੱਤਰ ਬੱਧਿਆ, ਇਹ ਫੇਰ ਮਵਾਸਾ[੧੯] ।
ਡਰਨ ਡਰਾਵਣ ਖੌਫ ਨੂੰ, ਨ ਜਾਣੇ ਮਾਸਾ ।
ਤੇ ਦੇ ਕੇ ਜੋੜੀ ਕੰਗਣਾਂ, ਇਕ ਘੋੜਾ ਖਾਸਾ ।
ਪੁੱਤਰ ਉਸ ਦਾ ਛੱਡਿਆ, ਕਰ ਗੌਰ ਦਿਲਾਸਾ ।
ਪਰ ਦੇਖ ਦਿਲਾਸਾ ਦੁਸ਼ਮਨਾਂ, ਨਾ ਜਾਣੀਂ ਹਾਸਾ ।
ਦੁਸ਼ਮਨ ਗੌਰ ਦਿਲਾਸਿਓਂ, ਚਾ ਕਰਨ ਬਿਨਾਸਾ ।
ਮਾਰਨ ਮੁੜ ਕੇ ਓਸ ਨੂੰ, ਕਰ ਜਾਣਨ ਹਾਸਾ ॥੩੩॥
ਜੇ ਮਰਦਾ ਸ਼ਰਬਤ ਪੀਤਿਆਂ, ਨਾ ਮਹੁਰਾ ਦੇਈਏ ।
ਦੇਖ ਦਿਲਾਸਾ ਦੁਸ਼ਮਨਾਂ, ਨ ਗ਼ਾਫ਼ਿਲ ਥੀਈਏ ।
ਜੋ ਦਬਕਣ ਗੌਰ ਦਿਲਾਸਿਓਂ, ਚਾ ਪਾਵਨ ਕਜ਼ੀਏ ।
ਦਗ਼ਾ ਨਾ ਖਾਈਏ ਦੁਸ਼ਮਨਾਂ, ਜਦ ਤਕ ਜਗ ਜੀਈਏ ।
ਦੁਸ਼ਮਨ ਓੜਕ ਮਾਰਦੇ, ਕਰ ਡਾਢੇ ਹੀਏ ॥੩੪॥
ਓੜਕ ਚੱਠੇ ਸਿੰਘ ਨੇ, ਚਾ ਲਾਵੇ ਲਾਏ ।
ਤੇ ਕਰ ਕੇ ਦਗ਼ਾ ਨਿਫ਼ਾਕ ਵੀ, ਉਸ ਸੱਦ ਬੁਲਾਏ ।
ਮੀਆਂ ਖਾਨ ਗੁਲਾਮ ਵੀ, ਚੜ੍ਹ ਡੇਰੇ ਆਏ ।
ਦੇ ਧਰਵਾਸ ਵਿਸਾਹ ਵੀ, ਉਸ ਕੋਲ ਬਹਾਏ ।
ਕਰ ਕੇ ਗੱਲਾਂ ਚੰਗੀਆਂ, ਹਥਿਆਰ ਖੁਲ੍ਹਾਏ ।
ਤੇ ਫੜ ਕੇ ਦੋਵੇਂ ਸੂਰਮੇਂ, ਚਾ ਕੈਦ ਕਰਾਏ ।
ਜੇ ਡਾਢੇ ਹੋਵਣ ਲਾਲਚੀ, ਕਰ ਲੈਣ ਸਵਾਏ ।

---

੧੮. ਗੁਲਾਮ ਮੁਹੰਮਦ । ੧੯. ਦੁਸ਼ਮਣ ।

ਜੋ ਫ਼ਰਮਾਇਆ ਸਿੰਘ ਨੇ, ਨਾ ਓਨ੍ਹਾਂ ਭਾਇਆ ॥੩੫॥
ਤੇ ਬੇਫ਼ਰਮਾਨੀ ਦੇਖ ਕੇ, ਉਹ ਕਾਵੜ ਆਇਆ[੨੦] ।
ਮੀਆਂ ਖਾਨ ਧਰ ਤੋਪ ਦੇ, ਮੂੰਹ ਮਾਰ ਉਡਾਇਆ ।
ਦਹਿਸ਼ਤ ਖ਼ੌਫ਼ ਗੁਲਾਮ ਦੇ, ਉਸ ਦਿਲ ਵਿਚ ਪਾਇਆ ।
ਤੇ ਫ਼ਾਕਾ ਫਿਕਰ ਗੁਲਾਮ ਨੂੰ, ਵਿਚ ਕੈਦ ਦਿਵਾਇਆ ।
ਰਸੂਲ ਨਗਰ ਕਰ ਦੇਵਣਾ, ਛੁੱਟ ਕੈਦੋਂ ਆਇਆ ॥੩੬॥
ਤੇ ਮਾਲ ਮਤਾਹੀਂ ਚੱਠਿਆਂ, ਢੋ ਮੰਚਰ ਸੱਟੇ ।
ਨਗਰੇ[੨੧] ਡੇਰਾ ਸਿੰਘ ਦਾ, ਤੇ ਮੰਚਰ ਚੱਠੇ ।
ਨਗਰ ਖ਼ੜਾਇਆ ਚੱਠਿਆਂ, ਸਰ ਕਰਦੇ ਨੱਠੇ ।
ਤੇ ਮਿਲ ਪਏ ਮਹਾਂ ਸਿੰਘ ਨੂੰ, ਉਹ ਨਹੀਓਂ ਨੱਠੇ ।
ਤੇ ਚੜ੍ਹਦੀ ਕੰਨੀਂ ਦੇਖ ਕੇ, ਸਭ ਹੋਏ ਇਕੱਠੇ ॥੩੭॥
ਚੜ੍ਹਦੇ ਛੇ ਸੱਤ ਸੂਰਮੇ, ਨਪ ਸਾਂਗਾਂ ਭੱਲੇ ।
ਤੇ ਮਿਲ ਕੇ ਮਾਰਨ ਪਾਸਣੇ, ਕਰ ਜ਼ੋਰ ਅਵੱਲੇ ।
ਰਾਹੀਂ ਹਿਕ ਦੂ ਆਦਮੀ, ਨਾ ਟੁਰਨ ਇਕੱਲੇ ।
ਤੇ ਟੋਲੀ ਮੋਹੀਆਂ ਕੱਪੜੇ, ਲੇ ਵੜ ਨੀ ਟੱਲੇ ।
ਤੇ ਦੇਸੀਂ ਮਹਾਂ ਸਿੰਘ ਦੇ, ਉਸ ਘੋੜੇ ਘੱਲੇ ॥੩੮॥
ਪਾਇਆ ਸ਼ੋਰ ਜਹਾਨ, ਵਿਚ, ਉਸ ਧੁੰਮਾਂ ਪਾਈਆਂ ।
ਲੋਕਾਂ ਅੱਗੇ ਸਿੰਘ ਦੇ, ਫਰੀਆਦਾਂ ਲਾਈਆਂ ।
"ਛੋੜ ਗੁਲਾਮ ਮੁਹੰਮਦੇ, ਤੁਧ ਲੀਕਾਂ ਲਾਈਆਂ ।
ਭੱਠ ਅਸਾਡਾ ਜੀਵਣਾ, ਭੱਠ ਪਈਆਂ ਜਾਈਆਂ ।
ਪਿਉ ਦਾਦੇ ਦੀਆਂ ਖੱਟੀਆਂ, ਅਸਾਂ ਆਣ ਗਵਾਈਆਂ ।
ਤੇ ਵਾਂਗੂ ਦੁੱਲੇ ਭੱਟੀਏ, ਉਸ ਬੂਰੀਆਂ ਚਾਈਆਂ ।
ਪਰ ਕਿੱਥੇ ਅਕਬਰ ਬਾਦਸ਼ਾਹ, ਜਿਸ ਫੇਰ ਮੁੜਾਈਆਂ ॥"੩੯॥
ਕਾਵੜ ਖਾਧੀ ਸਿੰਘ ਨੇ, ਸੱਦ ਫੌਜਾਂ ਥਾਣੇ ।
ਤੇ ਲੈ ਕੇ ਲਸ਼ਕਰ ਅੱਗਲੇ, ਮੁੜ ਮੰਚਰ ਧਾਣੇ ।
ਗਿਰਦੋ ਗਿਰਦੀ ਮੰਚਰੇ, ਆ ਤੰਬੂ ਤਾਣੇ ।
ਲੱਥੇ ਲਸ਼ਕਰ ਸਿੰਘ ਦੇ, ਕਰ ਖੂਬ ਟਿਕਾਣੇ ।
ਲਾ ਕੇ ਸਿੰਘਾਂ ਮੋਰਚੇ, ਧੂ ਨੇੜੇ ਆਣੇ ।
ਦਾਰੂ ਸਿੱਕਾ ਮੰਚਰੇ, ਤੇ ਕੋਠੀਂ ਦਾਣੇ ।
ਤੇ ਖੌਫ਼ ਨ ਕੁਝ ਗੁਲਾਮ ਨੂੰ, ਉਹ ਮੌਜਾਂ ਮਾਣੇ ॥੪੦॥

---

੨੦. ਕੌੜਾ ਹੋ ਗਿਆ, ਅਰਥਾਤ-ਗੁੱਸੇ ਹੋ ਗਿਆ । ੨੧. ਰਸੂਲ ਨਗਰ ਵਿਚ।

ਪਾਈ ਤੋਪਾਂ ਤੁੱਪਕਾਂ, ਜਾਂ ਧੂਆਂ ਧਾਰੀ।
ਗੱਜਣ ਹੋਰ ਜੰਬੂਰਚੇ, ਜਾਂ ਆਹੀ ਵਾਰੀ।
ਤੇ ਭੜਕਣ ਡੇਰੇ ਰਹਿਕਲੇ, ਭਉ ਪਾਵਣ ਭਾਰੀ।
ਤੇ ਪਾਈ ਡੰਡ ਨਗਾਰਿਆਂ, ਕਰ ਮਾਰੋ ਮਾਰੀ।
ਫਰਸ਼ ਉਠਾਇਆ ਘੋੜਿਆਂ, ਪੁੱਟ ਧਰਤੀ ਸਾਰੀ।
ਰੰਗ ਵਟਾਇਆ ਦੇਹੁੰ[22] ਨੇ, ਵਿਚ ਗਰਦ ਗੁਬਾਰੀ।
ਪਿਆ ਤੂਫ਼ਾਨ ਇਕ ਮੌਤ ਦਾ, ਘਤ ਕਹਿਰ ਕਹਾਰੀ।
ਪਰ ਚੱਠਾ ਨਿਕਲ ਮੰਚਰੋਂ, ਤਲਵਾਰਾਂ ਮਾਰੀ।
ਤੇ ਵਾਰ ਨ ਅਜਰਾਈਲ[23] ਨੂੰ ਲਾਹੌਲ ਪੁਕਾਰੀ ॥੪੧॥
ਸਾਂਗਾਂ ਸੱਲੇ ਧੜਾਧੜਾਕ, ਵਿਚ ਮੁਲਕੀਂ ਗੱਲਾਂ।
ਤੇ ਗੋਲੇ ਰੋੜ੍ਹਨ ਜੰਬੂਰਿਆਂ, ਜਿਉਂ ਨਿਸਬਤ ਬੱਲਾਂ।
ਤੀਰ ਮਰੇਂਦੇ ਝਾਟ ਵੀ, ਜਿਉਂ ਮਾਰਨ ਇੱਲਾਂ।
ਤੇ ਤੇਗਾਂ ਆਖਣ ਭੁੱਖ ਥੀਂ, ਹਾਇ! ਗੋਸ਼ਤ ਦਿੱਲਾਂ।
ਫੜ ਫੜ ਕੋਹਣ ਆਦਮੀ, ਜਿਉਂ ਕੁੱਠੇ ਪੱਲਾਂ।
ਗਿਰਦੇ ਮੰਚਰ ਰੱਤ ਦੀਆਂ, ਹੋ ਗਈਆਂ ਗਿੱਲਾਂ।
ਮੋਇਆ ਦੀਵਾਨ ਹਿਕ ਸਿੰਘ ਦਾ, ਪੈ ਗਈਆਂ ਢਿੱਲਾਂ ॥੪੨॥
ਕਰ ਕੇ ਡੇਰੇ ਕੂਚ ਤਦ, ਤੁਰ ਪਈ ਲੁਕਾਈ।
ਗਏ ਮਕਾਨੀਂ ਆਪਣੀਂ, ਸਭ ਥਾਂਈ ਥਾਂਈ।
ਅੱਗੇ ਵਾਂਗੂ ਚੱਠਿਆਂ, ਫਿਰ ਧੁੰਮ ਧੁਮਾਈ।
ਤੇ ਨਿੱਤ ਹਮੇਸ਼ਾ ਪਾਸਨੇ, ਕਰ ਮਾਰਨ ਧਾਈ।
ਦੂਜੀ ਵਾਰੀ ਓਸ ਦੀ, ਮੁੜ ਫਿਰੀ ਦੁਹਾਈ।
ਖਲਕਤ ਉਸਦੇ ਖੌਫ਼ ਥੀਂ, ਸਭ ਆਜਜ਼ ਆਈ।
ਕੰਬੇ ਖ਼ਲਕਤ ਖੌਫ਼ ਥੀਂ, ਕੀ ਆਖ ਸੁਣਾਈ ॥੪੩॥
ਕੀਤੀ ਫ਼ਤਹ ਅਜ਼ੀਮ[24] ਵੀ, ਉਸ ਬਹੁਤੀ ਥਾਂਈ।
ਦੇ ਕੇ ਕੰਡ[25] ਉਹ ਜੰਗ ਥੀਂ, ਨਾ ਮੁੜੇ ਕਦਾਈਂ।
ਤੇ ਦੇਹੀਂ ਰਾਤੀਂ ਸਿੰਘ ਵੀ, ਨਿਤ ਕਰੇ ਦੁਆਈਂ।
"ਰੱਬਾ, ਮੈਨੂੰ ਚੱਠਿਆਂ, ਕਿਸੇ ਢੰਗ ਮਿਲਾਈਂ।
ਦੇਖਾਂ ਜੰਗ ਬਹਾਦੁਰਾਂ, ਲਾ ਮੰਚਰ ਤਾਈਂ ॥੪੪॥
ਸੁਣੀ ਦੁਆ ਰੱਬ ਸਿੰਘ ਦੀ, ਚੜ੍ਹ ਚੱਠੇ ਧਾਏ।
ਤੇ ਕੁਲੀਆਂ ਵਾਲੇ ਕੋਟ ਥੀਂ, ਚਾ ਮਾਲ ਦਬਾਏ।

---

੨੨. ਦਿਨ। ੨੩. ਮੌਤ ਦਾ ਫ਼ਰਿਸ਼ਤਾ। ੨੪. ਵੱਡੀ। ੨੫. ਪਿੱਠ।

ਕਹਿਆ ਮਹਾਂ ਸਿੰਘ ਨੇ, ਅੱਜ ਰੱਬ ਮਿਲਾਏ ।
ਤੇ ਚੜ੍ਹ ਕੇ ਸਿੰਘਾਂ ਹੱਥ ਵੀ, ਉਠ ਭਾਗੀਂ ਪਾਏ ।
ਮਿਲਿਆ ਲਸ਼ਕਰ ਸਿੰਘ ਦਾ, ਕਰ ਹਾਏ ਹਾਏ ।
ਤੀਰਾਂ ਤੁਪਕਾਂ ਨੇਜ਼ਿਆਂ, ਤਦ ਮੀਂਹ ਵਰਸਾਏ ।
ਪਰ ਦੇ ਕੇ ਚਾਲਾ ਚੱਠਿਆਂ ਆ ਫੇਰ ਹਟਾਏ ॥੪੫॥
ਖਾ ਗੁੱਸਾ ਸ਼ੇਰ ਉਹ ਪੈ ਗਿਆ, ਕੱਢ ਤੇਗ ਮਿਆਨੋਂ ।
ਤੇ ਗਿਆ ਮਹਾਂ ਸਿੰਘ ਤੇ, ਜਿਉਂ ਤੀਰ ਕਮਾਨੋਂ ।
ਮਾਰੀ ਫੱਟ ਉਸ ਸਾਮ੍ਹਨੇ ਹੱਥ ਧੋ ਕੇ ਜਾਨੋਂ ।
ਛੱਡਿਆ ਆਸਣ ਸਿੰਘ ਨੇ, ਚੁਕ ਗਿਆ ਧਿਆਨੋਂ ।
ਮਾਰੇ ਘੋੜੇ ਸਿੰਘ ਦੇ, ਤੁਰੇ ਓਸ ਮੈਦਾਨੋਂ ।
ਲਸ਼ਕਰ ਨੱਠਾ ਸਿੰਘ ਦਾ,ਉਹ ਏਸ ਬਹਾਨੋਂ ।
ਚਿੜੀਆਂ ਵਾਂਗੂ ਉਡ ਗਏ, ਉਸ ਸ਼ੇਰ ਜਵਾਨੋਂ
ਰਹਿਆ ਨਾਮ ਬਹਾਦੁਰਾਂ, ਟੁਰ ਗਏ ਜਹਾਨੋਂ ॥੪੬॥
ਨੱਠਾ ਲਸ਼ਕਰ ਸਿੰਘ ਦਾ, ਕੁਝ ਪੇਸ਼ ਨ ਜਾਏ ।
ਆਂਦੇ ਮਾਲ ਸਲਾਮਤੀ, ਵਿਚ ਜੇਹੀ ਤਵਾਏ।
ਪਰ ਹਰਗਿਜ਼ ਸਮਝ ਗੁਲਾਮ ਨੂੰ ਇਹ ਮੂਲ ਨ ਆਏ।
ਜੇ ਜਾਂਦਾ ਉਹ ਦਰ ਕਿਆਮਤੇ, ਹੱਥ ਸੰਭਲ ਪਾਏ।
ਹੋ ਕੇ ਚੁੱਪ ਚੁਪਾਤਿਆਂ, ਕੋਈ ਰੋਜ਼ ਲੰਘਾਏ।
ਰਾਜ ਵਿਰਾਸਤ ਓਸ ਦੀ, ਜਿਸ ਰੱਬ ਵੀ ਭਾਏ।
ਪਰ ਹੁੰਦੀ ਕੁੱਵ[੨੬] ਕੌਣ ਹੈ, ਜੋ ਜ਼ੋਰ ਨ ਲਾਏ ॥੪੭॥
ਪਰ ਜਦ ਲਾਈਏ ਜੋਰ ਵੀ, ਤਦ ਸੰਭਲ ਲਾਈਏ।
ਅੱਵਲ ਘਰੂੰ ਸੰਭਾਲ ਕੇ, ਮੁੜ ਬਾਹਰ ਜਾਈਏ।
ਘਰ ਦਾ ਫੋਟਕ[੨੭] ਮਾਰਦਾ, ਭਉ ਜਾਨਉ ਖਾਈਏ।
ਪਾਟਾ ਰਾਸ ਨ ਆਂਵਦਾ, ਸੌ ਰਫੂ ਕਰਾਈਏ।
ਔਰਤ ਚੰਗੀ ਦੇਖ ਕੇ, ਨਾ ਬਹੁਤ ਸਲਾਹੀਏ।
ਚੜ੍ਹਦੇ ਚੰਦ ਹੀ ਦੇਖ ਕੇ, ਚਾ ਸਾਨ ਚੜ੍ਹਾਈਏ।
ਥੋੜੀ ਹਿਆਤੀ[੨੮] ਸਮਝ ਕੇ, ਚਾ ਮਹੁਰਾ ਖਾਈਏ ॥੪੮॥
ਸੁਣ ਰੰਨਾਂ ਦੀ ਗੱਲ ਨੂੰ, ਨਾ ਮੁੜਨੋਂ ਹਿੱਚੋਂ।
ਤੇ ਔਰਤ ਮੰਦੀ ਘੱਟ ਵੀ, ਨਾ ਹੋਂਦੀ ਰਿੱਛੋਂ।
ਇਹ ਦੋਵੇਂ ਚੀਜ਼ਾਂ ਬਾਜ਼ ਵੀ, ਨਾ ਆਵਣ ਜਿਚੋਂ।

---

੨੬. ਤਾਕਤ । ੨੭. ਬੇਇਤਫਾਕੀ । ੨੮. ਜ਼ਿੰਦਗੀ ।

ਖਾਸਾ ਹਰਮ ਗੁਲਾਮ ਦਾ, ਸਭ ਹਰਮਾਂ ਵਿੱਚੋਂ ।
ਤੇ ਲੈ ਕੇ ਪੁੱਤਰ ਸਿੰਘ ਨੂੰ, ਜਾ ਮਿਲਿਆ ਪਿੱਛੋਂ ।
ਪਰ ਪਉਂਦੇ ਜੰਗ ਮੁਕਾਬਲੇ, ਇਹ ਓੜਕ ਕੱਚੋਂ ॥੪੯॥
ਕਹਿਆ ਮਹਾਂ ਸਿੰਘ ਨੂੰ, ਉਸ ਬਹੁਤੀ ਵਾਰੇ ।
ਜੇ ਚੱਠਾ ਮਾਂਦਾ ਅੱਜ ਹੈ, ਨਾ ਆਵੇ ਦਾਰੇ ।
ਸੱਦ ਨਜੂਮੀ[੨੯] ਪੰਡਿਤਾਂ, ਸਿੰਘ ਪੁੱਛੇ ਸਾਰੇ ।
ਕਹਿਆ ਦੇਖ ਨਜੂਮੀਆਂ, ਹੁਣ ਚੱਠੇ ਮਾਰੇ ।
ਕਰ ਕੇ ਡੇਰਾ ਕੂਚ ਵੀ, ਚੜ੍ਹ ਚਲੋ ਪਾਰੇ ।
ਹੋ ਕੇ ਪਾਰੋਂ ਮਾਰਿਓ, ਕਰ ਲਸ਼ਕਰ ਭਾਰੇ ।
ਕਰ ਕੇ ਡੇਰੇ ਗਾਖੜੇ, ਕੁਝ ਰੋਜ਼ ਗੁਜ਼ਾਰੇ ॥੫੦॥
ਘੱਲੇ ਗੁੱਜਰ ਸਿੰਘ ਨੂੰ, ਲਿਖ ਚਿੱਠੀ ਚੀਰੀ ।
ਜੋ ਮੈਨੂੰ ਚੱਠਾ ਸਿੰਘ ਜੀ, ਹੁਣ ਦੇਂਦਾ ਧੀਰੀ ।
ਜ਼ੋਰ ਕਰੇਂਦਾ ਹਿੱਕ ਦਾ, ਹੋਰ ਨਾਹੀਂ ਪੀਰੀ ।
ਮੈਨੂੰ ਹਰਦਮ ਓਸ ਦੀ, ਹੈ ਬਹੁਤ ਜ਼ਹੀਰੀ ।
ਖਾਵਣ ਪੀਵਣ ਖੂਬ ਦੀ, ਨਾ ਲੱਜ਼ਤ ਸ਼ੀਰੀ ।
ਪਰ ਜ਼ਹਿਰ ਰਲਾਇਆ ਓਸ ਨੇ, ਵਿਚ ਖੰਡੋ ਖੀਰੀ ॥੫੧॥
ਜੋ ਹੁਣ ਨਿਕਲ ਮੰਚਰੋਂ, ਉਸ ਕੀਤਾ ਧੰਨਾ ।
ਤੇ ਲੜਨ ਲੜਾਈ ਕਹਿਣ ਦੀ, ਮੈਂ ਮੂਲ ਨ ਮੰਨਾ ।
ਉਹ ਖੜ ਮਾਰੇਸੀ ਬਹੁਤੀਆਂ, ਕਰ ਸਾਂਝਾ ਬੰਨਾ ।
ਮੈਂ ਫਿਰਸਾਂ ਵਿਚ ਜਹਾਨ ਦੇ, ਕਰ ਅੰਨ੍ਹਾਂ ਅੰਨ੍ਹਾਂ ।
ਉਹ ਸਾਨੂੰ ਮਾਰ ਵੰਞਾਵਸਨ, ਫਿਰ ਹੱਥੀਂ ਰੰਨਾਂ ।
ਹੋ ਇਕੱਠੇ ਮੰਚਰੇ, ਕਰ ਲਈਏ ਥੰਨਾ ॥੫੨॥
ਗੁੱਜਰ ਸਿੰਘ ਤੇ ਪੁੱਤਰੇ, ਤਦ ਆਹੀ ਲੜਾਈ ।
ਘੱਲ ਪਰਵਾਨਾ ਸਿੰਘ ਨੇ, ਚਾ ਸੁਲਹ ਕਰਾਈ ।
ਮੇਰੀ ਗੱਲ ਨਿਬੇੜਕੇ, ਮੁੜ ਕਰਿਓ ਕਾਈ ।
ਪਿਉ ਪੁੱਤਰ ਨੇ ਫੌਜ ਵੀ, ਸਰਪੱਟ ਮਿਲਾਈ ।
ਥਾਨੇ ਛੇੜਾਂ ਸੱਦ ਕੇ, ਕਰ ਬਹੁਤ ਲੁਕਾਈ ।
ਲੱਗੀ ਸੱਟ ਨਗਾਰਿਆਂ, ਚੜ੍ਹ ਕੀਤੀ ਧਾਈ ॥੫੩॥
ਲਸ਼ਕਰ ਮਹਾਂ ਸਿੰਘ ਦਾ, ਜਿਉਂ ਸਾਵਣ ਹਾਠਾਂ ।
ਟੂਰੀਆਂ ਫੌਜਾਂ ਜੋੜ ਕੇ, ਦਰਿਆਵੀਂ ਠਾਠਾਂ ।

---

੨੯. ਜੋਤਸ਼ੀ ।

ਰਾਹ ਛਿਪਾਇਆ ਗਰਦ ਨੇ, ਨਾ ਦੱਸਣ ਵਾਟਾਂ ।
ਲਸ਼ਕਰ ਪਾਰ ਚੜ੍ਹੇਂਦੀਆਂ, ਨਾ ਵਾਗੀ ਘਾਟਾਂ ।
ਨੇਜ਼ੇ ਸੂਰਜ ਸਾਮ੍ਹਣੇ, ਵਿਚ ਮਾਰਨ ਲਾਟਾਂ ।
ਹੋਇਆ ਜੰਗ ਮੁਕਾਬਲਾ, ਵਿਚ ਸਿੰਘਾਂ ਰਾਠਾਂ ॥੫੪॥
ਤੋਪਾਂ ਹੋਰੁ ਜੰਬੂਰਿਆਂ, ਚਾ ਪਾਈਆਂ ਡੰਡਾਂ ।
ਤੁਪਕਾਂ ਵੱਸਣ ਗੋਲੀਆਂ, ਜਿਉਂ ਸਾਵਣ ਫੰਡਾਂ ।
ਪਿਆ ਤੂਫਾਨ ਇਕ ਮੌਤ ਦਾ, ਸੈ ਹੋਈਆਂ ਰੰਡਾਂ ।
ਹਿੰਦੂ ਜੁਰਮ ਨ ਸਾੜਦੇ, ਚਾ ਫੂਕਣ ਝੰਡਾਂ ।
ਮੁਸਲਮ ਮੋਇਆਂ ਨ ਦੱਬੀਏ, ਤਦ ਵਿੱਚ ਘਮੰਡਾਂ ।
ਮਰਨ ਬਹਾਦਰ, ਜੰਗ ਥੀਂ, ਨਾ ਫੇਰਨ ਕੰਡਾਂ ॥੫੫॥
ਜਿਉ ਫਰਵਾਹਾ[੩੦] ਝੱਖੜੋਂ, ਤਿਉਂ ਤੀਰ ਸ਼ੂਕਾਵਣ ।
ਤੇ ਚਾਮਲ ਚਾਇਆ ਘੋੜਿਆਂ, ਉਹ ਗਰਦ ਉਠਾਵਣ ।
ਬੱਦਲ ਹੋਇਆ ਧੂੜ ਦਾ, ਚੜ੍ਹ ਹਾਠਾਂ ਆਵਣ ।
ਵਰ੍ਹਿਆ ਮੀਂਹ ਤਦ ਰੱਤ ਦਾ, ਜਿਉਂ ਲੱਗਾ ਸਾਵਣ ।
ਤੇਗਾਂ ਤੈਸ਼ ਮਰੇਂਦੀਆਂ, ਵਿੱਚ ਰੱਤੂ ਨ੍ਹਾਵਣ ।
ਸਾਂਗਾਂ ਵਾਂਗ ਪਰਿੰਦਿਆਂ, ਭਰ ਚਿੰਜੂ ਜਾਵਣ ।
ਗਾਜ਼ੀ ਮਰਨ ਕਬੂਲ ਕਰ, ਨਾ ਪੈਰ ਹਟਾਵਣ ॥੫੬॥
ਘੋੜਾ ਅੰਦਰ ਸ਼ਾਮ ਦੇ, ਚਾ ਸੂਰਜ ਫੇਰੇ ।
ਲੱਗਾ ਮੁਲਕ ਮੁਖਾਲਫ਼ਾਂ, ਆ ਪਿੱਛੋਂ ਹੇਰੇ ।
ਜ਼ੁਲਮ ਉਠਾਇਆ ਰਾਤ ਨੇ, ਪੈ ਗਏ ਹਨੇਰੇ ।
ਥਾਨੇ ਲਸ਼ਕਰ ਚੰਨ ਦੇ, ਆ ਬਹੁਤ ਘਨੇਰੇ ।
ਵੱਖੋ ਵੱਖੀਂ ਫ਼ਲਕ[੩੧] ਨੂੰ, ਚਾ ਪਾਵਣ ਘੇਰੇ ।
ਲਸ਼ਕਰ ਮਹਾਂ ਸਿੰਘ ਦੇ, ਆ ਕੀਤੇ ਡੇਰੇ ॥੫੭॥
ਚੰਦ ਵਿਲਾਇਤ ਦੋਹੁੰ ਦਾ, ਪਾ ਬੈਠਾ ਥੰਨਾ ।
ਸੂਰਜ ਵੇਖ ਅਚਾਣਚਕ, ਧਰੂਹ ਚੜ੍ਹਿਆ ਖੰਨਾ ।
ਕੁੱਠਾ ਲਸ਼ਕਰ ਚੰਨ ਦਾ, ਉਸ ਪਾਇਆ ਬੰਨਾ ।
ਦਹਿਸ਼ਤ ਪਾਈ ਚੰਨ ਨੂੰ, 'ਨਾ ਜਾਈਂ ਓ ਚੰਨਾ !'।
ਦੇਖ ਤਵਾਈ ਚੰਨ ਦੀ, ਉਠ ਲਹਿੰਦੇ ਭੰਨਾ ।
ਸ਼ੋਰ ਕਰਾਰਾ ਲਸ਼ਕਰਾਂ, ਵਿਚ ਆਇਆ ਕੰਨਾ ।
ਚੜ੍ਹਿਆ ਮਹਾਂ ਸਿੰਘ ਸੀ, ਉਹ ਹੋਲੀ ਵੰਨਾ ॥੫੮॥

੩੦. ਇਕ ਦਰੱਖਤ, ਜਿਸ ਵਿਚੋਂ ਹਵਾ ਚੱਲਣ 'ਤੇ ਸ਼ੂਕ ਪੈਦਾ ਹੁੰਦੀ ਹੈ ।
੩੧. ਅਸਮਾਨ ਨੂੰ ।

ਸ਼ਹਿਰੋਂ ਬਾਹਰ ਬੁਰਜ ਸੀ, ਇਕ ਤੀਰ ਉਡਾਰੀ ।
ਤੇ ਬੁਰਜੇ ਅੰਦਰ ਆਦਮੀ, ਕੁਝ ਆਹੇ ਕਾਰੀ ।
ਪੂੰਜੀ ਇਕ ਗੁਲਾਮ ਦੇ, ਇਹ ਆਹੀ ਭਾਰੀ ।
ਕੀਤਾ ਹੀਲਾ ਲਸ਼ਕਰਾਂ, ਚੜ੍ਹ ਪਈ ਸਵਾਰੀ ।
ਸਾਂਗਾਂ ਤੀਰਾਂ ਨੇਜਿਆਂ, ਨਾ ਆਵੇ ਵਾਰੀ ।
ਬੁਰਜ ਛੁਪਾਇਆ ਤੁਪਕਾਂ, ਵਿੱਚ ਧੂਆਂ ਧਾਰੀ ।
ਛਾਨੀ ਕੰਧ ਜੰਬੂਰਿਆਂ, ਕਰ ਪੂਰੀ ਸਾਰੀ ।
ਗਰਦ ਉਠਾਈ ਲਸ਼ਕਰਾਂ, ਪੈ ਗਈ ਗੁਬਾਰੀ ॥੫੯॥
ਜਦ ਨੇੜੇ ਢੁੱਕੇ ਬੁਰਜ ਦੇ, ਸਭ ਸ਼ੀਰਾਂ ਹੰਨੇ ।
ਵੇਖ ਜਵਾਨਾਂ ਅੰਦਰੋਂ, ਧਰੂਹ ਕੱਢੇ ਖੰਨੇ[੩੨] ।
ਕਰ ਕੇ ਬਹੁਤ ਦਲੇਰੀਆਂ, ਉਠ ਬਾਹਰ ਭੰਨੇ[੩੩] ।
ਪੁਰਜੇ ਕਰਦਾ ਸਾਰ ਵੀ, ਤਾਂ ਪਾਂਦਾ ਬੰਨੇ ।
ਸੱਚਮੁਚ ਮੌਤ ਸੁਜਾਖਿਆਂ, ਚਾ ਕਰਦੀ ਅੰਨੇ ॥੬੦॥
ਫੱਟ ਨ ਹੋਵੇ ਕਤਰਾ, ਉਹ ਕਰ ਕਰ ਹੁੱਟੇ ।
ਜ਼ੋਰ ਕੀ ਕਰਨੈਂ ਤਾਲਿਆ, ਜਾਂ ਪਏ ਅਪੁੱਠੇ ।
ਚਿੜੀਆਂ ਵਾਂਗੂ ਅਸਵਾਰ ਵੀ, ਚੌਗਿਰਦੇ ਨੱਠੇ ।
ਦੋਸ਼ ਨ ਕੁਝ ਬਹਾਦਰਾਂ, ਹਥਿਆਰਾਂ ਮੱਠੇ ॥੬੧॥
ਤੁਪਕਾਂ ਹੋਰ ਜੰਜਾਇਲਾਂ, ਸੈ ਸ਼ਹਿਰੋਂ ਦੱਗਣ ।
ਫੱਟ ਨ ਹੋਵੇ ਮੂਲ ਵੀ, ਜਿਉਂ ਢੀਮਾਂ ਲੱਗਣ ।
ਤੇਗਾਂ ਹੋਈਆਂ ਖੁੰਡੀਆਂ, ਉਹ ਵਾਲ ਨ ਵੱਗਣ ।
ਦਾਣਾ ਉਮਰ ਨਿਖੁਟਿਆ, ਤਾਂ ਕਿਚਰੁਕ ਤੱਗਣ ॥੬੨॥
ਮਾਰ ਸਿਪਾਹ ਉਸ ਬੁਰਜ ਵਿਚ, ਮੁੜ ਕੁੱਠੇ ਸਾਰੇ ।
ਤੇ ਜੰਗ ਲੜਾਈ ਕਰਦਿਆਂ, ਕੁਝ ਦੇਹੁੰ ਗੁਜ਼ਾਰੇ ।
ਆਹਾ ਬੁਰਜ ਇਕ ਹੋਰ ਵੀ, ਉਸ ਸ਼ਹਿਰ ਕਿਨਾਰੇ ।
ਲੱਥਾ ਲਸ਼ਕਰ ਓਸ ਦੇ, ਮੱਲ ਪਾਸੇ ਚਾਰੇ ।
ਕੀਤੇ ਅਹਿਮਦ ਖਾਨ ਨੇ, ਕੁਝ ਓਥੇ ਕਾਰੇ ।
ਕਈ ਸੂਰਮੇ ਮੌਤ ਦੇ, ਉਸ ਘਾਟ ਉਤਾਰੇ ॥੬੩॥
ਚੱਠੇ ਇਲਮ ਕਮਾਲ[੩੪] ਥੀਂ, ਸਭ ਆਹੇ ਖ੍ਵਾਂਦੇ[੩੫] ।
ਨੇਕੀ ਕਰਦੇ ਦਿਲ ਦੀ, ਓਹ ਢਿਲ ਨਾ ਲਾਂਦੇ ।

---

੩੨. ਖੰਡਾ । ੩੩. ਭੱਜੇ, ਨੱਸੇ । ੩੪. ਪਾਠ ਭੇਦ-"ਕਲਾਮ" ।
੩੫. ਪੜ੍ਹੇ ਹੋਏ ।

ਖਾਲੀ ਮੂਲ ਨ ਮੋੜਦੇ, ਜੋ ਮੰਗਣ ਜਾਂਦੇ।
ਪਰ ਸੁਣੋ ਹਕੀਕਤ ਅਗਲੀ ਜੋ ਲੋਕ ਸੁਣਾਂਦੇ।
ਜਾਂ ਸਿੰਘਾਂ ਗਿਰਦੇ ਬੁਰਜ ਦੇ, ਚਾ ਮਾਰੇ ਫਾਂਦੇ।
ਅਹਿਮਦ ਖਾਂ ਵਿਚ ਬੰਦਗੀ ਸੀ ਬਾਹਰ ਬਾਂਦੇ ॥੬੪॥
ਗਿਰਦੋ ਗਿਰਦੀ ਮੰਚਰੇ, ਲਹਿ ਪਈ ਲੁਕਾਈ।
ਦਿਹੁੰ ਤੇ ਰਾਤੀਂ ਅੱਤ ਦੀ, ਨਿਤ ਪਵੇ ਲੜਾਈ।
ਹੁੰਦਾ ਜੰਗ ਮੁਕਾਬਲਾ, ਕੁਝ ਪੇਸ਼ ਨ ਜਾਈ।
ਮਹਾਂ ਸਿੰਘ ਗੁਲਾਮ ਨਾਲ, ਨਾ ਪਾਰ ਵਸਾਈ।
ਜੇ ਮਿਲੇ ਗੁਲਾਮ ਨ ਮਾਰਸਾਂ, ਸਿਰ ਪੋਥੀ[੩੬] ਚਾਈ।
ਤੇ ਕਹਿਆ ਫੇਰ ਗੁਲਾਮ ਨੇ, ਮਤ ਹੋਇ ਖਤਾਈ।
ਘੱਲਿਆ ਕੁਤਬੁੱਦੀਨ ਨੂੰ, ਜਾ ਮਿਲ ਤੂੰ ਭਾਈ।
ਜਾ ਕਰ ਡੇਰੇ ਸਿੰਘ ਦੇ, ਉਸ ਫ਼ਤਹ ਬੁਲਾਈ।
ਤੇ ਮਹਾਂ ਸਿੰਘ ਵੀ ਓਸ ਨੂੰ, ਚਾ ਕੋਲ ਬਹਾਈ ॥੬੫॥
ਗੌਰ ਦਿਲਾਸਾ ਅੱਗਲਾ[੩੭], ਧਰਵਾਸ ਦਿਵਾਇਆ।
ਕਹਿਆ-"ਆਪ ਗੁਲਾਮ ਵੀ, ਕਿਉਂ ਮਿਲਣ ਨ ਆਇਆ।"
ਤੇ ਮਹਾਂ ਸਿੰਘ ਗ੍ਰੰਥ[੩੮] ਨੂੰ, ਲੈ ਸਿਰ ਤੇ ਚਾਇਆ।
ਦਗਾ ਨ ਮੂਲੇ ਏਸ ਵਿਚ, ਹੈ ਕਸਮ ਖ਼ੁਦਾਇਆ।
ਪੁੱਤਰ[੩੯] ਮਹਾਂ ਸਿੰਘ ਨੇ, ਉਸ ਨਾਲ ਚਲਾਇਆ।
ਜਾ ਕੇ ਕਹੀਂ ਗੁਲਾਮ ਨੂੰ, ਤੁਧ ਬਾਧ ਬੁਲਾਇਆ ॥੬੬॥
ਲੜਕੇ ਦੋਵੇਂ ਲਸ਼ਕਰੋਂ, ਵਿਚ ਮੰਚਰ ਆਵਣ।
ਤੇ ਕੁੱਲ ਹਕੀਕਤ ਸਿੰਘ ਦੀ, ਸਭ ਆਖ ਸੁਣਾਵਣ।
ਗੌਰ ਦਿਲਾਸਾ ਅੱਗਲਾ, ਧਰਵਾਸ ਦਿਵਾਵਣ।
ਕਸਮਾਂ ਖਾਕੇ ਗ੍ਰੰਥ ਨੂੰ, ਲੈ ਸਿਰ ਤੇ ਚਾਵਣ।
ਜਾਤਾ ਸਮਝ ਗੁਲਾਮ ਨੇ, ਹੁਣ ਬਣਿਆ ਜਾਵਣ।
ਤੇ ਜੋੜੀ ਕੰਗਣ ਸਿੰਘ ਦੀ, ਚਾ ਹੱਥੀਂ ਪਾਵਣ।
ਪਰ ਆਪੇ ਜਾਣ ਪਛਾਣ ਕੇ, ਛਿਲ ਲੱਗਾ ਖਾਵਣ ॥੬੭॥
ਆਕਲ ਮਰਨ ਕਬੂਲ ਕੇ, ਕਿਉਂ ਓਥੇ ਜਾਂਦਾ।
ਰਾਜਾ ਹੋ ਕੇ ਮੁਲਕ ਦਾ, ਸਿਰ ਇਫ਼ਤਰ ਚਾਂਦਾ।

---

੩੬. ਭਾਵ-ਗੁਰਬਾਣੀ ਦੀ ਪੋਥੀ, ਅਥਵਾ-ਸ੍ਰੀ ਗੁਰੂ ਗ੍ਰੰਥ ਸਾਹਿਬ।

੩੭. ਬਹੁਤ ਹੀ। ੩੮. ਸ੍ਰੀ ਗੁਰੂ ਗ੍ਰੰਥ ਸਾਹਿਬ।

੩੯. ਭਾਵ-ਮਹਾਰਾਜਾ ਰਣਜੀਤ ਸਿੰਘ।

ਕਰ ਕੇ ਕੌਲ ਕਰਾਰ ਵੀ, ਪਰ ਜਾਇ ਫਿਰਾਂਦਾ ।
ਸੋਨਾ ਪਿੱਤਲ ਕੁੱਟ ਜਦ, ਇਕ ਭਾਉ ਵਿਕਾਂਦਾ ।
ਤੇ ਅੰਬਾਂ ਵਿਚ ਧਿਰਕੋਣਿਆਂ[੪੦], ਕੁਝ ਫ਼ਰਕ ਨ ਪਾਂਦਾ।
ਪਰ ਦੋਸ਼ ਨਾ ਕੁਝ ਗੁਲਾਮ ਨੂੰ, ਰੱਬ ਆਪ ਕਰਾਂਦਾ ॥੬੮॥
ਮੀਆਂ ਵਾਂਗੂ ਫਕੀਰ ਵੀ, ਚਾ ਵੇਸ ਵਟਾਵੇ ।
ਤੇ ਕਰ ਕੇ ਗੇਰੀਂ ਕੱਪੜੇ, ਗਲ ਸੇਹਲੀ ਪਾਵੇ ।
ਫੜ ਕੇ ਹੱਥ ਕਮਾਨ ਵੀ, ਵਿਚ ਡੇਰੇ ਆਵੇ ।
ਮੱਥੇ ਤੇ ਧਰ ਤੀਰ ਉਹ, ਜਾ ਫ਼ਤਹ ਬੁਲਾਵੇ ।
ਤੇ ਗੈਰਤ ਅਜੇ ਜੁਆਨ ਨੂੰ, ਨਾ ਦਿਲ ਥੀਂ ਜਾਵੇ ।
ਫੜ ਕੇ ਮਹਾਂ ਸਿੰਘ ਵੀ, ਉਹਨੂੰ ਕੋਲ ਬਹਾਵੇ ॥੬੯॥
ਜਦੋਂ ਮੀਆਂ ਖਾਂ ਮੰਚਰੋਂ, ਵਿਚ ਲਸ਼ਕਰ ਆਇਆ ।
ਗਿਰਦੋ ਗਿਰਦੀ ਲਸ਼ਕਰੇ, ਆ ਝੁਰਮਟ ਪਾਇਆ ।
ਮਰਨ ਕਬੂਲੇ ਲੋਕ ਵੀ, ਨਾ ਮੁੜਨ ਹਟਾਇਆ ।
ਯੂਸਫ਼ ਵਿਚ ਬਾਜ਼ਾਰ ਦੇ, ਚੰਨ ਅੱਜ ਵਿਕਾਇਆ ।
ਪਰ ਹੱਥ-ਪੜੱਥੀ ਲੋਕ; ਲੈ ਕਰ ਜ਼ੋਰ ਲਗਾਇਆ ॥੭੦॥
ਆਖ ਹਕੀਕਤ ਸੱਚ ਦੀ, ਛੱਡ ਹੋਰ ਕੁਸ਼ਾਲਾ ।
ਕਹਿਆ ਸਿੰਘ ਗੁਲਾਮ ਨੂੰ, 'ਜੇ ਲੈ ਤੂੰ ਕਾਲਾ' ।
ਕਹਿਆ ਫੇਰ ਗੁਲਾਮ ਨੇ, ਰੱਬ ਰੱਖਣ ਵਾਲਾ ।
ਪਰ ਦਿੱਤਾ ਸਾਨੂੰ ਸਿੰਘ ਜੀ, ਤੁਧ ਦੇਸ ਨਿਕਾਲਾ ।
ਕਸਮ ਸੁਗੰਦਾਂ ਘੱਤ ਕੇ, ਇਹ ਕੀਤੋ ਈ ਚਾਲਾ ।
ਤੇ ਮੈਂ ਹੁਣ ਜਾਣਾ ਮੰਚਰੋਂ, ਤੂੰ ਬੈਠ ਸੁਖਾਲਾ ॥੭੧॥
ਦੇ ਦਿਓ ਚਾਲੀ ਊਠ ਹੁਣ, ਮੈਂ ਮੱਕੇ ਜਾਣਾ ।
ਤੇ ਕਰ ਕੇ ਤੋਸ਼ਾ ਸਫਰ ਦਾ, ਲਦ ਖਾਣਾ ਦਾਣਾ ।"
ਕਹਿਆ ਮਹਾਂ ਸਿੰਘ ਨੇ, "ਮੈਂ ਇੰਜ ਪਛਾਣਾ ।
ਚਲਿਆ ਹੈਂ ਫਰਿਆਦ ਨੂੰ, ਤੂੰ ਕੋਲ ਪਠਾਣਾਂ ।
"ਤੇ ਮੈਂ ਹੀ ਆਹੋ ਆਖਿਆ, ਜੇ ਅੱਲਾ ਭਾਣਾ ।"
ਕੀਤਾ ਸੁਖਨ ਗੁਲਾਮ ਨੇ, ਇਹ ਖੂਬ ਪਛਾਣਾ ॥੭੨॥
ਕਾਲਾ ਛਡ ਗੁਲਾਮ ਵੀ, ਕਿਉਂ ਓਥੋਂ ਭੁੱਲੇ ।
ਘਿਉ ਡੁਲ੍ਹਾ ਨਾ ਆਖੀਏ; ਵਿਚ ਥਾਲੀ ਡੁਲੇ ।
ਸੈ ਫਿਕਰਾਂ ਨੇ ਘੇਰਿਆ, ਸਿਰ ਝੱਖੜ ਝੁੱਲੇ ।

---

੪੦. ਡਕੋਲੀਆਂ ।

ਤੇ ਸਾਬਤ ਰੱਖੇ ਕਦਮ ਉਸ, ਸਹਿ ਦਾਵ ਅਵੱਲੇ ॥੭੩॥
ਚਾਲੀ ਊਠ ਦੋ ਛੱਕੜੇ, ਲੈ ਮੰਚਰ ਆਇਆ ।
ਜਿੱਥੇ ਸਾਨ ਜ਼ਿਆਰਤਾਂ[41] ਉਹ ਤਾਕ ਖੁਲਾਇਆ ।
ਉਹ ਰਹੀਆਂ ਮੂਲ ਨ ਅੱਧੀਆਂ, ਰੋ ਹਾਲ ਵੰਞਾਇਆ ।
ਸਾਨੂੰ ਏਸ ਜਹਾਨ ਥੀਂ, ਹੁਣ ਸਫਰ ਚਲਾਇਆ ।
ਭਾਰ ਸਲੀਤੇ ਕੱਢ ਕੇ, ਸਭ ਸਾਥ ਲਦਾਇਆ ।
ਤੇ ਕਰ ਕੇ ਤਿਆਰੀ ਚੱਲੀਏ, ਜਿਉਂ ਅੱਲਾ ਭਾਇਆ ॥੭੪॥
ਟੁਰ ਪਈ ਨਾਲ ਗੁਲਾਮ ਦੇ, ਸਭ ਚੰਗੀ ਮੰਦੀ ।
ਖ੍ਵੇਸ਼ ਕਬੀਲਾ ਆਪਣਾ, ਹੋਰ ਸਾਥੀ ਸੰਗੀ ।
ਤੇ ਸਾਥ ਲਦਾਇਆ ਹਾਜੀਆਂ, ਕਰ ਰੰਗ ਬਿਰੰਗੀ ।
ਗ਼ਾਫ਼ਲ ਮੂਲ ਨ ਜਾਣਦੇ, ਮਤ ਪਉਨ ਫਿਰੰਗੀ ।
ਤੇ ਮੌਤ ਨ ਦੇਂਦੀ ਦਮ ਵੀ, ਇਕ ਫੁਰਸਤ ਮੰਗੀ ।
ਓੜਕ ਕੱਢੇ ਮਨਚਰੋਂ, ਇਸ ਭੈੜੀ ਕੰਗੀਂ ॥੭੫॥
ਸ਼ਹਿਰੋਂ ਬਾਹਰ ਨਿੱਕਲੇ, ਲੱਦ ਮਾਲ ਮਤਾਹੀਂ ।
ਤੇ ਲਸ਼ਕਰ ਵਿਚੋਂ ਆਦਮੀ, ਇਕ ਗਿਆ ਤਦਾਹੀਂ ।
ਕਹਿਆ ਖਾਨ ਮੁਹੰਮਦੇ, ਉਸ ਵੇਖ ਕਦਾਹੀਂ ।
ਡੇਰੇ ਮਹਾਂ ਸਿੰਘ ਦੇ, ਹੁਣ ਕਰਨ ਸਲਾਹੀਂ ।
ਚੱਠੇ ਮਾਰੋ ਘੇਰ ਕੇ, ਹੁਣ ਜਾਵਣ ਨਾਹੀਂ ।
ਪਰ ਆਪਣਾ ਆਪ ਸੰਭਾਲ ਕੇ, ਤੁਸੀਂ ਟੁਰਿਓ ਰਾਹੀਂ ।੭੬॥
ਸੁਣ ਕੇ ਖਾਨ ਮੁਹੰਮਦੇ, ਦਿਲ ਧੋਖਾ ਪਾਇਆ ।
ਤੇ ਗਿਆ ਡੇਰੇ ਸਿੰਘ ਦੇ, ਨਾ ਕਿਸੇ ਲਖਾਇਆ ।
ਕਹਿਆ ਮਹਾਂ ਸਿੰਘ ਨੇ, 'ਕਿਉਂ ਖਾਨੂ ! ਆਇਆ ?'
ਅੱਗੋਂ ਖਾਨ ਮੁਹੰਮਦੇ, ਇਹ ਸੁਖਨ ਅਲਾਇਆ ।
'ਮਾਂ ਪਿਉ ਮੇਰੇ ਸਿੰਘ ਜੀ ਤੁਧੁ ਸਫਰ ਚਲਾਇਆ ।
ਮੈਂ ਹੁਣ ਰਹਿਆ ਤੁੱਧ ਕੋਲ, ਕੁਝ ਉਨ੍ਹਾਂ ਗਵਾਇਆ ॥੭੭॥

---

੪੧. ਹਜ਼ਰਤ ਮੁਹੰਮਦ ਸਾਹਿਬ ਦੀਆਂ ਮੁਤਬੱਰਕ ਚੀਜ਼ਾਂ ਜਿਨ੍ਹਾਂ ਵਿਚ ਜੁੱਤਾ, ਜੁੱਬਾ, ਸੈਰ ਕਰਨ ਲਈ ਹੱਥ ਵਿਚ ਫੜਨ ਵਾਲੀ ਛਟੀ, ਕੂਫੇ ਦੀ ਲਿਪੀ ਵਿਚ ਲਿਖੀ ਹੋਈ ਬੰਦਗੀ ਦੀ ਇਕ ਕਿਤਾਬ ਆਦਿ ਸਨ, ਪਹਿਲਾਂ ਗੁਲਾਮ ਮੁਹੰਮਦ ਦੇ ਕਬਜ਼ੇ ਵਿਚ ਸਨ । ਫੇਰ ਜਦ ਸ: ਮਹਾਂ ਸਿੰਘ ਨੇ ਉਸ ਨੂੰ ਫ਼ਤਹ ਕੀਤਾ ਤਾਂ ਇਹ ਚੀਜ਼ਾਂ ਪਹਿਲਾਂ ਗੁਜਰਾਂਵਾਲੇ ਤੇ ਪਿੱਛੋਂ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਲਾਹੌਰ ਪਹੁੰਚ ਗਈਆਂ । ਸੰਨ ੧੮੪੯ ਵਿਚ ਜਦ ਪੰਜਾਬ ਅੰਗ੍ਰੇਜ਼ੀ ਕਬਜ਼ੇ ਵਿਚ ਆਇਆ ਤਾਂ ਇਹ ਤੱਬਰੁਕਾਤ ਲਾਹੌਰ ਹੀ ਰਹੇ ਤੇ ਹੁਣ ਮੁਸਲਮਾਨਾਂ ਦੇ ਕਬਜ਼ੇ ਵਿਚ ਸ਼ਾਹੀ ਮਸਜਿਦ ਵਿਚ ਰੱਖੇ ਹੋਏ ਹਨ ।

ਕਹਿਆ ਮਹਾਂ ਸਿੰਘ ਨੇ 'ਹੁਣ ਕੀਕਣੁ ਜਾਓ ?'
ਕਹਿਆ ਖਾਨ ਮੁਹੰਮਦੇ, 'ਹੁਣ ਜਾਸਾਂ ਆਹੋ ।'
ਕਹਿਆ ਮਹਾਂ ਸਿੰਘ ਨੇ, ਚਾ ਘੇਰਾ ਪਾਓ ।
ਤੇ ਮਾਰ ਦੁਗਾੜਾ ਓਸ ਨੂੰ, ਚਾ ਥਾਓਂ ਲਾਹੋ ।
ਜਿੰਦਾ ਕੋਈ ਨਾ ਛੱਡਿਓ, ਚਾ ਜ਼ਿੱਦ ਮੁਕਾਓ ।
ਜੋ ਅੱਗੇ ਚੜ੍ਹ ਕੇ ਗਏ ਹਨ, ਸਭ ਮਾਰ ਖਪਾਓਂ ॥੭੮॥
ਅਜਲ ਪਿਆਲਾ ਮੌਤ ਦਾ, ਉਸ ਓਥੇ ਪੀਤਾ ।
ਖਬਰ ਨ ਕੁਝ ਗੁਲਾਮ ਨੂੰ, ਰਹਿ ਗਿਆ ਚੁਪੀਤਾ ।
ਉਸ ਨੂੰ ਕਾਸੇ ਮੌਤ ਦੇ, ਚਾ ਖੀਵਾ ਕੀਤਾ ।
ਮੌਤ ਜੁ ਪਾੜਨ ਪਾੜਦੀ, ਨਾ ਵੰਜੇ ਸੀਤਾ ॥੭੯॥
ਪਿੱਛੇ ਆਣ ਗੁਲਾਮ ਦੇ, ਇਕ ਲਾਲ ਰਵਾਈ ।
ਮੁੜ ਕੇ ਮੀਆਂ ਓਸ ਨਾਲ, ਇਹ ਸੁਖਨ ਅਲਾਈ ।
'ਠਾਕ ਪਿੱਛਾਹਾਂ ਲਸ਼ਕਰਾਂ, ਹੱਥ ਕੋਈ ਨਾ ਪਾਈ ।'
ਕਹਿਆ ਅੱਗੋਂ ਉਸ ਨੇ, 'ਕਰ ਖਤਰ ਨ ਕਾਈ ।
ਹੋ ਕੇ ਪਿੱਛੋਂ ਓਸ ਨੇ, ਚਾ ਕਲਾ ਦਬਾਈ ।
ਤੇ ਅੱਗੋਂ ਹਿੱਕੋਂ ਨਿਕਲੀ, ਚਾ ਮੂੰਹ ਦੇ ਖਾਈ ।
ਜ਼ੋਰ ਨ ਜਾਂਦਾ ਪੇਸ਼ ਵੀ, ਕੁਝ ਨਾਲ ਕਜਾਈ ॥੮੦॥
ਕੁਝ ਤਲਵਾਰਾਂ ਵੰਡੀਆਂ, ਕਰ ਬੇਰਾ ਬੇਰਾ ।
ਨੱਠਾ ਕੁਤਬੁੱਦੀਨ ਵੀ, ਤਾਂ ਵੇਖ ਚੁਫੇਰਾ ।
ਗਇਆ ਡੇਰੇ ਸਿੰਘ ਦੇ, ਕਰ ਜ਼ੋਰ ਵਧੇਰਾ ।
ਤੇ ਲੂੰ ਨਾ ਦੇਸਾਂ ਪੱਟ ਕੇ, ਮੈਂ ਮੂਲੇ ਤੇਰਾ ॥੮੧॥
ਸਹਿਮ ਪਿਆਂ ਨੂੰ ਭੰਨ ਕੇ ਨਾ ਦਹਿਨ ਵਡੇਰੇ ।
ਪਰ ਡਾਢੇ ਲੇਵਣ ਡਾਢ ਥੀਂ, ਕਰ ਜ਼ੋਰ ਵਧੇਰੇ ।
ਕੀਤੇ ਗੁੱਜਰ ਸਿੰਘ ਨੇ, ਤਦ ਜਤਨ ਘਨੇਰੇ ।
ਘੱਲੇ ਮਹਾਂ ਸਿੰਘ ਦੇ, ਆ ਪਹੁਤੇ ਨੇੜੇ ।
ਕਹੇ ਜ਼ਬਾਨੀ ਓਸ ਨੂੰ, 'ਤੁਸੀਂ ਸੱਜਣ ਮੇਰੇ ।
ਬੰਦਾ ਮੂਲ ਨਾ ਛੋਡਸਾਂ, ਕਰ ਦੁਸ਼ਮਨ ਜੇਰੇ ।
ਜੇ ਨਾ ਦੇਸੋਂ ਏਸ ਨੂੰ, ਤਾ ਪਉਸਾਂ ਖੇੜੇ ॥੮੨॥
ਸੁਣ ਕੇ ਗੁੱਜਰ ਸਿੰਘ ਨੇ, ਇਹ ਰਾਖ ਬਰਾਖਾ ।
ਕੱਢ ਫੜਾਇਆ ਓਸ ਨੂੰ, ਹੋ ਲੋਹਾ ਲਾਖਾ ।
ਕਹਿਆ ਮਹਾਂ ਸਿੰਘ ਨੂੰ, ਭੁੱਖ ਪਾਇਓ ਸਾਖਾ ।

ਹੱਥ ਨ ਮੂਲੇ ਅੱਪੜੇ, ਥੂਹ ਕੌੜੀ ਦਾਖਾ[42] ।
ਪਰ ਜਦ ਮਾਰੇ ਰੱਬ ਵੀ, ਕੌਣ ਹੋਂਦਾ ਰਾਖਾ ॥੯੩॥
ਟੁਰਿਆ ਕੁਤਬੁੱਦੀਨ ਵੀ, ਜਾ ਓਥੇ ਕਹਿਆ ।
ਮੈਨੂੰ ਦਿਓ ਹਥਿਆਰ ਝਬ, ਮੈਂ ਮੂਲ ਨ ਢਹਿਆ ।
ਰੱਬ ਦਾ ਦਿੱਤਾ ਕੌਣ ਹੈ, ਜਿਸ ਮੂਲ ਨ ਸਹਿਆ ।
ਕੱਖ ਨ ਉਸ ਥੀਂ ਸੌਰਿਆ, ਜਿਸ ਮਾਣਾ ਗਹਿਆ ॥੯੪॥
ਵੇਖ ਪੈਗੰਬਰ ਜ਼ਿਕਰੀਆ[43], ਟੁਕ ਖੌਫੋਂ ਡਰਿਆ ।
ਲੈ ਪਨਾਹ ਉਹ ਰੁੱਖ ਦੀ ਭੱਜ ਓਥੇ ਵੜਿਆ ।
ਗ਼ੈਰਤ ਵੇਖੋ ਰੱਬ ਦੀ ਸਿਰ ਆਰਾ ਧਰਿਆ ।
ਸਿਰ ਤੇ ਪੈਰ ਚਿਰਾਇਆ, ਏਸ ਸੁਖਨ ਨ ਕਰਿਆ ।
ਰੱਬ ਦਾ ਦਿੱਤਾ ਸਿਰੇ ਤੇ, ਦੁੱਖ ਹੱਡੀਂ ਜਰਿਆ ।
ਬਾਝ ਪਨਾਹੇ ਰੱਬ ਦੀ, ਕੋਈ ਮੂਲ ਨ ਤਰਿਆ ॥੯੫॥
ਓੜਕ ਗ਼ੈਰਤ ਰੱਬ ਦੀ, ਇਹ ਹਾਲ ਕਰਾਇਆ ।
ਜੋ ਮੈਨੂੰ ਮਨੋਂ ਵਿਸਾਰ ਕੇ, ਕਿਉਂ ਗ਼ੈਰੀਂ ਧਾਇਆ ।
ਤਰਫ਼ੇ ਮਹਾਂ ਸਿੰਘ ਦੀ, ਉਹ ਪਕੜ ਚਲਾਇਆ ।
ਜਾਤਾ ਕੁਤਬੁੱਦੀਨ ਨੇ, ਹੁਣ ਮਰਨਾ ਆਇਆ ।
ਕਰ ਕੇ ਹਮਲਾ ਓਸ ਨੇ, ਹੱਥ ਕੇਸੀਂ ਪਾਇਆ ।
ਫੜ ਫੜ ਮਾਰੇ ਸੂਰਮੇ, ਭਉ ਮਰਨੋਂ ਚਾਇਆ ॥੯੬॥
ਪਰ ਇਕ ਇਕੇਲਾ ਕੀ ਕਰੇ, ਸੋ ਮਾਰੇ ਝੁੱਟਾ ।
ਬੱਦਲ ਚੜ੍ਹਿਆ ਮੌਤ ਦਾ, ਮੀਂਹ ਤੇਗਾਂ ਲੱਥਾ ।
ਮਾਰਿਆ ਕੁਤਬੁੱਦੀਨ ਵੀ, ਹੋਰ ਜੰਗ ਨਿਖੁੱਟਾ ।
ਤੇ ਇੰਜ ਢੱਠਾ ਚੱਠਿਆਂ ਦਾ, ਪਾਸਾ ਪੁੱਠਾ ।
ਜਿਉਂ ਕਰ ਜ਼ੋਰ ਯਜ਼ੀਦੀਆਂ, ਅਮਾਮਾਂ ਕੁੱਠਾ ।
ਸਾਥ ਤਮਾਮੀ ਲਸ਼ਕਰਾਂ, ਕਰ ਘੇਰਾ ਮੱਠਾ ।
ਮੌਤੇ ਕੋਲੋਂ ਨੱਸ ਕੇ, ਕੋਈ ਮੂਲ ਨ ਛੁੱਟਾ ॥੯੭॥
ਏਸੇ ਜ਼ਾਲਮ ਮੌਤ ਨੇ, ਸਭ ਮੁਲਕ ਖਪਾਇਆ ।
ਕੁੱਠਾ ਉਹ ਫਰਊਨ ਵੀ, ਜਿਸ ਰੱਬ ਕਹਾਇਆ ।
ਕੁੱਠਾ ਉਹ ਸੱਦਾਦ ਵੀ, ਜਿਸ ਭਿਸਤ ਬਣਾਇਆ ।

---

੪੨. ਭਾਈ ਗੁਰਦਾਸ ਜੀ ਦਾ ਕਥਨ ਹੈ:- 'ਗਿਦੜ ਦਾਖ ਨ ਅਪੜੇ, ਆਖੈ ਥੂਹ ਕਉੜੀ ।
ਵਾਰ ੩੪:੬
੪੩. ਹਜ਼ਰਤ ਜ਼ਕਰੀਏ ਦੇ ਹਾਲ ਲਈ ਦੇਖੋ ਪਿੱਛੇ ਪਹਿਲੀ ਪਉੜੀ ਦਾ ਫੁੱਟ ਨੋਟ ।

ਕੁੱਠਾ ਉਹ ਕਾਰੂਨ ਵੀ, ਜਿਸ ਮਾਲ ਵਧਾਇਆ ।
ਕੁੱਠਾ ਉਹ ਸੁਲੇਮਾਨ ਵੀ, ਜਿਸ ਤਖਤ ਉਡਾਇਆ ।
ਕਿਥੇ ਸਿਕੰਦਰ[੪੪] ਬਾਦਸ਼ਾਹ, ਜਿਸ ਮੁਲਕ ਨਿਵਾਇਆ।
ਕੀ ਕੀ ਕਰੀਏ ਗੇਣਤੀ, ਕਿਸੇ ਅੰਤ ਨ ਪਾਇਆ ॥੮੮॥
ਬਹੁਤਾ ਲੁੱਟਿਆ ਕਪੜਾ, ਸਭ ਰੰਗ ਬਿਰੰਗਾ ।
ਦੌਲਤ ਲੁੱਟੀ ਹੋਰ ਵੀ, ਕਰ ਦੇਗੀ ਦੰਗਾ ।
ਬਹੁਤ ਖੁਪਾਏ ਆਦਮੀ, ਇਸ ਭੈੜੀ ਕੰਗਾ ।
ਬੂਟਾ ਸਿੰਘ ਗੁਲਾਮ ਦਾ ਇਕ ਨੌਕਰ ਚੰਗਾ ।
ਫੜ ਕੇ ਤਰਫੇ ਸਿੰਘ ਦੇ, ਕਰ ਖੜਿਆ ਦੰਗਾ ।
ਜਿਉਂ ਹੋਇਆ ਤਿਉਂ ਮੌਤ ਦਾ, ਉਸ ਭੱਦਾ ਅੰਗਾ ॥੮੯॥
ਦੁਨੀਆਂ ਖ਼ਾਬ ਖਿਆਲ ਹੈ, ਇਸ ਈਹੋ ਭਾਵੇ ।
ਜਾਂ ਇਹ ਮਕਰ ਫਰੇਬ ਹੈ, ਜਗ ਮਕਰ ਫੈਲਾਵੇ ।
ਹਾਰ ਸ਼ਿੰਗਾਰਾਂ ਲਾਇ ਕੇ, ਇਹ ਆਪ ਵਿਖਾਵੇ ।
ਰੰਨਾਂ ਵਾਂਗੂ ਏਸ ਦੀ, ਹੈ ਟੋਰ ਸੁਹਾਵੇ ।
ਲਾਡ ਦਿਖਾਕੇ ਛੇਕੜੇ ਚਾ ਜ਼ਹਿਰ ਖਵਾਵੇ ॥੯੦॥
ਜੇ ਰੱਬ ਦੇਵੇ ਹੋਸ਼ ਤਾਂ, ਇਸ ਕੋਲ ਨ ਬਹੀਏ ।
ਘੱਤ ਤਲਾਕਾਂ ਏਸ ਨੂੰ, ਹੋ ਕੰਨੀਂ ਬਹੀਏ ।
ਮੰਦਾ ਕਿਸੇ ਨ ਆਖੀਏ, ਸਭ ਚੰਗਾ ਕਹੀਏ ।
ਅਜਰ ਦਹਿੰਦਾ ਰੱਬ ਹੈ, ਸਭ ਉਸ ਥੀਂ ਲਹੀਏ ।
ਫਕਰ ਜ਼ਹੀਰੀ ਆਜ਼ਜ਼ੀ, ਸਭ ਸਿਰ ਤੇ ਸਹੀਏ ॥੯੧॥
ਕਿੱਥੇ ਹਨ ਉਹ ਆਦਮੀ, ਜੋ ਕਦਰ ਪਛਾਣਨ ।
ਤੇ ਹੁਣ ਦੇ ਹੱਥੋਂ ਦੇਖ ਕੇ, ਸੌ ਹੁੱਜਤ ਆਣਨ ।......॥੯੨॥

---

੪੪. ਮਹਾਂ ਸਿਕੰਦਰ, Alexander, the Great. ਯੂਨਾਨ ਦਾ ਪ੍ਰਸਿੱਧ ਬਾਦਸ਼ਾਹ, ਜਿਸ ਨੇ ਹਿੰਦੁਸਤਾਨ ਉੱਤੇ ਹਮਲਾ ਕੀਤਾ ਸੀ ।

# 6. ਸ: ਚੂੜ੍ਹ ਸਿੰਘ ਭਦੌੜੀਏ ਦੀ ਵਾਰ

'ਵਾਰਾਂ' ਪੰਜਾਬ ਦੇ ਜੰਗ-ਨਾਮੇ ਅਥਵਾ ਜੰਗੀ-ਗੀਤ ਹਨ, ਜੋ ਢਾਡੀਆਂ, ਭੱਟਾਂ ਅਥਵਾ ਦਰਬਾਰੀ ਕਵੀਆਂ ਦੇ ਲਿਖੇ ਹੋਏ ਮਿਲਦੇ ਹਨ, ਜਿਵੇਂ ਭੰਗਾਣੀ ਦੀ ਵਾਰ, ਨਾਦਰ ਸ਼ਾਹ ਦੀ ਵਾਰ, ਚੱਠਿਆਂ ਦੀ ਵਾਰ, ਸਿੰਘਾਂ ਦੀ ਵਾਰ, ਗਦਰ ਦੀ ਵਾਰ, ਆਦਿ। 'ਵਾਰ' ਦਾ ਹੀ ਦੂਜਾ ਨਾਮ 'ਪਉੜੀ' ਵੀ ਹੈ ਜਿਵੇਂ, ਅਲਫ਼ ਖਾਂ ਦੀ ਪਉੜੀ' ਇਕ ਪ੍ਰਸਿਧ ਵਾਰ ਹੈ। ਸ੍ਰੀ ਗੁਰੂ ਗਰੰਥ ਸਾਹਿਬ ਦੀਆਂ ੨੨ ਵਾਰਾਂ ਵਿਚ ਪਉੜੀਆਂ ਹਰ ਸਲੋਕ ਤੋਂ ਬਾਦ ਕ੍ਰਮ-ਅਨੁਸਾਰ ਚਲਦੀਆਂ ਹਨ । ਇਹ ਪਉੜੀਆਂ ਨਿਰੇ-ਪੂਰੇ ਛੰਦ ਨਹੀਂ ਸਗੋਂ ਵਾਰਾਂ ਦੇ ਪ੍ਰਤੀ-ਰੂਪ ਹਨ। ਮਰਾਠੀ ਬੋਲੀ ਵਿਚ ਇਕ ਪ੍ਰਕਾਰ ਦੇ ਜੰਗੀ ਗੀਤਾਂ ਦਾ ਨਾਮ ਪਵਾੜੇ ਪ੍ਰਸਿੱਧ ਹੈ। ਮੈਂ ਸਮਝਦਾ ਹਾਂ ਕਿ ਇਹੋ ਮਰਾਠੀ ਪਵਾੜੇ ਰਾਜਸਥਾਨ ਦੇ ਚਾਰਣਾਂ (ਢਾਡੀਆਂ) ਰਾਹੀਂ ਧੀਰੇ ਧੀਰੇ ਪਉੜੀਆਂ ਦੇ ਰੂਪ ਵਿਚ ਬਦਲ ਕੇ ਪੰਜਾਬ ਵਿਚ ਪਹੁੰਚ ਗਏ ਤੇ ਪੰਜਾਬੀ ਵਾਰਾਂ ਦੇ ਅੰਗ ਬਣ ਗਏ ।

ਸ: ਚੂੜ੍ਹ ਸਿੰਘ ਭਦੌੜੀਏ ਦੀ ਵਾਰ', ਜੋ ਕਿਸੇ ਗੁਮਨਾਮ ਢਾਡੀ ਦੀ ੧੯ ਵੀਂ ਸਦੀ ਦੀ ਰਚਨਾ ਹੈ, ੧੭ ਪਉੜੀਆਂ ਦਾ ਇਕ ਅਜਿਹਾ ਹੀ ਜੰਗੀ ਗੀਤ ਹੈ। ਸ: ਚੂੜ੍ਹ ਸਿੰਘ ਜਿਸ ਬਾਰੇ ਇਹ ਵਾਰ ਲਿਖੀ ਗਈ ਸਿੱਖਾਂ ਦੀਆਂ ਬਾਰਾਂ ਮਿਸਲਾਂ ਵਿਚੋਂ ਫੂਲਕੀਆਂ ਮਿਸਲ ਪਟਿਆਲਾ ਰਾਜ-ਵੰਸ਼ ਨਾਲ ਸੰਬੰਧਿਤ ਨਗਰ ਭਦੌੜ (ਬਠਿਡਾ) ਦਾ ਇਕ ਪ੍ਰਸਿੱਧ ਜੋਧਾ ਸੀ। ਇਤਿਹਾਸ ਦੇ ਕਥਨ ਅਨੁਸਾਰ ਸ: ਚੂੜ੍ਹ ਸਿੰਘ ਦੀ ਵੰਸ਼ਾਵਲੀ ਇਸ-ਪ੍ਰਕਾਰ ਹੈ:-

ਫੂਲ-੧੬੫੨ ਈ.

ਤਿਲੋਕ ਸਿੰਘ ਰਾਮ ਸਿੰਘ-੧੭੧੪ ਈ;

ਨਾਭਾ ਰਾਜ ਵੰਸ਼ ਦਾ ਵਡੇਰਾ ਦੂੰਨਾ ਸਿੰਘ, ਸੱਭਾ ਸਿੰਘ, ਆਲਾ ਸਿੰਘ (ਬਾਬਾ)-

ਪਟਿਆਲਾ ਰਾਜ-ਵੰਸ਼ ਦਾ ਵਡੇਰਾ

ਬਿਘਾ ਸਿੰਘ

ਗੁਰਦਾਸ ਸਿੰਘ ਚੂੜ੍ਹ ਸਿੰਘ ਮੋਹਰ ਸਿੰਘ ਦਲ ਸਿੰਘ

(ਸੰਨ ੧੭੯੩ ਈ:) (ਸੰਨ ੧੮੨੬ ਈ:) (ਸੰਨ ੧੭੯੩ ਈ:)

ਦੀਪ ਸਿੰਘ-੧੮੨੨ ਈ: ਕੋਟ ਦੂੰਨੇ ਵਾਲੇ ਦੇ ਸਰਦਾਰਾਂ ਦਾ ਵਡੇਰਾ

ਖੜਕ ਸਿੰਘ

ਅਤਰ ਸਿੰਘ (ਮਹਾ ਮਹੋਪਾਧਯਾਯ)

(ਦੇਹਾਂਤ-ਸੰਨ ੧੮੯੬ ਈ:)

ਅਰਥਾਤ ਸ: ਚੂੜ੍ਹ ਸਿੰਘ ਭਦੌੜੀਆ ਬਾਬਾ ਫੂਲ ਤੋਂ, ਜਿਸ ਦੇ ਨਾਂ 'ਤੇ ਇਸ ਮਿਸਲ ਦਾ ਨਾਮ ਫੂਲਕੀਆਂ ਮਿਸਲ ਪ੍ਰਸਿੱਧ ਹੋਇਆ, ਪੰਜਵੀਂ ਪੁਸ਼ਤ ਤੇ ਪਟਿਆਲੇ ਦੇ ਵਡੇਰੇ ਬਾਬਾ ਰਾਮ ਸਿੰਘ ਤੋਂ ਬਾਦ ਚੌਥੀ ਪੁਸ਼ਤ ਵਿਚ ਸੀ। ਸ: ਚੂੜ੍ਹ ਸਿੰਘ ਦੇ ਸਮੇਂ ਵਿਚ ਸਿੱਖਾਂ ਦੀਆਂ ੧੨-ਮਿਸਲਾਂ ਦੀ ਅਮਲਦਾਰੀ ਧੀਰੇ ਧੀਰੇ ਖਤਮ ਹੋਣ ਤੇ ਪੰਜਾਬ ਵਿਚ ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ ਦਾ ਤਪ-ਤੇਜ ਵਧਣ ਲਗ ਪਇਆ ਸੀ। ਸਤਿਲੁਜੋਂ ਉਰਾਰ ਫੂਲਕੀਆਂ ਦੀ ਮਿਸਲ ਪਟਿਆਲਾ, ਨਾਭਾ ਤੇ ਜੀਂਦ ਨਾਮੀ ਤਿੰਨ ਰਿਆਸਤਾਂ, ਦੀ ਸ਼ਕਲ ਵਿਚ ਵਿਗਸ ਰਹੀ ਸੀ ਤੇ ਸਤਿਲੁਜੋਂ ਪਾਰ ਅੰਮ੍ਰਿਤਸਰ ਦੇ ਲਾਗੇ ਭੰਗੀ ਸਰਦਾਰਾਂ, ਘਨ੍ਹਈਆਂ ਤੇ ਆਹਲੂਵਾਲੀਆਂ ਦਾ ਜ਼ੋਰ ਸੀ ਅਤੇ ਰਾਵੀਓਂ ਪਾਰ ਸ਼ੁਕ੍ਰ ਚੱਕੀਆਂ ਦੀ ਮਿਸਲ, ਜੋ ੧੨ ਮਿਸਲਾਂ ਵਿਚੋਂ ਸਭ ਤੋਂ ਛੋਟੀ ਮਿਸਲ ਸੀ, ਦੂਰ ਦੂਰ ਤਕ ਆਪਣੇ ਖੰਭ ਫੈਲਾ ਕੇ ਮੁਲਕਗੀਰੀ ਲਈ ਬੜੀਆਂ ਤੇਜ਼ ਉਡਾਰੀਆਂ ਲੈ ਰਹੀ ਸੀ। ਅਜਿਹੇ ਰਾਜਸੀ ਉਥਲ-ਪੁਥਲ ਦੇ ਸਮੇਂ ਵਿਚ ਹਿਠਾੜ ਸਤਲੁਜ ਦੇ ਸਰਦਾਰਾਂ ਵਿਚੋਂ ਸ: ਚੂੜ੍ਹ ਸਿੰਘ ਭਦੌੜੀਆ ਇਸ ਮੁਲਕਗੀਰੀ ਦੇ ਮਸਲੇ 'ਤੇ ਆਪਣੇ ਭਾਈ ਭਰਾਵਾਂ ਤੇ ਗਵਾਂਢੀ ਸਰਦਾਰਾਂ ਨਾਲੋਂ ਪਿੱਛੇ ਕਿਵੇਂ ਰਹਿ ਸਕਦਾ ਸੀ। ਸੋ ਇਹੋ ਸੋਚ ਕੇ ਉਸ ਨੇ ਵੀ ਕੋਟ ਦੂੰਨੇ ਵਾਲੇ ਸਰਦਾਰਾਂ ਨਾਲ ਮਿਲ ਕੇ ਕਈ ਵੇਰ ਇੱਕੇ-ਦੁੱਕੇ ਹਮਲੇ ਕਰ ਕੇ ਮਾਲਵੇ ਦੇ ਇਲਾਕੇ ਵਿਚ, ਖਾਸ ਕਰ ਕੇ ਬਠਿੰਡੇ ਦੇ ਨੇੜੇ-ਨੇੜੇ, ਕੁਝ ਜ਼ੋਰ ਅਜ਼ਮਾਈ ਕੀਤੀ। ਇਸ ਤਰ੍ਹਾਂ ਕੁਝ ਇਲਾਕੇ ਰਾਇ ਕੋਟੀਏ ਰਾਇ ਕਿਆਂ ਤੇ ਮਲੇਰ ਕੋਟਲੇ ਦੇ ਅਫਗਾਨਾਂ ਦਾ ਵੀ ਆਪਣੇ ਕਬਜ਼ੇ ਵਿਚ ਕਰ ਲਇਆ। ਚੂੜ੍ਹ ਸਿੰਘ ਦੇ ਨਾਂ 'ਤੇ ਲਿਖੀ ਗਈ ਇਸ ਵਾਰ ਵਿਚ ਉਸ ਦੀ ਇਸੇ ਮੁਲਕਗੀਰੀ ਨਾਲ ਸੰਬੰਧਿਤ ਬਰਾੜਾਂ ਦੀ, ਅਰਥਾਤ ਬੈਰਾੜਾਂ ਦੇ ਤਪੇ ਮਾੜੀ, ਮੁਕਤਸਰ, ਮੁਦਕੀ, ਭੁੱਚੋ, ਸੁਲਤਾਨ ਖ਼ਾਨ, ਫਰੀਦ ਕੋਟ ਆਦਿ ਨਗਰਾਂ ਦੀ ਜੱਦੋ-ਜਹਿਦ ਦਾ ਇਸਾਰੇ ਵਜੋਂ ਹਾਲ ਹੈ ਤੇ ਦੱਸਿਆ ਹੈ ਕਿ

ਸ: ਚੂੜ੍ਹ ਸਿੰਘ ਨੇ ਆਪਣੇ ਭਾਈ ਸ: ਦਲ ਸਿੰਘ ਰਈਸ ਢੂੰਨਾ ਨਾਲ ਮਤਾ ਪਕਾ ਕੇ ਕਿਵੇਂ ਪਿੰਡ ਘਨਈਆ ਬਾਜਾ ਉਤੇ ਜੋ ਦਿਆਲਪੁਰੇ ਦੇ ਨੇੜੇ ਹੈ, ਉਥੋਂ ਦੇ ਜ਼ਿਮੀਂਦਾਰਾਂ-ਸੁਜਾਨੇ ਪ੍ਰਧਾਨੇ; ਆਦਿ ਨੂੰ ਕਾਬੂ ਕਰਨ ਲਈ ਵਿਸਾਖ ਸੰਮਤ ੧੮੫੦ ਬਿ: ਵਿਚ ਥੋੜ੍ਹੇ ਜਿਹੇ ਆਦਮੀ ਲੈ ਕੇ ਚੜ੍ਹਾਈ ਕਰ ਦਿੱਤੀ। ਤਾਰੀਖ ਪਟਿਆਲਾ (ਮੁਹੰਮਦ ਹਸਨ) ਦੇ ਅਨੁਸਾਰ ਸ: ਚੂੜ੍ਹ ਸਿੰਘ ਨੇ ਆਪਣੇ ਆਪ ਚੜ੍ਹਾਈ ਨਹੀਂ ਸੀ ਕੀਤੀ, ਸਗੋਂ ਘਨਈਏ ਬਾਜੇ ਦੇ ਜਿਮੀਂਦਾਰ ਉਸ ਨੂੰ ਧੋਖੇ ਨਾਲ ਇਹ ਕਹਿ ਕੇ ਕਿ ਉਸ ਦਾ ਥਾਣਾ ਉਹ ਆਪਣੇ ਪਿੰਡ ਬਿਠਾ ਦੇਣਗੇ, ਲੈ ਗਏ ਸਨ। (ਦੇਖੋ, ਸਫ਼ਾ ੧੫੩) ਪਰ ਜਦ ਆਪਣੇ ਹੀ ਪਿੰਡ ਚੂੜ੍ਹ ਸਿੰਘ ਹੋਰੀ ਪਿੰਡ ਘਨਈਏ ਬਾਜੇ ਪੁੱਜੇ ਤਾਂ ਅੱਗੋਂ ਉਥੋਂ ਦੇ ਜ਼ਿਮੀਂਦਾਰਾਂ ਸੁਜਾਨਾਂ ਆਦਿ ਨੇ ਬੜੀ ਅਧਨੀਗੀ ਜ਼ਾਹਿਰ ਕੀਤੀ, ਤੇ ਉਨ੍ਹਾਂ ਨੂੰ ਟਹਿਲ ਸੇਵਾ ਦੇ ਬਹਾਨੇ ਇਕ ਚੁਬਾਰੇ ਵਿਚ ਚਾੜ੍ਹ ਕੇ ਸ਼ਰਾਬ ਪਿਲਾ ਕੇ, ਜਿਸ ਵਿਚ ਧਤੂਰੇ ਦੇ ਬੀਜ ਪਾਏ ਸਨ, ਬਿਹੋਸ਼ ਕਰ ਦਿੱਤਾ ਤੇ ਪਿੱਛੋਂ ਇਰਦ ਗਿਰਦ ਉਸੇ ਮਕਾਨ ਦੇ ਖਿੱਤੀਆਂ ਜਮ੍ਹਾ ਕਰ ਕੇ ਅੱਗ ਲਾ ਦਿੱਤੀ। ਉਸ ਸਮੇਂ ਮੱਚਦੀ ਅੱਗ ਵਿਚੋਂ ਬਾਹਰ ਨਿਕਲਣ ਲਈ ਰਾਹ ਚੂੰਕਿ ਕੋਈ ਨਹੀਂ ਸੀ ਇਸ ਲਈ ਸ: ਚੂੜ੍ਹ ਸਿੰਘ ਤੇ ਦਲ ਸਿੰਘ ਆਪਣੇ ਅਮਲੇ ਸਮੇਤ ਉਥੇ ਹੀ ਸੜ ਕੇ ਮਰ ਗਏ।

ਇਸ ਦੁਖਦਾਈ ਘਟਨਾ ਦਾ ਸਮਾਚਾਰ ਜਦ ਭਦੌੜ ਪੁੱਜਾ ਤਾਂ ਮਾਈ ਰਾਜ ਕੌਰ ਨੇ ਪਟਿਆਲੇ ਇਤਲਾਹ ਭੇਜੀ। ਮਹਾਰਾਜ ਸਾਹਿਬ ਸਿੰਘ ਪਟਿਆਲਾ ਉਸ ਸਮੇਂ ਸਬੱਬ ਨਾਲ ਬਰਨਾਲੇ ਹੀ ਸਨ। ਉਹਨਾਂ ਨੇ ਇਹ ਖ਼ਬਰ ਸੁਣ ਕੇ ਸਰਦਾਰ ਅਲਬੇਲ ਸਿੰਘ ਕਾਲੇਕਾ ਤੇ ਸੈਦੇ ਖਾਂ ਡੋਗਰ ਦੇ ਅਧੀਨ ਤਿੰਨ ਹਜ਼ਾਰ ਫੌਜ ਦੇਕੇ ਚੜ੍ਹਾਈ ਕਰ ਦਿੱਤੀ ਤੇ ਮਹਾਰਾਜਾ ਖ਼ੁਦ ਵੀ ਘਨਈਏ ਬਾਜੇ ਗਏ। ਇਸ ਚੜ੍ਹਾਈ ਵਿਚ ਸੁਜਾਨਾਂ ਜੱਟ ਤੇ ਉਸ ਦੇ ਸਾਥੀ ਮਾਰੇ ਗਏ ਤੇ ਪਿੰਡ ਘਨ੍ਹਈਆਂ ਬਾਜੇ ਨਾਲ ਲਗਦੇ ਪਿੰਡਾਂ ਸਮੇਤ ਫੂਕ ਕੇ, ਅਜਿਹਾ ਬਰਬਾਦ ਕੀਤਾ ਕਿ ਮੁੜ ਕੇ ਉਸ ਥਾਂਵੇਂ ਨਾ ਵਸ ਸੱਕਿਆ। ਪਿੱਛੋਂ ਮਹਾਰਾਜਾ ਸਾਹਿਬ ਸਿੰਘ ਪਟਿਆਲਾ ਨੇ ਭਦੌੜ ਪਹੁੰਚ ਕੇ ਸ: ਚੂੜ੍ਹ ਸਿੰਘ ਦੇ ਪਰਿਵਾਰ ਨੂੰ ਦਿਲਾਸਾ ਦਿੱਤਾ ਤੇ ਉਸ ਦੇ ਪੁਤਰ ਦੀਪ ਸਿੰਘ ਅਤੇ ਵੀਰ ਸਿੰਘ ਪਾਸ ਮਾਤਮ-ਪੁਰਸੀ ਕਰ ਕੇ ਬੜੀ ਹਮਦਰਦੀ ਜ਼ਾਹਿਰ ਕੀਤੀ।

'ਸ: ਚੂਹੜ ਸਿੰਘ ਦੀ ਵਾਰ' ਵਿਚ ਇਸੇ ਇਤਿਹਾਸਿਕ ਘਟਨਾ ਦਾ ਜ਼ਿਕਰ ਹੈ ਤੇ ਇਸ ਵਾਰ ਦੀਆਂ ਪਉੜੀਆਂ ਛੰਦ ਵਜ਼ਨ ਦੇ ਨੁਕਤਾ-ਨਿਗਾਹ ਨਾਲ ਬੋਲਾਂ ਦੇ ਰਹਾਉ ਨੂੰ ਮੁਖ ਰੱਖ ਕੇ, ਕੁਝ ਵਧਵੀਆਂ ਘਟਵੀਆਂ ਹਨ। ਬੋਲੀ ਸ਼ੁਧ ਮਲਵਈ ਪੰਜਾਬੀ ਹੈ ਜੋ ਭਦੌੜ ਦੇ ਇਲਾਕੇ ਨਾਲ ਗਹਿਰਾ ਸੰਬੰਧ ਰੱਖਦੀ ਹੈ। ਇਸ ਦੀ ਮੂਲ ਪ੍ਰਤੀ ਪਹਿਲੇ ਪਹਿਲ ਸਰ ਰਿਚਰਡ ਟੈਂਪਲ ਨੂੰ ਮਿਲੀ ਸੀ ਜੋ ਉਸ ਨੇ **Legends of Punjab** ਦੇ ਦੂਜੇ ਭਾਗ ਵਿਚ ਛਾਪੀ ਸੀ। ਪਰ ਮੈਨੂੰ ਇਹ ਨੁਸਖਾ ਕਿਸੇ ਹੋਰ ਨਕਲ ਥੀਂ ਨਕਲ ਹੋ ਕੇ ਮਿਲਿਆ ਹੈ, ਜਿਸ ਦਾ ਮੁਕਾਬਲਾ ਇਸ ਸਮੇਂ ਉਪ੍ਰੋਕਤ ਪੁਸਤਕ ਪ੍ਰਾਪਤ ਨਾ ਹੋਣ ਕਰਕੇ ਕਰ ਨਹੀਂ ਸਕਿਆ, ਇਸ ਕਰਕੇ ਜਿਸ ਸ਼ਕਲ ਵਿਚ ਇਹ ਵਾਰ ਮਿਲੀ, ਉਸੇ ਰੂਪ ਵਿਚ ਪੇਸ਼ ਕਰਦਾ ਹਾਂ।

# ਸਰਦਾਰ ਚੂੜ੍ਹ ਸਿੰਘ ਦੀ ਵਾਰ

ਵਿਚ ਭਦੌੜ ਦੇ ਚੂੜ੍ਹ ਸਿੰਘ, ਭੀਮ ਸੈਨ ਸਦਾਵੇ।
ਬੱਧੀ ਤੇ ਰਲੀ ਕਿਸੇ ਦੀ, ਪਸੰਦ ਮੂਲ ਨਾ ਲਿਆਵੇ।
ਲਿਖ ਕੇ ਚਿੱਠੀ ਦੂੰਨੇ ਦੇ, ਕੋਟ ਨੂੰ ਚਲਾਵੇ।
'ਤੈਂ ਚਲ ਆਵਣਾ ਦਲ ਸਿੰਘਾ, ਰਾਜ ਬੈਰਾੜਕੀ ਦਾ ਥਿਆਵੇ।
ਅੱਜ ਦੀਆਂ ਖੱਟੀਆਂ ਬਹਿ ਕੇ, ਪੁੱਤ ਪੋਤਾ ਵਿਚ ਭਦੌੜ ਦੇ ਖਾਵੇ।
ਬਿਗੜ ਗਈ ਰੱਯਤ ਘੱਨਈਏ ਬਾਜੇ ਦੀ, ਘਰ ਬੈਠੇ ਨੂੰ ਸੁਜਾਨਾ ਅੱਖਾਂ ਦਿਖਾਵੇ।
ਦੇਖ ਕੇ ਪਰਵਾਨਾ ਸਿਖਰ ਦੁਪਹਿਰੇ, ਦਲ ਸਿੰਘ ਚੜ੍ਹ ਆਵੇ।
ਭਰਾ ਦਾ ਸੱਦਿਆ ਜੁੱਤੀ ਮੂਲ ਨ ਪਾਵੇ।
ਚੜ੍ਹਦੇ ਦਲ ਨੂੰ ਸਾਉਣ ਹੋਇਆ ਮੰਦਾ,
ਇਕ ਚੂੜ੍ਹਾ ਲੱਕੜਾਂ ਦੀ ਭਰੀ ਲੈ ਕੇ ਦਰਵਾਜ਼ੇ ਦੇ ਮੋਹਰੇ ਨੂੰ ਆਵੇ।
ਗਣਾਂ ਦਾ ਘੇਰਿਆ ਟਕੋਰ ਧੌਂਸੇ ਨੂੰ ਲਵਾਵੇ।
ਵਿਚ ਬਰਨਾਲੇ ਦੇ ਪਤੇ ਦਲ ਸਿੰਘ ਚੂੜ੍ਹ ਸਿੰਘ ਨੂੰ ਭਿਜਾਵੇ।
'ਕੀ ਮੁਹਿੰਮ ਪਈ ਤੈਨੂੰ ਚੂੜ੍ਹ ਸਿੰਘ! ਕਾਹਦੇ ਖਾਤਰ ਦਲ ਸਿੰਘ ਨੂੰ ਸਦਾਵੇਂ।
ਚੂੜ੍ਹ ਸਿੰਘ ਦਲ ਸਿੰਘ ਚੜ੍ਹ ਭਦੌੜ ਨੂੰ ਆਏ।
ਦੋਹਾਂ ਭਰਾਵਾਂ ਮਤਾ ਪਕਾ ਕੇ ਸਭ ਫ਼ੌਜ ਘੱਨਈਏ ਬਾਜੇ ਨੂੰ ਚੜ੍ਹਾਏ ॥੩॥
ਪਹਿਲੇ ਡੇਰਾ ਪਿੰਡ ਭਾਈ ਦਿਆਲ ਪੁਰੇ ਲਾਇਆ।
ਪੰਜ ਰੁਪਏ ਦਾ ਕੜਾਹ ਪ੍ਰਸਾਦਿ ਮਾਈ ਰੱਜੀ ਦੇ ਚੁਲ੍ਹਿਓਂ ਵਰਤਾਇਆ।
ਦੂਸਰਾ ਡੇਰਾ ਚੱਕ ਕੇ ਵਿਚ ਘੱਨਈਏ ਬਾਜੇ ਦੇ ਲਾਇਆ।
ਬੋਲਿਆ ਸੁਜਾਨਾ, 'ਤੂੰ ਕੱਢ ਲਿਆਈਂ, ਮੱਟੀਆਂ ਰੌਸ਼ਨਾ ਕਲਾਲਾ!
ਜਿਹੜੀਆਂ ਸਾਡੀਆਂ ਤੁੰਦ ਦੀਆਂ ਤੁੰਦ ਕਢਾਈਆਂ।'
ਅੱਕ ਤੇ ਧਤੂਰਾ ਜ਼ਹਿਰ ਦੀਆਂ ਗੰਢੀਆਂ ਵਿਚ ਦਾਰੂ ਦੇ ਸੁਜਾਨੇ ਨੇ ਰਲਾਈਆਂ।
ਇਕਨਾਂ ਨੇ ਬੁੱਕੀਂ ਇਕਨਾਂ ਨੇ ਉੱਕੀ, ਚੱਕ ਗੜਬੀਆਂ ਮੂੰਹ ਨੂੰ ਲਾਈਆਂ।
ਪਿਉ ਦਾਦੇ ਜਿਨ੍ਹਾਂ ਦੇ ਦਾਰੂ ਅੱਖੀਂ ਨਾ ਡਿਠੀ, ਉਨ੍ਹਾਂ ਨੇ ਚੱਕ ਮੱਟੀਆਂ ਮੂੰਹੇਂ ਨਾਲ ਲਗਾਈਆਂ ॥੫॥
ਦਿਨ ਛਿਪਦੇ ਨਾਲ ਫੌਜਾਂ ਹੋ ਗਈਆਂ ਖੀਵੀਆਂ, ਐਰੋ ਐਰ ਰਲਦੇ ਨਾਲ ਸੁਜਾਨੇ

ਨੇ ਢੋਲਕੀ ਬਜਾਈ ।
ਮਾਰ ਕੇ ਕੰਬਲ ਦੀਆਂ ਝੁੰਬਾਂ ਵਿਚ ਬਰਾੜਕੀ ਦੇ ਆਈ ।
ਢੋ ਕੇ ਰੋਹੀ ਦੀਆਂ ਖਿਤੀਆਂ, ਵਾੜ ਚੌਬਾਰੇ ਦੀ ਬਣਵਾਈ ।
ਓਦੋਂ ਬੋਲਿਆ ਚੂੜ ਸਿੰਘ, "ਸੁਜਾਨਿਆ ! ਢੋਲਕੀ ਕੇਹੀ ਬਜਵਾਈ ?"
ਕਹਿੰਦਾ, "ਜੱਟ ਦੀ ਗਵਾਚ ਗਈ ਢਾਂਡੀ, ਤੂੰ ਪੈ ਕੇ ਸੌਂ ਰਹੁ ਫੂਲ ਕੇ ਦੀਵਿਆ !
ਮਨ ਵਿਚ ਗ਼ਮੀ ਰੱਖੀਂ ਨਾ ਕਾਈ ।"
ਮਚਾ ਕੇ ਪਾਥੀ ਉਸੇ ਵੇਲੇ, ਅੱਗ ਚੌਬਾਰੇ ਨੂੰ ਲਾਈ ।
ਜਾਂ ਮੱਚ ਉਠੀ ਮੁਰਦੇ ਖਾਣੀ, ਬੋਲਿਆ ਚੂੜ ਸਿੰਘ,
"ਸੁਜਾਨਿਆ ! ਮਸਾਲ ਕਾਹੇ ਨੂੰ ਮਚਾਈ ?"
"ਤੂੰ ਪੈ ਕੇ ਸੌਂ ਰਹੁ ਚੂੜ ਸਿੰਘਾ ! ਗਮੀ ਰੱਖੀਂ ਨਾ ਕਾਈ" ॥੬॥
ਘੋੜਾ ਤੇ ਦੁਸ਼ਾਲਾ ਲੈ ਕੇ, ਰੱਯਤ ਬਰਾੜ ਕੀ ਦੀ ਮਿਲਣ ਆਈ ।
ਜਾਂ ਮੱਚ ਉਠੀ ਮੁਰਦੇ ਖਾਣੀ, ਕੁਛ ਕੁ ਸਿਰ ਗਈਆਂ
ਚੁਬਾਰੇ ਦੀਆਂ ਕੜੀਆਂ, ਅੱਗ ਚੂੜ ਸਿੰਘ ਦੇ ਬੀਬੇ ਦਾੜ੍ਹੇ
ਔਰ ਸੂਹਣੀ ਗੋਗੜ ਨੂੰ ਆਈ ।
ਚੂੜ ਸਿੰਘ ਬੋਲਿਆ, "ਦਲ ਸਿੰਘਾ ! ਉਪਰ ਚੜ੍ਹ ਚੁਬਾਰੇ ਦੇ ਕੁਛ ਮਰਦਾਨਗੀ ਦਿਖਾਈ।
ਮਰਨਾ ਤਾਂ ਹੁਣ ਸਿਰ ਪਰ ਆ ਗਇਆ, ਲਾਜ ਕੁਲ ਨੂੰ ਕਾਹਨੂੰ ਲਾਈ ?
ਆਪ ਦੀ ਜਾਨ ਦੀ ਨਾ ਬਣੀ, ਭੜਕੀ ਰੇਤੇ ਦੀ ਢਾਲ ਦਲ ਸਿੰਘ ਦੇ ਪੈਰਾਂ ਨੂੰ ਡਾਹ ਲਾਈ ॥੭॥
ਮਰਦਾ ਹੋਇਆ ਬੋਲਿਆ, "ਦਲ ਸਿੰਘਾ ! ਜੰਮੇ ਥੇ ਆਰੋ ਬਾਰੀ ਮੌਤ ਕੱਠਿਆਂ ਨੂੰ ਆਈ ।
ਫੂਲ ਮਰਾਝ ਕਾ ਪਿੱਛਾ ਸਾਡਾ, ਹੋਣੀ ਹੱਥ ਜੱਟਾਂ ਦੇ ਆਈ ।"
ਬੋਲਿਆ ਚੂੜ ਸਿੰਘ, "ਦਲ ਸਿੰਘਾ ! ਘੜੀ ਕੁ ਦੀ ਦੇਰ ਤਾਂ ਰੱਖ ਲਈਂ ਸਾਨੂੰ ਤੇ ਦੇਰ ਨਾ ਲਾਈਂ ।"
ਬੋਲਿਆ ਚੂੜ ਸਿੰਘ ਨੈਣਾ ਸਿੰਘ ਝੰਜਰ ਕੇ ਨੂੰ, "ਇਹ ਵੇਲਾ ਹੈ, ਮਰਦਾਨਗੀ ਦਿਖਾਈਂ।
ਬਬੇਰੀਆਂ ਚਲਾਈਆਂ ਨੈਣਾ ਸਿੰਘ ਝੰਜਰ ਕੇ ਨੇ, ਪੇਸ਼ ਚਲੀ ਨਾਹੀ ਕਾਈ ॥੮॥
ਤਾ ਬੋਲਿਆ ਸੁਜਾਨਾਂ, "ਤੂੰ ਫੜਾ ਦੇ ਹਥਿਆਰ ਚੂੜ ਸਿੰਘਾ ! ਤੈਨੂੰ ਅਸੀਂ ਮਾਰਦੇ ਨਾਹੀ ।"
"ਆ ਕੇ ਫੜ ਲੈ ਹਥਿਆਰ ਸੁਜਾਨਿਆਂ ! ਨਹੀਂ ਭੇਜਦੇ ਪ੍ਰਧਾਨ ਭਾਈ ।"
ਮਾਰੀ ਅੱਖ ਪ੍ਰਧਾਨੇ ਨੂੰ ਸੁਜਾਨੇ ਨੇ, ਚੂੜ ਸਿੰਘ ਦੇ ਚੁਬਾਰੇ ਨੂੰ ਚੜ੍ਹ ਪਿਆ, ਪ੍ਰਧਾਨਾ ਬਾਗੜ ਕੇ ਤੀਰਾਂ ਦੀ ਕਾਨੀ ਚੂੜ ਸਿੰਘ ਨੇ ਪ੍ਰਧਾਨੇ ਦੇ ਮੁੱਖੇ ਨੂੰ ਲਾਈ ।

ਤੀਵੀਂ ਸੁਜਾਨੇ ਦੀ ਭਰ ਕੇ ਛੰਨਾ ਦੁੱਧ ਦਾ ਲਿਆਈ ।
ਮੈਂ ਸਦਕੇ ਵੇ ਚੂੜ ਸਿੰਘ ਤੇ ਦਲ ਸਿੰਘ ਮੇਰੇ ਦਿਓਰਾ !
ਜਾਂਦੀ ਵਾਰ ਦਾ ਦੁੱਧ ਦਾ ਛੰਨਾ ਹੱਥੋਂ ਮੇਰਿਓਂ ਚੱਖ ਕੇ ਜਾਈਂ ।
"ਤੁਸੀਂ ਆਦੀ, ਬਰਾੜ ਮੁੱਢਾਂ ਦੇ ਧ੍ਰੋਹੀ, ਬਿਸਾਹ ਕਰਨਾ ਨਾਹੀਂ ॥੯॥
ਇਤਨੇ 'ਚ ਮਰ ਗਿਆ ਚੂੜ ਸਿੰਘ, ਮਰੇ ਚੂੜ ਸਿੰਘ ਦੀਆਂ ਖਬਰਾਂ ਫਿਰ ਗੁਰੂ ਕੇ ਕੋਠੇ ਆਈਆਂ ।
ਲਿਖ ਲਈ ਚਿੱਠੀ ਮਾਈ ਰੱਜੀ ਨੇ, ਵਿਚ ਭਦੌੜ ਦੇ ਆਈਆਂ ।
ਵਾਚ ਲਈ ਚਿੱਠੀ ਮੁਹੱਰਾ ਮੁਨਸ਼ੀਆਂ, ਚਿੱਠੀਆਂ ਕੇਹੀਆਂ ਕਹਿਰ ਦੀਆਂ ਆਈਆਂ।
ਸੱਦ ਕੇ ਲਾਹੌਰੀ ਡੂਮ ਨੂੰ, ਚਿੱਠੀਆਂ ਪੱਲੇ ਲਾਹੌਰੀ ਦੇ ਪਾਈਆਂ ॥੧੦॥
ਤੋਰ ਚਿੱਠੀਆਂ ਪਟਿਆਲੇ ਨੂੰ, ਮਾਈ ਰਾਜ ਕੌਰ ਨੇ ਖੋਹ ਸੁੱਟੀਆਂ ਮੀਢੀਆਂ ਸੱਜਦੀਆਂ ਸੱਜ ਗੁੰਦਾਈਆਂ ।
ਮਰ ਗਏ ਚੂੜ ਸਿੰਘ ਤੇ ਦਲ ਸਿੰਘ, ਉਨ੍ਹਾਂ ਦੀਆਂ ਖਬਰਾਂ ਆਈਆਂ।
ਥੱਬੀਆਂ ਦੀਆਂ ਥੱਬੀਆਂ ਗਹਿਣੇ ਲਾਹ ਵਿਚ ਪਟਾਰੇ ਦੇ ਪਾਈਆਂ ।
ਰੋਂਦੀ ਮਾਈ ਰਾਜ ਕੌਰ ਚੂੜ ਸਿੰਘ ਨੂੰ ਕਹਿ ਕੇ "ਸਿਰ ਦਿਆ ਸਾਈਆਂ ।"
ਤੁਰੀਆਂ ਚਿੱਠੀਆਂ ਵਿਚ ਪਟਿਆਲੇ ਦੇ ਆਈਆਂ ॥੧੧॥
ਵਿਚ ਪਟਿਆਲੇ ਦੇ ਸੈਦੇ ਖਾਂ ਡੋਗਰ ਅਲਬੇਲਾ ਸਿੰਘ ਕਾਲੇ ਕਾ, ਜਿਨ੍ਹਾਂ ਨੇ ਸਭ ਨੂੰ ਚਿੱਠੀਆਂ ਦਿਖਲਾਈਆਂ ।
ਚੜ੍ਹਦੀਆਂ ਫੌਜਾਂ ਸਦਰ ਡੋਗਰ ਨੇ ਹਟਾਈਆਂ ।
"ਗਰਮੀ ਦਾ ਮਹੀਨਾ, ਫੌਜਾਂ ਮਰਨਗੀਆਂ ਤਿਹਾਈਆਂ ।"
ਕੱਢ ਕੇ ਕਾਲੀਆਂ-ਪੀਲੀਆਂ ਅੱਖਾਂ, ਗੁੱਸਾ ਖਾਇ ਕੇ ਅਲਬੇਲ ਸਿੰਘ ਕਾਲੇ ਕੇ ਨੇ ਫੌਜਾਂ ਘਨਈਏ ਬਾਜੇ ਨੂੰ ਚੜ੍ਹਾਈਆਂ !
ਫੌਜਾਂ ਘਨਈਏ ਬਾਜੇ ਨੂੰ ਆਈਆਂ ॥੧੨॥
ਪਹਿਲਾਂ ਡੇਰਾ ਵਿਚ ਕੁਰੜ ਛਾਪੇ, ਦੂਜਾ ਡੇਰਾ ਵਿਚ ਭਾਈ
ਕਿਆਂ ਦੇ ਦਿਆਲ ਪੁਰੇ, ਜਿੱਥੇ ਦੇਗਾਂ ਕੁਣਕੇ ਦੀਆਂ ਵਰਤਾਈਆਂ ॥੧੩॥
ਬੋਲਿਆ ਬੀਰ ਸਿੰਘ ਜਲਾਲ ਕਾ, "ਮੇਰਾ ਤੇ ਵੈਰੀ ਦਾ ਟਾਕਰਾ ਰੱਬਾ ਤੂੰ ਕਰਾਈਂ।
ਸੱਤੇ ਸਵਾਰਾਂ ਨਾਲ ਖੇਡਦਾ ਸ਼ਿਕਾਰ ਸੁਜਾਨਾ, ਫੂਲਕਿਆਂ ਦੇ
ਧੌਂਸਿਆਂ ਦੀ ਟਕੋਰ ਸੁਣ ਕੇ ਘੋੜੇ ਦੀ, ਵਾਗ ਪਿਛਾਂਹ ਨੂੰ ਭਵਾਈਂ ।
ਉਹ ਚੂੜ ਸਿੰਘ ਦਾ ਗਰੜਾ ਘੋੜਾ, ਹੱਥ ਦੇ ਉਤੇ ਬਾਜ ਕਰੇ ਹਵਾਈ ।
ਦੇਖ ਕੇ ਫੂਲਕਿਆਂ ਦੀ ਫੌਜ ਘੋੜੇ ਤੇ ਬਾਜ ਰੋਂਦੇ, ਥੰਮਦੇ ਨਾਹੀਂ ॥੧੪॥
ਬੋਲਿਆ ਸੁਜਾਨਾ, ਲਾਹ ਲਓ ਪਗੜੀਆਂ ਬੈਰਾੜ ਬੱਚਿਓ, ਸੁਨਾਮ ਤੇ ਪਟਿਆਲੇ ਦੀਆਂ ਬੋਲੀਆਂ ਗੁੰਗੀਆਂ ਚਿੜੀਆਂ, ਘਰ ਬੈਠੀਆਂ ਹੀ ਰੱਬ ਨੇ ਲਿਆਣ ਫਸਾਈਆਂ।"
ਆ ਗਿਆ ਗੁੱਸਾ ਬੀਰ ਸਿੰਘ ਜਲਾਲ ਕੇ ਨੂੰ, "ਦੇਹ ਹੁਕਮ ਰਾਜਾ

ਸਾਹਿਬ ਸਿੰਘਾ ! ਜੱਟ ਨੂੰ ਜਾਣ ਦਿੰਦਾ ਨਾਹੀਂ ।"
ਦੇ ਦਿੱਤਾ ਹੁਕਮ ਰਾਜਾ ਸਾਹਿਬ ਸਿੰਘ ਨੇ, ਘੋੜੀ ਮਗਰ ਜੱਟ ਦੇ ਲਗਾਈ ।
ਘੋੜੀ ਚੜ੍ਹਦੇ ਨੂੰ ਮਿਲ ਗਇਆ ਬੀਰ ਸਿੰਘ ਉਹਨੇ ਬਰਛੀ ਸੁਜਾਨੇ ਦੇ ਲਾਈ ।
ਬਾਹੀਂਦੀ ਸਾਂਗ ਵਿਚ ਧਰਤੀ ਦੇ ਰੜਕਾਈ ॥੧੫॥
ਕੋਲੋਂ ਟੱਪ ਕੇ ਕੁੱਦਿਆ ਲਾਹੌਰੀ ਡੂਮ, ਵੱਢ ਕੇ ਸਿਰ ਸੁਜਾਨੇ ਦਾ ਅੱਗ ਓਹ ਦੀ ਦਾੜ੍ਹੀ ਨੂੰ ਲਾਈ ।
ਮਾਰ ਲਿਆ ਸੁਜਾਨਾ ਘਨ੍ਹਈਆ ਬਾਜਾ, ਸੁਖ ਵੱਸੂਗਾ ਨਾਹੀਂ ।
ਆ ਗਈ ਹਨੇਰੀ ਕਿਸੇ ਕਹਿਰ ਦੀ, ਜੱਟਾਂ ਦੀ ਜਾਨ ਰੱਬ ਨੇ ਬਚਾਈ ।
ਓਦੋਂ ਦਾ ਉਜੱੜਿਆ ਘਨ੍ਹਈਆ ਬਾਜਾ, ਉਥੇ ਮੁੜ ਵੱਸਿਆ ਨਾਹੀ ।
ਮੁੜ ਫੌਜ ਪਟਿਆਲੇ ਨੂੰ ਜਾਂਦੀ ਵਿਚ ਭਦੌੜ ਦੇ ਸੀ ਆਈ ॥੧੬॥
ਸਭਨਾਂ ਭਾਈਆਂ ਨੂੰ ਇਕੱਠੇ ਕਰਕੇ, ਰਾਜਾ ਸਾਹਿਬ ਸਿੰਘ ਨੇ ਮਜਲਸ ਬਿਠਾਈ।
'ਢਹਿ ਗਈ ਅੱਜ ਹੱਦ ਬਰਾੜ ਕੀ ਦੀ, ਧ੍ਰੋਹੀ ਬਰਾੜ ਟਿਕਣਗੇ ਨਾਹੀਂ ।
ਤਕੜੇ ਹੋ ਕੇ ਰਹੋ ਭਰਾਵੋ, ਆਪੋ ਆਪਣੀ ਥਾਈਂ ।
ਜੋ ਭਾਣਾ ਵਰਤਾਇਆ ਗੁਰੂ ਨੇ, ਸੋ ਮੁੜਦਾ ਨਹੀਂ ਰਾਈ ।
ਇਹ ਵੇਲਾ ਕਿਸੇ ਦੇ ਮੋੜਨ ਦਾ ਨਾਹੀਂ, ਵਾਹ ਚਲਦੀ ਨਹੀਂ ਕਾਈ ॥੧੭॥

✲ ✲ ✲

# 7. ਅਨੰਦਪੁਰ ਦੀ ਵਾਰ

ਅਨੰਦਪੁਰ ਦੀਆਂ ਲੜਾਈਆਂ, ਜੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਵਿਚ ਹੋਈਆਂ, ਸਿੱਖ-ਇਤਿਹਾਸ ਵਿਚ ਪ੍ਰਸਿੱਧ ਹਨ, ਪਰ ਅਨੰਦਪੁਰ ਦੀ ਆਖਰੀ ਲੜਾਈ, ਕਿਸੇ ਸਿੱਖ-ਇਤਿਹਾਸਕਾਰ ਨੇ ਅੰਕਿਤ ਨਹੀਂ ਕੀਤੀ ਜਿਸ ਦਾ ਵੇਰਵਾ ਇਸ ਜੰਗ-ਨਾਮੇ ਵਿਚ ਦਿੱਤਾ ਹੋਇਆ ਹੈ, ਕਵੀ ਰਾਮ ਸਿੰਘ ਨੇ ਇਸ ਲੜਾਈ ਦੇ ਵੇਰਵੇ ਸਹਿਤ ਹਾਲ ਵਾਰ (ਜੰਗ-ਨਾਮੇ) ਦੇ ਰੂਪ ਵਿਚ ਪੇਸ਼ ਕੀਤੇ ਹਨ। ਇਹ ਲੜਾਈ ਸ਼ੇਰਿ-ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਦੇ ਸਮੇਂ ਸੰਮਤ ੧੮੬੯ ਬਿ: (ਮੁਤਾਬਿਕ ਸੰਨ ੧੮੧੨ ਈ:) ਵਿਚ ਲੜੀ ਗਈ ਸੀ, ਜਿਸ ਤਰ੍ਹਾਂ ਕਿ ਇਸ ਵਾਰ ਦੇ ਅੰਤ ਵਿਚ ਲਿਖਿਆ ਹੈ।

੧੦੦੦ ੮ ੬੦ ੯

ਸਮਤ ਸਹਸ ਜੁ ਸਿਧ ਗਨ, ਸੁਠ ਊਪਰ ਰਸ* ਸਰਸਾਇ ਕੈ।
ਰਾਜੇ ਮਹਾ ਚੰਦ ਨੇ ਜੁੱਧ ਕੀਤਾ ਗੁੱਸਾ ਖਾਇ ਕੈ।
ਮਾਰਿਆ ਡੰਕਾ ਖਾਲਸੇ, ਤਲਵਾਰੀਂ ਹੱਥ ਦਿਖਾਇ ਕੈ।

ਇਸ ਵਾਰ ਦੇ ਮੁੱਖ ਪਾਤਰ ਦੋ ਹਨ: ਸੋਢੀ ਸੁਰਜਨ ਸਿੰਘ ਅਤੇ ਮਹਾਂ ਚੰਦ ਕਹਿਲੂਰੀਆ। ਅਨੰਦਪੁਰ ਦੀ ਇਹ ਲੜਾਈ ਕਿਉਂ ਲੜੀ ਗਈ ਤੇ ਇਸ ਦਾ ਕਾਰਣ ਕੀ ਸੀ, ਇਸ ਗੱਲ ਨੂੰ ਸਮਝਣ ਲਈ ਸੋਢੀ ਸੁਰਜਨ ਸਿੰਘ ਅਤੇ ਰਾਜਾ ਮਹਾਂ ਚੰਦ ਕਹਿਲੂਰੀਏ ਦਾ ਕੁਝ ਕੁ ਹਾਲ ਇਥੇ ਦਿੱਤਾ ਜਾਣਾ ਜ਼ਰੂਰੀ ਹੈ।

ਸੋਢੀ ਸੁਰਜਨ ਸਿੰਘ ਸ੍ਰੀ ਗੁਰੂ ਹਰਿਗੋਬਿੰਦ ਜੀ (ਛੇਵੇਂ ਸਿੱਖ ਗੁਰੂ) ਦੇ ਖਾਨਦਾਨ ਵਿਚੋਂ ਅਨੰਦਪੁਰੀਏ ਸੋਢੀਆਂ ਦਾ ਵਡੇਰਾ ਸੀ। ਉਸ ਦੀ ਵੰਸ਼ਾਵਲੀ ਇਸ ਤਰ੍ਹਾਂ ਹੈ:-

---

* ਸੰਮਤ ੧੮੬੯ ਬਿ: (ਮੁਤਾਬਕ ਸੰਨ ੧੮੧੨ ਈ:)।

ਸ੍ਰੀ ਗੁਰੂ ਹਰਿਗੋਬਿੰਦ ਜੀ

ਬਾਬਾ ਗੁਰਦਿੱਤਾ ਅਟੱਲ ਰਾਇ (ਗੁਰੂ) ਤੇਗ ਬਹਾਦਰ, ਅਣੀ ਰਾਇ, ਸੂਰਜ ਮਲ

ਬਾਬਾ ਗੁਰਦਿੱਤਾ ਦੇ ਖਾਨਦਾਨ ਵਿਚੋਂ ਕਰਤਾਰਪੁਰੀਏ ਸੋਢੀ ਹਨ।

ਗੁਲਾਬ ਰਾਇ ਸ਼ਿਆਮ ਦਾਸ

ਨਾਹਰ ਸਿੰਘ ਚੂੜ ਸਿੰਘ ਹੁਕਮ ਸਿੰਘ ਉਦੇ ਸਿੰਘ ਪ੍ਰੇਮ ਸਿੰਘ

ਸੁਰਜਨ ਸਿੰਘ ਜੈ ਸਿੰਘ

ਬੂਟੇ ਸ਼ਾਹ ਨੇ ਤਾਰੀਖ਼ਿ-ਪੰਜਾਬ ਵਿਚ ਲਿਖਿਆ ਹੈ ਕਿ ਸੋਢੀ ਨਾਹਰ ਸਿੰਘ, ਜੋ ਸ੍ਰੀ ਗੁਰੂ ਹਰਿਗੋਬਿੰਦ ਜੀ ਤੋਂ ਪੰਜਵੀ ਪੁਸ਼ਤ ਉਨ੍ਹਾਂ ਦੇ ਪੋਤਰੇ ਦਾ ਪੋਤਰਾ ਸੀ ਮੁਗਲ ਦਰਬਾਰ ਵਿਚ ਮੁਲਾਜ਼ਮ ਸੀ ਤੇ ਬਤੌਰ ਅਜਾਰੇ ਦੇ ਚਮਕੌਰ ਦੇ ਨੇੜੇ ਪਿੰਡ ਮਕਰੂਹਾ[1] ਤੇ ਭੋਜੇ ਮਾਜਰਾ ਉਸ ਨੂੰ ਮਿਲੇ ਹੋਏ ਸਨ। ਕਾਰਣ ਇਸ ਦਾ ਇਹ ਸੀ ਕਿ ਸੋਢੀ ਨਾਹਰ ਸਿੰਘ ਬੜਾ ਅੱਛਾ ਤੀਰ-ਅੰਦਾਜ਼ ਸੀ। ਹਾਕਮ ਸਰਹੰਦ (ਸਰਹਿੰਦ) ਨੇ ਉਸ ਦੀ ਤੀਰੰਦਾਜ਼ੀ ਤੋਂ ਖ਼ੁਸ਼ ਹੋ ਕੇ ਇਹ ਪਿੰਡ ਉਸ ਨੂੰ ਜਾਗੀਰ ਦਿੱਤੇ ਸਨ।

ਸੰਮਤ ੧੮੨੦ ਵਿਚ ਜਦ ਜੈਨ ਖਾਂ ਸੂਬਾ ਸਰਹਿੰਦ ਮਾਰਿਆ ਗਿਆ ਤਾਂ ਸਿੰਘਾਂ ਨੇ ਚਮਕੌਰ ਦੀ ਜਾਇਦਾਦ ਲਾਗੇ ਦੇ ਕੁਝ ਪਿੰਡ ਗੁਰਦੁਆਰੇ ਦੇ ਨਾਮ ਅਰਦਾਸ ਕਰਵਾ ਦਿੱਤੇ। ਸੋਢੀ ਨਾਹਰ ਸਿੰਘ ਦੇ ਦੋਵੇਂ ਪਿੰਡ ਵੀ ਨਾਲ ਹੀ ਅਰਦਾਸ ਹੋ ਗਏ। ਜਦ ਸੋਢੀ ਸਾਹਿਬ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਹ ਸਿੱਖਾਂ ਪਾਸ ਫਰਿਆਦੀ ਹੋ ਕੇ ਆਇਆ ਤੇ ਉਸ ਦੇ ਅੰਮ੍ਰਿਤ ਛਕਣ ਦਾ ਵਾਇਦਾ ਕਰਨ 'ਤੇ ਉਹ ਦੋਵੇਂ ਪਿੰਡ ਉਸ ਨੂੰ ਵਾਪਸ ਦੇ ਦਿੱਤੇ ਗਏ। ਪਿੱਛੋਂ ਸੋਢੀ ਸਾਹਿਬ ਨੇ ਸਿੱਖਾਂ ਦੀ ਸਹਾਇਤਾ ਤੇ ਤਲਵਾਰ ਦੇ ਜ਼ੋਰ ਨਾਲ ਕੁਝ ਹੋਰ ਇਲਾਕਾ ਵੀ ਜਿੱਤ ਕੇ ਨਾਲ ਸ਼ਾਮਲ ਕਰ ਲਿਆ। ਇਸੇ ਸੋਢੀ ਨਾਹਰ ਸਿੰਘ ਦਾ ਪੁੱਤਰ ਸੋਢੀ ਸੁਰਜਨ ਸਿੰਘ ਸੀ ਜੋ ਇਸ ਵਾਰ ਦਾ ਮੁੱਖ ਪਾਤਰ ਹੈ।

ਇਸ ਵਾਰ ਦਾ ਵਿਰੋਧੀ ਪਾਤਰ ਰਾਜਾ ਮਹਾ ਚੰਦ ਕਹਿਲੂਰੀਆ ਜਿਸ ਨੇ ਇਸ ਲੜਾਈ ਵਿਚ ਪਹਿਲ ਕੀਤੀ, ਰਾਜਾ ਭੀਮ ਚੰਦ ਦਾ ਪੜੋਤਾ ਸੀ। ਸ਼ਸ਼ਿਵੰਸ਼ ਵਿਨੋਦ ਅਤੇ ਹਿਸਟਰੀ ਆਫ ਦੀ ਪੰਜਾਬ ਹਿੱਲ ਸਟੇਟਸ ਦੀਆਂ ਲਿਖਤਾਂ ਅਨੁਸਾਰ ਬਿਲਾਸਪੁਰ (ਕਹਿਲੂਰ) ਦਾ ਰਾਜ ਵੰਸ਼ ਚੰਦ੍ਰ ਵੰਸੀ ਰਾਜਪੂਤਾਂ ਵਿਚੋਂ ਹੈ। ਰਾਜਾ ਭੀਮ ਚੰਦ ਕਹਿਲੂਰੀਆ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਵਿਰੋਧੀ ਸੀ ਅਤੇ ਰਾਜਾ ਮਹਾ ਚੰਦ ਸੋਢੀ ਸੁਰਜਨ ਸਿੰਘ ਦਾ। ਰਾਜਾ ਮਹਾ ਚੰਦ ਦਾ ਸਮਾਂ ਸ਼ੰਮਤ ੧੮੩੫ (ਸੰਨ ੧੭੭੮) ਤੋਂ ਸੰਮਤ ੧੮੮੧ (ਸੰਨ ੧੮੨੪) ਤਕ ਹੈ। ਸੰਮਤ ੧੮੫੦ ਤੋਂ ਸੰਮਤ ੧੮੮੧ ਤਕ ਸਿੱਖ-ਰਾਜ ਦੇ ਵਧਣ-ਫੁਲਣ ਦਾ ਸਮਾਂ ਸੀ ਤੇ ਇਸ ਸਮੇਂ ਦੇ ਅੰਦਰ ਬਹੁਤ

੧. 'ਮਕੜੌਨਾ' ਹੋ ਸਕਦਾ ਹੈ, "ਮਕਰੂਹਾ" ਨਾਮ ਦਾ ਪਿੰਡ ਚਮਕੌਰ ਦੇ ਲਾਗੇ ਕੋਈ ਨਹੀਂ।

ਸਾਰੇ ਪਹਾੜੀ ਰਾਜੇ ਮਹਾਰਾਜਾ ਰਣਜੀਤ ਸਿੰਘ ਦੇ ਮਾਤਹਿਤ ਹੋ ਗਏ ਸਨ। ਸੰਮਤ ੧੮੬੧ (ਸੰਨ ੧੮੦੯) ਵਿਚ ਜਦ ਅੰਗ੍ਰੇਜ਼ੀ ਹਕੂਮਤ ਤੇ ਸਿੱਖ-ਰਾਜ ਦੇ ਵਿਚਕਾਰ ਅਹਿਦਨਾਮਾ ਹੋਇਆ ਤੇ ਦੋਹਾਂ ਧਿਰਾਂ ਦੀ ਰਾਜ-ਹੱਦ ਸਤਲੁਜ ਠਹਿਰਾਈ ਗਈ ਤਾਂ ਹਿਠਾੜ ਸਤਲੁਜ ਦੇ ਪਹਾੜੀ ਰਾਜੇ ਸਿੱਖਾਂ ਨੂੰ ਕੁਝ ਕੈਰੀ ਨਿਗਾਹ ਨਾਲ ਦੇਖਣ ਲੱਗੇ। ਆਨੰਦਪੁਰ-ਮਾਖੋਵਾਲ, ਲੋਪੋ, ਵੱਧਨੀ, ਜਗਰਾਉਂ, ਬੱਸੀਆਂ, ਮੁਦਕੀ, ਘੁੰਗਰਾਣਾ, ਕੋਟਕਪੂਰਾ ਅਤੇ ਨਾਰਾਇਣ ਗੜ੍ਹ (ਅੰਬਾਲਾ) ਦੇ ਇਲਾਕੇ ਨਵੇਂ ਅਹਿਦਨਾਮੇ ਮੁਤਾਬਕ ਸਿਖ ਰਾਜ ਵਿਚ ਸ਼ਾਮਲ ਸਨ, ਜਿਨ੍ਹਾਂ ਦੇ ਪ੍ਰਬੰਧ ਲਈ ਸ਼ੇਰਿ-ਪੰਜਾਬ ਦੀਆਂ ਫੌਜਾਂ ਨੂੰ ਸਤਲੁਜੋਂ ਪਾਰ ਜਾਣਾ ਪੈਂਦਾ ਸੀ।

ਦੇਸ਼ ਦੀ ਉਸ ਸਮੇਂ ਇਹ ਹਾਲਤ ਸੀ ਕਿ ਅੰਗ੍ਰੇਜ਼ ਕਈ ਵਿੰਗੇ-ਟੇਢੇ ਤਰੀਕੇ ਵਰਤ ਕੇ ਅਗਾਂਹ ਵਧ ਰਹੇ ਸਨ ਤੇ ਇਥੋਂ ਦੇ ਰਾਜੇ-ਮਹਾਰਾਜਿਆਂ ਨੂੰ ਆਪਾ ਸੰਭਾਲਣ ਦੀ ਸੋਚ ਪਈ ਹੋਈ ਸੀ ਪਰ ਰਾਜਾ ਭੀਮ ਚੰਦ ਦਾ ਪੜੋਤਾ ਰਾਜਾ ਮਹਾ ਚੰਦ ਐਸ਼ਾਂ ਵਿਚ ਮਸਤ ਰਹਿੰਦਾ ਸੀ ਤੇ ਇਸੇ ਕਰਕੇ ਉਸ ਦੀ ਪਰਜਾ ਉਸ ਦੇ ਵਿਰੁਧ ਸੀ। ਉਸ ਦੀ ਇਹ ਹਾਲਤ ਦੇਖ ਕੇ ਸੰਮਤ ੧੮੫੨ (ਸੰਨ ੧੭੯੫) ਵਿਚ ਰਾਜਾ ਸੰਸਾਰ ਚੰਦ ਕਾਂਗੜੇ ਵਾਲੇ ਨੇ ਬਿਲਾਸਪੁਰ ਉਤੇ ਹੱਲਾ ਕੀਤਾ ਤੇ ਸਤਲੁਜ ਦੇ ਸੱਜੇ ਪਾਸੇ ਦਾ ਇਲਾਕਾ ਦੱਬ ਲਿਆ। ਇਸ ਸਮੇਂ ਰਾਜਾ ਰਾਮਚੰਦ ਨਾਲਾਗੜ੍ਹੀਏ ਨੇ ਵੀ ਮੌਕਾ ਤਾੜਿਆ ਤੇ ਕਹਿਲੂਰ ਦੇ ਕੁਝ ਰਕਬੇ ਉੱਤੇ ਕਬਜ਼ਾ ਕਰ ਕੇ ਰਾਜਾ ਸੰਸਾਰ ਚੰਦ (ਕਾਂਗੜਾ) ਨਾਲ ਮਿੱਤਰਤਾ ਗੰਢ ਲਈ। ਮਹਾ ਚੰਦ ਦੀ ਇਸ ਕਮਜ਼ੋਰੀ ਨੂੰ ਭਾਂਪ ਕੇ ੧੨ ਠਕੁਰਾਈਆਂ ਦੇ ਰਾਣੇ ਜੋ ਮਾਮੂਲੀ ਤਾਕਤ ਵਿਚ ਸਨ, ਉਸ ਦੇ ਨਾਲੋਂ ਟੁੱਟ ਗਏ ਤੇ ਇਸ ਤਰ੍ਹਾਂ ਰਿਆਸਤ ਬਿਲਾਸਪੁਰ ਬਹੁਤ ਕਮਜ਼ੋਰ ਹੋ ਗਈ ਸੀ।

ਰਾਜਾ ਮਹਾ ਚੰਦ ਨੇ ਇਸ ਹਾਲਤ ਵਿਚ ਸਿੱਖ ਸਰਦਾਰ ਗੁਰਦਿੱਤ ਸਿੰਘ ਅਤੇ ਦੇਸਾ ਸਿੰਘ ਨੂੰ ਜੋ ਉਸ ਸਮੇਂ ਸ਼ੇਰਿ-ਪੰਜਾਬ ਮਹਾਰਾਜਾ ਰਣਜੀਤ ਸਿੰਘ ਵਲੋਂ ਇਲਾਕੇ ਦੀ ਹਿਫਾਜ਼ਤ ਲਈ ਆਨੰਦਪੁਰ ਵਿਚ ਰਹਿੰਦੇ ਸਨ, ਆਪਣੀ ਸਹਾਇਤਾ ਵਾਸਤੇ ਬੁਲਾਇਆ ਦੋਹਾਂ ਧਿਰਾਂ ਦੀ ਮੁੱਠ-ਭੇੜ ਹੋਣ 'ਤੇ ਉਪਰੋਕਤ ਦੋਵੇਂ ਸਰਦਾਰ ਮੈਦਾਨਿ-ਜੰਗ ਵਿਚ ਮਾਰੇ ਗਏ। (ਦੇਖੋ History of the Punjab Hill States)।

ਪਰ ਸਿੱਖ-ਇਤਿਹਾਸ ਅਤੇ ਇਸ ਵਾਰ ਦੀ ਲਿਖਤ ਤੋਂ ਪਤਾ ਲਗਦਾ ਹੈ ਕਿ ਇਹ ਘਟਨਾ ਸੱਚੀ ਨਹੀਂ ਹੈ। ਸਬੂਤ ਇਸ ਦਾ ਇਹ ਹੈ ਕਿ ਇਸ ਸਮੇਂ ਸੰਮਤ ੧੮੫੨ (ਸੰਨ ੧੭੯੫) ਵਿਚ ਇਲਾਕਾ ਪਹਾੜ ਉਤੇ ਮਹਾਰਾਜਾ ਰਣਜੀਤ ਸਿੰਘ ਦੀ ਹਕੂਮਤ ਨਹੀਂ ਸੀ। ਦੂਜੀ ਗੱਲ ਇਹ ਸੀ ਕਿ ਸਿੱਖ ਸਰਦਾਰ ਰਾਜਾ ਮਹਾ ਚੰਦ ਦੇ ਸੱਦੇ ਹੋਏ ਨਹੀਂ, ਬਲਕਿ ਖਾਲਸਾ ਦਰਬਾਰ ਲਾਹੌਰ ਵਲੋਂ ਇਲਾਕੇ ਦੀ ਹਿਫਾਜ਼ਤ ਵਾਸਤੇ ਗਏ ਸਨ ਤੇ ਜੰਗ ਵਿਚ ਸੋਢੀ ਸੁਰਜਨ ਸਿੰਘ ਦੀ ਸਹਾਇਤਾ ਲਈ ਸ਼ਾਮਲ ਹੋਏ ਸਨ ਤੇ ਸੋਢੀ ਸਾਹਿਬ ਨਾਲ ਰਾਜਾ ਮਹਾ ਚੰਦ ਦਾ ਗੁਸਤਾਖੀ ਨਾਲ ਪੇਸ਼ ਆਉਣਾ ਹੀ ਇਸ ਲੜਾਈ ਦਾ ਮੂਲ ਕਾਰਣ ਸੀ। ਇਹ ਗੁਸਤਾਖੀ ਰਾਜਾ ਮਹਾਚੰਦ ਨੇ ਕਿਵੇਂ ਕੀਤੀ ਤੇ ਇਸ ਲੜਾਈ ਦਾ ਮੁੱਢ ਉਸ ਦੇ ਮੂੰਹ-ਚੜ੍ਹੇ ਨੱਥੂ ਛੱਜੂ ਝੀਵਰ ਤੇ ਕਨੌਤੀ ਦੇ ਪੰਮਿਆਂ ਦੀ ਚੁੱਕ ਨਾਲ ਕਿਵੇਂ ਬੱਝਿਆ ਅਤੇ ਅੰਤ ਵਿਚ ਖਾਲਸੇ ਨੇ ਕਿਵੇਂ

ਫ਼ਤਹ ਹਾਸਲ ਕੀਤੀ, ਇਨ੍ਹਾਂ ਗੱਲਾਂ ਉੱਤੇ ਇਸ ਵਾਰ ਵਿਚ ਰੋਸ਼ਨੀ ਪਾਈ ਹੋਈ ਹੈ।

ਵਾਰ ਦੀ ਬੋਲੀ ਪੁਰਾਣੀ ਪੰਜਾਬੀ ਹੈ ਜਿਸ ਵਿਚ ਹਿੰਦੀ ਤੇ ਪਹਾੜੀ ਬੋਲੀ ਦੇ ਸ਼ਬਦ ਵੀ ਆਉਂਦੇ ਹਨ। ਕਵਿਤਾ ਇਸ ਵਾਰ ਦੀ ਬੀਰ-ਰਸੀ ਤੇ ਕੜਾਕੇਦਾਰ ਹੈ। ਲਿਖਣ ਢੰਗ ਨੂੰ ਪੜਚੋਲਿਆਂ ਪਤਾ ਲਗਦਾ ਹੈ ਕਿ ਕਵੀ ਨੇ ਇਸ ਵਿਚ ਚੰਡੀ ਦੀ ਵਾਰ ਦੀ ਸ਼ਬਦ-ਚੋਣ ਨੂੰ ਅਪਣਾਇਆ ਹੈ ਤੇ ਛੰਦਾਂ ਦਾ ਵਜ਼ਨ ਵੀ ਕਾਫੀ ਹੱਦ ਤਕ ਉਸ ਦੇ ਨਾਲ ਹੀ ਮਿਲਦਾ-ਜੁਲਦਾ ਰੱਖਿਆ ਹੈ। ਪਾਤਰਾਂ ਦੀ ਚੋਣ ਤੇ ਸੁਭਾਅ-ਉਸਾਰੀ ਜੋ ਕਿਸੇ ਰਚਨਾ ਦੀ ਜਿੰਦ-ਜਾਨ ਹੁੰਦੀ ਹੈ, ਇਸ ਵਾਰ ਵਿਚ ਮਿਹਨਤ ਨਾਲ ਕੀਤੀ ਜਾਪਦੀ ਹੈ। ਕੀਸੋ, ਬਲਭਦ੍ਰ, (ਰਾਜਾ ਮਹਾ ਚੰਦ ਦਾ ਭਾਈ), ਪ੍ਰੇਮ, ਨੱਥੂ ਹੱਠੂ, ਗੋਡੂ ਆਦਿ ਪਾਤਰ ਨਿਰੋਲ ਪਹਾੜੀਏ ਹਨ ਜਿਨ੍ਹਾਂ ਵਿਚੋਂ ਨੱਥੂ ਤੇ ਫੌਜੂ ਟੇਢੀ ਪੱਗ ਬੰਨ੍ਹ ਕੇ ਹਮੇਸ਼ਾਂ ਅਭਿਮਾਨ ਦੀ ਗੱਲ ਕਰਦੇ ਹਨ। ਸਾਥੀਆਂ ਸਮੇਤ ਇਹੋ ਸੱਜਣ ਲੜਾਈ ਦੇ ਮੋਢੀ ਸਨ ਤੇ ਇਹੋ ਅੰਤ ਨੂੰ ਹਾਰ ਖਾ ਕੇ ਭੱਜ ਗਏ। ਮੀਆਂ ਜੋਰਾਵਰੂ, ਰਾਜਾ ਮਹਾ ਚੰਦ ਦਾ ਚਾਚਾ ਤੇ ਨਾਲੇ ਰਿਆਸਤ ਦਾ ਵੱਡਾ ਵਜ਼ੀਰ ਸੀ ਪਰ ਉਸ ਦੀ ਅਕਲਮੰਦੀ ਦੀ ਗੱਲ ਸੁਣੀ ਨ ਗਈ ਜਿਸ ਕਰਕੇ ਸਿੱਖਾਂ ਨਾਲ ਰਾਜਾ ਬਿਲਾਸਪੁਰ ਦੀ ਲੜਾਈ ਛਿੜ ਪਈ।

ਇਸ ਵਾਰ ਦਾ ਲੇਖਕ ਕਵੀ ਰਾਮ ਸਿੰਘ ਕੌਣ ਸੀ, ਉਸਦੇ ਸਬੰਧ ਵਿਚ ਕੁਝ ਪਤਾ ਨਹੀਂ ਲੱਗ ਸਕਿਆ ਪਰ ਇਸ ਵਿਚ ਕੋਈ ਸ਼ੱਕ ਨਹੀਂ ਕਿ ਉਹ ਸਾਹਿੱਤਕ ਤੇ ਇਤਿਹਾਸਿਕ ਸੂਝ ਰੱਖਣ ਵਾਲਾ ਇਕ ਅੱਛਾ ਕਵੀ ਸੀ। ਉਸ ਦੀਆਂ ਸਾਹਿੱਤਕ ਖੂਬੀਆਂ ਦੱਸਣ ਲਈ, ਜੋ ਇਸ ਵਾਰ ਵਿਚ ਪਾਈਆਂ ਜਾਂਦੀਆਂ ਹਨ, ਇਕ ਸੁਤੰਤਰ ਲੇਖ ਦੀ ਲੋੜ ਹੈ ਤੇ ਇਤਿਹਾਸਿਕ ਖੂਬੀਆਂ ਜੋ ਇਸ ਵਾਰ ਵਿਚ ਹਨ, ਉਨ੍ਹਾਂ ਬਾਰੇ ਕੇਵਲ ਇਤਨਾ ਹੀ ਕਹਿ ਦੇਣਾ ਕਾਫੀ ਹੈ ਕਿ ਆਨੰਦਪੁਰ ਦੇ ਇਤਿਹਾਸ ਬਾਰੇ ਜੋ ਘਟਨਾ ਇਸ ਵਾਰ ਵਿਚ ਅੰਕੀ ਹੋਈ ਮਿਲਦੀ ਹੈ, ਉਸ ਦਾ ਅੱਜ ਤੋੜੀ ਕਿਸੇ ਇਤਿਹਾਸਕਾਰ ਨੇ ਜ਼ਿਕਰ ਨਹੀਂ ਕੀਤਾ, ਇਸ ਲਈ ਸਿੱਖ ਇਤਿਹਾਸ-ਪ੍ਰੇਮੀਆਂ ਲਈ ਇਹ ਇਕ ਦਿਲਚਸਪੀ ਦੀ ਚੀਜ਼ ਹੈ।

ਇਸ ਵਾਰ ਵਿਚ ਬੇਸ਼ਕ ਕਵੀ ਨੇ ਸੋਢੀਆਂ ਦੀ ਰੱਜ ਕੇ ਉਪਮਾ ਕੀਤੀ ਹੈ ਤੇ ਉਨ੍ਹਾਂ ਨੂੰ ਸਤਿਗੁਰੂ[2] ਕਹਿ ਕੇ ਵਡਿਆਇਆ ਤੇ ਅਜ਼ਮਤ ਵਾਲੇ ਦੱਸ ਕੇ ਸਨਮਾਨਿਆ ਹੈ, ਪਰ ਫੇਰ ਵੀ ਇਸ ਦੀ ਇਤਿਹਾਸਕਤਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਤੇ ਇਸ ਤੋਂ ਸਿੱਖ-ਰਾਜ ਦੇ ਇਕ ਅੰਗ ਉਤੇ ਚੰਗੀ ਝਲਕ ਪੈਂਦੀ ਹੈ।

ਕਵੀ ਰਾਮ ਸਿੰਘ ਦੀ ਇਹ ਵਾਰ ਮੈਨੂੰ ਸੰਨ ੧੯੪੬ ਈ: ਵਿਚ ਗਿਆਨੀ

---

੨. ਇਸ ਤੋਂ ਮਾਲੂਮ ਹੁੰਦਾ ਹੈ ਕਿ ਕਵੀ ਰਾਮ ਸਿੰਘ ਜਾਂ ਤਾਂ ਖੁਦ ਸੋਢੀ ਸੀ ਤੇ ਜਾਂ ਸੋਢੀਆਂ ਦਾ ਚਾਟੜਾ। ਉਸ ਦਾ ਦਸ ਗੁਰਾਂ ਤੋਂ ਬਿਨਾਂ ਹੋਰ ਸੋਢੀਆਂ ਦੇ ਗੁਰੂ ਹੋਣ 'ਤੇ ਨਿਸਚਾ ਹੋਣਾ ਇਸ ਗੱਲ ਦਾ ਪੱਕਾ ਸਬੂਤ ਹੈ।

ਪ੍ਰਾਕ੍ਰਮ ਸਿੰਘ ਜੀ ਸੰਗਰੂਰ ਵਾਲਿਆਂ ਪਾਸੋਂ ਮਿਲੀ ਸੀ ਤੇ ਉਨ੍ਹਾਂ ਨੇ ਹੀ ਇਕ ਹੋਰ ਕਾਪੀ ਸਾਹਮਣੇ ਰੱਖ ਕੇ ਇਸ ਦੀ ਸੁਧਾਈ ਕਰਵਾਈ ਸੀ। ਪਰ ਫੇਰ ਵੀ ਕੋਈ ਤੀਜੀ ਸ਼ੁਧ ਕਾਪੀ ਨਾ ਮਿਲਣ ਕਰਕੇ ਇਸ ਵਾਰ ਨੂੰ ਪੂਰੀ ਤਰ੍ਹਾਂ ਸੋਧਿਆ ਨਹੀਂ ਜਾ ਸਕਿਆ। ਗਿਆਨੀ ਪ੍ਰਾਕ੍ਰਮ ਸਿੰਘ ਜੀ ਨੇ ਇਸ ਵਾਰ ਦਾ ਸ਼ੁੱਧ ਉਤਾਰਾ ਕਰਨ ਵਿਚ ਜੋ ਮੇਰੀ ਸਹਾਇਤਾ ਕੀਤੀ, ਉਸ ਸੰਬੰਧ ਵਿਚ ਮੈਂ ਹਮੇਸ਼ਾਂ ਉਨ੍ਹਾਂ ਦਾ ਕ੍ਰਿਤੱਗਯ ਰਹਾਂਗਾ।

ੴ ਸਤਿਗੁਰ ਪ੍ਰਸਾਦਿ ॥

ਅਥ ਆਨੰਦਪੁਰ ਮਾਹਿ ਸਤਿਗੁਰਾਂ[3] ਪਹਾੜੀਆਂ ਸਾਥ ਜੁੱਧ ਕੀਤਾ ਤਿਸ ਦੀ ਕਥਾ ਲਿਖੀ।

ੴ ਸ੍ਰੀ ਭਗਉਤੀ ਜੀ ਸਹਾਇ ॥

ਸਿਮਰ ਭਗਉਤੀ ਸਾਰਦਾ ਜੋ ਆਦਿ ਕੁਆਰੀ ।
ਤ੍ਰੈ ਗੁਨ[4] ਸ੍ਰਿਸਟਿ ਰਚਾਇ ਕੈ ਵਿਚ ਜੋਤ ਸਵਾਰੀ ।
ਬੀਤੇ ਜੁਗ ਅਨੇਕ ਸੰਖ ਵਿਚ ਅੱਤ ਗੁਬਾਰੀ ।
ਆਪੀ ਨੈ ਆਪ ਸਾਜਿਓ ਏਹ ਸੁਰਤ ਸੁਧਾਰੀ ।
ਉਠਿ ਖੜੋਤੀ ਹੱਥ ਜੋੜ ਕੁਦਰਤ ਕੁਲ ਭਾਰੀ ।
ਹੋਆ ਹੁਕਮ ਅਗੰਮ ਦਾ ਜਗ ਰਚੋ ਸੁਭਾਰੀ ।
ਮਨ ਤੇ ਮਨਸਾ ਸਾਜੀਆ ਸ਼ਕਤੀ ਬਲਹਾਰੀ ।
ਪੰਚੀ ਕ੍ਰਿਤ ਤਤ ਪੰਚ[5] ਕੀ ਰਚਨਾ ਭਈ ਸਾਰੀ ।
ਵਿਣ ਥੰਮਾ ਗਗਨੁ ਰਖਾਇੰਦ ਧਰ ਕਲਾ ਕਰਾਰੀ ।
ਚੰਦ ਸੂਰਜ ਦਾ ਚਾਨਣਾ ਵਡ ਕਿਰਣ ਪਸਾਰੀ ।
ਦਾਨੋ ਅਤੇ ਦੇਵਤੇ ਦੋਇ ਹਾਠਾਂ[6] ਭਾਰੀ ।
ਹਉਮੈ ਅੰਦਰ ਖਪਦੇ ਜੋਧੇ ਹੰਕਾਰੀ ।
ਰਾਵਨ ਜੇਹੇ ਲੜ ਮੂਏ ਲੰਕਾ ਸਿਕਦਾਰੀ ।
ਬਾਰਾ ਜੋਜਨ ਛਤ੍ਰ ਸਿਰ ਦਲ ਕੈਰੋਂ[7] ਭਾਰੀ ।
ਖਿਨ ਵਿਚ ਖੇਡ ਖਿਡਾਇ ਕੈ ਜਗ ਬਾਜੀ ਸਾਰੀ ।
ਆਪੇ ਚਰਿਤ ਬਣਾਇੰਦਾ ਹੋਇ ਦਸ ਅਉਤਾਰੀ[8] ।

---

੩. ਸੋਢੀ ਸੁਰਜਨ ਸਿੰਘ ਨੂੰ ਏਥੇ ਸਤਿਗੁਰੂ ਕਹਿ ਕੇ ਵਡਿਆਇਆ ਹੈ।

੪. ਸਤੋ, ਰਜੋ ਤਮੋ ਗੁਣ। ੫. ਪੰਜ ਤੱਤ-ਪਾਣੀ, ਤੇਜ, ਹਵਾ, ਜ਼ਮੀਨ ਅਤੇ ਅਸਮਾਨ।

੬. ਦਲ, ਫੌਜ ਦੇ ਪਰ੍ਹੇ। ੭. ਕੌਰਵ, ਕੁਰੁ ਰਾਜੇ ਦੀ ਵੰਸ਼।

੮. ਦਸ ਅਵਤਾਰ ਮੱਛ, ਕੱਛ, ਵਰਾਹ, ਨਰ ਸਿੰਘ, ਵਾਮਨ, ਪਰਸ ਰਾਮ, ਰਾਮ, ਕ੍ਰਿਸ਼ਨ, ਬੁੱਧ ਅਤੇ ਕਲਕੀ।

ਜੋ ਸਰਣਾਗਤ ਆਂਵਦਾ ਤਿਸ ਲਏ ਉਬਾਰੀ ।
ਕੁਦਰਤ ਵੇਪ੍ਰਵਾਹੁ ਦੀ ਨਾ ਜਾਇ ਉਚਾਰੀ ॥੧॥
ਕਲੀ ਕਾਲ ਅਤਿ ਬਲੀ ਹੈ ਧਰਤੀ ਵੀਚਾਰਾ ।
ਆਪੋ ਅਪਣੇ ਧਰਮ ਛਡਿ ਜਗ ਰੋਇਆ ਸਾਰਾ ।
ਦੁਰਮਤ ਦੇ ਵਸ ਹੋਇ ਗਏ ਸਭ ਹੀ ਨਰ ਨਾਰਾ ।
ਧਰਤੀ ਕਲਮਲ ਅਤ ਭਈ ਸਕਦੀ ਨਹੀਂ ਭਾਰਾ ।
ਚਾਰ ਚਰਨ ਤੇ ਇਕ ਰਹਿਆ ਕਿਆ ਧਰਹਿ ਕਰਾਰਾ ।
ਜਾਇ ਪੁਕਾਰੀ ਬਿਸ਼ਨ ਪੈ 'ਟੁਕ ਦੇਇ ਸਹਾਰਾ ।
ਸਭਨਾਂ ਤੇਰਾ ਆਸਰਾ ਤੂੰ ਪ੍ਰਾਨ ਅਧਾਰਾ ।
ਆਪੇ ਬੇੜਾ ਪਾਤਨੀ ਆਪ ਲੰਘਣ ਹਾਰਾ ।
ਸਿਰ ਨਾਥਾਂ ਦੇ ਏਕ ਨਾਥ ਵਡ ਈਸ ਹਮਾਰਾ ॥੨॥
ਕਲੂ ਕਾਲ ਦੀ ਬੇਨਤੀ ਜਬ ਪ੍ਰਿਥਵੀ ਗਾਈ ।
ਸੁਨੀ ਨਿਰੰਜਨ ਨਾਥ ਨੇ ਧੀਰ ਧਰਤੀ ਆਈ ।
ਬੋਲਿਆ ਪੂਰਾ ਸਤਿਗੁਰੂ ਮੁੜ ਜਾਇ ਤਿਥਾਈ ।
ਗੁਰੂ ਨਾਨਕ ਸੁਭ ਬੇਦਿ ਬੰਸ ਉਪਜੇਗਾ ਆਈ ।
ਨਾਮ ਦਾਨ ਇਸਨਾਨ ਪ੍ਰੇਮ ਜਗ ਮੈਂ ਵਿਦਤਾਈ ।
ਭਾਉ ਭਗਤਿ ਗੁਰੂ ਧਰਮ ਸਾਲ ਉਠ ਪੈਗੀ ਪਾਈ ।
ਗੁਰੂ ਸਿੱਖਨ ਮਿਲ ਸੰਗਤੀ ਹਰਿ ਕੀਰਤਨ ਗਾਈ ।
ਫਿਰ ਦਸਵਾਂ ਜਾਮਾ[੯] ਪਲਟ ਕੈ ਬਹੁ ਚਲਿਤ ਦਿਖਾਈ ।
ਚਾਰ ਬਰਨ ਸਿਰ ਕੇਸ ਧਾਰਿ ਗੁਰੂ ਫਤੇ ਬੁਲਾਈ ।
ਕਛ ਕ੍ਰਿਪਾਨ ਸੁਧਾਰ ਅੰਗ ਗੁਰੂ ਹੁਕਮ ਮਨਾਈ ।
ਕਲੀ ਕਾਲ ਅਤਿ ਘੋਰ ਮੈਂ ਸਤਿਜੁਗ ਵਰਤਾਈ ।
ਫਿਰ ਜੈ ਜੈ ਕਾਰ ਜਗਤਿ ਮੈਂ ਸਭ ਦੂੰਦ ਮਿਟਾਈ ॥੩॥
ਬਾਂਧਜੋ ਕੋਟ ਅਨੰਦਗੜ੍ਹ ਝੂਲੈ ਨੀਸਾਨਾ ।
ਡਰਪੈ ਸ੍ਰਿਸਟਿ ਪ੍ਰਤਾਪ ਦੇਖਿ ਕੰਪੈ ਗਿਰਿ ਰਾਨਾ[੧੦] ।
ਸੰਤ ਸਭਾ ਜੈ ਕਾਰ ਹੈ ਹਿਰਦੈ ਸੁਖ ਮਾਨਾ ।
ਅਉਰੰਗ[੧੧] ਬਾਦ ਰਚਾਇਕੈ ਥਕ ਰਹਜੋ ਨਿਦਾਨਾ ।
ਮੁੱਲਾਂ ਕਾਜੀ ਬਾਂਗ ਛਡਿ ਕੰਪੈਂ ਤੁਰਕਾਨਾ ।
ਯੌਂ ਰਾਹ ਸ਼ਰੀਅਤ ਮੇਟ ਕੈ ਨਿਆ ਪੰਥ ਚਲਾਨਾ ।
ਫਿਰ ਧਰਤੀ ਦੇਵੈ ਅੰਨ ਗਊਅਨ ਸੁਖ ਮਾਨਾ ।

---

੯. ਸ੍ਰੀ ਗੋਬਿੰਦ ਸਿੰਘ ਜੀ । ੧੦. ਪਹਾੜੀ ਰਾਜੇ । ੧੧. ਬਾਦਸ਼ਾਹ ਔਰੰਗਜ਼ੇਬ ।

ਅੱਗ ਅਰਚਾ ਪੂਜਾ ਬੇਦ ਪਾਠ ਬਿਪ ਕਰੈਂ ਬਿਧਾਨਾ ।
ਇਉਂ ਫ਼ਤਹ ਬੁਲਾਈ ਖਾਲਸੇ ਛਕਿ ਅੰਮ੍ਰਿਤ ਪਾਨਾ ।
ਜਤ ਸਤ ਸੰਜਮ ਨੇਮ ਦਾਨ ਕੀਤਾ ਪ੍ਰਗਟਾਨਾ ।
ਉਪਜਾ ਪੰਥ ਅਕਾਲ ਦਾ ਜੋਧਾ ਬਲਵਾਨਾ ।
ਧੰਨ ਸ੍ਰੀ ਗੁਰੁ ਗੋਬਿੰਦ ਸਿੰਘ ਗਹਿ ਖੜਗ ਉਠਾਨਾ ॥੪॥
ਹਰਿ ਗੋਬਿੰਦ ਕੀ ਅੰਸ ਹੈ ਸੁਰਜਨ ਸਿੰਘ ਸੂਰਾ ।
ਲਘੁ[੧੨] ਭ੍ਰਾਤਾ ਜੈ ਸਿੰਘ ਜੀਅਹਿ ਅਜਮਤ ਦਾ ਪੂਰਾ ।
ਰਾਜ ਨੀਤਿ ਸਭ ਜਾਣਦਾ ਵਡ ਗੁਣੀ ਗਹੀਰਾ ।
ਆਨੰਦ ਪੁਰ ਦੇ ਸਵਣ ਦਾ ਰਜਿਆਵੇ ਸੂਰਾ ।
ਚਲ ਮਿਲੀਐ ਮਹਾ ਚੰਦ ਨੋ ਕਰੇ ਥੰਮਾ ਧੀਰਾ ।
ਮਿਲਿਆ ਕੋਟ ਕਲੂਰ ਜਾਇ ਸੁਰਜਨ ਸਿੰਘ ਸੂਰਾ ।
ਅਜ਼ਮਤ ਸੋਢੀ ਅੱਗਲੇ[੧੩] ਕੋਈ ਜਾਣੈ ਪੂਰਾ ।
ਗੋਸੇ ਬਹਿ ਸਮਝਾਵਦਾ ਕੰਮ ਕਰੋ ਜ਼ਰੂਰਾ ।
'ਤੇਰਾ ਸਾਡਾ ਗੰਢ ਹੈ ਸੁ ਮਹਾ ਚੰਦ ਬੀਰਾ ।
ਦੇਸ਼ਾਂ ਮੁਲਕ ਛੁਡਾਇ ਕੈ ਮਨ ਧਰਸੈਂ ਧੀਰਾ ।
ਧਰਮ ਪਛਾਣੇ ਆਪਣਾ ਨਾ ਲਾਗੈ ਪੀੜਾ ।
ਤੁਸਾਂ ਅਤੇ ਅਸਾਂ ਨੇ ਨਾ ਕੀਤਾ ਰੀੜਾ[੧੪] ।
ਕਿਆ ਚਿਤ ਆਈ ਭੱਲੜੀ ਹੁਣ ਚਾਇਆ ਬੀੜਾ ।
ਕਹਿਆ ਸਾਡਾ ਮੰਨ ਲੈ ਦੂਰ ਹੋਵਗੁ ਪੀੜਾ ।
ਸਤਿਗੁਰੁ ਦਾ ਘਰ ਖਿਮਾ ਦਾ ਆਦਿ ਅੰਤੋਂ ਧੀਰਾ ।
ਫਿਰ ਹੋਸੈ ਗੱਲ ਮਾਲੂਮ ਸਭ ਸਿਰ ਖੁਰਕੈਂ ਕੀਰਾ !' ॥੫॥
ਮਨ ਵਿਚ ਗੁੱਸਾ ਖਾਇ ਕੈ ਰਾਜਾ ਬਰ[੧੫] ਧਾਇਆ ।
ਚੜ੍ਹ ਕੈ ਸੋਢੀ ਪਾਤਸ਼ਾਹ ਆਨੰਦਪੁਰ ਆਇਆ ।
ਮੱਥੇ ਜੋਤਿ ਬਿਰਾਜਦੀ ਪੁਰ ਅਜ਼ਮਤ ਸਾਇਆ ।
ਚੁੱਕੈ ਬਹੁਤ ਕਲੂਰੀਏ ਸੂਤ੍ਰ ਨਾ ਪਾਇਆ ।
ਆਪਣੀ ਹੱਥੀਂ ਆਪਣਾ ਮਾਸ ਤੋੜ ਗਵਾਇਆ ।
ਚੀਰਾ ਦਿੱਤਾ ਅੱਗਲਾ ਲੂਣ ਹੱਥੋਂ ਲਾਇਆ ।
ਕੀਤਾ ਦਾਰੂ ਸੁਖ ਦਾ ਦੁਖ ਹੱਛੋਂ ਪਾਇਆ ।
ਅੱਖਰ ਲਿਖੇ ਨ ਮਿਟਦੇ ਬੇਦ ਬਿਆਸੈ ਗਾਇਆ ।

---

੧੨. ਛੋਟਾ । ੧੩. ਬਹੁਤੇ, ਭਾਵ ਵੱਡੇ । ੧੪. ਲੜਾਈ ਝਗੜਾ ।
੧੫. ਅੱਛਾ ਰਾਜਾ ।

ਪਿੱਛੋਂ ਖੋਟੀ ਮੰਡਲੀ ਰਾਜਾ ਭਰਮਾਇਆ ।
ਜਿਉਂ ਪਿੱਪਲਾਂ ਪੱਤਰਾਂ ਧੁਖ ਵਾਉ ਉਡਾਇਆ ।
ਕਲ ਕੁੱਦੀ ਨਾਰਦ ਨੱਚਿਆ ਰੱਬ ਨੂੰ ਇਹ ਭਾਇਆ ।
ਨੱਥੂ ਛੱਜੂ ਝੀਵਰੈ ਚੁਣ ਮਤਾ ਪਕਾਇਆ ।
ਕੰਨੈਤੀ ਤੇ ਪੰਮਿਆਂ ਮਿਲਿ ਠਾਟੁ ਬਣਾਇਆ ।
ਦਸ ਲੱਖਾਂ ਦਾ ਮਾਮਲਾ ਲਿਖ ਜੋੜ ਸੁਣਾਇਆ ।
ਲੋਭ ਲੱਗਾ ਇਸ ਜੀਅ ਨੋ ਜਗ ਜੇਤਾ ਆਇਆ ।
ਤੁਹਮਤ ਤੋਟਾ ਭਾਖ ਕੈ ਸਭ ਰਾਜ ਸੁਣਾਇਆ ।
ਸੋਢੀ ਮੁਲਖ ਉਜਾੜਿਆ ਦੀਵਾਨ ਬੁਲਾਇਆ ।
ਫੂਕਿਆ ਸਭ ਅਥਾਵਤੇ ਧੂੜੀ ਕਰਵਾਇਆ ।
ਹੁਣ ਮਾਰੋ ਕੋਟ ਅਨੰਦ ਗੜ੍ਹ ਫੌਜੂ ਡਕੇਰਾਇਆ ॥੬॥

ਮੰਤ੍ਰੀ ਚਾਰੋਂ ਮਹਾ ਚੰਦ ਝਬ ਸੱਦੇ ਮਤਾ ਪਕਾਇ ਕੈ ।
ਸਾਮ ਦਾਮ ਭੇਦ ਦੰਡ ਦਾ ਕਿਆ ਕੀਤਾ ਚਿੱਤ ਲੈਗਾਇ ਕੈ ।
ਕੋਈ ਗੱਲ ਸੁਣਾਵੋ ਭੱਲੜੀ ਮੁਲਕ ਗਿਆ ਬਾਹੁੜੈ ਆਇ ਕੈ ।
ਨ ਤੱਕੀ ਗੱਲ ਜੁ ਛਲਦੀ ਕਹਿ ਦਿੱਤੀ ਰਾਜ ਸੁਣਾਇ ਕੈ ।
ਕੰਨ ਮੀਏ[੧੬] ਜੋਰਾਵਰੂ ਦੇ ਧੁਖ ਪਈ ਬੁਲੇਲੀ[੧੭] ਆਇ ਕੈ ।
ਓਹ ਆਇਆ ਖ਼ਾਸ ਹਜੂਰ ਵਿਚ, ਬਾਤ ਕੀਤੀ ਸੂ ਆਲਾਇ ਕੈ ।
"ਸਿਰ ਰੱਖਣ ਦਾ ਆਲ੍ਹਣਾ ਕਿਉਂ ਖੋਹੋ ਬੁਰਾ ਮਨਾਇ ਕੈ ।
ਇਹੁ ਘੜੀ ਨ ਆਵੈ ਹੱਥ ਫੇਰ ਲੱਖ ਢਬੂਏ[੧੮] ਖਰਚੋਂ ਜਾਇ ਕੈ ।
ਗੁੱਸੇ ਹੋਇਆ ਮਹਾਚੰਦ ਨੋ ਬੋਲ ਕਹਿਆ ਏਹੁ ਸੁਣਾਇ ਕੈ ।
ਤੂੰ ਕਹਿਆ ਨ ਮੰਨੇ ਅਸਾਂ ਦਾ ਫਿਰ ਪੱਛੋਤਾਵੇਂ ਆਇ ਕੈ ।
ਜੋ ਠਾਕੁਰ ਹੋਵਗੁ ਸੱਚ ਦਾ ਫਲ ਦੇਸੈ ਤੁਰਤ ਬਣਾਇ ਕੈ ।
ਮੁੜ ਡੇਰੇ ਕੀਤੇ ਰਾਮ ਰਾਮ ਛੋੜ ਦਿੱਤਾ ਕੂਚ ਕਰਾਇ ਕੈ ।
ਪਿਛੋਂ ਖੋਟੀ ਮੰਡਲੀ ਉਠਿ ਨੱਚੀ ਭੜਥੂ ਪਾਇ ਕੈ ।
ਹੁਣ ਮਾਰੋ ਕੋਟ ਅਨੰਦਗੜ੍ਹ ਰਣ ਸਿੰਙਾ ਢੋਲ ਬਜਾਇ ਕੈ ॥੭॥

ਤੇਗ ਬਹਾਦੁਰ ਸਤਿਗੁਰੂ ਖੇਲ ਖੇਲੈ ਭਾਰੇ ।
ਆਪੇ ਵੇਖ ਵਿਗਸਦਾ ਅਪਣੇ ਵਰਤਾਰੇ ।
ਲੁੱਟਣ ਆਏ ਸ਼ਹਿਰ ਨੂੰ ਬੋਲ ਕਰਕੈ ਭਾਰੇ ।

---

੧੬. ਮੀਆਂ ਜੋਰਾਵਰ ਸਿੰਘ ਰਾਜਾ ਮਹਾਚੰਦ ਦਾ ਚਾਚਾ ਸੀ, ਜੋ ਬਿਲਾਸਪੁਰ ਦਾ ਇਕ ਸਿਆਣਾ ਵਜ਼ੀਰ ਸੀ । ੧੭. ਉਸ ਦੇ ਕੰਨ ਬੁਲੇਲ ਪਈ ।
੧੮. ਟਕੇ, ਭਾਵ-ਰੁਪਏ ।

ਮਾਰਨ ਤੇਗੇ ਆਜਜ਼ਾਂ ਥਰਥੱਲਾਂ ਸਾਰੇ ।
ਧਰਤੀ ਥਰ ਥਰ ਕੰਬਦੀ ਭਾਰ ਧੌਲ ਨ ਧਾਰੇ ।
ਮਾਖੋ ਦੈਂਤ[੧੯] ਗਰੱਜਿਆ ਲੱਜ ਨਾਮ ਸੰਭਾਰੇ ।
ਓਹ ਆਇਆ ਵਿਚ ਬਜਾਰ ਜਾਂ ਜਮਬਾਹਣ ਧਾਰੇ ।
ਕੜਕ ਉਠੀ ਵਿਚ ਭੂਮਿ ਦੇ ਧੂਮ ਅਤਿ ਉਭਾਰੇ ।
ਮਾਰੇ ਸਿੰਙਾਂ ਖੁਰਾਂ ਨਾਲ ਬੇਮੁਖ ਗੁਰਦ੍ਵਾਰੇ ।
ਹੌਂਕਣ ਥਰ ਥਰ ਕੰਬਦੇ ਵਾਂਗੁ ਬਿੱਜਲ ਮਾਰੇ ।
ਪੈਰੀਂ ਨੰਗੇ ਭੱਜ ਕੇ ਖਡਿ ਜੀਅ ਸੰਭਾਰੇ ।
ਆਦਿ ਜੁਗਾਦੀ ਰਖਦਾ ਪੈਜ ਭਗਤਾਂ ਸਾਰੇ ॥੮॥
ਮਤਾ ਮਤਾਇਆ ਖੱਡ ਵਿਚ ਮਨ ਗੁੱਸਾ ਖਾਇ ।
ਫੇਰ ਆਏ ਧੀਰਜ ਧਾਰ ਕੈ ਰਣ ਸਿੰਙ ਬਜਾਇ ।
ਲਾਗੀ ਅੱਗ ਬਜਾਰ ਨੋ ਡੰਡ ਉੱਚੀ ਪਾਇ ।
ਸੁਣ ਕੇ ਸੁਰਜਨ ਸਿੰਘ ਜੀ ਬੁਧ ਸਿੰਘ ਬੁਲਾਇ ।
ਜੋਧ ਸਿੰਘ ਕਲਿਆਨ ਸਿੰਘ ਮਿੱਠੇ ਭਾਇ ।
ਜਾਵੋ ਛੱਬ ਸੁਚੇਤਗੀ ਗੁਰ ਪੁਰਖ ਮਨਾਇ ।
ਅਗੈ ਸ੍ਰੀ ਅਕਾਲ ਦਾ ਰਣਜੀਤ ਬਜਾਇ ।
ਸਰਬ ਖਾਲਸੇ ਆਇ ਕੈ ਮਿਲ ਕਰੀ ਸਹਾਇ ।
ਹੱਲਾ ਕੀਤਾ ਸੂਰਿਆਂ ਜੂੱਝਣ ਦੇ ਚਾਇ ॥੯॥
ਤੇਗ ਬਹਾਦੁਰ ਸਤਿਗੁਰੂ ਦਰਬਾਰ ਮਝਾਰੇ ।
ਮਾਰਿਆ ਡੰਕਾ ਖ਼ਾਲਸੇ ਰਣਜੀਤ ਨਗਾਰੇ ।
ਸੁਣਿਆ ਵਿੱਚ ਅਨੰਦ ਗੜ੍ਹ ਸਿੰਘ ਜਾਗੇ ਸਾਰੇ ।
ਚੜ੍ਹਿਆ ਬੀਰ ਦਿਆਲ ਸਿੰਘ ਨਾਲ ਰੰਗ ਕਰਾਰੇ ।
ਵਡਪੱਗੇ ਮਿਲਿ ਕਰਮ ਸਿੰਘ ਦਿੱਤੇ ਲਲਕਾਰੇ ।
ਦਿੱਤਾ ਸੰਖ ਬਜਾਇ ਕੈ ਚੰਦਾ ਸਿੰਘ ਪਜਾਰੇ ।
ਆਸਾ ਸਿੰਘ ਕਮਾਨਦਾਰ ਕੁਦਾਉ ਵਿਚਾਰੇ ।
ਸ੍ਰੀ ਕੇਸ਼ ਗੜ੍ਹ ਤਖ਼ਤ ਤੇ ਸਿੰਘ ਆਏ ਭਾਰੇ ।
ਭਾਈ ਮਾਣਾ ਸਿੰਘ ਜੀ ਸਤਿਗੁਰੁ ਕੇ ਪਜਾਰੇ ।
ਗਿਆਨੀ ਸੁੱਖਾ ਸਿੰਘ[੨੦] ਨੈ ਮੁਖ ਵ੍ਚਨ ਉਚਾਰੇ ।

---

੧੯. ਇਕ ਪ੍ਰਸਿੱਧ ਦੈਂਤ, ਜਿਸ ਦੇ ਨਾਂ 'ਤੇ ਆਨੰਦਪੁਰ ਦਾ ਪਹਿਲਾ ਨਾਮ ਮਾਖੋਵਾਲ ਸੀ।

੨੦. ਭਾਈ ਸੁੱਖਾ ਸਿੰਘ "ਗੁਰਬਿਲਾਸ, ਪਾਤਸ਼ਾਹੀ ੧੦" ਦਾ ਕਰਤਾ ਤੇ ਕੇਸਗੜ੍ਹ (ਅਨੰਦਪੁਰ) ਦਾ ਗਿਆਨੀ ਸੀ। ਸਰਦਾਰ ਕਾਨ੍ਹ ਸਿੰਘ ਨਾਭਾ ਦੇ ਕਥਨ ਅਨੁਸਾਰ ਇਸ ਦਾ ਜਨਮ ਸੰਮਤ ੧੮੨੫ ਬਿ: ਵਿਚ ਹੋਇਆ ਤੇ ਸੰਮਤ ੧੮੫੪ ਵਿਚ ਇਸ ਨੇ ਗੁਰਬਿਲਾਸ ਰਚਿਆ। ☛

ਜੈ ਸਿੰਘ ਭਾਈ ਬਾਘ ਸਿੰਘ ਗੁਰ ਭਾਈ ਸਾਰੇ ।
ਚੱਲੇ ਝੱਬ ਸੁਚੇਤ ਹੋਇ ਸਤਿਗੁਰ ਦਰਬਾਰੇ ।
ਆਏ ਵਾਹੋਦਾਹ ਨਾਲ ਬੀਰ ਲੁੱਝਣ ਹਾਰੇ ।
ਅੱਗੇ ਬੰਨਾ[21] ਖੜਾ ਥਾ ਦੇਂਦਾ ਲਲਕਾਰੇ ।
ਜੰਬੂਰੇ ਰਾਮਜੰਗਿਆਂ[22] ਕਈ ਫੱਟੇ ਮਾਰੇ ।
ਚਿੱਤਰ-ਗੁਪਤਾਂ ਆਇ ਕੈ ਕੀਤੇ ਜੈਕਾਰੇ ।
ਨੱਠੇ ਪੈਰ ਵਗਾਇ ਕੈ ਮੁੜ ਨਾਹਿ ਨਿਹਾਰੇ ।
ਜਿਉਂ ਸਤਿਗੁਰੁ ਕੇ ਨਾਮ ਤੇ ਪਾਪ ਜਾਂਦੇ ਸਾਰੇ ॥੧੦॥
ਬੀਤੀ ਰਾਤ ਅਨੰਦ ਨਾਲ ਇਹ ਭਾਂਤਿ ਸਬਾਈ ।
ਉੱਧਰ ਸੂਬਾ ਸਿੰਘ ਦੇ ਗੁਰੂ ਭਏ ਸਹਾਈ ।
ਡੋਗਰਿਆਂ ਦੀ ਫੌਜ ਨੇ ਡੰਡ ਉੱਚੀ ਪਾਈ ।
ਠਾਕੁਰ ਸਾਡੇ ਕੰਮ ਦੀ ਗੱਲ ਭਲੀ ਬਣਾਈ ।
ਵੈਰੀ ਆਇਆ ਹੱਥ ਵਿਚ ਜਿਨ ਕਲ੍ਹਾ ਜਗਾਈ ।
ਪਕੜੋ ਝਬ ਸੁਚੇਤਗੀ ਮਨ ਕਰੋ ਸੁਜਾਈ ।
ਸੁਣ ਕੈ ਬਾਮਣ ਹਾਜਰੀ ਦੌੜ ਜੱਫੀ ਲਾਈ ।
ਧੂਹਿ ਮਿਆਨੋਂ ਮਿਸਰੀ[23] ਭੂਪ ਸਿੰਘ ਚਲਾਈ ।
ਰੜਕੀ ਮੱਛ ਪਇਆਲ ਦੇਵਿ ਕਵਿ ਉਪਮਾ ਗਾਈ ।
ਬੀੜੇ ਪਾਨ ਚਬਾਂਵਦੀ ਤੱਛਕ ਦੀ ਜਾਈ ।
ਥਰ ਥਰ ਥਰਕੈ ਹੱਥ ਵਿਚ ਰੰਗ ਭੂਮਿ ਸੁਹਾਈ ।
ਮਾਨੋ ਜਮ ਦੀ ਜੀਭ ਹੈ ਰਤ ਭੱਛਣ ਆਈ ।
ਪਉਨ ਝੜਾ ਕੇ ਖੱਗ ਦੇ ਢਾਲ ਓਟ ਟਿਕਾਈ ।
ਸਤਿਗੁਰੁ ਸਚੇ ਪੁਰਖ ਨੇ ਪਤ ਰੱਖ ਦਿਖਾਈ ।
ਲੋਹ ਘਟਾ ਦੀ ਬਾਛੜਾਂ ਅਨਤੈ ਬਰਖਾਈ[24] ।

---

☛ ਇਸ ਦਾ ਦੇਹਾਂਤ ੧੯੯੫ ਵਿਚ ਹੋਇਆ । ਇਸ ਦੀ ਧਰਮ ਪਤਨੀ ਗੁਲਾਬ ਦੇਵੀ ਦਾ ਦੇਹਾਂਤ ਸੰਮਤ ੧੯੩੫ ਵਿਚ ਹੋਇਆ ਸੀ । ਪਟਨੇ ਵਾਲਾ ਭਾਈ ਸੁਖਾ ਸਿੰਘ ਹੋਰ ਸੀ, ਜਿਸ ਨੇ ਸੁਖਮਨਾ, ਛਕੇ ਆਦਿ ਰਲਾ ਕੇ ਦਸਮ ਗ੍ਰੰਥ ਦੀ ਬੀੜ ਤਿਆਰ ਕੀਤੀ ਸੀ । (ਦੇਖੋ, ਗੁਰ ਸ਼ਬਦ ਰਤਨਾਕਰ ਮਹਾਨ ਕੋਸ਼, ੬੨੭) ।

੨੧. ਲਾੜਾ । ੨੨. ਬੰਦੂਕਾਂ । ੨੩. ਤਲਵਾਰ ।

੨੪. ਦੇਖੋ, ਬਚਿਤ੍ਰ ਨਾਟਕ ਪਾ: ੧੦
"ਰਾਖ ਲੀਆ ਹਮ ਕੋ ਜਗ ਰਾਈ ॥
ਲੋਹ ਘਟਾ ਅਨਤੈ ਬਰਖਾਈ" ॥

ਡੇਰੇ ਸ੍ਰੀ ਅਨੰਦ ਗੜ੍ਹ ਜਾਇ ਫਤੇ ਬੁਲਾਈ ॥੧੧॥
ਟਿੱਕੇ ਦੇਸ ਕਲੂਰ ਦੂਇ[੨੫] ਛਿਤ ਪਤਿ ਵਡ ਆਕੀ ਗਿਣੀਦੇ ।
ਓਇ ਰਾਜੇ ਮੁਲਖ ਪਹਾੜ ਦੇ ਇਹੁ ਚਹੁ ਜੁਗ ਸੋਢੀ ਸੁਣੀਦੇ ।
ਓਇ ਬੰਨ੍ਹਣ ਚਿਲਤਾਂ ਕੇਜ਼ਮਾਂ[੨੬] ਇਹੁ ਪੂਰੇ ਅਜ਼ਮਤ ਘਣੀਦੇ ।
ਓਇ ਨਾਉਂ ਸਦਾਵਣ ਰਾਜਪੂਤ ਇਹ ਸਤਿਗੁਰੂ ਸ੍ਰਿਸਟੀ ਮਣੀਦੇ।
ਓਇ ਦੇਵਣ ਢਬੂਏ ਪਾਤਸ਼ਾਹ ਨੋ ਇਹ ਤਖਤ ਪੁਜਾਵਨ ਤਣੀਦੇ।
ਓਇ ਪੂਜਾ ਡੰਨਣ ਭੱਤ ਖਾਣ ਇਹੁ ਡੰਡ ਹਟਾ ਜਮ ਜਣੀ ਦੇ ।
ਓਇ ਰਾਗ ਤਮਾਸ਼ੇ ਬਿਖੇ ਭੋਗ ਏਹੁ ਸਰਬ ਕਲਾ ਕਲ ਬਣੀ ਦੇ।
ਰਾਜਿਆਂ ਅਤੇ ਖ਼ਾਲਸੇ ਵੈਰ ਆਦੋਂ ਅੰਤੋਂ ਧਣੀ ਦੇ ।
ਫਿਰ ਭੇੜਾ ਸ੍ਰੀ ਆਨੰਦ ਗੜ੍ਹ ਛਤ ਓਗੜਿ[੨੭] ਆਏ ਅਣੀ ਦੇ[੨੮] ॥੧੨॥

ਅੰਮ੍ਰਿਤ ਵੇਲੇ ਉਠ ਕੇ ਸਿੰਘ ਕਰਿ ਇਸਨਾਨਾ ।
ਨਾਮ ਦਾਨ ਗੁਰਮਤਿ ਨਾਲ ਹਿਰਦੈ ਠਹਿਰਾਨਾ ।
ਅਸਤਾਚਲ ਪਰ ਟਿੱਕਿਆ ਰਜਨੀਪਤਿ ਰਾਨਾ[੨੯] ।
ਪ੍ਰਾਚੀ[੩੦] ਦਿਸ ਤੇ ਚਮਕਿਆ ਸੂਰਜ ਭਗਵਾਨਾ ।
ਜਾਗੇ ਸੁਰ ਮੁਨਿ ਸਿੱਧ ਨਾਥ ਕੌਲ ਖਿਲੇ ਮਦਾਨਾ ।
ਚਕਵੀ ਚਕਵੇ ਮਿਲੇ ਆਇ ਸੁਖ ਹਿਰਦੈ ਮਾਨਾ ।
ਪੂਰੇ ਸ਼ਸਤ੍ਰ ਸੰਜ ਕੇ ਕਰਿ ਲੁੱਝਣ ਸਾਮਾਂ ।
ਚੜ੍ਹਿਆ ਮੀਆਂ ਰਾਮਦਾਸ ਰਾਜੇ ਖਾਸ ਖਾਨਾ ।
ਕੀਸੋ ਜੰਗੀ ਨਾਥ ਲੈ ਲਛਮਣ ਅਗਵਾਨਾ ।
ਦਲਭਦ੍ਰ ਸਭ ਅਣੀਦੇ ਚੁਣ ਕੱਢੇ ਜੁਆਨਾ ।
ਹੱਠੂ ਗੋੜ੍ਹੂ ਜੁੱਧ ਦਾ ਹੱਥ ਬੱਧਾ ਗਾਨਾ ।
ਫੌਜੂ ਝੀਵਰ ਜਾਲ ਦਾ ਉਠਿ ਕਰਦਾ ਬਾਨਾ ।
ਪ੍ਰੇਮੂ ਨੱਥੂ ਗੋਲ ਬੰਧਿ ਦੇਇ ਡੱਫ ਦਮਾਮਾ ।
ਮੰਡੀ ਨਾਲ ਸੁਕੇਤ ਦੇ ਨਖੁਰ ਅਗਵਾਨਾ ।
ਜਵਾਹਰ ਸੱਭੇ ਫੌਜ ਦਾ ਬਖਸ਼ੀ ਬਲਵਾਨਾ ।
ਹਾਜ਼ਰ ਖਾਨਾ ਆਪ ਖਾਸ ਕਰਿ ਖੂਬ ਦਮਾਮਾ ।
ਮਾਰਾਂਗੇ ਫਟ ਜਾਇ ਕੈ ਦੇਖੈ ਗਿਰਿ ਰਾਨਾ ।
ਜਾਵਣਗੇ ਸਭ ਸਿੰਘੜੇ ਜੋਧੇ ਬਲਵਾਨਾ ॥੧੩॥

---

੨੫. ਸੋਢੀ ਸੁਰਜਨ ਸਿੰਘ ਅਤੇ ਰਾਜਾ ਮਹਾਦੰ । ੨੬. ਸੰਜੋਹਾਂ ਤੇ ਤਲਵਾਰਾਂ ।
੨੭. ਉਮੰਡ ਕੇ । ੨੮. ਫੌਜ ਦੇ ਦਲ । ੨੯. ਰਜਨੀ (ਰਾਤ) ਦਾ ਪਤਿ ਚੰਦ੍ਰਮਾ ।
੩੦. ਪੂਰਬ ਦਿਸ਼ਾ ।

ਫਿਰ ਭੱਜੇ ਸਭ ਗਲੌੜੀਏ[31] ਲੈ ਅਪਨੇ ਪ੍ਰਾਨਾ ।
ਗੱਜਨ ਬਹੁਤੀ ਤੁੱਪਕੈਂ ਰਣ ਪਈ ਗੁਬਾਰੀ ।
ਸੋਢੀ ਨ੍ਹਾਵਣ ਰੱਚਿਆ ਸੁਚਿ ਗੰਗਾ ਝਾਰੀ ।
ਪੂਰਨ ਕੀਤਾ ਪਾਠ ਪੁੰਨਿ ਦਾਨ ਦਿੱਤਾ ਭਾਰੀ ।
ਚੜ੍ਹਿਆ ਜੈ ਸਿੰਘ ਸੋਢ ਬੰਸ ਨਾਲ ਫੌਜ ਅਪਾਰੀ ।
ਚੜ੍ਹੇ ਅਕਾਲੀ ਗੁਰੂ ਕੇ ਜੋਧੇ ਬਲ ਭਾਰੀ ।
ਸਿਰੀ ਕੇਸ ਗੜ੍ਹ ਤਖ਼ਤ ਦੇ ਸਿੰਘ ਪਾਂਚ ਹਜ਼ਾਰੀ ।
ਸੂਬਾ ਸਿੰਘ ਨਿਹੰਗ ਬੀਰ ਲੈ ਫੌਜ ਕਰਾਰੀ ।
ਆਪੋ ਆਪਣੀ ਮੋਰਚੀਂ ਧੀਰ ਸੂਰੀ ਧਾਰੀ ।
ਚੱਲਨ ਜਰਬਾਂ ਜਬਰ ਜੰਗ ਲਾਮ ਛਿੜ ਪਈ ਕਾਰੀ ।
ਧੂਹਾਂ ਰੌਲੀ ਪੈ ਰਹੀ ਜਾਣੁ ਧੁੰਦ ਪਸਾਰੀ ।
ਛਹਿਬਰ ਲੱਗੀ ਸਾਰ ਦੀ ਘਟ ਸਾਵਣ ਭਾਰੀ ।
ਚਮਕਣ ਤੇਗਾਂ ਅੱਗਲੀ ਬਿੱਜਲ ਲਿਸ਼ਕਾਰੀ ॥੧੪॥
ਭੇੜਾ ਕੀਤਾ ਸੂਰਿਆਂ ਫੌਜ ਆਈ ਆਕੜਖਾਨ ਦੀ ।
ਚੜ੍ਹਿਆ ਮੀਆਂ ਰਾਮਦਾਸ ਕਾਸੀਸਾਂ ਦੇਇ ਕਮਾਨ ਦੀ ।
ਬਲਭਦ੍ਰ ਸਣ ਲਛਮਣੈ ਹੱਥ ਉਪਰ ਨਜ਼ਰ ਕ੍ਰਿਪਾਣ ਦੀ ।
ਪ੍ਰੇਮੂ ਗੋੜੂ ਡੱਫ ਨਾਲ ਚਾਹਿ ਕੀਤੀ ਖੇਡ ਮਦਾਨ ਦੀ ।
ਨੱਥੂ ਫੌਜੂ ਲੱਕ ਬੰਨ੍ਹਿ ਪਗ ਟੇਢੀ ਗਲ ਅਭਿਮਾਨ ਦੀ ।
ਜਵਾਰ ਸਭੇ ਫੌਜ ਦੀ ਲੈ ਮੁਜਰਾ ਬਣਤ ਬਣਾਨ ਦੀ ।
ਭੰਗਾਂ ਬਹੁਤ ਛਕਾਇ ਕੈ ਮੁਛ ਮੋੜੀ ਨਜ਼ਰ ਅਸਮਾਨ ਦੀ ।
ਧੂਹਿ ਲਈਆਂ ਹੱਥ ਸੂਰਿਆਂ ਜਣ ਕਿਰਣਾਂ ਛੁਟੀ ਭਾਨ ਦੀ ।
ਗੱਜਨ ਜੋਧੇ ਖੇਤ ਵਿਚ ਡੰਡ ਪਉਂਦੀ ਭੂਤ ਮਸਾਨ ਦੀ ।
ਕਲ ਕੁੱਦੀ, ਨਾਰਦ ਨੱਚਿਆ ਦਿਲ ਅੰਦਰ ਖੁਸ਼ੀਆਂ ਮਾਣਦੀ ।
ਜਣ ਜੁੱਟੇ ਦੋਵੇਂ ਦਿੱਗ ਪਾਲ[32] ਭੂ ਕਲਮਲ ਅਤ ਕ੍ਰਿਪਾਣ ਦੀ ।
ਬੀਰ ਲੁੱਝਣ ਜੱਫੀ ਝੱਟ ਨਾਲ ਜਮ ਘੱਤੀ ਘਾਣੀ ਘਾਣ ਦੀ ।
ਰੁੱਘਾ ਸਿੰਘ ਨਿਹੰਗ ਨੈ ਮੋੜ ਭੇੜੀ ਅਣੀ[33] ਕ੍ਰਿਪਾਨ ਦੀ ॥੧੫॥
ਭੇੜਾ ਕੀਤਾ ਸੂਰਿਆਂ ਦੇ ਕੈ ਕਿਲਕਾਰੀ ।
ਪਉਨ ਝੜਾਝੜ ਖੱਗ ਸਿਰ ਧੁੰਮ ਅੱਤ ਉਭਾਰੀ ।
ਚੱਲਨ ਤੀਰ ਤੁਫੰਗ ਦੇ ਤੋੜ ਚਿਲਤਾਂ ਸਾਰੀ[34] ।

---

੩੧. ਗੱਪਾਂ ਮਾਰਨ ਵਾਲੇ । ੩੨. ਦਿਸ਼ਾਂ ਦੇ ਹਾਥੀ । ੩੩. ਕ੍ਰਿਪਾਨ ਦੀ ਨੋਕ ।
੩੪. ਤੁਫੰਗ (ਬੰਦੂਕ) ਦੀਆਂ ਤੀਰ (ਗੋਲੀਆਂ) ਛੁਟਦੀਆਂ ਸਨ; ਜੋ ਫੁਲਾਦੀ ਸੰਜੋਆਂ ਨੂੰ ਤੋੜ ਜਾਂਦੀਆਂ ਸਨ ।

ਬਰਖਾ ਲੱਗੀ ਸਾਰ ਦੀ ਘਣ ਛਹਬਰ ਕਾਰੀ।
ਡਿੱਗੇ ਰਣ ਵਿਚ ਸੂਰਮੇਂ ਵਾਂਗੂ ਪਰਬਤ ਭਾਰੀ।
ਪੈਰ ਨ ਟਿੱਕੇ ਕਾਇਰਾਂ ਜਾਨ ਦਹਸ਼ਤ ਮਾਰੀ।
ਜਣ ਬੇੜੀ ਦਰੀਆਇ ਵਿਚ ਝੋਲ ਖਾਧਾ ਭਾਰੀ।
ਲਾਇਆ ਬੰਝਾ ਧਿਆਨ ਸਿੰਘ ਮੇਉ ਵਡਾ ਖਿਡਾਰੀ।
ਮੱਛੀ ਵਾਂਗ ਪਰੋਇਆ ਬੀਰ ਡਿੱਗਾ ਕਾਰੀ।
ਜਾਣ ਧਨੰਤਰ ਡੱਸਿਆ ਤੱਛਕ ਬਲਹਾਰੀ।
ਮੁੜਿਆ ਸੂਰਾ ਮਾਨ ਸਿੰਘ ਫਟ ਕੀਤਾ ਆਰੀ।
ਹਰੀ ਸਿੰਘ ਰਣ ਖੰਭ ਜਿਉ ਪੈਰ ਗੱਡ ਅਗਾੜੀ।
ਸਨਮੁਖ ਮੁਖ ਪਰ ਚਖੀਆ ਤਿਖੀਆਂ ਤਲਵਾਰੀ।
ਰਾਮ ਸਿੰਘ ਤੇ ਦਿਲੇ ਰਾਮ ਰਣ ਭਿੜੇ ਕਰਾਰੀ।
ਪਾਕ ਸ਼ਹੀਦੀ ਸੂਰਿਆਂ ਜੁੱਝੇ ਗੁਰਦ੍ਵਾਰੀ।
ਪੂਰੀ ਹੋਈ ਭਾਵਨੀ ਜੋ ਮਨਸਾ ਧਾਰੀ ॥੧੬॥
ਸੁਣਿਆ ਹੁਕਮਾ ਸਿੰਘ[੩੫] ਨੇ ਇਕ ਖਬਰ ਅਵੱਲੀ।
ਸ੍ਰੀ ਅਨੰਦ ਗੜ੍ਹ ਰਾਜਿਆਂ ਕੀਤੀ ਥਰਥੱਲੀ।
ਕੱਸੇ ਜੀਨ ਅਰਾਕੀਆਂ ਸਟ ਪਵੇਂ ਤਬੱਲੀ।
ਹੋਏ ਬੀਰ ਤਿਆਰ ਝਬ ਜੋੜ ਸੂਰੇ ਪੱਲੀ।
ਧੌਲ ਨ ਝੱਲੇ ਭਾਰ ਨੋ ਪ੍ਰਿਥੀ ਕਲਮੱਲੀ।
ਆਏ ਵਾਹੋਦਾਹ ਨਾਲ ਸਿੰਘ ਘੜੀ ਸਵੱਲੀ।
ਡੋਗਰਿਆਂ ਦੀ ਗੱਲ ਕਵਿ ਚਿੱਤ ਲਗੈ ਨ ਭਲੀ।
ਮਿਲਿਆ ਲੈ ਪ੍ਰਸਾਦ ਨੋ ਸੁਣਿਆ ਚਹੁ ਵੱਲੀ।
ਥਾਪੀ ਦਿੱਤੀ ਹੱਥ ਦੀ ਸੋਢ ਵੰਸੀ ਭੱਲੀ।
ਡੇਰਾ ਦਿੱਤਾ ਬਾਗ ਵਿਚ ਚਾਹਿ ਸਭਾ ਘੱਲੀ।
ਸਤਿਗੁਰ ਦੀ ਜੋ ਭਾਵਨੀ ਸਾ ਹੋਵਗੁ ਭਲੀ।
ਸ੍ਰੀ ਭਗਉਤੀ ਦੀ ਕ੍ਰਿਪਾ ਤੇ ਬੀਰ ਜੁੱਝਨ ਦਲੀ ॥੧੭॥
ਧੁੰਦੂਕਾਰ ਗੁਬਾਰ ਨਾਲ ਝਖ ਝਾਂਜਾ ਬਹੁਤ ਉਡਾਂਵਦੀ।
ਚਿੜਗਾਂ ਫੁੱਟਣ ਅੱਖੀਆਂ ਦੇਹ ਸੁੱਕੀ ਹੱਡ ਕੜਕਾਂਵਦੀ।
ਉੱਭ ਚੋਟੀ ਪੈਰ ਪਯਾਲ ਥਿਰ ਹੱਥ ਖੱਪਰ ਮੂੰਹ ਫਰਕਾਂਵਦੀ।
ਸੀਸ ਖੁੱਲ੍ਹੇ ਘੁਮਰ ਘੱਤਦੀ ਦੰਤ ਕੱਢੇ ਤੇ ਡਕਰਾਂਵਦੀ।

---

੩੫. ਇਹ ਹੁਕਮਾ ਸਿੰਘ ਇਕ ਹੋਰ ਸਰਦਾਰ ਸੀ, ਜੋ ਸ਼ਾਇਦ ਹੁਸ਼ਿਆਰਪੁਰ ਦੇ ਇਲਾਕੇ ਵਿਚੋਂ ਸੋਢੀ ਸੁਰਜਨ ਸਿੰਘ ਦੀ ਸਹਾਇਤਾ ਵਾਸਤੇ ਫੌਜ ਲੈ ਕੇ ਆਇਆ ਸੀ।

ਮੁੰਡ ਮਾਲਾ ਗਲ ਵਿਚ ਸੋਭਦੀ ਸੁਰ ਉੱਚੇ ਨਾਦ ਬਜਾਂਵਦੀ।
ਸਿੰਘ ਸੁੱਤਾ ਬਹੁਤ ਅਨੰਦ ਨਾਲ ਟੁੰਬ ਬੱਖੀਆਂ ਆਨ ਜਗਾਂਵਦੀ।
ਕੁਲ ਛਤ੍ਰੀ ਤੂੰ ਵਰੀਆਮ ਹੈਂ ਤੱਕ ਮੰਗਣ ਤੁਧ ਥੈਂ ਆਂਵਦੀ।
ਜੋ ਆਵੈ ਸੋ ਫਲ ਲੱਭਦਾ ਸਭ ਸੋਭਾ ਤੇਰੀ ਗਾਂਵਦੀ।
ਕੂਰਛੇਤ੍ਰ ਸ੍ਰੀ ਅਨੰਦ ਗੜ੍ਹ ਮਨ ਬਾਂਛਿਤ ਸਭ ਫਲ ਪਾਂਵਦੀ।
ਅਸੀਂ ਆਏ ਦੂਰੋਂ ਚੱਲ ਕੇ ਭੁਖ ਆਤੁਰ ਬੜੀ ਦੁਖਾਂਵਦੀ।
ਤੈਨੋ ਥਾਪੀ ਗੋਬਿੰਦ ਸਿੰਘ ਦੀ ਚਾਰ ਜੁਗੀ ਜਿਸ ਨੋ ਧਿਆਂਵਦੀ।
ਮੈਂ ਢੂੰਡਾਂ ਸਤੀਆਂ ਸੂਰਿਆਂ ਰਤ ਭੱਛਾਂ ਮਨ ਅਘਾਂਵਦੀ।
ਮੈਂ ਦੱਸਾਂ ਪੰਥ ਅਗੰਮ ਦਾ ਮਨ ਅੰਦਰ ਜੋਤ ਦਿਖਾਂਵਦੀ।
ਵਡ ਜੋਧੇ ਆਏ ਇੱਛ ਨਾਲ ਆਸ ਤੇਰੀ ਸਭਨਾ ਭਾਂਵਦੀ।
ਦਾਸ ਜਿਨ੍ਹਾਂ ਦੀ ਰੱਛਪਾਲ ਰਣ ਜੁੱਟੇ ਜੀਤ ਕਰਾਂਵਦੀ।
ਹੁਣ ਵਰਤ ਅਸਾਂ ਦਾ ਖੋਲ੍ਹ ਦੇ ਅਰਜ਼ ਕਰਦੀ ਮਨ ਹਰਖਾਂਵਦੀ।
ਨਾਰਦ ਸਣ ਕਲ ਧੀਅ ਦੈ ਮੂੰ ਅੱਡੇ ਗਲ੍ਹ ਬਜਾਂਵਦੀ ॥੧੮॥
ਅੰਮ੍ਰਿਤ ਵੇਲੇ ਉੱਠ ਕੈ ਸੁਚ ਮੱਜਨ ਕੀਤਾ ਨ੍ਹਾਇ ਕੈ।
ਸੂਰਤ ਧਾਰੀ ਸ੍ਰੀ ਅਨੰਦ ਗੜ੍ਹ ਦਰਸਨ ਕੀਤਾ ਪ੍ਰੀਤਿ ਬਢਾਇ ਕੈ।
ਫਿਰ ਲੰਗਰ ਵੜਿਆ ਅਦਬ ਨਾਲ ਹਥ ਜੋੜੇ ਸੀਸ ਨਿਵਾਇ ਕੈ।
ਵਾਕ ਕੀਤਾ ਸੰਤਾਂ ਮਿਹਰ ਦਾ ਸਿਖ ਮੰਨਿਆ ਮਨ ਹਰਖਾਇ ਕੈ।
ਕੱਢ ਮੋਤੀ ਕੰਨਾਂ ਵਿਚ ਦੇ ਭੇਟ ਕੀਤੇ ਗੁਰ ਦਰਿ ਆਇ ਕੈ।
ਫਿਰ ਸ਼ਸਤ੍ਰ ਬੱਧੇ ਜੁੱਧ ਨੋ ਸੰਜੋਇ ਮਣ ਮਣ ਪਾਇ ਕੈ।
ਝੂਲਣ ਨੇਜੇ ਬੈਰਕਾਂ[36] ਘਣ ਬਿੱਜਲ ਚਮਕੀ ਆਇ ਕੈ।
ਸੂਰ ਬੰਨ੍ਹਣ ਚਿਲਤੇ ਕੇਜ਼ਮਾਂ ਖੋਲ[37] ਰੱਖਣ ਸੀਸ ਬਣਾਇ ਕੈ।
ਪਉਨ ਝੜਾਝੜ ਖੱਗ ਸਿਰ ਵਿਚ ਚਿਣਗਾਂ ਛੁੱਟਣ ਤਾਇ ਕੈ।
ਚੜ੍ਹਿਆ ਸੁਰਜਨ ਸਿੰਘ ਜੀ ਮਨ ਨਾਨਕ ਪੁਰਖ ਮਨਾਇ ਕੈ।
ਉਹ ਪੋਤਾ ਹਰਿ ਗੋਬਿੰਦ ਦਾ ਚਾਰ ਕੂੰਟਾਂ ਪੂਜਣ ਆਇ ਕੈ।
ਯਾਦ ਕੀਤਾ ਭਾਈ ਹੁਕਮਾ ਸਿੰਘ ਸਿੱਖ ਚਰਣੀ ਲੱਗਾ ਆਇ ਕੈ।
ਸੂਰ ਲੁੱਝਣ ਆਪਣੀ ਲਾਜ ਨੋ ਦਿਲ ਅੰਦਰ ਕ੍ਰੋਧ ਬਢਾਇ ਕੈ।
ਧੌਂਸੇ ਲਾਈ ਡੰਕ ਦੀ ਜਣ ਗਰਜੈ ਇੰਦਰ ਆਇ ਕੈ।
ਚੜ੍ਹੇ ਅਕਾਲੀ ਗੁਰੂ ਕੇ ਜਿਉਂ ਸੀਹ ਪਵੈ ਗਣਣਾਇ ਕੈ।
ਪਉਨ ਸੜਾਕੇ ਸਾਰ ਦੇ ਘਟ ਸਾਵਣ ਬਰਖੀ ਆਇ ਕੈ।

---

੩੬. ਝੰਡੀਆਂ।
੩੭. ਲੋਹੇ ਦਾ ਟੋਪ, ਜੋ ਸਿਰ ਦੀ ਹਿਫਾਜਤ ਲਈ ਜੰਗ ਦੇ ਮੌਕੇ 'ਤੇ ਪਹਿਨੇ ਜਾਂਦੇ ਹਨ

ਬਾਜੀ ਰਚੀ ਜੁੱਧ ਦੀ ਭਟ ਖੇਲੇ ਸੀਸ ਲਗਾਇ ਕੈ ।
ਓਇ ਢਾਲਨ ਪਾਸੇ ਦਾਉ ਦੇ ਸਿਰ ਵੱਢਣ ਤੇਗ ਵਗਾਇ ਕੈ ।
ਆਪੋ ਆਪਣੀ ਜੀਤ ਦੀ ਚਾਲ ਦੱਸਣ ਮਨ ਹਰਖਾਇ ਕੈ ।
ਜਿਸ ਦੇ ਹੋਵਗੁ ਦਾਹਿਣੈ ਰਣ ਬਾਜੀ ਜਿਤਗੁ ਆਇ ਕੈ ॥੧੯॥

ਧੂਹ ਮਿਆਨੋਂ ਮਿਸਰੀਆਂ ਦੌੜ ਸੂਰੇ ਆਏ ।
ਕੋਇ ਨ ਠਹਿਰੈ ਚਮਕਦੀ ਘਣ ਨਜ਼ਰੀਂ ਪਾਏ ।
ਸੁਤ ਦਾਰਾ[੩੮] ਬਹੁ ਮਾਲ ਦਾ ਜੀਊੜਾ ਲਲਚਾਏ ।
ਠਹਿਰੇ ਸੇਈ ਸੂਰਮੇ ਬੀਰ ਮਾਤਾ ਜਾਏ ।
ਛਿੱਬਰ ਜਾਤ ਅਣੋਖ ਰਾਇ[੩੯] ਤਲਵਾਰ ਚਲਾਏ ।
ਮੱਖਣ ਸਿੰਘ ਤੇ ਜੀਤ ਸਿੰਘ ਰਣ ਤੱਤੇ ਤਾਏ ।
ਸਾਬਤ ਹੋਇ ਪਠਾਣ ਨੈ ਮੁੜਿ ਘਾਇ ਲਗਾਏ ।
ਚਲਣ ਛੋਹੀ ਛੜਕ ਨਾਲ ਸਿਰ ਧਰਤੀ ਪਾਏ ।
ਜਣ ਕੁਰਖੇਤ੍ਰ ਰੱਚਿਆ ਬੀਰ ਨ੍ਹਾਵਨ ਧਾਏ ।
ਪਾਵਣ ਪੂਰਬੀ ਪੁੰਨ ਭਾਗ ਪਾਪ ਦੂਰ ਪਰਾਏ ।
ਭੇੜਾ ਦੁਹਾਂ ਮੁਕਾਬਲਾ ਰਹਿਆ ਛਿਤਿ[੪੦] ਛਾਏ ॥੨੦॥

ਡਿੱਠੇ ਸੂਰੇ ਸੂਰਿਆਂ ਰਣ ਹੱਛੀ ਟੋਲੀ ।
ਲਾਈ ਹੁਕਮਾ ਸਿੰਘ ਨੇ ਇਕ ਤੱਤੀ ਬੋਲੀ ।
ਹੱਲਾ ਕੀਤਾ ਕਿਸ਼ਨ ਸਿੰਘ ਦੇਖਣ ਵਿੱਚੋਲੀ ।
ਚੱਲਣ ਜਰਬਾਂ ਤੁੱਪਕਾਂ ਧਰਤੀ ਥਰਥੋਲੀ ।
ਪਿਚਕਾਰੀ ਰਾਮ ਜੰਗੀਆਂ ਬੀਰ ਕਰੇ ਕਰੋਲੀ ।
ਤਲਵਾਰੀਂ ਮੁਖ ਸੂਰਿਆਂ ਛਕਿ ਕੁੰਗੂ ਘੋਲੀ ।
ਮਿੱਝਾਂ ਕੇਸ ਲਪੇਟੀਆਂ ਕਾਨ੍ਹ ਮਟਕੀ ਡੋਲ੍ਹੀ ।
ਬਾਗੇ ਰੰਗੇ ਸੂਰਿਆਂ ਧਾਰ ਕੇਸੂ ਮੌਲੀ ।
ਮਾਰਨ ਨੇਜੇ ਸਾਂਗ ਬੀਰ ਗੁਲਾਲੀ ਝੋਲੀ ।
ਘਾਇਲ ਘੁੱਮਨ ਸੂਰਮੇ ਮਦ ਪੀ ਕੈ ਤੋਲੀ ।
ਆਨੰਦ ਪੁਰ ਦੇ ਖੇਤ ਵਿਚ ਬੀਰ ਖੇਡਣ ਹੋਲੀ ॥੨੧॥

ਭੇੜਾ ਕੀਤਾ ਸੂਰਿਆਂ ਮਨ ਰੋਸ ਬਢਾਏ ।
ਮਾਰਨ ਵਾਹੋ-ਦਾਹ ਖੱਗ ਰਣ ਤੱਤੇ ਤਾਏ ।

---

੩੮. ਪੁਤ੍ਰ ਅਤੇ ਇਸਤ੍ਰੀ । ੩੯. ਭਾਈ ਅਣੋਖ ਰਾਇ, ਛਿੱਬਰ, ਬੰਸਾਵਲੀ ਨਾਮੇ ਦੇ ਲੇਖਕ ਕੇਸਰ ਸਿੰਘ ਛਿੱਬਰ ਦਾ ਵਡੇਰਾ ਸੀ, ਜੋ ਆਨੰਦਪੁਰ ਰਹਿੰਦਾ ਸੀ।
੪੦. ਪ੍ਰਿਥਵੀ (ਧਰਤੀ) ਉਤੇ । (ਦੇਖੋ, ਅੱਗੇ ਪਉੜੀ ਅੰਕ ੨੪)

ਸਨਮੁਖ ਭਾਈ ਕਿਸ਼ਨ ਸਿੰਘ ਗਹਿ ਨੇਜਾ ਧਾਏ ।
ਮਾਨੋ ਜਮ ਜਮ-ਤ੍ਰਾਸ ਦੇ ਪ੍ਰਾਨ ਕੱਢਨ ਆਏ ।
ਪਵਨ ਸੜਾਕੇ ਸਾਰ ਦੇ ਘਨ ਛਹਿਬਰ ਲਾਏ ।
ਚਮਕਣ ਤੇਗਾਂ ਤਿੱਖੀਆਂ ਬਿੱਜੁਲ ਲਿਸ਼ਕਾਏ ।
ਸਾਲ ਹਥੌੜੇ ਘਣਾ ਥੇ ਠਣਕਾਰ, ਸੁਣਾਏ ।
ਬਹੁੜਨ ਸੇਈ ਆਇਕੈ ਬੀਰ ਮਾਤਾ ਜਾਏ ।
ਗਏ ਬਿਗਾਨੇ ਛੱਡ ਕੈ ਪੈਰ ਪਿੱਛੈ ਪਾਏ ।
ਤਲਵਾਰੀ ਦੋ ਧਾਰ ਦੀ ਆਂਚ ਸਹੀ ਨਾ ਜਾਏ ।
ਹੂਰੀਂ ਘੁੱਮਣ ਘੱਤਿਆ ਚਹੁੰ ਵੱਲੀਂ ਛਾਏ ।
ਪਜਾਲਾ ਭਰ ਕੈ ਅਮੀਂ ਦਾ ਆਂਦਾ ਹਰਖਾਏ ।
ਛਕਿਆ ਭਾਈ ਕਿਸ਼ਨ ਸਿੰਘ ਮਨ ਆਨੰਦ ਪਾਏ ।
ਇੰਦ੍ਰ ਚੜ੍ਹ ਬੇਬਾਨ ਦੈ ਫੁਲ ਬਹੁ ਹਰਖਾਏ ।
ਜੈ ਜੈ ਕਰਦੇ ਦੇਵਤੇ ਲੈ ਸੁਰਗ ਸਿਧਾਏ ।
ਮੁੜਿਆ ਭਾਈ ਕਾਨ੍ਹ ਸਿੰਘ ਤਲਵਾਰ ਚਲਾਏ ।
ਮਾਰੈ ਮੀਐਂ ਲਛਮਣੈ ਮਨ ਗੁੱਸਾ ਖਾਏ ।
ਪੌਨ ਝੜਾਝੜ ਖੱਗ ਸਿਰ ਸਭ ਦਾਉ ਬਚਾਏ ।
ਭਈ ਭਗਉਤੀ ਲੱਖਣੀ ਹਥ ਬੱਧੀ ਆਏ ।
ਮਨ ਦੇ ਕਾਇਰ ਖੇਤ ਛਡਿ ਦੌੜ ਪ੍ਰਾਨ ਲਿਆਏ ।
ਗੱਪਾਂ ਮਾਰਨ ਮਜਲਸੀਂ ਅੱਜ ਰੱਬ ਬਚਾਏ ॥੨੨॥
ਜੰਮਿਆ ਲਤੀਫਾਲ ? ਵਿਚ ਘੋਲ ਦਿੱਤੀ ਗੁੜ੍ਹਤੀ ਸਾਰ ਦੀ ।
ਪਿੱਠ ਨ ਦਿੱਤੀ ਖੇਤ ਵਿਚ ਰਣਖੰਭਾ ਧੀਰ ਕਰਾਰ ਦੀ ।
ਚੜ੍ਹ ਆਏ ਸ੍ਰੀ ਅਨੰਦਗੜ੍ਹ ਪ੍ਰੀਤ ਲੱਗੀ ਗੁਰ ਦਰਬਾਰ ਦੀ ।
ਅਗੈ ਸੂਰੀਂ ਸੰਘਰ[੪੧] ਰੱਚਿਆ ਵਡ ਜੋਧੇ ਬਲ ਹੈ ਧਾਰ ਦੀ ।
ਸਿੰਘ ਬੈਠਾ ਹਾਠਾਂ ਜੋੜ ਕੇ ਦਲਮਲਦਾ ਭੁਜ ਬਲਕਾਰ ਦੀ ।
ਮੀਆਂ ਮੁੜਿਆ ਰਾਮਦਾਸ ਹਥ ਧੂਹੀ ਮਿਸਰੀ ਸਾਰ ਦੀ ।
ਦੋਵੇਂ ਜੁੱਟੇ ਬੀਰ ਖੇਤ ਮਾਰ ਕਰਨ ਲਗੇ ਹਥਿਆਰ ਦੀ ।
ਲਾਈਆਂ ਦੋਹਾਂ ਸੂਰਿਆਂ ਇਕ ਬਾਰੀ ਬਾਰ ਕਰਾਰ ਦੀ ।
ਮੀਆਂ ਰਖਿਆ ਠਾਕੁਰੈ ਚੋਗ ਚੁਗਨ ਜਗ ਬਹਾਰ ਦੀ ।
ਕਰਨ ਤਾਰੀਫਾਂ ਰਾਜਪੂਤ ਰਣ ਸੂਰੇ ਤੇਰੇ ਵਾਰ ਦੀ ।
ਟੁਕ ਟੁਕ ਹੋਇਆ ਖੇਤ ਵਿਚ ਮੁਛ ਫਰਕੈ ਦਹਿਸ਼ਤ ਮਾਰ ਦੀ ।

---

੪੧. ਜੰਗ ।

ਕੀਤੇ ਪਾਰ ਜਹਾਜ਼ ਜਗ ਤੋੜ ਦਿੱਤੀ ਫਾਂਸ ਸੰਸਾਰ ਦੀ ।
ਰੌਸ਼ਨ ਹੋਇਆ ਚਾਰ ਕੁੰਟ ਕਿਆ ਸਿਫਤ ਤੇਰੀ ਤਲਵਾਰ ਦੀ ।
ਸਨਮੁਖ ਸੂਰੇ ਕਿਸ਼ਨ ਸਿੰਘ ਸੀਸ ਦਿੱਤਾ ਬੋਲੀ ਯਾਰ ਦੀ ॥੨੩॥

ਸੁਣਿਆ ਹੁਕਮਾ ਸਿੰਘ ਨੈ ਭਾਈ ਦੀ ਗੱਲ ।
ਰਾਇ ਅਨੋਖਾ[੪੨] ਜੂਝਿਆ ਛਿੱਬਰ ਪਿੜ ਮੱਲ ।
ਕਿਸ਼ਨ ਸਿੰਘ ਸ਼ਹੀਦ ਹੋਇ ਤਲਵਾਰੀਂ ਠੱਲ੍ਹ ।
ਸ੍ਰੀ ਨਾਨਕ ਦੀ ਬੰਸ ਦਾ ਜਸ ਭਇਆ ਅਟੱਲ ।
ਬਾਬੇ ਬੀਰ ਪ੍ਰਧਾਨ ਸਿੰਘ ਜੁੱਧ ਕੀਤਾ ਬਲ ।
ਸਾਬਤ ਹੋਇ ਪਠਾਣ ਨੇ ਮਾਰ ਮੋੜੇ ਦਲ ।
ਸਿਰ ਤੇ ਲਈਆਂ ਕਾਨ੍ਹ ਸਿੰਘ ਤਲਵਾਰੀਂ ਝੱਲ ।
ਵਿਸਮਾਦੀ ਭਈ ਸੂਰਿਆਂ ਜੰਗ ਹੋਈ ਹੱਲ ।
ਕਾਲ ਬਲੀ ਸਿਰ ਸਭ ਹੈ ਸੁਰ ਮੁਨਿ ਜਨ ਬੱਲ ।
ਲੱਦੇ ਭਾਰ ਵਪਾਰੀਆਂ ਕੂਚ ਅੱਜ ਕੀ ਕੱਲ੍ਹ ।
ਜਿਸ ਦਾ ਰਾਖਾ ਆਪ ਸਾ ਸੇ ਰੱਖੇ ਵੱਲ ।
ਭਿੜਿਆ ਦੁਹਾਂ ਮੁਕਾਬਲਾ ਸੂਰ ਬੈਠੇ ਮੱਲ ।
ਬੋਲਿਆ ਭਾਈ ਕਾਨ੍ਹ ਸਿੰਘ ਮੁੜ ਗੁੱਸਾ ਖਾਇ ।
ਕੋਈ ਪਿਆਰਾ ਗੁਰੂ ਦਾ ਹੁਣ ਕਰੈ ਸਹਾਇ ।
ਪਿੜ ਵਿਚ ਡਿੱਗਾ ਕਿਸ਼ਨ ਸਿੰਘ ਫ਼ਟ ਸਨਮੁਖ ਖਾਇ ।
ਜੇ ਮੁੜ ਭਿੜੀਏ ਇਕ ਵਾਰ ਲੋਥ ਲਈਏ ਜਾਇ ।
ਸੁਣ ਕੈ ਹੁਕਮਾ ਸਿੰਘ ਨੈ ਅੱਖ ਲੱਜਾ ਪਾਇ ।
ਡਿੱਠਾ ਸਿੰਘਾਂ ਸਾਰਿਆਂ ਹੱਥ ਜੋੜੇ ਆਇ ।
ਲਈ ਭਗਉਤੀ ਹੁਕਮ ਸਿੰਘ ਕਰ ਮੈਂ ਚਮਕਾਇ ।
ਆਂਦੀ ਸਾਣ ਚੜ੍ਹਾਇ ਕੈ ਮੁਲ ਮਹਿੰਗੇ ਆਇ ।
ਸੋਢੀ ਸੁਰਜਨ ਸਿੰਘ ਜੀ ਮੁੱਛੀਂ ਦੇ ਤਾਇ ।
ਕਰੈ ਅਗਾੜੇ ਸੂਰਿਆਂ ਬੋਲ ਹੱਛਾ ਧਾਇ ।
ਗਰਜਨ ਬਹੁਤੀ ਤੁੱਪਕੈਂ ਧਰਤੀ ਥਰਰਾਇ ।
ਸਨਮੁਖ ਹੋਏ ਜੁੱਧ ਨੋ ਮਨ ਮੈਂ ਹਰਖਾਇ ।
ਹੱਲਾ ਕੀਤਾ ਸੂਰਿਆਂ ਮੁੜ ਤੱਤੈ ਤਾਇ ।
ਜਿਸ ਦੈ ਲਗਦੀ ਆਣ ਕੈ ਸੋ ਸੁਰਗ ਸਿਧਾਇ ।
ਡਿੱਗਾ ਦੇਸਾ ਸਿੰਘ ਬੀਰ ਲੱਗ ਬਿਖੜੇ ਘਾਇ ।

---

੪੨. ਦੇਖੋ, ਪਉੜੀ ਅੰਕ ੨੦, ਤੇ ਉਸ ਦਾ ਫੁੱਟ ਨੋਟ ।

ਚੱਕਿਆ ਭਾਈ ਤਖਤ ਸਿੰਘ ਗੁਰ ਸਿੱਖੀ ਭਾਇ ॥੨੫॥
ਡਿੱਠਾ ਜਾਂਦਾ ਲੋਥ ਨੋ ਫਿਰ ਹੱਲਾ ਕੀਤਾ ਆਇ ਕੈ ।
ਕਮਲੂ ਗੋੜੂ ਪਲਕ ਦੇ ਦੋ ਨੇਗੀ[੪੩] ਕਹੀਂਦੇ ਗਾਇ ਕੈ ।
ਝਟ ਕਰ ਕਰਦੇ ਕੇਹਰ ਵਾਂਗ ਬਾਜ ਤਾਮੇ ਛੁੱਟੇ ਧਾਇ ਕੈ।
ਫਿਰ ਲਾਈ ਪਿੱਠ ਕਰੋਧ ਨਾਲ ਖਿਉ ਬਿਜਲੀ ਚਮਕੀ ਆਇ ਕੈ।
ਓਹੁ ਜਾਣ ਰਜਾਦੀ[੪੪] ਕਾਲ ਦੀ ਗਲ ਕਹੀ ਸੁ ਸਿਫਤ ਸੁਣਾਇ ਕੈ।
ਸਿੰਘ ਸਿੱਟੀ ਲੋਥ ਸੜੱਕ ਨਾਲ ਧੂਹਿ ਮਾਰੀ ਹੱਥ ਉਠਾਇ ਕੈ ।
ਢਾਲ ਵੱਡ ਵਹੀ ਫਿਰ ਮੁੰਡ ਨੋ ਕਵਿ ਉਪਮਾ ਦਈ ਸੁਣਾਇ ਕੈ ।
ਮਾਨੋ ਧਾਰ ਸੁ ਗੰਗ ਦੀ ਵਿਚ ਸਾਗਰ ਗਈ ਸਮਾਇ ਕੈ ।
ਨਿਸਰੀ[੪੫] ਵਿਚ ਪਤਾਲ ਦੈ ਨਾ ਠਹਿਰੈ ਆਸ਼ਰਮ ਪਾਇ ਕੈ ।
ਜਣ ਸਿਰ ਕੂਰਮ ਦਾ ਖੁਰਕਦੀ ਸੇਸਪੁਤ੍ਰੀ ਮਨ ਹਰਖਾਇ ਕੈ ।
ਹੱਥੋ ਹੱਥੀ ਵਿੱਤੜਾ ਉੱਧਾਰ ਬਿਰਾਨਾ ਖਾਇਕੈ ।
ਕਰਸਨ ਨਕਲਾਂ ਰਾਜਪੂਤ ਫਿਰ ਵਿਚ ਕਚਹਿਰੀ ਜਾਇ ਕੈ ।
ਭੱਜੇ ਫੇਰ ਜੁ ਤ੍ਰਾਸ ਖਾਇ ਸਿੰਘ ਡਿੱਠਾ ਮ੍ਰਿਗੀਂ ਆਇ ਕੈ ।
ਬੀਰ ਤੱਕੀ ਓਟ ਕ੍ਰਿਪਾਣ ਦੀ ਲੋਥ ਚੱਕੀ ਤੁਰਤ ਬਣਾਇ ਕੈ ॥੨੬॥
ਹੱਲਾ ਕੀਤਾ ਰਾਜਪੂਤ ਮਨ ਗੁੱਸਾ ਕਰ ਸੈ ਮਣੀ ਦਾ ।
ਫੜ ਤੇਗੇ ਮਾਰਨ ਸੂਰਮੇ ਠਣਕਾਰ ਹਥੌੜੇ ਘਣੀ ਦਾ ।
ਕਿਉਂ ਭਜੋਂ ਸਿੰਘੋ ! ਖੇਤ ਤੇ ਹੁਣ ਲੂਣ ਚਿਤਾਰੋ ਧਨੀ ਦਾ ।
ਭੰਗੀ ਜੰਗੀ ਬੀਰ ਖੇਤ ਉਠ ਮਲ ਅਖਾੜਾ ਜਣੀ ਦਾ ।
ਸਾਰ ਚੱਬਣ ਵਿਰਲੇ ਸੂਰਮੇ ਸਵਾਦ ਚੱਖਣ ਸੇਈ ਕਣੀ ਦਾ ।
ਹੋਰ ਗੱਲਾਂ ਜੱਗੁ ਭਲੇਰੀਆਂ ਭੇੜ ਭਿੜਨਾ ਮੁਣਸਾਂ ਤ੍ਰਣੀ ਦਾ[੪੬] ।
ਬੀਰ ਮੁੜਿਆ ਕੁੱਲ ਬ੍ਰਿਜਰਾਜ ਦਾ ਜਿਉਂ ਰੇਣਕੂ ਢੋਟਾ ਗਣੀ ਦਾ।
ਧਾਰ ਲਾਈ ਸੀਸ ਕੁਠਾਰ ਦੀ ਸਿਉ ਪੂਜਿਆ ਮਨ ਮਨ ਮਣੀ ਦਾ ।
ਮਾਰਿਆ ਮੀਆਂ[੪੭] ਖੇਤ ਵਿਚ ਸਰਦਾਰ ਸਦੇਂਦਾ ਅਣੀ ਦਾ ।
ਲੱਜਾ ਰੱਖੀ ਜੋਧਿਆਂ ਪੈਰ ਹਟਣਾ ਔਖਾ ਗਣੀ ਦਾ ।
ਜੋ ਜੂਝਣ ਸਨਮੁਖ ਬੀਰ ਖੇਤ ਜਸੁ ਲੋਕਾਂ ਤ੍ਰਿਹੁ ਵਿਚ ਸੁਣੀਂਦਾ ॥੨੭॥
ਘਾਇਲ ਘੁੰਮਣ ਸੂਰਮੇ ਲਗਿ ਸ਼ਸਤ੍ਰ ਭਾਰੇ ।

---

੪੩. ਦਾਨ ਦਾ ਅਧਿਕਾਰੀ, ਅਰਥਾਤ-ਭਿੱਛਕ । ੪੪. ਰਾਜੇ ਦੀ ਬੇਟੀ ।
੪੫. ਨਿਕਲੀ । ੪੬. ਤ੍ਰਨ ਦਾ, ਜ਼ੋਰ ਦਾ, ਅਰਥਾਤ-ਤ੍ਰਾਨ ਵਾਲੇ ਮਨੁੱਖਾਂ ਦਾ ਕੰਮ ਲੜਾਈ ਕਰਨਾ ਹੈ ।
੪੭. ਬਿਲਾਸਪੁਰ ਦਾ ਇਕ ਫੌਜੀ ਸਰਦਾਰ, ਜਿਸ ਦੀ ਅੱਲ 'ਮੀਆਂ' ਸੀ ।

ਕੋਇ ਨ ਕਿਸੈ ਪਛਾਣਦਾ ਬੀਰ ਉੱਠ ਸਿਧਾਰੇ।
ਭੂਤਾਂ, ਪ੍ਰੇਤਾਂ, ਗਿੱਦੜਾਂ ਜਨੁ ਕੀਤੇ ਨਾਰੇ।
ਗਿਰਝਾਂ ਤੋੜਨ ਮਾਸ ਨੂੰ ਕਾਕ ਚੁੰਚ ਪਸਾਰੇ।
ਚੌਂਸਠ ਜੋਗਨ ਆਪਣੇ ਘੋਰ ਘੁੰਮਣ ਦੁਆਰੇ।
ਬਾਵਨ ਬੀਰ ਬਤਾਲੀਆ ਡਾ ਹਾਕਣ ਮਾਰੇ।
ਨਾਰਦ ਸਣ ਕਲ ਧੀਅ ਨੈ ਆ ਦਏ ਦਿਦਾਰੇ।
ਚੌਰਾਸੀਹ ਸਿਧ ਨਵੋ ਨਾਥ ਕੀਤੇ ਜੈਕਾਰੇ।
ਓਰੜਿ ਆਏ ਗਰਜ ਨਾਲ ਘਨ ਬਰਖਣਹਾਰੇ।
ਮਾਨੋ ਜੁੱਟੇ ਦਿੱਗ ਪਾਲ ਭੇੜ ਕਰਸਨ ਭਾਰੇ।
ਦਾਸ ਜਨਾਂ ਦੀ ਰੱਖਦਾ ਪੈਜ ਸਤਿਗੁਰ ਸਾਰੇ ॥੨੮॥
ਦੇ ਲਲਕਾਰੇ ਰਾਮਦਾਸ ਫੇਰ ਮੁੜਿਆ ਰੋਸ ਬਢਾਇ ਕੈ।
ਕੀਸੋ ਜੰਗੀ ਤਾਉ ਨਾਲ ਚੁਣਿ ਭੰਗੀ ਅਣੀ ਬਣਾਇ ਕੈ।
ਪ੍ਰੇਮੂ ਡੱਫ ਬਜਾਂਵਦਾ ਡੰਡ ਬਹੁਤੀ ਉੱਚੀ ਪਾਇ ਕੈ।
ਫੌਜੂ ਤੜਫੈ ਮੱਛ ਵਾਂਗੁ ਦਿਲ ਅੰਦਰ ਗੁੱਸਾ ਖਾਇ ਕੈ।
ਨੱਥੂ ਚੱਬੈ ਹੋਠ ਨੇ ਧੀਰ ਦੇਇ ਜਵਾਹਰ ਧਾਇ ਕੈ।
ਹੱਠੂ ਗੋੜੂ ਸੂਰਮੇ ਰਣ ਅੰਦਰ ਪੈਰ ਗਡਾਇ ਕੈ।
ਬਲਭਦ੍ਰ ਸਣ ਸੂਰਿਆਂ ਏਹ ਕਹਿਆ ਸੁ ਬੋਲ ਸੁਣਾਇ ਕੈ।
ਅੱਗ ਲਾ ਕੈ ਘਰ ਆਪਣੈ ਹੁਣ ਖੂਹੀ ਕਢੋ ਧਾਇ ਕੈ।
ਬਸਦੇ ਸੇ ਘਰ ਸੁੱਖ ਨਾਲ-ਤੁਸਾਂ ਦਿੱਤੀ ਕਲਾ ਜਗਾਇ ਕੈ।
ਘਰ ਆਇਆ ਸੁਰਜਨ ਸਿੰਘ ਸੀ ਪਾਸ ਰਾਜੇ ਹਰਖ ਬਢਾਇ ਕੈ।
ਓਹ ਬਿਨਾ ਲੜਾਈ ਸੂਤ ਨਾਲ[੪੮] ਸਭ ਦੇਂਦਾ ਮੁਲਖ ਛੁਡਾਇ ਕੈ।
ਤੁਸੀਂ ਭੜਥੂ ਪਾਇ ਕਚਹਿਰੀਆਂ ਫੇਰ ਚੌਕਾ ਭਿਟਿਆ ਜਾਇ ਕੈ।
ਸਿਆਣਾ ਜੋਰਾਵਰੂ ਭੀ ਉਹ ਰਹਿਆ ਸੀਸ ਝੁਕਾਇ ਕੈ।
ਤੁਸਾਂ ਖੋਟ ਕਮਾਇਆ ਗੁਰੂ ਨਾਲ ਸੋ ਭਰਣਾ ਪਇਆ ਆਇ ਕੈ।
ਸੋ ਪਾਵਨ ਕੀਤਾ ਆਪਣਾ ਜੋ ਕਰਦੇ ਕਰਮ ਬਣਾਇ ਕੈ।
ਅਸੀਂ ਚਾਕਰ ਹਾਂ ਮਹਾਚੰਦ ਦੇ ਸਿਰ ਦੇਵਾਂਗੇ ਰਣ ਜਾਇ ਕੈ।
ਰਜਪੂਤਾਂ ਦੇ ਪੁਤ੍ਰ ਹੈਨ, ਰਣ ਜੁੱਟਣ ਸਨਮੁਖ ਧਾਇ ਕੈ।
ਮੈਂ ਨੱਕ ਵੱਢਾਂਗਾ ਤਿਨ੍ਹਾਂ ਦੇ ਜੋ ਭੱਜਣ ਕਾਲਖ ਲਾਇ ਕੈ।
ਫਿਰ ਕਿਆ ਵਡਿਆਈ ਕਰੋਂਗੇ ਵਿਚ ਰਾਜ ਸਭਾ ਦੇ ਜਾਇ ਕੈ।
ਤੁਸੈਂ ਲੂਣ ਚਿਤਾਰੋ ਧਣੀ ਦਾ[੪੯] ਜੋ ਖਾਧਾ ਮਨ ਹਰਖਾਇ ਕੈ।

---

੪੮. ਚੰਗੇ ਢੰਗ ਨਾਲ। ੪੯. ਸੁਾਮੀ ਦਾ, ਮਾਲਕ ਦਾ।

ਭੇੜਾ ਕੀਤਾ ਸੂਰਿਆਂ ਰਣਸਿੰਙਾ ਢੋਲ ਬਜਾਇ ਕੈ ॥੨੯॥
ਡਿੱਠਾ ਸਿੰਘਾਂ ਸਭਨਾਂ ਬੀਰ ਆਏ ਭਾਰੇ ।
ਚਮਕਨ ਤੇਗਾਂ ਤਿੱਖੀਆਂ ਵਾਢ ਵੱਡੇ ਕਰਾਰੇ ।
ਜਣੁ ਸਾਵਣ ਹੜ੍ਹ ਪਾਣੀਆਂ ਬੰਨ੍ਹ ਤੋੜੇ ਸਾਰੇ ।
ਮਾਰਨ ਸੂਰੇ ਸੂਰਿਆਂ ਫਟ ਵਡੇ ਕਰਾਰੇ ।
ਡਿੱਗਣ ਵਿੱਚ ਮੈਦਾਨ ਦੇ ਵਾਂਗੁ ਗੂਣ ਅੰਬਾਰੇ ।
ਖੁਲ੍ਹੇ ਕੇਸ ਪਲੱਟ ਦੇ ਮਦ ਪੀ ਮਤਵਾਰੇ ।
ਲੇਟੇ ਧੂੜਿ ਵਿਰਾਜਦੇ ਜਾਣ ਤਪੀਏ ਭਾਰੇ ।
ਚੱਲਣ ਤੀਰ ਤੁਫੰਗ ਦੇ ਸੱਪ ਖੰਭਾਂ ਵਾਰੇ ।
ਭੰਨਣ ਚਿਲਤਾਂ ਪਾਖਰਾਂ ਜਾਣ ਪਾਰ ਦੁਸਾਰੇ ।
ਸਨਮੁਖ ਸੱਦੇ ਸੂਰਮੇ ਸਭ ਖੱਗਾਂ ਧਾਰੇ ।
ਬਰੇ ਬਰੰਗਨ ਬੀਨ ਕੈ ਬੀਰ ਜੋਧੇ ਭਾਰੇ ।
ਦੇਣ ਪਿਆਲੇ ਅਮੀ ਦੇ ਸੀਂ ਮੁਖ ਮਝਾਰੇ ।
ਚੜ੍ਹੇ, ਬਬਾਨੀ ਜਾਇ ਕੈ ਸੂਰ ਸੁਰਗ ਸਿਧਾਰੇ ।
ਸੁਰ, ਮੁਨਿ, ਦੇਵ, ਅਸੰਖ ਸਿਧ, ਕਰਦੇ ਜੈਕਾਰੇ ।
ਧੰਨ ਮਾਤਾ ਧੰਨ ਪਿਤਾ ਹੈ ਸੁਤ ਜਣੇ ਕਰਾਰੇ ।
ਧੰਨ ਸ੍ਰੀ ਸਾਹਿਬ ਭਗਵਤੀ ਜਿਨ ਪਾਰ ਉਤਾਰੇ ।
ਬੈਠੇ ਹਾਠਾਂ ਜੋੜ ਕੈ ਬੀਰ ਲੁੱਝਣਹਾਰੇ ॥੩੦॥
ਧੂੰਦੂਕਾਰ ਗੁਬਾਰ ਨਾਲ ਸੁੱਧ ਰਹੀ ਨ ਕਾਈ ।
ਪੌਨ ਸੜਾਕੇ ਸਾਰ ਦੇ ਘਨ ਛਹਿਬਰ ਲਾਈ ।
ਓਲੇ ਜਾਣ ਬੰਦੂਕ ਦੀ ਛਟ ਆਖਰ ਪਾਈ ।
ਛਪਿਆ ਵਿੱਚ ਅਕਾਸ਼ ਦੇ ਦਿਨ ਦਾ ਜੋ ਰਾਈ[੫੦] ।
ਚਮਕਣ ਤੇਗਾਂ ਜੰਗ ਦੈ ਭਾਨ[੫੧] ਕਿਰਣ ਸਵਾਈ ।
ਲਿਸ਼ਕਾਰੇ ਬਹੁ ਬਰਛੀਆਂ ਸੋਭ ਬਿੱਜੁਲ ਪਾਈ ।
ਕੰਮਾਨੰ ਟੰਕਾਰ ਦੀ ਇੰਦ ਧਨੰ[੫੨] ਚੜ੍ਹਾਈ ।
ਕੁੱਦਣ ਰਣ ਵਿਚ ਸੂਰਮੇ ਮੋਰ ਪਾਇਲ ਪਾਈ ।
ਕੋਇ ਨ ਸੁਝੈ ਆਪਣੇ ਧੁੰਦ ਸੂਰ ਸਹਾਈ ।
ਮਾਰਨ ਵੈਰੀ ਜਾਣ ਕੈ ਸਿਰ ਸੱਕੈ ਭਾਈ ।
ਬਲਭਦ੍ਰ ਵਿਚ ਖ਼ੇਤ ਦੈ ਆਣਿ ਧੂੰਮ ਮਚਾਈ ।
ਜਿਉਂ ਗਜ ਛੁੱਟੈ ਮੱਤਿਆ ਤੋੜ ਸੰਗਲ ਧਾਈ ।

---

੫੦. (ਦਿਨ ਦਾ ਰਾਜਾ) ਸੂਰਜ । ੫੧. ਸੂਰਜ । ੫੨. ਧਨੁਖ ।

ਮਾਰੈ ਤਕ ਤਕ ਸੂਰਿਆਂ ਰਣ ਆਖਰ ਪਾਈ ।
ਜੇਹੀ ਬੱਧੀ ਸੀਸ ਨਾਲ ਅੰਤ ਓੜ ਨਿਬਾਹੀ ।
ਬੇਬਾਨਾਂ ਪਰ ਚਾੜ੍ਹ ਕੈ ਅਪਛਰੈਂ ਸਿਧਾਈ ।
ਸਨਮੁਖ ਹੋਇ ਰਣ ਜੂਝਿਆ ਰਾਜੇ ਦਾ ਭਾਈ ॥੩੧॥
ਸਿੰਘਾਂ ਤੇ ਰਣ ਰਾਜਿਆਂ ਤਲਵਾਰੀਂ ਛਹਿਬਰ ਮੱਚਦਾ ।
ਵਡ ਜੋਧੇ ਆਏ ਇੱਛ ਨਾਲ ਹੰਕਾਰ ਖੜੋਤਾ ਨੱਚਦਾ ।
ਨਾਰਦ ਘੁੰਮਰ ਪਾਂਵਦਾ ਸਿਉ[੫੩] ਡੌਰੂ ਡੱਗ ਡਗੱਚਦਾ ।
ਚੌਸਠ ਜੋਗਣਿ ਸੰਗ ਲੈ ਬੀਰ ਬਾਵਨ ਖਿੜ ਖਿੜ ਹੱਸਦਾ ।
ਹੂਰੀਂ ਘੁੱਮਰ ਘੱਤਦੀ ਇੰਦ੍ਰ ਬਰਖਾ ਫੂਲਾਂ ਦੀ ਰੱਚਦਾ ।
ਦੇਖਣ ਵਿੱਚ ਅਗਾਸ ਦੇ ਸਿਧ ਸਾਧੂ ਜੈ ਜੈ ਬੱਚਦਾ[੫੪] ।
ਬਲਭਦ੍ਰ ਵਿਚ ਖੇਤ ਦੇ ਜਨੇਊ ਪੈਧਾ ਸੱਚ ਦਾ ।
ਆਇਆ ਸੋ ਜਗ ਜਾਣੀਐ ਨਾਮ ਠਾਕੁਰ ਦੇ ਰੰਗ ਰੱਚਦਾ ।
ਕੈ ਮਨਮੁਖ ਮੁਖ ਖੜੱਗ ਧਾਰ ਰਣ ਟੂਕ ਟੂਕ ਹੋਇ ਪਲੱਚਦਾ ।
ਭਉ ਸਾਗਰ ਇਹੁ ਸੰਸਾਰ ਹੈ ਪਾਰ ਤਰ ਕੈ ਸੋਇ ਬੱਚਦਾ ।
ਦਰ ਖੁਲ੍ਹਾ ਮੋਖ ਦੁਆਰ ਦਾ ਦਿਖ ਜੋਧੀਂ ਚਿਤ ਲਲੱਚਦਾ ।
ਭੇੜਾ ਸ੍ਰੀ ਅਨੰਦ ਗੜ੍ਹ ਆ ਮਚਿਆ ਹੈ ਗੜਗੱਚ ਦਾ ।
ਬਲਭਦ੍ਰ ਵਿਚ ਖੇਤ ਦੈ ਜੁੱਧ ਕੀਤਾ ਮਨ ਹਰਖਾਇ ਕੈ ।
ਮਾਰੈ ਬੋਲੀ ਸੂਰਿਆਂ "ਕਿਉਂ ਭੱਜੋ ਕਾਲਖ ਲਾਇ ਕੈ ।
ਮੀਏਂ ਸਭ ਕਹਿਲੂਰ ਦੇ ਵਡ ਸਾਊ ਦਿਲ ਦਰੀਆਇ ਕੈ ।
ਠਾਰਾਂ ਧੜੇ ਚੰਦੇਲ ਦੇ ਭਤ ਖਾਵਣ ਮੁੱਛਾਂ ਤਾਇ ਕੈ ।
ਛੱਤੀ ਟੋਲ ਕਨੇਤ ਬੀਰ ਖਗ ਮਾਰਨ ਹੱਥ ਉਠਾਇ ਕੈ ।
ਤੁਸੈਂ ਸ਼ਸਤ੍ਰ ਬੱਧੇ ਜੁੱਧ ਨੋ ਹੁਣ ਲੁੱਝੋ ਮਨ ਹਰਖਾਇ ਕੈ ।
ਜਿਨ੍ਹਾਂ ਪਿਆਰੀ ਜਿੰਦੜੀ ਸੇ ਸੋਵਣ ਪੈਰ ਵਗਾਇ ਕੈ ।
ਤਾਨ੍ਹਾ ਸੁਣ ਕੈ ਰਾਮਦਾਸ ਮੁੜ ਜੁੱਟਾ ਮੁੱਛਾਂ ਤਾਇ ਕੈ ।
ਕੀਸੋ ਜੰਗੀ ਆਇਆ ਨਾਲ ਭੰਗੀ ਭੰਗ ਛਕਾਇ ਕੈ ।
ਫੌਜੂ ਜਾਲ ਸਮੇਟਦਾ ਜਿਉਂ ਬਗਲਾ ਧਿਆਨ ਲਗਾਇ ਕੈ ।
ਨੱਥੂ ਆਇਆ ਬਸ਼ਹਿਰੀਆ ਜਵਾਹਰ ਧੀਰ ਧਰਾਇ ਕੈ ।
ਪ੍ਰੇਮੂ ਅਣੀਆਂ ਵੰਡਦਾ ਰਣਸਿੰਙਾ ਡੱਫ਼ ਬਜਾਇ ਕੈ ।
ਹੱਠੂ ਗੋੜੂ ਬੋਲਦੇ ਰਣ ਜੁੱਟੇ ਸਨਮੁਖ ਆਇ ਕੈ ।
ਕੁਰਛੇਤ੍ਰ ਹੋਆ ਅਨੰਦ ਗੜ੍ਹ ਬੀਰ ਪਾਵਨ ਸਭ ਫਲ ਭਾਇ ਕੈ ।

---

੫੩. ਸ਼ਿਵ, ਮਹਾ ਦੇਵ । ੫੪. ਵਾਚਦਾ, ਬੋਲਦਾ ।

ਹੱਲਾ ਕਰੀਏ ਇਕ ਵਾਰ ਤਲਵਾਰੀ ਹੱਥ ਚਲਾਇ ਕੈ ।
ਜਿਸ ਦੈ ਠਾਕੁਰ ਵੱਲ ਹੋਇ ਸੋ ਜਿੱਤਗੁ ਜੰਗ ਬਣਾਇ ਕੈ ।
ਭੇੜਾ ਕੀਤਾ ਸੂਰਿਆਂ ਮਨ ਬਹੁਤਾ ਗੁੱਸਾ ਖਾਇ ਕੈ ॥੩੩॥
ਹੱਲਾ ਕਰ ਕਹਿਲੂਰੀਏ ਮੁੜਿ ਜੁੱਟੇ ਬਲ ਤਲਵਾਰ ਦੇ ।
ਓਇ ਲਾਵਣ ਦਾਉ ਬੰਦੂਕ ਦੇ ਤਕ ਸੂਰੇ ਗੋਲੀ ਮਾਰਦੇ ।
ਤਾਉ ਕੀਤਾ ਮੀਏਂ ਰਾਮਦਾਸ ਨਾਲ ਸਾਊ ਅਤਿ ਬਲਕਾਰ ਦੇ ।
ਜੀਉਂ ਕੇਹਰ ਗਰਜਣ ਮਾਰ ਨੌ ਟੌਰ[੫੫] ਫੇਰ ਨਾਲ ਹੰਕਾਰ ਦੇ ।
ਸਿੰਘ ਮੁੜਦੇ ਪਿੱਛਾਂ ਝੋਲ ਖਾਇ ਪੀਂਘ ਝੂਟੇ ਨਾਲ ਸਹਾਰ ਦੇ ।
ਹੱਥ ਚਮਕਣ ਤੇਗਾਂ ਜੰਗ ਵਿਚ ਪਹਿਨ ਸਾਵੇ ਖੇਲ ਬਾਹਰ ਦੇ ।
ਬੀਰ ਲੁੱਝਣ ਜੱਫੀ ਝੱਟ ਨਾਲ ਜਣੂ ਘੁੰਮਰ ਪਾਇ ਪਿਆਰ ਦੇ ।
ਧੂੜਿ ਉੱਡੀ ਵਿਚ ਅਗਾਸ ਦੇ ਸਿਉ* ਨੱਚਣ ਤਾੜੀ ਤਾਰ ਦੇ ।
ਢੋਲ ਦਮਾਮੇ ਡੁਗਡੁਗੀ ਘਨ ਗਰਜਨ ਆਇ ਬਹਾਰ ਦੇ ।
ਮੱਥਾ ਟੇਕਿਆ ਹੁਕਮ ਸਿੰਘ ਪੈਜ ਰੱਖੈ ਗੁਰ ਦਰਬਾਰ ਤੇ ।
ਬਿਨ ਘੱਲੇ ਰਣਜੀਤ ਸਿੰਘ ਅਸੀਂ ਫਾਥੇ ਵਿਖੜੀ ਘਾਟ ਦੇ ।
ਸਿੰਘ ਸਨਮੁਖ ਸੋਈ ਕਹੀਂਦੇ ਦਲ ਜੁੱਟੀ ਸ਼ਸਤ੍ਰ ਮਾਰ ਦੇ ।
ਹੁਣ ਹਿੰਮਤ ਵੱਡੀ ਬਹਾਦੁਰੀ ਬੀਹ ਸਚੋ ਸਾਥ ਕਰਾਰ ਦੇ ।
ਅਸੀਂ ਮਰਨਾ ਮਿਥਿਆ ਬੀਰ ਖੇਤ ਪੁੰਨ ਵੱਡੇ ਖੱਗਾਂ ਧਾਰ ਦੇ ।
ਮਨਿ ਸਿਮਰਿ ਭਗਉਤੀ ਖੜਗ ਧਾਰ ਕੱਢ ਲੀਤੀ ਭੁਜ ਬਲਕਾਰ ਦੇ ।
ਬੀਰ ਮਾਰਨ ਹੱਥ ਉਭਾਰ ਨਾਲ ਖਗ ਤਿੱਖੇ ਕਰੜੇ ਸਾਰ ਦੇ ।
ਮੁੜਿ ਜੁੱਟੇ ਮੀਏਂ ਖੇਤ ਵਿਚ ਮਨਿ ਛਤ੍ਰੀ ਧਰਮ ਵਿਚਾਰਦੇ ।
ਸਨਮੁਖ ਸਹੀਆਂ ਮਾਰੀਆਂ ਹੱਥ ਡਿੱਗੇ ਕਰ ਤਲਵਾਰ ਦੇ ।
ਨੱਠੇ ਨੂਣ ਹਰਾਮਖੋਰ ਘਰ ਬੈਠੇ ਗੱਪਾਂ ਮਾਰਦੇ ।
ਫੌਜੂ ਭੰਨਾ ਤ੍ਰਾਸ ਖਾਇ ਧੁੰਮ ਦਿੱਤੀ ਖੱਡ ਗੁਬਾਰ ਦੇ ।
ਗਈ ਚੌਕੜੀ ਅਕਲ ਦੀ ਹਰਨ ਵਾਂਗੂ ਵਿਛੜੀ ਡਾਰ ਦੇ ।
ਨੱਥੂ ਜਾਲ ਸਮ੍ਹਾਲਦਾ ਓਟ ਤਕਦਾ ਬਿਖੜੀ ਘਾਰਾ ਦੇ ।
ਫਿਰ ਲੀਤਾ ਪੰਧ ਕਲੂਰ ਦਾ ਚਿਤ ਚਿੰਤਾ ਬਹੁਤ ਚਿਤਾਰਦੇ ।
ਸਾਰ ਹੁੰਦਾ ਸਾਡੇ ਵੱਲ ਦਾ ਅਜ ਰਣ ਬਾਜ਼ੀ ਕਿਉਂ ਹਾਰਦੇ ।
ਜਗ ਸੱਚੀ ਕਲਾ ਗੁਬਿੰਦ ਸਿੰਘ ਘਰ ਜਾਂਦੇ ਬਾਤ ਚਿਤਾਰਦੇ ॥੩੪॥
ਸ੍ਰੀ ਭਗੌਤੀ ਦਾਹਣੈ ਅਜ ਹੋਈ ਸੋਢੀ ਰਾਇ ਦੀ ।
ਜੁੱਝੇ ਮੀਏਂ ਖੇਤ ਵਿਚ ਡੰਡ ਪਉਂਦੀ ਵਡੀ ਸਿਪਾਹ ਦੀ ।

---

੫੫. ਪੂਛ । * ਸ਼ਿਵਜੀ + ਘਾਰਾ= ਕੰਪੜੇ ਦੀ ਨਿੱਘਰੀ ਧਰਤੀ ।

ਭੱਜੇ ਕਾਇਰ ਖੇਤ ਛਡ ਵਾਟ ਤੱਕੀ ਵਿਖੜੀ ਰਾਹ ਦੀ ।
ਸੁੱਕੇ ਮੂਹ ਨ ਬੋਲਦੇ ਮਨ ਚਿੰਤਾ ਲਗੀ ਮਤਾਹ ਦੀ ।
ਖਬਰਾਂ ਗਈਆਂ ਚਾਰ ਕੂੰਟ ਬੀਰ ਲੁੱਝੇ ਕਰ ਤਲਵਾਰ ਦੀ ।
ਸੋਨਾ ਸੈਨੀ ਦੇਂਦੜੇ ਨਾ ਭੱਖਨ ਰਾਜੇ ਹਾਰ ਦੀ ।
ਰੋਵਣ ਕੋਟੀ[੫੬] ਰਾਣੀਆਂ ਸਿਰ ਪਿੱਟਣ ਕੂਕ ਪੁਕਾਰ ਦੀ ।
ਕੰਤ ਜਿਨ੍ਹਾਂ ਦੇ ਵਿੱਛੜੇ ਹੂਲ ਉੱਠੀ ਸੀਨੇ ਸਾਰ ਦੀ ।
ਓਹ ਭੰਨਣ ਚੂੜੇ ਰੰਗੁਲੇ ਸਣ ਬੰਗਾਂ ਕਰ ਠਣਕਾਰ ਦੀ ।
ਕਿਉਂ ਲਾਵਨ ਮਹਿੰਦੀ ਰੰਗਲੀ ਬਾਤ ਹੋਈ ਦੂਰ ਬਹਾਰ ਦੀ ।
ਸੱਥਰ ਸੌਣਾ ਮੱਲਿਆ ਕੂੰਜ ਕੂਕੈ ਵਿਛੁੜੀ ਡਾਰ ਦੀ ।
ਫੇਰ ਨ ਆਏ ਬੰਕੜੇ ਬਾਤ ਕਰਦੇ ਅਤਿ ਹੰਕਾਰ ਦੀ ।
ਪਇਆ ਵਿਛੋੜਾ ਨਰਦ ਨੋ ਕਿਉਂ ਪੁੱਗੇ ਕੱਚੀ ਸਾਰ ਦੀ ।
ਰਣ ਸੂਰੇ ਮਾਰੇ ਸੂਰਿਆਂ ਰੰਨ ਰੋਵੈ ਬਾਤ ਚਿਤਾਰਦੀ ॥੩੫॥
ਲੋਕਾਂ ਦਾ ਭਰਮਾਇਆ ਬਾਤ ਰਾਜੇ ਮਨ ਹੰਕਾਰ ਦੀ ।
ਚੜ੍ਹ ਆਇਆ ਕੋਟ ਕਲੂਰ ਤੇ ਲੈ ਫੌਜਾਂ ਮੋਲਿ ਪਹਾੜ ਦੀ ।
ਯਾਦ ਕੀਤਾ ਸੁਰਜਨ ਸਿੰਘ ਜੀ ਜਾ ਮਿਲਿਆ ਗੱਲ ਪਿਆਰ ਦੀ ।
ਸਭ ਕਸਮਾਂ ਕੰਮ ਤੁਸਾਡੜੇ ਮਨ ਧਰਸੋ ਧੀਰ ਸਹਾਰ ਦੀ ।
ਓਇ ਬੋਲਣ ਭੜਥੂ ਪਾਇ ਕੈ ਨਾ ਕਰਦੇ ਗੱਲ ਕਰਾਰ ਦੀ ।
ਅਸਾਂ ਲੈਣਾਂ ਮੁਲਕ ਛਡਾਇ ਕੈ ਗਲ ਇੱਕਾ ਲੱਖ ਹਜ਼ਾਰ ਦੀ ।
ਜੇ ਵਸਣਾ ਸਾਡੇ ਮੁਲਖ ਮੰਝ ਤਾਂ ਤਾਇਤ ਢੂੰਡ ਸਰਕਾਰ ਦੀ ।
ਬੁਧ ਹੋਣੀ ਨੇ ਸਭ ਢਕ ਲਈ ਗੱਲ ਆਵੇ ਨਾ ਨਿਰਛਾਰ ਦੀ ।
ਘਰ ਆਇਆ ਸੁਰਜਨ ਸਿੰਘ ਜੀ ਫਿਰ ਕਰਦਾ ਗੱਲ ਵਿਚਾਰ ਦੀ ।
ਮਨ ਦੇ ਖੋਟੇ ਦਗੇ ਦਾਰ ਸੇ ਪਾਵਨ ਮਨਸਾ ਧਾਰ ਦੀ ।
ਜੇਹਾ ਬੀਜੈ ਸੋ ਲੁਣੈ ਫਲ ਕਰਮਾ ਖੇਤੀ ਤਾਰ ਦੀ ।
ਸਤਿਗੁਰ ਦਾ ਘਰ ਸੱਚ ਦਾ ਹੋਰ ਵਾਟ ਨ ਦੂਜੇ ਰਾਹ ਦੀ ।
ਜਿਨ੍ਹੀ ਸੱਚ ਵਣੰਜਿਆ ਖੇਪ ਲੱਦੀ ਵਡੇ ਮਤਾਹ ਦੀ ।
ਓਹ ਲਏ ਖਜ਼ਾਨੇ ਪਰਖ ਕੈ ਗੁਰ ਧੀਰਕ ਦਈ ਵਿਸਾਹ ਦੀ ।
ਓਹ ਰਹੇ ਅਡੋਲ ਸੁਮੇਰ ਵਾਂਗੁ ਓਟ ਲੀਤੀ ਸਤਿਗੁਰੁ ਸਾਹ ਦੀ
ਭਾਈ ਹੁਕਮਾ ਸਿੰਘ ਨੋ ਗੁਰੁ ਥਾਪੀ ਦਿੱਤੀ 'ਵਾਹ' ਦੀ ।
ਰੱਖੀ ਲਾਜ ਗੋਬਿੰਦ ਸਿੰਘ ਆਨਿ ਸੁਰਖੇ ਤੇ ਗ਼ਜਗਾਹ ਦੀ ।
ਵੇਖੈ ਸਭ ਮਿਲਿ ਖਾਲਸਾ ਕਰ ਸਿਫਤ ਤੇਰੇ ਦੀਦਾਰ ਦੀ ।

---

੫੬. ਕਿਲ੍ਹਿਆਂ ਵਿਚ ।

ਸਨਮੁਖ ਹੋਇਆ ਜੁੱਧ ਨੋ ਆਂਚ ਝਾਗੀ ਬਿਖੜੇ ਸਾਰ ਦੀ ।
ਮਾਰੀ ਜਾਇ ਬੇਚੂਕੜੀ ਸਣ ਫੌਜਾਂ ਕਰ ਤਲਵਾਰ ਦੀ ।
ਸੰਤ ਜਨਾਂ ਦੀ ਮੰਡਲੀਂ ਬਾਤ ਕਰਸਨ ਜੈ ਜੈ ਕਾਰ ਦੀ ॥੩੬॥
ਸਿੱਧ ਜਤੀ ਮਿਲਿ ਨਵੇਂ ਨਾਥ ਸਿਉ ਡੌਰੂ ਆਇ ਬਜਾਂਵਦਾ ।
ਚੌਂਸਠ ਜੋਗਣ ਸੰਗ ਲੈ ਬੀਰ ਬਾਵਨ ਮਨ ਹਰਖਾਂਵਦਾ ।
ਕਿੰਨਰ, ਗੰਧ੍ਰਵ, ਜੱਛ, ਦੇਵ, ਬੀਨ ਨਾਰਦ ਬੇਗ ਬਜਾਂਵਦਾ ।
ਸੁਰਪਤਿ ਚੜ੍ਹਦੇ ਬਾਨ ਦੈ ਫੂਲ ਸੁੰਦਰ ਅਤਿ ਬਰਖਾਂਵਦਾ ।
ਜੋ ਗਾਵੈ ਕੀਰਤਿ ਸੂਰਿਆਂ ਮਨ ਬਾਂਛਿਤ ਸਭ ਫਲੁ ਪਾਂਵਦਾ ।
ਧਨ-ਅਰਥੀ ਲੈ ਧਨ ਅਗਲਾ ਸੁਤ ਸੁੰਦਰ ਲੈ ਸੁਖ ਭਾਂਵਦਾ ।
ਜਮ ਕੰਕਰ ਜੋਹਿ ਨ ਸੱਕਈ ਜੋ ਵਾਰ ਸਦਾ ਮੁਖ ਗਾਂਵਦਾ ।
ਜੋ ਗੁਰਮੁਖ ਸਿੱਖ ਅਕਾਲ ਦਾ ਸੁਣਿ ਕੰਨੀਂ ਪ੍ਰੇਮ ਬਢਾਂਵਦਾ ।
ਜੋ ਨਿੰਦਕ ਸਤਿਗੁਰ ਪੰਥ ਦਾ ਦੁਖ ਹਿਰਦੇ ਮਨਿ ਤਪਤਾਂਵਦਾ ।
ਇਹ ਕੀਰਤਿ ਸੁਨੈ ਸੁਹਾਵਨੀ ਸੋ ਜੋਨੀ ਜਨਮ ਨ ਆਂਵਦਾ ॥੩੭॥
ਜਪ ਤਪ ਜਗ ਅਨੇਕ ਪੁੰਨ ਨਿਤ ਕਰੀਐ ਪ੍ਰੇਮ ਬਢਾਇ ਕੈ ।
ਲਖਮੀ ਗਜ[੫੭] ਗਊ ਦਾਨ ਨਿਤ ਦੀਜੈ ਬਿਪ੍ਰ ਬੁਲਾਇ ਕੈ ।
ਅਸਵ-ਮੇਧ[੫੮] ਗਜ-ਮੇਧ[੫੯] ਦਾਨ ਭੂਮਿ ਸਗਲੀ ਪੁੰਨ ਕਰਵਾਇ ਕੈ ।
ਅਠਸਠ ਤੀਰਥ[੬੦] ਪੁੰਨ ਪਰਬ ਸਭ ਵਸੁਧਾ[੬੧] ਭਰਮੀਐ ਜਾਇ ਕੈ ।
ਕੁਰਖੇਤ੍ਰ ਵਿਚ ਗ੍ਰਹਣ ਦੇ ਸਣ ਸੰਪਤਿ[੬੨] ਦੇ ਹਰਖਾਇ ਕੈ ।
ਕਾਸ਼ੀ, ਕਾਂਤੀ, ਦ੍ਵਾਰਕਾ ਸਣ ਮਥੁਰਾ, ਮਾਇਆ ਨ੍ਹਾਇ ਕੈ ।
ਅਯੁਧਯਾ ਵਡੀ ਅਵੰਤਿਕਾ ਵਡਭਾਗੀ ਪਰਸੈ ਆਇ ਕੈ ।
ਜੋ ਗੁਰਮੁਖ ਸੁਨ ਹੈ ਪ੍ਰੀਤਿ ਕਰ ਯਾ ਉਚਰੈ ਪ੍ਰੇਮ ਲਗਾਇ ਕੈ ।
ਸੋ ਪਾਵੈ ਗੁਰ ਦਰਬਾਰ ਵਿਚ ਮਨ ਬਾਂਛਿਤ ਸਭ ਫਲ ਆਇ ਕੈ ।
ਸ੍ਰੀ ਸਾਹਿਬ ਸੁਰਜਨ ਸਿੰਘ ਦਾ ਜਸ ਰਹਿਆ ਜਗ ਵਿਚ ਛਾਇ ਕੈ ।
ਜੌ ਲੌ ਧਰਤਿ ਅਕਾਸ ਹੈ ਭਾਗ ਜਾਗੇ ਮਸਤਕ ਆਇ ਕੈ ।
ਮੈਂ ਕਿਆ ਸਾਲਾਹਾਂ ਤੁੱਧ ਮੁਖ ਇਕ ਰਸਨਾ ਰਸ ਸਰ ਸਾਇ ਕੈ ।
ਕਵਿ ਮੰਡਲ ਮਾਨਸ ਹੰਸ ਹੈ ਬਗ ਵੈਸ਼ ਕਿਹ ਬਿਧਿ ਜਾਇ ਕੈ ।
ਜਬ ਦਯਾ ਕਰੈ ਸਭ ਦ੍ਰਿਸਟਿ ਕੀ ਹੰਸ ਹੋਵੈ ਮੁਕਤਾ ਪਾਇ ਕੈ ।
ਹੌਂ ਕਰਤਾ ਕਰਮ ਨਾ ਜਾਣਦਾ ਗਣ ਗਿਣਤੀ ਛੰਦ ਬਣਾਇ ਕੈ ।

---

੫੭. ਹਾਥੀ । ੫੮. ਅਸ੍ਵ (ਘੋੜੇ) ਦਾ ਮੇਧ (ਜੱਗ), ਜਿਸ ਵਿਚ ਘੋੜਾ ਵੱਢ ਕੇ ਹਵਨ ਕੀਤਾ ਜਾਂਦਾ ਹੈ। ੫੯. ਗਜ (ਹਾਥੀ) ਮੇਧ (ਜੱਗ) । ੬੦. ਹਿੰਦੂਆਂ ਦੇ ੬੮ (ਅੱਠਾਂ ਉਤੇ ਸੱਠ) ਤੀਰਥ । ੬੧. ਪ੍ਰਿਥਵੀ । ੬੨. ਧਨ (ਸੰਪੱਤਿ) ਸਹਿਤ ।

ਗੁਰੁ ਨਾਨਕ ਜੀ ਦਾ ਨਾਮ ਸਤਿ ਛਾਪ ਲੀਤੀ ਭਗਤਿ ਕਰਾਇ ਕੈ।
ਕਲਿਜੁਗ ਰਾਜ ਗੁਬਿੰਦ ਸਿੰਘ ਦਸ ਜਾਮੇ ਧਾਰੇ ਆਇ ਕੈ ।
ਵਾਸੀ ਸ੍ਰੀ ਆਨੰਦਗੜ੍ਹ ਸਤਿ ਝੂਲਣ ਝੰਡੈ ਸੁਹਾਇ ਕੈ ।
ਭੌਨ ਦਿਸੈ ਸ੍ਰੀ ਜਗ ਮਾਤ ਦਾ[੬੩] ਤੁੰਗ[੬੪] ਪਾਵਨ ਨਿਕਟ ਬਣਾਇਕੈ।
ਇਕ ਸੰਤਨ ਆਗੇ ਬੇਨਤੀ ਕਹਿ ਦੀਨੀ ਕੂਕ ਸੁਣਾਇ ਕੈ ।
ਮੈਂ ਮਾਂਗੌਂ ਤੁਮਰੀ ਚਰਨ ਧੂੜ ਲੈ ਰਾਖੌਂ ਮਸਤਕ ਚਾਇ ਕੈ ।
ਤੁਮ ਦੇਹੁ ਦਿਆ ਕਰ ਦਾਸ ਕੌ ਗੁਰ ਸੰਗਤਿ ਬੇਗ ਬੁਲਾਇ ਕੈ ।
ਜਮ ਕਿੰਕਰ ਤੇ ਪ੍ਰਭੁ ਰਾਖੀਐ ਮਨ ਇੱਛਾ ਉਪਜੀ ਆਇ ਕੈ ।
ਵਾਹਗੁਰੂ ਜਗ ਤੁਹਲੜਾ ਗੁਰ ਖੇਵਟ ਦਿਯੋ ਬਤਾਇ ਕੈ ।
ਜਿਨ੍ਹਾਂ ਤੱਕੀ ਸਰਨ ਗੋਬਿੰਦ ਸਿੰਘ ਉਹ ਘਾਟੀ ਲੰਘੇ ਜਾਇ ਕੈ ।
ਘਾਟ ਜਗਾਤੀ ਧਰਮ ਰਾਇ ਕਰਿ ਆਦਰ ਦੀਏ ਪੁਚਾਇ ਕੈ ।
ਓਇ ਪਹੁੰਚੇ ਸਤਿਗੁਰ ਸੰਗਤੀ ਜਾਇ ਬੈਠੇ ਮਨ ਹਰਖਾਇ ਕੈ ।
ਓਇ ਆਵਣ ਜਾਣਾ ਮੇਟ ਕੈ ਵਿੱਚ ਜੋਤੀ ਰਹੇ ਸਮਾਇ ਕੈ ।
੧੦੦੦ ੮ ੬੦ ੬
ਸੰਮਤ ਸਹਸ ਜੁ ਸਿਧ ਗਨ ਸਠ ਊਪਰ ਰਸ[੬੫] ਸਰਸਾਇ ਕੈ[੬੬] ।
ਰਾਜੇ ਮਹਾਚੰਦ ਨੇ ਜੁੱਧ ਕੀਤਾ ਗੁੱਸਾ ਖਾਇ ਕੈ ।
ਮਾਰਿਆ ਡੰਕਾ ਖਾਲਸੇ ਤਲਵਾਰੀਂ ਹੱਥ ਦਿਖਾਇ ਕੈ ।
ਜੈਸੀ ਮਨ ਮੈਂ ਬੁੱਧ ਥੀ ਕਹਿ ਦੀਨੀ ਦਾਸ ਸੁਣਾਇ ਕੈ ।
ਰਾਮ ਸਿੰਘ ਚਰਿਤ੍ਰ ਲਿਖਿ ਵਾਰ ਉਚਾਰੀ ਪ੍ਰੇਮ ਲਗਾਇ ਕੈ ।
ਫ਼ਤੇ ਭਈ ਗੋਬਿੰਦ ਸਿੰਘ ਜੁੱਧ ਜੀਤਯੋ ਡੰਕ ਬਜਾਇ ਕੈ ॥੩੮॥

---

੬੩. ਨੈਣਾ ਦੇਵੀ ਦਾ । ੬੪. ਚੋਟੀ ।
੬੫. ਸੰਮਤ ੧੮੬੯ ਬਿ: । ੬੬. ਵਧਾ ਕੇ ।

# ੮. ਵਾਰ ਹਰੀ ਸਿੰਘ (ਨਲਵੇ) ਦੀ

## (ਕ੍ਰਿਤ ਕਵੀ ਸਹਾਈ ਸਿੰਘ)

ਸਰਦਾਰ ਹਰੀ ਸਿੰਘ ਨਲਵੇ ਦੇ ਤਿੰਨ ਜੰਗ-ਨਾਮੇ ਪ੍ਰਸਿਧ ਹਨ (੧) ਭਾਈ ਕਾਨ੍ਹ ਸਿੰਘ ਬੰਗਾ ਨਿਵਾਸੀ ਦਾ ਜੰਗ-ਨਾਮਾ ਹਰੀ ਸਿੰਘ ਨਲਵਾ, (੨) ਕਾਦਰਯਾਰ ਦੀ ਸੀਹਰਫੀ ਸਰਦਾਰ ਹਰੀ ਸਿੰਘ ਅਤੇ (੩) ਕਵੀ ਸਹਾਈ ਸਿੰਘ ਦੀ ਵਾਰ ਹਰੀ ਸਿੰਘ ਕੀ। ਇਨ੍ਹਾਂ ਵਿਚੋਂ ਪਹਿਲਾ ਜੰਗ-ਨਾਮਾ ਬ੍ਰਜ ਭਾਸ਼ਾ ਵਿਚ ਹੈ। ਦੂਜਾ ਜੰਗ-ਨਾਮਾ ਸੀਹਰਫੀ ਸਰਦਾਰ ਹਰੀ ਸਿੰਘ ਦੇ ਰੂਪ ਵਿਚ ਪੰਜਾਬੀ ਛਪਿਆ ਹੋਇਆ ਮਿਲਦਾ ਹੈ, ਪਰ ਪਤਾ ਲੱਗਾ ਹੈ ਕਿ ਇਸ ਦੀ ਅਸਲ ਪ੍ਰਤੀ ਜੋ ਛਪੀ ਹੋਈ ਪ੍ਰਤੀ ਨਾਲੋਂ ਫਰਕ ਰੱਖਦੀ ਹੈ, ਕਿਸੇ ਸਮੇਂ ਬਾਬਾ ਪ੍ਰੇਮ ਸਿੰਘ ਜੀ ਹੋਤੀ ਦੇ ਪੁਸਤਕਾਲੇ ਵਿਚ ਸੀ, ਫਿਰ ਕਿਥੇ ਗਈ, ਇਸ ਬਾਰੇ ਕੁਝ ਪਤਾ ਨਹੀਂ ਲੱਗ ਸਕਿਆ। ਤੀਜਾ ਜੰਗ-ਨਾਮਾ ਕਵੀ ਸਹਾਈ ਸਿੰਘ ਦੀ ਵਾਰ ਹਰੀ ਸਿੰਘ ਨਲਵਾ ਇਸ ਸਮੇਂ ਪਾਠਕਾਂ ਦੇ ਹੱਥਾਂ ਵਿਚ ਹੈ। ਇਸ ਜੰਗ-ਨਾਮੇ ਦੀ ਪ੍ਰਤੀ ਮੈਨੂੰ ਸਰਦਾਰ ਸ਼ਿਵਦੇਵ ਸਿੰਘ ਜੀ ਸਾਬਕ ਵਜ਼ੀਰ ਸਾਹਿਬ ਨਾਭਾ ਦੇ ਪੁਸਤਕਾਲੇ ਵਿਚੋਂ ਮਿਲੀ ਹੈ-ਪਰ ਅਧੂਰੀ ਹਾਲਤ ਵਿਚ ਇਸ ਦੀ ਪੂਰੀ ਪ੍ਰਤੀ ਨਹੀਂ ਮਿਲ ਸਕੀ।

ਸਰਦਾਰ ਹਰੀ ਸਿੰਘ ਨਲਵਾ ਮਹਾਰਾਜਾ ਰਣਜੀਤ ਸਿੰਘ ਜੀ ਸ਼ੇਰਿ ਪੰਜਾਬ ਦਾ ਪ੍ਰਸਿੱਧ ਜਰਨੈਲ ਸੀ, ਜਿਸ ਨੇ ਸੂਬਾ ਸਰਹੰਦ ਦੇ ਪਠਾਣਾਂ ਨੂੰ ਜਿੱਤ ਕੇ ਉੱਥੇ ਸਿੱਖ ਰਾਜ ਦੀ ਧਾਂਕ ਬਿਠਾਈ ਸੀ। ਜਮਰੌਦ ਦੀ ਲੜਾਈ, ਜਿਸ ਵਿਚ ਸਰਦਾਰ ਹਰੀ ਸਿੰਘ ਨਲਵਾ ਬੜੀ ਬਹਾਦਰੀ ਨਾਲ ਦੁਸ਼ਮਣ ਦਾ ਟਾਕਰਾ ਕਰਦਾ ਹੋਇਆ ਸ਼ਹੀਦ ਹੋਇਆ, ੩੦ ਅਪ੍ਰੈਲ ਸੰਨ ੧੮੩੭ ਈ: ਨੂੰ ਹੋਈ ਸੀ। ਇਸ ਤੋਂ ਤਿੰਨ ਸਾਲ ਪਹਿਲਾਂ ਸੰਨ ੧੮੩੪ ਈ: ਵਿਚ ਖਾਲਸੇ ਨੇ ਚੜ੍ਹਾਈ ਕਰਕੇ ਪਿਸ਼ੌਰ ਉੱਤੇ ਕਬਜ਼ਾ ਕਰ ਲਿਆ ਸੀ। ਕਵੀ ਸਹਾਈ ਸਿੰਘ ਨੇ ਇਸ ਜੰਗ-ਨਾਮੇ ਵਿਚ ਸਰਦਾਰ ਹਰੀ ਸਿੰਘ ਦਾ ਵਟਾਲੇ ਤੋਂ ਚੜ੍ਹਾਈ ਕਰਕੇ ਜਾਣਾ ਲਿਖਿਆ ਹੈ ਤੇ ਦੱਸਿਆ ਹੈ ਕਿ ਮਹਾਰਾਜਾ ਰਣਜੀਤ ਸਿੰਘ ਉਸ ਸਮੇਂ ਵਟਾਲੇ ਪਧਾਰੇ ਹੋਏ ਸਨ। ਪਹਿਲਾਂ ਮਹਾਰਾਜੇ ਦਾ ਹੁਕਮ ਜਮਾਦਾਰ ਖੁਸ਼ਹਾਲ ਸਿੰਘ ਨੂੰ ਸੀ ਕਿ ਉਹ ਪਿਸ਼ੌਰ ਉੱਤੇ ਚੜ੍ਹਾਈ ਕਰੇ, ਪਰ ਥੋੜ੍ਹ ਦਿਲਾ ਜਮਾਦਾਰ ਇਸ ਲੜਾਈ ਦਾ ਨਾਮ ਸੁਣ ਕੇ ਹੀ ਭੈ ਭੀਤ ਹੋ ਗਿਆ।

ਦਰਬਾਰ ਵਿਚੋਂ ਬਾਹਰ ਆ ਕੇ ਉਸ ਦੇ ਲੇਲ੍ਹੜੀਆਂ ਕੱਢਣ 'ਤੇ ਸਰਦਾਰ ਹਰੀ ਸਿੰਘ ਨਲਵੇ ਨੂੰ ਜੰਗ ਦਾ ਜੋਸ਼ ਜਾਗਿਆ ਜਿਸ ਕਰ ਕੇ ਉਸ ਨੇ ਸਰਕਾਰ ਦੀ ਆਗਿਆ ਲੈ ਕੇ ਚੜ੍ਹਾਈ ਕਰ ਦਿੱਤੀ ਤੇ ਕੋਟਲੀ, ਭਾਂਡੇਵਾਲ, ਹਾਂਸਲੇਵਾਲ ਆਦਿ ਥਾਵੀਂ ਹੁੰਦਾ ਹੋਇਆ ਅਟਕੋਂ ਪਾਰ ਲੰਘ ਕੇ ਪਹਿਲਾਂ ਪੰਜ ਤਾਰ ਤੇ ਫੇਰ ਪਿਸ਼ੌਰ ਉੱਤੇ ਜਾ ਧਮਕਿਆ। ਫਤਹ ਹਰ ਮੈਦਾਨ ਵਿਚ ਉਸ ਦੇ ਕਦਮ ਚੁੰਮਦੀ ਰਹੀ। ਕਿਲ੍ਹਾ ਜਮਰੌਦ ਦੀ ਲੜਾਈ ਉਸ ਦੀ ਛੇਕੜਲੀ ਲੜਾਈ ਸੀ, ਜਿਸ ਵਿਚ ਉਸ ਨੇ ਸਿੱਖੀ ਸ਼ਾਨ ਨੂੰ ਪੂਰੀ ਤਰ੍ਹਾਂ ਮਰਦਾਂ ਵਾਂਗੂ ਕਾਇਮ ਰੱਖ ਕੇ ਦਿਖਾਇਆ।

ਜਮਰੌਦ ਦੀ ਲੜਾਈ ਦਾ ਪੂਰਾ ਹਾਲ ਜਿਸ ਵਿਚ ਸ: ਹਰੀ ਸਿੰਘ ਸ਼ਹੀਦ ਹੋਇਆ ਇਸ ਵਾਰ ਵਿਚ ਨਹੀਂ ਹੈ ਤੇ ੨੯ਵੀਂ ਬੈਂਤ ਦੀਆਂ ਸਿਰਫ ਦੋ ਹੀ ਤੁਕਾਂ ਮਿਲਦੀਆਂ ਹਨ ਤੇ ਅੱਗੇ ਪਤ੍ਰੇ ਫਟੇ ਹੋਣ ਕਰ ਕੇ ਬਾਕੀ ਵਾਰ ਅਸਲ ਪ੍ਰਤੀ ਵਿਚੋਂ ਗਾਇਬ ਹੈ। ਇਸ ਤਰ੍ਹਾਂ ਭਾਵੇਂ ਇਹ ਵਾਰ ਅਧੂਰੀ ਹੈ, ਪਰ ਇਸ ਵਿਚ ਅੰਕਿਤ ਕੀਤੇ ਹੋਏ ਹਾਲ, ਜਿਤਨੇ ਕੁ ਆ ਸਕੇ, ਆਪਣੇ ਆਪ ਵਿਚ ਜੇ ਪੂਰੇ ਨਹੀਂ ਤਾਂ ਅਧੂਰੇ ਵੀ ਨਹੀਂ। ਇਸ ਕਰਕੇ ਇਸ ਵਾਰ ਨੂੰ ਸੰਪਾਦਿਤ ਕਰ ਕੇ ਪਾਠਕਾਂ ਅੱਗੇ ਪੇਸ਼ ਕਰਨ ਦਾ ਯਤਨ ਕੀਤਾ ਗਿਆ ਹੈ।

ਇਸ ਵਾਰ ਦਾ ਲੇਖਕ ਸੁਹਾਈ ਸਿੰਘ ਕੌਣ ਤੇ ਕਿਥੋਂ ਦਾ ਵਸਨੀਕ ਸੀ, ਇਹ ਪਤਾ ਕਿਤੋਂ ਨਹੀਂ ਲਗਿਆ। ਸਿਰਫ ਬੋਲੀ ਤੋਂ ਪਤਾ ਲਗਦਾ ਹੈ ਕਿ ਇਸ ਦਾ ਲੇਖਕ ਮਾਝੇ ਦਾ ਜੰਮ-ਪਲ ਸੀ ਤੇ ਵਾਰ ਦੀ ਪਹਿਲੀ ਬੈਂਤ ਤੋਂ ਮਾਲੂਮ ਹੁੰਦਾ ਹੈ ਕਿ ਉਹ ਦੇਵੀ ਦਾ ਭਗਤ ਵੀ ਸੀ। ਜੇ ਕਿਤੋਂ ਪੂਰੀ ਵਾਰ ਮਿਲ ਜਾਵੇ ਤਾਂ ਸ਼ਾਇਦ ਉਸ ਦੇ ਅਸਲ ਥਾਂ ਟਿਕਾਣੇ ਦਾ ਪਤਾ ਲੱਗ ਸਕੇ।

## ਵਾਰ ਹਰੀ ਸਿੰਘ ਕੀ ਲਿਖਯਤੇ

**(ਕ੍ਰਿਤ-ਕਵੀ ਸਹਾਈ ਸਿੰਘ)**

ਅਲਫ ਆਦਿ ਭਵਾਨੀ ਦਾ ਨਾਮ ਲਈ,
ਤੇਰਾ ਜੁੱਧ ਵਿਚ ਨਾਮ ਧਿਆਈਏ ਜੀ ।
ਤੂੰ ਆਪ ਹੀ ਹੈਂ ਜੰਗ ਕਰਨ ਹਾਰੀ,
ਜੋ ਵਰ ਮੰਗੀਏ ਸੋਈ ਫਲ ਪਾਈਏ ਜੀ ।
ਤੂੰ ਹੋਇ ਦਿਆਲ ਮੇਰੀ ਬਾਕ-ਬਾਨੀ[1],
ਹਰੀ ਸਿੰਘ ਦਾ ਜਸ ਸੁਣਾਈਏ ਜੀ ।
ਸਹਾਈ ਸਿੰਘ ਦੀ ਬੇਨਤੀ ਮੰਨ ਮਾਤਾ,
ਪੰਥ[2] ਵਿੱਚ ਇਹ ਜੁੱਧ ਸੁਣਾਈਏ ਜੀ ॥੧॥
ਅਲਫ ਅੰਮ੍ਰਿਤਸਰੋਂ ਡੇਰਾ ਕੂਚ ਕਰਕੇ,
ਜਾਇ ਵਿਚ ਵਟਾਲੇ ਦੇ ਪਾਇਆ ਈ ।
ਬਾਗ ਵਿੱਚ ਸਰਕਾਰ[3] ਜਦ ਜਾਇ ਬੈਠੀ,
ਪਾਸ ਸਭ ਮੁਸਾਹਿਬ ਸਦਾਇਆ ਈ ।
ਪਿਸ਼ੌਰ ਚੜ੍ਹਨ ਦਾ ਹੁਕਮ ਸਰਕਾਰ ਨੇ ਜੀ,
ਜਮਾਦਾਰ[4] ਨੂੰ ਤੁਰਤ ਫੁਰਮਾਇਆ ਈ ।
ਸਹਾਈ ਸਿੰਘ ਪਿਸ਼ੌਰ ਦਾ ਨਾਮ ਸੁਣ ਕੇ,
ਜਮਾਦਾਰ ਨੇ ਖ਼ੌਫ ਬਡ ਖਾਇਆ ਈ ॥੨॥
ਬੇ ਬਾਹਰ ਆਇਆ ਗੁਸਾ ਖਾਇ ਕੈ ਜੀ,
ਮੇਰੀ ਅਰਜ਼ ਨਹੀਂ ਕਿਸੇ ਕੋਲ ਕੀਤੀ ।
ਸਭੇ ਰਹੇ ਮੁਸਾਹਬ ਨੀ ਕੋਲ ਬੈਠੇ,
ਮੇਰੀ ਜ਼ਾਹਰ ਹਕੀਕਤ ਨ ਕਿਸੇ ਕੀਤੀ ।

---

੧. ਸਰਸ੍ਵਤੀ ਦੇਵੀ । ੨. ਖ਼ਾਲਸਾ ਪੰਥ ।
੩. ਮਹਾਰਾਜਾ ਰਣਜੀਤ ਸਿੰਘ । ੪. ਜਮਾਦਾਰ ਖੁਸ਼ਹਾਲ ਸਿੰਘ ।

ਹਰੀ ਸਿੰਘ ਸਰਦਾਰ ਜਦ ਬਾਹਰ ਆਇਆ,
ਦੋਹਾਂ ਬੈਠ ਕੇ ਇਹ ਸਲਾਹ ਕੀਤੀ ।
ਸਹਾਈ ਸਿੰਘ ਜੋੜੀ ਜਮਾਦਾਰ ਆਖੀ,
ਹਰੀ ਸਿੰਘ ਸਰਦਾਰ ਨੇ ਮੰਨ ਲੀਤੀ ॥੩॥
ਤੇ ਤਮਕ ਲੱਗੀ ਹਰੀ ਸਿੰਘ ਦੂਲੋ,
ਜਮਾਦਾਰ ਨੂੰ ਆਖ ਸੁਣਾਂਵਦਾ ਈ ।
ਇਕ ਗੱਲ ਜਮਾਦਾਰ ਦੇ ਨਾਲ ਕਰਕੇ,
ਇਹ ਅਰਜ਼ ਸਰਕਾਰੇ ਸੁਣਾਂਵਦਾ ਈ ।
ਹੁਕਮ ਹੋਵੇ ਤਾਂ ਮੈਂ ਪਿਸ਼ੌਰ ਜਾਵਾਂ,
ਜਮਾਂਦਾਰ ਥੋਂ ਗੱਲ ਹਟਾਂਵਦਾ ਈ ।
ਸਹਾਈ ਸਿੰਘ ਸੁਣੋ ਕਾਬਲ ਗਈਆਂ ਖਬਰਾਂ,
ਹਰੀ ਸਿੰਘ ਪਿਸ਼ੌਰ ਨੂੰ ਆਂਵਦਾ ਈ ॥੪॥
ਸੇ ਸੱਦ ਕੇ ਆਪ ਸਰਕਾਰ ਨੇ ਜੀ,
ਹਰੀ ਸਿੰਘ ਨੂੰ ਪਾਸ ਬਹਾਇਆ ਈ ।
ਕਲਗੀ ਜਿਗ੍ਹਾ ਤੇ ਢਾਲ ਤਲਵਾਰ ਦੇ ਕੇ,
ਸਿਰੋਪਾਉ ਤਾਂ ਖ਼ੂਬ ਸੁਹਾਇਆ ਈ ।
ਨਿਮਸ਼ਕਾਰ ਕਰਦਾ ਹਰੀ ਸਿੰਘ ਦੂਲੋ,
ਥਾਪੀ ਦੇ ਸਰਕਾਰ ਭਿਜਵਾਇਆ ਈ ।
ਹਰੀ ਸਿੰਘ ਸਰਦਾਰ ਨੇ ਚੜ੍ਹਤ ਕੀਤੀ,
ਡੇਰਾ ਕੋਟਲੀ ਦੇ ਵਿਚ ਪਾਇਆ ਈ ॥੫॥
ਜੀਮ ਜਮ ਕਰਕੇ ਸਭ ਫੌਜ ਤਾਈਂ,
ਡੇਰਾ ਕੂਚ ਦਰ ਕੂਚ ਕਰਾਂਵਦਾ ਈ ।
ਅੱਠਾਂ ਦਿਨਾਂ ਦੀ ਫੌਜ ਨੂੰ ਦੇਇ ਛੁੱਟੀ,
ਡੇਰਾ ਜਾਇ ਭਾਂਡੇਵਾਲ ਪਾਂਵਦਾ ਈ ।
ਲੋਕ ਤਰਸਦੇ ਨੀ ਮੁਖ ਵੇਖਣੇ ਨੂੰ,
ਨਹੀਂ ਗੁੱਜਰਾਂ ਵਾਲੇ ਨੂੰ ਆਂਵਦਾ ਈ ।
ਸਹਾਈ ਸਿੰਘ ਅਸਬਾਬ ਤਿਆਰ ਕਰਕੇ,
ਡੇਰਾ ਹਾਂਸਲੇਵਾਲ ਜਾ ਲਾਂਵਦਾ ਈ ॥੬॥
ਹੇ ਹੱਸ ਕਹਿੰਦਾ ਜਮਾਦਾਰ ਤਾਈਂ,
ਤੁਸੀਂ ਪਿੱਛੇ ਸਰਕਾਰ ਵੱਲ ਜਾਈਏ ਜੀ ।
ਰਹੇ ਜੀਂਵਦੇ ਮਿਲਾਂਗੇ ਫੇਰ ਮੁੜ ਕੇ.
ਸਾਨੂੰ ਹੱਸ ਕੇ ਫ਼ਤੇ ਬੁਲਾਈਏ ਜੀ ।

ਡੇਰਾ ਕੂਚ ਦਰ ਕੂਚ ਕਰਵਾਇ ਕੇ ਜੀ,
ਪੰਜੇ ਸਾਹਿਬ ਸੰਦਾ ਦਰਸ਼ਨ ਪਾਈਏ ਜੀ ।
ਸਹਾਈ ਸਿੰਘ ਪੰਜ ਤਾਰਾ ਨੂੰ ਮਾਰ ਕੇ ਜੀ,
ਫ਼ਤੇ ਕਰ ਪਿਸ਼ੌਰ ਨੂੰ ਧਾਈਏ ਜੀ ॥੭॥
ਖ਼ੇ ਖ਼ਾਨ ਮਲੂਕ ਜੋ ਬਹੁਤ ਡਿੱਠੇ,
ਏਹੁ ਜੇਹਾ ਵਰਿਆਮ ਨਹੀਂ ਕੋਈ ਹੋਇਆ ।
ਫੌਜ ਸਭ ਲੰਘਾਈ ਸੂ ਬੇੜੀਆਂ 'ਤੇ,
ਹਾਥੀ ਅਟਕ ਦੇ ਵਿਚ ਜਾ ਗਾਹਣ ਢੋਇਆ ।
ਪਾਰ ਲੰਘ ਕੇ ਢਿਲ ਨਾ ਜਰਾ ਕੀਤੀ,
ਡੇਰਾ ਜਾਇ ਢੂਡੇਰ ਦੇ ਪਾਸ ਢੋਇਆ ।
ਸਹਾਈ ਸਿੰਘ, ਸ਼ਜਾਦੇ ਨੂੰ ਖ਼ਬਰ ਕਰ ਕੇ,
ਪੰਜਤਾਰ ਮਾਰਨੇ ਦਾ ਦੂਲੇ ਨੂੰ ਫਿਕਰ ਹੋਇਆ ॥੮॥
ਦਾਲ ਦੇਖ ਸਮਿਆਨ ਪਹਾੜ ਦਾ ਜੀ,
ਡੇਰਾ ਜਾਇ ਗਲੇ ਅੱਗੇ ਧਾਇਆ ਈ ।
ਸ਼ੇਰ ਸਿੰਘ ਸਜਾਦੇ ਨੂੰ ਖਬਰ ਕਰ ਕੇ,
ਤੇਜਾ ਸਿੰਘ ਨੂੰ ਪਾਸ ਸਦਾਇਆ ਈ ।
ਕੰਪੂ ਤੋਪਖਾਨਾ ਸਭ ਤਿਆਰ ਕਰ ਕੇ,
ਏਹੁ ਹੁਕਮ ਸਰਕਾਰ ਫ਼ਰਮਾਇਆ ਈ ।
ਸਹਾਈ ਸਿੰਘ ਸਰਦਾਰ ਜਦ ਹੋਏ ਕੱਠੇ,
ਫ਼ਤੇ ਖਾਨ[੫] ਨੂੰ ਫਿਕਰ ਬਹੁ ਪਾਇਆ ਈ ॥੯॥
ਜ਼ਾਲ ਜ਼ਰਾ ਭੀ ਢਿੱਲ ਨਾ ਕੀਤੀਆ ਸੂ,
ਪਲਟਨ ਅੱਧੀ ਰਾਤੀਂ ਠੇਰੀ ਚਾੜ੍ਹੀਆ ਸੂ ।
ਕੋਲੋਂ ਹੋਰ ਡੇਰੇ ਨਹੀਂ ਖਬਰ ਕੀਤੀ,
ਰਾਤੋ ਰਾਤ ਪੰਜਤਾਰ ਨੂੰ ਮਾਰਿਆ ਸੂ ।
ਆਣ ਚਲਣ ਲੱਗਾ ਸਭੇ ਜਾਂ ਤੋਪਖਾਨਾ,
ਅੱਗੋਂ ਸਭੇ ਜਾ ਤੋਪਾਂ ਸੰਭਾਲੀਆਂ ਸੂ ।
ਸਹਾਈ ਸਿੰਘ ਆਖੇ ਦੂਲੇ ਜਸ ਤੇਰਾ,
ਪਾਸ ਬੈਠ ਪੰਜਤਾਰਾ ਨੂੰ ਸਾੜਿਆ ਸੂ ॥੧੦॥
ਰੇ ਰੂਬਰੋ ਸੱਦ ਹਲਕਾਰਿਆਂ ਨੂੰ,
ਅਰਜ਼ੀ ਲਿਖ ਸਰਕਾਰੇ ਪੁਚਾਂਵਦਾ ਈ ।

੫. ਫ਼ਤਿਹ ਖ਼ਾਨ, ਰਈਸ, ਪੰਜਤਾਰ (ਸੂਬਾ ਸਰਹੰਦ) ।

ਖੁਸ਼ੀ ਬਹੁਤ ਹੋਈ ਦਿਲ ਹਰੀ ਸਿੰਘ ਦੇ,
ਡੇਰਾ ਕੂਚ ਕਰ ਕੋਠੇ ਜਾ ਪਾਂਵਦਾ ਈ ।
ਕੰਪੂ ਹੋਇਆ ਵਿਦਿਆ ਹਰੀ ਸਿੰਘ ਪਾਸੋਂ,
ਜਦੋਂ ਸ਼ੇਰ ਆ ਕੇ ਡੇਰਾ ਲਾਂਵਦਾ ਈ ।
ਸਹਾਈ ਸਿੰਘ ਸਿੰਘਾਂ ਬਹੁਤ ਖੁਸ਼ੀ ਹੋਈ,
ਓਥੋਂ ਪਲਟਣਾਂ ਤਲਬ ਵਰਤਾਂਵਦਾ ਈ ॥੧੧॥
ਯੇ ਯਾਦ ਕਰਕੇ ਗੁਰੂ ਆਪਣੇ ਨੂੰ,
ਫਤੇ ਕਰ ਪੰਜਤਾਰ ਤੋਂ ਸਿੰਘ ਚੜ੍ਹਿਆ ।
ਧਮਕ ਲਗੀ ਹੈ ਵਿੱਚ ਵਿਲਾਇਤਾਂ ਦੇ,
ਪੁਲ ਬੰਨ੍ਹ ਡੇਰਾ ਲੁੰਡਿਓਂ ਪਾਰ ਕਰਿਆ ।
ਪਾਰ ਲੰਘ ਕੇ ਦੂਲੇ ਨਾ ਢਿੱਲ ਕੀਤੀ,
ਡੇਰਾ ਜਾਇ ਫਰਮਾਇ ਦੇ ਵਿਚ ਕਰਿਆ ।
ਸਹਾਈ ਸਿੰਘ ਸਰਦਾਰ ਦੀ ਛਬਿ ਸੋਹਣੀ,
ਧੌਂਸਾ ਮਾਰ ਪਿਸ਼ੌਰ ਦੇ ਵਿੱਚ ਵੜਿਆ ॥੧੨॥
ਸੀਨ ਸ਼ੇਰ ਵਾਂਗੂ ਭਬਕ ਮਾਰ ਕੇ ਜੀ,
ਫੌਜਾਂ ਬਾਗ ਦੇ ਪਾਸ ਖਲਵਾਈਆਂ ਸੂ ।
ਜਮਾਂਦਾਰ ਦੀਆਂ ਫੌਜਾਂ ਨੂੰ ਹੁਕਮ ਦੇ ਕੇ,
ਛੌਣੀ ਮਾਨਾਂ ਦੀ ਜਾ ਕੇ ਉਤਾਰੀਆਂ ਸੂ ।
ਅਲੀ ਮਰਦ ਦੇ ਬਾਗ ਵਿਚ ਆਪ ਬੈਠਾ,
ਛੌਣੀ ਆਪਣੀ ਫੌਜਾਂ ਉਤਾਰੀਆਂ ਸੂ ।
ਸਹਾਈ ਸਿੰਘ ਆਖੇ ਦਸਵੇਂ ਦਿਨ ਓਥੋਂ,
ਫੇਰ ਅੱਗੇ ਦੀ ਬਾਤ ਚਿਤਾਰੀਆ ਸੂ ॥੧੩॥
ਸੀਨ ਸ਼ਹਿਰ ਦੇ ਲੋਕ ਇਕੱਠੇ ਹੋ ਕੇ,
ਹੱਥ ਜੋੜ ਕੇ ਅਰਜ਼ ਸੁਣਾਂਵਦੇ ਈ ।
ਜੁਗੋ ਜੁਗ ਦੂਲੇ ! ਤੇਰਾ ਰਾਜ ਹੋਵੇ,
ਸਾਨੂੰ ਫਿਰਦੇ ਏ ਬਹੁਤ ਅਕਾਂਵਦੇ ਨੀ ।
ਕੱਠੇ ਹੋਇ ਕੇ ਸਾਥ ਤਿਆਰ ਸੱਭੇ,
ਜਮਰੌਦ ਦਾ ਮੁਲਖ ਵਿਖਾਂਵਦੇ ਨੀ ।
ਸਹਾਈ ਸਿੰਘ ਆਖੇ ਕਾਬਲ ਗਈਆਂ ਖਬਰਾਂ,
ਖਹਿਬਰ ਬੂਹੇ ਉੱਤੇ ਕਿਲ੍ਹਾ ਪਾਂਵਦੇ ਨੀ ॥੧੪॥
ਸੁਆਦ ਸੱਦ ਕੇ ਸਭਨਾਂ ਪੰਡਤਾਂ ਨੂੰ,
ਪਾਸ ਬੈਠ ਕੇ ਬੇਦ ਪੁਛਾਂਵਦਾ ਈ ।

ਸ਼ੁਭ ਲਗਨ ਤੇ ਘੜੀ ਵਿਚਾਰ ਕੇ ਜੀ,
ਗੁੜ ਵੰਡ ਕੇ ਤੇਲ ਚੁਆਂਵਦਾ ਈ ।
ਓਥੇ ਸਭ ਮੁਸਾਹਬ ਨੀ ਹੋਏ ਕੱਠੇ,
ਮਹਾ ਸਿੰਘ⁶ ਆਖੇ ਡੇਰੇ ਲਾਂਵਦਾ ਈ ।
ਸਹਾਈ ਸਿੰਘ ਆਖੇ ਡੇਰੇ ਲਾਂਵਦਾ ਈ,
ਮੁੜ ਛਾਵਣੀ ਨੂੰ ਫੇਰਾ ਪਾਂਵਦਾ ਈ ॥੧੫॥
ਜੋ ਜੋੜਦਾ ਹੈ ਹੱਥ ਦਿਨੇ ਰਾਤੀਂ,
ਮੇਰੀ ਰੱਖੀਂ ਭਗਵਤੀ ਤੂੰ ਲਾਜ ਮਈਆ ।
ਸਰਕਾਰ ਦੇ ਸਜਾਦੇ ਦੇ ਵਿਆਹ ਤਾਈਂ,
ਲਿਖ ਟੋਰਿਆ ਸੂ ਮੇਰੀ ਵੱਲ ਭਈਆ ।
ਆਪ ਆਵਣੇ ਦਾ ਕੋਈ ਢੱਬ ਨਹੀਂ,
ਏਥੇ ਹੋਇਆ ਹੈ ਜੁੱਧ ਸਮਿਆਨ ਭਈਆ ।
ਸਹਾਈ ਸਿੰਘ ਜਮਰੌਦ ਦਾ ਕਿਲ੍ਹਾ ਪਾਇਆ,
ਇਹ ਖਬਰਾਂ ਕੰਧਾਰ ਦੇ ਵਿਚ ਗਈਆਂ ।
ਤੇ ਤੋਬਾ ਪੁਕਾਰਦੇ ਤੁਰਕ ਸਭੇ,
ਹਰੀ ਸਿੰਘ ਸਰਦਾਰ ਤੋਂ ਖੌਫ਼ ਖਾਵੇ ।
ਖਹਿਬਰ ਵਾਲਿਆਂ ਘੱਲਿਆ ਕਾਬਲੀਆਂ ਨੂੰ,
ਫੌਜਾਂ ਘੱਲੋ ਤਾਂ ਸਾਡੀ ਭੀ ਰਹਿ ਆਵੇ ।
ਜੇ ਕਰ ਫੌਜਾਂ ਨਾ ਘੱਲੋ ਹਮਰਾਹ ਸਾਡੀ,
ਖੈਬਰ ਮਾਰ ਡੇਰਾ ਕਾਬਲ ਵਿਚ ਪਾਵੇ ।
ਸਹਾਈ ਸਿੰਘ ਦੁਰਾਨੀ ਸਭ ਹੋਏ ਕੱਠੇ,
ਅੱਗੇ ਗੱਲ ਸੋਈ ਜੋੜੀ ਰੱਬ ਭਾਵੇ ॥੧੭॥
ਜੋਇ ਜਮ੍ਹਾਂ ਕਰ ਕੇ ਸਭ ਮੁਸਲਮਾਨੀ,
ਡੇਰਾ ਆਇ ਗਲੇ ਅੱਗੇ ਪਾਇਆ ਈ ।
ਛੌਣੀ ਹੁੰਦੀਆਂ ਰੋਜ਼ ਬਰੋਜ਼ ਖਬਰਾਂ,
ਹਰੀ ਸਿੰਘ ਚੜ੍ਹ ਕੇ ਫੇਰ ਆਇਆ ਈ ।
ਦੂਲੇ ਚੜ੍ਹਦਿਆਂ ਜ਼ਰਾ ਨਾ ਢਿੱਲ ਕੀਤੀ,
ਮੁੜ ਦੇਵੀ ਦਾ ਵਰਤ ਰਖਾਇਆ ਈ ।
ਸਹਾਈ ਸਿੰਘ ਸੁਣੋ ਖਬਰਾਂ ਜੁੱਧ ਦੀਆਂ,
ਤੋਪਾਂ ਮਾਰ ਕੇ ਤੁਰਕ ਭਜਾਇਆ ਈ ॥੧੮॥

---

੬. ਸਰਦਾਰ ਮਹਾਂ ਸਿੰਘ ਮੀਰ ਪੁਰੀਆ ।

ਐਨ੍ਹ ਆਨ ਲੱਗੇ ਕਿਲ੍ਹੇ ਮੋਰਚੇ ਜੀ,
ਮਹਾਂ ਸਿੰਘ ਸਰਦਾਰ ਨੂੰ ਖਬਰ ਕਰਦਾ।
ਸੱਠ ਸੱਤਰ ਹਜ਼ਾਰ ਦੁਰਾਨੀ ਆਏ,
ਮਹਾਂ ਸਿੰਘ ਸਰਕਾਰੇ ਭੀ ਅਰਜ਼ ਲਿਖਦਾ।
ਫੌਜਾਂ ਘਲੋ ਹਮਰਾਹ ਸ਼ਿਤਾਬ ਸਾਡੀ,
ਜਮੀਤ ਸਿੰਘ[1] ਸਰਕਾਰ ਸੀ ਤੁਰਤ ਚੜ੍ਹਦਾ।
ਸਹਾਈ ਸਿੰਘ ਜਮੀਤ ਸਿੰਘ ਖ਼ੂਬ ਲੜਿਆ,
ਮਾਰ ਤੁਰਕਾਂ ਦੇ ਸੱਥਰ ਵਿਛਾਇ ਧਰਦਾ ॥੧੯॥
ਗਾਫ ਗੌਰ ਕਰਦਾ ਵੱਡੀ ਬ੍ਰਾਹਮਣਾਂ ਦੀ,
ਗਰੀਬ ਵੇਖ ਕੇ ਬਹੁਤ ਪ੍ਰਿਤਪਾਲ ਕਰਦਾ।
ਸਤਜੁਗ ਵਿਚ ਰਾਜਾ ਕਰਨ ਹੋਇਆ,
ਤੇਹਾ ਪੁੰਨ ਹਰੀ ਸਿੰਘ ਹੁਣ ਕਰਦਾ।
ਐਡਾ ਪੁੰਨੀ ਤੇ ਦਾਨੀ ਨਾ ਹੋਰ ਕੋਈ,
ਜਿਸ ਦਾ ਨਾਉਂ ਸੁਣ ਕੇ ਜਸ ਲੋਕ ਕਰਦਾ।
ਸਹਾਈ ਸਿੰਘ ਸਰਦਾਰ ਦਾ ਨਾਉਂ ਸੁਣ ਕੇ,
ਤੁਰਕ ਸੰਦੜਾ ਤੇਜ ਹੁਣ ਦੂਰ ਕਰਦਾ ॥੨੦॥
ਫੇ ਫੌਜ ਅੱਗੇ ਹੱਥ ਜੋੜਦਾ ਜੀ,
ਹਰੀ ਸਿੰਘ ਸਰਦਾਰ ਜੋ ਅਰਜ਼ ਕਰਦਾ।
ਬਖਸ਼ੋ ਗੁਨਾਹ ਸਾਰੇ ਗੁਰੂ ਖ਼ਾਲਸਾ ਜੀ,
ਵਿੱਚ ਗੁਰੂ ਗਰੰਥ ਜੀ ਆਨ ਧਰਦਾ।
ਤੁਸੀਂ ਕਰਨ ਕਾਰਨ ਗੁਰੂ ਖ਼ਾਲਸਾ ਜੀ,
ਹੁਕਮ ਮੰਨ ਕੇ ਕੜਾਹ ਪ੍ਰਸ਼ਾਦ ਕਰਦਾ।
ਸਹਾਈ ਸਿੰਘ ਕਹੇ ਸੁਣੋ ਖਾਲਸਾ ਜੀ,
ਹਰੀ ਸਿੰਘ ਸਰਦਾਰ ਹੁਣ ਆਪ ਚੜ੍ਹਦਾ ॥੨੧॥
ਕਾਫ ਕਮਰ ਕਸੀ ਸਰਦਾਰ ਨੇ ਜੀ,
ਸਭ ਫੌਜ ਤਿਆਰ ਕਰਵਾਇਓ ਸੂ।
ਧੌਂਸਾ ਮਾਰ ਕੇ ਫੌਜਾਂ ਦੇ ਨਾਲ ਚੜ੍ਹਿਆ,
ਬਾਹਰ ਸਭ ਅਸਬਾਬ ਧਰਵਾਇਓ ਸੂ।
ਤੁੰਮਣਦਾਰ ਸੇ ਫੌਜ ਦੇ ਚਾਰ ਦੂਲੇ,
ਮੁਸਲਮਾਨਾਂ ਨੂੰ ਫਿਕਰ ਬਹੁ ਪਾਇਓ ਸੂ।

---

੧. ਸਰਦਾਰ ਜਮੀਅਤ ਸਿੰਘ ਮੋਕਲ।

ਹਰੀ ਸਿੰਘ ਸਰਦਾਰ ਦਾ ਤਪ ਭਾਰਾ,
ਪੱਟ ਮੋਰਚਾ ਪਿੱਛੇ ਹਟਾਇਓ ਸੂ ॥੨੨॥
ਗਾਫ਼ ਗੌਰ ਕਰਦਾ ਵੱਡੀ ਫੌਜ ਦੀ ਜੀ,
ਹੁਕਮ ਸਿੰਘ[੮] ਨੂੰ ਵਿੱਚ ਖਲਿਹਾਰਿਆ ਈ ।
ਸਾਰੀ ਫੌਜ ਦਿੱਤੀ ਹੁਕਮ ਸਿੰਘ ਨੂੰ ਜੀ,
ਜਮਾਦਾਰ ਨੂੰ ਬਹੁਤ ਸ਼ਿੰਗਾਰਿਆ ਈ ।
ਫੌਜਾਂ ਜਾਂਦੀਆਂ ਹੈਨ ਬਰੋਬਰੀ ਜੀ,
ਅੱਗੇ ਹੋਇ ਰਸਾਲਿਆਂ ਤੋਰਿਆ ਈ ।
ਸਹਾਈ ਸਿੰਘ ਰਸਾਲੇ ਨੂੰ ਕੁੱਦ ਪਏ,
ਫੌਜ ਆਪਣੀ ਨੂੰ ਲਲਕਾਰਿਆ ਈ ॥੨੩॥
ਲਾਮ ਲੱਗੇ ਤੁਰਕ ਭਾਂਜ ਖਾਣ ਅੱਗੇ,
ਇਕ ਦੂਜੇ ਨੂੰ ਨਹੀਂ ਸੰਭਾਲਦੇ ਜੀ ।
ਫੌਜਾਂ ਮੱਲ ਲਈਆਂ ਫੌਜ ਆਪਣੀ ਨੇ,
ਉਤੇ ਆਈਨ ਦਾ ਪਹਿਰਾ ਖਲ੍ਹਾਰਦੇ ਜੀ ।
ਹੋਈ ਆਪਣੀ ਫੌਜ ਨੂੰ ਬਹੁਤ ਖੁਸ਼ੀ,
ਤੁਰਕਾਂ ਮਾਰ ਕੇ ਹੇਠ ਲਤਾੜਦੇ ਜੀ ।
ਸਹਾਈ ਸਿੰਘ ਆਖੇ ਇਕ ਬੁਰੀ ਕੀਤੀ,
ਗੋਲੰਦਾਜ ਨਹੀਂ ਇਨ੍ਹਾਂ ਮਾਰਨੇ ਜੀ ॥੨੪॥
ਮੀਮ ਮੌਤ ਨਾ ਜਾਣਦਾ ਕੇਹੀ ਹੁੰਦੀ,
ਤੇਗਾ ਖਿੱਚ ਕੇ ਜੁੱਧ ਦੇ ਵਿਚ ਵੜਦਾ ।
ਹੋਰ ਫੌਜ ਤਾਂ ਬਹੁਤ ਸਰਕਾਰ ਦੀ ਹੈ,
ਹਰੀ ਸਿੰਘ ਸੂਰਾ ਅੱਗੇ ਹੋਇ ਲੜਦਾ ।
ਫੌਜ ਜਾਇ ਲੱਗੀ ਤੰਬੂ ਲੁਟਣੇ ਨੂੰ,
ਹਰੀ ਸਿੰਘ ਸਰਦਾਰ ਸੀ ਮਨ੍ਹੇ ਕਰਦਾ ।
ਸਹਾਈ ਸਿੰਘ ਫਿਰੰਗਣ ਨੂੰ ਮਾਰ ਕੇ ਜੀ,
ਤੋਪਖਾਨੇ ਦੇ ਵਿਚ ਬਰੂਦ ਸੜਦਾ ॥੨੫॥
ਨੂਨ ਨੱਸ ਗਏ ਪਹਿਲੇ ਤੁਰਕ ਉਥੋਂ,
ਫੇਰ ਆਇ ਇਕੱਠ ਕਰਾਂਵਦੇ ਨੀ ।
ਗੁੱਸਾ ਖਾਇ ਕੇ ਖਿੱਚ ਤਲਵਾਰੀਂ ਲਈਆਂ,
ਮਾਰੋ ਮਾਰ ਹੀ ਬਹੁਤ ਮਚਾਂਵਦੇ ਨੀ ।
ਹਲਾ ਕੀਤਾ ... ... ... ... ... ... ... ...,
... ... ... ... ... ... ... ... .. ... ... ॥੨੩॥

---

੮. ਸਰਦਾਰ ਹੁਕਮਾ ਸਿੰਘ ਚਿਮਨੀ ।

# ੯. ਜੰਗ ਨਾਮਾ ਸ: ਹਰੀ ਸਿੰਘ ਨਲਵਾ

ਇਹ ਜੰਗ ਨਾਮਾ, ਜੋ ਸਿੱਖ ਰੈਫ਼ਰੈਂਸ ਲਾਇਬਰੇਰੀ, 'ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਦੀ ਹੱਥ ਲਿਖਿਤ ਨੰ: ੫੯੫੪ ਦੇ ਸਿਰਲੇਖ ਹੇਠ ਮੌਜੂਦ ਹੈ ਗ਼ਾਲਬਨ ਭਾਈ ਕਾਨ੍ਹ ਸਿੰਘ ਬੰਗਾ ਦਾ ਉਹੋ ਬੀਰ ਕਾਵਿ ਹੈ, ਜੋ ਉਸ ਨੇ ਸਰਦਾਰ ਹਰੀ ਸਿੰਘ ਨਲਵੇ ਦੇ ਸੰਬੰਧ ਵਿਚ ਲਿਖਿਆ ਸੀ। ਭਾਈ ਕਾਨ੍ਹ ਸਿੰਘ ਬੰਗਾ ਦੀ ਇਕ ਕਲਮੀ ਯਾਦ-ਦਾਸ਼ਤ ਵਿਚ, ਜੋ ਭਾਈ ਨੰਦ ਸਿੰਘ ਦਰਜ਼ੀ, ਨਗਰ ਅਮਰ ਗੜ੍ਹ ਜ਼ਿਲਾ ਸੰਗਰੂਰ ਪਾਸ ਸੁਰੱਖਿਅਤ ਹੈ, ਇਸ ਜੰਗ ਨਾਮੇ ਦਾ ਸੰਖੇਪ ਮਾਤ੍ਰ ਜ਼ਿਕਰ ਹੈ ਤੇ ਇਸ ਦੇ ਨਾਲ ਹੀ ਭਾਈ ਕਾਨ੍ਹ ਸਿੰਘ ਦੇ ਲਿਖੇ ਹੋਏ ਨਿਹੰਗ ਸਿੰਘਾਂ ਬਾਰੇ ਦੋ ਹਾਸ ਰਸੀ ਕਬਿੱਤ ਵੀ ਦਿੱਤੇ ਹਨ ਜੋ ਅੱਗੇ ਚਲ ਕੇ ਇਸੇ ਪੁਸਤਕ ਜੰਗ ਨਾਮਾ ਲਾਹੌਰ (ਕਾਨ੍ਹ ਸਿੰਘ ਬੰਗਾ) ਦੀ ਭੂਮਿਕਾ ਵਿਚ ਦਿੱਤੇ ਗਏ ਹਨ।

ਜੰਗ ਨਾਮਾ ਹਰੀ ਸਿੰਘ ਨਲਵਾ ਦੀ ਇਹ ਅਧੂਰੀ ਤੇ ਅਸ਼ੁੱਧ ਪ੍ਰਤੀ, ਜਿਸ ਦਾ ਕੁਝ-ਕੁਝ ਅੱਗਾ-ਪਿੱਛਾ ਗੁਮ ਹੈ, ੧੨੩" X ਸਾਢੇ ਚਾਰ ਇੰਚ ਦੇ ਲੰਮੇ ਸਾਈਜ਼ ਦੇ ਜੁੜਵੇਂ ਪਤ੍ਰਾਂ ਉਤੇ ਮੋਟੇ ਅੱਖਰਾਂ ਵਿਚ ਲਿਖੀ ਹੋਈ ਹੈ। ਇਸ ਦੇ ਵੱਡੇ-ਵੱਡੇ ਨੁਕਸ ਇਹੋ ਹਨ ਕਿ ਇਸ ਵਿਚ ਲੇਖਕ ਦਾ ਨਾਂ ਕਿਤੇ ਨਹੀਂ ਦਿੱਤਾ ਤੇ ਲਿਖਤ ਵੀ ਬੜੀ ਖੰਡਿਤ ਤੇ ਅਧੂਰੀ ਹੈ, ਪਰ ਇਹ ਇਤਿਹਾਸਕ ਲਿਖਤ ਚੂੰਕਿ ਅਜੇ ਤਕ ਕਿਤੇ ਛਪੀ ਨਹੀਂ ਤੇ ਮੁਕਾਬਲਾ ਕਰਨ ਵਾਸਤੇ ਇਸ ਦੀ ਕੋਈ ਦੂਜੀ ਪ੍ਰਤੀ ਵੀ ਕਿਤੋਂ ਨਹੀਂ ਮਿਲ ਸਕੀ। ਸਰਦਾਰ ਹਰੀ ਸਿੰਘ ਨਲਵੇ ਬਾਰੇ ਇਹ ਜੰਗ ਨਾਮਾ, ਜਿਸ ਦੇ ਵਾਕਿਆਤ ਇਤਿਹਾਸਕ ਪੱਖ ਤੋਂ ਬੜੇ ਵਜ਼ਨੀ ਹਨ, ਇਥੇ ਪਹਿਲੀ ਵੇਰ ਸੋਧ-ਸਵਾਰ ਕੇ ਇਸ ਵੀਰ ਕਾਵਿ ਸੰਗ੍ਰਹਿ ਰਾਹੀਂ ਪਾਠਕਾਂ ਅੱਗੇ ਪੇਸ਼ ਕੀਤਾ ਗਿਆ ਹੈ। ਸੋ ਆਸ ਹੈ, ਗੁਣੀ ਜਨਾਂ ਵਲੋਂ ਅਵੱਸ਼ ਪ੍ਰਵਾਨ ਕੀਤਾ ਜਾਵੇਗਾ।

ਇਸ ਤੋਂ ਪਹਿਲਾਂ ਵਾਰ ਹਰੀ ਸਿੰਘ ਨਲਵਾ ਵਿਚ ਕਵੀ ਸਹਾਈ ਸਿੰਘ ਨੇ ਭਾਵੇਂ ਸਰਦਾਰ ਹਰੀ ਸਿੰਘ ਦਾ ਇਹੋ ਸ਼ਹੀਦੀ ਪਰਸੰਗ ਕੁਝ ਹੋਰਵੇਂ ਬਿਆਨ ਕੀਤਾ ਹੈ ਤੇ ਕੁਝ ਇਤਿਹਾਸਕ ਗੱਲਾਂ ਨੂੰ ਐਵੇਂ ਕਲਪਨਾ ਦੀ ਰੰਗਣ ਵੀ ਦਿੱਤੀ ਹੈ, ਪਰ ਇਸ ਜੰਗ ਨਾਮੇ ਵਿਚ, ਜਿਵੇਂ ਕਿ ਇਸ ਦੇ ਘਟਨਾ ਕ੍ਰਮ ਤੋਂ ਪਤਾ ਲੱਗਦਾ ਹੈ, ਸੰਨ ੧੮੩੫ ਵਿਚ ਸਰਦਾਰ ਹਰੀ ਸਿੰਘ ਦਾ ਫੌਜ ਲੈ ਕੇ ਲਾਹੌਰੋਂ ਸ਼ੇਰਿ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਹੁਕਮ ਨਾਲ ਪਿਸ਼ਾਵਰ ਜਾਣ ਲਈ ਪਹਿਲਾਂ ਦਰਿਆ

ਰਾਵੀ, ਫਿਰ ਦਰਿਆ ਝਨਾ ਤੇ ਜਿਹਲਮ (ਸਿੰਧ) ਲੰਘ ਕੇ ਖੈਰਾਬਾਦੋਂ ਹੁੰਦੇ ਹੋਇਆਂ ਸਿੱਧਾ ਪਿਸ਼ਾਵਰ ਪਹੁੰਚਣਾ ਤੇ ਫਿਰ ਉਥੇ ਦੱਰਾ ਖੈਬਰ ਦੇ ਮੁਹਾਨੇ ਉਤੇ ਜਮਰੌਦ ਦਾ ਕਿਲ੍ਹਾ ਉਸਾਰਨਾ, ਪਿਛੋਂ ਖੈਬਰੀ ਪਠਾਣਾਂ ਵਲੋਂ ਸ਼ਿਕਾਇਤ ਕਰਨ ਤੇ ਕਾਬਲੋਂ ਅਮੀਰ ਦੋਸਤ ਮੁਹੰਮਦ ਖ਼ਾਨ ਦੀਆਂ ਫੌਜਾਂ ਦਾ ਆਉਣਾ ਅਤੇ ਜਮਰੌਦ ਦੀ ਇਤਿਹਾਸਕ ਲੜਾਈ ਸੰਨ ੧੮੩੭ ਵਿਚ ਛਿੜਨਾ, ਜਿਸ ਅੰਦਾਜ਼ ਵਿਚ ਦੱਸਿਆ ਹੈ, ਉਹ ਹੋਰ ਕਿਸੇ ਜੰਗ ਨਾਮੇ ਜਾਂ ਵਾਰ ਵਿਚ ਇਸ ਤਰ੍ਹਾਂ ਨਹੀਂ ਦੱਸਿਆ ਤੇ ਨਾਲੇ ਅਪ੍ਰੈਲ ਸੰਨ ੧੮੩੭ ਵਿਚ ਸਰਦਾਰ ਹਰੀ ਸਿੰਘ ਨਲਵੇ ਸਮੇਤ ਸ: ਹੁਕਮ ਸਿੰਘ, ਜਵਾਹਰ ਸਿੰਘ ਆਦਿ ਦੀਆਂ ਸ਼ਹੀਦੀਆਂ ਦੇ ਹਾਲ ਵੀ ਏਕਣ ਬਿਆਨ ਨਹੀਂ ਕੀਤੇ। ਇਸ ਲਈ ਇਹ ਜੰਗ ਨਾਮਾ ਸਿੱਖ ਇਤਿਹਾਸ ਦੇ ਨੁਕਤਾ ਨਿਗਾਹ ਤੋਂ ਹੋਰ ਵੀ ਅਹਿਮ ਹੋ ਜਾਂਦਾ ਹੈ। ਇਸੇ ਕਾਰਣ ਇਸ ਜੰਗਨਾਮੇ ਦਾ ਇਹ ਪੱਖ ਪਾਠਕਾਂ ਨੂੰ ਦੱਸਣ ਲਈ ਇਸ ਨੂੰ ਇਥੇ ਛਾਪਣਾ ਜ਼ਰੂਰੀ ਸਮਝਿਆ ਗਿਆ ਹੈ।

ਜੇ ਇਸ ਜੰਗ ਨਾਮੇ ਦੀ ਕੋਈ ਮੁਕੰਮਲ ਕਾਪੀ ਕਿਤੋਂ ਮਿਲ ਜਾਵੇ ਤੇ ਨਾਲੇ ਕਿਤੋਂ ਇਸ ਦੇ ਲੇਖਕ ਬਾਰੇ ਵੀ ਸਹੀ ਵਾਕਿਫ਼ੀਅਤ ਹੋ ਜਾਵੇ ਤਾਂ ਇਸ ਬਾਰੇ ਉਹ ਸੂਚਨਾ ਸੰਸ਼ੋਧਨ ਸਹਿਤ ਇਸ ਪੁਸਤਕ ਦੇ ਅਗਲੇ ਸੰਸਕਰਣ ਵਿਚ ਦੇਣ ਦਾ ਯਤਨ ਅਵੱਸ਼ ਕੀਤਾ ਜਾਵੇਗਾ।

# ਜੰਗ ਨਾਮਾ ਹਰੀ ਸਿੰਘ ਨਲਵੇ ਕਾ

(ਸਿ. ਰੈ. ਲਾ. ਅੰ. ੫੮੫੪)

**(ਜਨਮ ਮਹਾਰਾਜਾ ਰਣਜੀਤ ਸਿੰਘ ਦਾ)**

..........ਦਿਨ ਦਿਨ ਤੇਜ ਬਡ..............................
..............................ਪਨ ਹੋਇ ਗਇਓ ।
ਹੋਤ ਰਹੇ ਸਦ ਹੀ ਸਦ..............................ਹ ਧਾਮ ।
ਰਣਜੀਤ (ਸਿੰਘ).............................. ।

ਦੋਹਰਾ

ਸੁਭ ਦਿਨ ਸੁਭ..........(ਸ਼ੁਭ ਨਛੱਤ੍ਰ ਸੁਭ ਵਾਰੁ) ।
ਮਾਨੋ ਕਲਜੁਗ..........ਆਨ ਜਨਮ ਲਇ ਧਾਰ ।

ਨਾਰਾਜ ਛੰਦ

ਨਰੂ ਸੁ ਜਨਮ ਧਾਰਿਓ । ਕਰਿਓ ਸੁ ਦਾਨ ਤਾਰਿਓ ।
ਬਜੰਤ ਦੁੰਦ ਭੇਰੀਆ । ਤੁਰੀ ਸੁਰੰ ਨਫੇਰੀਆ ।
ਬਜੇ ਮ੍ਰਿਦੰਗ ਬੀਨ ਕਾ । ਕਰੇ ਸੁਰਾਗ ਤੀਨ ਕਾ ।
ਬਿਭਾਸ ਕੀ ਬਨਾਸੁਰੀ । ਬਿਲਾਵਲੀ ਧਨਾਸੁਰੀ ॥

ਝੂਲਨਾ ਛੰਦ

ਕਰੇ ਨਿਰਤ ਬਹੁ ਭਾਂਤ ਸੋ ਰਾਮ ਜਨੀਆਂ[1], ਹਾਉ ਭਾਉ ਕੈ ਤਾਨ ਸੋ ਗੀਤ ਗਾਵੈ।
ਬਨੇ ਪਹਿਰ ਪਟੰਬਰਾ ਭੂਖਨਾ ਸੋ, ਜੋਊ ਦਾਨ ਮਾਂਗੈ ਸੋਊ ਦਾਨ ਪਾਵੈ ।
ਚਲੀ ਜਾਤ ਆਨੰਦ ਮਨਾਇ ਕੇ ਸੋ, ਕਰ ਜੋਰ ਕੈ ਦੇਤ ਅਸੀਸ ਤਾਂ ਕੋ ।
ਕਹੈ ਭੂਪ[2] ਕੋ ਸੀਸ ਨਿਵਾਇ ਐਸੇ, ਬਡੀ ਆਉ ਪਾਵੈ ਤੇਰਾ ਪੁਤ੍ਰ ਬਾਂਕੋ।

ਦੋਹਰਾ

ਰਣਜੀਤ ਸਿੰਘ ਭੂਪ[3] ਕਾ ਜਨਮੁ ਕਹਜੋ ਬਿਸਤਾਰ ।

---

੧. ਗਣਿਕਾ । ੨. ਭਾਵ ਸਰਦਾਰ ਮਹਾਂ ਸਿੰਘ ਸ਼ੁਕ੍ਰਚੱਕੀਆ ।
੩. ਭੂਪਾਲ, ਰਾਜਾ ।

ਅਬ ਆਗੇ ਅਉਰੈ ਕਥਾ ਸੁਨਹੁ ਸੰਤ ਮਨ ਧਾਰ ॥

**(ਰਾਜ-ਸਾਜ ਵਰਣਨ)**

ਚੌਪਈ

ਜਬ ਹੀ ਬਡੋ ਹੋਤ ਭਯੋ ਭੂਪਾ । ਤਿਸ ਕੋ ਅਧਿਕ ਹੋਤ ਭਯੋ ਰੂਪਾ ।
ਅਨਿਕ ਭਾਂਤਿ ਬਨ ਖੇਲ ਸ਼ਿਕਾਰਾ । ਮਾਰੇ ਸਿੰਘ ਕੁਰੰਗ ਝੰਖਾਰਾ ।
ਤਬ ਹੀ ਸਕਲ ਰਾਜ ਤਿਹ ਪਾਯੋ । ਦੇਵ ਲੋਕ ਜਬ ਪਿਤਾ[4] ਸਿਧਾਯੋ ।
ਜਹਾਂ ਤਹਾਂ ਤਿਨ ਕਲਹ ਜਗਾਈ । ਸਭ ਰਾਜਨ ਸੋ ਕਰਤ ਲਰਾਈ ॥

ਭੁਜੰਗ ਛੰਦ

ਇਹ ਭਾਂਤਿ ਬਲ ਸੋ ਸਭੈ ਭੂਪ ਜੀਤੇ । ਤਲਵਾਰ ਕੀ ਧਾਰ ਸੇ ਜੇਰ[5] ਕੀਤੇ ।
ਸਭੀ ਦੇਸ ਕੋ ਹੈ ਬੰਦੋਬਸਤੁ ਕੀਨਾ । ਸ਼ਹਿਰ ਕਿਲੇ ਕੋਈ ਆਣ ਟਿਕੀ ਨਾ ।

**(ਪਿਸ਼ਾਵਰ ਦੀ ਗੜਬੜ ਤੇ ਮਹਾਰਾਜੇ ਦਾ ਹੁਕਮ)**

ਦੋਹਰਾ

ਨਾਮ ਸਹਰਿ ਪੇਸਉਰ ਕੀ, ਬਾਤ ਸੁਨਾਊ ਤੋਹਿ ।
ਕੇਤੇ ਸੁਭਟ[6] ਤਹਾਂ ਗਏ, ਬੰਦੋਬਸਤ ਨਹੀ ਹੋਇ ॥

ਸਵੈਯਾ

ਸਹਰਿ ਪਿਸਉਰ ਕੀ ਬਾਤ ਸੁਨੋ, ਨਹੀਂ ਹੋਵਤ ਤਾਹੂ ਕੀ ਸੂਰਤ ਤਾਈ ।
ਆਸ ਹੀ ਪਾਸ ਦੁਰਾਨੀ ਬਸੈ, ਦਿਨ ਰੈਨ ਕਰੈ ਤਿਹ ਸੋ ਅਕੁਲਾਈ ।
ਜੋ ਕੋਊ ਸੂਰ ਰਹੈ ਤਿਹ ਠਉਰ, ਨ ਹੋਵਤ ਹੈ ਤਿਹ ਕੀ ਠਕੁਰਾਈ ।
ਐਸੋ ਬਿਚਾਰ ਕਹਿਓ ਸਰਕਾਰ, ਐਸੋ ਕੋਊ ਬੀਰ ਤਹਾਂ ਕਰੇ ਧਾਈ ॥

ਦੋਹਰਾ

ਹਰੀ ਸਿੰਘ ਤਬ ਬੀਰ ਕੋ, ਲੀਨੋ ਨਿਕਟ ਬੁਲਾਇ ।
ਆਦਰਿ ਕਰਿ ਤਾ ਕੋ ਕਹਯੋ, "ਸਹਰਿ ਬਸਾਓ ਜਾਇ ॥"

**(ਸਰਦਾਰ ਹਰੀ ਸਿੰਘ ਨਲਵੇ ਦੀ ਪਿਸ਼ਾਵਰ ਉਤੇ ਚੜ੍ਹਾਈ)**

ਕਬਿਤੁ

ਹਰੀ ਸਿੰਘ ਬੀਰ ਕੋ ਕਹਯੋ ਨਰੇਸ ਬੈਠ ਕੇ,
"ਪਸਉਰ ਦੇਸ ਜਾਇ ਕੈ ਹਮਾਰ ਕਾਮੁ ਕੀਜੀਐ ।
ਅਬਾਦਾਨੀ ਕੀਜੋ, ਸਭ ਦੇਸ ਕੋ ਵਸਾਇ ਲੀਜੋ,
ਕੀਜੋ ਬਾਤ ਸੋਈ ਜਿਮ ਕੋਊ ਨ ਦੁਖੀਜੀਐ ।

---

੪. ਸਰਦਾਰ ਮਹਾਂ ਸਿੰਘ ਸ਼ੁਕ੍ਰਚੱਕੀਏ ਦਾ ਦੇਹਾਂਤ ਸੰਨ ੧੭੯੨ ਈ. ਵਿੱਚ ਗੁੱਜਰਾਂ ਵਾਲੇ ਹੋਇਆ, ਜਿਥੇ ਕਿ ਬਾਰਾਂਦਰੀ ਵਿਚ ਉਸ ਦੀ ਸਮਾਧ ਬਣੀ ਹੋਈ ਹੈ । ੫. ਅਧੀਨ।
੬. ਸੂਰਬੀਰ, ਜੋਧੇ ।

ਜੇਤੇ ਅਪਰਾਧੀ ਔ ਬਿਖਾਦੀ ਜਾਂਇ ਬਾਂਧੇ ਸਭ,
ਕੈਦ ਕੈ ਬਜਾਰ ਮੈ ਸਜਾਇ ਖੂਬ ਦੀਜੀਐ।
ਮਿਲੈ ਜੋਊ ਖਾਨ ਤਾ ਕੋ ਕੀਜੈ ਸਨਮਾਨ ਯਹ,
ਹਮਾਰੀ ਬਾਤ ਮਾਨ, ਜਸ ਹੂੰ ਕੋ ਟੀਕੋ ਲੀਜੀਐ ॥

ਦੋਹਰਾ

ਹਰੀ ਸਿੰਘ ਕਰਿ ਜੋਰ ਕੈ, ਉਠਿ ਕਰਿ ਕਿਯੋ ਪ੍ਰਨਾਮ।
ਤਬ ਸਰਕਾਰ ਐਸੇ ਕਹਯੋ, "ਜਾਇ ਕਰੋ ਮਮ ਕਾਮ" ॥

ਸਵੈਯਾ

ਆਇਸ[7] ਮਾਨ ਚੜਯੋ ਹਰੀ ਸਿੰਘ ਸੁ ਐਰਾਪਤੀ[8] ਤਜਿ ਪਾਰ ਸਿਧਾਯੋ।
ਤਾਹੀ ਤੇ ਕੂਚ ਕਰਯੋ ਛਿਨ ਮੈ ਚਲਿ, ਚੰਦ੍ਰਭਗਾ[9] ਹੂ ਕੇ ਊਪਰ ਆਇਓ।
ਤਾ ਤੇ ਚੜ੍ਹਯੋ ਕਰਿ ਬੇਗ ਬਡੋ, ਲੰਘ ਜੇਲ੍ਹਮ[10] ਆਨਿ ਨਿਸਾਨ ਝੁਲਾਯੋ।
ਐਸੇ ਹੀ ਬੇਗ ਸੋ ਜਾਤ ਭਯੋ, ਚਲ ਖੈਰਾ ਹੀ ਬਾਦ[11] ਸੋ ਨਾਮੁ ਸੁਹਾਯੋ॥

ਦੋਹਰਾ

ਖ਼ੈਰਾਬਾਦੋਂ ਜਉ ਚੜ੍ਹਯੋ ਹਰੀ ਸਿੰਘ ਬਲਵਾਨ ।
ਸ਼ਹਿਰ ਪਸ਼ਉਰੈ ਕੇ ਬਿਖੈ ਝੂਲਯੋ ਆਇ ਨਿਸ਼ਾਨ ॥

ਚੌਪਈ

ਸ਼ਹਿਰ ਪਿਸ਼ਉਰੈ ਬੇਗ ਹੀ ਆਯੋ। ਗੜ੍ਹ ਸੁਮੇਰ[12] ਮੈਂ ਡੇਰਾ ਲਾਯੋ।
ਬਹੁਤ ਕਰੇ ਤਿਹ ਕੀ ਪ੍ਰਤਿਪਾਲਾ। ਤਸਕਰ[13] ਕੋ ਮਾਰੇ ਤਤਕਾਲਾ।
ਤਿਹ ਕੇ ਸੁਖੀ ਰਹੈ ਸਭ ਲੋਗਾ। ਕਿਸ ਹੂ ਨਾਹਿ ਬਿਆਪਤ ਸੋਗਾ।
ਨਰ ਨਾਰੀ ਆਨੰਦ ਮਨਾਵੈ। ਹਰੀ ਸਿੰਘ ਕੋ ਜਸੁ ਮੁਖ ਗਾਵੈ।
ਨਿਤ ਉਠਿ ਪੁੰਨ ਦਿਜਨ ਕੋ ਕਰੇ। ਪਾਪ ਤਾਪ ਤਿਹ ਕੇ ਪ੍ਰਭੁ ਹਰੇ।

ਦੋਹਰਾ

ਇਸੀ ਭਾਂਤਿ ਸੋ ਹਰੀ ਸਿੰਘ ਰਾਜ ਕਿਯੋ ਸੁਖ ਮਾਨਿ।
ਆਸ ਪਾਸ ਆਕੀ ਹੁਤੇ, ਜੀਤ ਲਏ ਵਹੁ ਖਾਨ ॥

ਚੌਪਈ

ਇਸੀ ਭਾਂਤਿ ਬਹੁ ਦਿਵਸ ਵਿਤਾਏ। ਚੁਨ ਚੁਨ ਚੋਰ ਸਗਲ ਗਹਿ ਘਾਏ।
ਜੇਤਕ ਸਰਨ ਪਰੇ ਤਹਿ ਆਈ। ਭਲੀ ਭਾਂਤਿ ਤਿਸ ਕਰੇ ਵਡਾਈ ॥

---

੭. ਆਗਿਆ, ਹੁਕਮ। ੮. ਦਰਿਆ ਰਾਵੀ। ੯. ਦਰਿਆ ਝਨਾਂ। ੧੦. ਭਾਵ ਦਰਿਆ ਜਿਹਲਮ (ਸਿੰਧ) ਲੰਘ ਕੇ। ੧੧. ਜ਼ਿਲਾ ਅਟਕ। ੧੨. ਸਿੱਖ-ਰਾਜ ਸਮੇਂ ਬਾਲਾ ਹਿਸਾਰ (ਪਿਸ਼ਾਵਰ) ਦੇ ਕਿਲ੍ਹੇ ਦਾ ਨਾਂ ਹੀ ਸੁਮੇਰ ਗੜ੍ਹ ਸੀ। ੧੩. ਚੋਰ।

(ਕਿਲ੍ਹਾ ਦੱਰਾ ਖ਼ੈਬਰ ਜਮਰੌਦ ਦੀ ਉਸਰਾਈ)

ਏਕ ਦਿਵਸ ਤਿਹ ਬੈਠ ਕੈ, ਮਨ ਮੈ ਕਿਯੋ ਬਿਚਾਰ ।
ਖੈਬਰ ਕੋ ਬਿਖਰਾ ਗਲਾ, ਕਿਲ੍ਹਾ ਉਸਾਰੋ ਬਾਰ ॥

ਕਬਿਤ

ਬੈਠ ਸਰਦਾਰ ਤਿਨ ਕੀਨੋ ਹੈ ਬਿਚਾਰ ਜਮ,
ਰੋਜ[14] ਜਾਇ ਬੈਠਿ ਕਰਿ ਯਹੀ ਕਾਮ ਕੀਜੀਐ ।
ਸੋਈ ਕਾਮ ਕੀਜੈ ਜਿਮ ਬਾਤ ਸੋ ਬਨਇ ਲੀਜੈ,
ਦੇਰ ਨ ਕਰੀਜੈ ਸਭ ਸੋ ਸੁਨਾਇ ਦੀਜੀਐ ।
ਕੀਜੀਐ ਤਿਆਰੀ ਲਾਇ ਦੀਜੀਐ ਉਸਾਰੀ ਯਹ,
ਵਡੋ ਕਾਮ ਭਾਰੀ ਮੁਹਿ ਬਿਨਤੀ ਸੁਨੀਜੀਐ ।
ਖੈਬਰ ਕੋ ਗਲਾ, ਸੁਨੋ ਯਾਹੀ ਕਾਮ ਭਲਾ,
ਵਾਹੂ ਡਗਰੇ[15] ਕੇ ਊਪਰ ਉਸਾਰ ਗੜ੍ਹ[16] ਲੀਜੀਐ ॥

ਚੌਪਈ

ਜਬ ਤੇ ਕਿਲੇ ਉਸਾਰੀ ਲਾਈ । ਕਛੁ ਕਛੁ ਹੋਤੀ ਰਹੇ ਲਰਾਈ ।
ਖੈਂਬਰ ਤੇ ਕੌਤਕ ਮਿਲਿ ਆਵੈ । ਤੁਪਕ ਮਾਰ ਫਿਰ ਤਹਾਂ ਸਿਧਾਵੈ ॥

ਦੋਹਰਾ

ਇਸੀ ਭਾਂਤਿ ਸੋ ਹਰੀ ਸਿੰਘ ਲੀਨਾ ਗੜ੍ਹਾ[17] ਉਸਾਰ ।
ਖੈਬਰੀਆਂ* ਮਿਲ ਕੈ ਤਬੈ ਕਾਬਲ[18] ਕਰੀ ਪੁਕਾਰ ॥

**(ਖੈਬਰੀ ਪਠਾਣਾਂ ਦੀ ਅਮੀਰ ਕਾਬਲ ਕੋਲ ਸ਼ਿਕਾਇਤ)**

ਸਵੈਯਾ

ਦੋਸਤ ਮੁਹੰਮਦ ਕੋ ਮਿਲ ਕੈ ਤਬ ਖੈਬਰੀ, ਆਇ ਕਹਿਤ ਬਹੁ ਭਾਂਤਿ ਸੁਨਾਈ।
ਕੈ ਮਿਲਤੇ ਹਮ ਹੂੰ ਹਰੀ ਸਿੰਘ ਕੋ, ਨਾਹਿ ਕਰੋ ਤੁਮ ਜਾਇ ਲਰਾਈ ।
ਜੇਤਕ ਖੈਬਰ ਕੋ ਰਸਤਾ ਹਰੀ ਸਿੰਘ ਦਿਯੋ ਸੋਊ ਬੰਦ ਕਰਾਈ ।
ਤਾਹਿ ਕਿਯੋ ਹਮ ਹੂੰ ਬਹੁ ਤੰਗ, ਗਲੇ ਮਹਿ[19] ਕੋਟ* ਦਿਯੋ ਹੈ ਬਣਾਈ।

ਅੜਿੱਲ

ਖ਼ੈਬਰੀਆ ਮਿਲਿ ਦੋਸਤ ਮੁਹੰਮਦ ਸੋ ਕਹਯੋ ।
"ਖਾਨ ! ਹਮਾਰੀ ਬਾਤ ਸਕਲ ਸੁਨਹੀ ਲਯੋ ।
ਤਬ ਹੀ ਤੁਮਰੇ ਪਾਸ ਸਗਲ ਮਿਲ ਆਇ ਹੈਂ ।

---

੧੪. ਜਮਰੌਦ ਦੇ ਸਥਾਨ ਪਰ । ੧੫. ਭਾਵ-ਰਾਹ, ਰਸਤਾ । ੧੬. ਕਿਲ੍ਹਾ, ਕੋਟ । ੧੭. ਜਮਰੌਦ ਦਾ ਕਿਲ੍ਹਾ । * ਦੱਰਾ ਖੈਬਰ ਦੇ ਪਠਾਣਾਂ ਨੇ । ੧੮. ਕਾਬਲ ਦੇ ਅਮੀਰ ਦੋਸਤ ਮੁਹੰਮਦ ਖ਼ਾਨ ਦੇ ਕੋਲ । ੧੯. ਦੱਰਾ ਖ਼ੈਬਰ ਦੇ ਐਨ ਨਾਕੇ ਉਤੇ । * ਕਿਲ੍ਹਾ ਜਮਰੌਦ।

ਹੋ, ਢਾਹੋ ਜਾਇ ਗੜਹਿ ਕੋ, ਹਮ ਸੁਖ ਪਾਇ ਹੌਂ ।"

**(ਕਾਬਲੋਂ ਪਠਾਣੀ ਲਸ਼ਕਰ ਦੀ ਜਮਰੌਦ ਉਤੇ ਚੜ੍ਹਾਈ)**

ਦੋਹਰਾ

ਦੋਸਤ ਮੁਹੰਮਦ ਬਾਤ ਸੁਨਿ ਐਸੇ ਕਹੀ ਬਨਾਇ ।
"ਹਮ ਤੁਮਰੇ ਪਹਿ ਆਵਤੇ ਕਰੋ ਤਿਆਰੀ ਜਾਇ ॥"

ਚੌਪਈ

ਖੈਂਬਰੀਏ ਇਤ ਹੂੰ ਚਲ ਆਏ । ਉਤੇ ਦੁਰਾਨੀ ਮਤੇ ਪਕਾਏ ।
"ਕਈ ਬਾਰ ਹਮ ਕਰੀ ਲਰਾਈ । ਹਮ ਤੇ ਜੰਗ ਨ ਜੀਤਯੋ ਜਾਈ॥

ਸਵੈਯਾ

ਕੇਤਕ ਬਾਰ ਲਰੇ ਹਮ ਹੂ, ਨਹੀ ਹੋਵਤ ਹੈ ਹਮ ਕੋ ਜੈ ਕਾਰਾ ।
ਏਤਕ ਬਾਰ ਲਰੋ ਤਜ ਸੰਕ, ਨਿਸੰਕ ਕਰੋ ਮਿਲਿ ਜੁੱਧ ਅਪਾਰਾ ।"
ਮਾਨ ਲਈ ਸਭ ਹੂ ਮਿਲ ਬਾਤ, ਚਲਯੋ ਪ੍ਰਭਾਤ ਕਰਾਇ ਤਯਾਰਾ ।
ਇਹ ਭਾਂਤਿ ਦੁਰਾਨੀ ਚੜ੍ਹੇ ਸਭ ਹੂ ਜੈਸੇ ਪਾਵਸ ਮਾਸ[੨੦] ਕੋ ਬਾਦ ਚਕਾਰਾ[੨੧]।

ਦੋਹਰਾ

ਪੂਤ ਮੁਹੰਮਦ ਦੋਸ੍ਤ[੨੨] ਕੋ, ਐਸੇ ਚਲਯੋ ਬਨਾਇ ।
ਜਯੋ ਸਲਿਵਾਹਨ ਭੂਪ ਪੈ, ਚੜ੍ਹੇ ਪਕੰਬਰਿ ਧਾਇ ॥

ਚੌਪਈ

ਇਸੀ ਭਾਂਤਿ ਸਭਿ ਚੜ੍ਹੇ ਦੁਰਾਨੀ । ਜੇਤਕ ਹੈ ਸਭ ਮੁਗਲਿ ਪਠਾਨੀ ।
ਜਿਰਾ ਖੋਲ ਗਜਗਾਹਿ ਬਨਾਏ । ਸਭੀ ਬਾਂਧ ਕਰਿ ਕਾਲ ਚਲਾਏ ॥

ਨਾਰਾਜ ਛੰਦ

ਚਲੇ ਮਲੇਛ ਦੌਰ ਕੈ । ਕਾਹੂ ਭਜੈ ਕਿ ਛੋਰ ਕੈ ।
ਕਲੂਪ ਰੂਪ ਧਾਰ ਕੈ । ਨਿਸੰਕਤਾ ਬਿਚਾਰਿ ਕੈ ।
ਕਹੈਂ, "ਖੁਦਾਇ ਸੁਨੀਜੀਐਂ । ਸੁ ਜੈ ਹਮਾਰੀ ਕੀਜੀਐ ।"
ਬੰਨੇ ਪੇਟੀ ਪਟੰਬਰਾਂ । ਮਨਾਇ ਚੜ੍ਹੇ ਪਿਕੰਬਰਾਂ ॥

ਦੋਹਰਾ

ਕਾਬਲ ਤੇ ਤੁਰ ਕੇ ਤਬੇ, ਬਾਦ ਜਲਾਲਾ[੨੩] ਆਇ ।
ਤਬ ਤਿਨ ਸਭ ਐਸੇ ਕਹਯੋ ਡੇਰਾ ਦੇਹੁ ਲਗਾਇ ॥

---

੨੦. ਬਰਖਾ ਦੀ ਰੁੱਤੇ । ੨੧. ਝੱਖੜ ਫੱਰਾਟੇ ਮਾਰਦਾ ਹੋਇਆ ਚਲਦਾ ਹੈ ।
੨੨. ਭਾਵ ਇਥੇ ਅਮੀਰ ਦੋਸਤ ਮੁਹੰਮਦ ਖਾਨ ਦੇ ਪੁਤਰਾਂ ਤੋਂ ਹੈ, ਜੋ ਸਾਰੇ ਜਮਰੌਦ ਉਤੇ ਚੜ੍ਹਾਈ ਕਰਕੇ ਗਏ ਸਨ ।
੨੩. ਅਫ਼ਗਾਨਿਸਤਾਨ ਦਾ ਇਕ ਪ੍ਰਸਿੱਧ ਨਗਰ ।

ਚੌਪਈ

ਜਲਾਲਾਬਾਦੋ ਚੜ ਤਬੈ ਆਏ। ਖੈਬਰ ਕੇ ਜਹ ਪੰਥ ਸੁਹਾਏ।
ਖੈਬਰਿ ਆਣ ਲਗਾਯਾ ਡੇਰਾ। ਕਲ ਨਾਰਦ ਜਾਇ ਪਾਯਾ ਫੇਰਾ॥

ਦੋਹਰਾ

ਤੋਪ ਜ਼ੰਬੂਰੇ ਰਹਿਕਲੇ, ਜ਼ੰਜਾਇਲ ਮੰਗਵਾਇ।
ਬਾਤ ਤਬੈ ਐਸੇ ਕਰੀ; ਦੀਨੀ ਸ਼ਲਕ ਕਰਾਇ॥

ਚੌਪਈ

ਸਿੰਘਾਂ ਜਬੈ ਸ਼ਲਕ ਸੁਨ ਪਾਈ। ਕਿਲੇ ਮਾਹਿ ਯਹ ਬਾਤ ਬਨਾਈ।
ਕਰਿਯੈ ਦੀਨ ਮਜ਼ਬ ਕਾ ਯੁੱਧ। ਸਭ ਹੀ ਮਨ ਮੈਂ ਭਯੋ ਕ੍ਰੋਧ।
ਸੂਰਨ ਕੇ ਮੁਖਿ ਲਾਲੀ ਰਹੀ। ਕਾਇਰ ਜਰਦੀ ਆਵਤ ਭਈ।
ਇਤੇ ਖਾਲਸੇ ਇਹ ਠਹਰਾਯੋ। ਉਤੇ ਆਨਿ ਉਨਿ ਘੇਰਾ ਪਾਯੋ॥

(ਦੁੱਰਾਨੀਆਂ ਦਾ ਸਿੱਖਾਂ ਨਾਲ ਟਾਕਰਾ)

ਸਵੈਯਾ

ਤਉ ਇਹ ਭਾਂਤਿ ਕਹੀ ਉਨਿ ਹੂ, ਗੜ੍ਹ ਕੋ ਤਬ ਘੇਰ ਲਯੋ ਚਹੂੰ ਓਰੈਂ।
ਤੋਪ ਲਗਾਇ ਦਈ ਉਤ ਤੇ, ਇਹ ਭਾਂਤਿ ਸੋ ਮਾਰਤ ਹੈ ਬਹੁ ਗੋਰੈਂ।
ਜੋ ਕੋਊ ਸਿੰਘ ਹੁਤੇ ਗੜ੍ਹ ਮੈਂ, ਉਤ ਕੋ ਕੁਛ ਜਾਨਤਿ ਹੈ ਨਹੀਂ ਜੋਰੈਂ।
ਦੁਰਾਨੀ ਇਹ ਭਾਂਤਿ ਬਨਾਇ ਰਹੈ, ਨਟੂਆ ਜਿਹ ਭਾਂਤਿ ਸੋ ਖੇਲਤ ਦੌਰੈਂ॥

ਭੁਯੰਗ ਪ੍ਰਯਾਤ ਛੰਦ

ਕਿਲੇ ਪਾਸ ਬੈ ਕੈ* ਸੋ ਪੱਬੀ ਬਖਾਨੈ। ਤਬੈ ਤਾਹਿੰ ਊ ਪੈ ਧਰੀ ਤੋਪ ਆਨੈ।
ਤਿਸੀ ਪੱਬੀ ਤੇ ਤੋਪਚੀ ਤੋਪ ਮਾਰੈ। ਲਗੇ ਤਾਹਿ ਗੋਲਾ ਕਰੈ ਬਹੁਤ ਘਾਰੈ।
ਕਿਲੇ ਬੁਰਜੀਐ ਕੈ ਸੁ ਤੋਪੈ ਸੁਹਾਈ। ਚਲੀ ਨਾਹਿ ਪਾਵੈ ਸੁਦੀ ਨੀ ਗਿਰਾਈ।
ਤਬ ਖ਼ਾਲਸੇ ਤੋਪ ਲੇ ਹੇਠ ਰਾਖੀ। ... ... ... ॥

ਚੌਪਈ

ਤਬੀ ਨਰੇਸ ਉਚਰੀ ਯਹ ਬਾਨੀ। "ਸੁਨ ਹੋ ਬਿਪ! ਬਿਮਲ ਸੁਰ ਗਿਆਨੀ।
ਯਹ ਤੌਂ ਦੇਹ ਸਦਾ ਥਿਰ ਨਾਹੀ। ... ... ... ... ॥

(ਸ: ਹਰੀ ਸਿੰਘ ਨਲਵੇ ਦੀ ਪਿਸ਼ਾਵਰੋਂ ਚੜ੍ਹਾਈ)

ਚੜ੍ਹਜੋ ਹਰੀ ਸਿੰਘ ਬਲਵਾਨਾ। ਫਰਰੇ ਛੁੱਟੇ ਤਬੇ ਨਿਸਾਨਾ।
ਪਹੁੰਚਜੋ ਯੁੱਧ ਭੂਮਿਕਾ ਮਾਹੀ। ਸੰਕ ਨ ਕਰੀ ਨੈਕ ਮਨ ਮਾਹੀ॥

ਸਵੈਯਾ

ਆਵਤ ਦੇਖ ਜਬੈ ਹਰੀ ਸਿੰਘ ਕੋ, ਕ੍ਰੋਧ ਕਿਯੋ ਮਨ ਮਾਹਿ ਦੁਰਾਨੀ।
ਆਜ ਲਰੋ ਤੁਮ ਭਾਂਤਿ ਭਲੀ, ਸਭ ਸੈਂ ਯਾ ਬਾਤ ਰਹੀ ਠਹਿਰਾਨੀ।

---

* ਬੈਠ ਕੇ ਉਹ।

ਤੁੰਬਲ ਬਾਂਧ ਕੇ ਆਗੈ ਭਏ, ਇਹ ਭਾਂਤਿ ਸਭੈ ਮਨ ਮਾਹਿ ਗੁਮਾਨੀ ।
ਆਗੇ ਚਲੇ ਹਰਿ ਸਿੰਘ ਕਹ੍ਯੋ ਸਭ ਖਾਲਸੇ ਸੋ ਇਹ ਭਾਂਤਿ ਬਖਾਨੀ ।

ਅੜਿੱਲ

ਰਜਵਣ[੨੪] ਏਕ ਖੜੀ ਤੁਹਿ ਨੈਨ ਨਿਹਾਰ ਕੈ ।
ਹਰੀ ਸਿੰਘ ਤਬ ਕਹਿਓ ਬਚਨ ਬਿਚਾਰ ਕੈ ।
'ਦੀਨ ਮਜ਼ਹਬ ਕਾ ਜੁੱਧ ਸੁਨਹੁ ਅਬ ਕੀਜਿਜੈ ।
ਸੰਕ ਖਾਲਸਾ ਮਨੰ ਮੈ ਨੈਕ ਨ ਕੀਜਿਜੈ ॥'

**(ਸਿੱਖਾਂ ਅਤੇ ਪਠਾਣਾਂ ਦਾ ਘੋਰ ਯੁੱਧ)**

ਚੌਪਈ

ਤਬੈ ਖਾਲਸੇ ਹੱਲਾ ਕਰਿਓ । ਜੈਸੇ ਬਾਜ ਪੱਛਿ ਪਰ ਪਰਿਓ ।
ਮਾਰ ਮਾਰ ਚਹੂੰ ਓਰ ਪੁਕਾਰੇ । ਗਿਰ ਗਿਰ ਪਰੇ ਦੁਰਾਨੀ ਭਾਰੇ ।
ਧਾਰਾ ਤਹਾ ਅਸਿਨ* ਕੀ ਚਮਕੀ । ਜੈਸੇ ਮੇਘ ਦਾਮਿਨੀ ਦਮਕੀ ।
ਜਿਸ ਕੋ ਤੇਗ ਖਾਲਸਾ ਮਾਰੇ । ਇਕ ਇਕ ਤੇ ਕਰਿ ਦੁਇ ਦੁਇ ਡਾਰੇ ।
ਭੂਤ ਪਿਸਾਚ ਕਿਲਕੀਆਂ ਮਾਰੇਂ । ਕਹਿ ਕਹਿ ਜੋਗਨਿ ਸਬਦੁ ਉਚਾਰੇਂ।
ਡਹਿ ਡਹਿ ਡਾਕਣੀਆਂ ਮਿਲਿ ਗਾਵੈ । ਲੈ ਨਾਰਦ ਕਰਿ ਬੀਨ ਸੁਹਾਵੈ।
ਖਪਰੁ ਕਲਿ ਕੇ ਹਾਥ ਸੁਹਾਯੋ । ਭੂਤ ਲੇਤ ਸੰਗ ਭੈਰੋ ਆਯੋ।
ਐਸੇ ਸੂਰ ਪਰੇ ਤਹਿ ਮਾਰੇ। ਮਾਨੋ ਮਦ ਪੀਵਤ ਮਤਵਾਰੇ।
ਮੂੰਹ ਕਟੇ ਕੇਤਕ ਤਹਿ ਗਿਰਹੀ । ... ... ।
ਹੋਤ ਭਯੋ ਤਹਿ ਜੁੱਧ ਭਯਾਨਾ । ਕਾਂਪੇ ਮਨਿ ਮੈ ਸਗਲ ਪਠਾਨਾ॥

ਸਵੈਯਾ

ਇਹ ਭਾਂਤਿ ਸੋ ਖਾਲਸੇ ਜੁੱਧ ਕਿਯਾ, ਸਭ ਕਾਇਰ ਹੈ ਮਨ ਮਾਹਿ ਡਰਾਨੇ।
ਮਾਰ ਹੀ ਮਾਰ ਪੁਕਾਰ ਪਰੈਂ, ਤਬ ਭਾਜ ਚਲੇ ਸਭ ਮੁਗ਼ਲ ਪਠਾਨੇ ।
ਕੇਤਕ ਮਾਰ ਲਏ ਤਿਹ ਠਉਰ, ਬਚੇ ਜੋਊ ਬੀਰ ਸੁ ਨਾਹਿ ਠਰ੍ਹਾਨੇ ।
ਖੇਤ ਕੋ ਤ੍ਯਾਗ ਦੁਰਾਨੀ ਚਲੇ ਜੈਸੇ ਪਉਨ ਕੇ ਤੇਜ ਤੇ ਪਾਤ ਉਡਾਨੇ ॥

**(ਬ੍ਰਾਹਮਣ ਇਸਤ੍ਰੀ ਅਤੇ ਰਿਖੀ ਦੀ ਹਤ੍ਯਾ)**

ਅੜਿੱਲ

ਤੋਪ ਪਾਸ ਤਬ ਖਾਲਸੇ ਬਿਪ੍ਰ[੨੫] ਨਿਹਾਰਿਓ ।
"ਗੁਰੂ ਨਾਨਕ ਕੀ ਦੋਹੀ ਹਮਹਿ ਨ ਮਾਰਿਓ ।
ਕ੍ਰਿਪਾ ਜਾਨਿ ਕੈ ਰਛ ਹਮਾਰੀ ਕੀਜਿਯੈ ।"
... ... ... ... ... ... ... ... ... ... ... ... ... ॥

---

੨੪. ਰਜਮੈਂਟ (Regiment) । * ਤਲਵਾਰਾਂ । ੨੫. ਇਕ ਬ੍ਰਾਹਮਣ ।

ਚੌਪਈ

ਇਸੀ ਭਾਂਤਿ ਜਬ ਬਚਨ ਉਚਾਰੇ । ਤਬ ਹੀ ਟੂਕ ਟੂਕ ਕਰਿ ਡਾਰੇ ।
ਤਿਨ ਤੇ ਐਸਾ ਅਚਰਜ ਕੀਨਾ । ਦਯਾ ਸੰਗ ਮਨ ਕਹੀ ਨ ਭੀਨਾ ॥

ਕਬਿਤੁ

ਆਗੇ ਏਕ ਨਾਰੀ, ਸਭ ਖਾਲਸੇ ਨਿਹਾਰੀ,
ਤਿਨ ਬਾਤ ਹੈ ਉਚਾਰੀ, "ਮੁਹਿ ਬੇਨਤੀ ਸੁਨੀਜਿਯੈ ।
ਜੋਈ ਧਨ ਚਾਹੋ, ਸੋਈ ਆਜ ਮੁਹਿ ਪਾਓ ਤੁਮ,
ਮਾਰਬੇ ਕੀ ਬਾਤ ਮੁਹਿ ਨੈਕ ਨ ਕਰੀਜੀਯੈ ।
ਹਾਲਨ ਕੀ ਸੁਨੋ ਬਾਤ, ਅਜ ਹੀ ਮਿਲਾਊ ਤੋਹਿ,
ਝੂਠ ਹੂ ਨ ਭਾਖੋ ਮੁਹਿ ਸਾਚ ਹੀ ਪਤੀਜੀਯੈ ।
ਐਸੀ ਕਰੀ ਢੀਠਤਾਈ, ਕੋਊ ਨ ਕਰਤ ਕਹੋ,
ਨਾਰਿ ਹੂੰ ਕੇ ਮਾਰੇ ਕਛੁ ਜੁੱਧ ਕੋ ਜਿਤੀਜਿਯੈ ॥

ਚੌਪਈ

ਐਸੀ ਬਾਤ ਕਠਨ ਤਿਨ ਕੀਨੀ । ਬਾਲਾ[26] ਮਾਰਿ ਬਾਤ ਭਈ ਹੀਨੀ ।
ਅਗ੍ਰ ਏਕ ਤਹਿ ਰਿਖੀ[27] ਨਿਹਰਯੋ । ਇਸੀ ਭਾਂਤਿ ਤਿਨ ਬਚਨ ਉਚਰਯੋ ।
"ਬਚਨ, ਖ਼ਾਲਸਾ ! ਸੁਨੀਓ ਮੋਹੀ । ਕਾਬਲ ਆਜ ਦਿਵ੍ਾਵਹੁ ਤੋਹੀ ।
ਹਮ ਤੋ ਝੂਠ ਬਚਨ ਨਹੀ ਭਾਖੋਂ । ਅੰਚਰ ਛੀਕ ਗਾਂਠ ਦੈ ਰਾਖੋਂ ।
ਮੈਂ ਪਰਿਓ ਅਬ ਸਰਣ ਤੁਮਾਰੀ । ਅਬ ਤੁਮ ਕਰਯੋ ਰੱਛ ਹਮਾਰੀ ।
ਮੈਂ ਤੋ ਸੰਤ ਦਰਸਨ ਕੋ ਆਯੋ । ਜੁੱਧ ਦੇਖ ਇਹ ਠਉਰ ਪਠਾਯੋ ॥"

ਦੋਹਰਾ

ਹੋਵਨਹਾਰੋ ਨਹਿ ਮਿਟੈ, ਦੇਖੋ ਰਿਦੈ ਵਿਚਾਰ ।
ਕ੍ਰੋਧੁ ਧਾਰਿ ਤਬਿ ਸੰਤ ਕੋ, ਦੀਨੋ ਸੀਸ ਉਤਾਰ ॥

ਰਸਾਵਲ ਛੰਦ

ਜਬੈ ਸੰਤ ਮਾਰਯੋ । ਨ ਸ਼ੰਕਾ ਵਿਚਾਰਯੋ ।
ਹੋਨੀ ਹੋਇ ਸੁ ਹੋਈ । ਮਿਟੈ ਨਾਹਿ ਕੋਈ ॥

## (ਦੁਸ਼ਮਣ ਨੂੰ ਭਾਂਜ ਤੇ ਖ਼ਾਲਸੇ ਦੀ ਲੁੱਟ)

ਭੁਜੰਗ ਪ੍ਰਯਾਤ ਛੰਦ

ਤਬੈ ਖਾਲਸੇ ਹੈ ਯਹੀ ਭਾਂਤਿ ਕੀਨੀ ।
ਸੁੰਞਾ ਦੇਖ ਡੇਰਾ[28] ਲੂਟਿ ਪਾਇ ਦੀਨੀ ।

---

੨੬. ਮੁਟਿਆਰ ਇਸਤ੍ਰੀ । ੨੭. ਮੁਨਸ਼ੀ ਸੋਹਨ ਲਾਲ ਦੇ ਕਥਨ ਅਨੁਸਾਰ ਇਕ ਬੇਨਵਾ ਫ਼ਕੀਰ । ੨੮. ਦੁਸ਼ਮਣ ਦਾ ਡੇਰਾ, ਫੌਜੀ ਕੈਂਪ ।

ਉੱਚਾ ਟੇਰਿ ਸਰਦਾਰ[੨੯] ਯਹ ਬਚਨ ਭਾਖਯੋ ।
ਕਿਸੇ ਖਾਲਸੇ ਚਿੱਤ ਹੂੰ ਕੇ ਨਾਹਿ ਰਾਖਯੋ ।
"ਅਬ ਲੂਟ ਕੀ ਬਾਤ ਨਾ ਨੈਕ ਕੀਜੈ ।
ਸੁਨੋ, ਜੁੱਧ ਹੂੰ ਕੇ ਬਿਖੈ ਚਿੱਤ ਦੀਜੈ ।"
ਸਭੋ ਖਾਲਸਾ ਲੁੱਟ ਕੋਪ ਆਨ ਲਾਗਯੋ ।
ਤਬੈ ਸ਼ਤ੍ਰ ਹੂੰ ਕੇ ਮਨੋ ਕੋ ਜਾਗਯੋ ॥

(ਪਠਾਣਾਂ ਦਾ ਜਵਾਬੀ ਹਮਲਾ ਤੇ ਜਮਰੌਦ ਨੂੰ ਘੇਰਾ)

ਚੌਪਈ

ਪੱਬੀ[੩੦] ਹੇਠ ਛਪ ਖੜੇ ਦੁਰਾਨੀ । ਜੇਤੀ ਹੈ ਸਭ ਮੁਗਲ ਪਠਾਨੀ ।
ਮਿਲ ਕਰਿ ਪਰੇ ਦੁਰਾਨੀ ਸਾਰੇ । ਮਾਰ ਮਾਰ ਚਹੂੰ ਓਰ ਪੁਕਾਰੇ ।
ਮਹਾ ਸਿੰਘ ਮੁਖੋ ਜਬੈ ਬਾਤ ਭਾਖੀ ... .... ... ... .. ... ... ।
ਕਹੋ ਕੋ ਬਖਾਨੈ ਇਤੀ ਤੋਪ ਬਾਜੇ । ਅਰਧ ਰਾਤ ਕੇ ਬੀਚ ਜਜੋਂ ਮੇਘ ਗਾਜੈ ।
ਤਬੈ ਤਾਹਿ ਐਸੀ ਸੁ ਕੀਨੀ ਲਰਾਈ । ਬਾਹੀ ਏਕ ਗੜ੍ਹ ਕੀ ਸੁ ਦੀਨੀ ਗਿਰਾਈ ॥[੩੧]

ਸਵੈਯਾ

ਬਾਹੀ ਗਿਰੀ ਜਬ ਦੇਖਤ ਹੀ, ਤਬ ਸਤ੍ਰ ਸਭੈ ਮਨ ਮੈਂ ਹਰਖਾਨੈ ।
ਮਾਰਤ ਹੈ ਹਮ ਹੂ ਇਨ ਹੂ ਸਭ, ਆਪਸ ਮੈਂ ਇਹ ਭਾਂਤਿ ਬਖਾਨੈ ।
ਮਾਰ ਹੀ ਮਾਰ ਕਰੈਂ ਚਹੂੰ ਓਰ ਤੇ ਮੁੜੈਂ ਨਹੀਂ ਮਨ ਮੈਂ ਇਹ ਜਾਨੈ ।
ਸਾਚੀ ਸੁਨਾਇ ਕਹੂੰ ਸਭ ਹੂੰ, ਤਿਸ ਮਾਰਤ ਕੌਨ ਜਿ ਆਪ ਰਖਾਨੈ ।

ਚੌਪਈ

ਹਲਾ ਤੀਨ ਬਾਰ ਤਿਨ ਕਰਿਓ । ਅਗਿਣਤ ਤਾਹਿ ਦੁਰਾਨੀ ਮਰਿਓ ।
ਤੁਪਕ ਨਾਲ ਬਹੁਤੇ ਤਹ ਮਾਰੇ । ਕੇਤਕ ਛਰਰੇ ਨਾਲ ਸੰਘਾਰੇ ॥
ਕਾਂਧ ਬੀਚ ਜੋਊ ਫਸਿਆ ਨਿਹਾਰੇ । ਤਾਹਿ ਬੰਦੂਕ ਖਾਲਸਾ ਮਾਰੇ ।
ਇਸੀ ਭਾਂਤਿ ਸੋ ਭਈ ਲਰਾਈ । ਜਿਹ ਬਿਧਿ ਸੋ ਕਵਿ ਭਾਖ ਸੁਨਾਈ ।
ਨਉ ਰੋਜ[੩੨] ਘੇਰਾ ਤਹਿ ਪਰਿਓ........... ।

(ਸਰਦਾਰ ਹਰੀ ਸਿੰਘ ਨੂੰ ਜਮਰੋਦ ਤੋਂ ਖ਼ਾਲਸੇ ਵਲੋਂ ਅਰਜ਼ੀ)

ਤਬੇ ਖਾਲਸੇ ਇਹ ਬਿਧਿ ਪ੍ਰਵਾਨਾ । ਸੁਨਿਓ ਹਰੀ ਸਿੰਘ[੩੩] ਬਲਵਾਨਾ ॥

---

੨੯. ਸਰਦਾਰ ਹਰੀ ਸਿੰਘ ਨਲਵੇ ਨੇ । ੩੦. ਪਹਾੜੀ ।
੩੧. ਕਿਲ੍ਹਾ ਜਮਰੌਦ ਦੀ ਇਕ ਬਾਹੀ ਤੋਪਾਂ ਦੀ ਮਾਰ ਨਾਲ ਡੇਗ ਦਿੱਤੀ ।
੩੨. ਏਥੇ ਚਹੂ ਓਰ (ਅਰਥਾਤ-ਚਾਰੇ ਪਾਸੇ) ਪਾਠ ਵੀ ਬਣ ਸਕਦਾ ਹੈ ।
੩੩. ਮਾਲੂਮ ਹੁੰਦਾ ਹੈ ਕਿ ਸਰਦਾਰ ਹਰੀ ਸਿੰਘ ਨਲਵਾ ਪਹਿਲੇ ਹਮਲੇ ਸਮੇਂ ਖ਼ਾਲਸੇ ਦੀ ਫ਼ਤਹਿ ਹੋਣ 'ਤੇ ਜਮਰੌਦ ਤੋਂ ਵਾਪਸ ਕਿਲ੍ਹਾ ਸੁਮੇਰਗੜ੍ਹ (ਪਿਸ਼ਾਵਰ) ਪਰਤ ਗਿਆ ਸੀ, ਜਿਸ ਕਰਕੇ ਜਮਰੌਦ ਦੇ ਖ਼ਾਲਸੇ ਵਲੋਂ ਉਸ ਨੂੰ ਇਹ ਪ੍ਰਾਰਥਨਾ ਪਤ੍ਰ ਉਥੇ ਹੀ ਮਿਲਿਆ ਸੀ ।

ਅੜਿੱਲ

ਹਰੀ ਸਿੰਘ ਪ੍ਰਵਾਨਾ ਸੁਨਯੋ ਮੰਗਾਇ ਕੈ ।
ਸਭੀ ਖਾਲਸੇ ਲਿਖਯੋ ਸੁ ਯਹੀ ਬਨਾਇ ਕੈ ।
ਤੁਮੀ ਹਮਾਰੀ ਰੱਛਾ ਅਬ ਹੀ ਕੀਜਿਯੇ ।
ਹੋ, ਬਿਨੌ ਹਮਾਰੀ ਆਜ ਤੁਮੀ ਸੁਨਿ ਲੀਜਿਯੇ ।

ਦੋਹਰਾ

ਹਰੀ ਸਿੰਘ ਸਰਦਾਰ ਤਬ ਮਨ ਮੈਂ ਕਿਯੋਂ ਬਿਚਾਰ।
ਰੱਛਾ ਉਨ ਕੀ ਕੀਜਿਯੈ ਯਹੀ ਰਿਦੈ ਮਹਿ ਧਾਰ ॥

ਸਵੈਯਾ

ਬੈਠ ਤਹੀ ਹਰੀ ਸਿੰਘ ਤਬੈ ਸਭ ਸਿੰਘ ਬੁਲਾਇ ਦੀਵਾਨ ਲਗਾਯੋ ।
ਘੇਰਾ ਪਰਯੋ ਗੜ੍ਹ[੩੪] ਕੋ ਚਹੂੰ ਓਰ ਤੇ, ਤਹਿ ਸਭ ਸੋ ਯਹ ਭਾਂਤਿ ਸੁਨਾਯੋ।
ਰੱਛ ਕਰੋ ਅਬ ਹੀ ਉਨ ਕੀ, ਰਛ ਪਾਲ ਕੋ ਖ਼ਾਲਸਾ ਨਾਮ ਧਰਾਯੋ ।
ਮਾਨ ਲਈ ਸਭ ਹੂ ਯਹ ਬਾਤ, ਚਲੇਂ ਪ੍ਰਭਾਤ ਯਹੀ ਠਹਿਰਾਯੋ ॥

ਚੌਪਈ

ਬੀਤੀ ਨਿਸਾ ਹੋਤ ਭਯੋ ਭੋਰਾ । ਤਬ ਦਿਨੇਸ[੩੫] ਆਯੋ ਹੈ ਥੋਰਾ ।
ਹਰੀ ਸਿੰਘ ਤਬ ਮੱਜਨ ਕਿਯਾ । ਬਹੁ ਤਬ ਦਾਨ ਦਿਜਨ ਕੋ ਦਿਯਾ ।
ਤਬ ਹੀ ਬੈਠ ਦਿਵਾਨ ਲਗਾਯਾ । ਖੋਲ੍ਹ ਸੁ ਗ੍ਰੰਥ ਕੜਾਹੁ ਮੰਗਾਯਾ ।
ਹਾਥ ਜੋੜ ਅਰਦਾਸ ਕਰਾਈ । "ਗੁਰੂ ਗ੍ਰੰਥ ਮੁਹਿ ਹੋਹੁ ਸਹਾਈ ।
ਹਰੀ ਸਿੰਘ ਇਹ ਭਾਖ ਸੁਨਾਈ । "ਸੁਨੋ ਖ਼ਾਲਸਾ ! ਮੁਹਿ ਸੁਖਦਾਈ ।
ਅਬ ਮੈਂ ਸਰਣ ਤੁਮਾਰੀ ਪਰਿਓ । ਮੇਰੇ ਅਉਗੁਣ ਚਿਤ ਨ ਧਰਿਓ ।

**(ਸਰਦਾਰ ਹਰੀ ਦੀ ਚੜ੍ਹਾਈ)**

ਦੋਹਰਾ

ਇਸੀ ਭਾਂਤਿ ਸੋ ਹਰੀ ਸਿੰਘ, ਬਿਨੋ ਕਰੀ ਕਰਿ ਜੋਰਿ ।
ਤਜਿ ਬਿਲਮ ਤਬ ਹੀ ਚੜ੍ਹੇ ਧੌਂਸੇ ਕਰੀ ਟਕੋਰਿ ॥

ਝੂਲਨਾ ਛੰਦ

ਹਰੀ ਸਿੰਘ ਸਰਦਾਰ ਇਹ ਭਾਂਤਿ ਚੜ੍ਹਯੋ, ਜਿਗਾ ਖੋਲ ਗਜਗਾਹਿ ਬਨਾਇ ਐਸੇ।
ਸੀਸ ਕਲਗੀ ਪਹਿਨ ਕੇ ਭੂਖਨਾ ਸੁ, ਸਭ ਸਾਜ ਪਹਿਨਾਇ ਤੁਰੰਗ ਵੈਸੇ।
ਜਮਰੋਦ[੩੬] ਪਿਸ਼ੌਰ ਦੇ ਅਰਧ ਬੀਚੇ, ਡੇਰਾ ਜਾਇ ਕੇ ਤੁਰਤ ਲਗਾਯੋ ਹੀ।
ਸ਼ੁਭ ਘਰੀ ਮੁਹੂਰਤ ਪੂਛਨੇ ਕੋ, ਬਡੀ ਬੇਗ ਹੂ ਬਿੱਪ੍ਰ[੩੭] ਬੁਲਾਯੋ ਹੀ ॥

---

੩੪. ਕਿਲ੍ਹਾ ਜਮਰੌਦ । ੩੫. ਸੂਰਜ । ੩੬. ਕਿਲਾ ਜਮਰੌਦ ।
੩੭. ਬ੍ਰਾਹਮਣ (ਜੋਤਿਸ਼ੀ) ।

ਚੌਪਈ

ਹਰੀ ਸਿੰਘ ਇਹ ਭਾਂਤਿ ਬਖਾਨੀ। "ਮੁਖ ਤੇ ਕਹੋ ਬਿਪ ! ਸੁਭ ਬਾਨੀ।"
"ਸੁਨੋ, ਭੂਪ[੩੮] ! ਇਕ ਬਚਨ ਹਮਾਰੋ। ਤੁਹਿ ਪਹਿ ਆਜ ਲਗਨ ਹੈ ਭਾਰੋ।
ਸਾਚੀ ਕਹੋ ਸੁਨਾਇ ਸਭਾ ਮੈ। ... ... ... ... ... ।
ਬੇਦ ਬੀਚ ਦੇਖਯੋ ਸੋ ਭਾਖਯੋ। ਅਉਰ ਦੁਰਾਇ ਨ ਘਰ ਮੈਂ ਰਾਖਯੋ ॥

ਦੋਹਰਾ

ਆਜ ਬਸੋ ਇਹ ਠਉਰ ਮੈ, ਸਾਚੀ ਕਹੋਂ ਬਖਾਨ।
ਥਿੱਤ ਦ੍ਵਾਦਸੀ ਕੇ ਬਿਖੈ, ਤਬ ਉਠਿ ਕਰੋ ਪਯਾਨ[੩੯] ॥

**(ਦੱਰਾ ਖ਼ੈਬਰ ਦਾ ਭਯਾਨਕ ਜੁੱਧ)**

ਚੌਪਈ

ਦੇਖੋ ਬਾਤ ਦਈ[੪੦] ਕੀ ਨਈ। ਭਈ ਕਛੁ ਔਰ ਔਰ ਹ੍ਵੈ ਗਈ।
ਧਾਰਾ ਤਹਾਂ ਅਸ੍ਵਨ[੪੧] ਕੀ ਸੋਹੈ। ਜੈਸੇ ਮੇਘ ਦਾਮਿਨੀ ਮੋਹੈ।
ਸੂਰਨ ਕੇ ਮਨ ਭਈ ਉਮਾਹੀ। ਕਾਇਰ ਡਰੇ ਦੇਖ ਰਨ ਮਾਹੀ।
ਹੋਤ ਭਈ ਤਹਿ ਬਡੀ ਲਰਾਈ। ਮੋ ਤੇ ਸਕੋ ਨ ਬਰਨੀ ਜਾਈ ॥

ਦੋਹਰਾ

ਹਰੀ ਸਿੰਘ ਸਰਦਾਰ ਤਬ ਮਨ ਮੈ ਕਿਯੋ ਵਿਚਾਰ।
ਹਲਾ ਚਲੀ ਕੋਂ ਦੇਖ ਕੈ ਕ੍ਰੋਧ ਰਿਦੈ ਮਹਿ ਧਾਰਿ ॥

**(ਸਰਦਾਰ ਹਰੀ ਸਿੰਘ ਦੀ ਬਹਾਦੁਰੀ)**

ਚੌਪਈ

ਹਰੀ ਸਿੰਘ ਇਹ ਭਾਂਤਿ ਕਹਾ, "ਹੋ ! ਈਹਾ ਭਾਜ ਠੌਰ ਕਤ[੪੨] ਜਾਹੋ ?"
ਖਲੋਤਾ ਹਰੀ ਸਿੰਘ ਤਹਿ ਠਾਢੋ। ਜੈਸੇ ਥੰਮ ਭੂਮਿ ਕਟਿ ਗਾਢੋ।
ਇਕ ਪਠਾਨ ਜਵਾਨ ਬਡੋ ਹਰੀ ਸਿੰਘ ਕੋ ਆਨਿ ਤਿਨੈ ਲਲਕਾਰਯੋ।
ਆਨਿ ਤਿਨੈਂ ਤਬ ਵਾਰ ਕਿਯੋ, ਕਰਿ ਢਾਲ ਕੋ ਧਾਰ ਕੈਂ ਵਾਰ ਸੰਭਾਰਯੋ।
ਮਜਾਨ ਤੇ ਕਾਢ ਲਈ ਤਬ ਹੀ, ਬਲ ਧਾਰ ਕੇ ਤਾ ਤਸਿ ਊਪਰ ਮਾਰਯੋ।
ਸੀਸ ਕਟਯੋ ਤਿਨ ਠਉਰ ਪਰਯੋ, ਜੈਸੇ ਬੇਲਹਿ ਤੇ ਕਦੂਆ ਕਟਿ ਡਾਰਯੋ॥

**(ਸਰਦਾਰ ਹੁਕਮ ਸਿੰਘ ਦਾ ਦ੍ਵੰਦ-ਜੁੱਧ ਤੇ ਬਲਿਦਾਨ)**

ਦੋਹਰਾ

ਹੁਕਮ ਸਿੰਘ[੪੩] ਤਬ ਬੀਰ ਕੋ ਲੀਨੋ ਨਿਕਟ ਬੁਲਾਇ।

---

੩੮. ਭਾਵ-ਸਰਦਾਰ ਸਾਹਿਬ। ੩੯. ਚੜ੍ਹਾਈ। ੪੦. ਦੈਵ, ਵਿਦਾਤਾ।
੪੧. ਘੋੜੇ। ੪੨. ਕਿਸ ਥਾਵੇਂ। ੪੩. ਇਕ ਮਸ਼ਹੂਰ ਜੋਧਾ ਸਰਦਾਰ, ਜੋ ਉਸ ਸਮੇਂ ਸਰਦਾਰ ਮਹਾਂ ਸਿੰਘ ਮੀਰ ਪੁਰੀਏ ਦੇ ਹਮਰਾਹ ਜਮਰੌਦ ਦੇ ਸਥਾਨ ਪਰ ਮੌਜੂਦ ਸੀ।

ਤਬ ਸਰਦਾਰ ਐਸੇ ਕਹਜੋ, "ਜੁੱਧ ਕਰੋ ਤੁਮ ਜਾਇ ॥"

ਚੌਪਈ

ਹੁਕਮ ਸਿੰਘ ਤਬ ਕਿਯਾ ਉਠਾਨਾ। ਪਰਜੋ ਜਾਇ ਵਿਚ ਮੁਗਲ ਪਠਾਨਾ।
ਕੇਤਕ ਜਾਇ ਦੁਰਾਨੀ ਮਾਰੇ। ਹੁਕਮ ਸਿੰਘ ਦਈ ਲੋਕ[੪੪] ਸਿਧਾਰੇ।
ਛੂਟੇ ਬੰਦੂਕ ਭਾਂਤਿ ਯਹ ਜਾਨੋ। ਵਰਖਾ ਵਰਸੇ ਜਿਉ ਅਸਮਾਨੋ।

## (ਸਰਦਾਰ ਹਰੀ ਸਿੰਘ ਦੀ ਸ਼ਹੀਦੀ)

ਏਕ ਬੰਦੂਕ ਹੁਕਮ ਦੀ ਛੂਟੀ। ਹਰੀ ਸਿੰਘ ਲਗ ਦੁੱਸਰ[੪੫] ਫੂਟੀ।
ਪੱਟ ਲਾਗ ਕਰਿ ਪਾਰ ਪਰਾਨੀ। ਹਰੀ ਸਿੰਘ ਮਨ ਕਛੂ ਨ ਆਨੀ।
ਹਰੀ ਸਿੰਘ ਇਹ ਵਚਨ ਉਚਾਰੇ। ਮਾਰ ਮਾਰ ਇਹ ਭਾਂਤਿ ਵੰਗਾਰੇ।
ਇਸੀ ਭਾਂਤਿ ਸੋ ਜੁੱਧ ਭਯੋ ਤਿਹ। ਸੰਕ ਨ ਰਹੀ ਦੁਹੂੰ ਕੇ ਮਨ ਮਹਿ।
ਮਾਰੇ ਸੂਰ ਤੁਪਕ ਕੇ ਸੰਗਾ। ਪੀਤ ਭੰਗ ਜਿਉਂ ਪਰੇ ਮਲੰਗਾ।
ਜਾ ਕੋ ਲਾਗ ਪਰੀ ਤਰਵਾਰਾ। ਇਕ ਇਕ ਤੇ ਭਏ ਦੋ ਦੋ ਚਾਰਾ ॥

ਦੋਹਰਾ

ਤੁਪਕ[੪੬] ਏਕ ਅਉਰੈ ਲਗੀ, ਹਰੀ ਸਿੰਘ ਕੋ ਆਇ।
ਲਾਗਤ ਹੀ ਇਹ ਬਿਧਿ ਭਈ, ਗਯੋ ਮੂਰਛਾ ਖਾਇ।

ਚੌਪਈ

ਲਾਗੀ ਤੁਪਕ ਮੂਰਛਾ ਭਯੋ। ਸਭ ਹੀ ਬਿਸਮ ਖਾਲਸਾ ਥਯੋ।
ਸੋਚ ਕਰਤ ਸਭ ਹੀ ਮਨ ਮਾਹੀ। ਬਿਨਾ ਭੂਪ[੪੭] ਕਰੇ ਕੌਨ ਲਰਾਈ।
ਹਰੀ ਸਿੰਘ ਤਬ ਆਪੁ ਸੰਭਾਰਜੋ। ਇਸੀ ਭਾਂਤਿ ਤਿਨ ਬਚਨ ਉਚਾਰਜੋ।
'ਸੋਚ ਨ ਕਰੋ ਖ਼ਾਲਸਾ! ਮਨਿ ਮੈ। ਅਬ ਤੋ ਸਾਂਤਿ ਭਈ ਮੁਹਿ ਤਨ ਮੈ॥'

ਸੋਰਠਾ

ਜ਼੍ਹਾਹਰ ਸਿੰਘ[੪੮] ਇਕ ਬੀਰ, ਤੀਰ ਖੜੋ ਤਿਸਿ ਦੇਖਿ ਕੈ।
ਹਰੀ ਸਿੰਘ ਰਣਧੀਰ, "ਜਾਹਿ" ਕਹਜੋ "ਤੁਮ ਜੁੱਧ ਕਰ ॥"

ਅਨੂਪ ਨਾਰਾਜ ਛੰਦ।

ਜ਼੍ਹਾਹਰ ਸਿੰਘ ਬੀਰ ਕੋ ਸ੍ਰਦਾਰ ਯੌਂ ਉਚਾਰਿਓ।
ਤਬੀ ਸੁ ਬਚਨ ਮਾਨਿ ਢਾਲ ਖੱਗ[੪੯] ਕੋ ਸੰਭਾਰਿਓ।
ਮਾਰਿ ਮਾਰਿ ਭਾਖ ਕੈ ਸੁ ਬੀਚ ਜਾਤ ਹੀ ਭਯੋ।
ਕੇਤੇ ਸੁ ਬੀਰ ਮਾਰਿ ਕੈ ਬਿਕੁੰਠ ਕੌ ਤਬੈ ਗਯੋ ॥

---

੪੪. ਦੇਵ ਲੋਕ, ਬੈਕੁੰਠ। ੪੫. ਦੁਸਾਰ ਪਾਰ, ਆਰ ਪਾਰ।
੪੬. ਬੰਦੂਕ ਦੀ ਗੋਲੀ। ੪੭. ਭਾਵ-ਪ੍ਰਧਾਨ ਸੈਨਾਪਤਿ, ਫ਼ੌਜੀ ਜਰਨੈਲ।
੪੮. ਇਕ ਫ਼ੌਜੀ ਸਰਦਾਰ। ੪੯. ਖੜਗ, ਤਲਵਾਰ।

ਦੋਹਰਾ

ਤਬ ਸਰਦਾਰ ਇਮ ਭਾਖਿਓ, ਜੁੱਧ ਭੂਮਿ ਕੇ ਮਾਹਿ ।
"ਕਿਲੇ ਵੀਚ ਮੁਹਿ ਲੈ ਚਲੋ, ਦੇਰ ਕਰੋ ਅਬ ਨਾਹਿ ॥"

ਚੌਪਈ

ਤਬ ਹੀ ਕਿਲੇ ਬੀਚ ਲੈ ਗਏ । ਸਭ ਹੂੰ ਬਾਤ ਸੁਨਾਵਤ ਭਏ ।
ਚਾਰ ਘਰੀ ਰਹਿ ਜੀਵਤ ਭਯੋ । ਤਬ ਹੀ ਦੇਵ ਲੋਕ ਕੋ ਗਯੋ ।
... ... ...। ... ...
ਮਿਲਿ ਗੰਧਰਬ ਤਬ ਰਾਗ ਸੁਨਾਵੈ । ਹਰੀ ਸਿੰਘ ਕੋ ਜਸੁ ਮੁਖ ਗਾਵੈ ॥

ਅਨੂਪ ਨਾਰਾਜ ਛੰਦ

ਹਰੀ ਸੁ ਸਿੰਘ ਬੀਰ ਕੋ ਬਿਕੁੰਠ ਜਾਤ ਸੌਭਈ ।
ਬਨੇ ਸੁ ਚਾਰੁ 'ਪੱਛਰਾਂ[੫੦] ਤਬੇ ਬਿਲੋਕ ਲੋਭਈ ।
ਅਨੂਪ ਦੇਵ ਕੰਨਜਾ ਰਿਦਜੋਂ ਭਤਾਰ[੫੧] ਧਾਰਿਈ ।
ਤਬੈ ਸੁ ਹਰੀ ਸਿੰਘ ਕੇ ਗਰੇ ਸੋ ਹਾਰਿ ਡਾਰਿ ਹੀ ॥
ਮਿਲੇ ਬਿਕੁੰਠ ਦੇਵਤਾ ਕਰੇ ਸੁ ਤਿਲਕ ਭਾਲ[੫੨] ਕਾ ।
ਤਬੇ ਨਰੇਸ ਕੇ ਗਲੇ ਸੁ ਡਾਰ ਫੂਲ ਮਾਲਿਕਾ ।
ਨਰੇਸ ! ਜਨਮ ਧੰਨ ਤੋ, ਮੁਖੰ ਸੁ ਦੇਵ ਗਾਇਓ ।
ਬਿਕੁੰਠ ਹਰੀ ਸਿੰਘ ਨੇ ਅਚਲ ਡੇਰਾ ਲਾਇਓ[੫੩] ।

ਸਵੈਯਾ

ਜੋ ਕੋਊ ਪੁੰਨ ਕਰੇ ਇਹ ਠਉਰ ਮੈ, ਆਗੈ ਹੀ ਜਾਇ ਤਬੈ ਸੋਉ ਪਾਵੈ ।
ਦਾਨ ਕਰੇ ਹਰੀ ਸਿੰਘ ਸੁਨੋ ਤਿਸ ਦਾਨ ਕੋ ਆਨ ਸੋ ਕਉਨ ਗਿਨਾਵੈ ।
ਆਗੇ ਪੁੰਨ ਸੋ ਫੈਲ ਰਹੇ ਯਹਾਂ ਜੋ ਹਿਤ ਸੋ ਕੋਉ ਪੁੰਨ ਕਰਾਵੈ ।
ਪੁੰਨ ਕੋ ਏਤੋ ਪ੍ਰਤਾਪ ਸੁਨੋ ... ... ... ... ... ॥

ਇਤਿ ।

---

੫੦. ਸੁੰਦਰ ਅਪਸਰਾਂ, ਸੁਰਗ ਲੋਕ ਦੀਆਂ ਹੂਰਾਂ-ਪਰੀਆਂ ।
੫੧. ਭਰਤਾ, ਪਤੀ । ੫੨. ਮੱਥਾ ।
੫੩ ਸਰਦਾਰ ਹਰੀ ਸਿੰਘ ਨਲਵਾ ਦੀ ਸ਼ਹੀਦੀ ੩੦ ਅਪ੍ਰੈਲ, ਸੰਨ ੧੮੩੭ ਈ: ਨੂੰ ਕਿਲ੍ਹਾ ਜਮਰੌਦ (ਜ਼ਿਲ੍ਹਾ ਪਿਸ਼ਾਵਰ) ਸੂਬਾ ਸਰਹੱਦ ਵਿਚ ਹੋਈ, ਜਿੱਥੇ ਕਿ ਉਸ ਦੀ ਸਮਾਧ ਮੌਜੂਦ ਹੈ ।

# ੧੦. ਵਿਜਯ ਵਿਨੋਦ

## ਕ੍ਰਿਤ ਕਵੀ ਗ੍ਵਾਲ ਭੱਟ

ਵਿਜਯ ਵਿਨੋਦ ਹਿੰਦੀ ਬੋਲੀ ਦਾ ਇਕ ਇਤਿਹਾਸਿਕ ਵੀਰ-ਕਾਵਯ ਹੈ, ਪਰ ਇਕ ਪੱਖੀ ਜਿਹਾ। ਇਸ ਵਿਚ ਮਹਾਰਾਜਾ ਰਣਜੀਤ ਸਿੰਘ ਤੋਂ ਪਿੱਛੋਂ ਦੇ ਪੰਜਾਬ ਦਾ ਪੰਜ-ਸਾਲਾ ਇਤਿਹਾਸ (ਸੰਨ ੧੮੩੯ ਤੋਂ ੧੮੪੩ ਈ: ਤਕ) ਹੈ। ਕਵੀ ਗਵਾਲ ਭੱਟ ਹਿੰਦੀ ਦਾ ਪ੍ਰਸਿੱਧ ਕਵੀ ਸੀ। ਇਹ ਕਵੀ ਮਥਰਾ ਦਾ ਵਸਨੀਕ ਸੀ ਅਤੇ ਇਸ ਦੇ ਪਿਤਾ ਦਾ ਨਾਮ ਸੇਵਾ ਰਾਮ ਬੰਦੀ-ਜਨ ਸੀ।

ਕਵੀ ਗਵਾਲ ਦਾ ਕਵਿਤਾ-ਕਾਲ ਸੰਮਤ ੧੮੭੯ ਬਿ: ਤੋਂ ੧੯੧੯ ਬਿ: ਤਕ ਹੈ। ਹਿੰਦੀ ਸਾਹਿੱਤ ਦੇ ਖੋਜੀ ਪੰਡਿਤ ਰਾਮ ਚੰਦ੍ਰ ਸ਼ੁਕਲ ਦੇ ਕਥਨ ਅਨੁਸਾਰ ਇਸ ਕਵੀ ਨੇ ਸੰਮਤ ੧੯੧੯ ਬਿ: ਵਿਚ 'ਭਗਤਿ ਭਾਵਨ' ਗ੍ਰੰਥ ਲਿਖਿਆ ਸੀ। (ਦੇਖੋ, ਹਿੰਦੀ ਸਾਹਿਤਯ ਕਾ ਇਤਿਹਾਸ, ਸਫ਼ਾ ੩੪੯)। ਇਸ ਤੋਂ ਇਲਾਵਾ ਇਸ ਕਵੀ ਦੀਆਂ ਹੋਰ ਰਚਨਾਵਾਂ ਹੇਠ ਲਿਖੇ ਅਨੁਸਾਰ ਹਨ— ਰਸਿਕਾਨੰਦ (ਅਲੰਕਾਰ), ਰਸਰੰਗ, ਕ੍ਰਿਸ਼ਨ ਜੂ ਕੋ ਨਖ ਸ਼ਿਖ, ਦੂਸ਼ਣ ਦਰਪਣ, ਗੋਪੀ ਪਚੀਸੀ, ਰਾਧਾ ਮਾਧਵ ਮਿਲਨ, ਰਾਧਾ ਅਸ਼ਟਕ (ਰੀਤਿ ਗ੍ਰੰਥ), ਦਸ ਅਵਤਾਰ (ਪੁਰਾਣਕ), ਹਮੀਰ ਹਠ, ਵਿਜਯ ਵਿਨੋਦ (ਇਤਿਹਾਸਕ), ਸਾਹਿਤਯ ਦਰਪਣ, ਸਾਹਿਤਯ ਭੂਖਣ (ਸਾਹਿਤਿਯਕ), ਸ੍ਰਿੰਗਾਰ ਦੋਹਾ, ਸ੍ਰਿੰਗਾਰ ਕਬਿੱਤ (ਸ੍ਰਿੰਗਾਰਕ) ਅਤੇ ਗੁਰੁ ਪੰਚਾਸਾ (ਪੰਚਾਸ਼ਿਕਾ) ਆਦਿ। (ਨਗੇਂਦ੍ਰ ਨਾਥ ਵਸੁ, ਹਿੰਦੀ ਵਿਸ਼ਵ ਕੋਸ਼, ੬, ਸਫ਼ਾ ੭੩੭; ਹਿੰਦੀ ਸ਼ਬਦ ਸਾਗਰ, ਭੂਮਿਕਾ ਸਫ਼ਾ ੧੬੬; ਰਾਮ ਚੰਦ੍ਰ ਸ਼ੁਕਲ, ਹਿੰਦੀ ਸਾਹਿਤਯ ਕਾ ਇਤਿਹਾਸ ਸਫ਼ਾ ੩੪੯; ਸ: ਕਾਨ੍ਹ ਸਿੰਘ ਨਾਭਾ, ਗੁਰੂ ਸ਼ਬਦ ਰਤਨਾਕਰ ਮਹਾਨ ਕੋਸ਼ ਸਫ਼ਾ ੧੩੦੯ ਅਤੇ ਗੁਰੂ ਮਹਿਮਾ ਰਤਨਾਵਲੀ, ਹਥ ਲਿਖਿਤ ਪ੍ਰਤੀ; ੧੯੩੮, ਅੰਗ 'ਗ'।)

ਗਵਾਲ, ਹਿੰਦੀ ਸਾਹਿਤਯ ਵਿਚ ਬੜਾ ਪ੍ਰਬੀਣ ਕਵੀ ਮੰਨਿਆ ਜਾਂਦਾ ਸੀ ਤੇ ਬਹੁਤੀ ਸ਼ਿੰਗਾਰ ਰਸੀ ਕਵਿਤਾ ਲਿਖਿਆ ਕਰਦਾ ਸੀ। ਅਮੀਰੀ ਤੇ ਰਸ-ਬਿਲਾਸ ਦੀਆਂ ਗੱਲਾਂ ਵੀ ਇਸ ਦੀ ਕਵਿਤਾ ਵਿਚ ਖੁਲ੍ਹੀਆਂ-ਡੁਲ੍ਹੀਆਂ ਮਿਲਦੀਆਂ ਹਨ। ਫੱਕੜ ਅਤੇ ਬਾਜ਼ਾਰੂ ਪਣੇ ਦਾ ਇਸ ਦੀ ਕਵਿਤਾ ਵਿਚ ਕਈ ਥਾਵੇਂ ਸਾਫ ਝਾਵਲਾ ਪੈਂਦਾ ਹੈ। ਦੇਸ਼ਾਟਨ ਇਸ ਕਵੀ ਨੇ ਬਹੁਤ ਕੀਤਾ ਸੀ ਜਿਸ ਦਾ ਅਸਰ ਇਸ ਦੀ ਕਵਿਤਾ ਉਤੇ ਚੋਖਾ ਪਿਆ ਜਾਪਦਾ ਹੈ। ਬ੍ਰਿਜ ਭਾਸ਼ਾ ਤੋਂ ਬਿਨਾਂ ਇਸ ਦੀ ਕਵਿਤਾ

ਗੁਜਰਾਤੀ ਅਤੇ ਪੰਜਾਬੀ ਬੋਲੀ ਵਿਚ ਵੀ ਮਿਲਦੀ ਹੈ। ਫ਼ਾਰਸੀ ਅਤੇ ਅਰਬੀ ਸ਼ਬਦ ਇਸ ਕਵੀ ਨੇ ਆਪਣੀ ਕਵਿਤਾ ਵਿਚ ਆਮ ਵਰਤੇ ਹਨ।

ਬਿਲਾਸ ਬ੍ਰਾਹਮਣ ਦੀ 'ਹਾਸ ਰਸ ਬਿਲਾਸ' ਨਾਮੀ ਹਿੰਦੀ ਪੁਸਤਕ ਤੋਂ ਪਤਾ ਲਗਦਾ ਹੈ ਕਿ ਕਵੀ ਗਵਾਲ ਕੁਝ ਚਿਰ ਮਹਾਰਾਜਾ ਰਣਜੀਤ ਸਿੰਘ ਅਤੇ ਮਹਾਰਾਜਾ ਦਲੀਪ ਸਿੰਘ ਦੇ ਪਾਸ ਰਿਹਾ ਸੀ (ਦੇਖੋ, ਉਕਤ ਪੁਸਤਕ ਦੇ ਸਫ਼ੇ ੧੯੪-੯੫)। ਸ਼ੇਰਿ ਪੰਜਾਬ ਦੇ ਅਕਾਲ ਚਲਾਣੇ ਤੋਂ ਪਿੱਛੋਂ ਮਾਲੂਮ ਹੁੰਦਾ ਹੈ, ਇਸ ਕਵੀ ਨੇ ਲਾਹੌਰ ਦਾ ਵਸੇਬਾ ਨਹੀਂ ਸੀ ਛੱਡਿਆ ਤੇ ਹੋ ਸਕਦਾ ਹੈ ਕਿ ਇਹ ਕਵੀ ਮਹਾਰਾਜਾ ਖੜਗ ਸਿੰਘ ਦੇ ਦਰਬਾਰ ਵਿਚ ਵੀ ਰਿਹਾ ਹੋਵੇ। ਸਰਦਾਰ ਕਾਨ੍ਹ ਸਿੰਘ ਨਾਭਾ ਦੇ ਕਥਨ ਅਨੁਸਾਰ ਇਹ ਕਵੀ ਪਹਿਲਾਂ ਮਹਾਰਾਜਾ ਸ਼ੇਰ ਸਿੰਘ ਦੇ ਦਰਬਾਰ ਵਿਚ ਲਾਹੌਰ ਅਤੇ ਪਿੱਛੋਂ ਰਾਜਾ ਭਰਪੂਰ ਸਿੰਘ ਦੇ ਕੋਲ ਨਾਭੇ ਜਾ ਕੇ ਰਿਹਾ ਸੀ। (ਦੇਖੋ, ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਸਫ਼ਾ ੧੩੦੯ ਅਤੇ ਗੁਰ ਮਹਿਮਾ ਰਤਨਾਵਲੀ, ਅੰਕ 'ਗ') ਅਤੇ ਇਸ ਵਿਜਯ ਵਿਨੋਦ ਨਾਮੀ ਰਚਨਾ ਤੋਂ ਵੀ ਸਿੱਧ ਹੁੰਦਾ ਹੈ ਕਿ ਇਹ ਕਵੀ ਰਾਜਾ ਹੀਰਾ ਸਿੰਘ ਡੋਗਰੇ ਦੇ ਪਾਸ, ਜੋ ਮਹਾਰਾਜਾ ਦਲੀਪ ਸਿੰਘ ਦਾ ਵੱਡਾ ਵਜ਼ੀਰ ਸੀ, ਰਿਹਾ ਸੀ ਤੇ ਉਸ ਦੇ ਸਲਾਹਕਾਰ ਪੰਡਿਤ ਜਲ੍ਹੇ ਦੇ ਕਹਿਣ ਤੇ ਇਸ ਨੇ ਸੰਮਤ ੧੯੦੧ ਵਿਚ ਵਿਜਯ ਵਿਨੋਦ ਦੀ ਰਚਨਾ ਕੀਤੀ ਸੀ, ਜਿਸ ਤਰ੍ਹਾਂ ਕਿ ਲਿਖਿਆ ਹੈ:-

ਹੀਰਾ ਸਿੰਘ ਮਹਾਰਾਜ ਕੀ, ਲਖਿ ਇੱਛਾ ਅਨਰੂਪ।
ਸ੍ਰੀ ਜਲ੍ਹਾ ਮਹਾਰਾਜਾ ਨੈ, ਕਿਯੋ ਵਿਚਾਰ ਅਨੂਪ ॥੪॥
ਸ੍ਰੀ ਜਲ੍ਹਾ ਮਹਾਰਾਜਾ ਨੈ, ਹੁਕਮ ਦਿਯੋ ਖੁਸ਼ਹਾਲ।
ਜੋ ਲਾਹੌਰ ਲੀਲਾ ਭਈ, ਤੇ ਵਰਨੋ ਕਵਿ ਗ੍ਵਾਲ ॥੫॥
ਸ੍ਰੀ ਪੰਡਿਤ ਕੋ ਹੁਕਮ ਸੁਨਿ, ਉਪਜਯੋ ਹਿਯ ਮੈਂ ਮੋਦ।
ਤਬ ਹਵਾਲ ਜਾਚਯੋ ਸਕਲ, ਰਾਚਯੋ ਵਿਜਯ ਵਿਨੋਦ ॥੬॥
੧ ੦ ੯ ੧
ਸਬੰਤ ਸਸਿ ਨਭ ਨਿਧਿ ਸਸਿ[1] ਸਾਵਨ ਸੁਕਲ ਸੁਮੋਦ।
ਤਿੱਥਿ ਸੁ ਅਸ਼ਟਮਿ ਭੌਮ ਕੋ, ਪ੍ਰਗਟਿਯੋ ਵਿਜਯ ਵਿਨੋਦ ॥੭॥

ਗੁਰ ਪੰਚਾਸ਼ਿਕਾ ਦਾ ਰਚਨਾ ਕਾਲ, ਜੋ ਕਵੀ ਨੇ ਰਾਜਾ ਭਰਪੂਰ ਸਿੰਘ ਦੇ ਪਾਸ ਨਾਭੇ ਪਹੁੰਚ ਕੇ ਰਚੀ ਸੀ, ਸੰਮਤ ੧੯੧੭ ਬਿ: ਹੈ।

ਕਵਿ ਗ੍ਵਾਲ ਦੀ ਸ਼ਿੰਗਾਰ ਰਸੀ ਕਵਿਤਾ ਦਾ ਇਕ ਉਦਾਰਣ, ਜੋ ਕਵੀ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਸੁਣਾਇਆ ਸੀ, ਹਾਸ-ਰਸ ਬਿਲਾਸ ਨਾਮੀ ਪੁਸਤਕ ਵਿਚ ਦਿੱਤਾ ਹੋਇਆ ਹੈ। ਉਸ ਤੋਂ ਬਿਨਾਂ ਤਿੰਨ ਕਬਿੱਤ ਹੋਰ 'ਸ਼ੇਰਿ ਪੰਜਾਬ' ਦੀ

---

੧. ਸੰਮਤ ੧੯੦੧ ਬਿ:।

ਬੀਰਤਾ ਦੇ ਸੰਬੰਧ ਵਿਚ ਹਨ, ਜਿਸ ਤਰ੍ਹਾਂ ਕਿ ਉਸ ਪੁਸਤਕ ਵਿਚ ਲਿਖਿਆ ਹੈ :-

ਏਕ ਦਿਨ ਰਣਜੀਤ ਸਿੰਘ ਕੇ ਬੇਟੇ ਨੇ ਗਵਾਲ ਕਵਿ ਕੋ ਆਦਰ ਸਤਿਕਾਰ ਸੇ ਬਿਠਲਾਯਾ ਔਰ ਕਹਾ, "ਮੇਰੇ ਪਿਤਾ ਕੇ ਬਖਤ ਕੀ ਕੋਈ ਕਵਿਤਾ ਸੁਨਾਇਯੇ। ਰਣਜੀਤ ਸਿੰਹ ਕੋ ਕੋਈ ਕਾਨਾ ਕਹ ਲੇਤਾ, ਦਲੀਪ ਸਿੰਹ[2] ਉਸ ਕੋ ਮਾਰ ਗੇਰਤਾ" ਤਬ ਕਵੀਸ਼ਰ ਕਹਤਾ ਹੈ :-

ਜਾ ਦਿਨ ਤੇ ਕੀਨੋ ਹੈ ਪਯਾਨ ਸੁਰ ਲੋਕ ਹੂੰ ਕੌ,
ਤਾ ਦਿਨ ਤੇ ਸ਼ੋਕ ਹੂੰ ਕੋ ਜੋਰ ਜਗ ਜਾਨੇ ਹੈਂ।
ਧਰਮ ਧਰਾ ਤੇ ਧਸਿ ਕੀਨੋ ਹੈ ਪਤਾਲ ਵਾਸ,
ਦਯਾ ਸੁਖ ਸੰਪਤਿ ਨ ਲੇਸ ਫਿਰ ਆਨੇ ਹੈਂ।
ਕਹੈ ਕਵਿ ਗਵਾਲ ਰੀਤਿ ਗਈ ਹੈ ਵਿਲਾਯ ਹਾਯ,
ਕੌਨ ਕੋ ਸੁਨਾਵੈਂ ਯਸ਼-ਕੀਰਤੀ ਵਿਲਾਨੇ ਹੈਂ।
ਹਾਯ ਮਰਦਾਨੇ ਜਗ ਜਾਨੇ ਰਣਜੀਤ ਸਿੰਘ,
ਤੇਰੇ ਬਿਨ ਕਾਨੇ ਸਭ ਠੌਰ ਤੀਨ ਕਾਨੇ ਹੈਂ।

ਫੇਰ ਮਹਾਰਾਜਾ ਸਵਾਲ ਕਰਦਾ ਹੈ ਕਿ "ਕਾਬਲੀ ਬੜੇ ਜ਼ਬਰਦਸਤ ਥੇ, ਮੇਰੇ ਪਿਤਾ ਨੇ ਕੈਸੇ ਜੀਤੇ ?" ਕਵੀ ਇਸ ਦਾ ਉੱਤਰ ਦਿੰਦਾ ਹੈ :-

ਛਾਯੋ ਸ਼ੋਰ ਰਹਤੋ ਹਮੇਸ਼ ਕਲਕੱਤਾ ਲੱਗ,
ਦਿੱਲੀ ਕੇ ਚਕੱਤਾ ਪੂਰ ਕੱਤਾ ਚਲੇ ਜਿਨ ਕੇ।
ਮਥੁਰਾ ਪੁਰੀ ਕੀ ਕਰੀ ਆਤੁਰੀ ਕਰੀਹਾ ਕਟਾ,
ਘਨ ਕੀ ਘਟਾ ਸੋ ਦਲ ਉਮਡਿ ਸੁ ਉਨ ਕੇ।
ਗ੍ਵਾਲ ਕਵਿ ਕਹੈ ਵਰ ਨਾਹਣ ਕੇ ਨਾਹ ਧੀਰ,
ਵੀਰ ਰਣਜੀਤ ਸਿੰਘ ਤੋ ਪ੍ਰਤਾਪ ਦਿਨ ਕੇ।
ਕਾਬਿਲੀ ਜੇ ਵੈਸੇ ਕਾਬਿਲੀ ਸੇ ਫਿਰੈਂ ਭਾਗੇ,
ਤੇਰੀ ਕਾ ਬਿਲੀ ਨੇ ਕਾ ਬਿਲੀਨੇ ਕੀਯੋ ਤਿਨਕੇ[3] ॥੧॥
ਫੌਜੈਂ ਮਹਾਰਾਜੈ ਰਣਜੀਤ ਸਿੰਘ ਜੂ ਕੀ ਸਜੀ,

---

੨. ਦਲੀਪ ਸਿੰਘ ਉਸ ਸਮੇਂ ਛੋਟੀ ਉਮਰ ਦਾ ਸੀ ਤੇ ਹਿੰਦੀ ਕਵਿਤਾ ਨੂੰ ਏਨਾ ਸਮਝ ਨਹੀਂ ਸੀ ਸਕਦਾ। ਏਥੇ ਦਲੀਪ ਸਿੰਘ ਦੀ ਥਾਵੇਂ ਮਹਾਰਾਜਾ ਸ਼ੇਰ ਸਿੰਘ ਦਾ ਨਾਮ ਸਹੀ ਹੈ ਕਿਉਂਕਿ ਨਾਲੇ ਗਵਾਲ ਕਵੀ ਬਹੁਤਾ ਸ਼ੇਰ ਸਿੰਘ ਦੇ ਦਰਬਾਰ ਵਿਚ ਹੀ ਰਿਹਾ ਸੀ ਤੇ ਪੰਜਾਬ ਗਵਰਨਮੈਂਟ ਰੀਕਾਰਡਜ਼ ਦੀਆਂ ਲਿਖਤਾਂ ਮੁਤਾਬਕ ਮਹਾਰਾਜਾ ਸ਼ੇਰ ਸਿੰਘ ਹਿੰਦੀ ਚੰਗੀ ਤਰ੍ਹਾਂ ਜਾਣਦਾ ਤੇ ਸਮਝਦਾ ਸੀ।

੩. ਤੇਰੀ ਕਾਬਲੀਅਤ ਨੇ ਕਾਬਲੀਆਂ ਦੇ ਤਿਨਕੇ ਕਰ ਦਿੱਤੇ ਹਨ, ਅਰਥਾਤ-ਸਰਹੱਦ ਦੇ ਪਠਾਣ ਘਾਹ ਦੇ ਤਿਣਕਿਆਂ ਦੀ ਤਰ੍ਹਾਂ ਉਡਾ ਦਿੱਤੇ ਹਨ।

ਘਨ ਘਹਰਾਤ ਗੜ ਗੜ ਗੜਕਜੋ ਕਰੈਂ।
ਪਲਟਨ ਪੰਗਤ ਕੀ ਪਲਟਨ ਪੇਖਿ ਪਰੈ,
ਫੈਰ ਫੁਰਤੀਲੀ ਫੜ ਫੜ ਫੜਕਜੋ ਕਰੈਂ।
ਗਵਾਲ ਕਵਿ ਕਹੈ ਚਲੈ ਫੌਜ ਕੀ ਤੜਾੜੈਂ ਤੇਜ,
ਸਕਸ ਸੜਾੜੈਂ ਸੜ ਸੜ ਸੜਕਜੋਂ ਕਰੈਂ।
ਤਤੜ ਤਤੜ ਤਾੜ ਤਤੜ ਤਤੜ ਤਾੜ,
ਤਤੜ ਤਤੜ ਤੜ ਤੜ ਤੜਕਜੋਂ ਕਰੈਂ ॥੨॥

ਵਿਜਯ ਵਿਨੋਦ, ਹਮੀਰ ਹਠ ਦੀ ਤਰ੍ਹਾਂ ਬੀਰ-ਰਸ ਪ੍ਰਧਾਨ ਕਾਵਯ ਹੈ। ਕਵੀ ਨੇ ਇਸ ਵਿਚ ਰਾਜਾ ਹੀਰਾ ਸਿੰਘ ਤੇ ਪੰਡਿਤ ਜਲ੍ਹੇ ਦੀ ਰੱਜ ਕੇ ਉਸਤਤ ਕੀਤੀ ਹੈ ਅਤੇ ਰਾਜਾ ਧਿਆਨ ਸਿੰਘ ਤੇ ਹੀਰਾ ਸਿੰਘ ਦੇ ਮੁਕਾਬਲੇ ਤੇ ਸੰਧਾਵਾਲੀਯੇ ਸਰਦਾਰਾਂ ਨੂੰ ਨਿੰਦਿਆ ਹੈ। ਕਈ ਥਾਵੀਂ ਡੋਗਰਿਆਂ ਦੀ ਨਿਮਕ-ਹਲਾਲੀ ਦੇ ਜੋਸ਼ ਵਿਚ ਆ ਕੇ ਕਵੀ ਨੇ ਸੰਧਾਵਾਲੀਆਂ ਬਾਰੇ ਨਿਮਕ-ਹਰਾਮ ਆਦਿ ਅਯੋਗ ਸ਼ਬਦ ਵੀ ਵਰਤੇ ਹਨ ਤੇ ਚੰਗਾ ਬਾਜ਼ਾਰੂਪੁਣਾ ਦਿਖਾਇਆ ਹੈ, ਪਰ ਇਸ ਦੇ ਬਾਵਜੂਦ ਵੀ ਇਸ ਕਾਵਯ ਦੀ ਇਤਿਹਾਸਿਕ ਕੀਮਤ ਕੂਤ ਘਟੀ ਨਹੀਂ। ਸਭ ਤੋਂ ਵਡੀ ਖ਼ੂਬੀ, ਜੋ ਇਸ ਕਾਵਯ ਵਿਚ ਮੈਨੂੰ ਜਾਪੀ ਹੈ ਉਹ ਮਹਾਰਾਜਾ ਸ਼ੇਰ ਸਿੰਘ ਦਾ ਅਟਲਗੜ੍ਹ, ਵਟਾਲੇ ਤੋਂ ਆਉਣਾ ਤੇ ਲਾਹੌਰ ਫ਼ਤਹ ਕਰਨਾ ਅਤੇ ਉਸ ਤੋਂ ਪਿੱਛੋਂ ਮਹਾਰਾਜਾ ਦਾ ਕੌਰ ਪ੍ਰਤਾਪ ਸਿੰਘ ਸਮੇਤ ਮਾਰੇ ਜਾਣਾ, ਫੇਰ ਰਾਜਾ ਧਿਆਨ ਸਿੰਘ ਦੇ ਮਾਰੇ ਜਾਣ ਤੇ ਹੀਰਾ ਸਿੰਘ ਵਲੋਂ ਸੰਧਾਵਾਲੀਆਂ ਉੱਤੇ ਚੜ੍ਹਾਈ ਹੋਣੀ ਅਤੇ ਉਨ੍ਹਾਂ ਦਾ ਮਾਰੇ ਜਾਣਾ ਆਦਿਕ ਸਮਾਚਾਰ ਹਨ। ਸਿਖ ਇਤਿਹਾਸ ਦੀਆਂ ਇਹ ਘਟਨਾਵਾਂ ਜਿਵੇਂ ਇਸ ਕਾਵਯ ਵਿਚੋਂ ਮਿਲਦੀਆਂ ਹਨ, ਇਸ ਤਰ੍ਹਾਂ ਹੋਰ ਕਿਸੇ ਇਤਿਹਾਸਕ ਗ੍ਰੰਥ ਵਿਚੋਂ ਸਿਲਸਿਲੇ ਵਾਰ ਨਹੀਂ ਮਿਲਦੀਆਂ। ਇਸ 'ਪਰ ਵੀ ਸੁਆਦਲੀ ਗੱਲ ਇਹ ਹੈ ਕਿ ਇਹ ਘਟਨਾਵਾਂ ਪੰਜਾਬ ਗਵਰਨਮੈਂਟ ਦੇ ਰੀਕਾਰਡਾਂ ਨਾਲ ਕਾਫੀ ਹੱਦ ਤੱਕ ਮਿਲਦੀਆਂ ਜੁਲਦੀਆਂ ਹਨ। ਵਿਜਯ ਵਿਨੋਦ ਦੀ ਰਚਨਾ ਕਰਨ ਲੱਗਿਆਂ ਕਵੀ ਨੇ ਇਤਿਹਾਸ ਦੇ ਇਹ ਵਾਕਿਆਤ ਦਰਬਾਰ ਲਾਹੌਰ ਪਾਸੋਂ ਲਏ ਸਨ, ਜਿਸ ਤਰ੍ਹਾਂ ਕਿ ਉਹ ਨਿਮਨ ਲਿਖਤ ਦੋਹਿਆਂ ਵਿਚ ਇਸ਼ਾਰੇ ਨਾਲ ਲਿਖਦਾ ਹੈ :-

ਸ੍ਰੀ ਜਲ੍ਹਾ ਮਹਾਰਾਜ ਨੈ, ਹੁਕਮ ਦਿਯੋ ਖੁਸ਼ਹਾਲ।
ਜੋ ਲਹੌਰ ਲੀਲਾ ਭਈ, ਤੇ ਵਰਨੌਂ ਕਵਿ ਗ੍ਵਾਲ ॥੫॥
ਸ੍ਰੀ ਪੰਡਿਤ ਕੋ ਹੁਕਮ ਸੁਨਿ, ਉਪਜਯੋ ਹਿਯ ਮੈਂ ਮੋਦ।
ਤਬ ਹਵਾਲ ਜਾਚਯੋ ਸਕਲ, ਰਾਚਯੋ ਵਿਜਯ ਵਿਨੋਦ ॥੬॥

ਅਰਥਾਤ-ਇਤਿਹਾਸ ਲਿਖਣ ਦਾ ਹੁਕਮ ਸੁਣ ਕੇ ਕਵੀ ਨੇ ਪ੍ਰਸੰਨਤਾ ਪੂਰਵਕ ਸਾਰਾ ਹਵਾਲ ਜਾਚਿਆ, ਭਾਵ-ਹਾਲਾਤ ਇਕੱਠੇ ਕੀਤੇ ਅਤੇ ਇਹ ਵਿਜਯ ਵਿਨੋਦ ਪੁਸਤਕ ਰਚੀ। ਸੋ ਇਸ ਖਿਆਲ ਨਾਲ ਇਹ ਪੁਸਤਕ ਇਤਿਹਾਸ-ਪ੍ਰੇਮੀਆਂ ਲਈ,

ਖਾਸ ਕਰਕੇ ਖੋਜੀਆਂ ਲਈ ਉਸ ਸਮੇਂ ਦੇ ਕਵੀ ਦੀ ਕਲਮ ਤੋਂ ਹੋਣ ਕਰ ਕੇ, ਜਿਸ ਨੇ ਕਿ ਸਿੱਖ ਰਾਜ ਦਾ ਜੋਬਨ ਤੇ ਬੁਢੇਪਾ ਦੇਖਿਆ ਸੀ, ਇਕ ਦਿਲਚਸਪ ਚੀਜ਼ ਹੈ ।

ਇਸ ਪੁਸਤਕ ਦਾ ਸੰਪਾਦਨ ਕਰਨ ਵੇਲੇ ਤਿੰਨ ਪ੍ਰਤੀਆਂ ਤੋਂ ਸਹਾਇਤਾ ਲਈ ਗਈ ਹੈ- (੧) ਬਾਗੜੀਆਂ ਲਾਇਬ੍ਰੇਰੀ ਵਿਚੋਂ ਵਿਜਯ ਵਿਨੋਦ ਦੀ ਹਥ ਲਿਖਤ ਪ੍ਰਤੀ, ਜੋ ਸਾਵਣ ਵਦੀ ੧੦, ਸੰਮਤ ੧੯੨੧ ਬਿ: ਦੀ ਲਿਖੀ ਹੋਈ ਹੈ, (੨) ਮੇਰੀ ਆਪਣੀ ਹਥ ਲਿਖਤ ਪ੍ਰਤੀ ਅਤੇ (੩) ਪੱਥਰ ਦੇ ਛਾਪੇ ਦੀ ਪ੍ਰਤੀ ਜੋ ਸ਼੍ਰੋ: ਗੁ: ਪ੍ਰ: ਕਮੇਟੀ, ਅੰਮ੍ਰਿਤਸਰ ਦੀ ਲਾਇਬ੍ਰੇਰੀ ਵਿਚ ਹੈ। ਇਨ੍ਹਾਂ ਤੇਹਾਂ ਪ੍ਰਤੀਆਂ ਦੇ ਪਾਠ ਪਰਸਪਰ ਕਈ ਥਾਵੀਂ ਨਹੀਂ ਮਿਲਦੇ ਤੇ ਪਿਛਲੀ ਪ੍ਰਤੀ ਦੇ ਪਾਠ ਬਹੁਤ ਥਾਵੀਂ ਗ਼ਲਤ ਹਨ। ਪਿਛਲੀਆਂ ਦੋਹਾਂ ਪ੍ਰਤੀਆਂ ਵਿਚ ਕੁਝ ਵਾਧੂ ਪਾਠ ਵੀ ਹਨ ਜੋ ਗ਼ੈਰ ਜ਼ਰੂਰੀ ਸਮਝ ਕੇ ਛੱਡ ਦਿੱਤੇ ਗਏ ਹਨ । ਇਸ ਪੁਸਤਕ ਦੇ ਸੰਪਾਦਨ ਕਰਨ ਵਿਚ ਮੈਨੂੰ ਭਾਈ ਸਾਹਿਬ ਭਾਈ ਅਰਜਨ ਸਿੰਘ ਜੀ ਸਚਖੰਡ-ਵਾਸੀ, ਰਈਸ ਬਾਗੜੀਆਂ (ਲੁਧਿਆਣਾ) ਨੇ ਬੜੀ ਸਹਾਇਤਾ ਆਪਣੀ ਲਾਇਬ੍ਰੇਰੀ ਵਿਚੋਂ ਦਿੱਤੀ ਹੈ, ਜਿਸ ਲਈ ਮੈਂ ਉਨ੍ਹਾਂ ਦਾ ਦਿਲੋਂ ਕ੍ਰਿਤਗਯ ਹਾਂ ।

੧ੳ ਸਤਿਗੁਰ ਪ੍ਰਸਾਦਿ ॥

# ਅਥ ਬਿਜੈ ਬਿਨੋਦ ਗ੍ਰੰਥ ਲਿਖਯਤੇ

## ਮੰਗਲਾਚਰਨ

ਕਬਿੱਤ

ਮੁਨਿ ਮਨ ਤਾ ਕੇ ਮੋਦਤਾ ਕੇ ਦੈਨ ਹਾਰੇ ਦਿਵਯ,
ਦਸ ਨਖ ਚੰਦ ਕੀ ਪ੍ਰਭਾ ਕੇ ਪੁੰਜ ਪਾਕੇ ਹੈਂ ।
ਸੁਮਤ ਮਤਾ ਕੇ ਗੁਨ ਗਯਾਨ ਗੁਰਤਾ ਕੇ ਦੈਨ,
ਐਨ ਕਰੁਨਾ ਕੇ ਨੈਨ ਸ਼ਾਸਤ੍ਰ ਸੰਹਿਤਾ ਕੇ ਹੈਂ ।
ਗ੍ਵਾਲ ਕਵਿ ਛਬਿ ਕੇ ਛਤਾ ਕੇ ਕਲਸਾ ਕੇ ਨਗ,
ਸ਼ਬਦ ਸਿੰਧੁਤਾ ਕੇ ਸੋਧੀ ਬੋਧੀ ਬਸੁਧਾ ਕੇ ਹੈਂ ।
ਸੌਰਭ ਸਤਾ ਕੇ ਮ੍ਰਿਦੁਤਾ ਕੇ ਮੰਜੁਤਾ ਕੇ ਛਾਕੇ,
ਤਾ ਕੇ ਬੰਦਿ ਚਰਨ ਸਰੋਜ ਸਾਰਦਾ ਕੇ ਹੈਂ ॥੧॥
ਦਸਰਥ ਨੰਦ[1] ਤੈਂ ਬੁਲੰਦ ਲੰਕ ਗਢ ਤੋਰਯੋ,
ਬੈਰੀ ਬਾਲ ਬ੍ਰਿੰਦਨ ਕੇ ਭਯੋ ਅਤਿ ਦਾਹ ਹੈ ।
ਰੋਦਨ ਕੀ ਧਾਰੈਂ ਤੈ ਤਰਾਰੈਂ ਸਢਿ ਛਾਇ ਗਈਂ,
ਆਈ ਹੈ ਕਿ ਆਈ ਪਾਸ, ਪਾਯੋ ਗੇ ਨ ਥਾਹ ਹੈ ।
ਗ੍ਵਾਲ ਕਵਿ ਯਾਂ ਤੇ ਕਛੂ ਕੀਜਿਯੈ ਓਪਾਯ-
ਨਈ ਨਾਵ ਕੀ ਨ ਵਾਹ ਹੈ, ਜਹਾਜ਼ ਕੀ ਨ ਰਾਹ ਹੈ ।
ਪਰਬਤ ਕਾ ਪੁਲਹੂ ਪਲਕ ਮਾਹਿ ਟੂਟ ਜੈ ਹੈ,
ਐਸੋ ਤੇਜ ਤੋਊ ਦਾਸ ਪਾਨੀ ਕੋ ਪ੍ਰਵਾਹ ਹੈ ॥੨॥
ਬੇਦ ਬਯਾਸ ਵਾਕਯ ਤੈ ਅਦ੍ਵੈਤਤਾ ਪ੍ਰਗਟ ਕੀਨੀ,
ਨਾ ਤੋ ਜਗ ਜੀਵਨ ਕੋ ਦ੍ਵੈਤਤਾਈ ਜਟਤੀ ।
ਚਾਰ ਹੂ ਬਰਨ ਕਿਯੇ ਏਕ ਬ੍ਰਹਮ ਦਰਸਾਯ,

---

੧. ਸ੍ਰੀ ਰਾਮਚੰਦ੍ਰ ਜੀ, ਜੋ ਅਯੁਧਯਾ ਪਤੀ ਮਹਾਰਾਜਾ ਦਸਰਥ ਦੇ ਪੁਤ੍ਰ ਸਨ। ਇਹਨਾਂ ਦੀ ਗਿਣਤੀ ਹਿੰਦੂਆਂ ਦੇ ੨੪ਅਵਤਾਰਾਂ ਵਿਚ ਹੈ (ਦੇਖੋ, ਦਸਮ ਗ੍ਰੰਥ, ਚੌਬੀਸ ਅਵਤਾਰ)।

ਭੇਸ ਬ੍ਰਹਮਚਰਯ ਦਿਯੋ, ਜੋ ਨ ਹੋਇ ਘਟਤੀ ।
ਗ੍ਵਾਲ ਕਵਿ ਕਹੈ ਪੰਥ ਖਾਲਸਾ ਅਖੰਡ ਮੰਡਯੋ,
ਲਾਲਸਾ ਕੋ ਪੂਰਨ ਕਰੈਯਾ ਹੈ ਸੋ ਝਟਤੀ ।
ਹੋਤੇ ਜੋ ਨ ਐਸੇ ਸ੍ਰੀ ਗੋਬਿੰਦ ਸਿੰਘ ਜੀ ਮਹਾਰਾਜ,
ਤੌ ਨ ਕਲਿ ਕਾਲ ਕੀ ਕਰਾਲਤਾਈ ਕਟਤੀ ॥੩॥

## (ਗ੍ਰੰਥ ਰਚਨਾ ਦਾ ਕਾਰਣ)

ਦੋਹਰਾ

ਹੀਰਾ ਸਿੰਘ ਮਹਾਰਾਜ ਕੀ ਲਖਿ ਇੱਛਾ ਅਨਰੂਪ ।
ਸ੍ਰੀ ਜਲ੍ਹਾ ਮਹਾਰਾਜ ਨੈ, ਕਿਯੋ ਵਿਚਾਰ ਅਨੂਪ ॥੪॥
ਸ੍ਰੀ ਜਲ੍ਹਾ ਮਹਾਰਾਜ ਨੈ, ਹੁਕਮ ਦਿਯੋ ਖੁਸ਼ਹਾਲ ।
"ਜੇ ਲਹੌਰ ਲੀਲਾ ਭਈ, ਤੇ ਵਰਨੋ ਕਵਿ ਗ੍ਵਾਲ" ॥੫॥
ਸ੍ਰੀ ਪੰਡਿਤ ਕੋ ਹੁਕਮ ਸੁਨਿ, ਉਪਜਯੋ ਹਿਯ ਮੈਂ ਮੋਦ ।
ਤਬ ਹਵਾਲ ਜਾਚਯੋ ਸਕਲ, ਰਾਚਯੋ ਬਿਜੈ ਬਿਨੋਦ ॥੬॥
੧ ੦ ੯ ੧
ਸੰਬਤ ਸਸਿ ਨਭ ਨਿਧਿ ਸਸਿ[2], ਸਾਵਨ ਸੁਕਲ ਸੁਮੋਦ ।
ਤਿੱਥਿ ਸੁ ਅਸ਼ਟਮਿ ਭੌਮ[3] ਕੋ, ਪ੍ਰਗਟਯੋ ਬਿਜੈ ਬਿਨੋਦ ॥੭॥

## (ਮਹਾਰਾਜਾ ਰਣਜੀਤ ਸਿੰਘ ਦਾ ਰਾਜ-ਤੇਜ)

ਕਬਿਤੁ ।

ਬਾਢੀ ਹਿਯ ਮਨ ਆਲੀ ਆਠੋ ਦਿਸ ਗਾਢੀ ਗਾਢੀ,
ਪਾਪ ਪਾਂਤਿ ਚਾਢੀ ਤਬ ਦਾਢੀ ਭੂਮਿ ਬਿਕਲਾਨ ।
ਜਬ ਹਰਿ ਜੂ ਨੈ ਨਿਜ ਅੰਸ ਪ੍ਰਗਟਾਯੋ ਭਾਯੋ,
ਰਣਜੀਤ ਸਿੰਘ ਨਾਮ ਪਾਯੋ ਆਯੋ ਸੋ ਜਹਾਨ ਭਾਨ ।
ਗ੍ਵਾਲ ਕਵਿ ਕਹੈ ਬਿਪ੍ਰ ਬੇਦ ਕੋ ਤੁਲਸੀ ਪਿਪ੍ਰ,
ਛਿਪ੍ਰ ਭਯੋ ਤਿਨ ਹੂੰ ਕੇ ਰੱਛਕ ਪਤੱਛ ਮਾਨ ।
ਤੇਜਵਾਨ ਔ ਜਵਾਨ ਗਯਾਨਵਾਨ ਬੁੱਧਿਮਾਨ,
ਦਾਨ ਔ ਕ੍ਰਿਪਾਨ ਕੋ ਬਹਾਦੁਰ ਮਿਹਰਬਾਨ ॥੮॥
ਜਯੋਂ ਜਯੋਂ ਬੈਸ ਬਾਢੈ ਤਯੋਂ ਤਯੋਂ ਬਢਤ ਪ੍ਰਤਾਪ ਆਵੈ,
ਪਿਤੁ ਹੀ ਆਗੇ ਕਿਤੇ ਮਾਰੇ ਦੁਸ਼ਟ ਗ੍ਰਾਹ ਸੇ ।
ਆਸ ਪਾਸ ਕੈਯਨ ਨਰਿੰਦਨ ਕੇ ਬ੍ਰਿੰਦ ਹੁਤੇ,
ਤਿਨੈ ਫੰਦ ਡਾਰ ਕਿਯੇ ਬੰਦ ਹਰ ਰਾਹ ਸੇ ।

---

੨. ਸੰਮਤ ੧੯੦੧ ਬਿ: । ੩. ਮੰਗਲਵਾਰ ।

ਗ੍ਵਾਲ ਕਵਿ ਕਹੈ ਮਹਾ ਸਿੰਘ ਕੇ ਸਪੂਤ ਪੂਤ,
ਰਣ ਜਿੱਤ ਸਿੰਘ ਨਾਮ ਆਮ ਹੂਏ ਵਾਹ ਵਾਹ ਸੇ।
ਜਹਾਂ ਜਹਾਂ ਜਸ ਕੀ ਖਟਾਈ ਕੀ ਅਵਾਈ ਧਾਈ,
ਤਹਾਂ ਤਹਾਂ ਸ਼ਤ੍ਰ ਫਾਟੇ ਦੂਧ ਕੇ ਕੜਾਹ ਸੇ ॥੯॥
ਕਾਬਲ ਸੌਂ ਕਈ ਵੇਰ ਕਤਲ ਕਰੈਯਾ ਆਏ,
ਅਤਲ[੪] ਹੂੰ ਹਾਲਜੋ ਚਾਲਜੋ ਯਹ ਦੈਵ ਕਾ ਕਰੀ।
ਦਿੱਲੀ ਤੇ ਚਕੱਤਾ ਕੱਤਾ ਬਾਂਧ ਬਾਂਧ ਆਏ ਪਰ,
ਕਾਹੂੰ ਸੌਂ ਨ ਭਏ ਸਰ, ਸਭ ਕੀ ਨਿਸਾ ਕਰੀ।
ਗ੍ਵਾਲ ਕਵਿ ਕਹੈ 'ਮਹਾਰਾਜੈ ਰਣਜੀਤ ਸਿੰਘ,
ਤਿਨ ਕੌਂ ਸਹਜ ਜੀਤਿ ਜੀਤਿ ਕੈ ਕ੍ਰਿਪਾ ਕਰੀ।
ਠਾਕੁਰੀ ਨ ਕਾਹੂੰ ਕੀ ਰਹਨ ਦੀਨੀ ਪਰਬਤ ਮੈਂ,
ਬਾਈਸ ਹੂੰ ਧਾਰ[੫] ਤੇ ਕਰਾਈ ਨਿਤ ਚਾਕਰੀ ॥੧੦॥
ਮਹਾਰਾਜ ਰਾਜਨ ਕੇ ਬੀਰ ਰਣਜੀਤ ਸਿੰਘ,
ਪ੍ਰਥਮ ਪੰਜਾਬੀ ਔ ਪਹਾੜੀ ਜੀਤੇ ਸਗਰੇ।
ਅਟਕ ਪਿਸੌਰ, ਕਸ਼ਮੀਰ, ਮਨਕੇਰਾ ਅਰੁ,
ਮਾਰੀ ਮੁਲਤਾਨ ਕਿਯੋ ਸਭ ਡਗਮਗ ਰੇ।
ਗਵਾਲ ਕਵਿ ਕਹਿਤ ਨਵਾਬਨ ਬਿਆਬ ਕਿਜੇ,
ਮੌਤ ਸੌਂ ਖ਼ਰਾਬ ਕਿਜੇ ਲਾਖਨ ਸੌਂ ਅਗਰੇ।
ਜਾਰ ਦਿਯੈਂ, ਫਾਰ ਦਿਯੈ ਜਲ ਹੂੰ ਮੈਂ ਡਾਰ ਦਿਯੈ,
ਭਾਂਤਿ ਭਾਂਤਿ ਮਾਰ ਦਿਯੈ ਜੇ ਮਲੇਛ ਸਗਰੇ ॥੧੧॥

ਦੋਹਰਾ।

ਬਾਦਸ਼ਾਹ ਸੰਗਜ਼ਾ ਪ੍ਰਸਿਧ, ਭਈ ਜਗਤ ਸਭ ਠੌਰ।
ਜਾ ਕੇ ਸੌਹੀ ਜੰਗ ਕੋ ਰਹਯੋ ਨ ਦੂਸਰ[੬] ਔਰ ॥੧੨॥
ਖੈਬਰ ਤੇ ਜੇ ਪਰ[੭] ਰਹੈਂ, ਕਾ ਨਵਾਬ ਕਾ ਸਾਹ।
ਤਿਨ ਕੀ ਨਾਰੀ ਯੌਂ ਕਹੈਂ "ਸੁਨੋ ਹਮਾਰੇ ਨਾਹ ॥੧੩॥

ਕਬਿਤੁ।

ਸ਼ੇਰਨ ਪੈ ਜਾਨੈ ਸ਼ਮਸ਼ੇਰ ਘਾਲਿਯਾਂ ਹੈਂ ਵਹੀ,
ਰਣਜੀਤ ਸਿੰਘ ਜੂ ਕੀ ਅਹੋ ਫੌਜੈਂ ਆਵੈਂ ਚਾਲਿਯਾਂ।
ਕਾਲਿਯਾਂ ਅਕਾਲਿਯਾਂ ਕੀ ਪੰਤਿ ਦੂਰ ਦੀਸੈ ਕੰਤ,

---

੪. ਪਤਾਲ ਲੋਕ। ੫. ਬਾਈਧਾਰ ਦੇ ਪਹਾੜੀ ਰਾਜਿਆਂ। ੬. ਬਾਗੜੀਆਂ ਵਾਲੀ ਪ੍ਰਤੀ ਵਿਚ 'ਦੂਜੋ' ਪਾਠ ਹੈ। ੭. ਪਰੇ, ਪਾਰ ਪਹਾੜੀ ਇਲਾਕੇ ਵਿਚ।

ਜਾਯਗੀ ਸਮ੍ਹਾਲਿਯਾਂ ਨ ਫੇਰ ਤਤਕਾਲਿਯਾਂ ।
ਗਵਾਲ ਕਵਿ ਚਾਹਤ ਖੁਸ਼੍ਹਾਲਿਯਾਂ ਬਿਸਾਲਿਯਾਂ ਜੋ,
ਰਾਖਨੀ ਹੈਂ ਮੁਖ ਪਰ ਲਾਲਿਯਾਂ ਬਹਾਲਿਯਾਂ ।
ਮੇਵਨ ਕੀ ਡਾਲਿਯਾਂ ਤੁਰੰਗਨ[੮] ਕੀ ਪਾਲਿਯਾਂ ਲੈ,
ਮਿਲੋਂ ਮੁਕਤਾਲਿਯਾਂ[੯] ਦੈ ਨਜ਼ਰ ਉਤਾਲਿਯਾਂ[੧੦]" ॥੧੪॥

ਦੋਹਰਾ ।

ਐਸੇ ਸੁਨਿ ਸੁਨਿ ਤਿਯਨ ਤੈ, ਦੇਸ ਦੇਸ ਕੇ ਈਸ ।
ਨਜਰਾਨੇ ਭੇਜਨ ਲਗੇ, ਹਾਥ ਜੋਰ ਨਤ ਸੀਸ ॥੧੫॥

ਕਬਿਤੁ ।

ਕਾਬਲੀ ਕੰਧਾਰੀ ਸੇਵ[੧੧] ਸਰਦਾ ਅੰਗੂਰ ਦਾਰਜੋਂ[੧੨],
ਤੁਰਕੀ ਹਜ਼ਾਰੋਂ ਲਾਗੇ, ਪਠਵਨ ਜੇ ਜਚੇ ।
ਬਲਖ਼ ਬੁਖ਼ਾਰੇ ਤੇ ਅਜਾਇਬ ਅਨੇਕ ਚੀਜ਼ੈਂ,
ਚੀਨਵਾਰੇ ਭੇਜੈਂ ਕਲਦਾਰ ਤੋਪ ਤੁਪਚੇ ।
ਗਵਾਲ ਕਵਿ ਮਹਾਰਾਜ ਰਣਜੀਤ ਸਿੰਘ ਜੂ ਕੌਂ,
ਭੇਜੈਂ ਹੱਦ ਹੱਦ ਤੁਹਫ਼ੇ ਸਿੰਧੁ ਹਦ ਪਰਚੇ ।
ਜਿਨ ਕਿਯੋ ਵੈਰ ਤਿਨਿ ਫੈਰ[੧੩] ਮੁਖ ਡੇਰਾ ਕਿਯੋ,
ਖੈਰ ਕੇ ਚਹੈਯਾ ਦੈ ਨਜਰ ਦੀਨ ਹ੍ਵੈ ਬਚੇ ॥੧੬॥
ਸਹਜ ਸਭਾ ਮੈਂ ਮਹਾਰਾਜੈ ਰਣਜੀਤ ਸਿੰਘ,
ਦੋਊ ਅਨੀ ਮੂਛ ਕੀ ਮਰੋਰਤ ਪਰਚੈਂ ਹੈਂ ।
ਤਬ ਕੁਛ ਐਸੀ ਫੈਲ ਜਾਤ ਹੈ ਤਸੀਰ ਤੇਜ,
ਤਿੱਬਤ ਤਮਾਮ ਹੈ ਅਤਿਬ ਆਮ ਨਚੈਂ ਹੈਂ ।
ਗਵਾਲ ਕਵਿ ਕਹੈ ਆਸ ਪਾਸ ਕੇ ਮਹੀਪ ਔਰ,
ਦੀਪ ਬਿਨ ਕਾਟੈ ਰਾਤਿ ਬਾਤ ਕੋ ਨ ਰਚੈਂ ਹੈਂ ।
ਲਚੈਂ ਹੈਂ ਧਰਨਿ ਧੂਮ ਮਚੈ ਹੈਂ ਜਹਾਨ ਬੀਚ,
ਖਿਚੈਂ ਫਨ ਸੇਸ ਔ ਬਰਾਹ ਤ੍ਰਾਸ ਤਚੈਂ ਹੈਂ ॥੧੭॥
ਪਰਮ ਪ੍ਰਤਾਪੀ ਮਹਾਰਾਜੈ ਰਣਜੀਤ ਸਿੰਘ,
ਕੇਤੇ ਰੰਕ ਕਿਯੇ ਭੂਪ ਭੂਪੈ ਰੰਕ ਸਰ ਜੀ ।

---

੮. ਘੋੜੇ । ੯. ਮੁਕਤਾ, ਅਰਥਾਤ-ਮੋਤੀਆਂ ਦੀਆਂ । ੧੦. ਤੁਰਤ ।
੧੧. ਸੇ, (ਸਿਉ) । ੧੨. ਦਾੜਿਮ, ਅਨਾਰ ।
੧੩. ਫੈਰ, Fire 'ਫੈਰ ਮੁਖ ਡੇਰਾ ਕਿਯੋ' ਦਾ ਭਾਵ ਹੈ, ਜਿਸ ਨੇ ਮਹਾਰਾਜਾ ਰਣਜੀਤ ਸਿੰਘ ਨਾਲ ਵੈਰ ਕੀਤਾ, ਉਹ ਗੋਲੀ ਨਾਲ ਉਡ ਗਿਆ ।

ਚੋਰ ਧਾੜਵੀਨ ਕੀ ਨ ਰਾਖੀ ਹੈ ਨਿਸ਼ਾਨੀ ਕਹੂੰ,
ਸ਼ੇਰ ਗਾਈ ਪਾਨੀ ਪਿਯੈਂ ਮੇਲ ਇਕ ਮਰਜ਼ੀ ।
ਗਵਾਲ ਕਵਿ ਕਹੈ ਜਾਮੈਂ ਸਭ ਗੁਨ ਦੈਵ ਕੇ ਸੇ,
ਕੌਨ ਕਰ ਸਕੇ ਜਾ ਕੀ ਨੈਕ ਹੂੰ ਕੁਮਰਜ਼ੀ ।
ਜਾ ਕੇ ਤੇਜ ਤ੍ਰਾਸ ਤੇ ਗਰਭ ਗਿਰੈਂ ਗੱਭਨ ਕੇ,
ਦ੍ਵਾਰੇ ਖੜੇ ਦੂਤ ਲੈਂ ਈਰਾਨਨ ਕੀ ਅਰਜ਼ੀ ॥੧੮॥
ਲੈਨੈਂ ਤੋਪਖਾਨੈਂ ਕੀ ਅਗਿਨਿ ਪ੍ਰਾਨ ਲੈਨੈ ਕਰੇ,
ਦੁਸ਼ਟਨ ਅਚੈਨੈਂ ਕਰੇ ਜਾ ਕੋ ਤੇਜ ਤਾਵ ਹੈ ।
ਦੀਪ ਦਿਪ੍ਤ ਮਹੀਪਤਿ ਜਹਾਜ ਸਮ,
ਆਗੈ ਬਢਜੋ ਚਾਹੈ, ਪਰ ਦੀਸਤ ਕੁਦਾਵ ਹੈ ।
ਗਵਾਲ ਕਵਿ ਬਾਦਸ਼ਾਹ ਰਣਜੀਤ ਸਿੰਘ ਜੂ ਕੇ,
ਫ਼ਹਰੈ ਨਿਸ਼ਾਨ ਤਾ ਕੀ ਉਪਮਾ ਬਨਾਵ ਹੈ ।
ਸੱਦ ਹੈ ਸਿਕੰਦਰੀ ਹਿਲਾਵਤ ਅਨੇਕੋਂ ਹਾਥ,
"ਆਓ ਮਤ ਯਹਾਂ ਕਾਲ ਕਹਰ ਦਰਿਆਵ ਹੈ" ॥੧੯॥
ਸੈਨਾ ਕੋ ਸਮਾਜੈਂ ਸਾਜੈਂ ਅੰਬਰ ਅਡੰਬਰ ਹੈਂ,
ਫਿਰਕਾ ਅਨੇਕ ਵਹੈਂ ਪਵਨ ਸੜਾਕੇ ਸੌਂ ।
ਸਜਾਹ ਸਜਾਹ ਉਰਦੀ ਸਿਪਾਹਨ ਕੀ ਘਟਾ ਘਨੀ,
ਬੋਲਿਯਾਂ ਕਪਾਯਨ ਕੀ ਗਰਜ ਗੜਾਕੇ ਸੌਂ ।
ਗਵਾਲ ਕਵਿ ਬਾਦਸ਼ਾਹ ਰਣਜੀਤ ਸਿੰਘ ਆਗੈ,
ਜਾਗੈਂਗੇ ਅਭਾਗੇ ਕੌਣ ਭੂਪ ਕੇ ਝੜਾਕੇ ਸੌਂ ।
ਕੌਨ ਪੈ ਪਰੈਂਗੇ ਯੇ ਪਹਿਯਨ ਕੇ ਕਾਲ ਚਕ੍ਰ,
ਕੌਨ ਪੈ ਪਰੈਗੀ ਤੋਪ ਤੜਿਤਾ ਤੜਾਕੇ ਸੌਂ ॥੨੦॥

ਦੋਹਰਾ ।

ਜੇਤੋ ਕਛੁ ਪ੍ਰਤਾਪ ਬਰ, ਤੇਤੋ ਕਹਯੋ ਨ ਜਾਤ ।
ਕਹਿਬੇ ਤੇ ਸੌਵੌਂ ਗੁਨੌਂ, ਜਾਨੌਂ ਜਗ਼ਤ ਬਿਖਜਾਤ ॥੨੧॥
ਮਾਰ ਮਾਰ ਤਰਵਾਰ ਲਿਯ, ਬਹੁ ਗੜ੍ਹ ਦੇਸ ਸਮਾਜ ।
ਕਿਯੋ ਹਜ਼ਾਰਨ ਕੋਸ ਮੈਂ, ਮਹਾਰਾਜ ਨੈ ਰਾਜ ॥੨੨॥
ਅਫਸਰ ਬਹੁ ਸਰਦਾਰ ਬਹੁ ਪਾਸ ਮੁਸਾਹਬ ਢੇਰ ।
ਤਉ ਹਰਾਮੀ ਜਾਰਜ ਮਹਾਰਾਜ ਕੌਂ, ਰਾਖੈ ਨਿਸ ਦਿਨ ਘੇਰ ॥੨੩॥
ਲਖਯੋ ਨ ਕੋਊ ਸਬਨ ਮੈਂ ਐਸੋ ਸਾਹਿਬ ਹੋਸ ।
ਜੋ ਸਮਾਨ ਰਾਖੈ ਸਕਲ, ਬਿਨਾਂ ਰੋਸ ਨਿਰਦੋਸ ॥੨੪॥

## (ਰਾਜਾ) ਧਿਆਨ ਸਿੰਘ ਦੀ ਆਮਦ)

ਕਬਿਤੁ ।

ਕੀਨੀ ਯਾਦ ਬਾਦਸ਼ਾਹ ਰਣਜੀਤ ਸਿੰਘ ਜੂ ਨੈ,
ਅਰ੍ਜੁਨ ਜੂ ਕੋ ਅਵਤਾਰ ਭੂਮਿ ਆਯੋ ਹੈ ।
ਰਘੁਕੁਲ ਮਾਹਿ ਧਜਾਨ ਆਨ ਉਨ ਪਾਯੋ ਨਾਮ,
ਕਾਮ ਸਭ ਮੇਰੇ ਕੋ ਕਰੈਯਾ ਜੀ ਸੁਹਾਯੋ ਹੈ ।
ਪਹਿਲੇ ਹੂੰ ਕ੍ਰਿਸ਼ਨ ਅਵਤਾਰ ਮੈਂ ਸਖਾ ਹੋ ਮੇਰੋ,
ਐਸੇ ਉਰ ਧਾਰ ਅਤਿ ਆਦਰ ਬੁਲਾਯੋ ਹੈ ।
ਭਾਯੋ ਭਯੋ ਮਨ ਕੋ ਲਗਾਯੋ ਕੰਠ ਡਾਰਿ ਬਾਹਿ,
ਪਾਸ ਲੈ ਬਿਠਾਯੋ ਛਾਯੋ ਸੁਖ ਸਰਸਾਯੋ ਹੈ ॥੨੫॥

ਦੋਹਰਾ ।

ਬਾਦਸ਼ਾਹ ਉਤਸ਼ਾਹ ਸੌਂ, ਸੌਂਪ ਦਿਯੋ ਸਭ ਕਾਮ ।
"ਬੰਦੋਬਸਤ ਸਭ ਰਾਜ ਕੋ, ਤੁਮ ਜਾਨੌਂ ਬੁਧ ਧਾਮ" ॥੨੬॥
ਯੌਂ ਸੁਨਿ ਸ੍ਵਾਮੀ ਕੋ ਹੁਕਮ, ਹਾਥ ਜੋਰਿ ਸਿਰੁ ਨਾਇ ।
ਨਿਤ ਹਿਤ ਚਿਤ ਬ੍ਰਿਤ ਦੈਂ ਲਗੇ, ਕਰਨ ਕਾਜ ਸਮੁਦਾਇ ॥੨੭॥
ਧਜਾਨ ਸਿੰਘ ਜੂ ਕੋ ਸਕਲ; ਗੁਨ ਕੋ ਸਕੈ ਸਮ੍ਹਾਲ ।
ਪੈ ਕੁਛ ਕੁਛ ਬਰਨਣ ਕਰੈਂ, ਯਥਾ ਬਿਹਿਤ ਕਵਿ ਗਵਾਲ ॥੨੮॥

## (ਤੇ ਉਸ ਦਾ ਰਾਜ ਪ੍ਰਬੰਧ)

ਕਬਿਤੁ ।

ਕੀਨੀ ਤਜਵੀਜ ਹੈ ਤਸੀਲ ਕੀ ਅਸੀਲ ਐਸੀ,
ਢੀਲ ਬਿਨ ਆਵੇ ਦ੍ਰਵ ਮੁਲਕ ਤੈ ਸਦਾ ਰਹੈ ।
ਟੂਟੇ ਜਿਮੀਦਾਰਨ ਕੋ ਬਿਨਾਂ ਬਜਾਜ ਰੁਪਯਾ ਦੈ,
ਰਿਆਯਤ ਕੈ ਲੈਨੌਂ ਦੈ ਦਿਲਾਸਾ ਬਾਰ ਬਾਰ ਹੈ ।
ਫਸਲ ਫਸਲ ਮੈਂ ਹਿਸਾਬ ਕੋ ਚੁਕਾਇ ਲੈਨੌਂ,
ਬਾਕੀ ਨਹੀਂ ਰਾਖਨੀ ਸੁਬੁੱਧਿ ਕੋ ਬਿਚਾਰ ਹੈ ।
ਦਿਨ ਦਿਨ ਮਾਸ ਮਾਸ ਬਰਖ ਬਰਖ ਦੇਸ ਦੇਸ,
ਬਿਸਵਾ ਬਢੇ ਤੈ ਬਢੀ ਆਮਦ ਅਪਾਰ ਹੈ ॥੨੯॥
ਮੁਨਸ਼ੀ ਦਿਵਾਨ ਸਰਦਾਰਨ ਹਜ਼ਾਰਨ ਤੇ,
ਦਫ਼ਤਰ ਐਸੋ ਬਨਵਾਯੋ ਜਜੋਂ ਆਈਨਾ ਹੈ ॥
ਹਰ ਇਕ ਦੇਸਨ ਕੀ ਹਾੜ੍ਹੀ ਅਰੁ ਸਾਵਨੀ ਕੋ,
ਜੁਦੋ ਜੁਦੋ ਪਰਚਾ ਹਿਸਾਬ ਜਾ ਮੈ ਚੀਨਾ ਹੈ ।

ਫੌਜ ਅਸਵਾਰੀ ਕੀ ਨਜ਼ਾਰੀ ਨਜ਼ਾਰੀ ਫਰਦੈਂ ਬਨੀ,
ਪੈਦਲ ਸਿਪਾਹਨ ਕੋ ਜੁਦੋ ਹੀ ਕਰੀਨਾ ਹੈ।
ਲਾਖਨ ਕੀ ਖਬਰ ਹਮੇਸ਼ਾਂ ਰਾਖੈ ਰਪਟੋਂ ਤੈ[੧੪],
ਆਮਦ ਖਰਚ ਦੀਸੈਂ ਛਾਪ ਜਯੋਂ ਨਗੀਨਾ ਹੈ* ॥੩੦॥
ਤੋਪਨ ਕੀ ਤਿਆਰੀ ਤਖ਼ਤ ਪਹਿਯਾ ਔ ਪੇਟੀ ਲੈਸ,
ਘੋੜਾ ਮਜਬੂਤ ਦੇਖ ਦੇਖ ਕੈ ਲਗਾਏ ਹੈਂ।
ਬਾਰੋਂ ਮਾਸ ਗੋਲਨ ਕੀ ਗੋਲੈਂ ਅਨਤੋਲੈਂ ਬਨੈਂ,
ਬਨਤ ਗੁਬਾਰੇ ਨਜ਼ਾਰੈ ਭਾਰੇ ਭਾਰੇ ਭਾਏ ਹੈਂ।
ਮੋਲਿਯਾਂ ਅਨੰਤ ਅਟ ਜਬਰ ਜਬੂਰਨ ਕੇ,
ਗਿਨਤੀ ਨ ਆਵੈ ਦੀਸੈ ਪਰਬਤ ਸੁਹਾਏ ਹੈਂ।
ਲਾਖਨ ਕਰੋੜਨ ਮਨੋਂ ਕੇ ਪ੍ਰਮਾਨ ਦਾਰੂ,
ਕਈ ਕੋਸ ਕੁੱਪਨ ਕੇ ਗੰਜ ਸਰਸਾਏ ਹੈਂ ॥੩੧॥
ਪਥਰੀ ਅਨੰਤ ਹੂੰ ਕੈ ਬੋਰੇ ਭਰੇ ਭੋਹਰੇਨ[੧੫],
ਜਾਮਗੀ ਜਮਾਤਨ ਕੀ ਪਾਂਤਿ ਅਤਿ ਭਾਰੀ ਹੈਂ।
ਘਾਹ ਫੇਰ ਚਰੀ ਗਰੀ ਲਾਖਨ ਲਗਾਇ ਦੀਨੀ,
ਨਾਜਰ ਕੇ ਖਾਸ ਭਰੇ ਕੈਯਕ ਹਜਾਰੀ ਹੈਂ।

---

੧੪. ਰਪੋਟਾਂ ਤੋਂ। * ਕਵੀ ਗਵਾਲ ਦਾ ਇਹ ਕਥਨ ਗ਼ਲਤ ਹੈ ਕਿ ਰਾਜਾ ਧਿਆਨ ਸਿੰਘ ਨੇ ਸ਼ੇਰਿ-ਪੰਜਾਬ ਦੀ ਹਕੂਮਤ ਦਾ ਮਾਲੀ ਤੇ ਮੁਲਕੀ ਪ੍ਰਬੰਧ ਨਵੀਂ ਆਈਨਸਾਜ਼ੀ ਕਰ ਕੇ ਤੋਰਿਆ ਸੀ। ਧਿਆਨ ਸਿੰਘ ਤੋਂ ਪਹਿਲਾਂ ਦੀਵਾਨ ਭਵਾਨੀ ਦਾਸ, ਜੋ ਕਾਬਲ ਵਿਚ ਸੀ, ਮਾਲ ਦਾ ਆਹਲਾ ਅਫ਼ਸਰ ਰਿਹਾ ਸੀ, ਸ਼ੇਰਿ-ਪੰਜਾਬ ਦੀ ਮੁਲਾਜ਼ਮਤ ਵਿਚ ਸਨ ੧੮੦੮ ਵਿਚ ਦਾਖਲ ਹੋਇਆ ਸੀ। ਉਸ ਤੋਂ ਪਿੱਛੋਂ ਸਨ ੧੮੧੩ ਵਿਚ ਦੀਵਾਨ ਗੰਗਾ ਰਾਮ ਨੂੰ ਬੁਲਾਇਆ ਗਿਆ। ਇਸ ਦੀਵਾਨ ਨੇ ਮਹਿਕਮਾ ਫੌਜ ਦੇ ਹਿਸਾਬ ਕਿਤਾਬ ਨੂੰ ਸਾਂਭਿਆ ਸੀ। (ਦੇਖੋ, ਕੋਹਲੀ, ਰਣਜੀਤ ਸਿੰਘ ਸਫ਼ੇ ੧੧੯, ੧੬੩)

ਇਸ ਤੋਂ ਬਿਨਾਂ ਗਵਾਲ ਦਾ ਇਹ ਕਥਨ ਵੈਸੇ ਹਿਸਾਬ ਨਾਲ ਵੀ ਗ਼ਲਤ ਹੈ। ਧਿਆਨ ਸਿੰਘ ਸੰਨ ੧੭੯੬ ਈ: ਵਿਚ ਜਨਮਿਆ ਸੀ ਤੇ ਸੰਨ ੧੮੦੮ ਵਿਚ ੧੨ ਸਾਲ ਦਾ ਅਤੇ ਸੰਨ ੧੮੧੩ ਵਿਚ ੧੭ ਸਾਲ ਦਾ ਸੀ। ਨਾਲੇ ਉਹ ਸੰਨ ੧੮੦੮ ਤੋਂ ਪਿੱਛੋਂ ਮਹਾਰਾਜੇ ਦੇ ਪਾਸ ਬਤੌਰ ਘੋੜ ਸਵਾਰ ਦੇ ਨੌਕਰ ਹੋਇਆ ਸੀ ਤੇ ਸੰਨ ੧੮੧੯ ਤੋਂ ਪਹਿਲਾਂ ਦਰਬਾਰ ਲਾਹੌਰ ਵਿਚ ਉਹ ਕੋਈ ਗਿਣਤੀ ਦਾ ਸਰਦਾਰ ਨਹੀਂ ਸੀ। ਸੰਨ ੧੮੧੯ ਵਿਚ ਜਮਾਂਦਾਰ ਖ਼ੁਸ਼ਹਾਲ ਸਿੰਘ ਦੀ ਥਾਵੇਂ ਜਦ ਉਹ ਡੇਉਢੀ ਅਫ਼ਸਰ ਬਣਿਆ ਤਾਂ ਉਸ ਦਾ ਰੁਤਬਾ ਵਧਿਆ ਸੀ, ਇਸ ਲਈ ਇਸ ਤੋਂ ਪਹਿਲਾਂ ਉਸ ਤੋਂ ਕਿਸੇ ਮਾਲੀ ਜਾਂ ਮੁਲਕੀ ਪ੍ਰਬੰਧ ਦੀ ਆਸ ਰਖਣੀ ਉੱਕਾ ਹੀ ਬੇਬੁਨਿਆਦ ਹੈ (ਦੇਖੋ ਪਾਣਿਕਰ, ਗੁਲਾਬ ਸਿੰਘ, ਸਫ਼ੇ ੧੫, ੨੬, ੨੭)। ੧੫. ਭੋਰਿਆਂ ਵਿਚ।

ਔਰ ਘੀਉ ਗੁੜ ਆਦਿ ਕਹਾਂ ਲੈਂ ਗਿਨਾਊਂ ਚੀਜੈਂ,
ਘਨੇ ਹੀ ਮਸਾਲੇ ਧਰੀ ਔਸ਼ਧੀ ਹੂੰ ਨਜ਼ਾਰੀ ਹੈਂ ।
ਸੌ ਹੂੰ ਬਰਖ ਜੰਗ ਮੈਂ ਨ ਭੰਗ ਪਰੇ ਕਾਹੂੰ ਅੰਗ,
ਇਤਨੀ ਜਮੈਯਤ ਸ੍ਰੀ ਧਜ਼ਾਨ ਸਿੰਘ ਧਾਰੀ ਹੈਂ ॥੩੨॥
ਦਿਸ ਦਿਸ ਦੇਸ ਦੇਸ ਕਿਲੇ ਅਰੁ ਕੋਟਨ ਪੈ,
ਮੱਦਤ ਲਗਾਈ ਬਨੈ ਪੁਖਤ ਜੁ ਜੈਸੇ ਹੈਂ ।
ਕੂਲੈਂ ਕਾਟਿ, ਖਡੈਂ ਕਾਟਿ, ਨਦੀ ਕਾਟਿ, ਨਹਰੈਂ ਲੈ,
ਖਾਈ ਭਰਵਾਈ ਠੌਰ ਠੌਰ ਤਟ ਤੈਸੇ ਹੈਂ ।
ਬੁਰਜਨ ਪੈ ਜਹਾਂ ਤਹਾਂ ਤੋਪੈਂ ਚਢਵਾਇ ਦੀਨੀ,
ਯਥਾ ਯੋਗ ਕਿਲੋਂ ਪੈ ਸਿਪਾਹੀ ਰਾਖੇ ਵੈਸੇ ਹੈਂ ।
ਰਾਹਿ ਰਾਹਿ ਨਾਕੇ ਨਾਕੇ ਚੌਂਕੀ ਯੌਂ ਬਿਠਾਇ ਦੀਨੀ,
ਧਾੜਵੀ ਔ ਚੋਰ ਦੁਸ਼ਟ ਆਵੈ ਕਹੁ ਕੈਸੇ ਹੈਂ ॥੩੩॥
ਸੁਨੈਂ ਫਰਿਯਾਦ ਕਾ ਗਰੀਬ ਕਹਾਂ ਗੱਬਰ ਕੀ,
ਰਾਖਤ ਅਟੱਕਰ ਸਭੀ ਕੀ ਨਜ਼ਾਰੀ ਨਜ਼ਾਰੀ ਹੈ ।
ਜੈਸੋ ਜਾ ਕੋ ਝਗਰੋ ਹੈ ਵੈਸੋ ਇਨਸਾਫ ਸਾਫ਼,
ਦੰਡ ਦੇਤ ਦੇਖਿ ਤਕਸੀਰ ਹੌਲੀ ਭਾਰੀ ਹੈ ।
ਤਾ ਮੈਂ ਏਕ ਅਚਰਜ ਵਡੋ ਹੀ ਨਿਹਾਰਿਯਤ,
ਦੋਊ ਥੋਕ ਰਾਜੀ ਹੋਤ ਨਰ ਕਹਾਂ ਨਾਰੀ ਹੈ ।
ਸਭ ਕਹੈਂ ਧੰਨ ਧੰਨ ਧਜ਼ਾਨ ਸਿੰਘ ਤੇਰੋ ਜਨਮ,
ਰਾਖੀ ਪ੍ਰਜਾ ਐਸੇ ਜੈਸੇ ਰਾਖਤ ਮਹਿਤਾਰੀ ਹੈ* ॥੩੪॥
ਜੈਸੋ ਜਿਸ ਲਾਇਕ ਹੈ ਤੈਸੋ ਸਨਮਾਨ ਕਰੈ,
ਜੀਵਕਾ ਦੈ ਪਾਲਨ ਕਰਤ ਸਭ ਹੀ ਕੋ ਹੈ ।
ਫੌਜ ਰਾਜੀ ਪ੍ਰਜਾ ਰਾਜੀ ਮੁਨਸ਼ੀ ਦਿਵਾਨ ਰਾਜੀ,
ਹੋਇ ਅਤਿ ਰਾਜੀ ਆਵੈ ਪਾਹੁਨੋ ਕਹੀ ਕੋ ਹੈ ।
ਬੰਧੁ ਰਾਜੀ ਸੁਤ ਰਾਜੀ ਸਭੈ ਸਰਦਾਰ ਰਾਜ਼ੀ,
ਮਾਲਕ ਕਹਿਤ ਰਾਜੀ ਹੋਇ ਸਖਾ ਜੀ ਕੋ ਹੈ ।
ਹੀ[੧੬] ਕੋ ਹੈ ਬਿਮਲ[੧੭] ਸੁ ਬੁਧੀ ਕੋ ਹੈ ਗੰਭੀਰ ਭਾਰੀ,
ਧਜ਼ਾਨ ਸਿੰਘ ਟੀਕੋ ਜਸ ਲਾਗੈ ਸਭੈ ਨੀਕੋ ਹੈ ॥੩੫॥
ਜੰਗ ਮਾਹਿ ਅਰਜੁਨ ਸੌ ਧਾਰਤ ਧਨੁਖ ਬਾਨ,
ਬੀਰ ਧਜ਼ਾਨ ਸਿੰਘ ਤੇਜ ਭਾਨ ਸੌ ਤੁਲਜੋ ਰਹੈ ।

---

੧੬. ਹਿਰਦੇ ਦਾ । ੧੭. ਨਿਰਮਲ । * ਮਾਤਾ

ਰੋਸ ਜਾਂ ਕੈ ਪਾਸ ਹੂੰ ਨ ਆਵੈ ਕੋਸ ਕੋਸ ਲਗ,
ਛਮਾ ਕੋ ਸਮੁੰਦ੍ਰ ਸੋ ਤੋ ਹਿਯ ਅਤੁਲਯੋ ਰਹੈ ।
ਗਵਾਲ ਕਵਿ ਕਹੈ ਬੁਧਿ ਗਨਪਤਿ[18] ਸਮ ਜਾ ਕੀ,
ਕਾਮ ਕੈਸੋ ਰੂਪ ਸੋ ਅਨੂਪ ਪ੍ਰਫੁਲਯੋ ਰਹੈ ।
ਦੇਖ ਨ ਸਕਤ ਦੀਨ ਲੋਗਨ ਕੇ ਦੂਖਨ ਕੋ,
ਦਿਲ ਮੈਂ ਦਯਾ ਕੋ ਦਰਵਾਜੋ ਸੋ ਖੁਲਯੋ ਰਹੈ ॥੩੬॥
ਮਹਾਂਬੀਰ[19] ਸਾਰਖੋ ਪ੍ਰਾਕ੍ਰਮੀ ਸ੍ਰੀ ਧਯਾਨ ਸਿੰਘ,
ਪ੍ਰਗਟ ਭਯੋ ਹੈ ਬੀਰਤਾ ਕੋ ਇਕ ਗੁੱਟੂ ਹੀ ।
ਜਹਾਂ ਜਹਾਂ ਜੁਰੀ ਜੰਗ ਸਿੰਘ ਪਾਤਸ਼ਾਹ ਜੂ ਸੋਂ,
ਤਹਾਂ ਤਹਾਂ ਸਮ ਤੇ ਅਗਾਰੀ ਜਾਇ ਜੁੱਟੂ ਹੀ ।
ਤੀਰਨ ਤੈਂ ਤੁਪਕ ਤੈਂ ਤੋਪਨ ਤੈਂ ਤਚੈਂ ਤਚੈਂ,
ਜਚੈਂ ਜਚੈਂ ਅਗਨ ਹੂੰ ਕੋ ਬਾਨਨ ਕੋ ਛੁੱਟੂ ਹੀ ।
ਕੁੱਟੂ ਹੀ ਅਰਿਨਿ ਮਾਰੈਂ ਚੁੱਟੂ ਹੀ ਚਪਾਇ ਕਰ,
ਲੁੱਟੂ ਹੀ, ਲਪਕਿ ਮਾਲ ਤਿਨ ਕੇ ਅਟੁੱਟੂ ਹੀ ॥੩੭॥
ਚਿੱਤ ਹੀ ਹੈ ਚੋਰ ਔਰ ਕੋ ਨ ਸ਼ੋਰ ਕਹੂੰ,
ਧਾੜਵੀ ਤ੍ਰਿਯਾ ਕੇ ਦ੍ਰਿਗ ਦੌਰਤ ਦਰੁਸਤ ਹੈ ।
ਪੌਨ ਹੀ ਪਰਮ ਵਿਭਚਾਰੀ ਜਹਾਂ ਦੇਖਿਯਤ,
ਸੂਰਜ ਕੋ ਤੇਜ ਅਨਾਚਾਰੀ ਉਦੈ ਅਸਤ ਹੈ ।
ਗਵਾਲ ਕਵਿ ਕਹੈ ਜਹਾਂ ਦੀਪ ਫੂਲ ਹੀ ਕੋ ਖੂਨ,
ਲਰਤ ਮਨੋਰਥ ਔ ਅਲਿ ਪੁੰਜ ਮਸਤ ਹੈ ।
ਧੰਨਯ ਰਘੁਕੁਲ ਧਨਯ ਧਯਾਨ ਸਿੰਘ ਮਹਾਰਾਜ,
ਜਾਨੈ ਕਿਯੋ ਦੇਸ ਦੇਸ ਐਸੋ ਬੰਦੋ ਬਸਤ ਹੈ ॥੩੮॥

**(ਧਿਆਨ ਸਿੰਘ ਨੂੰ ਵਜ਼ੀਰੀ)**

ਦੋਹਰਾ ।

ਧਯਾਨ ਸਿੰਘ ਜੂ ਕੀ ਲਖੀ, ਬਾਦਸ਼ਾਹ ਸਭ ਰੀਤਿ ।
ਰੋਮ ਰੋਮ ਆਨੰਦ ਕੈ ਕਰੀ ਖਰੀ ਪੁਨਿ ਪ੍ਰੀਤਿ ॥੩੯॥

ਕਬਿੱਤ

ਸਿੰਘ ਬਾਦਸ਼ਾਹ ਜੂ ਨੇ ਲਾਯਕ ਵਜ਼ੀਰਤ ਕੈ,
ਜਾਨਿ ਸੁਖ ਦਾਯਕ ਸੁ ਕਿਯੋ ਜਿਹਿ ਤੌਰ ਹੈ ।

---

੧੮. ਗਣੇਸ਼, ਗਣਾਂ ਦਾ ਪਤੀ ।     ੧੯. ਹਨੂੰਮਾਨ ।

ਏਕ ਔ ਪਚਾਸ ਪਾਰਚੇਨ ਕੋ[20] ਖ਼ਿਲਤ ਦਿਯੋ,
ਰਾਜਾ ਪਦ ਦੇ ਕਹਜੋ-"ਵਜ਼ੀਰਤ ਕੀ ਠੌਰ ਹੈ।
ਰਾਜ ਧਿਆਨ ਸਿੰਘ ! ਤੂੰ ਹੀ ਰੱਛਕ ਨਿਦਾਨ ਮੇਰੋ,
ਤੂੰ ਹੀ ਪ੍ਰਾਨ ਮੇਰੋ ਤੂੰ ਹੀ ਛਤ੍ਰ ਅਰੁ ਚੌਰ ਹੈ।
ਸੂਬਾ ਸਰਦਾਰਨ ਕੋ ਰਾਜਨ ਹਜਾਰਨ ਕੋ,
ਮੁਲਕ ਅਪਾਰਨ ਕੋ ਕਿਯੋ ਸਿਰਮੌਰ ਹੈ" ॥੪੦॥

ਦੋਹਰਾ।

ਧਜਾਨ ਸਿੰਘ ਮਹਾਰਾਜ ਕੋ, ਜਸ ਛਾਯੋ ਛਿਤਿ[21] ਮਾਹਿਂ।
ਆਦਰ ਨਿਤ ਦੂਨੋ ਕਰਤ, ਬਾਦਸ਼ਾਹ ਚਿਤ ਚਾਹਿਂ ॥੪੧॥
ਇਹ ਬਿਧਿ ਅਤਿ ਆਨੰਦ ਸੋਂ, ਕਰਤ ਰਹੇ ਨਿਤ ਰਾਜ।
ਬਾਦਸ਼ਾਹ ਰਣਜੀਤ ਸਿੰਘ, ਮਹਿ[22] ਰਾਜਨ ਸਿਰ ਤਾਜ ॥੪੨॥

**(ਹੀਰਾ ਸਿੰਘ ਦਾ ਜਨਮ ਤੇ ਉਤਸਵ)**

ਕਬਿੱਤ

ਰਾਜਾ ਧਜਾਨ ਸਿੰਘ ਜੂ ਕੋ ਪੁਤ੍ਰ ਕੋ ਜਨਮ ਭਯੋ,
ਕਿਜੋ ਨਾਮ ਕਰਨ ਹੀਰਾ ਸਿੰਘ[23] ਮਨ ਭਾਯੋ ਹੈ।
ਸ਼ੁਭ ਦਿਨ ਸ਼ੁਭ ਘਰੀ ਸੁਭਦਾ ਨਛਤ੍ਰ ਯੋਗ,
ਸੁੰਦਰ ਲਗਨ ਰਾਜ ਜੋਗ ਸਰਸਾਯੋ ਹੈ।
ਨੌਬਤ ਘੁਰਨ ਲਾਗੀ, ਸਲਕੈਂ ਛੁਟਨ ਲਾਗੀਂ,
ਸਭ ਨਰ ਨਾਰਿਨਿ ਕੈ ਮੋਦ ਉਪਜਾਯੋ ਹੈ।
ਬ੍ਰਿਪ ਪਢੈਂ ਬੇਦ ਮੰਤ੍ਰ, ਜੋਤਿਸ਼ੀ ਜਨਮ ਪਤ੍ਰ,
ਜੁਦੋ ਜੁਦੋ ਗ੍ਰਹਨ ਕੋ ਸੁਫਲ ਸੁਨਾਯੋ ਹੈ ॥੪੩॥

ਸਵੈਯਾ।

ਕੇਲਨ ਕੇ ਖਰੇ ਥੰਭ ਖਰੇ, ਦੂਹੂੰ ਓਰ ਦਵਾਰਨ ਕੇ ਦਰਸਾਏ।
ਮੋਤਨ ਸੌਂ ਮਿਲੀ ਬੰਦਨ ਬਾਰ, ਤਿੱਲੇਨ ਕੇ ਤਾ ਮਧ ਗੁੱਛ ਸੁਹਾਏ।
ਪਾਂਚ ਹੂੰ ਪੱਲਵ ਯੁਕਤ ਧਰੇ ਕਲਸ[24] ਭਰ ਸ੍ਵਰਨ ਕੇ ਜੇ ਛਬਿ ਛਾਏ।
ਰੋਚਨ[25] ਕੇ ਕਈ ਥਾਪੇ ਥਪੇ, ਅਰੁ ਪਾਨ ਵਤਾਸਨ ਸੌਂ ਚਪਕਾਏ ॥੪੪॥

---

੨੦. ਦੁਸ਼ਾਲਿਆਂ ਦਾ ਖ਼ਿਲਅਤ ਦਿੱਤਾ। ੨੧. ਪ੍ਰਿਥਵੀ ਵਿਚ, ਦੁਨੀਆਂ ਉਤੇ। ੨੨. ਧਰਤੀ ਦੇ। ੨੩. ਹੀਰਾ ਸਿੰਘ ਦਾ ਜਨਮ ਸੰਨ ੧੮੧੬ ਈ: ਵਿਚ ਹੋਇਆ ਸੀ। ੨੪. ਘੋੜੇ। ੨੫. ਗੋਰੋਚਨ। ਰੋਚਨ ਨਾਮ ਹਲਦੀ ਤੇ ਕੇਸਰ ਦਾ ਵੀ ਹੈ। (ਦੇਖੋ, ਹਿੰਦੀ ਸ਼ਬਦਾਰਥ ਪਾਰਿਜਾਤ)।

ਸੋਰਠਾ ।

ਮੋਤਿਨ ਚੌਕ ਪੁਰਾਇ, ਨੌਊ ਗ੍ਰਿਹ ਪੂਜਨ ਕਿਯੋ ।
ਰਘੁ ਕੁਲ ਰਾਮ ਮਨਾਇ, ਗੁਰੁ ਪ੍ਰੋਹਿਤ ਪਦ ਸਿਰ ਧਰੋ ॥੪੫॥

ਦੋਹਰਾ ।

ਹੋਤ ਆਰਤੋ ਰਤਨ ਮਯ, ਗਾਵਤ ਮੰਗਲ ਗੀਤ ।
ਨਯੋਛਾਵਰ ਮੁਹਰੈਂ ਕਰੈਂ, ਬਾਂਟਤ ਕਰਿ ਕਰਿ ਪ੍ਰੀਤ ॥੪੬॥

ਕਬਿੱਤੁ ।

ਸ੍ਰੀ ਮਹੀਪ ਧਜਾਨ ਸਿੰਘ ਬੈਠੇ ਅਤਿ ਆਨੰਦ ਮੈਂ,
ਬਿਪ੍ਰਨ ਕੇ ਪਗ ਪੂਜਿ ਦੇਤ ਮਨ ਭਾਯੋ ਹੈ ।
ਮੋਤਿਨ ਕੀ ਮਾਲੈਂ ਜਿਗਾ ਜਟਿਤ ਮਸਾਲੈਂ ਬਾਲੈਂ,
ਕੰਗਨ ਦੁਸਾਲੈਂ ਪਹਿਰਾਵਤ ਸੁਹਾਯੋ ਹੈ ।
ਕੇਤਨ ਕੋ ਹਾਥੀ ਦੇਤ ਹੌਦਨ ਸਮੇਤ ਸਾਜ,
ਕੇਤਨ ਕੋ ਘੋੜੇ ਸਾਜ ਸਰਸ ਲਗਾਯੋ ਹੈ ।
ਕੇਤਨ ਕੋ ਭੂਮਿ ਦੇਤ, ਕੇਤਨ ਕੋ ਗਾਮ ਦੇਤ,
ਕੇਤਨ ਕੋ ਧਾਮ ਦੇਤ ਦੇਤ ਨ ਅਘਾਯੋ ਹੈ ॥੪੭॥

ਛੰਦ ਭੁਯੰਗ ਪ੍ਰਯਾਤ ।

ਕਰੈਂ ਬਿਪ੍ਰ ਭੋਜਨ ਤਿਲਕ ਛਾਪ ਲਾਏ ।
ਬਿਬਿਧ ਭਾਂਤਿ ਕੇ ਹੈਂ ਸੁ ਲਡੂਏ ਸੁਹਾਏ ।
ਕਈ ਰੂਪ ਬਰਫੀਨ ਕੇ ਹੈਂ ਪਰੋਸੇ ।
ਧਰੀ ਹੈਂ ਜਲੇਬੀ ਅਮ੍ਰਿਤੀ ਸਮੋਸੇ ॥੪੮॥
ਬਹੁਤ ਸੇਤ[੨੬] ਫੇਨੀ ਸੁਖਜਲਾ ਖਰੇ ਹੈਂ ।
ਬਿਦਾਨੇ ਸੁ ਪੇੜੇ ਜੁ ਖੁਰਮਾ ਧਰੇ ਹੈਂ ।
ਧਰੀ ਲੌਂਜ ਬਾਦਾਮ ਕੀ ਨੋਕਦਾਰੈਂ ।
ਭਰੇ ਦੂਧ ਕੇ ਹੈਂ ਕਟੋਰੇ ਅਪਾਰੈਂ ॥੪੯॥
ਕਚੌਰੀ ਬਨੀ ਖੂਬ ਖਸਤਾ ਅਤੂਲੀ ।
ਸੁ ਪੂਰੀ ਮੁਲਾਇਮ ਗਰਮ ਗੋਲ ਫੂਲੀ ।
ਮਿਲੀ ਮੰਜੁ ਮੇਵਾ ਕੜਾਹੋਂ ਮੈਂ ਖਾਸੀ ।
ਖਿਲਾਵਟ ਤਰਾਵਟ ਪਕਾਵਟ ਪ੍ਰਕਾਸੀ ॥੫੦॥

ਦੋਹਰਾ ।

ਤਰਹ ਤਰਹ ਤਰਕਾਰਿਯਾਂ ਪਾਪੜ ਬਹੁਤ ਅਚਾਰ ।

---

੨੬. ਸ੍ਵੇਤ, ਸਫ਼ੈਦ ।

ਸਿਖਰਨ ਸੁੰਦਰ ਰਾਇਤੇ, ਧਰੇ ਮੁਰੱਬੇ ਚਾਰ[੨੭] ॥੫੧॥
ਲੇਹੁ ਲੇਹੁ ਹੂਜੋ ਤ੍ਰਿਪਤ, ਵਿਪ੍ਰ ਮੰਡਲੀ ਸਰਬ।
ਪਾਨ ਲਾਇਚੀ ਦੈਂ ਬਹੁਤ, ਦਈ ਦੱਖਨਾ ਦਰਬ ॥੫੨॥

ਛੰਦ ਭੁਯੰਗ ਪ੍ਰਯਾਤ।

ਨਚੈਂ ਅਪਸਰਾ ਸੀ ਜੁ ਪਾਤ੍ਰਿ ਨਵੀਨੀ।
ਮਹਾਂ ਰੂਪ ਰੰਗੀ ਉਮਰ ਮੈਂ ਨਵੀਨੀ।
ਕਰੈਂ ਵੇ ਕਟਾਛੈਂ ਸੁ ਆਛੈਂ ਅਨੇਕੰ।
ਨਈ ਹੀ ਨਈ ਲਤ ਗਤਿ ਏਕ ਏਕੰ ॥੫੩॥
ਬਤਾਵੈਂ ਅਦਾਏਂ ਕਭੂੰ ਦਾਏਂ ਬਾਏਂ।
ਕਭੂੰ ਹਟਿ ਪਿਛਾਰੀ ਕਭੂੰ ਬਢਿ ਅਗਾਏਂ।
ਨਏ ਤੇ ਨਏ ਭਾਵ ਗਤਿ ਮੈਂ ਕਢੈਂ ਹੈਂ।
ਮਨੋ ਮੋਹਨੀ ਮੰਤ੍ਰ ਸੇ ਵੇ ਪਢੈ ਹੈਂ ॥੫੪॥
ਬਜੈਂ ਹਾਲ ਤਬਲੇ ਸੁਰੰਗੀ ਸੁਹਾਈ।
ਤਿਨੋਂ ਮੈਂ ਯਹੀ ਏਕ ਧੁਨਿ ਹੈ ਸੁਨਾਈ।
ਵਧਾਈ ਵਧਾਈ ਵਧਾਈ ਵਧਾਈ।
ਯਹੀ ਏਕ ਅਵਾਜ ਚਹੂਘਾ[੨੮] ਤੇ ਆਈ ॥੫੫॥
ਕਿਤੇ ਹੀ ਕਲਾਵੰਤ ਜਹਾਂ ਹੈਂ ਸੁਹਾਵੈਂ।
ਲਿਯੈਂ ਵੇ ਤੰਬੂਰਾ ਸੁ ਮੰਗਲ ਜੁ ਗਾਵੈਂ।
ਅਨੇਕੋਂ ਤਰਹ ਕੇ ਬਜੈ ਹੈਂ ਸੁ ਬਾਜੇ।
ਫਿਰੈਂ ਲੋਗ ਉਤਸ਼ਾਹ ਕੇ ਸਾਜ ਸਾਜੇ ॥੫੬॥

**(ਮਹਾਰਾਜੇ ਵਲੋਂ ਉਤਸਵ ਵਿਚ ਵਾਧਾ)**

ਦੋਹਰਾ।

ਬਾਦਸ਼ਾਹ ਰਣਜੀਤ ਸਿੰਘ, ਸੁਨਿ ਯਹ ਪਰਮ ਅਨੰਦ।
ਕਰੀ ਰੌਸ਼ਨੀ ਨਗਰ ਮੈਂ, ਦਿਸ ਦਿਸ ਦੀਪ ਅਮੰਦ ॥੫੭॥

ਕਬਿੱਤੁ।

ਜਾਇ ਜਾਇ ਦੂਰਬਾ[੨੯] ਬਾਦਸ਼ਾਹ ਕੋ ਅਨੇਕੈਂ ਦਈ,
ਕਈ ਬਕਸੀਸ ਦੈ ਅਸੀਸੈਂ ਚਲੇ ਘਰ ਕੌਂ।
ਫੂਲਿ ਫੂਲਿ ਆਵੈਂ ਸਰਦਾਰੋਂ ਕੇ ਸਮੂੰਹ ਜਹਾਂ,

---

੨੭. ਚਾਰੁ, ਸੁੰਦਰ। ੨੮. ਚਾਰੋਂ ਪਾਸਿਆਂ ਤੋਂ।
੨੯. ਦੂੱਬ। ਪੁਤ੍ਰ ਦੇ ਜਨਮ ਦੀ ਖੁਸ਼ੀ ਵਿਚ ਹਰੇ ਹਰੇ ਘਾਹ ਦੀ ਦੂੱਬ ਟੁੰਗਣ ਦਾ ਹਿੰਦੁਸਤਾਨ ਵਿਚ ਆਮ ਰਿਵਾਜ਼ ਹੈ।

ਸੋਭਿਤ ਭਈ ਹੈ ਸਭਾ, ਕਰੈ ਕੌਨ ਸਰ ਕੌ ।
ਗਵਾਲ ਕਵਿ ਕਹੈ ਜਹਾਂ ਹੋਤ ਹੈ ਤਮਾਸ਼ੇ ਬਹੁ,
ਪਾਤੁਰੈਂ ਕਰਤ ਨ੍ਰਿਤਯਕਾਰੀ ਭਾਵ ਭਰ ਕੌ ।
ਕੇਤੀ ਤਾਨ ਤਾਨਿ ਲੇਤ, ਗਤਿ ਆਨਿ ਆਨਿ ਲੇਤ,
ਜਾਨਿ ਜਾਨਿ ਲੇਤ ਮੰਦ ਮੁਸਕਯਾਨ ਬਰ ਕੌ ॥੫੭॥
ਛੂਟਤ ਅਨਾਰੋਂ ਕੀ ਹਜ਼ਾਰਨ ਕਤਾਰ ਜਹਾਂ,
ਫੂਟਤ ਧਮਾਕੇ ਸਬਦ ਹੋਤ ਹੈਂ ਧੜਾਕੇ ਕੇ ।
ਆਸਮਾਨ ਜਾਨ ਕੀ ਹੈ ਬਾਨ ਜਾ ਮੈ ਐਸੇ ਬਾਨ,
ਲਾਖਨ ਚਲਤ ਚਢੈਂ ਤਾਰੇ ਸੋ ਤੜਾਕੇ ਕੇ ।
ਮੰਜੁ ਮਹਿਤਾਬਨ ਕੀ ਚਾਂਦਨੀ ਚਮਕ ਰਹੀ,
ਚਾਦਰ ਛੁਟੈ ਹੈ ਜਾ ਮੈਂ ਪੁੰਜ ਹੈ ਪੜਾਕੇ ਕੇ ।
ਫੂਲ ਝਰੀ ਝਰੀ ਪਰੈ, ਚਰਖੀ ਚਕਰੀ ਪਰੈ,
ਸੂਤੀ ਬਿਖਰੀ ਪਰੈ ਭੂ ਚਪਾ ਹੈ ਸੜਾਕੇ ਕੇ ॥੫੯॥

ਦੋਹਰਾ ।

ਆਤਸ਼ਬਾਜ਼ੀ ਔਰ ਹੂੰ, ਬਿਧਿ ਬਿਧਿ ਕੀ ਛੂਟੰਤ ।
ਉਡਤ ਬੁਰਜ ਸੋ ਲਖਤ ਹੈਂ, ਕਰ ਕੰਤਨ ਕੈ ਕੰਤ ॥੬੦॥
ਇਹ ਬਿਧਿ ਖ਼ੁਸ਼ੀ ਮਨਾਇਕੈ, ਕਰਤ ਰਹੇ ਨਿਤ ਰਾਜ ।
ਅਤਿ ਉਤਸਾਹ ਬਢਯੋ ਹਿਯੈ, ਤਿਹ ਦੇਖਨ ਕੇ ਕਾਜ ॥੬੧॥

**(ਹੀਰਾ ਸਿੰਘ ਮਹਾਰਾਜੇ ਦੀ ਹਜ਼ੂਰੀ ਵਿਚ)**

ਕਬਿੱਤੁ ।

ਬੀਤੇ ਖਟ[30] ਮਾਸ ਤਬ ਬਾਦਸ਼ਾਹ ਫ਼ਰਮਾਯੋ,–
"ਰਾਜਾ ਧਯਾਨ ਸਿੰਘ ਜੂ ! ਮੰਗਾਓ ਸੁਤ ਭਯੋ ਜੋ ।"
ਤਬ ਮਹੀਪਾਲ[31] ਨਿਜ ਲਾਲ ਮੰਗਵਾਯੋ, ਆਯੋ,
ਜਾਇ ਸਰਕਾਰ ਕੋ ਦਿਖਾਯੋ ਰੂਪ ਨਯੋ ਜੋ ।
ਦੇਖਤ ਹੀ ਬਾਦਸ਼ਾਹ ਗੋਦ ਲੈ ਲਿਯੋ ਹੈ ਲਾਲ,
ਕਰਿ ਕਰਿ ਪਯਾਰ ਮੁਖ ਚੂੰਬੈ ਦੈਵ ਦਯੋ ਜੋ ।
ਰੂਪ ਹੀ ਕੋ ਰੂਪ ਹੈ ਕਿ ਕਾਮ ਕੋ ਸਰੂਪ ਹੈ,
ਕਿ ਮੋਹਨ ਅਨੂਪ ਹੈ, ਅਨੰਦ ਐਸੇ ਛਯੋ ਜੋ ॥੬੨॥
ਕੇਤਕ ਮੰਗਾਇ ਤੋੜੇ ਰੁਪਯੋਂ ਕੇ ਸਿਰ ਵਾਰੇ,
ਕੇਤਕ ਮੰਗਾਇ ਘੋੜੇ ਦਿਯੇ ਵਾਹੀ ਵਾਰ ਹੈਂ ।

---

੩੦. ੬, ਛੇ ।   ੩੧. ਰਾਜਾ ।

ਹਾਥਨ ਕੇ ਹਲਕੇ ਸਜਾਇ ਸ੍ਵਰਨ ਹੌਦਨ ਸੌਂ,
ਬਾਂਟ ਦਿਯੇ ਹਾਥੋ ਹਾਥ ਸੱਜਿਤ ਸਿੰਗਾਰ ਹੈਂ ।
ਹੀਰਨ ਕੇ, ਮੋਤਿਨ ਕੇ, ਲਾਲਨ ਕੇ, ਪੰਨਨ ਕੇ,
ਹਾਰ ਵਾਰ ਵਾਰ ਦੇਤ ਕਿਤਨੀ ਕਤਾਰ ਹੈਂ ।
ਖੇਸਨ ਕੀ, ਚੋਗਨ ਕੀ, ਕਹੈ ਕੋ ਦੁਆਲਨ ਕੀ,
ਦੇਤ ਨ ਅਘਾਤ ਛਾਏ ਅਨੰਦ ਅਪਾਰ ਹੈਂ ॥੬੩॥
ਕੈਯਕ ਹਜ਼ਾਰਨ ਮਨੌਂ ਕੀ ਅੰਨ ਢੇਰੀ ਲਾਇ,
ਛ੍ਵਾਇ ਛ੍ਵਾਇ ਹਾਥਨ ਸੌਂ ਤੁਰਤ ਬੰਟਾਈ ਹੈ ।
ਘ੍ਰਿਤ ਮਿਸਰੀ ਤੇ ਆਦਿ ਬਿਬਿਧ ਸਾਮਗ੍ਰੀ ਹੂ,
ਵੈਸੇ ਹੀ ਅਨੇਕਨ ਕੋ ਅਧਿਕ ਲੁਟਾਈ ਹੈ ।
ਗਊਅਨ ਕੀ ਅਵਲੀ ਸਿਗਾਰਨ ਸੌਂ ਸਾਜਿ ਸਾਜਿ,
ਤੈਸੇ ਹੀ ਛੁਵਾਇ ਹਾਥ ਬਿਪ੍ਰਨ ਗਹਾਈ ਹੈ ।
ਖੂਹ ਦਿਯੇ, ਗਾਮ ਦਿਯੇ, ਔਰ ਜਿਨ ਮਾਂਗਯੋ ਆਇ,
ਸੋਈ ਤਾਹਿ ਦਯੋ ਖ਼ੁਸੀ ਰੋਮ ਰੋਮ ਛਾਈ ਹੈ ॥੬੪॥
ਤਾਸ ਬਾਦਲੇਨ ਸੌਂ ਕਿਨਾਰਨ ਸੌਂ ਸੋਟਨ ਸੌਂ,
ਲਸ੍ਰ ਪੀਰੀ ਸਬਜ ਪੁਸ਼ਾਕੇਂ ਪੈਨਿ ਆਈ ਹੈਂ ।
ਜਗਮਗ ਜੋਤੈਂ ਹੋਤ ਜਿਨ ਕੀ ਜਵਾਹਰ ਸੀ,
ਜਾਹਰ ਜਮਾਤ ਕੰਚਨੀਨ ਕੀ ਸੁਹਾਈ ਹੈਂ ।
ਗਾਇ ਗਾਇ ਤਾਨਨ, ਬਨਾਇ ਭੇਦ ਭਾਇ ਭਾਇ,
ਦਾਇ ਦਾਇ ਦਿਲ ਕੀ ਹਰਨ ਸਰਸਾਈ ਹੈਂ ।
ਮੰਦ ਮੰਦ ਮੁਸਕਜਾਤ ਹੱਸਿ ਜਾਤ ਮੁਰਿ ਜਾਤ,
ਲਚਿ ਜਾਤ, ਨਚਿ ਜਾਤਿ, ਭਾਖਤ ਵਧਾਈ ਹੈਂ ॥੬੫॥
ਸਭ ਸਰਦਾਰਨ ਕੀ ਮੰਡਲੀ ਉਮੰਡ ਕਰਿ,
ਆਇ ਸਿਰ ਵਾਰਨੇ ਕਰਤ ਜਿਯ ਖੋਲ੍ਹਿ ਖੋਲ੍ਹਿ ।
ਏਕ ਓਰ ਭੰਡਨ ਕੇ ਹ੍ਵੈ ਰਹੇ ਘਮੰਡ ਵੱਡੇ,
ਕਿਤ ਹੂੰ ਕਲਾਵਤ ਕੀ ਗੋਲੈਂ ਗਾਵੈਂ ਤੋਲਿ ਤੋਲਿ ।
ਅਤਰ ਗੁਲਾਬ ਛਿਰਕਾਵ ਹੋਤ ਸਭਾ ਬੀਚ,
ਲਾਵੈਂ ਭਾਲ ਚੰਦਨ ਔ ਕੇਸਰ ਕੋ ਘੋਲਿ ਘੋਲਿ ।
ਫੂਲਨ ਕੀ ਮਾਲੈਂ ਹਾਲੈਂ ਹਿਯ ਪੈ ਸੰਭਾਲੈਂ ਨਾਹਿਂ,
ਭਏ ਖ਼ੁਸ਼ਹਾਲੈਂ, ਹੰਸਿ ਹਾਲੈਂ ਮ੍ਰਿਦੁ ਬੋਲਿ ਬੋਲਿ ॥੬੬॥
ਕੰਪਨ ਮੈਂ ਪਲਟਨ ਮੈਂ ਬਾੜੈਂ ਝੜੈਂ ਠੌਰ ਠੌਰ,
ਤੋਪਨ ਕੀ ਹੋਨ ਲਾਗੀ ਸਲਕ ਸੜਾਸੜੀ ।

ਧੌਂਸਾ ਕੀ ਧੁਕਾਰ, ਝਨਕਾਰ ਝਾਂਝ ਢੋਲਕ ਕੀ,
ਬਾਂਸਰੀ ਕੀ ਤੈਸੀ ਖਨਕਾਰ ਹੈ ਖੜਾਖੜੀ ।
ਨੌਬਤ ਟਕੋਰੈਂ ਘੋਰ ਹੋਤ ਸ਼ਹਨਾਇਨ[੩੨] ਕੀ,
ਦੌਰੇ ਦ੍ਵਾਰ ਦ੍ਵਾਰ ਮੰਗਲੀ ਜਨ ਝੜਾਝੜੀ ।
ਆਪਸ ਮੈਂ ਬੈਰੀ ਬੈਰੀ ਹੰਸਿ ਹੰਸਿ ਸੈਰੀ ਕਰੈਂ,
ਛਾਏ ਖੁਸ਼ ਖੈਰੀ ਨਹਿੰ ਬੋਲਤ ਕੜਾਕੜੀ ॥੬੭॥
ਕਿਲੇ ਮੈਂ, ਕੰਗੂਰਨ ਪੈ, ਬੁਰਜ ਫਸੀਲਨ[੩੩] ਪੈ,
ਬਾਰਹਦਰੀ ਪੈ ਬੰਗਲਾ[੩੪] ਪੈ ਰੌਸ ਦੌਰ ਮੈਂ ।
ਜਾਹਰ ਹੀ ਜਗਾ ਹੋਤ ਬਾਹਰ ਨਗਰ ਮਾਹਿੰ,
ਬਾਰਨ ਅਟਾਰਨ ਮੈਂ, ਛੱਜਣ ਮੈਂ, ਪੌਰ ਮੈਂ ।
ਕੂਚਨ ਮੋਂ, ਹਾਟਨ ਮੈਂ, ਵਿਦਤ ਬਜਾਰਨ ਮੈਂ,
ਕੋਟ ਹੂੰ ਕੇ ਦਵਾਰਨ ਮੈਂ, ਦਿਪੈ ਠੌਰ ਠੌਰ ਮੈਂ ।
ਮਾਨਹੁ ਦਿਵਾਰੀ ਸੈਂਕਰਨ ਕੀ ਇਕੱਠੀ ਆਜ,
ਆਇ ਭਈ ਰੌਸ਼ਨੀ ਅਜਾਇਬ ਲਾਹੌਰ ਮੈਂ ॥੬੮॥

ਦੋਹਰਾ ।

ਭਯੋ ਬਿਬਿਧ ਬਿਧਿ ਔਰ ਹੂੰ, ਅਤਿ ਉਤਸਵ ਸਰਕਾਰ ।
ਸਭ ਗਨਨਾ ਕਰ ਕੋ ਸਕੈ, ਲਖਯੋ ਬਢੋ ਦਰਬਾਰ ॥੬੯॥
ਜਯੋਂ ਜਯੋਂ ਬਪੁ ਦਾਢਯੋ ਕਰੀ, ਤਯੋਂ ਤਯੋਂ ਬਾਢਯੋ ਖੇਲ ।
ਤੇਜ ਰੂਪ ਬਾਢਤ ਰਹਯੋ, ਬਢਯੋ ਸੁਖਨ ਕੋ ਮੇਲ ॥੭੦॥

**(ਮਹਾਰਾਜੇ ਵਲੋਂ ਹੀਰਾ ਸਿੰਘ ਦਾ ਪਾਲਣ ਪੋਸਣ)**

ਕਬਿੱਤੁ ।

ਹੀਰਾ ਸਿੰਘ ਜੂ ਕੋ ਬਾਦਸ਼ਾਹ ਲੈ ਖਿਲਾਯੋ ਕਰੈਂ,
ਗੋਦ ਲੈ ਹਿਲਾਵੈਂ ਦੁਲਰਾਵੈਂ ਮਨ ਭਾਵੈਂ ਹੈਂ[੩੫] ।

---

੩੨. ਸ਼ਹਿਨਾਈ, ਇਕ ਵਾਜੇ ਦਾ ਨਾਉਂ । ੩੩. ਫ਼ਸੀਲਾਂ, ਕੰਧਾਂ ।
੩੪. ਏਥੇ ਬੰਗਲੇ ਤੋਂ ਭਾਵ ਉਹ ਚਾਂਦੀ ਦਾ ਬੰਗਲਾ ਹੈ, ਜੋ ਮਹਾਰਾਜਾ ਰਣਜੀਤ ਸਿੰਘ ਨੇ ਲਗ-ਭਗ ੬੦੦੦੦) ਰੁਪਏ ਦੀ ਲਾਗਤ ਨਾਲ ਬਣਵਾਇਆ ਸੀ। ਹਰੇਕ ਸਾਲ ਦੁਸਹਿਰਾ ਦਰਬਾਰ ਦੇ ਮੌਕੇ 'ਤੇ ਇਹ ਬੰਗਲਾ ਅੰਮ੍ਰਿਤਸਰ ਲਿਜਾਇਆ ਜਾਂਦਾ ਸੀ । ਸਿੱਖ ਰਾਜ ਦਾ ਅੰਤ ਹੋਣ 'ਤੇ ਇਹ ਬੰਗਲਾ ਦਰਬਾਰ ਦੇ ਹੋਰ ਸਾਮਾਨ ਦੇ ਨਾਲ ਹੀ ਅੰਗਰੇਜ਼ਾਂ ਦੇ ਹੱਥ ਆਇਆ ਤੇ ਰੁਪਏ ਢਾਲਣ ਲਈ ਬੰਬਈ ਦੀ ਟਕਸਾਲ ਵਿਚ ਭੇਜਿਆ ਗਿਆ। ੩੫. ਇਥੇ ਸਿਰਫ ਹੀਰਾ ਸਿੰਘ ਦੇ ਨਾਲ ਹੀ ਨਹੀਂ, ਸਗੋਂ ਮਹਾਰਾਜਾ ਰਣਜੀਤ ਸਿੰਘ ਦਾ ਸੁਭਾਅ ਸੀ ਕਿ ਉਹ ਹੋਰ ਸਰਦਾਰਾਂ ਦੇ ਲੜਕਿਆਂ ਨਾਲ ਵੀ ਇਸੇ ਤਰ੍ਹਾਂ ਪਿਆਰ ਰੱਖਦਾ ਤੇ ਉਹਨਾਂ ਨੂੰ ਪਾਲਦਾ-ਪੋਸਦਾ ਸੀ। ਮੈਕਗਰੀਗਰ ਨੇ ਇਸ ਦੀ ਤਸਦੀਕ ਕੀਤੀ ਹੈ (ਦੇਖੋ, History of the Sikhs, Part 1.) ।

ਝੰਜਨਾ ਬਜਾਵੈਂ ਕਬੂੰ ਫਿਰਕੀ ਫਿਰਾਵੈਂ,
ਕਬੂੰ ਹੰਸਿ ਗਲਿ ਲਾਵੈ, ਕਬੂੰ ਬਾਤ ਬਤਰਾਵੈਂ ਹੈਂ ।
ਕਬੂੰ ਲੈਂ ਬਦਮਾਨ ਕੀ ਲੌਂਜ ਕੋ ਚਟਾਵੈਂ ਪੁਨਿ,
ਕਬਹੂੰ ਪਿਲਾਵੈਂ ਦੂਧ ਮਿਸਰੀ ਦਿਖਾਵੈਂ ਹੈਂ ।
ਸੰਗ ਲੈ ਸੁਵਾਵੈਂ ਕਬੂੰ ਛਾਤੀ ਪੈ ਲਿਟਾਵੈਂ,
ਕਬੂੰ ਬੋਲਨ ਸਿਖਾਵੈਂ ਕਬੂੰ ਚਲਨ ਸਿਖਾਵੈਂ ਹੈਂ ॥੭੧॥

ਰਘੁਕੁਲ ਭੂਖਨ ਸ੍ਰੀ ਅਵਧੇਸ਼ ਦਸਰਥ,
ਜਿਨ ਕੈ ਭਏ ਹੈਂ ਜੈਸੇ ਰਾਮ ਜੂ ਦੁਲਾਰੇ ਹੈਂ ।
ਜੈਸੇ ਬ੍ਰਿਜ ਰਾਜ ਮਹਾਰਾਜ ਨੰਦ ਜੂ ਕੇ ਨਿਤ,
ਮੋਹਨ ਜੂ ਆਠੋ ਜਾਮ ਆਂਖਨ ਕੇ ਤਾਰੇ ਹੈਂ ।
ਗਵਾਲ ਕਵਿ ਜਾਹਰ ਜਹੂਰ ਜਗ ਜੋਇਯਤ,
ਜੈਸੇ ਸਿੰਧੁ[੩੬] ਜੂ ਕੋ ਚੰਦ ਅਤਿ ਸੁਖ ਕਾਰੇ ਹੈਂ ।
ਤੈਸੇ ਬਾਦਸ਼ਾਹ ਰਣਜੀਤ ਸਿੰਘ ਜੂ ਕੈਂ ਅਬ,
ਧਯਾਨ ਸਿੰਘ ਨੰਦ[੩੭] ਹੀਰਾ ਸਿੰ ਪ੍ਰਾਨ ਪਿਆਰੇ ਹੈਂ ॥੭੨॥

ਏਕੋ ਪਲ ਪਾਸ ਤੇ ਨ ਨਜਾਰੋ ਹੋਨ ਦੇਤ ਜਿਨੈਂ,
ਖਾਨ ਪਾਨ ਸੈਨ ਹੂੰ ਮੈਂ ਪਾਸ ਹੀ ਸੁਲਾਵੈ ਹੈ ।
ਆਵੈ ਸਤਰਾਇ ਤੁਤਰਾਇ ਬਤਰਾਇ ਜਾਇ,
ਕਬੂੰ ਇਤਰਾਇ ਕਤਰਾਇ ਫਰ ਧਾਵੈ ਹੈ ।
'ਹਾਂ' ਕਰਤ, 'ਹੂੰ' ਕਰਤ 'ਤਾਂ' ਕਰਤ, ਤੂੰ' ਕਰਤ,
ਖੇਲਤ ਹਸਤ ਕਿਲਕਤ ਲਪਟਾਵੈ ਹੈ ।
ਜੈਸੇ ਬਾਦਸ਼ਾਹ ਕੋ ਨ ਇਨ ਬਿਨ ਭਾਵੈ ਤੈਸੇ,
ਇਨਹੂੰ ਕੋ ਉਨ ਬਿਨ ਪਲ ਨ ਸੁਹਾਵੈ ਹੈ ॥੭੩॥

ਮੂੰਗਨ ਕੀ, ਮੋਤਿਨ ਕੀ, ਹੀਰਨ ਕੀ ਮਾਲੈਂ ਲਾਲੈਂ,
ਮੁੰਦਰੀ ਜੜਾਊ ਕੜੇ ਸੋਨੇ ਕੇ ਸੁਹਾਵੈਂ ਹੈਂ ।
ਘੋੜਾ ਹਾਥੀ ਰਥ ਖਾਸੇ ਬੱਘੀ ਪਾਲਕੀ ਔ ਗਊ,
ਬਾਸਨ ਅਨੇਕ ਚਾਂਦੀ ਸੂਰਨ ਕੇ ਧੁਰਾਵੈ ਹੈਂ ।
ਖੇਸ ਔ ਦੁਸਾਲੇ ਕੀਮਖਾਪਾਦਿਕ ਬਸਤ੍ਰ ਬਨੇ,
ਨਗਦ ਅਨੇਕ ਤੋੜੇ ਤੁਲਾ ਲੈ ਤੁਲਾਵੈ ਹੈਂ ।
ਜੇਤੋ ਕਛੁ ਦਾਨ ਆਪ ਕਰੈ ਸਰਕਾਰ ਸਦਾ,
ਤੇਤੇ ਹੀ ਸੁ ਦਾਨ ਹੀਰਾ ਸਿੰਘ ਪੈ ਦਿਵਾਵੈ ਹੈਂ ॥੭੪॥

---

੩੬. ਸਮੁੰਦ੍ਰ ।　　੩੭. ਪੁਤ੍ਰ ।

(ਹੀਰਾ ਸਿੰਘ ਨੂੰ ਰਾਜ ਪਦਵੀ)

ਦੋਹਰਾ।

'ਰਾਜਾ-ਰਾਜਾ' ਕਹਿ ਸਦਾ, ਬੋਲੈਂ ਕਰਿ ਕਰਿ ਪਜਾਰ।
ਯਹੀ ਸੁਖਨ ਕੋ ਸਾਰ ਸਭ, ਸਮਝਯੋ ਜਿਯ ਸਰਕਾਰ ॥੭੫॥
ਸਾਤ ਬਰਸ ਕੇ ਜਬ ਭਏ, ਹੀਰਾ ਸਿੰਘ ਮਹੀਪ[੩੮]।
ਤਬ ਸਰਕਾਰ ਵਿਚਾਰ, ਜੋੜੇ ਸਬ ਅਵਨੀਪ[੩੯] ॥੭੬॥

ਕਬਿੱਤੁ।

ਦਿਯੋ ਸਰਕਾਰ ਨੈ ਖਿਲਤ ਹੀਰਾ ਸਿੰਘ ਜੂ ਕੋ,
ਰਾਜਾ ਪਦ ਦੈ ਕਰ ਬਨਾਯੋ ਫ਼ਰਜ਼ੰਦ ਹੈ।
ਆਪਨੇ ਬਰਾਬਰ ਹੀ ਕੁਰਸੀ ਜੜਾਊ ਡਾਲਿ,
ਤਾ ਪਰ ਬਿਠਾਯੋ ਛਾਯੋ ਅਧਿਕ ਅਨੰਦ ਹੈ।
ਫੌਜ ਫੌਜਦਾਰਨ ਤੈ, ਭੂਪ ਸਰਦਾਰਨ ਤੈ,
ਨਜਰ ਦਿਵਾਇ ਕਿਯੋ ਹੁਕਮ ਬੁਲੰਦ ਹੈ।
ਜਹਾਂ ਮੇਰੋ ਰਾਜ ਵਹਾਂ ਰਸਮ ਹੀਰਾ ਸਿੰਘ ਜੂ ਕੀ,
ਜਗਤ ਚਕੋਰ ਕੋ ਕਿਯੋ ਮੈਂ ਏਕ ਚੰਦ ਹੈ ॥੭੭॥

ਦੋਹਰਾ।

ਯਾ ਪ੍ਰਕਾਰ ਸਰਕਾਰ ਨਿਤ, ਕਰਯੋ ਕਰੈਂ ਅਤਿ ਪਯਾਰ।
ਰਾਜ ਕਾਜ ਧਾਰਯੋ ਕਰੈਂ, ਧਰਮ ਦਾਨ ਸੰਚਾਰ ॥੭੮॥

(ਮਹਾਰਾਜਾ ਰਣਜੀਤ ਸਿੰਘ ਦਾ ਸੁਰਗਵਾਸ)

ਕਬਿੱਤੁ।

ਯਾਹੀ ਬਿਧਿ ਬਹੁਤ ਦਿਨਾਂ ਲੌ ਸੁਖ ਰਾਜ ਭੋਗਯੋ,
ਕਿਯੋ ਤਬ ਹਿਯੇ ਮੈਂ ਬਿਚਾਰ ਸਰਕਾਰ ਹੈ[੪੦]।
ਆਯੋ ਹੋ ਧਰਾ ਪੈਂ ਭੂਮਿ ਭਾਰ ਕੇ ਉਤਾਰਬੇ ਕੋ,
ਪਾਲਬੇ ਕੋ ਗਊ ਬਿਪ੍ਰ ਬੇਦ ਕੇ ਪ੍ਰਚਾਰ ਹੈ।
ਸੋ ਜਬ ਸਕਲ ਕਾਮ ਕਰ ਚੁਕਯੋ ਭਾਂਤਿ ਭਾਂਤਿ,

---

੩੮. ਰਾਜਾ। ੩੯. ਰਾਜੇ ਹੀਰਾ ਸਿੰਘ ਨੂੰ ਰਾਜਗੀ ਦਾ ਖਿਤਾਬ ੧੨ ਸਾਲ ਦੀ ਉਮਰੇ ਉਸ ਦੇ ਪਿਤਾ ਮੀਆਂ ਧਿਆਨ ਸਿੰਘ ਦੇ ਨਾਲ ਸੰਨ ੧੮੨੮ ਈ: ਨੂੰ ਵਿਸਾਖੀ ਦੇ ਮੌਕੇ 'ਤੇ ਦਿੱਤਾ ਗਿਆ ਸੀ (ਅਮਰ ਨਾਥ, ਜ਼ਫ਼ਰਨਾਮਾ ਰਣਜੀਤ ਸਿੰਘ, ਸਫ਼ਾ ੧੮੪; ਸੀਤਾ ਰਾਮ ਕੋਹਲੀ, ਰਣਜੀਤ ਸਿੰਘ, ਸਫ਼ਾ ੨੬੨) ਸੱਯਦ ਮੁਹੰਮਦ ਲਤੀਫ਼ ਦੇ ਕਥਨ ਅਨੁਸਾਰ ਹੀਰਾ ਸਿੰਘ ਉਸ ਸਮੇਂ ੧੨ ਸਾਲ ਦਾ ਸੀ। (ਦੇਖੋ, History of the punjab, page 440)। ਇਸ ਲਈ ਕਵਿ ਗ੍ਵਾਲ ਵੱਲੋਂ ਇਥੇ ਉਸ ਦੀ ਸੱਤ ਸਾਲ ਦੀ ਉਮਰ ਲਿਖਣਾ ਗਲਤੀ ਹੈ। ੪੦. ਦਰ-ਅਸਲ ਇਸ ਸਮੇਂ (ਸੰਨ ੧੮੩੯ ਦੇ ਮਹੀਨਾ ਜੂਨ ਵਿਚ) ਮਹਾਰਾਜਾ ਸਖ਼ਤ ਬੀਮਾਰ ਹੋ ਗਿਆ ਸੀ।

ਅਬ ਭਵ ਸਿੰਧੁ ਤੇ ਉਤਰ ਚਲੋਂ ਪਾਰ ਹੈ ।
ਐਸੇ ਉਰਿ ਧਾਰਿ ਮਾਯਾ ਮੋਹ ਛਾਰ ਸਾਰ ਡਾਰਿ,
ਕਿਯੇ ਭਲੀ ਬਿਧਿ ਦਾਨ ਬਹੁਤ ਪ੍ਰਕਾਰ ਹੈ ॥੮੯॥
ਤਿਲ ਧਾਨ ਆਦਿ ਦੈ ਜੋ ਖੋੜਸ ਬਖਾਨਿਯਤ,
ਦਿਯੋ ਕਈ ਖੋੜਸ ਦੁਜਨ ਪੂਜ ਮਾਨ ਸੋਂ ।
ਚਾਂਦਨ ਕੇ ਹੇਮਨ ਕੇ ਥਾਲ ਆਦਿ ਪਾਤ੍ਰ ਘਨੇ,
ਦਿਯੇ ਪਾਤ੍ਰ ਦੇਖਿ ਦੇਖਿ ਪਰਮ ਪ੍ਰਮਾਨ ਸੋਂ ।
ਸੂਤੀ ਬਸਤ੍ਰ ਬਿਬਿਧ ਬਹੁਰ ਪਸ਼ਮੀਨਨ ਕੇ,
ਸਿਤ ਔ ਰੰਗੀਨਨ ਕੇ ਪੁੰਜਿ ਦੈ ਵਿਧਾਨ ਸੋਂ ।
ਖਾਸੇ ਖਾਸੇ ਖਾਸੇ ਦਿਯੇ, ਖੇਮ ਯੁਤ ਖੇਮੇ ਦਿਯੇ,
ਖੁਸੀ ਸੋ ਖਜਾਨੇ ਦੈ ਤ੍ਰਿਪਤ, ਕਿਯੇ ਖਾਨ ਸੋਂ ॥੯੦॥

ਦੋਹਰਾ ।

ਗਊ ਦਾਨ ਗਜ ਦਾਨ ਦੈ, ਅਸ੍ਵ ਦਾਨ ਭੂ ਦਾਨ ।
ਮਾਨਕ ਮੁਕਤਾਹਲ ਅਮਲ, ਹੀਰਾ ਪੰਨਾ ਦਾਨ ॥੯੧॥

ਕਬਿੱਤੁ ।

ਕਢਤ ਕਿਲੇ ਤੇ ਬਿਪ੍ਰ ਜੇ ਜੇ ਦਾਨ ਲੈ ਲੈ ਤੇਤੇ,
ਜਾਨੇ ਨ ਪਰਤ, ਦੇਖਿ ਭੂਲੈਂ ਘਰ ਬਾਰ ਕੇ ।
ਘੋੜਾ ਚੜ੍ਹੇ ਹਾਥੀ ਚੜ੍ਹੇ ਪਾਲਕੀ ਔ ਖਾਸੇ ਚੜ੍ਹੇ,
ਰਥ ਚੜ੍ਹੇ ਆਵੇਂ ਲਖਿ ਚਕਿਤ ਬਜ਼ਾਰ ਕੇ ।
ਧਾਰਿ ਧਾਰਿ ਬਸਨ[੪੧] ਬਿਚਿਤ੍ਰ ਝਲਾ ਝਲੀ ਕੇ[੪੨],
ਦਾਰਿਦ ਦਲਾਦਲੀ ਕੇ ਭੂਖਨ ਸੁਧਾਰ ਕੇ ।
ਤਜੇ ਆਵੈਂ ਚਿੰਤਾ ਚਿਤ, ਰਜੇ ਆਵੈਂ ਭਾਂਤਿ ਭਾਂਤਿ,
ਸਜੇ ਆਵੈਂ ਬਜੇ ਆਵੈਂ ਬਾਦਰ ਬਹਾਰ ਕੇ ॥੯੨॥
ਰਾਜਾ ਧਜਾਨ ਸਿੰਘ ਜੂ ਕੋ ਪਾਸ ਲੈ ਬਿਠਾਯੋ ਆਪ,
ਜੁਦੇ ਜੁਦੇ ਭੇਦ ਰਾਜ ਕਾਜ ਕੇ ਬਿਚਾਰੇ ਹੈਂ ।
ਸਬ ਸਮਝਾਇ ਕੇ ਖਜਾਨੋ ਔ ਮੁਲਕ ਸੌਂਪਯੋ,
ਫ਼ੌਜ ਕਿਲੇ ਕੋਟ ਸਬ ਸੌਂਪਤ ਸੁਖਾਰੇ ਹੈਂ ।
ਪੁਤ੍ਰ ਸੌਂਪਿ, ਨਾਤੀ ਸੌਂਪਿ, ਬਹੁਰ ਸੰਗਾਤੀ[੪੩] ਸੌਂਪਿ,
ਪਾਲਨ ਪ੍ਰਜਾ ਕੋ ਸੌਂਪਿ ਮੁਦਿਤ ਨਿਹਾਰੇ ਹੈਂ ।
ਰਾਜ ਵਜਵਹਾਰ ਤਜਯੋ, ਕ੍ਰਮ ਸੋਂ ਅਹਾਰ ਤਜਯੋ,
ਬਾਨੀ ਕੋ ਉਚਾਰ ਤਜਯੋ[੪੪] ਹਰਿ ਧਜਾਨ ਧਾਰੇ ਹੈਂ ॥੯੩॥

---

੪੧. ਬਸਤ੍ਰ । ੪੨. ਝਿਲਮਲ ਕਰਦੇ ਹੋਏ । ੪੩. ਸੰਗੀ ਸਾਥੀ ।
੪੪. ਅਰਥਾਤ ਸਖ਼ਤ ਬੀਮਾਰ ਹੋਣ ਕਰਕੇ ਜ਼ਬਾਨ ਬੰਦ ਹੋ ਗਈ ।

ਕੁੰਡ ਬਨਵਾਇ ਗੰਗਾ ਜਲ ਸੋਂ ਭਰਾਇ, ਤਾ ਮੈਂ -
ਪਾਲਥੀ ਲਗਾਇ ਮੂੰਦ ਲਿਯੇ ਦ੍ਰਿਗ ਦ੍ਵਾਰੇ ਹੈਂ।
ਮੰਦ ਮੰਦ ਖੁਲੈਂ ਮੁੰਦੈਂ ਅਧਰ ਸਬਰ ਯਾ ਤੇ,
ਮਾਲੂਮ ਭਯੋ ਹੈ ਰਾਮ ਨਾਮ ਯੇ ਉਚਾਰੇ ਹੈਂ।
ਐਸੇ ਕਛੁ ਬਾਰ ਲੌਂ ਪ੍ਰਕਾਰ ਰਹਜੋ ਦੇਖਬੇ ਕੌਂ,
ਫੇਰ ਕਛੁ ਪੀਛੇ ਤਨ ਸਿਥਲ ਨਿਹਾਰੇ ਹੈਂ।
ਸਿੰਘ ਬਾਦਸ਼ਾਹ ਰਣਜੀਤ ਸਿੰਘ ਜੂ ਕੇ ਪ੍ਰਾਨ,
ਫੇਰ ਬ੍ਰਹਮੰਡ[੪੫] ਬ੍ਰਹਮ ਲੋਕ ਕੋ ਪਧਾਰੇ ਹੈਂ ॥੯੪॥

**(ਸ਼ੇਰਿ-ਪੰਜਾਬ ਦਾ ਅੰਤਿਮ ਸੰਸਕਾਰ)**

ਸੋਰਠਾ।

ਭਈ ਖਬਰ ਰਨਵਾਸ, ਬਾਦਸ਼ਾਹ ਹਰਿ ਪੁਰ ਗਏ।
ਰਾਨਿਨ ਕਿਯੋ ਨਿਕਾਸ, ਹਮ ਸੰਗ ਸਤਿਯਾਂ ਹੋਇੰਗੀ ॥੯੫॥

ਕਬਿਤੁ।

ਧਿਗ ! ਧਿਗ ਜ਼ਿੰਦਗੀ ਜਹਾਨ ਬੀਚ ਜੋਯਨ[੪੬] ਕੀ,
ਬਿਨਾ ਪ੍ਰਾਨ ਨਾਥ ਦੁੱਖ-ਗਾਥ ਜਾਮ ਜਾਮ ਮੈਂ।
ਖਾਨ ਪਾਨ ਭੂਖਨ ਕੀ ਭੂਖ ਨਾ ਰਹੀ ਹੈ ਨੈਕ,
ਬਸਨ ਬਸ ਨ ਸਕੈਂ ਤਨ ਅਭਿਰਾਮ ਮੈਂ।
ਜਾਹੀ ਸੰਗ ਸੁਵਰਨ ਸੇਜਨ ਪੈ ਸੋਵਤ ਥੀ;
ਤਾਹੀ ਸੰਗ ਸ੍ਵੈ ਹੈਂ ਆਗੇ-ਸੁਵਰਨ ਠਾਮ ਮੈਂ।
ਪਤਿ ਜੂ ਕੋ ਸੰਗ ਲੈ ਕੈ ਚਿਤਾ ਕੋ ਜਰੈ ਕੈ ਫੇਰ,
ਛੋਊ ਲੋਕ ਫੇਰ ਕੈ ਬਸੈਂਗੀ ਬ੍ਰਹਮ ਧਾਮ ਮੈਂ ॥੯੬॥

ਦੋਹਰਾ।

ਐਸੇ ਚਿੱਤ ਬਿਚਾਰ ਕਰਿ, ਗੰਗ ਜਲਿ ਕਰਿ ਸਨਾਨ।
ਦਾਨ ਬਿਧਾਨ ਲਾਗੀ ਕਰਨ, ਸੁਮਰਿ ਸੁਮਰਿ ਭਗਵਾਨ ॥੯੭॥

ਕਬਿਤ।

ਸ੍ਰਿੰਗ ਸੁਵਰਨ ਕੇ ਰਜਤ ਖੁਰ ਤਾਮ੍ਰ ਪ੍ਰਿਸ਼ਟਿ,
ਪੁੱਛ ਮਾਹਿਂ ਮੋਤਿਨ ਕੇ ਗੁੱਛ ਲਟਕਾਏ ਹੈਂ।
ਔਰ ਬਸਤ੍ਰ ਭੂਖਨ ਸਕਲ ਸਾਜਿ ਸਾਜਿ ਕਰ,
ਦਿਯੇ ਬਹੁ ਗਊ ਦਾਨ ਸਰਸ ਸੁਹਾਏ ਹੈਂ।
ਨਿਜ ਨਿਜ ਭੂਖਨ ਜਵਾਹਰ ਜੜਤ ਜੇਤੇ,

---

੪੫. ਬ੍ਰਹਮ ਰੰਧ੍ਰ, ਤਾਲੂਆ। ੪੬. ਵਹੁਟੀਆਂ ਦੀ।

ਤੇਤੇ ਉਹ ਬੇਰ ਬਿਨ ਬੇਰ ਹੀ ਲੁਟਾਏ ਹੈਂ ।
ਦ੍ਵਿਜ ਦਈ, ਦਾਸੀ ਦਈ, ਰਥ ਦਿਯੇ, ਧਾਮ ਦਿਯੇ,
ਲੈ ਲੈ ਹਰਿ ਨਾਮ ਸੀਸ ਸਬਨ ਨਿਵਾਏਂ ਹੈਂ ॥੮੮॥

ਦੋਹਰਾ ।

ਨਖ ਸਿਖ ਤੈ ਸੋਭਾ ਸਜੀ, ਨਿਕਲੀ ਹੈਂ ਇਕ ਤਾਰ ।
ਮਾਨੋਂ ਸੁਰਗ ਦੇਵੀਨ ਕੀ; ਆਈ ਉਤਰ ਕਤਾਰ ॥੮੯॥
ਖੜਗ ਸਿੰਘ ਪੁਤ੍ਰਾਦਿ ਬਹੁ, ਜੱਦਪਿ ਹੈਂ ਹ੍ਵਾਂ ਪਾਸ ।
ਤੱਦਪਿ ਹੀਰਾ ਸਿੰਘ ਕੋ, ਦਈ ਅਸੀਸ ਪ੍ਰਕਾਸ ॥੯੦॥
ਪ੍ਰਾਨ ਨਾਥ ਕੋ ਪ੍ਰਾਨ ਪ੍ਰਿਯ, ਜਾਨਤ ਹੀ ਇਹ ਹੇਤ ।
ਨ੍ਰਿਪ ਹੀਰਾ ਸਿੰਘਹਿ ਦਈ ਆਸਿਖ ਬੁੱਧਿ ਨਿਕੇਤ ॥੯੧॥
"ਜੀਓ, ਜਾਗੋ ਜਗਤ ਮੈਂ ਜਗਮਗ ਜੋਤਿ ਅਪਾਰ ।"
ਯੌਂ ਅਸੀਸ ਦੈ ਦੈ ਚਲੀ, ਕਰਿ ਕਰਿ ਕ੍ਰਿਪਾ ਸੁ ਪਜਾਰ ॥੯੨॥

ਕਬਿੱਤੁ ।

ਚੰਦਨ ਚਿਤਾ ਮੈਂ ਜਾਇ ਬੇਠੀ ਹੈਂ ਬਿਧਾਨ ਕਰਿ,
ਬਯਾਹਿਤਾ ਸਿਰ੍ਹਾਨੇ ਅਨਬਯਾਹੀ ਪਗ ਓਰ ਹੈ ।
ਚਾਰ ਸਾਤ[੪੭] ਬਾਲਨ ਕੋ, ਮੰਡਲ ਚਹੂੰਘਾ ਬਨਾਯੋ,
ਸਤਯ ਕੋ ਪ੍ਰਤਾਪ ਤੇਜ ਬਾਢਯੋ ਬਹੁ ਜੋਰ ਹੈ ।
ਬਾਦਸ਼ਾਹ ਜੂ ਕੇ ਜੇਸ਼ਟ ਪੁਤ੍ਰ ਸ੍ਰੀ ਖੜਗ ਸਿੰਘ,
ਆਇ ਆਗ ਦੀਨੀ ਭਯੋ ਜੈ ਜੈ ਸਬਦ ਸੋਰ ਹੈ ।
ਸੀਤਾ ਰਾਮ, ਸੀਤਾ ਰਾਮ, ਰਾਧਾ ਕ੍ਰਿਸ਼ਨ, ਰਾਧਾ ਕ੍ਰਿਸ਼ਨ,
ਵਾਹ ਗੁਰੂ ਵਾਹਗੁਰੂ ਮਾਚੀ ਘਨਘੋਰ ਹੈ ॥੯੩॥

ਦੋਹਰਾ ।

ਚਿਤਾ ਮਾਹਿੰ ਮੁਖ ਤਿਯਨ ਕੇ, ਅਤਿ ਕਰ ਰਹੇ ਪ੍ਰਕਾਸ ।
ਅਚਰਜ ਦੇਖਯੋ ਆਗ ਮੈਂ, ਕਮਲਨ ਕਿਯੋ ਬਿਕਾਸ ॥੯੪॥
ਅੱਠਾਰਾਂ ਸੈਂ ਛਿਆਨਵੈਂ, ਸੰਮਤ ਜਾਨੋ ਜਾਨ ।
ਮਾਸ ਅਖਾੜ ਸੁ ਕ੍ਰਿਸ਼ਨ ਪਖ, ਪੜਵਾ[੪੮] ਭਯੋ ਪਯਾਨ[੪੯] ॥੯੫॥

ਕਬਿੱਤੁ ।

ਆਏ ਹੈਂ ਅਮਰ ਅਮਰਾਵਤੀ ਤੇ ਅਮ੍ਰਿਤ ਲੈ,

---

੪੭. ੧੧, ਗਯਾਰਾਂ ।    ੪੮. ਪ੍ਰਤਿਪਦਾ; ਏਕਮ ।
੪੯. ਸ਼ੇਰਿ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦਾ ਦੇਹਾਂਤ ਹਾੜ ਵਦੀ ੧, ਸੰਮਤ ੧੮੯੬ ਬਿ: ਮੁਤਾਬਿਕ ੨੮ ਜੂਨ ਸੰਨ ੧੮੩੯ ਈ: ਨੂੰ ਹੋਇਆ ਸੀ ।

ਆਗੇ ਦੈ ਨਜ਼ਰ, ਕਹੀ-'ਤੇਰੇ ਹਮ ਚੇਰੇ ਹੈਂ।
ਪੁਨਜ ਕੇ ਪ੍ਰਤਾਪ ਆਪ ਚਾਹੋ ਹਜਾਂ ਅਲਾਪ ਸੁਨੋ,
ਚਾਹੋ ਸਤਜ ਲੋਕ ਮਾਹਿ ਕਰਿਯੈ ਬਸੇਰੇ ਹੈਂ।
ਗਵਾਲ ਕਵਿ ਨੰਦਨ ਮੈਂ ਬਿਹਰੋਂ ਅਨੰਦਨ ਸੌਂ,
ਅਪਸਰਾ ਸੁਛੰਦਨ ਕੇ ਬ੍ਰਿੰਦ ਬਹੁਤੇਰੇ ਹੈਂ।
ਕੀਜੋ ਅਬ ਰਾਜ ਰਣਜੀਤ ਸਿੰਘ ਮਹਾਰਾਜ,
ਭਾਜਯੋ ਇੰਦ੍ਰ ਆਜ ਏ ਸਮਾਜ ਸਬ ਤੇਰੇ ਹੈਂ' ॥੯੬॥
ਊਰਧ ਚੜ੍ਹਤ ਰਣਜੀਤ ਸਿੰਘ ਮਹਾਰਾਜ,
ਲਖ ਕੈ ਸੁਰਨ ਆਇ ਆਇ ਕਹੀ ਬਾਤ ਹੈ।
'ਤੁਰੀ ਕਰੀ ਪਰੀ[੫੦] ਹ੍ਵਾਂ ਤਿਹਾਰੇ ਐਸੀ ਹੈ ਕਿ ਨਹੀਂ ?'
ਬੋਲੇ ਪਾਤਸ਼ਾਹ ਸਾਚੇ ਬਚਨ ਬਿਖਯਾਤ ਹੈ।
'ਹ੍ਵਾਂ ਤੇ ਹਜਾਂ ਸਰਸ ਸਭ ਠੀਕ ਹੈ ਤੋ ਸਹੀ, ਪਰ -
ਮੇਰੇ ਤਉ ਨ ਕਾਮ ਕੋ ਕੌਊਕ ਦਰਸਾਤ ਹੈ।
ਸੁਘਰ ਸੁਸੀਲੀ ਬਣੀ ਸਤ ਕੀ ਸਤਾ ਮੈਂ ਐਸੀ,
ਸਤੀ ਸਤ ਲੋਕ ਕੋ ਸਿਤਾਬੀ ਲਿਯੇ ਜਾਤ ਹੈ' ॥੯੭॥
ਸੁਰਗ ਸਿਧਾਰਤ ਹੀ ਸਿੰਘ ਪਾਤਸ਼ਾਹ ਜੂ ਕੇ,
ਰਾਜਾ ਜਮ ਰਾਜ ਭਾਜ ਜਿਯ ਮੈਂ ਜਲੇ ਗਏ।
ਨਰਕੀ ਸਮਾਜ ਪਰੇ ਝਗਰ ਸੁ ਬਯਾਜ ਕਰਿ,
ਆਇ ਮਹਾਰਾਜ਼ ਪੈ ਫਿਰਾਦੀ ਉਛਲੇ ਗਏ।
ਸਤਿਨ ਕੋ ਰੋਕ ਸਰਕਾਰ ਨੇ ਸਮਝ ਸਬ,
ਕੀਨੋ ਇਨਸਾਫ਼ ਸਾਫ਼ ਸਾਫ਼ ਝਗਰੇ ਦਲੇ ਗਏ।
ਕੇਤੇ ਬਿਧਿ ਲੋਕ ਮੈਂ ਸੁ ਕੇਤੇ ਬਿਸਨੁ ਲੋਕ ਮਾਹਿ,
ਰਾਖਿ ਹਰਿ ਲੋਕ ਸਤਜ ਲੋਕ ਕੋ ਚਲੇ ਗਏ ॥੯੮॥
ਜਮ ਕੇ ਭਗੈ ਤੇ ਤਮ ਨਰਕ ਵਸੈਯਨ ਕੋ,
ਸਮ ਕੇ ਸਮਝਿ ਧਾਮ ਬਾਦਸ਼ਾਹ ਢਾਰੇ ਹੈਂ।
ਕੋਟਨ ਕੰਗਾਲਨ ਕੁਵੇਰ ਕੋਠਰੀਨ ਭਰੇ,
ਕੌਡੇ ਕੇਂ ਕਰਾਰਨ ਕੋ ਕਾਨ ਲੋਕ ਪਾਰੇ ਹੈਂ।
ਸੇਸ ਭੇਸ ਡਸਤ ਮਹੇਸ ਕੇ ਮਹਲ ਪੇਸ,
ਜਲੇ ਜਲੇ ਜਨਨ ਜਲੇਸ ਦੇਸ ਡਾਰੇ ਹੈਂ।
ਸੁਖ ਲੈ ਸਵਾਰੀ ਲੈ ਸਬਾਬ ਕੇ ਸਮਾਜਨ ਲੈਂ,

---

੫੦. ਹ੍ਵਾਂ (ਧਰਤੀ) ਤੋਂ ਹਜਾਂ (ਇਥੇ) ਸੁਰਗ ਲੋਕ ਵਿਚ।

ਸਤਿਨ ਲੈ ਆਪ ਸਤਯ ਲੋਕ ਕੌਂ ਸਿਧਾਰੇ ਹੈਂ ॥੯੯॥

ਦੋਹਰਾ ।

ਯਹ ਕੋਊ ਮਤ ਜਾਨਿਯੋ; ਸਤਿਯਨ ਕੇ ਆਧੀਨ[੫੧] ।
ਗਏ ਮ੍ਰਯਾਦਾ ਰਖਨ ਹਿਤ, ਸਤਯ ਲੋਕ ਪ੍ਰਬੀਨ ॥੧੦੦॥

ਕਬਿੱਤੁ ।

ਸਤਿਨ ਕੇ ਸੰਗ ਪਤਿ ਸਤਯ ਲੋਕ ਹੀ ਕੋ ਜਾਤ,
"ਜੈ ਜੈ ਸਿੰਘ ਪਾਤਸ਼ਾਹ" ਸਨਮੁਖ ਤਿਆਰ ਹੈ ।
ਭੂਮਿ ਹੂ ਪੈ ਕਾਹੂੰ ਕੇ ਨ ਵਸ ਮੈਂ ਰਹੈ ਹੈਂ ਕਭੂੰ,
ਤਯੋਂ ਹੀ ਪੁਨਯ ਪੁੰਜ ਤੈ ਉਹਾਂਊ ਅਖਤਯਾਰ ਹੈ ।
ਗਵਾਲ ਕਵਿ ਕਹੈ ਅਲਕਾ[੫੨] ਮੈਂ, ਅਮਰਾਵਤੀ ਮੈਂ,
ਨੰਦਨ ਮੈਂ ਜਾਇ ਕਹੂੰ ਕਰਤ ਬਿਹਾਰ ਹੈ ।
ਹਰਿ ਲੋਕ, ਹਰ ਲੋਕ, ਬਿਧ ਲੋਕ,[੫੩] ਸਤੀ ਲੋਕ,
ਚਾਹੇ ਜਹਾਂ, ਜਾਇ ਤਹਾਂ ਸੜਕ ਤਿਆਰ ਹੈ ॥੧੦੧॥

ਦੋਹਰਾ ।

ਬਾਕੀ ਜੋ ਰਨਵਾਸ ਸੋ, ਰੋਦਨ ਕਿਯੋ ਅਪਾਰ ।
ਜਮਨਾ ਕੀ ਸੀ ਹ੍ਵੈ ਗਈਂ, ਨਹਰ ਵਹਾਂ ਦ੍ਵੈ ਚਾਰ[੫੪] ॥੧੦੨॥

ਕਬਿੱਤੁ ।

ਫੂਲਨ ਕੇ ਭੇਜਬੇ ਕੋ ਗੰਗਾ ਹਰਿਦਵਾਰ ਤੀਰ,
ਰਾਜਾ ਧਯਾਨ ਸਿੰਘ ਜੂ ਨੈ ਕੀਨੀ ਸਬ ਤਿਆਰੀ ਹੈ ।
ਬਰਦੀ ਅਨੇਕ ਭਾਂਤਿ ਭਾਂਤਿ ਕੀ ਸੁ ਪਹਰਾਇ,
ਪਲਟਨ ਪੰਗਤਿ ਨਿਕਾਸੀ ਯੋਂ ਅਗਾਰੀ ਹੈ ।
ਦਾਏਂ ਬਾਏਂ ਦੂਹੂੰਘਾ[੫੫] ਬਰਾਬਰ ਕਤਾਰ ਦੀਸੈਂ;
ਏਕ ਸੇ ਕਦਮ ਚਲੈਂ ਬਾਢੈ ਸੋਭ ਭਾਰੀ ਹੈ ।
ਸਿੰਘ ਬਾਦਸ਼ਾਹ ਰਣਜੀਤ ਸਿੰਘ ਮਹਾਰਾਜ,
ਤਿਨ ਕੇ ਸੁ ਫੂਲਨ ਕੀ ਕਢੀ ਅਸਵਾਰੀ ਹੈ ॥੧੦੩॥
ਪਹੁੰਚੀ ਸਵਾਰੀ ਲੁਦਿਹਾਨੇ ਜਬ ਜਾਇ ਕਰ,
ਧਾਇ ਕਰ ਦਰਸਨ ਕੋ ਨਗਰ ਸੁ ਆਯੋ ਹੈ ।

---

੫੧. ਇਹ ਕੋਈ ਮਤ ਸਮਝੋ ਕਿ ਮਹਾਰਾਜਾ ਰਣਜੀਤ ਸਿੰਘ ਜੀ ਸਤੀਆਂ (ਇਸਤ੍ਰੀਆਂ ਦੇ) ਅਧੀਨ ਸਨ । ੫੨. ਕੁਬੇਰ ਦੀ ਪੁਰੀ ।
੫੩. ਹਰਿ (ਵਿਸ਼ਨੂੰ) ਦਾ ਲੋਕ ਅਤੇ ਬਿਧ (ਬ੍ਰਹਮਾ ਦਾ) ਲੋਕ ।
੫੪. ਇਸ ਦੋਹੇ ਵਿਚ ਅਤਯੁਕਤੀ (ਮੁਬਾਲ਼ਗ਼ਾ) ਅਲੰਕਾਰ ਹੈ । ੫੫. ਦੋਨੋਂ ਪਾਸੇ ।

ਫੂਲਨ ਕੀ ਬਰਖਾ ਚਹੂੰਘਾ ਤੇ ਕਰਨ ਲਾਗੇ,
ਜੋਰਿ ਜੋਰਿ ਹਾਥਨ ਅਮਿਤ ਗੁਨ ਗਾਯੋ ਹੈ ।
ਜਾਨ ਕੰਪਨੀ ਕੇ ਬਡੇ ਦੋਸਤ ਸਭ ਸਾਹਿਬਾਨ,
ਆਇ ਆਇ ਟੋਪੀ ਖੋਲ੍ਹਿ ਸੀਸ ਨਿਹੁਰਾਯੋ ਹੈ ।
ਗਮੀ ਕੀ ਆਈਨ ਸੋਂ ਜੁ ਸਲਕ ਸਲਾਮੀ ਕਰੀ,
ਅਮੀ ਕਰੀ ਗਮ ਸੋਚ ਸਭ ਹੀ ਕੋ ਛਾਯੋ ਹੈ ॥੧੦੪॥

## (ਮਹਾਰਾਜਾ ਖੜਗ ਸਿੰਘ ਨੂੰ ਰਾਜ-ਗੱਦੀ)

ਦੋਹਰਾ ।

ਇਤਿ ਯੌਂ ਗੰਗਾ ਕੋ ਗਏ, ਬਾਦਸ਼ਾਹ ਕੇ ਫੂਲ ।
ਉਤ ਮੈਂ ਨਿਤ ਕ੍ਰਿਯਾ ਕਰੈ, ਖੜਗ ਸਿੰਘ ਅਨੁਕੂਲ ॥੧੦੫॥
ਸ਼ਾਸਤ੍ਰ ਵਿਹਿਤ ਨਿਤ ਨਿਤ ਕਰੈ, ਚਿਤ ਹਿਤ ਪਿੰਡ ਪ੍ਰਧਾਨ।
ਮਹਾ ਵਿਪ੍ਰ ਕੋ ਪੂਜ ਕੇ, ਦਿਯੇ ਬਹੁਤ ਸੇ ਦਾਨ ॥੧੦੬॥
ਤੁਰੀ ਕਰੀ ਰਥ ਪਾਲਕੀ, ਸੈਯਾ ਅਰੁ ਗੋਦਾਨ ।
ਭੂਖਨ ਬਸਨ ਸੁਭਾਂਵ ਤੇ, ਚਾਪ੍ਰ ਛੱਤ੍ਰ ਮਹਾਨ ॥੧੦੭॥
ਤਾ ਪੀਛੇ ਫਿਰ ਸੁੱਧ ਹ੍ਵੈ, ਕਰਿ ਕੈ ਬੁਧ ਬਿਚਾਰ ।
ਸਹਿਤ ਦੱਖਨਾ ਦੂਜਨ ਦਿਯ, ਭੋਜਨ ਬਹੁਤ ਪ੍ਰਕਾਰ ॥੧੦੮॥
ਦੈ ਪ੍ਰਦੱਛਨਾ ਦੂਜਨ ਕੋ, ਕਰ ਜੋਰੇ ਸਿਰੁ ਨਯਾਇ ।
ਤਬ ਬਿਪ੍ਰਨ ਆਸਿਖ ਦਈ, "ਰਾਜੋ ਤਖਤ ਸੁਭਾਇ" ॥੧੦੯॥
ਦੇਸ ਦੇਸ ਕੇ ਨ੍ਰਿਪਨ ਨੈ, ਔ ਨਿਜ ਦਲ ਸਰਦਾਰ ।
ਪਾਗ ਬੰਧਾਈ ਸਭਨ ਨੈ, ਜਥਾ ਵਿਹਿਤ ਵਿਵਹਾਰ ॥੧੧੦॥

ਕਬਿੱਤੁ ।

ਕੀਨੋ ਹੈ ਬਿਚਾਰ ਸ੍ਰੀ ਮਹੀਪ ਧਯਾਨ ਸਿੰਘ ਜੂ ਨੈ,
ਅਬ ਖੜਗ ਸਿੰਘ ਜੂ ਕੌ ਤਖਤ ਬਿਠਾਇਯੈ ।
ਵਡੇ ਵਡੇ ਜੋਤਿਸੀਨ ਤੁਰਤ ਬੁਲਾਇ ਕਹੀ,—
"ਸੁੰਦਰ ਮਹੂਰਤ ਕੌ ਸੋਧਿ ਕੈ ਬਤਾਇਯੈ ।
ਔਰ ਪੂਜਨਾਦਿਕ ਸਾਮਗ੍ਰੀ ਸਭ ਤਯਾਰ ਹੋਇ,
ਗੰਗਾਦਿਕ ਤੀਰਥ ਕੇ ਜਲ ਮੰਗਵਾਇਯੈ ।
ਫ਼ਰਸ਼ ਬਨੈ, ਗਾਦੀ ਬਨੈਂ, ਬਸਤ੍ਰ ਬਨੈਂ, ਧ੍ਵਜਾ ਬਨੈਂ,
ਛਤ੍ਰ ਬਨੈ, ਚੌਰ ਬਨੈ ਅਤਿ ਸੁਖ ਦਾਇਯੈ" ॥੧੧੧॥

ਦੋਹਰਾ ।

ਕਹਯੋ ਜੋਤਿਸ਼ਿਨ ਜਾਇ ਕੈ; ਸੁੰਦਰ ਦਿਨ ਠਹਿਰਾਇ ।
"ਖੜਗ ਸਿੰਘ ਜੂ ਕੌ ਅਬੈ, ਦੀਜੈ ਤਖ਼ਤ ਬਿਠਾਇ" ॥੧੧੨॥

ਤਬ ਸ੍ਰੀ ਰਾਜਾ ਧਯਾਨ ਸਿੰਘ, ਸਾਮਗ੍ਰੀ ਸਭ ਜੋਰ।
ਦਿਯੋ ਹੁਕਮ ਪੁਰਿ[੫੬] ਫੌਜ ਮੈਂ, "ਰਾਜ ਤਿਲਕ ਹੈ ਭੋਰ[੫੭] ॥੧੧੩॥

ਕਬਿੱਤੁ।

ਸੁੰਦਰ ਮਹੂਰਤ ਬਤਾਯੇ ਜੋਤਿਸ਼ੀਨ ਸਬ,
ਤਬ ਹੀ ਲੈ ਰਤਨ ਸਿੰਘਾਸਨ ਬਿਠਾਯੋ ਹੈ।
ਨੌਹੂ ਗ੍ਰਿਹ ਭੂਮਿ ਔ ਸਿੰਘਾਸਨ ਚਮਰ[੫੮] ਛਤ੍ਰ,
ਸ਼ਸਤ੍ਰ ਆਦਿ ਉਚਿਤ ਸਮਾਜ ਪੁਜਵਾਯੋ ਹੈ।
ਬੇਦਨ ਕੇ ਮੰਤ੍ਰਨ ਸੋਂ, ਤੀਰਥਾਦਿ ਤੰਤ੍ਰਨ ਸੋਂ,
ਉਕਿਤ ਜੁਕਿਤ ਜੰਤ੍ਰਨ ਜਲੂਸ ਦਰਸਾਯੋ ਹੈ।
ਬੇਦੀ ਮਿਲਿ, ਸੋਢੀ ਮਿਲਿ ਪ੍ਰੋਹਤ ਔ ਪੰਡਿਤਨ,
ਖੜਗ ਸਿੰਘ ਜੂ ਕੌ ਰਾਜ ਤਿਲਕ ਚਢਾਯੋ ਹੈ ॥੧੧੪॥
ਖੜਗ ਸਿੰਘ ਮਹਾਰਾਜ ਭਏ ਬਾਦਸ਼ਾਹ ਅਬ,
ਰਾਜਾ ਧਯਾਨ ਸਿੰਘ ਕੀ ਵਜੀਰੀ ਵਹੀ ਛਾਈ ਹੈ।
ਦਿਸ ਦਿਸ, ਦੇਸ ਦੇਸ, ਨਗਰ ਨਗਰ ਸਬ,
ਜਾਹਰ ਜਹੂਰ ਫਿਰੀ ਏਕ ਸੀ ਦੁਹਾਈ ਹੈ।
ਛੂਟੇ ਤੋਪਖਾਨੇ ਤੜਿਤਾ[੫੯] ਸੇ ਤੜਤ੍ਰਾਇ ਕਰਿ,
ਨੌਬਤ ਕੀ ਘੋਰ ਸ਼ਹਨਾਈ ਸਰਸਾਈ ਹੈ।
ਚੈਨ ਭਯੋ ਚਾਰੋ ਓਰ ਖੈਰ ਖੈਰ ਭਾਖੈਂ ਸਬ,
ਘਰ ਘਰ ਅਜ ਭਈ ਵਿਮਲ ਵਧਾਈ ਹੈ ॥੧੧੫॥
ਆਦਿ[੬੦] ਸ੍ਰੀ ਮਹੀਪ ਧਯਾਨ ਸਿੰਘ ਜੂ ਨਜ਼ਰ ਦੀਨੀ,
ਪਾਛੈ ਬਹੁ ਭੂਪ ਸਰਦਾਰਨ ਦਿਖਾਈ ਹੈ।
ਕੀਨੇ ਸਿਰਵਾਰਨੇ ਸਭੀ ਨੇ ਜਥਾ ਜੋਗ ਤੈਸੇ,
ਕੋਈ ਲਿਯੈ ਕਰੈ ਚੌਰ ਸੋਭ ਸਰਸਾਈ ਹੈ।
ਪੰਡਿਤ ਕਵੀਸਰ ਅਸੀਸ ਦੇਤ ਸ੍ਰੀ ਫਲ[੬੧] ਦੈ,
ਨਾਨਾ ਛੰਦ ਬੰਦਨ ਸੋਂ ਕੀਰਤਿ ਸੁਨਾਈ ਹੈ।
ਗਾਵਤ ਰਬਾਬੀ ਔ ਕਲਾਵਤ ਕਚਹਿਰੀ ਮੈਂ,
ਬਾਹਰ ਤੇ ਗਨਕਾ ਹੂੰ ਗਾਵਤ ਵਧਾਈ ਹੈ ॥੧੧੬॥
ਸ੍ਰੀ ਵਜ਼ੀਰ ਮਹਾਰਾਜ ਧਯਾਨ ਸਿੰਘ ਜੂ ਨੈ ਜਬ,
ਯਥਾ ਯੋਗ ਦੀਨੋ ਸਭ ਹੀ ਕੋ ਸਨਮਾਨ ਸੌਂ।

---

੫੬. ਲਾਹੌਰ, ਪੁਰੀ ਦੀ। ੫੭. ਸਵੇਰ। ੫੮. ਚੌਰ।
੫੯. ਬਿਜਲੀ। ੬੦. ਪਹਿਲਾਂ। ੬੧. ਨਰੇਲ।

ਕੇਤਨ ਕੋ ਘੋੜੇ ਦਿਯੇ, ਕੇਤਨ ਕੋ ਹਾਥੀ ਦਿਯੇ,
ਕੇਤਨ ਕੋ ਰਥ ਦਿਯੇ ਅਰਥ[੬੨] ਮਹਾਨ ਸੌਂ।
ਕੜੇ ਦਿਯੇ, ਕੰਠੇ ਦਿਯੇ, ਕਲਗੀ ਔ ਜਿਗਾ ਦਿਯੇ,
ਜਗਾ ਦਿਯੇ ਕੇਤਨ ਕੇ ਰੂਪ ਰਤਨਾਨ ਸੌਂ।
ਕੇਤਨ ਕੋ ਕਈ ਪਾਰਚੇਨ ਕੇ ਖਿਲਤ ਦਿਯੇ,
ਛ੍ਵਾਇ ਛ੍ਵਾਇ ਖੜਗ ਸਿੰਘ ਜੂ ਕੇ ਸ਼ੁਭ ਪਾਨ[੬੩] ਸੌਂ ॥੧੧੭॥

**(ਕੌਰ ਨੌਂ ਨਿਹਾਲ ਸਿੰਘ ਦੀ ਪਿਸ਼ਾਵਰੋਂ ਵਾਪਸੀ)**

ਦੋਹਰਾ।

ਭਈ ਖੁਸ਼ੀ ਸਭ ਨਗਰ ਮੈਂ, ਭਯੋ ਹਮਾਰੋ ਈਸ।
ਧਜਾਨ ਸਿੰਘ ਮਹਾਰਾਜ ਕੋ, ਸਭ ਹੀ ਦੇਤ ਅਸੀਸ ॥੧੧੮॥
ਖੜਗ ਸਿੰਘ ਕੇ ਕੌਰ ਸ੍ਰੀ ਨੌਂ ਨਿਹਾਲ ਸਿੰਘ ਨਾਮ।
ਸੋ ਵਾ ਸਮੈਂ ਪਿਸ਼ੌਰ ਮੈਂ, ਤੇਜ ਹੁਕਮ, ਬੁਧਿ ਧਾਮ ॥੧੧੯॥

ਕਬਿਤੁ।

ਖੜਗ ਸਿੰਘ ਮਹਾਰਾਜ ਜਬ ਤੇ ਸੰਭਾਰਯੋ ਹੋਸ਼,
ਤਬ ਹੀ ਤੇ ਰਾਖੀ ਹੁਤੀ ਬ੍ਰਿੱਤਿ ਤਪਸੀਨ ਕੀ।
ਵੈਸੀ ਹੀ ਹਿਯੇ ਕੀ ਬ੍ਰਿਤਿ ਰਾਖੀ ਰਾਮ ਰਟਨਾ ਮੈਂ,
ਬ੍ਰਿਤਿ ਬਦਲੀ ਨ ਕਛੂ ਤਖਤ ਨਸ਼ੀਨ ਕੀ।
ਤਬ ਮਹਾਰਾਜ ਧਜਾਨ ਸਿੰਘ ਜੂ ਬੁਲਾਏ ਕੌਰ[੬੪],
ਆਏ ਵੇ ਲਹੌਰ ਬਾਤ ਭਈ ਹੈ ਖੁਸ਼ੀਨ ਕੀ।
ਪਿਤਾ ਕੇ ਪਗਨ ਪਰ ਉਸਤਤ ਕਰਨ ਲਾਗੇ,
ਸ੍ਰੀ ਵਜੀਰ ਧਜਾਨ ਸਿੰਘ ਭੂਪ ਪਰਬੀਨ ਕੀ ॥੧੨੦॥

ਦੋਹਰਾ।

ਧਜਾਨ ਸਿੰਘ ਮਹਾਰਾਜ ਨੈਂ, ਕਰੀ ਕੌਰ ਸੋਂ ਬਾਤ।
"ਪਿਤਾ ਤੁਮਾਰੇ ਭਜਨ ਮੈਂ, ਰਹਤੇ ਹੈਂ ਦਿਨ ਰਾਤ ॥੧੨੧॥

ਸੋਰਠਾ।

ਸਭ ਹੀ ਰਾਜ ਸਮਾਜ, ਹਾਜ਼ਰ ਹੈ ਤੁਮ ਦੇਖਿਯੈ।
ਕਰੋ ਉਚਿਤ ਜੋ ਕਾਜ, ਜਾ ਤੇ ਪ੍ਰਜਾ ਸੁਖੀ ਰਹੈ" ॥੧੨੨॥

---

੬੨. ਧਨ, ਦੌਲਤ। ੬੩. ਹੱਥ। ੬੪. ਕੌਰ ਨੌਂ-ਨਿਹਾਲ ਨੂੰ ਪਿਸ਼ਾਵਰ ਤੋਂ ਬੁਲਾਉਣ ਦਾ ਇਹ ਕਾਰਣ ਗ਼ਲਤ ਦੱਸਿਆ ਹੈ। ਅਸਲ ਕਾਰਣ ਸਰਦਾਰ ਚੇਤ ਸਿੰਘ ਬਾਜਵੇ ਨੂੰ, ਜੋ ਮਹਾਰਾਜਾ ਖੜਗ ਸਿੰਘ ਦਾ ਸਲਾਹੀਆ ਸੀ, ਮਾਰਨ ਦਾ ਪ੍ਰਬੰਧ ਕਰਨਾ ਸੀ। ਧਜਾਨ ਸਿੰਘ ਦੀਆਂ ਸਾਜ਼ਸ਼ਾਂ ਦਾ ਏਥੋਂ ਮੁੱਢ ਤੁਰਦਾ ਹੈ।

ਦੋਹਰਾ ।

ਧਜਾਨ ਸਿੰਘ ਮਹਾਰਾਜ ਸੋਂ, ਕਰਿ ਕਰਿ ਸਦਾ ਸਲਾਹ ।
ਕੌਰ ਲਗੇ ਕਾਰਜ ਕਰਨ, ਜਾਂ ਤੇ ਰਾਜ ਨਿਵਾਹ ॥੧੨੩॥
ਬੀਤੇ ਸੋਰਹ ਮਾਸ ਅਰੁ, ਚੌਬਿਸ ਦਿਨ ਸ਼ੁਭ ਸਾਜ ।
ਤਬ ਪਯਾਨ ਹਰਿ ਪੁਰਿ ਕਿਯੋ, ਖੜਗ ਸਿੰਘ ਮਹਾਰਾਜ ॥੧੨੪॥

ਸੋਰਠਾ ।

ਰਣਜੀਤ ਸਿੰਘ ਦੁਤਿ ਰਾਸ, ਜਹਾਂ ਦਾਹ ਪਾਯੋ ਹੁਤੋ ।
ਖੜਗ ਸਿੰਘ ਤਿਹ ਪਾਸ, ਦਾਹ ਕਰਮ ਪਾਯੋ ਭਲੈ ॥੧੨੫॥

ਦੋਹਰਾ ।

ਰਾਨੀ ਤ੍ਰੈ ਸਤਿਯਾਂ ਭਈ, ਖੜਗ ਸਿੰਘ ਕੇ ਸੰਗ ।
ਕਰਿ ਕਰਿ ਦਾਨ ਵਿਧਾਨ ਸੇ, ਪਾਵਕ[੬੫] ਜਾਰੇ ਅੰਗ ॥੧੨੬॥

**(ਡੋਗਰਿਆਂ ਦੀ ਸਾਜ਼ਿਸ਼ ਤੇ ਕੌਰ ਦਾ ਅੰਤ)**

ਕਬਿੱਤੁ ।

ਅਗਨਿ ਦੈ ਪਿਤਾ ਕੌ ਕੌਰ ਸਾਹਿਬ ਉਹਾਂ ਤੇ ਚਲੇ,
ਸੰਗ ਸਰਦਾਰਨ ਕੀ ਭਈ ਵੱਡੀ ਭੀਰ ਹੈ ।
ਹਿਯੇ ਬਢੀ ਚਾਹ ਅਬ ਪਾਤਸ਼ਾਹ ਪਦ ਪੈਹੋਂ,
ਤਖ਼ਤ ਬੈਠਬੇ ਕੀ ਅਬ ਜਾਗੀ ਤਕਦੀਰ ਹੈ ।
ਯਾ ਬਿਧਿ ਮਨੋਰਥ ਕਰਤ ਆਏ ਥੋਰੀ ਦੂਰ,
ਆਗੇ ਏਕ ਦ੍ਵਾਰ ਦੀਹ[੬੬] ਆਇ ਗਯੋ ਤੀਰ[੬੭] ਹੈ ।
ਆਇ ਖਰੇ ਤਾ ਕੇ ਤਰੇ ਸਖਾ ਕੋ ਪਕੜਿ ਹਾਥ[੬੮]
ਹਯਾਂ ਤ੍ਰਿਲੋਕਿ ਨਾਥ ਕਰੀ ਔਰੈਂ ਤਤਬੀਰ[੬੯] ਹੈ ॥੧੨੭॥

ਦੋਹਰਾ ।

ਊਪਰ ਤੇ ਛੱਜੋ ਕਛੁਕ, ਟੂਟ ਪਰਯੋ ਤਿਹ ਸੀਸ ।

---

੬੫. ਅੱਗ ਵਿਚ । ੬੬. ਵੱਡਾ ਦਰਵਾਜ਼ਾ । ੬੭. ਕੋਲ, ਪਾਸ ।

੬੮. ਮੀਆਂ ਊਧਮ ਸਿੰਘ ਦਾ ਹੱਥ ਫੜ ਕੇ । ਇਹ ਮੀਆਂ ਰਾਜਾ ਗੁਲਾਬ ਸਿੰਘ ਡੋਗਰੇ ਦਾ ਪੁਤ੍ਰ ਸੀ ਤੇ ਗੁਲਾਬ ਸਿੰਘ ਰਾਜਾ ਧਜਾਨ ਸਿੰਘ ਦਾ ਵੱਡਾ ਭਰਾ ਸੀ ।

੬੯. ਜਦ ਕੌਰ ਨੌਨਿਹਾਲ ਸਿੰਘ ਮੀਆਂ ਊਧਮ ਸਿੰਘ ਦਾ ਹੱਥ ਫੜ ਕੇ ਉਸ ਦਰਵਾਜ਼ੇ ਦੇ ਛੱਜੇ ਹੇਠ ਖੜਾ ਸੀ ਤਾਂ ਤ੍ਰਿਲੋਕੀ ਨਾਥ (ਰਬ) ਨੇ ਹੋਰ ਤਦਬੀਰ ਰਚ ਦਿੱਤੀ, ਪਰ ਇਹ ਕਥਨ ਠੀਕ ਨਹੀਂ ਕਿਉਂਕਿ ਅਸਲ ਤਦਬੀਰ ਰਚਨ ਵਾਲਾ ਨਿਮਕ-ਹਰਾਮ ਧਜਾਨ ਸਿੰਘ ਖ਼ੁਦ ਸੀ (ਦੇਖੋ, ਰੇਨਿੰਗ ਫ਼ੈਮਿਲੀ ਆਫ਼ ਲਾਹੌਰ ਅਤੇ ਯਾਦਗਾਰਿ ਗਾਰਡਨਰ)।

ਸਹਿਤ ਮਿਤ੍ਰ ਕੇ ਕੌਰ ਜੂ, ਗਮਨੇ ਪੁਰਿ ਜਗਦੀਸ[10] ॥੧੨੮॥

---

੧੦. ਕੌਰ ਨੌ-ਨਿਹਾਲ ਸਿੰਘ ਦੀ ਮੌਤ ਦਾ ਅਸਲ ਕਾਰਨ ਰਾਜਾ ਧਿਆਨ ਸਿੰਘ ਸੀ। ਉਸ ਦੀ ਦਿਲੀ ਖ੍ਵਾਹਸ਼ ਮਹਾਰਾਜਾ ਰਣਜੀਤ ਸਿੰਘ ਦੇ ਖ਼ਾਨਦਾਨ ਦਾ ਨਾਸ ਕਰਕੇ ਪੰਜਾਬ ਦਾ ਰਾਜ ਭਾਗ ਆਪਣੇ ਪੁਤ੍ਰ ਹੀਰਾ ਸਿੰਘ ਨੂੰ ਦੇਣ ਦੀ ਸੀ। ਸ਼ੇਰਿ-ਪੰਜਾਬ ਦੇ ਚਲਾਣੇ ਤੋਂ ਬਾਅਦ ਸ੍ਰ: ਚੇਤ ਸਿੰਘ ਬਾਜਵੇ ਨੂੰ ਉਸ ਨੇ ਇਸੇ ਕਰਕੇ ਮਾਰਿਆ ਸੀ ਕਿ ਉਹ ਇਸ ਸੰਬੰਧ ਵਿਚ ਉਸ ਦੇ ਰਾਹ ਵਿਚ ਇਕ ਵੱਡੀ ਰੁਕਾਵਟ ਸੀ। ਪਿੱਛੋਂ ਮਹਾਰਾਜਾ ਖੜਗ ਸਿੰਘ ਅਤੇ ਕੌਰ ਨੌ-ਨਿਹਾਲ ਸਿੰਘ ਵੀ ਇਸੇ ਸਾਜ਼ਸ਼ ਦਾ ਸ਼ਿਕਾਰ ਹੋਏ।

ਚਲਾਣੇ ਤੋਂ ਪਹਿਲੋਂ ਮਹਾਰਾਜਾ ਖੜਗ ਸਿੰਘ ਮਰੋੜਾਂ ਨਾਲ ਬੀਮਾਰ ਸੀ ਤੇ ਅਜੇ ਪੰਜ ਕੁ ਦਿਨ ਹੀ ਪਹਿਲਾਂ ਅੰਮ੍ਰਿਤਸਰੋਂ ਆਇਆ ਸੀ ਕੌਰ ਨੌ-ਨਿਹਾਲ ਸਿੰਘ ਵੀ ਦੁਸਹਿਰੇ ਦੇ ਦਰਬਾਰ ਦੇ ਮੌਕੇ ਤੇ ਪਿਤਾ ਦੇ ਨਾਲ ਰਿਹਾ ਸੀ ਤੇ ਫਤਹਗੜ੍ਹ (ਨਾਨਕਿਆਂ) ਤੋਂ ਹੁੰਦਿਆਂ ਹੋਇਆਂ ਲਾਹੌਰ ਪਹੁੰਚ ਕੇ ਅਜੇ ਉਸ ਨੇ ਸਾਹ ਹੀ ਲਿਆ ਸੀ ਕਿ ਅਚਾਨਕ ਮਹਾਰਾਜਾ ਦਾ ਸੁਰਗਵਾਸ ਹੋ ਗਿਆ। (ਪੰ: ਗ: ਰੀ: ਨਵੰਬਰ, ੧੮੪੦)

ਜਦ ਮਹਾਰਾਜਾ ਖੜਗ ਸਘਿ ਦਾ ਸਸਕਾਰ ਕੀਤਾ ਗਿਆ ਤਾਂ ਕੌਰ ਨੌ-ਨਿਹਾਲ ਸਿੰਘ ਦੀ ਸਿਹਤ ਅੱਛੀ ਨਹੀਂ ਸੀ। ਦੂਜੇ ਫਿਕਰ ਵਾਲੀ ਗੱਲ ਇਹ ਵੀ ਸੀ ਕਿ ਉਸ ਦੇ ਨਿਮਕ ਹਲਾਲ ਸਾਥੀ ਉਸ ਸਮੇਂ ਖਿੰਡੇ ਪੁੰਡੇ ਹੋਏ ਸਨ। ਸਰਦਾਰ ਅਤਰ ਸਿੰਘ ਸੰਧਾਵਾਲੀਆ ਹਿੰਦੁਸਤਾਨ ਗਿਆ ਹੋਇਆ ਸੀ। ਸਰਦਾਰ ਅਜੀਤ ਸਿੰਘ ਤੇ ਲਹਿਣਾ ਸਿੰਘ ਸੰਧਾਵਾਲੀਏ ਕੁੱਲੂ ਦੀ ਮੁਹਿਮ ਉਤੇ ਭੇਜੇ ਹੋਏ ਸਨ (ਦੇਖੋ, ਛੰਦ ਅੰਕ ੧੩੯-੪੦) ਜਨਰਲ ਵੈਂਨਤੂਰਾ ਕਮਲਾ ਗੜ੍ਹ (ਮੰਡੀ) ਵਿਚ ਜੰਗ ਲੜ ਰਿਹਾ ਸੀ ਅਤੇ ਮਹਾਰਾਣੀ ਚੰਦ ਕੌਰ (ਕੌਰ ਸਾਹਿਬ ਦੀ ਮਾਤਾ) ਫ਼ਤਿਹਗੜ੍ਹ (ਪੇਕਿਆਂ) ਤੋਂ ਵਾਪਸ ਆ ਰਹੀ ਸੀ। ਧਿਆਨ ਸਿੰਘ ਨੇ ਇਹ ਮੌਕਾ ਸਮਝ ਕੇ ਕੌਰ ਸਾਹਿਬ ਨੂੰ ਮਾਰ ਮੁਕਾਉਣ ਲਈ ਪੂਰਾ-ਪੂਰਾ ਪ੍ਰਬੰਧ ਕਰ ਲਿਆ ਤੇ ਕਿਲ੍ਹੇ ਦੇ ਲਾਗੇ-ਛਾਗੇ ਡੋਗਰਿਆਂ ਦੇ ਪਹਿਰੇ ਲਾ ਦਿਤੇ ਗਏ। ਕੌਰ ਸਾਹਿਬ ਦੇ ਦਿਲ ਵਿਚ ਧਿਆਨ ਸਿੰਘ ਦੀ ਚਲਾਕੀ ਨੂੰ ਤਾੜ ਕੇ ਸ਼ੱਕ ਗੁਜ਼ਰਿਆ ਤੇ ਮਹਾਰਾਜੇ ਦੇ ਸਸਕਾਰ ਤੋਂ ਪਿੱਛੋਂ ਉਸ ਨੇ ਸਿੱਧਾ ਕਿਲੇ ਵਿਚ ਜਾਣਾ ਚਾਹਿਆ, ਪਰ ਕੁਝ ਦਰਬਾਰੀਆਂ ਨੇ, ਜੋ ਅੰਦਰੋਂ ਧਿਆਨ ਸਿੰਘ ਨਾਲ ਮਿਲੇ ਹੋਏ ਸਨ, ਕੌਰ ਸਾਹਿਬ ਨੂੰ ਰੋਕ ਕੇ ਹਜ਼ੂਰੀ ਬਾਗ਼ ਦੇ ਦਰਵਾਜ਼ੇ ਵਿਚੋਂ ਦੀ ਲੰਘਣ ਲਈ ਮਜਬੂਰ ਕੀਤਾ। ਇਹ ਵੇਖ ਕੇ ਕੌਰ ਨੇ ਮੀਆਂ ਊਧਮ ਸਿੰਘ ਦਾ ਹੱਥ ਫੜ ਲਿਆ ਤੇ ਹਜ਼ੂਰੀ ਬਾਗ਼ ਵੱਲ ਚਲਿਆ। ਅਜੇ ਬਾਗ਼ ਦਾ ਦਰਵਾਜ਼ਾ ਲੰਘ ਕੇ ਖਲੋਤਾ ਹੀ ਸੀ ਕਿ ਉਪਰੋਂ ਧੈਂ ਦੇ ਕੇ ਛੱਜਾ ਡਿੱਗਾ, ਜਿਸ ਦੇ ਨਾਲ ਚੋਟ ਲੱਗਣ ਕਰ ਕੇ ਮੀਆਂ ਊਧਮ ਸਿੰਘ ਤਾਂ ਉਸੇ ਵੇਲੇ ਮਰ ਗਿਆ ਤੇ ਕੌਰ ਨੂੰ ਜ਼ਖ਼ਮੀ ਹੋਣ ਦੀ ਹਾਲਾਤ ਵਿਚ ਧਿਆਨ ਸਿੰਘ ਨੇ ਡੋਲੀ ਵਿਚ ਪਾ ਲਿਆ, ਜੋ ਇਸੇ ਮਤਲਬ ਲਈ ਪਹਿਲਾਂ ਮੰਗਵਾ ਕੇ ਰੱਖੀ ਸੀ ਤੇ ਅੰਦਰ ਕਿਲ੍ਹੇ ਵਿਚ ਲਿਜਾ ਕੇ ਕੌਰ ਦਾ ਖਾਤਮਾ ਕਰ ਦਿੱਤਾ। (ਦੇਖੋ, ਰੇਨਿੰਗ ਫੈਮਲੀ ਆਫ ਲਾਹੌਰ, ਯਾਦ: ਅਲੈਂਗਜ਼ੈਂਡਰ ਗਾਰਡਨਰ ਅਤੇ ਪੰ: ਗ: ਰੀ: ਸੰਨ ੧੯੪੭)। ਸੰਮਤ ੧੯੦੦ ਤੋਂ ਤਿੰਨ ਘੱਟ ਅਰਥਾਤ ਸੰ: ੧੮੯੭ ਬਿ:।

ਉੱਨਿਸ ਸ਼ਤ ਸੌਂ ਤੀਨ ਕਮ, ਸੰਮਤ ਕਾਤਕ ਮਾਸ।
ਸੁਕਲ ਇਕਾਦਸਿ ਕੌਂ ਕਰਯੋ, ਪਿਤ ਸੁਤ ਹਰਿ ਪੁਰ ਬਾਸ ॥੧੨੯॥

**(ਕੌਂਰ ਸ਼ੇਰ ਸਿੰਘ ਨੂੰ ਧਿਆਨ ਸਿੰਘ ਵਲੋਂ ਸੱਦਾ)**

ਕਬਿੱਤੁ।

ਦੇਖ ਕੈ ਬਚਿਤ੍ ਯਹ ਚਰਿਤ੍ ਭੂਪ ਧਜਾਨ ਸਿੰਘ,
ਕੌਂਰ ਕੋ ਉਠਾਇ ਕੈ ਛਿਪਾਇ ਰਾਖਯੋ ਮਹਲੈਂ।
"ਚੋਟ ਲਗੀ ਭਾਰੀ ਸੇਕ ਹੋਤ ਬਹੁ ਬਾਰੀ ਪਰ-
ਅਬ ਹੈ ਅਰਾਮ" ਕਹੀ ਸਭ ਸੋਂ ਯੌਂ ਸਹਿਲੈਂ।
ਕਾਹੂੰ ਕੋ ਨ ਛਲ ਯਹ ਮਾਲੂਮ ਸ਼ਿਤਾਬ ਭਯੋ
ਐਸੇ ਬੰਦੋਬਸਤ ਕਿਯੋ ਜੋ ਨ ਕੋਊ ਦਹਲੈਂ।
ਕੌਂਰ ਕੋ ਜੋ ਮੀਤ ਸੌ ਭਤੀਜੋ ਧਜਾਨ ਸਿੰਘ ਜੂ ਕੋ,
ਤਾਹਿ ਸੰਸਕਾਰਿਤ ਕਰਾਇ ਦਿਯੋ ਪਹਲੋਂ ॥੧੩੦॥
ਸਿੰਘ ਪਾਤਸ਼ਾਹ ਰਣਜੀਤ ਸਿੰਘ ਬੀਰ ਜੂ ਕੇ,
ਦੂਜੇ ਸੁਤ ਸ਼ਾਹਜ਼ਾਦਾ ਸ਼ੇਰ ਸਿੰਘ ਨਾਮ ਹੈ।
ਸੋ ਹੁਤੋ ਮੁਕੇਰਿਯੈਂ ਮੈਂ ਆਪਨੀ ਜਗੀਰ ਬੀਚ,
ਖੇਲਤ ਸ਼ਿਕਾਰ ਸ਼ੇਰ ਆਦਿਕ ਮੁਦਾਮ[੭੧] ਹੈ।
ਤਹਾਂ ਮਹਾਰਾਜ ਧਜਾਨ ਸਿੰਘ ਜੂ ਸਵਾਰ ਭੇਜਯੋ,
ਲਿਖ ਕੈ ਗੁਪਤ ਅਹਵਾਲ ਜੋ ਤਮਾਮ ਹੈ।
"ਯਹਾਂ ਆਪ ਆਓ, ਅਬ ਬਾਦਸ਼ਾਹ ਕਹਿਵਾਓ,
ਕਾਹੂੰ ਕੌਂ ਨ ਦਾਉ ਆਪ ਹੀ ਕੋ ਧਨ ਧਾਮ ਹੈ" ॥੧੩੧॥

ਸੋਰਠਾ।

ਪਹੁੰਚਯੋ ਜਾਇ ਸਵਾਰ, ਜਹਾਂ ਸ਼ਿਕਾਰ ਖੇਲਤ ਹੁਤੇ।
ਕਹਿਯੋ ਜੋ ਸਬਹਿ ਪ੍ਰਕਾਰ, ਅਰਜ਼ੀ ਦੀਨੀ ਹਾਥ ਮੈਂ ॥੧੩੨॥

ਦੋਹਰਾ।

ਵਚਵਾਈ ਅਰਜ਼ੀ ਤੁਰਤ, ਸਮਝਯੋ ਸਭੈ ਹਵਾਲ।
ਡਾਕ ਪਹਲ ਬੈਠੀ ਹੁਤੀ, ਤਾਂ ਪੈ ਚਢੇ ਉਤਾਲ ॥੧੩੩॥

ਸੋਰਠਾ।

ਪਹੁੰਚੇ ਆਇ ਲਾਹੌਰ, ਮਿਲੇ ਧਜਾਨ ਸਿੰਘ ਭੂਪ ਸੋਂ।
ਮ੍ਰਿਤਕ ਨਿਕਾਰਯੋ ਕੌਰ, ਦਾਹ ਕਰਮ ਕਿਯੋ ਜਬੈ ॥੧੩੪॥

---

੭੧. ਹਮੇਸ਼ਾ।

(ਸੰਧਾਂਵਾਲੀਏ ਸਰਦਾਰਾਂ ਦੀ ਆਮਦ ਤੇ ਸ਼ੇਰ ਸਿੰਘ ਤੋਂ ਵਿਰੁੱਧ ਮਤਾ)

ਦੋਹਰਾ ।

ਧਜਾਨ ਸਿੰਘ ਮਹਾਰਾਜ ਨੈ, ਕੀਨੋ ਬਹੁਰਿ ਉਪਾਇ ।
ਸ਼ੇਰ ਸਿੰਘ ਜੂ ਕੋ ਤਖ਼ਤ ਦੇਹੁੰ ਸੁ ਅਬ ਬੈਠਾਇ ॥੧੩੫॥
ਇਤਨੇ ਮੈਂ ਕਛੁ ਔਰ ਹੀ, ਭਯੋ ਡੋਲ ਬੇਡੋਲ ।
ਸੋ ਅਬ ਕਹਿਯਤ ਹੈ ਕਛੁ, ਬੁਧਿ ਜਨ ਲੈ ਹੈਂ ਤੋਲ ॥੧੩੬॥
ਰਣਜੀਤ ਸਿੰਘ ਮਹਾਰਾਜ ਕੇ, ਕੁਲ ਸੰਬੰਧੀ ਭ੍ਰਾਤ ।
ਸੰਗਯਾ ਸੰਧਾਵਾਲੀਆ, ਹੈ ਜਗ ਮੈਂ ਬਿਖਯਾਤ ॥੧੩੭॥
ਅਤਰ ਸਿੰਘ ਇਕ ਜਾਨਿਯੈ, ਲਹਨਾ ਸਿੰਘ ਦੂਅ ਭ੍ਰਾਤ ।
ਏਕ ਭਤੀਜਾ ਦੁਹੁਨ ਕੋ, ਅਜੀਤ ਸਿੰਘ ਵਿਖਯਾਤ ॥੧੩੮॥

ਕਬਿੱਤੁ ।

ਖੜਗ ਸਿੰਘ ਜੂ ਨੈ ਰਣਜੀਤ ਸਿੰਘ ਜੂ ਕੇ ਹੇਤ,
ਗਯਾ ਕੋ ਅਤਰ ਸਿੰਘ ਭੇਜਯੋ ਹੋ ਖੁਸ਼ਹਾਲ ਸੌਂ ।
ਸੋ ਵੁਹ ਗਯਾ ਕੋ ਜਾਇ ਮੁੜ ਕਰਿ ਆਵਤ ਹੋ,
ਪਹੁੰਚਯੋ ਅੰਬਾਲੇ ਰਹਯੋ ਰਾਤ ਰੰਗ ਜਾਲ ਸੌਂ ।
ਤਾਹੀ ਸਮੇਂ ਪਾਈ ਸੁਧਿ ਖੜਗ ਸਿੰਘ ਔਰ ਕੌਰ,
ਦੋਊ ਭਏ ਮ੍ਰਿਤ ਏਕੈ ਦਿਨ ਥੋਰੇ ਕਾਲ ਸੌਂ ।
ਸੁਨਤ ਪ੍ਰਮਾਨ ਅੰਗਰੇਜ਼ੀ ਡਾਕ ਮਾਹਿੰ ਪਰ,
ਪਹੁੰਚਯੋ ਲਹੌਰ ਆਇ ਅਧਿਕ ਉਤਾਲ ਸੌਂ ॥੧੩੯॥
ਤਿਹ ਕੋ ਭਤੀਜੋ ਜੋ ਅਜੀਤ ਸਿੰਘ ਨਾਮ ਕਹਜੋ,
ਸੋਊ ਹੁਤੋ ਕੁੱਲੂ ਬੀਚ ਬਰਫੀ ਪਹਾਰ ਕੇ ।
ਤਾਹੂੰ ਨੇ ਖਬਰ ਸਭ ਸੁਨੀ ਅਖਬਾਰ ਬੀਚ,
ਫੌਜ ਕਟਵਾਈ ਔ ਫਸਾਈ ਬੀਚ ਧਾਰ ਕੇ ।
ਛੋਡ ਸਭ ਸੈਨਾ ਲੈਨਾ ਦੈਨਾ ਹੂੰ ਨਾ ਕਿਯੋ ਕਛੁ,
ਨਿਮਕ ਹਰਾਮ ਭਾਜ ਆਯੋ ਜਹਾਂ ਹਾਰ ਕੇ ।
ਸੋਊ ਆਇ ਪਹੁੰਚਿਯੋ ਲਹੌਰ ਕਰਿ ਦੌਰਾ ਦੌਰ,
ਦੇਖੋ ਸਭ ਤੌਰ ਪਰਯੋ ਬੀਚ ਹੈ ਬਿਚਾਰ ਕੇ[੧੨] ॥੧੪੦॥

(ਰਾਣੀ ਚੰਦ ਕੌਰ ਦਾ ਲਾਹੌਰ 'ਤੇ ਕਬਜ਼ਾ)

ਦੋਹਰਾ ।

ਭਏ ਏਕਠੇ ਤੀਨ ਹੂੰ, ਕੀਨੀ ਏਕ ਸਲਾਹ ।

੧੨. ਇਸ ਸਮੇਂ ਸ: ਲਹਿਣਾ ਸਿੰਘ ਕੁੱਲੂ ਵਿਚ ਹੀ ਸੀ ।

"ਸ਼ੇਰ ਸਿੰਘ ਕੋ ਮਤ ਕਰੋ, ਮਾਲਕ ਤਖਤ ਪਨਾਹ ॥੧੪੧॥
ਨੌਂ-ਨਿਹਾਲ ਸਿੰਘ ਕੀ, ਜਨਨਿ, ਚੰਦ ਕੌਰ ਜਿਸ ਨਾਮ ।
ਤਾ ਕੋ ਮਾਲਕ ਕੀਜਿਯੈ, ਹਮ ਸਭ ਕਰ ਹੈਂ[੭੩] ਕਾਮ" ॥੧੪੨॥

ਸੋਰਠਾ ।

ਐਸੇ ਚਿੱਤ ਵਿਚਾਰਿ, ਗਏ ਸੁ ਰਾਨੀ ਪਾਸ ਵੇ ।
ਸੁਨਯੋ ਸਭੈ ਪ੍ਰਕਾਰ, ਸੁਨਿ ਉਨਹੂੰ ਕੇ ਚਿਤ ਬਸੀ ॥੧੪੩॥

ਦੋਹਰਾ ।

ਧਜਾਨ ਸਿੰਘ ਮਹਾਰਾਜ ਕੇ, ਭ੍ਰਾਤਾ ਸਗੇ ਵਿਸਾਲ[੭੪] ।
ਸ੍ਰੀ ਗੁਲਾਬ ਸਿੰਘ ਆਇਗੇ, ਜੰਬੂ ਤੇ ਸੁ ਉਤਾਲ ॥੧੪੪॥
ਇਨਹੂੰ ਸੁਨੀ ਸਲਾਹ ਇਹ, ਰਾਨੀ ਕੇ ਚਿਤ ਮਾਹਿ ।
ਤਬ ਇਨ ਰਾਨੀ ਸੋਂ ਕਹੀ, 'ਤੁਮੈਂ ਉਚਿਤ ਯਹ ਨਾਹਿ ॥੧੪੫॥
ਆਗੇ ਮਰਜੀ ਰਾਵਰੀ[੭੫], ਸੋਈ ਕਰੋ ਉਤਾਲ ।'
ਯਹ ਕਹਿ ਆਪ ਟਿਕੇ ਰਹੇ, ਅਤਿ ਹੀ ਬ੍ਰੁੱਧਿ ਬਿਸਾਲ ॥੧੪੬॥
ਹੀਰਾ ਸਿੰਘ ਮਹਾਰਾਜ ਜੂ, ਜਬ ਯਹ ਸੁਨੀ ਸਲਾਹ ।
ਚਿਤ ਤੇ ਅਲਗ ਸੁ ਹ੍ਵੈ ਰਹੇ ਊਪਰ ਰੀਤ ਨਿਵਾਹ[੭੬]" ॥੧੪੭॥

---

੭੩. ਗਵਾਲ ਕਵੀ ਦਾ ਕਥਨ ਗਲਤ ਹੈ ਕਿਉਂਕਿ ਪੰ: ਗ: ਰੀ: (ਬ੍ਰੁ: ੧੫੬) ਦੇ ਮੁਤਾਬਕ ਸਰਦਾਰ ਅਤਰ ਸਿੰਘ ਸੰਧਾਂਵਾਲੀਆ ੧੪ ਨਵੰਬਰ ਨੂੰ ਲਾਹੌਰ ਪੁੱਜਾ ਸੀ ਅਤੇ ਸ: ਅਜੀਤ ਸਿੰਘ ਇਸ ਤੋਂ ਪਿੱਛੋਂ ੨੪ ਨਵੰਬਰ ਨੂੰ, ਇਸ ਲਈ ਮਹਾਰਾਣੀ ਚੰਦ ਕੌਰ ਬਾਰੇ ਇਹ ਕਹਿਣਾ ਕਿ ਸੰਧਾਂਵਾਲੀਏ ਉਸ ਨੂੰ ਸਿਖਾ ਕੇ ਸਿੱਖ ਰਾਜ ਦੀ ਮਾਲਕ ਬਨਾਉਣਾ ਚਾਹੁੰਦੇ ਸਨ, ਇਹ ਕਥਨ ਉੱਕਾ ਹੀ ਅਸਲ ਵਾਕਿਆਤ ਤੋਂ ਉਲਟ ਹੈ । ਅਸਲ ਗੱਲ ਇਹ ਸੀ ਕਿ ਕੌਰ ਨੌਂ-ਨਿਹਾਲ ਸਿੰਘ ਦੀ ਰਾਣੀ ਸਾਹਿਬ ਕੌਰ ਗਿਲਵਾਲੀ ਵਾਲੀ ਗਰਭਵਤੀ ਸੀ । ਮਹਾਰਾਣੀ ਚੰਦ ਕੌਰ ਇਸੇ ਕਰਕੇ ਪਹਿਲਾਂ ਹੀ ਚਾਹੁੰਦੀ ਸੀ ਕਿ ਜਦ ਤਕ ਉਸ ਦੀ ਨੌਂਹ ਦੇ ਬੱਚਾ ਪੈਦਾ ਹੋਵੇ ਤਦ ਤਕ ਉਹ ਪੰਜਾਬ ਦਾ ਰਾਜ ਪ੍ਰਬੰਧ ਕਰੇ ਤਾਕਿ ਰਾਜ ਗੱਦੀ ਦਾ ਹੱਕ, ਜੋ ਕਾਨੂੰਨੀ ਤੌਰ 'ਤੇ ਉਸ ਦੇ ਪੁਤ੍ਰ ਦਾ ਸੀ, ਮਾਰਿਆ ਨਾ ਜਾਵੇ ।

੭੪. ਵੱਡੇ । ੭੫. ਆਪਦੀ ।

੭੬. ਅਰਥਾਤ-ਮਹਾਰਾਣੀ ਚੰਦ ਕੌਰ ਦੀ ਸਲਾਹ ਸੁਣਕੇ ਹੀਰਾ ਸਿੰਘ ਡੋਗਰਾ ਦਿਲੋਂ ਤਾਂ ਉਸ ਤੋਂ ਅਲੱਗ ਰਿਹਾ, ਪਰ ਉਸ ਦਾ ਮਨ ਰੱਖਣ ਲਈ (ਦਰਅਸਲ ਧੋਖਾ ਦੇਣ ਲਈ) ਉਸ ਦੇ ਨਾਲ ਮਿਲਿਆ ਰਿਹਾ । ਇਸ ਤਰ੍ਹਾਂ ਗੁਲਾਬ ਸਿੰਘ ਵੀ ਮਹਾਰਾਣੀ ਦੇ ਪੱਖ ਵਿਚ ਹੋ ਗਿਆ । ਅਲੈਗਜੇਂਡਰ ਗਾਰਡਨਰ ਨੇ, ਜੋ ਪਹਿਲਾਂ ਦਰਬਾਰ ਲਾਹੌਰ, ਤੇ ਪਿੱਛੋਂ ਗੁਲਾਬ ਸਿੰਘ ਡੋਗਰੇ ਪਾਸ ਨੌਕਰ ਰਿਹਾ ਸੀ, ਡੋਗਰਿਆਂ ਦੀ ਇਸ ਕੁਟਿਲ ਨੀਤੀ ਦੀ ਅਸਲੀਅਤ, ਇਸ ਤਰ੍ਹਾਂ ਖੋਲ੍ਹ ਕੇ ਦੱਸੀ ਹੈ:- ☛

ਕਬਿੱਤੁ ।

ਰਾਣੀ ਚੰਦ ਕੌਰ ਜਬ ਐਸੇ ਕਹਿਲਾਇ ਭੇਜੀ-,
"ਜਾਓ ਸ਼ੇਰ ਸਿੰਘ ! ਜਹਾਂ ਤੁਮਰ ਜਗੀਰ ਹੈ ।
ਮੇਰੀ ਜ਼ਿੰਦਗੀ ਮੈਂ ਔਰ ਮਾਲਕੀ ਕਰੈ ਸੁ ਕੌਨ
ਰਾਜ ਮੈਂ ਕਰੂੰਗੀ ਟਾਰ ਸਕੈ ਕ ਅਮੀਰ ਹੈ ?"
ਐਸੇ ਸੁਨੀ ਬਾਤ ਸ਼ਾਹਜ਼ਾਦੈ ਸ਼ੇਰ ਸਿੰਘ ਜ,
ਧਯਾਨ ਸਿੰਘ ਜੂ ਸੋਂ ਕਹੀ, "ਕਹਾ ਤਤਬੀਰ ਹੈ ?"
ਤਬ ਮਹਾਰਾਜ ਧਯਾਨ ਸਿੰਘ ਜੂ ਬਿਚਾਰ ਕਹੀ :-
"ਤੁਮ ਹੀ ਕਰੋਗੇ ਰਾਜ ਜੋ ਪੈ ਤਕਦੀਰ ਹੈ" ॥੧੪੮॥

ਸੋਰਠਾ

ਚੰਦ ਕੌਰ ਮਹਾਰਾਨਿ, ਗਾਦੀ ਪਰ ਬੈਠੀ ਉਤੈ ॥
ਬਡੀ ਸ਼ਲਕ ਸਰਰਾਨਿ, ਜਗ ਜਨੀ ਰਾਨੀ ਪ੍ਰਭੂ ॥੧੪੯॥

**(ਰਾਜਾ ਧਯਾਨ ਸਿੰਘ ਦੀ ਪ੍ਰਤਿਗਯਾ)**

ਕਬਿੱਤੁ ।

ਰਾਜਾ ਧਯਾਨ ਸਿੰਘ ਜੂ ਨੈ ਕਹੀ ਸ਼ੇਰ ਸੰਘ ਜੂ ਸੋਂ,-
"ਪ੍ਰਾਚੀ[੭੭] ਤਜਿ ਭਾਨੁ[੭੮]ਚਢੈ ਔਰ ਹੀ ਦਿਸਾਨ ਮੈਂ ।
ਗੰਗਾ ਆਦਿ ਪ੍ਰਬਲ ਪ੍ਰਵਾਹ ਉਲਟਾਇ ਬਹੈਂ,
ਦੂਧ ਕਾਮਧੇਨ[੭੯] ਕੋ ਸੁਖਾਇ ਕਾਹੂੰ ਆਨ ਮੈਂ ।
ਰੰਕਤਾ ਕੁਬੇਰ ਕੋ ਜੋ ਹੋਇ ਆਵੈ ਕਹੂ ਬੇਰ,
ਸੂਖ ਜਾਇ ਸਾਤੋਂ ਸਿੰਧੁ[੮੦] ਨਿਜ ਨਿਜ ਥਾਨ ਮੈਂ ।

---

☛ **With the intention of eventually distoroying both claimants, the Dogra family now pretended to be divided among themselves, Raja Gulab singh and his nephew Hira Singh espoused the cause of the Queen. While Raja Dhian Singh declared for the party of Sher singh.**

**(Memoires of Alex. Gardener, page 228)**

ਅਰਥਾਤ-ਡੋਗਰਿਆਂ ਨੇ (ਬਾਦਸ਼ਾਹੀ ਦੇ) ਇਨ੍ਹਾਂ ਦੋਵੇਂ ਦਾਵੇਦਾਰਾਂ ਨੂੰ ਕਤਈ ਨਸ਼ਟ ਕਰਨ ਦੇ ਇਰਾਦੇ ਨਾਲ ਆਪਣੇ ਆਪ ਨੂੰ (ਦੋ ਹਿੱਸਿਆਂ ਵਿਚ) ਵੰਡੇ ਹੋਏ ਹੋਣ ਦਾ ਬਹਾਨਾ ਬਣਾ ਲਿਆ । ਰਾਜਾ ਗੁਲਾਬ ਸਿੰਘ ਤੇ ਉਸ ਦੇ ਭਤੀਜੇ ਹੀਰਾ ਸਿੰਘ ਨੇ ਮਹਾਰਾਣੀ ਦਾ ਪੱਖ ਲਿਆ, ਜਦ ਕਿ ਰਾਜਾ ਧਿਆਨ ਸਿੰਘ ਨੇ ਸ਼ੇਰ ਸਿੰਘ ਦੀ ਪਾਰਟੀ ਵਿਚ ਸ਼ਾਮਲ ਹੋਣ ਦਾ ਐਲਾਨ ਕਰ ਦਿੱਤਾ ।

੭੭. ਪੂਰਬ । ੭੮. ਸੂਰਜ। ੭੯. ਕਪਲਾ ਗਊ । ੮੦. ਸਮੁੰਦ੍ਰ ।

ਤਊ ਨਾ ਮੈਂ ਸੰਗ ਤਜੌਂ, ਪ੍ਰਨ ਕੋ ਨ ਅੰਗ ਤਜੌਂ,

ਰਾਵਰੋ ਨ ਰੰਗ ਤਜੌਂ, ਕਹੀ ਜੋ ਜ਼ਬਾਨ ਮੈਂ[੮੧] ॥੧੫੦॥

ਅਤਲ ਬਿਤਲ ਅਰੁ ਸੁਤਲ ਤਲਾਤਲ ਹੂੰ

ਬਹੁਰ ਮਹਾਤਲ ਰਸਾਤਲ ਮਹਾਵਰੋ ।

ਸਾਤਵੇਂ ਪਾਤਾਲ ਹੂੰ ਲੌਂ ਉਲਟ ਪੁਲਟ ਹੋਇ,

ਸਾਤੋਂ ਲੋਕ ਊਪਰ ਤੇ ਹੋਇ ਤਰੁ ਤਾਵਰੋ ।

ਕੂਰਮ ਬਰਾਹ ਤਜੈ, ਤਜੈ ਜੂ ਬਰਾਹ ਸੇਸ,

ਸੇਸ ਤਜੈਂ ਭੂਮਿ ਅਰੁ ਮਾਰ ਖਾਇ ਡਾਵਰੋ ।

ਐਸੇ ਯੇ ਫਰੈਂਗੇ ਤਊ ਹਮ ਨ ਟਰੈਂਗੇ ਅਬ,

ਲਰੈਂਗੇ ਭਿਰੈਂਗੇ ਯੌਂ ਕਰੈਂਗੇ ਰਾਜ ਰਾਵਰੋ" ॥੧੫੧॥

**(ਕੌਰ ਸ਼ੇਰ ਸਿੰਘ ਤੇ ਰਾਜਾ ਧਯਾਨ ਸਿੰਘ ਦੀ ਵਾਪਸੀ)**

ਸੋਰਠਾ ।

ਸ਼ੇਰ ਸਿੰਘ ਮਹਾਰਾਜ, ਸੁਨਿ ਪ੍ਰਤਿਗਯਾ ਕੇ ਬਚਨ ।

---

੮੧. ਜਿਵੇਂ ਏਧਰ ਰਾਜਾ ਧਿਆਨ ਸਿੰਘ ਕੌਰ ਸ਼ੇਰ ਸਿੰਘ ਨੂੰ ਆਪਣੇ ਵਫ਼ਾਦਾਰ ਹੋਣ ਦਾ ਸਬੂਤ ਦਿਲਾਂਦਾ ਸੀ, ਤਿਵੇਂ ਉਧਰ ਉਸ ਦਾ ਪੁਤ੍ਰ ਹੀਰਾ ਸਿੰਘ ਡੋਗਰਾ ਮਹਾਰਾਣੀ ਚੰਦ ਕੌਰ ਪਾਸ ਆਪਣੀ ਨਿਮਕ-ਹਲਾਲੀ ਦੀਆਂ ਫੜ੍ਹਾਂ ਮਾਰਦਾ ਸੀ । ਈਸਟ ਇੰਡੀਆ ਕੰਪਨੀ ਦਾ ਇਕ ਰਿਪੋਰਟਰ ਹੀਰਾ ਸਿੰਘ ਤੇ ਚੰਦ ਕੌਰ ਬਾਰੇ ਖਬਰ ਦਿੰਦਾ ਹੋਇਆ ਲਿਖਦਾ ਹੈ:-

"The Maee (Chand kour) asked Raja Heera Singh what side he would chose if his father Dhian Singh adlheres to Konwur Sher singh. He replied with his hands joind that from his infancy, he had been brought up in Maharaja's house that he is thus a child of the "Sarkar" that he considers the Maee as his mother and was ready to sacrifice his life for her. She promised him the grant of a jageer.

(P.G.R.Book No. 156)

ਅਰਥਾਤ-ਮਾਈ (ਚੰਦ ਕੌਰ) ਨੇ ਰਾਜਾ ਹੀਰਾ ਸਿੰਘ ਨੂੰ ਪੁੱਛਿਆ ਕਿ ਜੇ ਉਸ ਦਾ ਪਿਤਾ ਧਿਆਨ ਸਿੰਘ ਕੰਵਰ ਸ਼ੇਰ ਸਿੰਘ ਦੇ ਨਾਲ ਮਿਲ ਜਾਵੇ ਤਾਂ ਉਹ ਕਿਸ ਦਾ ਪੱਖ ਲਵੇਗਾ । ਉੱਤਰ ਵਿਚ ਉਸ (ਹੀਰਾ ਸਿੰਘ) ਨੇ ਹੱਥ ਜੋੜ ਕੇ ਕਿਹਾ ਉਹ ਬਚਪਨ ਤੋਂ ਹੀ ਮਹਾਰਾਜ ਦੇ ਘਰ ਵਿਚ ਪਲਿਆ ਹੈ। ਇਸ ਲਈ ਉਹ ਸਰਕਾਰ ਦਾ ਬੱਚਾ ਹੈ। ਉਹ ਮਾਈ (ਚੰਦ ਕੌਰ) ਨੂੰ ਆਪਣੀ ਮਾਤਾ ਦੀ ਤਰ੍ਹਾਂ ਸਮਝਦਾ ਹੈ ਤੇ ਉਸ ਦੇ ਲਈ ਆਪਣੀ ਜਾਨ ਤਕ ਕੁਰਬਾਨ ਕਰਨ ਵਾਸਤੇ ਤਿਆਰ ਹੈ । ਮਹਾਰਾਣੀ ਨੇ (ਇਹ ਸੁਣ ਕੇ) ਉਸ ਨੂੰ ਜਾਗੀਰ ਦੇਣ ਦਾ ਵਾਇਦਾ ਕੀਤਾ ।

ਕਹੀ–"ਧਿਆਨ ਸਿੰਘ ਰਾਜਾ ਤੁਮ ਹੀ ਮੇਰੇ ਪ੍ਰਾਨ ਪ੍ਰਿਯ" ॥੧੫੨॥

ਦੋਹਰਾ ।

ਕੀਨੀ ਦੁਹਨ ਸਲਾਹ ਪੁਨਿ, ਅਬ ਚਢ ਚਲੈਂ ਸ਼ਿਕਾਰ ।
ਕਛੁਕ ਦਿਨਾਂ ਮੈਂ ਆਇ ਫਿਰ ਲੇਂ ਹੈਂ ਗਢ ਕੌ ਮਾਰ ॥੧੫੩॥
ਖੇਲਨ ਚਲੇ ਸ਼ਿਕਾਰ, ਜਬ ਭੂਪਤਿ ਸ੍ਰੀ ਧਜਾਨ ਸਿੰਘ ।
ਅਫ਼ਸਰ ਕਈ ਹਜ਼ਾਰ ਤਬ ਆਏ ਭੈ ਭੀਤ ਹ੍ਵੈ ॥੧੫੪॥
ਹਾਥ ਜੋਰਿ ਸਿਰ ਨਾਇ, ਕਹੀ ਸਭਨਿ "ਹਮ ਦਾਸ ਹੈਂ ।
ਦੀਜੈ ਜੋ ਫ਼ਰਮਾਇ, ਕਰੈਂ ਵਹੀਂ ਹਾਜ਼ਰ ਹੁਕਮ ॥੧੫੫॥
ਰਹਯੋ ਨ ਤੁਮ ਬਿਨ ਜਾਇ, ਚਲੈਂ ਸੰਗ ਤੇਰੇ ਸਬੈ ।"
ਤਬ ਨ੍ਰਿਪ ਕਹੀ ਧਿਰਾਇ, "ਸੁਨੌ ਸਕਲ ਮੇਰੇ ਬਚਨ ॥੧੫੬॥

ਕਬਿੱਤੁ ।

ਬੋਲੇ ਮਹਾਰਾਜ ਧਜਾਨ ਸਿੰਘ 'ਤੁਮ ਧੀਰੇ ਰਹੋ,
ਜੌ ਲੌਂ ਮੈਂ ਨਾ ਆਵੌਂ ਤੌ ਲੌਂ ਕਾਟੋ ਦਿਨ ਤੰਗੀ ਕੇ ।
ਮੋ ਸੋਂ ਕਹੂੰ ਪਹਿਲੇ ਜੋ ਆਇ ਜਾਇ ਸ਼ੇਰ ਸਿੰਘ,
ਤੌ ਸਬ ਹੁਕਮ ਮਾਨ ਲੀਜੋ ਖੇਲ ਜੰਗੀ ਕੇ ।
ਬਾਦਸ਼ਾਹ ਮਾਨੋ ਮਨ ਮਾਹਿ ਸ਼ੇਰ ਸਿੰਘ ਜੂ ਕੋ,
ਹੁਕਮ ਨ ਮਾਨਿਯੋ ਅਤਰ ਸਿੰਘ ਢੰਗੀ ਕੇ ।
ਬੰਧੁ[੮੨] ਸੁਤ[੮੩] ਆਪਨੋ ਮੈਂ ਯਹਾਂ ਰਾਖੇ ਜਾਤ ਸਿਰਫ,
ਖਾਤਰ ਤੁਮਾਰੀ ਤੁਮ ਰਹੋ ਨੀਤਿ ਚੰਗੀ ਕੇ" ॥੧੫੭॥

ਦੋਹਰਾ ।

ਐਸੇ ਸਭ ਉਪਦੇਸ ਕਰ, ਧਜਾਨ ਸਿੰਘ ਮਹਾਰਾਜ ।
ਸ਼ੇਰ ਸਿੰਘ ਕੋ ਸੰਗ ਲੈ, ਚਲੇ ਸ਼ਿਕਾਰਹਿ ਕਾਜ ॥੧੫੮॥
ਹਰਖ ਹਜ਼ੂਰੀ ਬਾਗ ਤੇ, ਗਏ ਸੁ ਰਾਵੀ ਕੂਲ[੮੪] ।
ਪ੍ਰਥਮ ਦਿਨਾ ਖੇਲਤ ਰਹੇ, ਤਹਿ ਸ਼ਿਕਾਰ ਅਨੁਕੂਲ ॥੧੫੯॥
ਦੂਜੇ ਦਿਨ ਨ੍ਰਿਪ ਧਜਾਨ ਸਿੰਘ, ਜੰਬੂ ਕੋ ਚਲ ਦੀਨ ।
ਨਗਰ ਬਟਾਲੇ ਕੋ ਗਏ, ਸ਼ੇਰ ਸਿੰਘ ਪਰਬੀਨ ॥੧੬੦॥
ਅਬ ਕਹਿਯਤ ਇਤ ਕੀ ਕਥਾ, ਜੋ ਜੋ ਭਯੋ ਪ੍ਰਕਾਰ ।

---

੮੨. ਰਾਜਾ ਗੁਲਾਬ ਸਿੰਘ ਡੋਗਰਾ । ੮੩. ਰਾਜਾ ਹੀਰਾ ਸਿੰਘ । ਇਸ ਤੋਂ ਸਾਫ ਪਤਾ ਲਗਦਾ ਹੈ ਕਿ ਰਾਜਾ ਗੁਲਾਬ ਸਿੰਘ ਤੇ ਹੀਰਾ ਸਿੰਘ ਰਾਜਾ ਧਿਆਨ ਸਿੰਘ ਦੀ ਸਲਾਹ ਨਾਲ ਹੀ ਧੋਖਾ ਦੇਣ ਲਈ ਮਹਾਰਾਣੀ ਚੰਦ ਕੌਰ ਦੇ ਪੱਖੀ ਬਣੇ ਸਨ ।
੮੪. ਕਿਨਾਰੇ ।

ਸੁਨੋ ਵਿਦੁਖ[੯੫] ਸਭ ਕਾਨ ਦੈ, ਲਵਪੁਰਿ[੯੬] ਕੋ ਵਯਵਹਾਰ ॥੧੬੧॥
ਕਈ ਏਕ ਸਰਦਾਰ ਮਿਲਿ, ਕਰੈਂ ਰਾਜ ਕੌ ਕਾਜ ।
ਕੌਂਸਲ[੯੭] ਸੰਗਯਾ ਪ੍ਰਸਿਧ ਕਿਯ, ਜਾਨੀ ਸਭੈਂ ਸਮਾਜ ॥੧੬੨॥

ਕਬਿੱਤੁ ।

ਜੋ ਜੋ ਕਰੈਂ ਹੁਕਮ, ਚਲੈ ਨ ਸੋ ਸੋ ਫੌਜ ਮਾਂਹਿ,
ਕਾਹੂੰ ਕੀ ਨ ਮਾਨੈਂ ਕੋਊ, ਹੁਕਮ ਬਹਯੋ ਫਿਰੈਂ ।
ਬਾਢਯੋ ਉਤਪਾਤ ਦਿਨ ਰਾਤ ਬਾਤ ਬਾਤ ਮਾਹਿੰ,
ਕੋਊ ਨ ਡਰਾਤ, ਕਹਾ ਹ੍ਵੈ ਹੈ ਜੋ ਕਹਯੋ ਫਿਰੈਂ ।
ਰਾਨੀ ਭਯ ਮਾਨੀ ਜਾਨੀ ਦੁਖਦ ਨਿਸਾਨੀ ਯਹ,
ਮਤਿ ਥਹਰਾਨੀ ਪ੍ਰਨ ਕੈਸੇ ਕੈ ਗਹਯੋ ਫਿਰੈਂ ।
ਚਕ ਪਰੈ ਬਕ ਪਰੈ ਉਚਕਿ ਅਤਰ ਸਿੰਘ,
ਹਿਯ ਮੈਂ ਅਜੀਤ ਸਿੰਘ ਅਧਿਕ ਦਹਯੋ ਫਿਰੈਂ ॥੧੬੩॥

ਦੋਹਰਾ ।

ਸੰਧਾਵਾਲਿ ਲਹਿਨ ਸਿੰਘ, ਪਠਯੋ ਕੁੱਲੂ ਓਰ ।
"ਬੰਦੋਬਸਤ ਵਾ ਦੇਸ ਕੋ, ਕਰਿ ਆਓ ਬਲ ਜੋਰ" ॥੧੬੪॥

ਛੰਦ ਭੁਯੰਗ ਪ੍ਰਯਾਤ ।

ਮਹਾਰਾਜ ਕੇ ਜਾਇਬੇ ਕੀ ਸੁਨੀ ਜਯੋਂ ।
ਮਹਾ ਦੁੱਖ ਕੇ ਸਿੰਧ ਡੂਬੀ ਦੁਨੀ ਤਯੋਂ ।
ਸਭੀ ਪਲਟਨੇ ਬਾਤ ਮਾਨੀ ਬੁਰੀ ਹੈ ।
ਤਿਯਾ ਕੋ ਭਯੋ ਰਾਜ ਸਭ ਕੋ ਛੁਰੀ ਹੈ ॥੧੬੫॥
ਕੁਮੇਦਾਨ ਕਪਤਾਨ ਔ ਸੂਬਦਾਰੰ ।

---

੯੫. ਵਿਦਵਾਨ । ੯੬. ਸ੍ਰੀ ਰਾਮ ਚੰਦ੍ਰ ਦੇ ਪੁਤ੍ਰ ਲਵ (ਲਊ) ਦਾ ਵਸਾਇਆ ਹੋਣ ਕਰ ਕੇ ਲਾਹੌਰ ਦਾ ਪੁਰਾਣਾ ਨਾਮ ਲਵ ਪੁਰ ਹੈ ।

੯੭. Council. ਇਹ ਕੌਂਸਲ, ਅਰਥਾਤ-ਰਾਜ ਪ੍ਰਬੰਧਕ ਸਭਾ ੧੭ ਨਵੰਬਰ, ਸੰਨ ੧੮੪੦ ਈ: ਨੂੰ ਬਣੀ ਤੇ ਇਸ ਦੇ ਮੈਂਬਰ ਹੇਠ ਲਿਖੇ ਸੱਜਣ ਸਨ :-
੧. ਕੌਰ ਸ਼ੇਰ ਸਿੰਘ ਪ੍ਰਧਾਨ, ੨. ਰਾਜਾ ਧਿਆਨ ਸਿੰਘ, ੩. ਭਾਈ ਰਾਮ ਸਿੰਘ, ੪. ਜਮਾਂਦਾਰ ਖੁਸ਼ਹਾਲ ਸਿੰਘ, ੫. ਸ: ਲਹਿਣਾ ਸਿੰਘ ਮਜੀਠੀਆ, ੬. ਸ: ਅਤਰ ਸਿੰਘ ਸੰਧਾਵਾਲੀਆ, ੭. ਫ਼ਕੀਰ ਅਜ਼ੀਜ਼ੁੱਦੀਨ ੮. ਸ: ਫਤਹ ਸਿੰਘ ਮਾਨ, ੯. ਦੀਵਾਨ ਦੀਨਾ ਨਾਥ, ੧੦. ਸ: ਸ਼ਾਮ ਸਿੰਘ ਅਟਾਰੀ ਵਾਲਾ, ੧੧. ਸ: ਮੰਗਲ ਸਿੰਘ । ਕੌਰ ਸ਼ੇਰ ਸਿੰਘ ਤੇ ਰਾਜਾ ਧਿਆਨ ਸਿੰਘ ਇਸ ਕੌਂਸਲ ਦੇ ਬਣਨ ਤੋਂ ਪਿੱਛੋਂ (ਦਸੰਬਰ ਦੇ ਸ਼ੁਰੂ ਵਿਚ) ਲਾਹੌਰ ਛੱਡ ਗਏ । (ਸਬੂਤ ਲਈ ਦੇਖੋ, ਪੰ: ਗ: ਗੀ: ਬੁ: ਨੰ: ੧੫੬) ।

ਭਰੈਂ ਆਹਿ ਨਾਲੇ ਕਰੈਂ ਸੋਚ ਭਾਰੰ ।
ਰਸਾਲੇ ਬਿਸਾਲੇ ਕੁਸਾਲੇ ਮਨਾਏ ।
ਸਭੀ ਰਜਬਨੈਂ ਦੁੱਖ ਮਨੋਂ ਮੈਂ ਬਿਤਾਏ ॥੧੬੬॥
ਕਹੈਂ ਸਿੰਘ ਸਭ ਹੀ, ਭਈ ਬਾਤ ਖੋਟੀ ।
"ਅਤਰ ਸਿੰਘ ਹੈ ਯਹ ਮਹਾ ਨੀਚ ਕੋਟੀ ।"
ਕਹੈਂ ਦੁਰਬਚਨ ਲਾਲ ਕਰ ਕਰ ਕੇ ਨੈਨਾ ।
"ਬਿਨਾ ਧਯਾਨ ਸਿੰਘੋਂ ਰਹੇਗੀ ਨ ਸੈਨਾ ॥੧੬੭॥
ਕਹੋ ਫੌਜ ਕੀ ਮੌਜ ਕੋ ਅਬ ਸੁ ਲੈਹੈਂ ।
ਹਸੈ ਕੌਨ ਲਖਿ ਲਖਿ ਇਨਾਮੰ ਸੁ ਦੈ ਹੈਂ ।
ਅਬੈ ਕੌਨ ਕੀ ਹਮ ਸਵਾਰੀ ਮੈਂ ਦੌਰੈਂ ।
ਫਤੇ ਕੌਨ ਕੋ ਜਾ ਬੁਲਾਵੈਂਗੇ ਭੋਰੈਂ ॥੧੬੮॥
ਰਹਯੋ ਨ ਹੁਕਮ ਏਕ ਮਾਲਿਕ ਹਮਾਰੋ ।
ਕੁਮੰਤ੍ਰੀਨ ਨੈਂ ਯੰਤ੍ਰ ਇਹ ਹੈ ਬਿਗਾਰੋ ।
ਸੰਧਾਵਾਲਿਯੋਂ ਨੈ ਜੁ ਕੌਂਸਲ ਕਰੀ ਹੈ ।
ਨਿਹਾਇਤ ਬੁਰੀ ਹੈ, ਬੁਰੀ ਹੈ, ਬੁਰੀ ਹੈ[੮੮]" ॥੧੬੯॥
ਜਹਾਂ ਦੇਖਿਯੈ, ਹੈਂ ਤਹਾਂ ਯੇਹੀ ਬਾਤੈਂ ।
ਘੁਲਯੋ ਘੇਰ ਘਰ ਘਰ ਘਲੀ ਮਨੋ ਘਾਤੈਂ ।
ਛੁਟੀਂ ਭੂਖ ਨੀਂਦੈਂ ਭਏ ਸਭ ਉਦਾਸੀ ।
ਸੰਧਾਵਾਲਿਯੋਂ ਕੀ ਕਬੈ ਹ੍ਵੈ ਬਿਨਾਸੀ ॥੧੭੦॥
ਪ੍ਰਜਾ ਮਾਥ ਕੂਟੈ ਸਬੈ ਪੁਰਖ ਨਾਰੀ ।
ਭਯੋ ਸੋਚ ਭਾਰੀ, 'ਦਈ ਕਾ ਵਿਚਾਰੀ ?'
ਹਮਾਰੀ ਖਬਰ ਕੋ ਰਖੈਗੋ ਸਹਰ ਕੀ ?
ਕਰੈ ਕੋ ਅਦਾਲਤ ਧਰਮ ਕੇ ਲਹਰ ਕੀ ॥੧੭੧॥
ਬਜਾਜਾ ਸਰਾਫਾ ਇਤਰ ਜੋ ਵਪਾਰੀ ।
ਕਰਯੋ ਬੰਦ ਵਯੋਹਾਰ ਹ੍ਵੈ ਕੈ ਦੁਖਾਰੀ ।
ਕਿਯੋ ਆਇਬੋ ਮਾਲ ਕੋ ਬੰਦ ਸਭ ਨੈ ।
ਭਯਾ ਹਜਾਂ ਅੰਧੇਰਾ ਜੁ ਘੇਰੇ ਗਜ਼ਬ ਨੈ ॥੧੭੨॥
ਦਿਵਸ ਹੂ ਮੈਂ ਹਾਟੈਂ ਚਢੀ ਸੀ ਹਜ਼ਾਰੈਂ ।
ਨ ਸੰਧਜਾ ਕੋ ਕੋਊ ਦਿਯਾ ਹੂੰ ਕੋ ਬਾਰੈਂ ।
ਉਦਾਸੀਨ ਮੂਦ੍ਹੈ ਧਰੈਂ ਮਾਥ ਫੋੜੈਂ ।
ਧਰਾ ਪੈ ਨ ਹੋਤੇ, ਲਿਖੈਂ ਲੇਖ ਜੋੜੈਂ ॥੧੭੩॥

---

੮੮. ਦੇਖੋ, ਅੱਗੇ ਛੰਦ ਅੰਕ ੧੯੧ ਦਾ ਫੁੱਟ ਨੋਟ ।

ਦੋਹਰਾ ।

ਯਹ ਬਿਧਿ ਫੌਜ ਪ੍ਰਜਾ ਸਬੈ, ਵਜਾਕੁਲ ਭਈ ਅਪਾਰ ।
ਧਜਾਨ ਸਿੰਘ ਨ੍ਰਿਪ ਕਬ ਮਿਲੈ, ਧਜਾਨ ਧਰਯੋ ਕਰਤਾਰ ॥੧੭੪॥

**(ਸਿੱਖ ਫ਼ੌਜਾਂ ਰਾਹੀਂ ਸਾਜ਼ਸ਼)**

ਅਫਸਰ ਸਭ ਅਰਜੀ ਲਿਖੀ, ਧਜਾਨ ਸਿੰਘ ਮਹਿਰਾਜ ।
"ਤੁਮ ਆਓ ਤੋ ਹਮ ਜਿਯੈਂ, ਯਹੀ ਹਮਾਰੋ ਕਾਜ ॥੧੭੫॥
ਸ਼ੇਰ ਸਿੰਘ ਜੂ ਕੋ ਲਿਖੀ, ਧਜਾਨ ਸਿੰਘ ਲੈ ਸੰਗ ।
ਆਓ ਆਪ ਸ਼ਿਤਾਬ ਹਜਾਂ, ਹਮ ਸਬ ਕਰ ਹੈਂ ਜੰਗ" ॥੧੭੬॥
ਸ਼ੇਰ ਸਿੰਘ ਕੌ ਪਾਸ ਤੇ, ਜੰਬੂ ਲੌ ਦਿਨ ਰਾਤ ।
ਡਾਕ ਰਹੈ ਜਾਰੀ ਸਦਾ, ਭਯੋ ਕਰੈਂ ਨਿਤ ਬਾਤ ॥੧੭੭॥

ਕਬਿੱਤੁ ।

ਲਿਖੀ ਧਜਾਨ ਸਿੰਘ ਜੂ ਨੈ ਸ਼ੇਰ ਸਿੰਘ ਜੂ ਕੋ ਐਸੇ,
"ਲਿਖਿ ਲਿਖਿ ਭੇਜਤ ਅਰਜ ਸੈਨ ਸਾਰੀ ਹੈ ।
ਤਾਂ ਤੇ ਤੁਮ ਕੋਊ ਭਲੋ ਮਾਨਸ ਪਠਾਓ ਊਹਾ,
ਜਾਇ ਸੁਨ ਆਵੈ, ਕੌਨ ਕੌਨ, ਕਾ ਵਿਚਾਰੀ ਹੈ ।
ਸਿੱਖਨ ਕੇ ਹਾਥ ਗ੍ਰੰਥ ਸਾਹਿਬ ਪੈ ਧਰਵਾਵੈਂ,
ਲੇਇ ਮੁਸਲਮਾਨ ਸੌਂ ਕੁਰਾਨ ਸੌਂਹ ਭਾਰੀ ਹੈ ।
ਪੱਕੀ ਕਰ ਆਵੈਂ ਬਾਤ, ਪੱਕੇ ਰਹੋ ਤੁਮ ਸਭ,
ਸ਼ੇਰ ਸਿੰਘ ਜੂ ਕੇ ਯਹਾਂ ਆਇਬੇ ਕੀ ਤਯਾਰੀ ਹੈ ॥੧੭੮॥

ਦੋਹਰਾ ।

ਧਜਾਨ ਸਿੰਘ ਮਹਾਰਾਜ ਨੈ, ਲਿਖਯੋ ਬੰਚਾਯੋ ਹਾਲ ।
ਸ਼ੇਰ ਸਿੰਘ ਜੂ ਨੈ ਜਬੈ ਸਮਝ ਲਿਯੋ ਸਭ ਖਯਾਲ ॥੧੭੯॥
ਗੰਡਾ ਸਿੰਘ ਕੁੰਜਾਹੀਆ, ਭੇਜਯੋ ਤਬ ਮਹਾਰਾਜ ।
ਜਾਹੋ ਅਬੈ ਲਹੌਰ ਕੌ, ਲਖਿ ਆਵੌ ਸਭ ਸਾਜ ॥੧੮੦॥
ਧਜਾਨ ਸਿੰਘ ਨ੍ਰਿਪ ਤੌ ਲਿਖਯੋ, ਸੋ ਤੁਮ ਸਮਝੌ ਚਿੱਤ ।
ਸਹੀ ਹੁਕਮ ਧਰਿ ਸੀਸ ਪੈ, ਕਰੌ ਕਾਮ ਅਤਿ ਹਿੱਤ ॥੧੮੧॥
ਸੀਸ ਨਾਇ ਕਰ ਜੋਰ ਕੈ, ਚਲਯੋ ਚਤੁਰ ਅਤਿ ਦੂਤ ।
ਪਹੁੰਚਯੋ ਜਾਇ ਲਹੌਰ ਮੈਂ, ਜਹਾਂ ਫੌਜ ਮਜਬੂਤ ॥੧੮੨॥

ਛੰਦ ਪ੍ਰਮਾਨਿਕਾ ।

ਮਿਲਯੋ ਜੁ ਏਕ ਸੌਂ । ਲਿਯੋ ਸੁ ਧਰਮ ਟੇਕ ਸੌਂ ।
ਲਖਯੋ ਨ ਝੂਠ ਫ਼ੌਜ ਮੈਂ । ਭਯੋ ਸੁ ਚਿੱਤ ਮੌਜ ਮੈਂ ॥੧੮੩॥

---

੮੯. ਫੌਜ ।

ਲਖੇ ਸੁ ਏਕ ਚਿੱਤ ਹੀ । ਚਮੂ[੮੯] ਭਈ ਅਭਿੱਤ[੯੦] ਹੀ ।
ਸਭੀ ਸਲਾਹ ਏਕ ਹੈ । ਧਰੀ ਖਰੀ ਸੁ ਟੇਕ ਹੈ ॥੧੮੪॥

ਦੋਹਰਾ ।

ਯੌਂ ਲਖਿ ਗੰਡਾ ਸਿੰਘ ਨੈ, ਕਹੀ ਫੌਜ ਸੌਂ ਬਾਤ ।
"ਟਰ ਮਤ ਜੈਯੋ ਧਰਮ ਸੌਂ, ਖਬਰਦਾਰ ਹਮ ਜਾਤ" ॥੧੮੫॥

ਸੋਰਠਾ ।

ਬੋਲ ਉਠੀ ਸਭ ਫੌਜ, "ਧਯਾਨ ਸਿੰਘ ਨ੍ਰਿਪ ਜੋ ਕਹਯੋ ।
ਵਹੀ ਹਮਾਰੀ ਮੌਜ, ਸ਼ੇਰ ਸਿੰਘ ਕੇ ਸੰਗ ਸਭ" ॥੧੮੬॥

ਛੰਦ ਭੁਯੰਗ ਪ੍ਰਯਾਤ ।

ਕਹੀ ਫੌਜ ਨੇ ਤਬ-"ਸੁਨੋ ਬਾਤ ਹਮਾਰੀ ।
ਨਹੀਂ ਦੋਇ ਰਸਨਾ ਸਚੀ ਸੌਂਹ ਸਬ ਹੀ ।
ਟਰੈਂ ਮੇਰੁ ਆਦਿਕ ਜੋ ਪਰਬਤ ਧਰਾ ਤੇ ।
ਧਰਾ ਹੂ ਟਲੈ ਸ਼ੇਸ਼ ਫਨ ਕੇ ਪਰਾ ਤੇ ॥੧੮੭॥
ਟਲੈ ਸ਼ੇਸ਼ ਜੂ ਕੀ ਫਨਾਲੀ ਬਿਸਾਲੀ ।
ਟਲੈਂ ਸਿੰਧੁ ਕੀ ਨੀਂਵ[੯੧] ਜੋ ਹੈ ਨਿਰਾਲੀ ।
ਟਰੈ ਧ੍ਰੂ ਕਦਾਚਿਤ ਦਈ ਜੋਗ ਕਰਕੈ ।
ਟਲੈ ਸੂਰ[੯੨] ਰਥ ਤੇ ਸੋ ਪਥ ਤੇ ਵਿਸਰ ਕੈ ॥੧੮੮॥
ਤਊ ਧਰਮ ਕੇ ਵਾਕ ਹਮ ਤੇ ਨ ਟਰ ਹੈਂ ।
ਗੁਰੂ ਕੀ ਕ੍ਰਿਪਾ ਸੋ ਨਹੀਂ ਸੋਈ ਕਰ ਹੈਂ ।
ਰਖੋ ਆਪ ਖਾਤਰਜਮਾ, ਸਤਯ ਜਾਨੋਂ ।
ਨ੍ਰਿਪਤਿ[੯੩] ਸ਼ਾਹਜ਼ਾਦੇ[੯੪] ਦੂਹੂੰ ਬੇਗ[੯੫] ਆਨੋਂ"।੧੮੯।

ਦੋਹਰਾ ।

ਫਿਰ ਗੰਡਾ ਸਿੰਘ ਯੌਂ ਕਹੀ-"ਦੌਲਤ ਬੁਰੀ ਬਲਾਇ ।
ਰਾਨੀ ਤੁਮਰੋ ਲੋਭ ਸੋਂ, ਦੈਹੈਂ ਧਰਮ ਬਹਾਇ" ॥੧੯੦॥

ਛੰਦ ਭੁਯੰਗ ਪ੍ਰਯਾਤ ।

ਕਢੀ ਖ਼ਾਲਸਾਨਨ[੯੬] ਸਭੀ ਤੇ ਸੁ ਐਸੇ :-
"ਨਹੀਂ ਮੇਰੂ ਹੂੰ ਕੋ ਛੁਐਂ ਧੂਰ ਜੈਸੇ ।

---

੯੦. ਨਿਰਭਯ ਜਾਂ ਅਰੋਕ । ੯੧. ਹੱਦ, ਨੀਂਹ । ੯੨. ਸੂਰਜ ।
੯੩. ਰਾਜਾ ਧਯਾਨ ਸਿੰਘ । ੯੪. ਕੌਰ ਸ਼ੇਰ ਸਿੰਘ । ੯੫. ਜਲਦੀ ।
੯੬. ਖ਼ਾਲਸੇ ਨੇ ਇਕ ਜ਼ਬਾਨ ਹੋ ਕੇ (ਆਨਨ=ਮੂੰਹੋਂ) ਇਹ ਗੱਲ ਕਹੀ ।

ਰਤਨ ਕੇ ਡਬੇ ਕੇਤੜੇ ਔ ਪਠਾਵੈਂ।
ਤਊ ਹੁਕਮ ਰਾਨੀ ਕੋ, ਹਮ ਨਾ ਬਜਾਵੈਂ[੯੭] ॥੧੯੧॥
ਨ੍ਰਿਪਤਿ ਧਯਾਨ ਸਿੰਘ ਜੋ ਬਖ਼ਸ਼ ਦੇਇ ਪੈਸਾ।
ਪੈਸਾ ਵਹੀਂ ਹਮ ਕੋ, ਜਵਾਹਰ ਹੈ ਜੈਸਾ।
ਪ੍ਰਲੈ ਹੂੰ ਕੀ ਪਵਨ ਚਲੈ ਤੌ ਨ ਹੱਲੈਂ।
ਲੜੈਂਗੇ, ਭਿੜੈਂਗੇ, ਅੜੈਂਗੇ ਨ ਚੱਲੈਂ" ॥੧੯੨॥

ਦੋਹਰਾ।

ਯਹ ਬਿਧਿ ਪੱਕੀ ਬਾਤ ਕਰ, ਗੰਡਾ ਸਿੰਘ ਚਲ ਦੀਨ।
ਸ਼ਹਜ਼ਾਦੇ ਪੈ ਜਾਇ ਕੈ, ਫ਼ਤਹ ਬੁਲਾਈ ਪੀਨ ॥੧੯੩॥

ਛੰਦ ਪ੍ਰਮਾਨਕਾ।

ਕਹਯੋ ਹਵਾਲ ਹੋ ਜਿਤੋ। ਸੁਨਯੋ ਜੂ ਕਾਨ ਦੈ ਤਿਤੋ।
ਬਿਚਾਰ ਬਾਤ ਚਿਤ ਮੈਂ। ਭਏ ਖ਼ੁਸ਼ੀ ਸਹਿੱਤ ਮੈਂ ॥੧੯੪॥
ਕਹੀ ਬੁਲਾਇ ਬ੍ਰਾਹਮਨੇ। ਬਤਾਇ ਚੰਦ ਸਾਮਨੇ।
ਮਹੂਰਤ ਸੋਧ ਕੈ ਕਹਯੋ। ਸੁਬੁਧਿ ਬਿਪ੍ਰ ਜੋ ਲਹਯੋ ॥੧੯੫॥

ਦੋਹਰਾ।

ਧਯਾਨ ਸਿੰਘ ਮਹਾਰਾਜ ਕੋ, ਲਿਖਯੋ ਜੁ ਸਬੈ ਹਵਾਲ।
ਸੰਗ ਮਹੂਰਤ ਹੂੰ ਲਿਖਯੋ, ਸ਼ੇਰ ਸਿੰਘ ਵਰ ਭਾਲ ॥੧੯੬॥
ਭਲ ਮਾਨਸ ਪਠਯੋ ਸੁ ਇਕ, ਸਿਖੈ ਸਵਾਲ ਜਵਾਬ।
ਆਗੈ ਅਬ ਜੋ ਤੁਮ ਲਿਖੋ, ਸੋ ਹਮ ਕਰੈਂ ਸ਼ਿਤਾਬ ॥੧੯੭॥
ਕਾਗਦ ਲੈਂ ਵੁਹ ਮਾਤਬਰ, ਚਲਯੋ ਕੂਚ ਕਰ ਹਾਲ।
ਪਹੁੰਚਯੋ ਜੰਬੂ ਜਾਇ ਕੈ, ਨ੍ਰਿਪ ਸੋਂ ਮਿਲਯੋ ਉਤਾਲ ॥੧੯੮॥
ਧਯਾਨ ਸਿੰਘ ਮਹਾਰਾਜ ਕੋ, ਹਾਥ ਜੋਰਿ ਸਿਰ ਨਾਇ।
ਕਾਗਦ ਦੈ ਮੁਖ ਸੋਂ ਕਹਯੋ, ਜੋ ਪ੍ਰਭੁ ਦਿਯੋ ਬੁਝਾਇ ॥੧੯੯॥

ਕਬਿੱਤੁ।

ਕਾਗਦ ਬੰਚਾਯੋ ਭੂਪ ਧਿਆਨ ਸਿੰਘ ਮਹਾਰਾਜ,
ਸੁਨਯੋ ਜੋ ਸੁਨਾਯੋ ਹੈ ਜਬਾਨੀ ਹੂੰ ਬਤਾਇ ਕੈ।
ਸਮਝ ਹਵਾਲ ਹੋਏ ਚਿੱਤ ਮੈਂ ਖੁਸ਼ਹਾਲ ਖਾਸੇ,
ਬਿਦਾ ਕਿਯੋ ਦੂਤ ਦਿਯੋ ਕਾਗਦ ਲਿਖਾਇ ਕੈ।
ਲਿਖਯੋ ਸ਼ੇਰ ਸਿੰਘ ਜੂ ਕੋਂ "ਕਢਯੋ ਜੋ ਮੁਹੂਰਤ ਹੈ

---

੯੭. ਸਿੱਖ ਫ਼ੌਜਾਂ ਵਿਚ ਮਹਾਰਾਣੀ ਤੋਂ ਵਿਰੁੱਧ ਇਹ ਪ੍ਰਚਾਰ ਰਾਜਾ ਧਿਆਨ ਸਿੰਘ ਨੇ ਕੀਤਾ ਸੀ। (ਦੇਖੋ Beveridge, History of India, a iii, p. 486)

ਤਾਹੀ ਪੈ ਪਧਾਰੋ ਇਸ਼ਟ ਅਪਨੋ ਮਨਾਇ ਕੈ ।
ਮੋਰਚੇ ਲਗਾਓ, ਜੰਗ ਜੋਰ ਸੋਂ ਮਚਾਓ ਇਹਾਂ,
ਖਬਰ ਪਠਾਓ, ਤਬ ਐਹੈਂ ਹਮੂੰ ਧਾਇ ਕੈ" ॥੨੦੦॥

**(ਕੌਂਰ ਸ਼ੇਰ ਸਿੰਘ ਦੀ ਲਾਹੌਰ 'ਤੇ ਚੜ੍ਹਾਈ)**

ਦੋਹਰਾ ।

ਦੂਤ ਲੇਇ ਕਾਗਦ ਚਲਯੋ, ਪਹੁੰਚਯੋ ਸ੍ਵਾਮੀ ਪਾਸ ।
ਕਾਗਦ ਬੰਚਵਾਯੋ ਤੁਰਤ, ਹਿਯ ਮੈਂ ਬਢਯੋ ਹੁਲਾਸ ॥੨੦੧॥
ਗਵਨ ਅਟਲ ਗਢ ਤੇ ਕਰਯੋ, ਰਹੇ ਵਟਾਲੇ ਆਇ ।
ਫੌਜ ਆਪਨੀ ਸਾਜ ਕੈ, ਚਲੈ ਪ੍ਰਾਤ ਉਠਿ ਧਾਇ ॥੨੦੨॥

ਛੰਦ ਪ੍ਰਮਾਨਿਕਾ ।

ਗੁਬਿੰਦ ਸਿੰਘ ਧਯਾਇ ਕੈ । ਬਿਨਾਇ ਕੈ[੯੮] ਮਨਾਇ ਕੈ ।
ਸੁ ਅੰਬਿਕਾ[*] ਕੋ ਦਰਸ ਕੈ । ਸੁ ਕੰਨਯ ਕਾ ਪਰਸ ਕੈ ॥੨੦੩॥
ਖੜਗ ਹੱਥ ਸੱਜ ਕੈ । ਭਏ ਸਵਾਰ ਗੱਜ ਕੈ ।
ਤਬੈ ਕਹੂ ਸੁ ਯੌਂ ਕਹੀ :-"ਫਤੇ ਫਤੇ ਫਤੇ ਸਹੀ" ॥੨੦੪॥

ਕਬਿੱਤੁ ।

ਐਸੇ ਸ਼ੇਰ ਸਿੰਘ ਜੂ ਤਹਾਂ ਤੇ ਕਰਿ ਕੂਚ ਆਯੋ,
ਭਾਜਯੋ ਲਵਪੁਰ ਤੇ ਅਜੀਤ ਸਿੰਘ ਡਰ ਕੇ ।
ਪੁਲ[੯੯] ਮੈਂ ਅਕਸਮਾਤ ਹ੍ਵੈ ਗਯੋ ਮਿਲਾਪ ਤਬ,
ਕਹੀ ਯੌਂ ਅਜੀਤ ਸਿੰਘ: "ਆਯੋ ਕਾਮ ਘਰ ਕੇ ।
ਦ੍ਵੈ ਕੁ ਦਿਨਾਂ ਮੈਂ ਫੇਰ ਆਇ ਹੋਂ ਤਿਹਾਰੇ ਪਾਸ",
ਐਸੇ ਕਹੇ ਚਾਰ ਪਾਂਚ ਬਚਨ ਮਕਰ ਕੇ ।
ਸ਼ੇਰ ਸਿੰਘ ਜੂ ਨੈ ਕਹੀ : "ਜਾਓ ਭਲਾ ਹੋਇ ਆਓ",
ਗਯੋ ਮਹਾ ਨੀਚ ਬੀਚ ਨੇਮ ਸੌਂਹ ਕਰ ਕੇ ॥੨੦੫॥

ਦੋਹਰਾ ।

ਰਾਜੇ ਸਾਂਸੀ ਜਾਇ ਕੈ, ਕਾਢਯੋ ਮਾਲ ਅਪਾਰ ।
ਰਾਤ ਦਿਨਾਂ ਮੈਂ ਦੌਰ ਕੈ, ਸਤਦ੍ਰੂ[੧੦੦] ਭਯੋ ਪਾਰ ॥੨੦੬॥

---

੯੮. ਗਣੇਸ਼ ਨੂੰ । * ਦੁਰਗਾ ਦੇ ਦਰਸ਼ਨ ਕਰਕੇ । ਦਸਾਂ ਵਰ੍ਹਿਆਂ ਦੀ ਕੁਆਰੀ ਲੜਕੀ, ਜੋ ਦੇਵੀ ਦਾ ਰੂਪ ਸਮਝੀ ਜਾਂਦੀ ਹੈ, ਹਿੰਦੂ ਸ਼ਾਸ਼ਤ੍ਰਾਂ ਦੇ ਅਨੁਸਾਰ ਕੰਨਯਾਕਾ ਦੇ ਹੈ । ਕਵੀ ਨੇ ਸ਼੍ਰੀ ਗੁਰੂ ਗੋਬਿੰਦ ਸਿੰਘ ਦੀ ਪੂਜਾ ਦੇ ਨਾਲ ਹਿੰਦੂ ਦੇਵੀ-ਦੇਵਤਿਆਂ ਦੀ ਮੰਨਤਾ ਸ਼ਾਮਲ ਕੀਤੀ ਹੈ, ਜੋ ਉਸ ਦੇ ਆਪਣੇ ਖ਼ਿਆਲ ਹਨ । ਡੋਗਰੇ ਇਸ ਤੋਂ ਬਿਨਾਂ ਸੋਚ ਵੀ ਕੀ ਸਕਦੇ ਸਨ । ੯੯. ਪਿੰਡ ਪੁਲ ਕੰਜਰੀ (ਅਟਾਰੀ, ਜ਼ਿਲ੍ਹਾ ਅੰਮ੍ਰਿਤਸਰ) ਦੇ ਮੁਕਾਮ 'ਪਰ ।
੧੦੦. ਸਤਦ੍ਰੂ=ਸਤਲੁਜ ।

ਹੂੰ ਤੇ ਚਲਿ ਸ੍ਰੀ ਸ਼ੇਰ ਸਿੰਘ, ਆਯੋ ਸ਼ਾਲਾ ਬਾਗ਼ ।
ਬੁੱਧੂ ਕੇ ਆਵੇ ਨਿਕਟ, ਡੇਰਾ ਕਿਯ ਅਨੁਰਾਗ ॥੨੦੭॥
ਆਇ ਆਇ ਅਫ਼ਸਰ ਮਿਲੈ, ਹਾਥ ਜੋਰਿ ਸਿਰ ਨਾਇ ।
ਹੁਕਮ ਦਿਯੋ ਮਹਾਰਾਜ ਨੈ, "ਉਤਰੋ ਹਜਾਂ ਸਭ ਆਇ"॥੨੦੮॥
ਸਭੈ ਫੌਜ ਡੇਰਾ ਕਿਯੋ ਹੁਕਮ ਬਮੂਜਬ ਆਇ ।
ਸਾਂਝ ਸਮੈਂ ਸਲਕੈਂ ਕਰੀ, ਤੋਪ ਤੜਿਤ ਤੜਤਾਇ ॥੨੦੯॥
ਮੁੰਦਵਾਇ ਰਾਨੀ ਤਬੈ, ਕਿਲੇ ਨਗਰ ਕੇ ਦ੍ਵਾਰ ।
ਮਜਬੂਤੀ ਚਹੂੰਘਾ ਕਰੀ, ਲੜੋ ਸਭੈ ਸਿਰਦਾਰ ॥੨੧੦॥
ਐਂਠ ਐਂਠ ਕੈ ਅਤਰ ਸਿੰਘ, ਅਕੜਿ ਅਕੜਿ ਅੰਗੜਾਇ ।
ਕਿਲਕਿ ਕਿਲਕਿ ਗਰਬਤ ਬਚਨ, ਸਭ ਕੋ ਕਹੈ ਸੁਨਾਇ ॥੨੧੧॥

ਕਬਿੱਤੁ ।

"ਮਾਰਿਯੋ ਕਈ ਵਾਰ ਮੈਂ ਪਿਸ਼ੌਰ ਕੇ ਪਠਾਨਨ ਕੋ,
ਕਈ ਵਾਰ ਖੱਟਕੀ[੧੦੧] ਉਖਾਰੇ ਔ ਉਖਾਰੌਂਗੋ ।
ਐਸੋ ਕੋ ਮਹੀ ਪੈ ਆਹਿ ਦੂਸਰੋ ਸੁਭਟ[੧੦੨] ਆਜ,
ਜੋਇ ਮੋਹਿ ਜੀਤੈ, ਅਤਿ ਸੂਰਤਾ ਸਵਾਰੌਂਗੋ ।
ਤੌ ਹੀ ਮੈਂ ਅਤਰ ਸਿੰਘ ਜਗ ਮੈਂ ਕਹਾਊਂ ਨਾਮ,
ਸਾਕਾ ਸੁਨਵਾਊਂ ਪ੍ਰਨ ਪਾਕਾ ਮੈਂ ਪਸਾਰੌਂਗੋ ।
ਯਾ ਤੋ ਸ਼ੇਰ ਸਿੰਘ ਕੋ ਵਟਾਲੇ ਮੋੜ ਭੇਜੌਂ ਹੌਂ ਮੈਂ,
ਯਾ ਬਨ ਫ਼ਕੀਰ ਖਾਕ ਸੀਸ ਨਿਜ ਡਾਰੌਂਗੋ" ॥੨੧੨॥

ਦੋਹਰਾ ।

ਪ੍ਰਾਤ ਹੋਤ ਸ੍ਰੀ ਸ਼ੇਰ ਸਿੰਘ, ਆਏ ਸੈਨਾ ਸੰਗ ।
ਲਗੇ ਕਰਨ ਤਜਵੀਜ਼ ਤਹਿਂ, ਜਾਹਿਂ ਹੈ ਕਿਲ੍ਹਾ ਉਤੰਗ[੧੦੩] ॥੨੧੩॥

ਕਬਿੱਤੁ ।

ਸ੍ਰੀ ਗੁਲਾਬ ਸਿੰਘ ਸ਼ੇਰ ਸਿੰਘ ਜੂ ਕੀ ਤਰਫ਼ ਲਿਖ੍ਯੋ,
"ਆਇ ਆਪ ਭਲੀ ਕਰੀ ਮੁਲਕ ਤਿਹਾਰੋ ਹੈ ।
ਰਾਜ ਹੂੰ ਤਿਹਾਰੋ ਅਰੁ ਕਿਲਾ ਹੂੰ ਤਿਹਾਰੋ,
ਯਹ ਭਾਵਜ[੧੦੪] ਤਿਹਾਰੀ ਪਰ ਭਵਿੱਖ ਕਰਾਰੋ ਹੈ ।
ਧਯਾਨ ਸਿੰਘ ਆਵੈ ਜਬ ਨੀਤ ਰੀਤ ਲੇਉ ਦੇਉ,
ਹਮ ਕੋ ਨ ਕਾਮ ਤੁਮ ਜਾਨੌ ਜੌ ਵਿਚਾਰੋ ਹੈ ।
ਬਿਨਾ ਧਯਾਨ ਸਿੰਘ ਕੇ ਨ ਦੇਇੰਗੇ ਧਸਨ ਯਹਾ,
ਬਸ ਨ ਚਲੈਗੋ ਜਊ ਸੰਗ ਦਲ ਭਾਰੋ ਹੈ" ॥੨੧੪॥

---

੧੦੧. ਇਕ ਪਠਾਣ ਖ਼ਾਨਦਾਨ ਦੇ ਲੋਕ । ੧੦੨. ਸੂਰਮਾ । ੧੦੩. ਉੱਚਾ ।
੧੦੪. ਭਰਜਾਈ (ਮਹਾਰਾਣੀ ਚੰਦ ਕੌਰ) ।

ਦੋਹਰਾ ।

ਪਹੁੰਚਤ ਹੀ ਕਾਗਤ ਤਹਾਂ, ਬੰਚਵਾਯੋ ਮਹਾਰਾਜ ।
ਕਢ੍ਹੀ ਖ਼ਾਲਸਾ ਮੁਖਨ ਤੈਂ, "ਹਮ ਨ ਮਾਨ ਹੈਂ ਆਜ" ॥੨੧੫॥

ਸੋਰਠਾ ।

ਦਿਯੋ ਨ ਕਛੂ ਜਵਾਬ, ਦੂਤ ਬੇਗ ਆਯੋ ਤਬੈ ।
ਕਰ ਹੈਂ ਜੰਗ ਸ਼ਿਤਾਬ, ਉਹਾਂ ਨ ਰਸ ਕੀ ਬਾਤ ਕਛੂ ॥੨੧੬॥

ਕਬਿੱਤੁ ।

ਸ੍ਰੀ ਗੁਲਾਬ ਸਿੰਘ ਅਰੁ ਭੂਪ ਹੀਰਾ ਸਿੰਘ ਦੋਊ,
ਕਰਤ ਬਿਚਾਰ ਧਰਮ ਸੰਕਟ ਅਬੈ ਭਯੋ ।
ਜੰਬੂ ਤੇ ਨ ਆਏ ਸ੍ਰੀ ਮਹੀਪ ਧਯਾਨ ਸਿੰਘ ਅਭੀ,
ਕੌਨ ਸਾ ਕਰੋਂ ਉਪਾਇ, ਸੋਚ ਯਹੈ ਹੈ ਨਯੋ ।
ਏਕ ਤੋ ਕਿਲੇ ਕੇ ਹਮ ਭੀਤਰ ਜਗਤ ਜਾਨੈ,
ਦੂਜੇ ਪਰੀ ਅਬਲਾ ਸਰਨ ਪੁਨ ਸੋ ਛਯੋ[੧੦੫] ।
ਜਾਤੇ ਤੌਂ ਜ਼ਰੂਰ ਅਬ ਲੜਬੋ ਉਚਿਤ ਹਮੈਂ,
ਕਢਬੋ ਨ ਚਾਹਿਯੇ ਕਿਲੇ ਤੇ, ਨਾਮ ਹ੍ਵੈ ਗਯੋ ॥੨੧੭॥
ਆਏ ਸ਼ੇਰ ਸਿੰਘ ਸੋ ਤੋ ਪੁਤ੍ਰ ਸਰਕਾਰ ਕੇ ਹੈਂ,
ਜਾਹਰ ਜਹੂਰ ਜਗ ਕਰਤ ਮਨੈਂ ਨਹੀਂ ।
ਦੂਜੇ ਭੂਪ ਧਯਾਨ ਸਿੰਘ ਜੂ ਕੀ ਮਰਜੀ ਹੈ ਯਹੀ,
ਬੈਠੇਂ ਯੇ ਤਖ਼ਤ, ਰਾਜ ਰਾਨੀ ਕੋ ਗਨੈਂ ਨਹੀਂ ।
ਜੈਸੇ ਉਨ ਦੋਊ ਰੀਤਿ ਲਰਬੋ ਬਨਤ ਹਮੈਂ
ਤੈਸੇ ਇਨ ਦੋਊ ਰੀਤ ਲਰਬੋ ਬਨੈਂ ਨਹੀਂ ।
ਯਾਂ ਤੇ ਜੋ ਵਿਸ਼ੇਖ ਪੱਛ ਹੋਇ ਸੋਈ ਕੀਜੈ ਕਾਮ,
ਕਰਨੋਂ ਕਬੂੰ ਨ ਜੋ ਕਿ ਆਵਤ ਮਨੈਂ ਨਹੀਂ ॥੨੧੮॥
ਛੋਡ ਦੇਇ ਕਿਲਾ ਔਰ ਅਬਲਾ ਗਰੀਬਨੀ ਕੌਂ,
ਤੌਂ ਰਹੈ ਨ ਧਰਮ ਛਿਤਿ ਛਤ੍ਰੀ ਰਘੁਬੰਸੀ ਹੈਂ ।
ਤਾਹੂੰ ਮੈਂ ਜਨਮ ਪਾਏ, ਰਾਜ ਕੁਲ ਮਾਹਿ ਆਏ,
ਜੰਬੂਪਤਿ ਕਹਵਾਇ ਬੰਸ ਅਵਤੰਸੀ ਹੈਂ ।

---

੧੦੫. ਇਹ ਗੱਲ ਝੂਠ ਹੈ ਕਿ ਰਾਜਾ ਗੁਲਾਬ ਸਿੰਘ ਤੇ ਹੀਰਾ ਸਿੰਘ ਨੇ ਸ਼ਰਣਾਗਤ ਸਮਝ ਕੇ ਮਹਾਰਾਣੀ ਚੰਦ ਕੌਰ ਦੀ ਸਹਾਇਤਾ ਕਰਨ ਲਈ ਪ੍ਰਣ ਕੀਤਾ ਸੀ। ਉਹ ਤਾਂ ਅਸਲ ਵਿਚ ਧੋਖਾ ਦੇਣ ਲਈ ਮਹਾਰਾਣੀ ਦੇ ਨਾਲ ਸ਼ਾਮਲ ਹੋਏ ਸਨ। (ਦੇਖੋ, ਛੰਦ ਅੰਕ ੧੪੭, ੧੫੦ ਦੇ ਨੋਟ)

ਫੇਰ ਜਗ ਜਾਹਰ ਹੈਂ, ਬੈਰਿਨ ਕੋ ਨਾਹਰ ਹੈਂ,
ਬਾਹਰ ਹੌਂ ਰਨ ਤੇ ਭਯੋ ਨ, ਰਵਿ ਅੰਸੀ ਹੈਂ ।
ਬਲ ਕਰ ਪੂਰਨ ਹੈਂ, ਤੇਗ ਮਾਰ ਤੂਰਨ[੧੦੬] ਹੈਂ,
ਸਰਾਸਰ ਸੂਰਨ ਮੈਂ ਸਰਸ ਪ੍ਰਸੰਗੀ ਹੈਂ ॥੨੧੯॥

ਦੋਹਰਾ ।

ਸ੍ਰੀ ਗੁਲਾਬ ਸਿੰਘ ਯੌਂ ਕਹੀ, "ਹੀਰਾ ਸਿੰਘ ! ਸ਼੍ਰੁਤ[੧੦੭] ਦੇਹੁ ।
ਧਯਾਨ ਸਿੰਘ ਆਵੈ ਨਹੀਂ, ਤੌਂ ਲੌਂ ਜੰਗ ਸੁ ਲੇਹੁ ॥੨੨੦॥

ਸੋਰਠਾ ।

ਧਯਾਨ ਸਿੰਘ ਆ ਜਾਇ, ਜਬ ਉਨ ਕੋ ਸੌਂਪੈਂ ਕਿਲਾ ।
ਵੇ ਹਮਰੇ ਪ੍ਰਿਯ ਭਾਇ, ਜੋ ਮਨ ਆਵੈ ਸੋ ਕਰੈਂ" ॥੨੨੧॥
ਕਰ ਸਲਾਹ ਯਹ ਸਾਜ, ਹੀਰਾ ਸਿੰਘ ਮਹਾਰਾਜ ਸੋਂ ।
ਸ੍ਰੀ ਗੁਲਾਬ ਸਿੰਘ ਰਾਜ, ਕਰੀ ਤਿਆਰੀ ਜੰਗ ਕੀ ॥੨੨੨॥

ਕਬਿੱਤੁ ।

ਤੋਪੈਂ ਦਮਦਮਨ ਪੈ ਚਢਾਈ ਚਹੂੰ ਓਰਨ ਸੋਂ,
ਚਾਰ ਹੂੰ ਤਰਫ਼ ਕੀ ਸਫੀਲ ਪੈ ਸਿਪਾਹੀ ਹੈਂ ।
ਬਾਂਟ ਦਈ ਦਾਰੂ ਅਰੁ ਗੋਲੀ ਝੋਲੀ ਅਨਤੋਲੀ;
ਬੋਲੀ ਮਾਰਿ ਕਹੀ- "ਦੇਖੈਂ ਕੌਨ ਸੇ ਉਛਾਹੀ ਹੈਂ" ।
ਕਿਲੇ ਕੀ ਕਮਾਲ ਮਜਬੂਤੀ ਔ ਅਭੂਤੀ ਕਰੀ,
ਕੂਤੀ ਨਹੀਂ ਜਾਇ ਠੌਰ ਠੌਰ ਚਿਤ ਚਾਹੀ ਹੈ ।
ਆਪ ਸ੍ਰੀ ਗੁਲਾਬ ਸਿੰਘ ਭਏ ਬ੍ਰਹਮ ਵਯਾਪਕ ਸੇ,
ਦੇਖੋ ਜਹਾਂ ਜਾਇ ਦੀਖੈਂ ਤੁਰਤ ਤਹਾਂ ਹੀ ਹੈਂ ॥੨੨੩॥

ਦੋਹਰਾ ।

ਦ੍ਵਾਰ ਹਜ਼ੂਰੀ ਬਾਗ ਕੋ; ਹੈ ਪਰੇਟ[੧੦੮] ਕੀ ਓਰ ।
ਪ੍ਰਥਮ ਤਹਾਂ ਤੋਪੈਂ ਕਛੂ, ਸ਼ੇਰ ਸਿੰਘ ਦਿਯੋ ਜੋਰ ॥੨੨੪॥
ਤੋਪ ਹੁਤੀ ਭੀਤਰ ਤਹਾਂ, ਛਰਰਾ ਭਰੀ ਤਿਆਰ ।
ਸੋ ਉਨ ਦਾਗੀ ਔਚਕਾਂ, ਦਿਯੈ ਤੁਰੰਗ, ਨਰ ਮਾਰ ॥੨੨੫॥
ਇਤਨੇ ਮੈਂ ਆਯੋ ਤਹਾਂ, ਧੌਂਕਲ ਸਿੰਘ[੧੦੯] ਸਰ ਨਾਮ ।
ਅਰਜ ਕਰੀ ਕਰ ਜੋਰ ਕੈ, "ਕੀਜੈ ਅਬ ਯਹ ਕਾਮ ॥੨੨੬॥

---

੧੦੬. ਜਲਦੀ, ਤੇਜ਼ੀ ਨਾਲ ਤੇਗ਼ਾਂ ਮਾਰਨ ਵਾਲੇ । ੧੦੭. ਕੰਨ ।
੧੦੮. ਪਰੇਡ, parade (ਫ਼ੌਜੀ ਕੰਮਾਂ ਦੀ ਸਿਖਲਾਈ ਵਲ) ।
੧੦੯. ਸਰਦਾਰ ਧੌਂਕਲ ਸਿੰਘ, ਇਕ ਪ੍ਰਸਿਧ ਫ਼ੌਜੀ ਜਰਨੈਲ ।

ਹੈ ਮਸੀਤ ਕੇ ਬਾਹਰ ਇਕ, ਖਿਰਕੀ ਬਾਹਰ ਓਰ ।
ਸੋ ਮੋਰੋ ਕਬਜ਼ਾ ਤਹਾਂ, ਧਸ ਚਲਿਯੈ ਬਲ ਜੋਰ ॥੨੨੭॥
ਪਲਟਨ ਹੈ ਮੇਰੀ ਜਹਾਂ, ਤਹਾਂ ਬਿਰਾਜੋ ਆਪ ।
ਨਗਰ ਦੁਹਾਈ ਫੇਰਿਯੈ, ਮਿਟੈ ਪ੍ਰਜਾ ਕੀ ਤਾਪ" ॥੨੨੮॥

ਕਬਿੱਤੁ ।

ਸੁਨ ਕੈ ਬਚਨ ਐਸੇ ਸ਼ੇਰ ਸਿੰਘ ਮਹਾਰਾਜ,
ਹ੍ਵੈ ਕਰ ਪ੍ਰਸੰਨ ਕਹੀ- "ਨੀਕੀ ਤੁਮ ਕਹੀ ਹੈ" ।
ਸੈਨਾ ਲੈ ਸਿਧਾਏ ਉਨ ਖਿਰਕੀ ਖੁਲਾਏ ਪਟ[110],
ਭੀਤਰ ਧਸਾਏ ਜਹਾਂ ਪਲਟਨ ਰਹੀ ਹੈ ।
ਜਾਤੇ ਹੀ ਨਗਰ ਮੈਂ ਦੁਹਾਈ ਫਿਰਵਾਇ ਦੀਨੀ,
ਫੇਰ ਕੀਨੇ ਮੋਰਚੇ ਸਫੀਲਨ ਸੋਂ ਸਹੀ ਹੈ ।
ਨਗਰ ਹੂੰ ਕੀ ਤੋਪੈਂ ਸਭ ਹਾਜਰ ਹੁਕਮ ਭਈ,
ਅਮਿਲਜੋ[111] ਰਹਜੋ ਨ ਕੋਊ, ਦੈਵੀ ਪੌਨ ਵਹੀ ਹੈ[112] ॥੨੨੯॥
ਆਦਿ ਹੀ ਸੇ ਸ੍ਰੀ ਸ਼ੇਰ ਸਿੰਘ ਜੂ ਕੀ ਹਰ ਤਰਫਨ ਸੋਂ,
ਕਿਲੇ ਕੋ ਤੜਾਕ ਤੋਪ ਤੇਜ ਤੜੜਾਨੀ ਹੈ ।
ਫੌਜ ਕੇ ਗਰੱਟੂ ਵੇ ਕਪੱਟੂ ਲੈ ਲੈ ਲਰੈਂ ਝੱਟੂ,
ਚੱਟੂ ਚੱਟੂ ਗੋਲੈਂ ਚਾਲੈਂ ਭੂਮਿ ਦਹਿਲਾਨੀ ਹੈ ।
ਦੌਰੇ ਫਿਰੇਂ ਅਫ਼ਸਰ ਕਸਰ ਨ ਰਾਖੈਂ ਕਛੂ,
ਸਰ ਕਰਬੇ ਕੀ ਚਾਹਿ ਅਧਿਕ ਉਠਾਨੀ ਹੈ ।
ਜੋਰ ਕਰੈਂ ਸ਼ੋਰ ਕਰੈਂ, ਘਨ ਕੀ ਸੀ ਘੋਰ ਕਰੈਂ,
ਤੋਰ ਕਰੈਂ ਬਾਢਨ ਕੀ ਗਾਢਿ ਗਹਰਾਨੀ ਹੈ ॥੨੩੦॥
ਅੰਦਰ ਕਿਲੇ ਕੇ ਏਕ ਓਰ ਹੋ ਅਤਰ ਸਿੰਘ,
ਕੂਦ ਕੂਦ ਕਹੈ : "ਮਾਰਿ ਮਾਰਿ ਟਾਰ ਦੇਹੁ ਰੇ !
ਜਹਾਂ ਸ਼ੇਰ ਸਿੰਘ ਤਹਾਂ ਸਿਸਤ ਬਾਂਧਿ ਮਾਰੋ ਕੋਈ,
ਠੱਟੂ ਸਭ ਸੈਨਾ ਕੋ ਸਰਕ ਜਾਇ ਪੈ ਦੂਰੇ ।
ਮੇਰੀ ਹੈ ਪ੍ਰਤਿਗਯਾ ਸ਼ੇਰ ਸਿੰਘ ਸਰਕਾਏ ਬਿਨ,
ਪਾਨੀ ਹੂੰ ਪੀਓਂ ਨਾ, ਚਾਹੇ ਛੂਟ ਜਾਇ ਦੇਹੁ ਰੇ ।"
ਊਪਰ ਤੇ ਬਾਤ ਕੀ ਕਰਤ ਪੱਛ ਅੱਛ ਅੱਛ,
ਭੀਤਰ ਖਰਾਬ ਹੋਤ ਕੱਛ, ਸਿਰ ਖੇਹੁ ਰੇ ॥੨੩੧॥

---

੧੧੦. ਤਖ਼ਤੇ । ੧੧੧. ਅਜਿਹਾ ਕੋਈ ਆਦਮੀ ਨਾ ਰਿਹਾ ਜੋ ਮਿਲਿਆ ਨਾ ਹੋਵੇ ।
੧੧੨. ਕਿਸਮਤ ਦੀ ਹਵਾ ਚੱਲੀ ਹੈ ।

ਸ੍ਰੀ ਗੁਲਾਬ ਸਿੰਘ ਅਰ ਭੂਪ ਹੀਰਾ ਸਿੰਘ ਦੋਊ,
ਸਿਸਤ ਬਾਂਧਿ ਬਾਂਧਿ ਤੋਪ ਚਲਵਾਵੈਂ ਪੁਨਿ ਪੁਨਿ ।
ਬਾਢਯੋ ਹੈ ਉਛਾਹ ਹਿਯੇ ਦੇਖ ਕੈ ਸਮਰ[੧੧੩] ਬਰ,
ਆਵੈ ਜੌਂ ਅਮਰ ਤਊ ਭਜੈਂ ਸੀਸ ਧੁਨਿ ਧੁਨਿ ।
ਜਯੋਂ ਜਯੋਂ ਬਹੁ ਭੀਰ ਬਾਹਰੀਨ ਕੀ ਨਜ਼ਰ ਆਵੈ,
ਤਯੋਂ ਤਯੋਂ ਧੀਰ ਬੀਰਤਾ ਬਢਤ ਅਵੈਂ ਗੁਨਿ ਗੁਨਿ ।
ਕਠਿਨ ਕਤਾਰੈਂ, ਰਾਜ ਪੂਤਨ ਕੀ ਵਾਰੈਂ ਪਾਰੈਂ
ਮਾਚੈਂ ਭਰਮਾਰੈਂ ਏਕ ਏਨ ਕੋ ਚੁਨਿ ਚੁਨਿ ॥੨੩੨॥
ਬਾਹਰ ਤੇ ਤੋਪਨ ਕੀ ਕੀਨੀ ਤਜਵੀ ਐਸੀ,
ਭਰਨ ਨ ਦੇਇ ਥੈਲੀ,ਰਹਿ ਜਾਇ ਹਥ ਹੀ ।
ਦੂਜੇ ਆਇ ਭਰੀ ਤੌਂ ਨ ਸੁੰਘਾ ਸਰਕਾਵੈ ਕੋਊ,
ਸੁੰਘਾ ਹੂੰ ਲਗਯੋ ਤੌਂ ਗੋਲਾ ਗਿਰੈਂ ਉਰੈ ਪਥ ਹੀ ।
ਗੋਲਾ ਹੂੰ ਕੱਦਾਚਿਤ ਪਹੁੰਚ ਗਯੋ ਤੋਪ ਮਾਹਿ,
ਤੌਂ ਨ ਮਹਿਤਾਬ ਦੇਤ ਦਾਗਨ ਅਕਥ ਹੀ ।
ਜੌਂ ਪੈ ਗਈ ਦਗ ਤੌਂ ਉਲਟ ਲਗ ਜਾਇ ਉਨੈਂ,
ਗੋਲਾ ਪਰ ਗੋਲਾ ਮਾਰ ਮਾਰੈਂ ਮਥ ਮਥ ਹੀ ॥੨੩੩॥
ਕਿਲੇ ਕੇ ਸਮੀਪ ਕਾਹੂੰ ਆਵਨ ਨ ਦੇਤ ਤਹਾਂ,
ਆਗੇ ਕਢਯੋ ਦੀਖਯੋ ਕੈ ਤੜਾਕ ਮਾਰਯੋ ਗਯੋ ।
ਕੀਨੀ ਸਭ ਪਲਟਨੈ ਬਿਹਾਲ ਬਦਹਾਲ ਹਾਲ,
ਐਸੋ ਜੰਬੂਵਾਲ ਭੂਪ ਜੋ ਅਨੂਪ ਭਯੋ ਹੈ ।
ਦੇਖ ਰਹੀ ਰਜਮਨ ਧਜ ਮਨ ਰਾਖ ਤਜੇ,
ਤਜ ਮਨ ਧੀਰ ਰਹੇ, ਯਹ ਜੁੱਧ ਨਯੋ ਹੈ ।
ਖਾਨ ਨਹਿ ਦੇਤ, ਨਹਿ ਕਰਨ ਜਲ ਪਾਨ ਦੇਤ,
ਜਾਨ ਨਾਹਿੰ ਦੇਤ ਕਾਹੂੰ, ਜਾਦੂ ਸੀਖ ਲਯੋ ਹੈ ॥੨੩੪॥

ਸੋਰਠਾ ।

ਲਖਿ ਲਖਿ ਜੁੱਧ ਸਮਾਜ, ਸ੍ਰੀ ਗੁਲਾਬ ਸਿੰਘ ਕਹਿ ਉਠੇ :-
"ਹੀਰਾ ਸਿੰਘ ਜੂ ! ਆਜ, ਮੋਹਿ ਉਠਤ ਰਣ ਕੀ ਲਹਰ ॥੨੩੫॥

ਕਬਿੱਤੁ ।

ਬਿਨਾ ਧਯਾਨ ਸਿੰਘ ਆਏ ਕੈਸੇ ਮੈਂ ਕਿਲੇ ਤੇ ਕਢੌਂ,
ਨਹੀਂ ਤੋ ਚਖਾਊਂ ਇਨੈਂ ਤੇਗ ਰਜਪੂਤੀ ਕੀ ।

---

੧੧੩. ਜੰਗ ।

ਮੇਰੇ ਸਾਥ ਚਲੈਂ, ਏ ਭਜੈਂਗੇ ਸਾਥ ਛੋਡਿ ਛੋਡਿ,
ਮਾਥ[੧੧੪] ਕਾਟਿ ਕਾਟਿ ਮਾਲ ਕਰੌਂ ਮੈਂ ਬਿਭੂਤੀ ਕੀ[੧੧੫]।
ਜੱਦਪਿ ਹੈ ਸੈਨਾ ਸਭ ਬੀਰਨ ਕੀ ਧੀਰ ਭਰੀ,
ਤੱਦਪਿ ਹਟਾਊਂ ਪੈ ਹਟਾਊਂ ਇਕ ਸੂਤੀ ਕੀ।
ਹਿੰਮਤ ਅਕੂਤੀ ਕੀ ਔ ਕਿੰਮਤ ਸਪੂਤੀ ਕੀ,
ਯੌਂ ਸੂਰਨ ਮੈਂ ਦੀਖ ਹੈ ਅਭੂਤੀ ਮਜਬੂਤੀ ਕੀ" ॥੨੩੬॥

ਦੋਹਰਾ।

ਬਾਹਰ ਤੇ ਬਹੁ ਤੋਪ ਕੇ, ਬੰਧੇ ਜੰਜੀਰੇ ਆਇ।
ਕਿਲੇ ਮਾਹਿ ਗੋਲਾਨ ਕੀ, ਬਰਖਾ ਸੀ ਦਰਸਾਇ ॥੨੩੭॥

ਕਬਿੱਤੁ।

ਕਹੈ ਚੰਦ ਕੌਰ- "ਰਾਜਾ ਸਾਹਿਬ ਜੂ ! ਲਰੌ ਮਤ,
ਕਿਲਾ ਦੇਇ ਡਾਰੌ ਅਬ ਬਾਤ ਬਿਗਰੀ ਸੀ ਹੈ।"
ਸ੍ਰੀ ਗੁਲਾਬ ਸਿੰਘ ਹੰਸਿ ਹੀਰਾ ਸਿੰਘ ਕਹੈਂ ਦੋਊ,
"ਖਤ੍ਰਿਨ ਕੀ ਅੜੀ ਕਹੂੰ ਪੀਛੇ ਹੀ ਹਟੀ ਸੀ ਹੈ।"
ਸੁਨਤ ਪ੍ਰਮਾਨ, ਸਨੀ ਸੂਖੀ ਸੀ ਸਕੀ ਸੀ ਭਈ,
ਤਰਫ਼ੈ ਚਿਰੀ ਸੀ, ਅਤਿ ਕਖੀ ਥਕੀ ਸੀ ਹੈ।
ਚੌਂਕੀ ਸੀ, ਚਕੀ ਸੀ, ਉਚਕੀ ਸੀ ਔ ਚਪੀ ਸੀ ਖੀਸੀ,
ਚੂਕੀ ਸੀ ਚਿਰੀ ਚੂਰ, ਚਿੰਤਾ ਮੈਂ ਚਰੀ ਸੀ ਹੈ ॥੨੩੮॥

**(ਰਾਜਾ ਧਿਆਨ ਸਿੰਘ ਦੀ ਆਮਦ 'ਤੇ ਲਾਹੌਰ ਉਤੇ ਕਬਜ਼ਾ)**

ਦੋਹਰਾ।

ਦਿਵਸ ਰਾਤ ਕੈਈ ਚਲੇ, ਗੋਲਨ ਕੇ ਸਮੁਦਾਇ।
ਇਤਨੇ ਮੈਂ ਦਾਖਲ ਭਏ, ਧਜਾਨ ਸਿੰਘ ਨ੍ਰਿਪ ਆਇ।੨੩੯।

ਕਬਿੱਤੁ।

ਰਾਜਾ ਧਜਾਨ ਸਿੰਘ ਆਇ ਉਤਰੇ ਦਰਿਆਉ ਤਟ,
ਕਹੀ ਸ਼ੇਰ ਸਿੰਘ ਜੂ ਸੋਂ ਕਾਹੂੰ ਯੌਂ ਸੁਨਾਇ ਕੈ।
ਸੁਨਤ ਪ੍ਰਮਾਨ ਕਹਵਾਇ ਭੇਜੀ- "ਆਉ ਯਹਾਂ",
ਭੂਪ ਕਹੀ- "ਭਈ ਰਾਤ ਐਹੈਂ ਪ੍ਰਾਤ ਭਾਇ ਕੈ।
ਪ੍ਰੇਮ ਕੋ ਪ੍ਰਵਾਹ ਪੂਰ ਹਿਯ ਮੈਂ ਅਥਾਹ ਉਠਯੋ,
ਜਯੋਂ ਜਯੋਂ ਕਟੀ ਰਾਤ ਭਯੋ ਭੋਰ ਸ਼ੋਰ ਪਾਇ ਕੈ।
ਧਾਇ ਕੈ ਹਜੂਰ ਆਪ ਜਾਇ ਕੈ ਲਿਵਾਇ ਲਾਏ,
ਕੰਠ ਸੋ ਲਗਾਇ ਕੈ, ਹਿਯੈ ਮੈਂ ਸੁਖ ਪਾਇ ਕੈ ॥੨੪੦॥

---

੧੧੪. ਸਿਰ।    ੧੧੫. ਸ਼ਿਵ ਜੀ ਦੀ।

ਕਹੀ ਸਰਕਾਰ ਧਯਾਨ ਸਿੰਘ ਜੂ ਸੋਂ- "ਆਏ ਭਲੇ,
ਬੰਧੁ ਸੁਤ ਆਪਨੇ ਪਤਯਾਯ ਰਾਖੋ ਪਾਸ ਹੈ ।
ਮੁਲਕ ਖਜਾਨੋ ਰਾਜ ਸਾਜ ਯਹ ਰਾਵਰੋ ਹੈ,
ਫੌਜ ਮੌਜ ਔਰ ਸਭ ਤੇਰੋ ਹੀ ਬਿਲਾਸ ਹੈ ।
ਮੋਹਿ ਤੌਂ ਸਿਰਫ ਇਕ ਨਾਮ ਹੀ ਸੋਂ ਕਾਮ ਅਰ,
ਤੋ ਸੋਂ ਮਿਲ ਬੈਠਬੇ ਕੋ ਅਧਿਕ ਹੁਲਾਸ ਹੈ ।
ਤੂੰਹੀ ਆਸ ਪਾਸ ਤੂੰਹੀ ਭੂਮਿ ਔ ਅਕਾਸ ਮੋਹਿ,
ਤੋਹੀ ਪੈ ਵਿਸ੍ਵਾਸ, ਕੋ ਖਵਾਸ ਮੇਰੋ ਖਾਸ ਹੈ" ॥੨੪੧॥
ਆਨੰਦ ਕਰੈਯਾ ਸ੍ਰੀ ਮਹੀਪ ਧਯਾਨ ਸਿੰਘ ਜੂ ਨੈਂ,
ਕਹਿ ਮਹਾਰਾਜ ਸ਼ੇਰ ਸਿੰਘ ਜੂ ਸੋਂ ਬਾਤੇਂ ਹੈਂ ।
ਤੁਰਤ ਕਹਾਇ ਭੇਜੀ ਕਿਲੇ ਮੈਂ- "ਲਰੋ ਨ ਕੋਈ,
ਈਹਾਂ ਊਂ ਕਰਾਈ ਬੰਦ ਤੋਪਨ ਕੀ ਪਾਂਤੈਂ ਹੈਂ ।"
ਫੇਰ ਬੰਧੂ ਸੁਤ ਕੌਂ ਬੁਲਾਇ ਪਾਸ ਉਤਰਾਏ,
ਅਤਰ ਸਿੰਘ ਹੂੰ ਕੌਂ ਕਹੀ-"ਕਢ ਆਓ ਹ੍ਵਾਂਤੇਂ ਹੈਂ ।"
ਕਿਲੇ ਕੌਂ ਕਰਾਇ ਖਾਲੀ ਥਾਨੇ ਕੌਂ ਪਠਾਇ ਹਾਲੀ,
ਦੋਊ ਕੌਂ ਖੁਸ਼ਾਲੀ ਚਿਤ ਭਈ ਭਾਂਤਿ ਭਾਂਤੈ ਹੈਂ ॥੨੪੨॥

ਦੋਹਰਾ ।

ਸ੍ਰੀ ਗੁਲਾਬ ਸਿੰਘ ਨੈਂ ਕਿਲਾ, ਧਯਾਨ ਸਿੰਘ ਕੋ ਸੌਂਪ ।
ਉਤਰੇ ਜਾਇ ਦਰਿਆਉ ਤਟ[੧੧੬], ਹਟੀ ਨ ਰਨ ਕੀ ਚੌਂਪ॥੨੪੩॥
ਫੇਰ ਨ੍ਰਿਪਤਿ ਸ੍ਰੀ ਧਯਾਨ ਸਿੰਘ, ਬੰਧੂ ਪੁਤ੍ਰ ਲੈ ਜਾਇ ।
ਸ੍ਰੀ ਹਜ਼ੂਰ ਸੋਂ ਮੇਲ ਦਿਯ, ਦਯਾ ਦ੍ਰਿਸ਼ਟਿ ਕਰਵਾਇ[੧੧੭] ॥੨੪੪॥

---

੧੧੬. ਇਸ ਮੌਕੇ ਤੇ ਗੁਲਾਬ ਸਿੰਘ ਡੋਗਰੇ ਨੇ ਮੋਤੀ ਮੰਦਿਰ (ਕਿਲ੍ਹੇ) ਦਾ ਸਾਰਾ ਖ਼ਜ਼ਾਨਾ ਲੁੱਟ ਲਿਆ ਤੇ ਕਿਲ੍ਹਾ ਛੱਡਣ ਤੋਂ ਪਹਿਲਾਂ ਕੌਰ ਸ਼ੇਰ ਸਿੰਘ ਤੋਂ ਵਾਅਦਾ ਲੈ ਲਿਆ ਕਿ ਉਸ ਦੀ ਫੌਜ ਦੀ ਤਲਾਸ਼ੀ ਨਹੀਂ ਲਈ ਜਾਵੇਗੀ । ਮਿਸਟਰ ਪਾਣਿੱਕਰ ਦੇ ਕਥਨ ਅਨੁਸਾਰ ਇਸ ਸਮੇਂ ਗੁਲਾਬ ਸਿੰਘ ਦੇ ਹੱਥ ਇਤਨੀ ਦੌਲਤ ਸੀ:-
Sixteen carts were filled with Rupees and other silver coins, while 500 horse men were each entrusted with a bag of Gold Mohurs, with this vast treasure he returned to Jammu. (Gulab Singh, page 48)

੧੧੭. ਜਦ ਰਾਜਾ ਧਯਾਨ ਸਿੰਘ ਨੇ ਰਾਜਾ ਗੁਲਾਬ ਸਿੰਘ ਅਤੇ ਹੀਰਾ ਸਿੰਘ ਦੀ ਭੁੱਲ ਬਖਸ਼ਵਾਈ ਤਾਂ ਮਹਾਰਾਜਾ ਸ਼ੇਰ ਸਿੰਘ ਨੂੰ ਪ੍ਰਸੰਨ ਹੋਏ ਦੇਖ ਕੇ ਗੁਲਾਬ ਸਿੰਘ ਨੇ ਸ਼ਿਕਾਇਤ ਕੀਤੀ ਕਿ ਖ਼ਜ਼ਾਨਾ ਮੋਤੀ ਮੰਦਿਰ ਦੀ ਗਾਰਦ ਦੇ ਸਿੱਖ ਸਿਪਾਹੀ ☛

ਕਬਿੱਤੁ।

ਕਹੀ ਸ੍ਰੀ ਹਜ਼ੂਰ ਨੇ "ਗੁਲਾਬ ਸਿੰਘ ਭੂਪ ਸੁਨੋ,
ਜੈਸੇ ਨ੍ਰਿਪ ਧਯਾਨ ਸਿੰਘ ਤੈਸੇ ਤੁਮ ਪਯਾਰੇ ਹੋ।
ਕਹਾਂ ਭਯੋ ਕਰੀ ਜੰਗ, ਅੰਤ ਤੋ ਰਹਯੋ ਹੈ ਰੰਗ,
ਅੰਗ ਤੁਮ ਮੇਰੇ ਸਦਾ ਸੰਗ ਪ੍ਰਨ ਧਾਰੇ ਹੋ।"
ਹੀਰਾ ਸਿੰਘ ਜੂ ਸੋਂ ਹਸਿ ਹਰਖਿ ਹਜ਼ੂਰ ਬੋਲੇ:-
"ਭਾਈ ਸਗੇ ਮੇਰੇ ਤੁਮ ਹੋਤ ਕੈਸੇ ਨਯਾਰੇ ਹੋ ?
ਵਾਰੇ ਹੋ, ਦੁਲਾਰੇ ਹੋ, ਸੁ ਪ੍ਰਾਨ ਹੂੰ ਤੇ ਪਯਾਰੇ ਹੋ,
ਜੁ ਪੂਰ ਪਖਵਾਰੇ ਹੋ, ਹਮਾਰੇ ਰਖਵਾਰੇ ਹੋ" ॥੨੪੫॥

ਦੋਹਰਾ।

ਐਸੇ ਸਬ ਸੋਂ ਮੇਲ ਕਰਿ, ਸ੍ਰੀ ਹਜ਼ੂਰ ਸੁਖਦਾਇ।
ਡੇਰਾ ਕਿਯੋ ਪਰੇਟ ਮੈਂ, ਫੌਜ ਪਾਸ ਉਤਰਾਇ ॥੨੪੬॥
ਚੰਦ ਕੌਰ ਸੌਂ ਜਾਇ ਕੈ, ਕਹੀ ਹਜ਼ੂਰ ਸੁਜਾਨ।
ਭਜਨ ਕਰੋ, ਭੋਜਨ ਕਰੋ, ਕਰੋ ਦਾਨ ਹਰਿ ਧਯਾਨ ॥੨੪੭॥

**(ਮਹਾਰਾਜ ਸ਼ੇਰ ਸਿੰਘ ਦੀ ਗੱਦੀ-ਨਸ਼ੀਨੀ)**

ਕਬਿੱਤੁ।

ਸ੍ਰੀ ਮਹੀਪ ਧਯਾਨ ਸਿੰਘ ਜੂ ਨੈ ਤਜਵੀਜ਼ ਕਰਿ,
ਜੋਤਸ਼ੀ ਬੁਲਾਏ ਮਨ ਭਾਏ ਜੋ ਸੁਹਾਏ ਹੈਂ।
ਪੂਛ ਕੈ ਮੁਹੂਰਤ ਜਲੂਸ ਕੀ ਤਿਆਰੀ ਕਰੀ,
ਨਏ ਨਏ ਸਾਜ ਭਾਂਤਿ ਭਾਂਤਿ ਬਨਵਾਏ ਹੈਂ।

---

☛ ਨਾ ਤਾਂ ਮਹਾਰਾਣੀ ਚੰਦ ਕੌਰ ਦੇ ਵਫਾਦਾਰ ਹਨ ਤੇ ਨਾ ਹੀ ਕੌਰ ਸ਼ੇਰ ਸਿੰਘ ਦੇ, ਤੇ ਉਨ੍ਹਾਂ ਨੂੰ ਸਜ਼ਾ ਦੇਣ ਲਈ ਉਸ ਨੇ ਆਗਿਆ ਮੰਗੀ। ਕੌਰ ਸਾਹਿਬ ਉਸ ਦੀ ਇਹ ਸ਼ਿਕਾਇਤ ਸੁਣ ਕੇ ਕੁਝ ਨਾ ਬੋਲੇ ਤੇ ਗੁਲਾਬ ਸਿੰਘ ਨੇ ਖਾਮੋਸ਼ੀ ਨੀਮ ਰਜ਼ਾ ਸਮਝ ਕੇ ਉਸ ਗਾਰਦ ਦੇ ਸਿਪਾਹੀ ਫੜ ਕੇ ਤੋਪਾਂ ਨਾਲ ਉਡਾ ਦਿੱਤੇ ਅਤੇ ਉਨ੍ਹਾਂ ਦੀ ਥਾਵੇਂ ਸ਼ੇਰ ਸਿੰਘ ਦੀ ਗਾਰਦ ਖ਼ਜ਼ਾਨੇ ਉਤੇ ਨਿਯਤ ਕਰ ਦਿੱਤੀ (ਕਲਕੱਤਾ ਜਰਨਲ, ੧੯੪੧ ਪ੭, ਸਫਾ ੧੧੯) ਅਸਲ ਵਿਚ ਉਹ ਗਾਰਦ ਦੇ ਮਜ਼ਲੂਮ ਸਿੱਖ, ਜਿਨ੍ਹਾਂ ਨੂੰ ਸਜ਼ਾ ਦਿੱਤੀ ਗਈ, ਕੌਰ ਨੌ-ਨਿਹਾਲ ਸਿੰਘ ਅਤੇ ਮਹਾਰਾਣੀ ਚੰਦ ਕੌਰ ਦੇ ਵਫਾਦਾਰ ਨੌਕਰ ਸਨ। ਉਨ੍ਹਾਂ ਨੇ ਸਰਕਾਰ ਦੇ ਖ਼ਜ਼ਾਨੇ ਉਤੇ ਗੁਲਾਬ ਸਿੰਘ ਦਾ ਹੱਥ ਵਧਦਾ ਦੇਖ ਕੇ ਉਸ ਨੂੰ ਰੋਕਿਆ ਸੀ, ਨਾਲੇ ਉਹ ਉਸ ਲੁੱਟ ਦੇ ਮਾਲ ਤੋਂ, ਜੋ ਗੁਲਾਬ ਸਿੰਘ ਨੇ ਕਿਲ੍ਹੇ ਦੇ ਖ਼ਜ਼ਾਨੇ ਵਿਚੋਂ ਉਨ੍ਹਾਂ ਦੀਆਂ ਅੱਖਾਂ ਦੇ ਸਾਹਮਣੇ ਲੁੱਟਿਆ ਸੀ, ਚੰਗੀ ਤਰ੍ਹਾਂ ਵਾਕਿਫ਼ ਸਨ, ਜਿਸ ਕਰਕੇ ਉਨ੍ਹਾਂ ਨੂੰ ਇਸ ਨਿਮਕ-ਹਲਾਲੀ ਦਾ ਬਦਲਾ ਪ੍ਰਾਣ-ਦੰਡ ਮਿਲਿਆ।

ਸ੍ਰੀ ਬਸੰਤ ਪੰਚਮੀ ਕੌਂ ਪੰਚਨ ਮੈਂ ਪ੍ਰਨ ਪੂਰਿ,
ਸ਼ੇਰ ਸਿੰਘ ਜੂ ਕੋ ਲਾਇ ਤਖਤ ਬਿਠਾਏ ਹੈਂ ।
ਰਤਨ ਪੈਨਾਏ, ਚੌਰ ਛਤ੍ਰ ਸੋਂ ਸਜਾਏ, ਆਪ-
ਦੇਖਿ ਹਰਖਾਏ, ਸਰਕਾਰ ਛਬਿ ਛਾਏ ਹੈਂ[੧੧੮] ॥੨੪੮॥

ਦੋਹਰਾ ।

ਨਜ਼ਰ ਆਪ ਦੈ ਸਬਨ ਸੋਂ, ਦਿਲਵਾਈ ਕਰ ਪ੍ਰੀਤ ।
ਖੁਸ਼ ਬਖਤੀ ਕੀ ਸ਼ਲਕ ਪੁਨਿ, ਕਰਵਾਈ ਨ੍ਰਿਪ ਨੀਤ ॥੨੪੯॥
ਬਖਸੀਸੈਂ ਦੀਨੀ ਬਹੁਤ, ਲਈ ਅਸੀਸੈਂ ਆਪ ।
ਨਗਰ ਖੁਸ਼ੀ ਸੋਂ ਭਰ ਗਯੋ, ਦੀਸੈ ਪ੍ਰਗਟ ਪ੍ਰਤਾਪ ॥੨੫੦॥

ਕਬਿੱਤੁ ।

ਸਾਗਰ ਸਾਗਰ ਨਜਾਯ ਨਾਗਰ ਉਜਾਗਰ ਹੈਂ,
ਰਾਜਨੀਤ ਆਗਰ ਪ੍ਰਤੀਤ ਪ੍ਰਗਟਾਈ ਹੈ ।
ਸ੍ਰੀ ਹਮੀਰ ਦੇਵ[੧੧੯] ਕੋ ਸੋ ਹਠ ਔ ਠਸਕ ਰਾਖੀ,
ਰਾਖੀ ਰਜਪੂਤੀ ਕੀ ਲਸਕ ਸਰਸਾਈ ਹੈ ।
ਗਵਾਲ ਕਵਿ ਕਹੈ ਸ੍ਰੀ ਯੁਧਿਸਟਰ ਸੋਂ ਸਤਯਵਾਦੀ[੧੨੦],
ਜੈ ਸਿੰਘ ਸਵਾਈ[੧੨੧] ਸੀਸ ਟੇਕ ਨੇਕ ਭਾਈ ਹੈ ।
ਗਈ ਹੈ ਜਹਾਨ ਪ੍ਰਨ ਪਾਲਬੇ ਕੀ ਕੁਸਲਾਈ,
ਕੀਰਤਿ ਧਰਾ ਪੈ ਧਯਾਨ ਸਿੰਘ ਜੂ ਕੀ ਛਾਈ ਹੈ ।੨੫੧।

ਦੋਹਰਾ ।

ਧੰਨਯ ਧੰਨਯ ਸ੍ਰੀ ਧਯਾਨ ਸਿੰਘ, ਨਗਰ ਅਸੀਸੈਂ ਦੇਤ ।
ਪ੍ਰਨ ਪੂਰੇ ਸੂਰੋ ਸਦਾ, ਰਨ ਰੂਰੋ ਬੁਧਿ ਕੇਤ ॥੨੫੨॥
ਦਿਯੋ ਹੁਕਮ ਸਭ ਫੌਜ ਕੌਂ, ਸ੍ਰੀ ਹਜ਼ੂਰ ਬੁਲਵਾਇ ।
ਅਪਨੀ ਅਪਨੀ ਛਾਵਨੀ, ਸਭ ਤੁਮ ਉਤਰੌ ਜਾਇ ॥੨੫੩॥

---

੧੧੮. ਮਹਾਰਾਜਾ ਸ਼ੇਰ ਸਿੰਘ ਨੂੰ, ਬਾਬਾ ਬਿਕ੍ਰਮ ਸਿੰਘ ਜੀ ਬੇਦੀ ਊਨੇ ਵਾਲੇ ਦੇ ਹੱਥੋਂ, ਬਸੰਤ ਪੰਚਮੀ, ਸੰਮਤ ੧੮੯੭ ਬਿ: ਨੂੰ ਰਾਜ-ਤਿਲਕ ਦਿੱਤਾ ਗਿਆ । (ਪੰ: ਗ: ਗੀ:)

੧੧੯. ਰਣਥੰਭੌਰ ਦਾ ਇਕ ਰਾਜਪੂਤ ਰਾਜਾ, ਜਿਸ ਨੇ ਅਲਾਉਦੀਨ ਬਾਦਸ਼ਾਹ ਨਾਲ ਜੰਗ ਕੀਤਾ ਸੀ ।

੧੨੦. ਪ੍ਰਸਿੱਧ ਪਾਂਡਵ ਰਾਜਾ ਯੁਧਿਸਟਰ । ਇਸ ਦਾ ਹਾਲ ਮਹਾਂ-ਭਾਰਤ ਵਿਚ ਹੈ ।

੧੨੧. ਜਯ ਸਿੰਘ ਸਵਾਈ ਜੈਪੁਰ ਦਾ ਰਾਜਾ ਸੀ । ਸੰਨ ੧੭੦੮ ਈ: ਵਿਚ ਜੈਪੁਰ ਉਤੇ, ਜਿਥੇ ਕਿ ਔਰੰਗਜ਼ੇਬ ਨੇ ਕਬਜ਼ਾ ਕਰ ਕੇ ਆਪਣਾ ਹਾਕਮ ਨਿਯਤ ਕੀਤਾ ਸੀ, ਇਸ ਨੇ ਕਬਜ਼ਾ ਕਰ ਲਿਆ ।

ਅਤਰ ਨੀਚਤਾ ਕੋ ਵਡੋ, ਅਤਰ ਸਿੰਘ ਦੁਖਦਾਇ ।
ਬੇਦੀ ਬਿਕ੍ਰਮ ਸਿੰਘ ਕੇ, ਡੇਰੇ ਉਤਰਯੋ ਜਾਇ ॥੨੫੪॥

## (ਸੰਧਾਵਾਲੀਏ ਸਰਦਾਰਾਂ ਨੂੰ ਦੇਸ-ਨਿਕਾਲਾ)

ਕਬਿੱਤੁ ।

ਕਹੀ ਸਰਕਾਰ ਯੌਂ ਅਤਰ ਸਿੰਘ ਸੌਂ ਬੁਝਾਇ,
"ਬਡੀ ਸਰਕਾਰ ਆਗੇ ਜੈਸੇ ਬਨੇ ਰਹੇ ਹੌਂ ।
ਤੈਸੇ ਰਹੋ ਅਬਹੂੰ, ਨ ਕਬਹੂੰ ਉਦਾਸ ਹੋਊ,
ਸਭ ਹੀ ਕੇ ਆਗੇ ਕਹੌਂ, ਕੈਸੇ ਮੌਨ ਗਹੇ ਹੌਂ ?
ਮੁਲਕ ਖਜ਼ਾਨੌਂ, ਕਿਲਾ ਕੋਟ ਜੋ ਤਿਹਾਰੋ ਸਭ,
ਜਯੋਂ ਕੋ ਤਯੋਂ ਰਹੈਗੋ ਬਨਯੋ ਜੈਸੇ ਚਿਤ ਚਹੇ ਹੌਂ ।
ਡਹੇ ਹੌਂ ਕੌਨ ਡਾਹ ਸੌਂ, ਬਹੇ ਹੌਂ ਕੌਨ ਬਾਹ ਸੌਂ,
ਲਹੇ ਹੌਂ ਕੋਨ ਲਾਹ ਸੌਂ, ਭੂਲੌਂ ਜੋ ਕਿ ਕਹੇ ਹੌਂ" ॥੨੫੫॥

ਦੋਹਰਾ ।

ਸੁਨ ਕੈ ਐਸੇ ਅਤਰ ਸਿੰਘ, ਬੋਲਯੋ ਬਚਨ ਕਠੋਰ ।
"ਤੇਰੇ ਤਾਬੇ ਨਹਿ ਰਹੌਂ, ਲੈ ਹੌਂ ਅਪਨੇ ਜੋਰ" ॥੨੫੬॥
ਤਬ ਸਰਕਾਰ ਲਚਾਰ ਹ੍ਵੈ, ਕਹੀ ਕਿ "ਖੁਸ਼ੀ ਤੁਮਾਰ ।
ਭਾਗ ਲਿਖਯੋ ਸੋ ਭੋਗ ਹੌਂ, ਹਮਰੇ ਕਾ ਅਖਤਯਾਰ ॥੨੫੭॥
ਬੇਦੀ ਬਿਕ੍ਰਮ ਸਿੰਘ ਜੂ, ਰੁਖਸਦ ਹ੍ਵੈ ਸਰਕਾਰ ।
ਊਨਾ ਕੋ ਕੀਨਯੋ ਗਵਨ, ਸਾਧਿ ਰਾਜ ਵਯਵਹਾਰ ॥੨੫੮॥
ਅਤਰ ਸਿੰਘ ਹੂੰ ਸੰਗ ਹੀ, ਊਨਾ ਗਯੋ ਬਿਚਾਰ ।
ਕਛੁਕ ਦਿਨਾਂ ਹ੍ਵਾਂ ਰਹਿ ਗਯੋ, ਸਤਦ੍ਰੂਵਾ ਕੇ ਪਾਰ[੧੨੨] ॥੨੫੯॥

ਕਬਿੱਤੁ ।

ਸੁਨੀ ਸਰਕਾਰ ਨੇ ਅਤਰ ਸਿੰਘ ਪਾਰ ਗਯੋ,
ਮਿਲਯੋ ਹ੍ਵਾਂ ਅਜੀਤ ਸਿੰਘ ਕਰੈ ਬਾਤ ਖਾਰ ਕੀ ।
ਤਬ ਸਰਕਾਰ ਰਾਜੇ ਸਾਂਸੀ ਕੌ ਪਠਾਈ ਫੌਜ,
"ਕਿਲਾ ਢਾਹ ਦੇਓ ਬਸਤੁ ਲਾਓ ਘਰ ਬਾਰ ਕੀ ।
ਤੱਲਕੇ ਤਿਨੌਂ ਕੇ ਮਾਹਿ ਥਾਨਾ ਸਰਕਾਰੀ ਜਾਇ,
ਕਾਰਦਾਰ ਆਇ ਹਯਾਂ ਸੁਨਾਵੈ ਫ਼ਰਦ ਕਾਰ ਕੀ ।"

---

੧੨੨. ਸ: ਅਤਰ ਸਿੰਘ ਅਤੇ ਅਜੀਤ ਸਿੰਘ ਸੰਧਾਵਾਲੀਏ ਦਾ ਸਤਲੁਜੋਂ ਪਾਰ ਜਾਣ ਦਾ ਅਸਲ ਕਾਰਣ ਇਹ ਸੀ ਕਿ ਧਿਆਨ ਸਿੰਘ ਉਨ੍ਹਾਂ ਨੂੰ ਕਿਸੇ ਬਹਾਨੇ ਫੜ ਕੇ ਮੁਕਾ ਦੇਣ ਦਾ ਚਾਹਵਾਨ ਸੀ ।

ਬੋਇ ਗਯੋ ਆਗੇ ਹੀ ਅਜੀਤ ਸਿੰਘ ਆਪ ਆਛੈਂ,
ਸੀਂਚੀ ਹੈ ਅਤਰ ਸਿੰਘ ਬੱਲਰੀ ਬਿਗਾਰ ਕੀ ॥੨੬੦॥

**(ਸੰਧਾਂਵਾਲੀਆਂ ਦੀ ਤਬਾਹੀ)**

ਦੋਹਰਾ ।

ਰਾਜੇ ਸਾਂਸੀ ਕੋ ਗਈ, ਸਰਕਾਰੀ ਕਛੁ ਫੌਜ ।
ਮਾਰਿ ਤੋਪ ਢਾਹਯੋ ਕਿਲਾ, ਕਰੀ ਫੇਰ ਮਨ ਮੌਜ ॥੨੬੧॥
ਔਰ ਹੁਕਮ ਜੋ ਜੋ ਦਯੋ, ਸੋ ਸੋ ਭਯੋ ਜਥਾਰਥ ।
ਲੋਕ ਕਹੈਂ-"ਸਰਦਾਰ ਯੇ, ਬਿਗਰੇ ਆਪ ਅਕਾਰਥ ॥੨੬੨॥
ਇਤਿ ਮੈਂ ਸ੍ਰੀ ਸਰਕਾਰ ਸੋ, ਧਯਾਨ ਸਿੰਘ ਮਹਾਰਾਜ ।
ਜਥਾ ਜੋਗ ਕਰਨੇ ਲਗੇ, ਸਕਲ ਰਾਜ ਕੋ ਕਾਜ ॥੨੬੩॥

**(ਕੌਰ ਪ੍ਰਤਾਪ ਸਿੰਘ ਦਾ ਸਨਮਾਨ)**

ਕਬਿੱਤੁ ।

ਮਹਾਰਾਜ ਸ਼ੇਰ ਸਿੰਘ ਜੂ ਕੇ ਏਕ ਕੌਰ ਹੁਤੋ,
ਨਾਮ ਸ੍ਰੀ ਪ੍ਰਤਾਪ ਸਿੰਘ ਪਾਛੇ ਜੋ ਬਟਾਲੇ ਮੈਂ ।
ਤਾਹਿਂ ਬੁਲਵਾਯੋ, ਮਹਾਂ ਮੰਗਲ ਮਨਾਯੋ ਭਾਯੋ,
ਛਾਯੋ ਸੁਖ ਸਰਸ ਸ਼ਿਤਾਬ ਹਿਯ-ਆਲੇ ਮੈਂ ।
ਨਜ਼ਰ ਸਭੀ ਤੇ ਦਿਲਵਾਈ ਔ ਕਰਾਈ ਸ਼ਲਕ,
ਦੀਪਤਿ ਦਿਪਾਈ ਫੌਜ, ਨਗਰ, ਰਸਾਲੇ ਮੈਂ ।
ਵਾਸ ਕੌ ਮਕਾਨ ਦਿਯੋ, ਖ਼ਾਨ ਕੌ ਮੁਲਕ ਦਿਯੋ,
ਫੌਜ ਰਾਖ ਦੀਨੀ ਕਛੁ ਉਨ ਕੇ ਹਵਾਲੇ ਮੈਂ ॥੨੬੪॥

**(ਸਰਦਾਰ ਲਹਿਣਾ ਸਿੰਘ ਨੂੰ ਕੈਦ)**

ਕੁੱਲੂ ਜੋ ਗਯੋ ਥੋ ਸੰਧਾਂਵਾਲਿਯਾ ਲਹਨ ਸਿੰਘ[੧੨੩],
ਊਹਾਂ ਤੇ ਤਹਾਂ ਹੀ ਪਾਰ ਜਾਇਬੋ ਵਿਚਾਰਯੋ ਹੈ ।
ਫੌਜ ਹੁਤੀ ਸੰਗ ਸਰਕਾਰੀ ਤਿਨ ਜਾਨੀ ਇਹ,
ਕੈਦ ਕਰ ਲਿਯੋ ਤਾਹਿ ਪਹਰੇ ਮੈਂ ਪਾਰਯੋ ਹੈ ।
ਕਾਮ ਕਰਿ ਹੂਾਂ ਕੋ ਫੌਜ ਸੰਗ ਤਾਹਿ ਲੇਇ ਆਈ,
ਪੂਛਿ ਸਰਕਾਰ ਸੋਂ ਕਿਲੇ ਮੈਂ ਲੈ ਉਤਾਰਯੋ ਹੈ ।
ਕਹੀ ਸਰਕਾਰ-"ਰਾਖੌ ਚੌਕਸੀ ਚਹੂੰਘਾ ਯਾਂ ਕੀ,
ਖਾਨ ਪਾਨ ਕਰਨ ਦੇਹੁ ਚਿਤ ਅਨੁਸਾਰਯੋ ਹੈ" ॥੨੬੫॥

---

੧੨੩. ਸਰਦਾਰ ਲਹਿਣਾ ਸਿੰਘ ਦੇ ਨਾਲ ਉਸ ਵੇਲੇ ਸਰਦਾਰ ਕੇਹਰ ਸਿੰਘ ਸੰਧਾਂਵਾਲੀਆ (ਸਰਦਾਰ ਅਤਰ ਸਿੰਘ ਦਾ ਪੁਤ੍ਰ) ਵੀ ਸੀ, ਜੋ ਉਸ ਦੇ ਨਾਲ ਹੀ ਕੈਦ ਕੀਤਾ ਗਿਆ ਸੀ । (ਪੰ: ਗ: ਰੀ:)

ਦੋਹਰਾ ।

ਯਹ ਬਿਧਿ ਕਛ ਦਿਨ ਲੌ ਰਹਯੋ, ਕੈਦ ਕਿਲੇ ਕੇ ਮਾਹਿ ।
ਹ੍ਵਾਂ ਹੂੰ ਤਤਬੀਰ ਕੀ, ਭਾਜਨ ਕੀ ਕਿਤ ਚਾਹਿ ॥੨੬੬॥
ਬਾਦਸ਼ਾਹ ਕੋਂ ਖਬਰ ਯਹ, ਕਾਹੂੰ ਦੀਨੀ ਆਇ ।
ਹੁਕਮ ਕਿਯੋ "ਬੇੜੀ ਪਰੈ, ਰਖੈਂ ਅਟਲ ਗੜ੍ਹ ਜਾਇ ॥੨੬੭॥
ਸੋਈ ਸਭ ਤਤਬੀਰ ਹ੍ਵੈ, ਰਹਯੋ ਅਟਲ ਗੜ੍ਹ ਜਾਇ ।
ਹ੍ਵਾਂ ਹੂ ਚਿਤ ਕਰਬੋ ਕਰਯੋ, ਭਾਜਨ ਕੋ ਸੁ ਉਪਾਇ ॥੨੬੮॥

ਕਬਿੱਤੁ ।

**(ਸਰਦਾਰ ਅਜੀਤ ਸਿੰਘ ਦੀ ਕਲਕੱਤੇ ਚਾਰਾਜੋਈ)**

ਪਾਰ[੧੨੪] ਯਹ ਖਬਰ ਅਤਰ ਸਿੰਘ ਹੂ ਨੈ ਸੁਨੀ ਜਬ,
ਤਬ ਹੀ ਅਜੀਤ ਸਿੰਘ ਬੋਲਯੋ ਅਕੁਲਾਇ ਕੈ ।
ਜਾਊਂ ਕਲਕੱਤਾ ਅਰਜ਼ ਕਰਿ ਕਰਿ ਕੌਂਸਲ ਮੈ,
ਲਾਟ ਗੌਰਨਰ ਜੂ ਕੋ ਲਾਊਂ ਮੈਂ ਬੁਲਾਇਕੈ ।
ਕਰ ਕੈ ਸਲਾਹ ਗਯੋ ਠੌਰ ਠੌਰ ਭਟਕਤ,
ਜਾਇ ਕਲਕੱਤਾ ਭਯੇ ਦਾਖ਼ਲ ਸੁ ਧਾਇ ਕੈ ।
ਕੌਂਸਲ ਮੈ, ਕੀਨੀ ਫਰਿਯਾਦ ਜੋ ਮੁਰਾਦ ਹੁਤੀ,
ਅਰਜ਼ੀ ਆਈਨ ਸੋਂ ਗੁਜ਼ਾਰੀ ਲਿਖਵਾਇ ਕੈ ॥੨੬੯॥
"ਸਿੰਘ ਬਾਦਸ਼ਾਹ ਰਣਜੀਤ ਸਾਹਿਬ ਕੈ,
ਭਾਈ ਕੁਲ ਕੇ ਹੈਂ ਔ ਮੁਸਾਹਬ ਸਦਾ ਕੇ ਹੈਂ ।
ਸੋ ਅਬ ਤਖ਼ਤ ਪਰ ਬੈਠੇ ਸ਼ੇਰ ਸਿੰਘ, ਉਨ-
ਕਾਢ ਦਿਯੋ ਹਮੈ, ਬੇਕਸੂਰ ਤਾ ਕੇ ਹੈਂ ।
ਤਾਯਾ[੧੨੫] ਕੁਲਖੇਤ ਮੈਂ ਪਰਾ ਹੈ ਮੁਲਕ ਆਪ ਕੇ ਮੈਂ,
[੧੨੬]ਚਾਚਾ ਕਿਯਾ ਕੈਦ ਹ੍ਵਾਂ ਰਖਤ ਤਾਹਿ ਫਾਕੇ ਹੈਂ ।
ਕਿਲਾ ਢਾਹਿ ਦਿਯੋ, ਲਿਯੋ ਮੁਲਕ ਸਬੈ ਹੀ ਛੀਨ,
ਮਾਲ ਔ ਖ਼ਜਾਨਾ ਲੂਟ ਲੇਤ ਨਾਹਿ ਥਾਕੇ ਹੈਂ ॥੨੭੦॥

**(ਸਰਕਾਰ ਅੰਗ੍ਰੇਜ਼ੀ ਵਲੋਂ ਨਾਂਹ)**

ਦੋਹਰਾ ।

ਆਪ ਫੌਜ ਜੋ ਦੀਜਿਯੈ, ਮਦਦ ਕੀਜਿਯੈ ਸੰਗ ।
ਤੌ ਫਿਰ ਚਲਿ ਲਾਹੌਰ ਕੌ, ਸ਼ੁਰੂ ਕਰੌਂ ਮੈਂ ਜੰਗ" ॥੨੭੧॥

---

੧੨੪. ਸਤਲੁਜੋਂ ਪਾਰ । ੧੨੫. ਸਰਦਾਰ ਅਤਰ ਸਿੰਘ ਸੰਧਾਵਾਲੀਆ ।
੧੨੬. ਸਰਦਾਰ ਲਹਿਣਾ ਸਿੰਘ ।

ਕਬਿੱਤ।

ਸਕਲ ਜਹਾਜ ਸਿਰ ਤਾਜ ਸਭ ਰਾਜਨ ਕੇ,
ਐਸੇ ਲਾਟ ਸਾਹਿਬ ਹਵਾਲ ਸੁਨ ਲਿਯੋ ਹੈ।
ਦਿਯੋ ਹੈ ਜਬਾਬ-"ਆਪ ਕੰਪਨੀ ਬਹਾਦੁਰ ਸੋਂ,
ਸਿੰਘ ਬਾਦਸ਼ਾਹ ਸੋ ਮਿਲਤ ਰਹਜੋ ਹਿਯੋ ਹੈ।
ਦੋਸਤੀ ਸਦਾ ਸੇ ਚਲੀ ਆਈ ਜਗ ਜਾਹਰ ਹੈ,
ਤਾਂ ਮੈਂ ਫਰਕ ਡਾਰਜੋ ਚਾਹੈਂ, ਤੈਂ ਕਾ ਨਸ਼ਾ ਪਿਯੋ ਹੈ?
ਸ਼ੇਰ ਸਿੰਘ ਮਹਾਰਾਜ ਜੂ ਕੇ ਜਾਇ ਪਾਇ ਪਰੋ ਝਟ,
ਜੋ ਪੈ ਜਗ ਮਾਹਿ ਤੂੰ ਚਹਿਤ ਕਛੂ ਜਿਯੋ ਹੈ ॥੨੭੨॥

**(ਅਜੀਤ ਸਿੰਘ ਦੀ ਕੁਰਖੇਤ੍ਰ ਵਾਪਸੀ)**

ਸੋਰਠਾ।

ਯੌਂ ਜਬ ਮਿਲਜੋ ਜਵਾਬ, ਤਬ ਵਹ ਨੀਚ ਚਲਜੋ ਸੁ ਫਿਰ।
ਰਹੀ ਨ ਮੁਖ ਪਰ ਆਬ, ਚਿੱਤ ਨਿਰਾਸ ਉਦਾਸ ਹੁਇ ॥੨੭੩॥

ਕਬਿੱਤੁ।

ਪ੍ਰਬਲ ਪ੍ਰਤਾਪ ਖ਼ਾਲਸਾ ਜੀ ਕੋ ਹੈ ਪ੍ਰਗਟ ਪੂਰੋ,
ਜਾਕੋ ਤਕਸੀਰੀ ਹੋਇ ਆਯੋ ਕਲਕੱਤਾ ਸੌ।
ਮੱਦਤ ਕਰੀ ਨ, ਔ ਕਰੀ ਨ ਹੈ ਸਿਪਾਰਸ਼ ਹੂੰ,
ਖ਼ਾਤਰ ਕਰੀ ਨ ਕਾਹਿ ਦੋਇ ਏਕ ਪੱਤਾ ਲੌਂ।
ਛਹੌਂ ਹੂੰ ਵਿਲਾਇਤ ਮੈਂ ਕਰਤੌਂ ਫਰਿਯਾਦ ਜਾਇ,
ਤੌਊ ਝਖ ਮਾਰਿ ਫਿਰ ਆਵਤੌਂ ਅਵੱਤਾ ਲੌਂ।
ਕੰਪਨੀ ਬਹਾਦੁਰ ਸੋਂ ਨਾਦਰ ਜੋ ਦੋਸਤੀ ਹੈ,
ਖ਼ਾਲਸਾ ਕੇ ਵੈਰੀ ਕੋ ਨ ਖੈਰੀ ਛਿਤਿ ਛੱਤਾ ਲੌਂ ॥੨੭੪॥

ਦੋਹਰਾ।

ਅਤਰ ਸਿੰਘ ਕੇ ਪਾਸ ਵਹ, ਆ ਪਹੁੰਚਯੋ ਕੁਰਖੇਤ।
ਸਭ ਹਵਾਲ ਕਹਿ ਸੁਨ ਚੁਕਜੋ, ਦੋਊ ਭਏ ਅਚੇਤ ॥੨੭੫॥

ਕਬਿੱਤੁ।

ਬੈਠਜੋ ਕੁਰੁਖੇਤ ਮਾਹਿ ਅਧਮ ਅਤਰ ਸਿੰਘ,
ਪਾਤਕੀ ਅਜੀਤ ਸਿੰਘ ਨੀਚੋ ਸਿਰ ਡਾਰੇ ਹੈਂ।
ਮਾਰੇ ਸੇ, ਮਰੇ ਸੇ, ਅਧ ਮਰੇ ਸੇ ਸਿਰੇ ਸੇ ਭਯੋ,
ਚਿਰੇ ਸੇ, ਚਪੇ ਸੇ, ਬਨਚਰੇ ਸੇ ਨਿਹਾਰੇ ਹੈਂ।
ਪ੍ਰੇਤ ਪਕਰੇ ਸੇ, ਰੇਤ ਖੇਤ ਖਿਚਰੇ ਸੇ ਅਰ,
ਸੂਖੇ ਸੇ, ਸੂਮੇ ਸੇ, ਜਜੋਂ ਉਪਾਨ ਕੇ ਲਤਾਰੇ ਹੈਂ।

ਬੂਡੇ ਸੇ, ਬਹੇ ਸੇ, ਬਾਵਰੇ ਸੇ, ਬੇਸਊਰਨ ਸੇ,
ਜਰੇ ਸੇ, ਬਰੇ ਸੇ, ਪਰ ਗਏ ਮੁਖ ਕਾਰੇ ਹੈਂ ॥੨੭੬॥
ਆਯੋ ਕਲਕੱਤਾ ਤੇ ਅਜੀਤ ਸਿੰਘ ਘੂਮ ਕਰਿ,
ਰੋਮ ਰੋਮ ਤਾ ਕੇ ਆਗ ਹੀ ਸੀ ਬਰ ਗਈ ਹੈ ।
ਰਸ ਕੀ ਨ ਬਸ ਕੀ ਨ, ਕਸ ਕੀ ਚਲੀ ਹੈ ਬਾਤ,
ਅਤਿ ਅਪਜਸ ਕੀ ਕਮਾਨੀ ਅਰ ਗਈ ਹੈ ।
ਕਾਹੂ ਕੇ ਨ ਪਾਸ ਰਹਯੋ ਨ ਜੀ ਹੁਲਾਸ ਕੋ
ਜੁ, ਹੀ[੧੨੭] ਭਯੋ ਨਿਰਾਸ ਕੋ ਅਕਲ ਜਰ ਗਈ ਹੈ ।
ਚਿੰਤਾ ਚਕ ਚੂਰ ਭਯੋ, ਬਡੋ ਬੇ ਸਹੂਰ ਭਯੋ,
ਕੂਰ ਭਯੋ ਨੂਰ ਪਰ ਧੂਰ ਮੁਖ ਗਈ ਹੈ ॥੨੭੭॥

**(ਸਰਦਾਰ ਅਤਰ ਸਿੰਘ ਤੇ ਅਜੀਤ ਸਿੰਘ ਦੀ ਸਲਾਹ)**

ਦੋਹਰਾ ।

ਯਾ ਬਿਧਿ ਬਹੁਤ ਦਿਨਾਨ ਲੌ, ਦੂਹੂੰ ਰਹੈ ਇਕ ਠੌਰ ।
ਕਿਸ ਬਿਧਿ ਸੋਂ, ਕਿਹ ਬੀਚ ਦੈ, ਚਲਿਯੈ ਤਖਤ ਲਾਹੌਰ ॥੨੭੮॥

ਸੋਰਠਾ ।

ਮਾਫ ਕਰੈ ਤਕਸੀਰ, ਸ਼ੇਰ ਸਿੰਘ ਮਹਾਰਾਜ ਜੋ ।
ਤੌ ਫਿਰ ਸਭ ਤਤਬੀਰ, ਰਾਜ ਕਾਜ ਕੀ ਯਾਦ ਮੁਹਿ ॥੨੭੯॥

**(ਬੇਦੀ ਬਿਕ੍ਰਮ ਸਿੰਘ ਦੇ ਸਹਾਰੇ ਮਹਾਰਾਜੇ ਤੋਂ ਮੁਆਫੀ)**

ਦੋਹਰਾ ।

ਬੇਦੀ ਬਿਕ੍ਰਮ ਸਿੰਘ ਪੈ, ਅਰਜ਼ੀ ਦਈ ਪਠਾਇ ।
"ਸ਼ੇਰ ਸਿੰਘ ਜੂ ਸੋਂ ਹਮੈ" ਦੀਜੈ ਆਪ ਮਿਲਾਇ ॥੨੮੦॥

ਕਬਿੱਤੁ ।

"ਕਰ ਤਕਸੀਰ ਆਏ ਭਏ ਹੈਂ ਖਰਾਬ ਹਮ,
ਘੂਮਿ ਆਏ ਚਹੂੰ ਓਰ ਕਹੂੰ ਪੇਸ਼ ਨਾ ਪਰੀ ।
ਅਬ ਹਮ ਦੀਨ ਹ੍ਵੈ, ਅਧੀਨ ਹ੍ਵੈ ਰਹੈਂਗੇ ਸਦਾ,
ਤਨ ਮਨ ਛੀਨ ਭਏ ਅੜਕ ਬਿਦਾ ਕਰੀ ।
ਆਪ ਕੇ ਚਰਨ ਪੈ ਔ ਗੁਰੂ ਗ੍ਰੰਥ ਸਾਹਿਬ ਪੈ,

---

੧੨੭. ਏਥੇ ਕਵੀ ਗਵਾਲ ਨੇ ਮਹਾਰਾਣੀ ਚੰਦ ਕੌਰ ਦੇ ਮਾਰੇ ਜਾਣ ਦਾ ਹਾਲ ਜਾਣ ਬੁੱਝ ਕੇ ਛੱਡ ਦਿੱਤਾ ਹੈ। ਸੰਧਾਵਾਲੀਏ ਅਸਲ ਵਿਚ ਮਹਾਰਾਣੀ ਦੀ ਮੌਤ ਤੋਂ ਪਿੱਛੋਂ ਸਾਰੇ ਪਾਸਿਆਂ ਤੋਂ ਨਿਰਾਸ ਹੋ ਕੇ ਹੀ ਮਹਾਰਾਜਾ ਸ਼ੇਰ ਸਿੰਘ ਵੱਲ ਝੁਕੇ ਸਨ। ਜੇ ਮਹਾਰਾਣੀ ਜੀਊਂਦੀ ਹੁੰਦੀ ਤਾਂ ਉਨ੍ਹਾਂ ਦੇ ਮੁੜਨ ਦੀ ਆਸ ਨਹੀਂ ਸੀ ।

ਹਾਥ ਧਰਿ ਖਾਊ ਸੌਂਹ ਅਤਿ ਸਤਜਤਾ ਭਰੀ ।
ਠਾਕੁਰੀ ਸਦਾ ਈ ਸ਼ੇਰ ਸਿੰਘ ਜੂ ਕੀ ਬਨੀ ਰਹੈ,
ਹਮ ਕਰ ਜੋਰ ਕੈ ਕਰੈਂਗੇ ਨਿਤ ਚਾਕਰੀ" ॥੨੮੧॥

ਦੋਹਰਾ ।

ਬਾਬਾ ਬਿਕ੍ਰਮ ਸਿੰਘ ਪੈ, ਪਹੁੰਚੀ ਅਰਜ਼ੀ ਜਾਇ ।
ਜਜੋਂ ਕੀ ਤਜੋਂ ਸਰਕਾਰ ਮੈਂ ਬਾਚਿ ਸੁ ਦਈ ਪਠਾਇ ॥੨੮੨॥
ਸੁਨਯੋ ਜਬੈ ਸਰਕਾਰ ਨੈ, ਅਰਜ਼ੀ ਕੋ ਅਹਿਵਾਲ ।
ਸ੍ਰੀ ਵਜ਼ੀਰ ਨ੍ਰਿਪ ਧਯਾਨ ਸਿੰਘ, ਤਿਨ ਕੋ ਸੁਨਿਯੋ ਹਾਲ ॥੨੮੩॥

ਕਬਿੱਤ ।

ਸੁਨ ਕੈ ਹਵਾਲ ਸਰਕਾਰ ਸ਼ੇਰ ਸਿੰਘ ਜੂ ਕੋ,
ਦੂਜੇ ਧਯਾਨ ਸਿੰਘ ਜੂ ਕੌ ਆਈ ਅਤਿ ਦਯਾ ਹੈ[੧੨੮] ।
ਬੋਲੇ ਰਾਜਾ ਸਾਹਿਬ ਹਜ਼ੂਰ ਸੋਂ, ਕਿ ਮਾਫ਼ ਕਰੋ,
ਉਨ੍ਹਾਂ ਸੋਂ ਕਸੂਰ ਪਾਛੇ ਭਯਾ ਤੌਂ ਨ ਭਯਾ ਹੈ ।
ਬੋਲੀ ਸਰਕਾਰ-"ਅਛਾ, ਲੀਜਿਯੈ ਬੁਲਾਇ ਅਬ,
ਊਨੇ ਲਿਖ ਭੇਜੋ ਜ੍ਵਾਬ ਜੌਨ ਚਿਤ ਛਯਾ ਹੈ ।"
ਤਬ ਰਾਜਾ ਸਾਹਿਬ ਨੈ ਕਾਗਦ ਲਿਖਾਇ ਕਰਿ,
ਊਨੇ ਪਠਵਾਯੋ ਲੈ ਸਵਾਰ ਬੇਗ ਗਯਾ ਹੈ ॥੨੮੪॥

ਦੋਹਰਾ ।

ਬਾਬਾ ਬਿਕ੍ਰਮ ਸਿੰਘ ਨੈ ਕਾਗਦ ਲਯੋ ਬੰਚਾਇ ।
ਲਿਖਯੋ ਸੁ ਉਨ ਕੀ ਤਰਫ਼ ਫਿਰ, "ਤੁਮ ਹਯਾਂ ਆਯੋ ਧਾਇ" ॥੨੮੫॥
ਪਹੁੰਚਯੋ ਕਾਗਦ ਜਾਇ ਕੈ, ਬਾਚਯੋ ਸਿੰਘ ਅਜੀਤ ।
ਤਾਯਾ ਤੈ ਕਰਿ ਗੁਰਮਤਾ; ਆਯੋ ਆਪ ਕੁਨੀਤ ॥੨੮੬॥
ਪਹੁੰਚਯੋ ਬਿਕ੍ਰਮ ਸਿੰਘ ਪੈ, ਹਾਥ ਜੋਰਿ ਸਿਰ ਨਾਇ ।
ਕਹੀ-"ਸਰਨ ਮੈਂ ਰਾਵਰੀ, ਮੇਰੀ ਕਰੋ ਸਹਾਇ ॥੨੮੭॥

---

੧੨੮. ਕਵਿ ਗਵਾਲ ਦਾ ਇਹ ਕਥਨ ਵੀ ਗ਼ਲਤ ਹੈ । ਸੰਧਾਵਾਲੀਆਂ ਨੂੰ ਬੁਲਾਉਣ ਦਾ ਅਸਲ ਕਾਰਣ ਇਹ ਸੀ ਕਿ ਮਹਾਰਾਜਾ ਸ਼ੇਰ ਸਿੰਘ ਦੇ ਨਾਲ ਰਾਜਾ ਧਯਾਨ ਸਿੰਘ ਦਾ ਕੁਝ ਚਿਰ ਤੋਂ ਅਜੋੜ ਸੀ ਤੇ ਧਿਆਨ ਸਿੰਘ ਮਹਾਰਾਜੇ ਨੂੰ ਗੱਦੀਓਂ ਉਤਾਰਨ ਦੇ ਗੁੱਝੇ ਜਿਹੇ ਡਰਾਵੇ ਦਿੰਦਾ ਰਹਿੰਦਾ ਸੀ । ਇਸ ਲਈ ਉਸ ਨੂੰ ਗਲੋਂ ਲਾਹੁਣ ਲਈ ਮਹਾਰਾਜੇ ਦੀ ਨਜ਼ਰ ਸੰਧਾਵਾਲੀਆਂ ਉਤੇ ਪਈ, ਜੋ ਮਹਾਰਾਣੀ ਚੰਦ ਕੌਰ ਦੇ ਸੁਰਗਵਾਸ ਤੋਂ ਪਿੱਛੋਂ ਡਾਵਾਂ-ਡੋਲ ਹੋਏ ਪੰਜਾਬ ਮੁੜਨ ਲਈ ਪਹਿਲਾਂ ਹੀ ਉਤਾਵਲੇ ਸਨ । ਬੇਦੀ ਬਿਕ੍ਰਮ ਸਿੰਘ ਜੀ ਦੋਹਾਂ ਧਿਰਾਂ ਦੇ ਸ਼ੁਭਚਿੰਤਕ ਸਨ, ਇਸ ਲਈ ਉਨ੍ਹਾਂ ਦੇ ਰਾਹੀਂ ਮਹਾਰਾਜੇ ਦੇ ਨਾਲ ਸੰਧਾਵਾਲੀਆਂ ਦਾ ਮਿਲਾਪ ਸਹਿਜੇ ਹੀ ਹੋ ਗਿਆ ।

ਆਪ ਚਲੌਂ ਅਰੁ ਲੈ ਚਲੌਂ, ਕਰਕੇ ਪਰਮ ਪਨਾਹ ।
ਪ੍ਰਬਲ ਆਪਨੀ ਬਾਂਹ ਸੋਂ, ਪਕਰਾਯੋ ਮਮ ਬਾਂਹ" ॥੨੮੮॥
ਸ੍ਰੀ ਗੁਰੁ ਬੇਦੀ ਬੰਸ ਮੈਂ, ਬਿਕ੍ਰਮ ਸਿੰਘ ਕ੍ਰਿਪਾਲ ।
ਕਹੀ-"ਟਿਕੋ, ਕਰ ਦੇਹਿੰਗੇ, ਪੂਰਨ ਸਭੇ ਸਵਾਲ" ॥੨੮੯॥

**(ਸਰਦਾਰ ਅਜੀਤ ਸਿੰਘ ਮੁੜ ਲਾਹੌਰ ਆਇਆ)**

ਕਬਿੱਤੁ ।

ਕਛੂਕ ਦਿਨਾਂ ਮੈਂ ਬੇਦੀ ਸਾਹਿਬ ਕਿਯੋ ਹੈ ਕੂਚ,
ਸੰਗ ਲੈ ਅਜੀਤ ਸਿੰਘ ਸ਼ਰਣ ਪਰੈਯਾ ਕੌਂ ।
ਮੰਦ ਮੰਦ ਮਾਰਗ ਵਿਤਾਯ, ਸੁਖ ਪਾਯ, ਆਯ,
ਪਹੁੰਚੇ ਲਹੌਰ ਭੇਜਯੋ ਖ਼ਬਰ ਕਰੈਯਾ ਕੌਂ ।
ਪਾਵਤ ਖ਼ਬਰ ਸਰਕਾਰ ਸ਼ੇਰ ਸਿੰਘ ਜੂ ਨੈ,
ਭੇਜੇ ਸਰਦਾਰ "ਆਗੇ ਜਾਇ ਲੇ ਅਵੈਯਾ ਕੌਂ[੧੨੯] ।
ਪਾਛੇ ਔਰ ਮੋਤਬਿਰ ਭੇਜੇ ਸ੍ਰੀ ਹਜ਼ੂਰ ਪੂਰ,
ਡੇਰਾ ਕਰਵਾਓ ਸੰਗ ਸੌਂਪ ਬਹੁ ਭੈਯਾ ਕੋ" ॥੨੯੦॥

ਸੋਰਠਾ ।

ਜੋ ਜੋ ਚਹਿਯੈ ਚੀਜ਼, ਸੋ ਸੋ ਉਨ ਸੌਂ ਪੂਛ ਕੈ ।
ਕਰਿ ਕਰਿ ਸਬ ਤਜਵੀਜ਼, ਭਲੇ ਵਹਾਂ ਪਹੁੰਚਾਵਹੀ ॥੨੯੧॥

ਦੋਹਰਾ ।

ਜ਼ਾਫ਼ਤ ਕੇ ਭੇਜੇ ਸੁ ਫਿਰ, ਰੂਪਯਾ ਏਕ ਹਜ਼ਾਰ ।
ਮੇਵਾ ਅਰੁ ਮਿਸਰੀਨ ਕੀ, ਬਹਿੰਗੀ ਕਈ ਕਤਾਰ ॥੨੯੨॥

ਕਬਿੱਤੁ ।

ਭੇਜੇ ਸਰਕਾਰ ਨੈ ਮੁਸਾਹਿਬ ਗੁਰੂ ਕੇ ਪਾਸ[੧੩੦],
ਉਨਹੂੰ ਅਜੀਤ ਸਿੰਘ ਤੁਰਤ ਬੁਲਾਯੋ ਹੈ ।
ਕਹੀ ਬੇਦੀ ਸਾਹਿਬ ਨੈ-"ਸਾਚੇ ਬਨੋਂ ਇਨ ਆਗੈ,
ਤਬ ਯਹ ਕਰੈਂਗੇ ਅਰਜ਼ ਸਾਚ ਵਹੁ ਛਾਯੋ ਹੈ ।"
ਤਬ ਹੀ ਅਜੀਤ ਸਿੰਘ ਪਰਸਿ ਗ੍ਰੰਥ ਸਾਹਿਬ ਔ-
ਹਾਥ ਬੇਦੀ ਸਾਹਿਬ ਕੇ ਚਰਨ ਲਗਾਯੋ ਹੈ ।

---

੧੨੯. ਆਉਣ ਵਾਲੇ (ਸਰਦਾਰ ਅਜੀਤ ਸਿੰਘ) ਨੂੰ ।
੧੩੦. ਬੇਦੀ ਸੋਢੀ ਆਦਿ ਬਾਵਿਆਂ ਨੂੰ, ਜਿਨ੍ਹਾਂ ਦਾ ਸੰਬੰਧ ਮੁੱਢ ਤੋਂ ਗੁਰੂ-ਘਰ ਦੇ ਨਾਲ ਸੀ, ਉਸ ਸਮੇਂ ਆਮ ਲੋਕ ਗੁਰੂ ਕਹਿ ਕੇ ਪੁਕਾਰਦੇ ਸਨ, ਇਸ ਲਈ ਏਥੇ ਬੇਦੀ ਬਿਕ੍ਰਮ ਸਿੰਘ ਨੂੰ ਵੀ ਕਵੀ ਨੇ ਗੁਰੂ ਲਿਖਿਆ ਹੈ ।

"ਸ਼ੇਰ ਸਿੰਘ ਜੂ ਕੀ ਸਦਾ ਚਾਕਰੀ ਕਰੈਂਗੇ ਹਮ,
ਦਗ਼ਾ ਕੌ ਨ ਲੇਸ ਹੂੰ ਹਮਾਰੇ ਮਨਿ ਭਾਯੋ ਹੈ ॥੨੯੩॥

ਦੋਹਰਾ।

ਜੋ ਮਨ ਮੈਂ ਛਲ ਹੋਇ ਤੌਂ, ਵਗੈ ਗੁਰੂ ਕੀ ਮਾਰ।
ਦੂਹੂ ਲੋਕ ਭਲ ਹੋਇ ਨਹਿਂ," ਐਸੇ ਸਪਥ[131] ਉਚਾਰ ॥੨੯੪॥
ਯੌਂ ਜਬ ਆਇ ਮੁਸਾਹਿਬਨ, ਕਰੀ ਅਰਜ਼ ਸਰਕਾਰ।
ਬਾਬਾ ਬਿਕ੍ਰਮ ਸਿੰਘ ਵਿਚ, ਕੀਨੇ ਸਬੈ ਕਰਾਰ ॥੨੯੫॥

**(ਮਹਾਰਾਜੇ ਵੱਲੋਂ ਅਜੀਤ ਸਿੰਘ ਨੂੰ ਮੁੜ ਪਨਾਹ)**

ਕਬਿੱਤੁ।

ਤਬ ਸਰਕਾਰ ਫਰਮਾਯੋ ਹੈ; "ਬੁਲਾਇ ਲੇਹੁ",
ਗਯੋ ਯੌਂ ਹੁਕਮ ਤਬ ਆਯੋ ਸੁਖ ਪਾਇ ਕੈ।
ਜੋਰਿ ਦੋਊ ਹਾਥਨ ਅਜੀਤ ਸਿੰਘ ਪਾਇ ਪਰਯੋ,
ਕੀਨੌ ਸਿਰਵਾਰਨੋ ਸੁ ਨਜ਼ਰ ਦਿਖਾਇ ਕੈ।
ਕਹੀ-"ਹਮ ਚਾਕਰ ਹੈਂ, ਠਾਕੁਰ ਹਮਾਰੇ ਤੁਮ",
ਬੈਠ ਗਏ ਆਪਨੇ ਕਸੂਰ ਬਖਸਾਇ ਕੈ।
"ਛਾਇ ਕੈ ਕ੍ਰਿਪਾ ਕੌ ਹਮੈਂ ਰਾਖੌਂ ਪਗ ਲਾਇ ਕੈ ਜੂ,
ਜਾਇ ਕਹਾਂ ਧਾਇ ਕੈ ਤਿਹਾਰੇ ਕਹਿਵਾਇ ਕੈ" ॥੨੯੬॥

ਦੋਹਰਾ।

ਬਾਬਾ ਬਿਕ੍ਰਮ ਸਿੰਘ ਨੈ, ਪਕਰਾਈ ਫਿਰ ਬਾਂਹ।
"ਸਰਨ ਪਰੇ ਜਿਯ ਜਾਨ ਕੈ, ਇਤਨੀ ਕਰੋ ਪਨਾਹ" ॥੨੯੭॥

ਕਬਿੱਤੁ।

ਰਾਜਾ ਧਯਾਨ ਸਿੰਘ ਜੂ ਕੇ ਪਗ ਛ੍ਵੈ ਅਜੀਤ ਸਿੰਘ,
ਹਾਥ ਜੋਰਿ ਬੋਲਯੋ "ਅਬ ਆਸਰੋ ਤਿਹਾਰੋ ਹੈ।
ਰਾਵਰੀ ਕ੍ਰਿਪਾ ਤੇ ਬਨ ਜਾਇਂ ਸਭ ਕਾਮ ਮੇਰੇ,
ਜੌ ਪਰ ਕਸੂਰ ਮੇਰੇ ਹਿਯ ਤੇ ਬਿਸਾਰੋ ਹੈ।
ਆਪ ਕੀ ਪਨਾਹ ਹੀ ਸੌ ਹ੍ਵੈ ਹੈ ਨਿਰਵਾਹ ਮੇਰੌ,
ਕ੍ਰਿਪਾ ਬਾਦਸ਼ਾਹ ਕੀ ਕੋ ਹੇਤ ਤੂੰ ਨਿਹਾਰੋ ਹੈ।
ਮੇਰੇ ਦੋਊ ਹਾਥ ਦੋਊ ਸਾਹਿਬ ਗਹੈਂਗੇ ਜਬ,
ਹ੍ਵੈ ਹੈਂ ਬਿਖਟਕ ਤਬ ਜੀਵਨ ਹਮਾਰੋ ਹੈ[132]" ॥੨੯੮॥

---

੧੩੧. ਸੌਂਹ, ਸੁਗੰਧ। ੧੩੨. ਕਵਿ ਦੇ ਇਸ ਕਥਨ ਦੀ ਪੁਸ਼ਟੀ ਕਿਤੋਂ ਨਹੀਂ ਹੁੰਦੀ, ਇਸ ਲਈ ਇਹ ਕਲਪਨਾ ਹੈ।

ਦੋਹਰਾ ।

ਸੁਨੇ ਬਚਨ ਜਬ ਦੀਨ ਯੇ, ਤਬ ਦੋਊ ਮਹਾਰਾਜ ।
ਕਹੀ-"ਰਹੋਂ ਬੇਖਟਕ ਤੁਮ, ਹ੍ਵੈ ਜੈਹੇ ਸਭ ਕਾਜ" ॥੨੯੯॥
ਕਰਨ ਲਗਯੋ ਨਿਤ ਚਾਕਰੀ, ਹਾਥ ਜੋਰਿ ਸਿਰੁ ਨਾਇ ।
ਜੋ ਕਛੁ ਹੁਕਮ ਕਰੈ ਪ੍ਰਭੂ, ਲਾਵੈ ਵਹੀ ਬਜਾਇ ॥੩੦੦॥

**(ਸਰਦਾਰ ਲਹਿਣਾ ਸਿੰਘ ਸੰਧਾਵਾਲੀਏ ਦੀ ਰਿਹਾਈ)**

ਕਬਿੱਤੁ ।

ਕਛੁਕ ਦਿਨਾਂ ਲੌਂ ਐਸੇ ਚਾਕਰੀ ਕਰਤ ਰਹਯੋ,
ਫੇਰ ਨ੍ਰਿਪ ਧਯਾਨ ਸਿੰਘ ਜੂ ਸੋਂ ਅਰਜ਼ੀ ਕਰੀ:-
"ਚਾਚਾ ਜੋ ਹਮਾਰੇ ਕੈਦ ਨਾਮ ਲਹਨਾ ਸਿੰਘ,
ਔਰ ਤਾਯਾ ਕੋ ਤਨੁਜ[੧੩੩] ਕੈਦ ਪਾਇ ਬੇੜੀ ਹੈ ਪਰੀ ।
ਤਿਨੈਂ ਛੁਟਵਾਓ ਬਾਦਸ਼ਾਹ ਸੋਂ ਅਰਜ਼ ਕਰਿ,
ਮਾਫ਼ ਕਰਿਵਾਓ ਤਕਸੀਰ ਜੋ ਭਈ ਖਰੀ ।
ਯਹਾਂ ਬੁਲਵਾਓ, ਸਰਕਾਰ ਸੋਂ ਮਿਲਾਓ ਫੇਰ,
ਚਾਕਰੀ ਕਰਾਓ ਮਿਟੈ ਚਿੰਤਾ ਚਿਤ ਜੋ ਭਰੀ" ॥੩੦੧॥

ਸੋਰਠਾ ।

ਸੁਨੇ ਜੁ ਬਚਨ ਮਹੀਪ, ਅਤਿ ਕ੍ਰਿਪਾਲ ਹੈ ਸੀਲ ਜਿਹ ।
"ਸ੍ਰੀ ਸਰਕਾਰ ਸਮੀਪ, ਅਰਜ਼ੈਂ ਸਭ ਕਰ ਦੇਹਿਗੇ" ॥੩੦੨॥

ਦੋਹਰਾ ।

ਕਰਤ ਰਹਯੋ ਬਹੁ ਦਿਨਨ ਲੌਂ, ਰਾਜਾ ਜੂ ਸੋਂ ਅਰਜ਼ ।
ਬੇਗ ਛੁਡਾਓ ਬੰਦ ਤੈਂ, ਆਪ ਦਯਾਲ ਅਚਰਜ ॥੩੦੩॥

ਕਬਿੱਤੁ ।

ਤਬ ਸਰਕਾਰ ਕੋ ਇਕੰਤ ਰਾਜਾ ਸਾਹਿਬ ਨੈ,
ਅਰਜੈਂ ਅਜੀਤ ਸਿੰਘ ਕੀ ਸਭੈ ਸੁਨਾਈ ਹੈ ।
ਆਪਨੀ ਤਰਫ਼ ਹੂ ਤੇ ਕਰੀ ਸਮਝਾਇ ਕਰਿ,
ਦੀਜੈ ਅਬ ਛੋਡਿ ਸਜ਼ਾ ਨੀਕੀ ਉਨਿ ਪਾਈ ਹੈ ।
ਕਹੀ ਸਰਕਾਰ- "ਜੋ ਤਿਹਾਰੀ ਖੁਸ਼ੀ ਐਸੇ ਹੈ ਤੌ,
ਮੇਰੀ ਹੂੰ ਖੁਸ਼ੀ ਹੈ ਦੇਹ ਕੈਦ ਤੇ ਛੁਟਾਈ ਹੈ ।"

---

੧੩੩. ਸਰਦਾਰ ਅਤਰ ਸਿੰਘ ਦਾ ਪੁਤ੍ਰ ਸਰਦਾਰ ਕੇਹਰ ਸਿੰਘ ਸੰਧਾਵਾਲੀਆ । ਇਹ ਸਰਦਾਰ ਲਹਿਣਾ ਸਿੰਘ ਦੇ ਨਾਲ ਕੁਲੂਓਂ ਫੜਿਆ ਗਿਆ ਸੀ ।
(ਦੇਖੋ, ਛੰਦ ਅੰਕ ੨੯੫ ਦੀ ਟਿੱਪਣੀ ।)

ਤਬੈ ਸਰਕਾਰ ਹੁਕਮ ਭੇਜਯੋ ਹੈ ਅਟਲਗਢ,
ਤੁਰਤ ਪਰਵਾਨ ਲਿਖਵਾਇ ਸਹੀ ਪਾਈ ਹੈ[੧੩੪] ॥੩੦੪॥

ਦੋਹਰਾ ।

"ਲਾਓ ਸੰਧਾ ਵਾਲਿਯੈ, ਬੇੜੀ ਦੂਹੂੰ ਕਟਾਇ ।"
ਯੌਂ ਪਰਵਾਨੋ ਜਬ ਗਯੋ, ਲਿਯੋ ਤਬੈ ਬਚਵਾਇ ॥੩੦੫॥
ਹੂਾਂ ਤੇ ਜੋ ਮੁਖਤਾਰ ਸੋ, ਹੁਕਮ ਪਾਇ ਇਹ ਰੀਤ ।
ਬੇੜੀ ਕਾਟਿ ਦੁਹੂਨ ਕੀ, ਲੈ ਆਯੋ ਜੁਤ ਪ੍ਰੀਤ ॥੩੦੬॥
ਪਹੁੰਚੇ ਆਇ ਲਾਹੌਰ ਤਟ, ਉਤਰੇ ਬਾਹਰ ਬਾਗ ।
ਧਯਾਨ ਸਿੰਘ ਮਹਾਰਾਜ ਸੋਂ, ਮਿਲੇ ਪ੍ਰਥਮ ਪਗ ਲਾਗ ॥੩੦੭॥
ਤਬ ਕ੍ਰਿਪਾਲ ਸ੍ਰੀ ਧਯਾਨ ਸਿੰਘ, ਮਿਲਏ ਲੈ ਸਰਕਾਰ ।
ਮਾਫ ਕਰਾਇ ਦਈ ਤਬੈ, ਭੂਲ ਜੁ ਸਬਹਿ ਪ੍ਰਕਾਰ ॥੩੦੮॥

ਕਬਿਤੁ ।

ਕਰੀ ਸਰਕਾਰ ਸੋਂ ਅਰਜ਼ ਲਹਿਨਾ ਸਿੰਘ ਹੂੰ ਨੇ,-
"ਹਮਰੀ ਹਵੇਲੀ ਜੋ ਮਿਲੇ ਤੌ ਜਾਇ ਉਤਰੈਂ ।"
ਜਬ ਸਰਕਾਰ ਫਰਮਾਯੋ ਜੋ ਲਿਖਾਉ ਨਾਉਂ,
ਜਹਾਂ ਜਹਾਂ ਹੋਇ ਤਹਾਂ ਤਹਾਂ ਹੁਕਮ ਪਸਰੈਂ ।
ਤਬ ਉਨ ਨਾਮ ਲਿਖਵਾਯੋ, ਗਏ ਪਰਵਾਨੇ,
ਖਾਲੀ ਹ੍ਵੈ ਗਏ ਮਕਾਨ ਸਭ ਬਿਨ ਝਗਰੈਂ ।
ਆਪ ਜਾਇ ਉਤਰਯੋ, ਉਤਾਰ ਦਿਯੋ ਸਾਥੀ ਸਭ,
ਦੀਨ ਹ੍ਵੈ ਕਹਨ ਲਾਗਯੋ ਨੀਚੀ ਕਿਯੈ ਨਜ਼ਰੈਂ ॥੩੦੯॥

ਦੋਹਰਾ ।

ਲਹਨਾ ਸਿੰਘ ਅਜੀਤ ਸਿੰਘ, ਕੇਹਰ ਸਿੰਘ ਜੁ ਤੀਨ ।
ਰਹਨ ਲਗੇ ਨਿਤ ਏਕਠੇ, ਮਨ ਅਤਿ ਆਨੰਦ ਕੀਨ ॥੩੧੦॥

---

੧੩੪. ਇਹ ਕਥਨ ਵੀ ਕਵੀ ਦਾ ਕਲਪਨਾ ਮਾਤ੍ਰ ਹੀ ਹੈ ਤੇ ਇਸ ਦੀ ਪੁਸ਼ਟੀ ਕਿਤੋਂ ਨਹੀਂ ਹੁੰਦੀ । ਅਸਲ ਵਿਚ ਜਦ ਬੇਦੀ ਬਿਕ੍ਰਮ ਸਿੰਘ ਦੀ ਮਾਰਫਤ ਸਰਦਾਰ ਅਜੀਤ ਸਿੰਘ ਦਾ ਮਿਲਾਪ ਮਹਾਰਾਜਾ ਸ਼ੇਰ ਸਿੰਘ ਨਾਲ ਹੋਇਆ ਤਾਂ ਸਰਦਾਰ ਲਹਿਣਾ ਸਿੰਘ ਅਤੇ ਕੇਹਰ ਸਿੰਘ ਦੇ ਛੁਟਕਾਰੇ ਦਾ ਫ਼ੈਸਲਾ ਵੀ ਹੋ ਗਿਆ ਸੀ । ਕਵੀ ਗਵਾਲ ਨੇ ਰਾਜਾ ਹੀਰਾ ਸਿੰਘ ਦਾ ਨੌਕਰ ਹੋਣ ਕਰਕੇ ਧਯਾਨ ਸਿੰਘ ਆਦਿ ਦੀ ਪ੍ਰਸੰਸਾ ਲਈ ਕਈ ਥਾਵੇਂ ਅਜਿਹੀਆਂ ਕਲਪਨਾਂ ਕੀਤੀਆਂ ਜਾਪਦੀਆਂ ਹਨ, ਜਿਨ੍ਹਾਂ ਦਾ ਖੋਜ ਦੀ ਨਿਗਾਹ ਵਿਚ ਕੋਈ ਮੁੱਲ ਨਹੀਂ ਹੈ। ਪੰ: ਗ: ਗੀ: ਤੋਂ ਇਸ ਗੱਲ ਦੀ ਪੁਸ਼ਟੀ ਹੁੰਦੀ ਹੈ ਕਿ ਸੰਧਾਵਾਲੀਆਂ ਦੇ ਮਿਲਾਪ ਲਈ ਬੇਦੀ ਸਾਹਿਬ ਲਾਹੌਰ ਆਏ ਤੇ ਉਨ੍ਹਾਂ ਨੇ ਪਹਿਲਾਂ ਹੀ ਸਭ ਸ਼ਰਤਾਂ ਤਹਿ ਕੀਤੀਆਂ ਸਨ ।

ਹਾਥ ਜੋੜਿ ਹਾਜਰ ਰਹੈਂ, ਦੂਹੂੰ ਸਮੈਂ ਦਰਬਾਰ ।
ਕਰੈਂ ਵਹੀ ਨਿਤ ਕਾਮ ਜੋ, ਫਰਮਾਵੈਂ ਸਰਕਾਰ ॥੩੧੧॥
ਫਿਰ ਅਜੀਤ ਸਿੰਘ ਹੂੰ ਕਹ੍ਯੋ, ਰਾਜਾ ਜੂ ਸੋਂ ਜਾਇ ।
"ਹੁਕਮ ਹੋਇ ਤੋ ਬਾਰ ਅਬ, ਤਾਯਾ ਲੈਹਿ ਬੁਲਾਇ" ॥੩੧੨॥

**(ਸਰਦਾਰ ਅਤਰ ਸਿੰਘ ਦੀ ਵਾਪਸੀ)**

ਕਬਿੱਤੁ ।

ਕਛੁ ਦਿਨ ਪਾਛੈਂ ਸ੍ਰੀ ਮਹੀਪ ਧਜ਼ਾਨ ਸਿੰਘ ਜੂ ਨੈ,
ਕਹੀ ਸਰਕਾਰ ਕੌਂ-"ਜੋ ਕੀਨੀ ਆਪ ਦਯਾ ਹੈ ।
ਤੌਂ ਇਨੈਂ ਬਨਾਓ ਸਰਦਾਰ ਜਯੋਂ ਕੇ ਤਯੋਂ ਹੀ ਫੇਰ,
ਚਾਕਰੀ ਕਰੈਂਗੇ ਜੌਂ ਹਿਯੇ ਮੈਂ ਕਛੁ ਹਯਾ ਹੈ ।
ਦੀਜੈ ਜੋ ਹੁਕਮ ਤੌਂ ਅਤਰ ਸਿੰਘ ਆਵੈ ਵਾਰ[੧੩੫]",
ਕਹੀ ਸਰਕਾਰ "ਆਵੈ; ਕਾਹੇ ਪਾਰ ਪਯਾ ਹੈ ।"
ਪਾਇ ਕੈ ਹੁਕਮ ਕੌਂ ਅਜੀਤ ਸਿੰਘ ਲਿਖ ਭੇਜਯੋ,
"ਤਾਯਾ ! ਤੁਮ ਆਓ, ਦੁਖ ਦੂਰ ਸਭ ਭਯਾ ਹੈ" ।੩੧੩।

ਦੋਹਰਾ ।

ਪਹੁੰਚਤ ਹੀ ਕਾਗਦ ਤਹਾਂ, ਰਹ੍ਯੋ ਵਾਰ ਜਬ ਆਇ ।
ਬਾਬਾ ਬਿਕ੍ਰਮ ਸਿੰਘ ਤਟ, ਟਿਕਯੋ ਆਇ ਸਿਰ ਨਾਇ ॥੩੧੪॥
ਲਹਨਾ ਸਿੰਘ ਅਜੀਤ ਸਿੰਘ, ਦੋਊ ਪਾਸ਼ ਬਿਠਾਇ ।
ਫਰਮਾਯੋ ਸਰਕਾਰ ਨੈ, ਅਧਿਕ ਕ੍ਰਿਪਾ ਕੇ ਭਾਇ ॥੩੧੫॥

ਕਬਿੱਤੁ ।

"ਮੁਲਕ ਤਿਹਾਰੇ ਪਾਸ ਜਿਤਨੋ ਜਹਾਂ ਕੋ ਤਹਾਂ,
ਕਿਲਾ ਕੋਟ ਆਪ ਨੇ ਸੰਭਾਲ ਸਭ ਲੀਜਿਯੈ ।
ਏਤੀ ਕਹਿ ਬਾਤ ਪਰਵਾਨੋ ਲਿਖਵਾਇ ਦਿਯੋ,
ਦਿਯੋ ਸਿਰੇਪਾਉ ਹੈ ਬਹਾਲੀ ਕੋ ਅਖੀਜਿਯੈ ।
ਘੋੜੇ ਦਿਯੇ, ਹਾਥੀ ਦਿਯੇ, ਰਥ ਦਿਯੇ, ਖਾਸੇ ਦਿਯੇ,
ਬਸਤ੍ਰ ਦਿਯੇ, ਸ਼ਸਤ੍ਰ ਦਿਯੇ, ਪ੍ਰੇਮ ਸੌਂ ਪਤੀਜਿਯੈ ।
ਜਾਹਰ ਜਵਾਹਰਾਤ ਜਗ ਜੋਤਿ ਜਗਾ ਦਿਯੈ,
ਜਗਾ ਦਿਯੋ ਰੂਪ ਤਾਹਿ ਸਰ ਕੌਨ ਕੀਜਿਯੈ ॥੩੧੬॥

ਸੋਰਠਾ ।

ਕਹੀ ਫੇਰ ਸਰਕਾਰ, "ਫੌਜ ਅਪਨੀ ਲੇਹੁ ਰਖ ।

---

੧੩੫. ਉਰਾਰ, ਉਰਲੇ ਪਾਰ ।

ਔਰ ਜੁ ਹੈ ਦਰਕਾਰ, ਸੋ ਸੋ ਮਾਂਗੋ ਦੇਹੂੰ ਮੈਂ" ॥੩੧੭॥

ਦੋਹਰਾ।

ਪਾਇ ਖਿਲਤ ਸਭ ਚੀਜ਼ ਕੋ, ਕਰਨੇ ਲਗੇ ਤਿਆਰ।
ਦਿਨ ਦਿਨ ਦੂਨੀ ਦੁਤਿ ਬਢੈ, ਜਯੋਂ ਫੁਹਾਰ ਕੀ ਧਾਰ।੩੧੮।

ਕਬਿਤੁ।

ਕਰੀ ਹੈ ਅਰਜ਼ ਸਰਕਾਰ ਸੋਂ ਅਜੀਤ ਸਿੰਘ,
"ਆਏ ਹਮ ਟੂਟੇ ਹਾਲ ਖਰਚ ਨ ਪਾਸ ਹੈ।
ਲਾਖਕੁ ਰੁਪਯਾ ਦਿਲਵਾਇਯੈ ਦਯਾ ਕਰਕੈ,
ਕ੍ਰਮ ਸੋਂ ਤਸੀਲ ਮੈਂ ਤੇ ਕਰ ਹੋਂ ਨਿਕਾਸ ਹੈ।"
ਸੁਨਤ ਪ੍ਰਮਾਨ ਸਰਕਾਰ ਨੈ ਦਿਵਾਯ ਦਿਯੈ,
ਉਨੈ ਮਾਂਗਨੇ ਕੋ ਫਿਰ ਪਰਗੋ ਖਵਾਸ ਹੈ।
ਕਈ ਵੇਰ ਫੇਰ ਮਾਂਗੈ ਦਿਯੋ ਜਾਇ ਸਰਕਾਰ,
ਨਾਹੀ ਨਿਕਰਤ ਨਾਹਿ, ਬਾਢਯੋ ਜੀ ਹੁਲਾਸ ਹੈ ॥੩੧੯॥

ਦੋਹਰਾ।

ਮਾਂਗਯੋ ਸੋਊ ਦੈ ਦਿਯੋ, ਬਿਨ ਮਾਂਗੈ ਬਹੁ ਦੀਨ।
ਦਿਨ ਦਿਨ ਦੈਵੋ ਹੀ ਕਰੈ, ਐਸੀ ਕ੍ਰਿਪਾ ਸੁ ਕੀਨ ॥੩੨੦॥

(ਸੰਧਾਵਾਲੀਆਂ ਦੀ ਸਾਜ਼ਸ਼)

ਕਬਿਤੁ।

ਕਿਯੋ ਅਸਬਾਬ ਸਬ ਤਿਆਰ ਦਸ ਮਾਸ ਮਾਹਿ,
ਫੌਜ ਕਰੀ ਲੈਸ ਸਾਜ ਬਿਕਟ ਬਨਾਯੋ ਹੈ।
ਮਨ ਮੈਂ ਕਪਟ ਪਟ ਨਿਪਟ ਲਪਟ ਰਹਯੋ,
ਊਪਰ ਤੇ ਹੁਕਮ ਜੋ ਜੋ ਭਯੋ ਸੋ ਬਜਾਯੋ ਹੈ।
ਮੀਠੀ ਮੀਠੀ ਬਾਤੈਂ ਕਰੈਂ, ਪਜਾਰ ਕੀ ਸੁ ਪਾਂਤੈਂ ਕਰੈਂ,
ਭੇਦ ਬਹੁ ਭਾਂਤੈ ਕਰੈਂ, ਸਾਚ ਦਿਖਲਾਯੋ ਹੈ।
ਕਹੂੰ ਬਨੈ ਦੀਨ, ਕਹੂੰ ਬਨੈ ਹੈਂ ਪ੍ਰਬੀਨ ਪੀਨ,
ਕਹੂੰ ਬਨੈ ਬੁੱਧਿ ਹੀਨ, ਕੌਤਕ ਰਚਾਯੋ ਹੈ ॥੩੨੧॥

ਦੋਹਰਾ।

ਸ਼ੇਰ ਸਿੰਘ ਸਰਕਾਰ ਅਰੁ ਧਿਆਨ ਸਿੰਘ ਮਹਾਰਾਜ।
ਅਤਿ ਦੋਊ ਮੋਹਿਤ ਭਏ, ਦੈਵ ਯੋਗ ਕੇ ਕਾਜ ॥੩੨੨॥
ਸੰਧਾਵਾਲੀ ਦੂਹੂੰ ਨੈ, ਜਾਨੀ ਜਬ ਯਹ ਬਾਤ।

ਹਮ ਪੈ ਅਤਿ ਵਿਸ੍ਵਾਸ ਅਬ, ਦੋਨੋਂ ਕੋ ਦਿਨ ਰਾਤ[੧੩੯] ॥੩੨੩॥

ਕਬਿੱਤੁ।

ਕਹੀ ਸਰਕਾਰ ਸੋਂ ਅਜੀਤ ਸਿੰਘ ਜਾਇ ਕਰ,
ਹਾਜਰੀ ਹਮਾਰੀ ਲੀਜੈ ਫੌਜ ਸਭ ਤਿਆਰ ਹੈ।
ਤਬ ਸਰਕਾਰ ਫਰਮਾਯੋ ਅਤਿ ਪਜਾਰ ਕਰਿ,
ਚਾਹੈਂ ਜਬ ਦਿਖਲਾਓ, ਤੁਮੈਂ ਅਖਤਯਾਰ ਹੈ।
ਸੁਨਕੈ ਅਜੀਤ ਸਿੰਘ ਜੰਗੀ ਕਾਰਤੂਸ ਭਰਿ,
ਫੌਜ ਕੌ ਸਿਖਾਯੋ ਸਭ ਮੰਤ੍ਰ ਕੋ ਵਿਚਾਰ ਹੈ।
"ਐਸੇ ਹਮ ਕਰੈਂ ਤਬ ਐਸੋ ਤੁਮ ਕੀਜੋ ਤਹਾਂ,
ਰਹਿਯੋ ਹੁਸ਼ਿਆਰ ਮਤ ਕੀਜਿਯੋ ਅਵਾਰ ਹੈ" ॥੩੨੪॥
ਫੇਰ ਲਹਨਾ ਸਿੰਘ ਸੋਂ ਕਹੀ ਹੈ ਅਜੀਤ ਸਿੰਘ,
ਕਲ ਸੰਕ੍ਰਾਤ ਦਾਨ ਸਮਯ ਜੁ ਇਕੰਤ ਹੈ।

---

੧੩੯. ਬੇਦੀ ਬਿਕ੍ਰਮ ਸਿੰਘ ਦੇ ਸ਼ਾਹਮਣੇ ਸ: ਅਜੀਤ ਸਿੰਘ ਏਨੀ ਜਲਦੀ ਕਿਉਂ ਫਿਰ ਗਿਆ, ਇਸ ਦੇ ਕਈ ਕਾਰਣ ਸਨ: (੧) ਸੰਧਾਵਾਲੀਆਂ ਦਾ ਲਾਹੌਰ ਦਰਬਾਰ ਵਿਚ ਰਸੂਖ ਵਧਦਾ ਦੇਖ ਕੇ ਧਯਾਨ ਸਿੰਘ ਨੇ ਧੀਰੇ-ਧੀਰੇ ਉਨ੍ਹਾਂ ਨਾਲ ਮੇਲ-ਜੋਲ ਪੈਦਾ ਕਰ ਲਿਆ ਸੀ ਤੇ ਅੰਦਰੋ-ਅੰਦਰ ਮੀਸਣੀਆਂ ਚਾਲਾਂ ਚੱਲ ਕੇ ਮਹਾਰਾਜਾ ਸ਼ੇਰ ਸਿੰਘ ਅਤੇ ਸੰਧਾਵਾਲੀਆਂ ਦੇ ਵਿਚਕਾਰ ਕਈ ਸ਼ੱਕ ਪੈਦਾ ਕਰ ਦਿੱਤੇ ਸਨ। (੨) ਵੱਡੀ ਗੱਲ ਇਹ ਸੀ ਕਿ ਡੋਗਰਿਆਂ ਨੇ ਕੌਰ ਦਲੀਪ ਸਿੰਘ ਨੂੰ ਜੰਮੂ ਤੋਂ ਲਾਹੌਰ ਲੈ ਆਂਦਾ ਸੀ। ਧਯਾਨ ਸਿੰਘ ਚੂੰਕਿ ਮਹਾਰਾਜੇ ਨੂੰ ਗੱਦੀਓਂ ਉਤਾਰਨ ਲਈ ਪਹਿਲਾਂ ਹੀ ਡਰਾਵੇ ਦਿੰਦਾ ਰਹਿੰਦਾ ਸੀ, ਹੁਣ ਜਦ ਡੋਗਰਿਆਂ ਦੀਆਂ ਸੰਧਾਵਾਲੀਆਂ ਦੇ ਨਾਲ ਗੁਪਤ ਮੀਟਿੰਗਾਂ ਹੋਣ ਲੱਗੀਆਂ ਤਾਂ ਹੋਰ ਵੀ ਸ਼ੱਕ ਵਧ ਗਿਆ। (੩) ਇਸ ਵਧਦੇ ਸ਼ੱਕ ਨੂੰ ਦੇਖ ਕੇ ਮਹਾਰਾਣੀ ਚੰਦ ਕੌਰ ਅਤੇ ਕੌਰ ਨੌ-ਨਿਹਾਲ ਸਿੰਘ ਦੀ ਰਾਣੀ ਸਾਹਿਬ ਕੌਰ 'ਗਿਲਵਾਲੀ' ਵਾਲੀ ਦੀ ਮੌਤ, ਜੋ ਲਾਹੌਰ ਹੀ ਹੋਈ ਸੀ, ਸੰਧਾਵਾਲੀਆਂ ਨੂੰ ਜੋਸ਼ ਦੇਣ ਲਈ ਕੋਈ ਘੱਟ ਵਾਕਿਆ ਨਹੀਂ ਸੀ, ਕਿਉਂਕਿ ਇਹ ਘਟਨਾਵਾਂ ਵੀ ਚਾਹੇ ਰਾਜਾ ਧਯਾਨ ਸਿੰਘ ਦੇ ਇਸ਼ਾਰੇ ਨਾਲ ਹੀ ਹੋਈਆਂ ਸਨ, ਪਰ ਮਹਾਰਾਜਾ ਸ਼ੇਰ ਸਿੰਘ ਵੀ ਇਸ ਅਪਰਾਧ ਵਿਚ ਲਿਪਟ ਗਿਆ ਸੀ। (੪) ਕੁਝ ਚਿਰ ਪਹਿਲਾਂ ਰਾਣੀ ਸਾਹਿਬ ਕੌਰ 'ਗਿਲਵਾਲੀ' ਵਾਲੀ ਦਾ ਹਮਲ ਗਿਰਵਾਇਆ ਗਿਆ ਸੀ। ਇਹ ਸਭ ਗੱਲਾਂ ਸੰਧਾਵਾਲੀਆਂ ਦੀ ਪਾਰਟੀ ਨੂੰ ਖਤਮ ਕਰਨ ਵਾਸਤੇ ਕੀਤੀਆਂ ਗਈਆਂ ਸਨ, ਇਸ ਲਈ ਜਦ ਸ਼ੱਕ ਵਟਾਂਦਰਾ ਹੋ ਕੇ ਪਰਸਪਰ ਦੋਹਾਂ ਧਿਰਾਂ ਦੇ ਵਿਚਕਾਰ ਖ਼ਲੀਜ ਦੀ ਸ਼ਕਲ ਅਖਤਿਆਰ ਕਰਨ ਲੱਗੀ ਤਾਂ ਵਿਚਕਾਰ ਡੱਕਾ ਕੋਈ ਨਾ ਪਾ ਸਕਿਆ। ਇਹ ਇਕ ਕੁਦਰਤੀ ਗੱਲ ਸੀ, ਵੈਸੇ ਅਜੀਤ ਸਿੰਘ ਮਹਾਰਾਜੇ ਨਾਲ ਵਿਗੜਨਾ ਨਹੀਂ ਸੀ ਚਾਹੁੰਦਾ, ਸ: ਲਹਿਣਾ ਸਿੰਘ ਨੇ ਉਸ ਨੂੰ ਮਜਬੂਰ ਕੀਤਾ ਸੀ।

(ਦੇਖੋ, ਬੀਰ ਮ੍ਰਿਗਿੰਦ ਗੁਰ ਬਿਲਾਸ)

ਮੈਂ ਤੋ ਇਤ ਜਾਇ ਸ਼ੇਰ ਸਿੰਘ ਕੋ ਕਰੌਂਗੇ ਕਾਮ,
ਤਾਹੀ ਛਿਨ ਤੁਮ ਕਰੌ ਕੌਰ ਕੌ ਹਨੰਤ ਹੈ।
ਫੇਰ ਧਜਾਨ ਸਿੰਘ ਜੂ ਕੌ ਦੇਖ ਲੈਂ ਹੈਂ ਕਾਹੂੰ ਠੌਰ,
ਔਰ ਫੇਰ ਕਹਜੋ ਕੌਨ ਦੂਜੋ ਬਲਵੰਤ ਹੈ।
ਜੋ ਹਮੈਂ ਸੰਘਾਰੈ, ਪੂਨ ਪਾਰੈ, ਕਿਲਾ ਫਾਰੈ ਮਾਰੈ,
ਧਾਰੈ ਤਰਵਾਰੈਂ, ਐਸੋ ਕੌਨ ਛਿਤਿ ਕੰਤ ਹੈ" ॥੩੨੫॥

**(ਮਹਾਰਾਜਾ ਸ਼ੇਰ ਸਿੰਘ ਦਾ ਕਤਲ)**

ਸੋਰਠਾ।

ਕਰਿ ਐਸੇ ਸੰਕੇਤ, ਫੌਜ ਸੰਗ ਲੈ ਦੂਹੂੰ ਗਏ।
ਸਾਹਿ ਬਿਲੌਰ ਨਿਕੇਤ[੧੩੭], ਜਹਾਂ ਹਜੂਰ ਉਤਰੇ ਹੁਤੇ ॥੩੨੬॥

ਦੋਹਰਾ।

ਦਾਨ ਵਿਧਾਨ ਹਜੂਰ ਕਰਿ, ਲਖਯੋ ਮੱਲ ਕੋ ਜੁੱਧ।
ਕੰਠੇ ਕੜੇ ਇਨਾਮ ਦੈ, ਉਠੇ ਆਪ ਅਵਿਰੁੱਧ ॥੩੨੭॥

ਕਬਿਤੁ।

ਆਇ ਕਰਿ ਅਰਜ਼ ਅਜੀਤ ਸਿੰਘ ਕੀਨੀ ਜਬ,
"ਲੀਜੈ ਮਹਾਰਾਜ! ਆਜ ਹਾਜ਼ਰੀ ਹਮਾਰੀ ਹੈ।
ਬਾਰਹਦਰੀ ਮੈਂ ਚਲ ਬੈਠਿਯੈ ਇਕੰਤ ਤਹਾਂ,
ਦੇਖਿਯੈ ਬਹਾਰ ਕੈਸੀ ਫੌਜ ਛਬਿ ਧਾਰੀ ਹੈ।"
ਬੈਠੀ ਸਰਕਾਰ ਜਾਇ ਜਹਾਂ ਉਨ ਕਹੀ ਤਹਾਂ,
ਹਾਜ਼ਰੀ ਕੇ ਮਿਸ[੧੩੮] ਘੇਰੀ ਬਾਰਹ ਦੁਆਰੀ ਹੈ।
ਏਕ ਏਕ ਅਸਵਾਰ ਆਗੇ ਹ੍ਵੈ ਨਿਕਾਰਜੋ ਕਰੈਂ,
ਕਰਾਬੀਨਿਯੋਂ ਕੀ ਪਾਂਤਿ[੧੩੯] ਪਾਸ ਕਰੀ ਨਜ਼ਾਰੀ ਹੈ ॥੩੨੮॥
ਹਾਥ ਜੋਰਿ ਅਰਜ਼ ਅਜੀਤ ਸਿੰਘ ਕੀਨੀ ਫੇਰ,
ਸਿੰਘ ਏਕ ਮੋਰੋ ਤਾਕੀ ਅਰਜ਼ ਨਜ਼ਾਰੀ ਹੈ।
ਕਹਿਯੈ ਤੌ ਊਪਰ ਬੁਲਾਵੈਂ, ਉਨ ਕਹੀ-"ਆਵੈ",
ਤਜੋਂ ਹੀ ਚਢਿ ਆਇ ਠਾਢੋ ਭਯੋ ਸੋ ਪਿਛਾਰੀ ਹੈ।
ਕਹੀ ਫੇਰ-"ਨੰਦਨ[੧੪੦] ਤੇ ਆਈ ਹੈ ਦੁਨਾਲੀ ਦੇਖੋ,"
ਗਹੀ ਸਰਕਾਰ ਜਬ ਨਾਲੀ ਕੀ ਅਗਾਰੀ ਹੈ।
ਪਾਛੈਂ ਹਾਥ ਰਾਖ ਕੈ ਅਜੀਤ ਸਿੰਘ ਮਹਾ ਨੀਚ,
ਦਾਬਿ ਦੂਹੂੰ ਘੋੜਾ ਯੌਂ ਦੁਨਾਲੀ ਝੱਟ ਮਾਰੀ ਹੈ ॥੩੨੯॥

---

੧੩੭. ਸ਼ਾਹ ਬਿਲਾਵਲ ਦੇ ਸਥਾਨ ਪਰ। ੧੩੮. ਬਹਾਨੇ ਨਾਲ।
੧੩੯. ਲੰਡਨ (ਇੰਗਲੈਂਡ ਦਾ ਇਕ ਪ੍ਰਸਿੱਧ ਸ਼ਹਿਰ)। ੧੪੦. ਉਸ ਨੇ।

ਸਿੰਘ ਏਕ ਪਾਛੈਂ ਆਇ ਠਾਢੋ ਜੋ ਭਯੋ ਹੈ, ਤਾ ਨੇ
ਊਪਰ ਤੈ ਸਿਰ ਪਰ ਮਾਰੀ ਤਲਵਾਰ ਹੈ ।
ਵਾਹੀ ਰਾਹ ਕੂਦ ਸਰਕਾਰ ਕੌਂ ਲੈ ਸੀਸ ਸੰਗ,
ਫੌਜ ਲੈ ਤੁਰਤ ਕਿਯੋ ਕਿਲੈ ਕੋ ਵਿਚਾਰ ਹੈ ।
ਤਯੋਂ ਹੀ ਬੁੱਧ ਸਿੰਘ ਆਯੋ ਚੇਲਾ ਸਰਕਾਰ ਕੋ ਜੋ,
ਤਾ ਨੇ ਵਾਹੀ ਸਿੰਘ ਕੋ ਜੋ ਸੀਸ ਕਾਟਯੋ ਡਾਰ ਹੈ ।
ਤਾ ਕੌਂ ਫੇਰ, ਜੀਤ[141] ਕੇ ਸਿਪਾਹਿਨ ਨੇ ਆਇ ਲਿਯੋ,
ਝਟਪਟ ਸੀਸ ਲਿਯੋ ਤਾਹੂੰ ਕੋ ਉਤਾਰ ਹੈ ॥੩੩੦॥

**(ਕੌਂਰ ਪ੍ਰਤਾਪ ਸਿੰਘ ਦੀ ਹਤਯਾ)**

ਇਤ ਮੈਂ ਅਜੀਤ ਸਿੰਘ ਕਿਯੋ ਇਹ ਨੀਚ ਕਾਮ,
ਉਤੈ ਲਹਨਾ ਸਿੰਘ ਹੂੰ ਨੈਂ ਮਾਰਯੋ ਕੌਰ* ਜਾਇ ਕੈ ।
ਚਲਯੋ ਵੁਹ ਕਿਲੇ ਕੌਂ ਸਵਾਰ ਕਛੁ ਸੰਗ ਲਿਯੈ,
ਆਗੈ ਚਲਯੋ ਜਾਤ ਹੋ ਅਜੀਤ ਸਿੰਘ ਧਾਇ ਕੈ ।
ਜਾਤ ਹੀ ਹਵੇਲੀ ਤੇ ਹਜ਼ੂਰ ਪੈ ਸ੍ਰੀ ਧਯਾਨ ਸਿੰਘ,
ਮਿਲਯੋ ਮਗ ਮਾਹਿ ਹੈ ਅਜੀਤ ਸਿੰਘ ਆਇ ਕੈ ।
ਕਹੀ ਸੰਧਾਵਾਲਿਯਾ ਕਿ ਐਸੇ ਕਾਮ ਕਿਯੋ ਹਮ,
ਸੁਨਤ ਮਹੀਪ ਹਿਯ ਉਠਯੋ ਹੈ ਰਿਸਾਇ ਕੈ ॥੩੩੧॥

ਦੋਹਰਾ ।

ਧਯਾਨ ਸਿੰਘ ਨ੍ਰਿਪ ਚਿਤ ਧਰੀ, ਮਾਰਯੋ ਇਨੈਂ ਕੁਮਾਰ ।
ਯਹ ਵਿਚਾਰ ਸੰਗ ਲੈਗਏ, ਤਿਨ ਕੌਂ ਕਿਲੇ ਮਝਾਰ ॥੩੩੨॥

ਕਬਿਤੁ ।

ਰਾਜਾ ਧਯਾਨ ਸਿੰਘ ਜੂ ਕੌਂ ਲਹਿਰੈਂ ਅਨੇਕ ਉਠੈਂ,
ਭੂਮੈਂ ਹੂੰ ਗਡਾਇ ਯਾ ਉਡਾਇ ਤੋਪ ਮਾਰੌਂ ਯੇ ।
ਹਾਥਿਨ ਕੇ ਪਾਇ ਨੀਚੈਂ ਨੀਚਨ ਖੁਦਾਇ ਡਾਰੌਂ,
ਯਾ ਸਰੀਰ ਫਾਰਿ ਫਾਰਿ ਨੋਨ ਭਰਿ ਗਾਰੌਂ ਯੇ ।
ਭੌਂਥਰੇ ਹਥਯਾਰਨ ਤੈਂ ਬੰਦ ਬੰਦ ਜੁਦੇ ਕਰੌਂ,
ਯਾ ਕਛੁਕ ਦਾਰੂ ਮੈਂ ਝੁਲਸ ਡਾਰੌਂ ਖਾਰੌਂ ਯੇ ।
ਚੀਰ ਡਾਰੌਂ ਇਨ ਕੌਂ ਕਿ ਤੀਰ ਡਾਰੌਂ ਤਨਿ ਤਨਿ,
ਨੀਰ ਡਾਰੌਂ ਦੋਊਨ ਕੋ ਯਾ ਜਰਾਇ ਡਾਰੌਂ ਯੇ ॥੩੩੩॥

---

੧੪੧. ਸ: ਅਜੀਤ ਸਿੰਘ ਦੇ । * ਕੌਰ ਪ੍ਰਤਾਪ ਸਿੰਘ, ਇਹ ਕੌਰ ਮਹਾਰਾਜਾ ਸ਼ੇਰ ਸਿੰਘ ਦਾ ਵਡਾ ਹੋਣਹਾਰ ਸੁਪੁਤ੍ਰ ਸੀ । ਇਸ ਸਮੇਂ ਇਹ ਅਜੇ ਮਸਾਂ ੧੩ ਕੁ ਵਰ੍ਹੇ ਦਾ ਹੀ ਸੀ, ਜਦ ਇਸ ਦੀ ਸ: ਲਹਿਣਾ ਸਿੰਘ ਸੰਧਾਵਾਲੀਏ ਦੇ ਹੱਥੋਂ ਮੌਤ ਹੋ ਗਈ ।

(ਰਾਜਾ ਧਯਾਨ ਸਿੰਘ ਦਾ ਕਤਲ)

ਸੋਰਠਾ।

ਪਹੁੰਚੇ ਕਿਲੇ ਮਝਾਰ, ਤਾਹਿ ਵਿਚਾਰ ਨੀਚਨ ਕਿਯੇ।
ਜੋ ਨ੍ਰਿਪ[੧੪੨] ਅਬ ਬਚ ਜਾਇ, ਤੌ ਹਨਹੈ[੧੪੩] ਹਮ ਕੌ ਅਬੈ ॥੩੩੪॥

ਕਬਿਤੁ।

ਅਧਮ ਅਜੀਤ ਸਿੰਘ ਭੂਪ ਕੀ ਬਚਾਇ ਡੀਠ,
ਕਰੀ ਸੈਨ ਔਰ ਕੌ ਕਿ ਦੇਹੁ ਇਨੈਂ ਮਾਰ ਹੈ।
ਤਜੋਂ ਹੀ ਪੀਠ ਪੀਛੈ ਤੇ ਜੋ ਨੀਚਨ ਕੋ ਨੀਚ, ਤਾ ਨੈ,
ਮਾਰੀ ਕਰਾਬੀਨ ਭਰੀ ਗੋਲੀ ਕੀ ਕਤਾਰ ਹੈ।
ਲਗਤ ਪ੍ਰਮਾਨ ਹੀ ਜ਼ੁਬਾਨ ਤੈਂ ਸ੍ਰੀ ਰਾਮ ਕਢਯੋ,
ਤਨ ਤੈ ਜੁ ਪ੍ਰਾਨ ਕਢਯੋ ਛੋਡਿ ਬ੍ਰਹਮ ਦ੍ਵਾਰ ਹੈ।
ਤਹਾਂ ਭੂਪ ਸੰਗ ਕੇ ਸਿਪਾਹੀ ਏਕ ਦੇਖਿ ਆਇ,
ਕਰਾਬੀਨੀਆ ਕੋ ਮਾਰਯੋ ਮਾਰਿ ਤਲਵਾਰ ਹੈ ॥੩੩੫॥
ਬਿਕ੍ਰਮੇਸ ਸੰਬਤ ਸੋ *ਉਨਈਸ ਸ਼ਤ ਪੂਰੋ,
ਅਸ਼੍ਵਨ ਮਹੀਨਾ, ਕ੍ਰਿਸਨ ਪਖ, ਪਿਤ੍ਰ ਬਾਸ ਹੈ।
ਸ਼ਸ਼ਟੀ[੧੪੪] ਭ੍ਰਿਗੁਵਾਰ[੧੪੫] ਅਰੁ ਕੰਨ੍ਯਾ ਸੰਕ੍ਰਾਂਤਿ ਹੁਤੀ,
ਪ੍ਰਥਮ ਪਹਰ[੧੪੬] ਦਿਨਕਰ ਕੋ ਵਿਲਾਸ ਹੈ।
ਸ਼ੇਰ ਸਿੰਘ ਸਰਕਾਰ ਕੁੰਅਰ ਪ੍ਰਤਾਪ ਸਿੰਘ,
ਰਾਜਾ ਧਯਾਨ ਸਿੰਘ ਜੁਤ ਆਯੋ ਹੁਕਮ ਖਾਸ ਹੈ।
ਵਿਸ਼ਨੁ ਪਾਰਖਦ[੧੪੭] ਲੈ ਬਿਬਾਨਨ ਪੈ ਚਲੇ ਗਏ,
ਜਾਇ ਜਾਇ ਕਿਯੋ ਬ੍ਰਹਮ ਲੋਕ ਮੈਂ ਅਵਾਸ ਹੈ[੧੪੮] ॥੩੩੬॥

(ਮਿਸ੍ਰ ਬੇਲੀ ਰਾਮ ਤੇ ਗਿਆਨੀ ਗੁਰਮੁਖ ਸਿੰਘ ਦੇ ਮਸ਼ਵਰੇ)

ਦੋਹਰਾ।

ਜਾਇ ਤਖਤ ਤਦ ਨੀਚ ਵੇ, ਬੈਠੇ ਬੀਚ ਦਲਾਨ।
ਲਿਯੈ ਲਵਾਇਕ ਸੰਗ ਸਭ, ਕਰਤ ਸਲਾਹ ਨਿਦਾਨ ॥੩੩੭॥

---

੧੪੨. ਰਾਜਾ ਧਯਾਨ ਸਿੰਘ, ੧੪੩. 'ਹਨਹੈ' ਅਰਥਾਤ-ਸਾਨੂੰ (ਸੰਧਾਵਾਲੀਆਂ ਨੂੰ) ਮਾਰ ਦੇਵੇਗਾ। ਉਸ ਸਮੇਂ ਅਸਲ ਵਿਚ ਇਕੱਲਾ ਸ: ਅਜੀਤ ਸਿੰਘ ਹੀ ਆਪਣੇ ਸਿਪਾਹੀਆਂ ਸਮੇਤ ਸੀ, ਜਿਸ ਨੇ ਰਾਜਾ ਧਯਾਨ ਸਿੰਘ ਨੂੰ ਘੇਰਿਆ ਸੀ, ਸਰਦਾਰ ਲਹਿਣਾ ਸਿੰਘ ਉਸ ਤੋਂ ਪਿੱਛੋਂ ਫੌਜੀ ਦਸਤੇ ਲੈ ਕੇ ਕਿਲ੍ਹੇ ਵਿਚ ਦਾਖਲ ਹੋਇਆ ਸੀ। * ਬਿਕ੍ਰਮੀ ਸੰਮਤ ੧੯੦੦। ੧੪੪. ਛਠ, ੬। ੧੪੫. ਸ਼ੁੱਕਰਵਾਰ। ੧੪੬. ਪਹਿਲੇ ਪਹਿਰ, ਅਰਥਾਤ-ਸਵੇਰੇ। ੧੪੭. ਵਿਸ਼ਨੂੰ ਜੀ ਦੇ ਖਾਸ ਸੇਵਾਦਾਰ। ੧੪੮. ਨਿਵਾਸ, ਘਰ।

ਨੀਚ ਲਗੇ ਫਿਰ ਰਾਜ ਕੇ, ਬੰਦੋਬਸਤ ਕੇ ਕਾਜ ।
ਰਾਜ ਸੁਚਿਤ ਹ੍ਵੈ ਕਰੈਂਗੇ, ਅਬ ਹਮ ਤਖਤ ਬਿਰਾਜ ॥੩੩੮॥
ਤਾਹਿ ਸਮੈਂ ਆਏ, ਜੁ ਦ੍ਵੈ, ਗੁਰਮੁਖ ਸਿੰਘ ਇਕ ਜਾਨ ।
ਮਿਸ੍ਰ ਜੁ ਬੇਲੀ ਰਾਮ ਦੁਅ, ਦੋਊ ਹਿਯ ਹਰਖਾਨ[੧੪੯] ॥੩੩੯॥
ਤਿਨ ਦੋਊਨ ਕੀ ਕਹਿਤ ਹੌਂ, ਨਗਾਰੀ ਨਗਾਰੀ ਗੀਤ ।
ਕੌਨ ਹੁਤੇ, ਔਰ ਕਰੀ ਉਨ, ਕੈਸੀ ਨੈ ਅਧਿਕ ਅਨੀਤ ॥੩੪੦॥

ਕਬਿਤੁ ।

ਗੁਰਮੁਖ ਸਿੰਘ ਨਾਮ ਗਗਾਨੀ ਕਹਵਾਵਤ ਹੈ,
ਤਾ ਪੈ ਸਰਕਾਰ ਅਤਿ ਕਰਤ ਕ੍ਰਿਪਾ ਰਹੀ ।
ਹਰ ਇਕ ਕਾਮਨ ਮੈਂ ਵਾ ਕੀ ਮੁਖਤਗਾਰੀ ਰਹੀ,
ਨਿਤ ਅਖਤਗਾਰੀ ਕਰੈ ਬਾਤ ਜੋ ਬਿਚਾਰ ਹੀ ।
ਕੰਵਰ ਪ੍ਰਤਾਪ ਸਿੰਘ ਤਾ ਕੌ ਸਰਕਾਰ ਸੌਂਪਯੋ
ਜਾਨਿ ਨਿਜ ਅੰਗੀ ਇਕ ਰੰਗੀ ਇਕ ਬਾਰ ਹੀ ।
ਸਭ ਸਰਦਾਰਨ ਤੈ ਹਰ ਜਾ ਸਿਵਾਇ ਰਾਖਯੋ,
ਦੌਲਤ ਮੁਲਕ ਹੁਕਮ ਦਿਯੋ ਹੈ ਅਪਾਰ ਹੀ ॥੩੪੧॥

ਦੋਹਰਾ ।

ਸੋਈ ਗੁਰਮੁਖ ਸਿੰਘ ਫਿਰ, ਬਨ ਕੈ ਗੁਰੂ ਕੀ ਠਾਮ ।

---

੧੪੯. ਸੰਧਾਵਾਲੀਆਂ ਨੇ ਇਸ ਮੌਕੇ 'ਤੇ ਪੰਜਾਬ ਦੇ ਰਾਜ-ਪ੍ਰਬੰਧ ਲਈ ਆਪਣੇ ਸਾਥੀਆਂ ਦੇ ਨਾਲ ਜੋ ਗੱਲਾਂ ਕੀਤੀਆਂ, ਉਹ ਇਕ ਪੁਰਾਤਨ ਰੋਜ਼ਨਾਮਚੇ ਦੀ ਲਿਖਤ ਅਨੁਸਾਰ ਇਸ ਤਰ੍ਹਾਂ ਹਨ:-
"ਤਬ ਸੰਧਾਵਾਲੀਏ ਦੋਨੋ (ਸਰਦਾਰ)...ਤਥਾ ਬੇਲੀ ਰਾਮ ਤੋਸ਼ੇਖਾਨੀਆਂ ਅਰੁ ਭਾਈ ਗੁਰਮੁਖ ਸਿੰਘ ਗਿਆਨੀ ਇਹ ਚਾਰੋਂ ਮਿਲ ਕੈ ਮਨਸੂਬਾ ਕਰਨੇ ਲਾਗੇ ਰਾਜ ਕੇ ਸਮਾਜ ਕਾ। ਬੇਲੀ ਰਾਮ ਕਹਿਆ ਸੰਧਾਵਾਲੀਆਂ ਕੌ: 'ਜੋ ਮੇਰੇ ਮਨ ਤੋਂ ਇਹ ਬਾਤ ਆਵਤੀ ਹੈ...ਮਾਇਆ ਕੇ ਹੌਦ ਭਰੋ, ਆਪ ਹਾਥੀਆਂ 'ਪਰ ਚੜ੍ਹੋ ਤੇ ਫੌਜ ਕੋ, ਸੂਬੇਦਾਰਾਂ ਕੋ, ਮੁਸਾਹਿਬਾਂ ਕੋ, ਜਰਨੈਲਾਂ ਕਰਨੈਲਾਂ ਕੋ ਇਨਾਮ ਬਸ਼ਕੋਂ (ਬਖ਼ਸ਼ੋ) ਘੋੜੇ, ਕੜੇ, ਪੁਸ਼ਾਕਾਂ। ਜੇਹੀ ਲਾਇਕ ਕਾ ਕੋਈ ਹੋਵੈ ਤੇਹਾ ਹੀ ਇਨਾਮ ਬਸ਼ਕੋਂ, ਫੌਜ, ਮੁਸਾਹਿਬ ਅਪਨੇ ਕਰ ਲੇਵੋਂ ।' ਤਬ ਭਾਈ ਗੁਰਮੁਖ ਸਿੰਘ ਗਿਆਨੀ ਕਹਿਆ- 'ਜੋ ਤੁਮ ਉਤਾਵਲੁ ਨਾ ਕਰੋ ਏਵੇਂ ਮਾਇਆ ਕਿਉਂ ਲੁਟਾਈਏ, ਗੀਤ ਨਾਲ ਵਰਤਾਵਾਂਗੇ। ਹੁਣ ਅਸਾਂ ਨੂੰ ਡਰ ਕਿਸ ਕਾ ਹੈ। ਪਾਤਸ਼ਾਹ ਅਰ ਵਜ਼ੀਰ ਦੋਨੋਂ ਮਾਰੇ ਗਏ। ਫੌਜ ਸਭ ਅਸਾਡੀ ਮੁਥਾਜ ਹੈ। ਓਰੇ ਹੁਣੇ ਸਭ ਸਲਾਮੀਆਂ ਆਣ ਕਰਤੇ ਹੈਂ ।' ਕਰਤਾਰ ਕਾ ਭਾਣਾ ਇਸੀ ਪ੍ਰਕਾਰ ਸੀ। ਤਬ ਸੰਧਾਵਾਲੀਆਂ ਕਹਿਆ ਜੋ "ਵਾਹੁ ਵਾਹੁ ਭਾਈ ਸਾਹਿਬ ਜੀ, ਏਹੋ ਬਾਤ ਹੱਛੀ ਹੈ।"
(ਪੰਜਾਬ ਯੂਨੀਵਰਸਿਟੀ ਲਾਇਬ੍ਰੇਰੀ, ਲਾਹੌਰ, Mss No 408)

ਪਾਹੁਲ ਪਢਿ ਦੀਨੀ ਹੁਤੀ, ਕੌਰਹਿ ਯਹਿ ਜਗ ਆਮ ॥੩੪੨॥
ਯਾ ਬਿਧਿ ਗੁਰਮੁਖ ਸਿੰਘ ਕੋ, ਕੰਵਰ ਪੁਤ੍ਰ ਸਮ ਲਾਗ ।
ਤਾਹੂੰ ਪੈ ਬਾਲਕ ਉਮਰ, ਬਡੇ ਰੂਪ ਕੋ ਬਾਗ ॥੩੪੩॥

ਕਬਿੱਤੁ ।

ਬਾਹਰ ਤੈ ਐਸੇ ਆਇ ਗੁਰਮੁਖ ਤਖਤ ਪਾਸ,
ਲਹਨਾ ਅਜੀਤਾ ਕੌ ਮਿਲ੍ਯੋ ਹੈ ਕੰਠ ਲਾਇ ਕੈ ।
ਲਾਗ੍ਯੋ ਹੈ ਕਹਨ "ਆਜ ਅਧਿਕ ਬਧਾਏ ਤੁਮੈਂ,
ਹਮੈਂ ਹਰਖ ਛਾਯੋ ਸੋ ਕਹੌਂ ਮੈਂ ਕਾ ਸੁਨਾਇ ਕੈ ?
ਅੰਗ ਅੰਗ ਮੇਰੇ ਉਠੈਂ ਫੂਲਿ ਫੂਲਿ ਖੁਸ਼ੀ ਮਾਹਿਂ,
ਕਿਯੋ ਤੁਮ ਰੰਗ, ਦਿਯੋ ਪਰਬਤ ਦ੍ਵੈ ਢਾਇਕੈ ॥"
ਅਤਰ ਲੰਗਾਵੈ, ਮਾਲ ਫੂਲਨ ਕੀ ਗਲੇ ਪਾਵੈ,
ਊਚੇ ਊਚੇ ਗਾਵੈ, ਬਤਰਾਵੈ ਸੁਖ ਪਾਇ ਕੈ ॥੩੪੪॥

ਸੋਰਠਾ ।

ਮਿਸਰੀ ਔਰ ਕੜਾਹ, ਬਾਂਟਨ ਲਗ੍ਯੋ ਉਚਾਰ ਯੌਂ ।
"ਆਜ ਮਿਟ੍ਯੋ ਸਭ ਦਾਹ, ਰਾਜ ਅਟਲ ਅਬ ਤੁਮ ਭਯੋ" ॥੩੪੫॥

ਦੋਹਰਾ ।

ਗੁਰਮੁਖ ਕੋ ਤੋ ਹਾਲ ਯਹ, ਦਿਯੋ ਸਬਨ ਸੁਨਾਇ ।
ਮਿਸਰ ਜੁ ਬੇਲੀ ਰਾਮ ਕੋ, ਕਹੌਂ ਹਵਾਲ ਬੁਝਾਇ ॥੩੪੬॥

ਕਬਿੱਤੁ ।

ਬਾਲਕਪਨੇ ਤੇ ਰਹ੍ਯੋ ਬਡੀ ਸਰਕਾਰ[੧੫੦] ਪਾਸ
ਕਿਯੋ ਸਰਕਾਰ ਨੇ ਜੋ ਤਾਹਿ ਤੋਸ਼ੇਖਾਨੀਆ ।
ਬਡੋ ਸਰਕਾਰ ਕਿਯੋ, ਮੁਲਕ ਅਪਾਰ ਦਿਯੋ,
ਤਾਂ ਤੇ ਰਹ੍ਯੋ ਭੋਗਤ ਬਹਾਰ ਮਨ ਮਾਨੀਆ ।
ਤਾ ਹੂੰ ਤੇ ਸਿਵਾਇ ਸ਼ੇਰ ਸਿੰਘ ਜੂ ਨੈ ਕਰੀ ਕ੍ਰਿਪਾ,
ਕਈ ਜੁਗ ਬੀਤੇ ਖਾਤ ਨਿਮਕ ਪ੍ਰਮਾਨੀਆ ।
ਭੂਪ ਧਯਾਨ ਸਿੰਘ ਜੂ ਛੁਡਾਯੋ ਕੈਦ ਕੌਰ[੧੫੧] ਕੀ ਤੈਂ,
ਫੇਰ ਕੈ ਬਨਾਯੋ ਕੋਸ਼* ਕਾਮ ਕੋ ਪ੍ਰਧਾਨੀਆ ॥੩੪੭॥
ਗੁਰਮੁਖ ਸਿੰਘ ਆਇ ਬਾਂਟਯੋ ਹੋ ਕੜਾਹ ਜਬ,
ਤਬ ਹੀ ਮਿਸਰ ਬੇਲੀ ਰਾਮ ਆਯੋ ਧਾਇ ਕੈ ।
ਹੰਸਿ ਹੰਸਿ ਬੋਲਤ ਅਜੀਤਾ ਲਹਿਨਾ ਸੋਂ ਅਬ,

੧੫੦. ਮਹਾਰਾਜਾ ਰਣਜੀਤ ਸਿੰਘ । ੧੫੧. ਕੌਰ ਨੌ-ਨਿਹਾਲ ਸਿੰਘ * ਖ਼ਜ਼ਾਨਾ ।

"ਆਪ ਕੋ ਬਧਾਈ ਹੈ ਬਧਾਈ ਚਿਤ ਚਾਇ ਕੈ ।
ਲਾਯੋ ਮੈਂ ਜਵਾਹਰਾਤ ਪਹਿਨੋ ਦਿਨ ਰਾਤ ਤੁਮ,
ਹੀਰਨ ਕੇ, ਮੋਤਿਨ ਕੇ ਹਾਰ ਹਰਖਾਇ ਕੈ ।
ਸੁਖ ਸਰਸਾਯੋ ਭਯੋ, ਮੇਰੇ ਮਨ ਭਾਯੋ ਭਯੋ,
ਕਿਲਾ ਛਬਿ ਛਾਯੋ ਥਯੋ ਤੋ ਸੋਂ ਪ੍ਰਭੁ ਪਾਇ ਕੈ[੧੫੨]" ॥੩੪੮॥

ਸੋਰਠਾ ।
ਐਸੇ ਕ੍ਰਿਤਘਨ ਕ੍ਰੂਰ, ਨਿਮਕ ਹਰਾਮ ਨਿਕਾਮ ਅਤਿ ।
ਜਗਤ ਦਈ ਮੁਖ ਧੂਰ, ਧਿਕ ਧਿਕ ਬੋਲੀ ਰਾਮ ਤੁਹਿ ॥੩੪੯॥

ਦੋਹਰਾ ।
ਅਬ ਫਿਰ ਪੂਰਬ ਪ੍ਰਸੰਗ ਕੋ, ਮੇਲਿ ਕਹਤ ਵਿਵਹਾਰ ।
ਭਯੋ ਆਚਰਜ ਕੋ ਮਰਨ, ਤਿਹ ਕੋ ਜਗਤ ਮਝਾਰ ॥੩੫੦॥
ਕਹਾ ਕਿਯੋ, ਕਾ ਕਰਤ ਹੈ, ਕਾ ਕਰ ਹੈਂ ਪ੍ਰਕਾਰ ।
ਲਖ ਨ ਸਕਤ ਹੈਂ ਅਮਰ* ਹੂੰ, ਭਾਵੀ ਕੋ ਵਿਵਹਾਰ ॥੩੫੧॥

ਕਬਿੱਤੁ ।
ਜੈਸੇ ਬੁਧਿ ਸਾਗਰ ਸ੍ਰੀ ਸ਼ੇਰ ਸਿੰਘ ਮਹਾਰਾਜ,
ਨਾਗਰ ਸੁ ਤੈਸੇ ਧਜਾਨ ਸਿੰਘ ਜੂ ਨਿਹਾਰੇ ਹੈਂ ।
ਜਾ ਕੈ ਰਾਜਨੀਤ ਕੇ ਭੇਦ ਭਾਵ ਭਾਵ ਸਭ,
ਐਸੋ ਕੋ ਨਿਦਾਨ ਜੋ ਨਾ ਦੋਊ ਉਰ ਧਾਰੇ ਹੈਂ ।
ਸਾਮ ਦਾਮ ਦੰਡ ਭੇਦ[੧੫੩] ਆਦਿਕ ਅਨੇਕ ਅੰਗ,
ਰੰਗੇ ਰੰਗ ਰੰਗ ਦੋਊ ਏਕ ਢਾਰ ਢਾਰੇ ਹੈਂ ।
ਕਈ ਕਈ ਲਾਖਨ ਕੋ ਏਕ ਏਕ ਬਲੀ ਹਤੋ,
ਐ ਪੈ ਭਾਵੀ ਬਲੀ ਛਲੀ ਛਲ ਸਭ ਡਾਰੇ ਹੈਂ ॥੩੫੨॥
ਹੇਮ ਕੋ ਹਰਨ[੧੫੪] ਕਭੂੰ ਦੇਖਯੋ ਨਾਹਿ ਸੁਨਯੋ ਕਾਹੂੰ,
ਤਾ ਪੈ ਉਠਿ ਧਾਯੋ ਰਘੁਬਰ ਸੋ ਸੁਜਾਨ ਹੈ ।

---

੧੫੨. ਇਸ ਲਿਖਤ ਦੀ ਕਿਤੋਂ ਪੁਸ਼ਟੀ ਨਹੀਂ ਹੁੰਦੀ । * ਦੇਵਤੇ ਵੀ ਕਿਸਮਤ ਦੇ ਚਕਰ ਨੂੰ ਸਮਝ ਨਹੀਂ ਸਕਦੇ । ੧੫੩. ਸਾਮ (ਨਰਮਾਈ ਤੋਂ ਕੰਮ ਲੈਣਾ), ਦਾਮ (ਲਾਲਚ ਦੇਣਾ), ਦੰਡ (ਸਜ਼ਾ ਦੇਣੀ) ਅਤੇ ਭੇਦ (ਦੁਸ਼ਮਣ ਦੇ ਘਰ ਵਿਚ ਫੁੱਟ ਪਉਣੀ)-ਨੀਤੀ ਦੇ ਇਹ ਚਾਰ ਅੰਗ ਹਨ । ੧੫੪. ਸੋਨੇ ਦਾ ਹਰਨ । ਸ੍ਰੀ ਰਾਮ ਚੰਦ੍ਰ ਨੂੰ ਧੋਖਾ ਦੇਣ ਲਈ ਰਾਵਣ ਦੇ ਇਸ਼ਾਰੇ ਨਾਲ ਇਹ ਰੂਪ ਮਰੀਚਿ ਰਿਸ਼ੀ ਨੇ ਧਾਰਨ ਕੀਤਾ ਸੀ । ੧੫੫. ਨਾਰਦ ਨੇ ਕੰਸ ਦੀ ਮੌਤ ਦਾ ਉਸ ਨੂੰ ਪਹਿਲਾਂ ਹੀ ਪਤਾ ਦੇ ਦਿੱਤਾ ਸੀ ਤੇ ਮਹਾ ਮਾਈ (ਦੇਵੀ) ਨੇ ਵੀ ਉਸ ਨੂੰ ਇਹ ਖਬਰ ਕਰ ਦਿੱਤੀ ਸੀ, ਪਰ ਫਿਰ ਵੀ ਕ੍ਰਿਸ਼ਨ ਜੀ ਨੇ ਹੱਲਾ ਕਰਕੇ, ਉਸ ਦੀ ਜਾਨ ਲੈ ਲਈ । ਵਧੇਰੇ ਵਾਕਫ਼ੀਅਤ ਲਈ ਦੇਖੋ, ਭਾਗਵਤ, ਦਸਮ ਸਕੰਧ, ਦਸਮ ਗ੍ਰੰਥ, ਕ੍ਰਿਸ਼ਨਾਵਤਾਰ ਪਾਤਸ਼ਾਹੀ ੧੦ ਅਤੇ ਪ੍ਰੇਮ ਸਾਗਰ (ਕ੍ਰਿਤ ਲੱਲੂ ਲਾਲ)।

ਨਾਰਦ ਬਤਾਈ ਮਹਾ ਮਾਯਾ ਨੈ ਸੁਨਾਈ ਤਊ,
ਕੰਸ ਕੋ ਕਨ੍ਹੈਯਾ ਨੈ ਪਟਕਿ ਕਾਢਯੋ ਪ੍ਰਾਨ ਹੈ[੧੫੫] ।
ਗਵਾਲ ਕਵਿ ਪਾਰਥ* ਕੇ ਬਾਨ ਤੇ ਅਕਾਰਥ ਹ੍ਵੈ,
ਭੀਲੋਂ ਪੈ ਚਲੇ ਨ, ਰਹੀ ਕਰ ਮੈਂ ਕਮਾਨ ਹੈ[੧੫੬] ।
ਕੋਊ ਹੈ ਨ ਆਨ ਬਲਵਾਨ ਯਾ ਜਹਾਨ ਬੀਚ,
ਜੈਸੀ ਛਲਵਾਨ ਏਕ ਭਾਵੀ ਬਲਵਾਨ ਹੈ ॥੩੫੩॥

ਸਵੈਯਾ । ਕਵਿ ਪ੍ਰਿਯਾਯਾਂ[੧੫੫] ।

ਬਾਲਿ ਬੰਧਯੋ, ਬਲਿ ਰਾਵ ਬੰਧਯੋ, ਕਰ ਸੂਲੀ ਕੇ ਸੂਲ ਕਪਾਲ ਥਲੀ ਹੈ ।
ਕਾਮ ਜਰਯੋ, ਜਗ ਕਾਲ ਪਰਯੋ, ਬਦਿ ਸੇਸ ਧਰੇ ਬਿਖ ਹਾਲ ਹਲੀ ਹੈ ।
ਸਿੰਧ ਮਥਯੋ, ਕਿਲ ਕਾਲੀ ਨਥਯੋ, ਕਹਿ ਕੇਸ਼ਵ ਇੰਦ੍ਰ ਕੁਚਾਲ ਚਲੀ ਹੈ ।
ਰਾਮ ਹੂੰ ਕੀ ਹਰੀ ਰਾਵਨ ਬਾਮ, ਚਹੂੰ ਜੁਗ ਏਕ ਅਦ੍ਰਿਸ਼ਟ ਬਲੀ ਹੈ ॥੩੫੪॥

**(ਧਿਆਨ ਸਿੰਘ ਦੇ ਕਤਲ ਦੀ ਖਬਰ)**

(ਅਨਜਚ ਕਾਹੂ ਕ੍ਰਿਤ)[੧੫੬] । ਕਬਿੱਤੁ ।

ਕੈਸੇ ਕੈਸੇ ਬਲੀ ਭੂਪ ਭੂਪਰ ਵਿਖਜਾਤ ਭਏ,
ਅਰਿ ਕੁਲ ਕਾਲ ਨੈਕ ਭੌਂਹ ਕੇ ਵਿਕਾਰ ਸੌਂ ।
ਲੰਘੈ ਗਿਰਿ ਸਾਗਰ ਦਿਵਾਕਰ ਸੇ ਦਿਪੈਂ ਜਿਨੈਂ,
ਕਾਇਰ ਕਿਯੇ ਹੈਂ ਭਟ ਕਰਨ ਹੰਕਾਰ ਸੌਂ ।
ਐਸੇ ਮਹਾਮਾਨੀ ਮੌਤ ਛਾਏ ਹੂੰ, ਨ ਹਾਰ ਮਾਨੀ,
ਕਬਹੂੰ ਨ ਉਤਰੇ ਹੈ ਮਾਨ ਕੇ ਪਹਾਰ ਸੌਂ ।
ਦੇਵ ਸੌਂ ਨ ਹਾਰੇ, ਪੁਨਿ ਦਾਨ ਸੌਂ ਨ ਹਾਰੇ,
ਫੇਰ ਕਾਹੂੰ ਸੌਂ ਨ ਹਾਰੇ, ਏਕ ਹਾਰੇ ਹੋਣਹਾਰ ਸੌਂ ॥੩੫੫॥

(ਪੁਨਿ ਪ੍ਰਸੰਗ)[੧੫੭] । ਕਬਿੱਤ ।

ਬੁੱਧੂ ਕੇ ਸੁ ਆਵੇ ਵਾਲੀ ਬਾਰਹਦਰੀ ਪਰੈ ਹੁਤੇ,
ਹਿੰਦੂ ਪਤਿ ਹੀਰਾ ਸਿੰਘ ਮਹਾਰਾਜ ਵਾ ਸਮੈਂ ।

---

* ਪ੍ਰਿਥਾ (ਕੁੰਤੀ) ਦਾ ਪੁਤ੍ਰ=ਅਰਜੁਨ (ਤੀਜਾ ਪਾਂਡਵ)। ੧੫੬. ਜਦ ਸ੍ਰੀ ਕ੍ਰਿਸ਼ਨ ਦਾ ਸੁਰਗਵਾਸ ਹੋਇਆ ਤਾਂ ਅਰਜਨ ਉਹਨਾਂ ਦੀਆਂ ਰਾਣੀਆਂ ਦੁਆਰਕਾ ਤੋਂ ਲੈ ਕੇ ਹਸਤਨਾ ਪੁਰ (ਦਿੱਲੀ) ਨੂੰ ਜਾ ਰਿਹਾ ਸੀ ਕਿ ਰਸਤੇ ਵਿਚ ਲੋਕਾਂ ਨੇ ਜਿਹਨਾਂ ਨੂੰ ਗ੍ਵਾਲ ਕਵੀ ਨੇ 'ਭੀਲ' ਲਿਖਿਆ ਹੈ, ਹੱਲਾ ਕਰ ਕੇ ਉਸ ਤੋਂ ਖੋਹ ਲਈਆਂ ਤੇ ਅਰਜਨ ਉਹਨਾਂ ਤੋਂ ਬਚਾਉ ਨਾ ਕਰ ਸਕਿਆ । ਇਸੇ ਕਰਕੇ ਕਿਸੇ ਸਿਆਣੇ ਨੇ ਕਿਹਾ ਹੈ:- ਸਮੋਂ ਸਮੋਂ ਬਲਵਾਨ ਹੈ, ਸਮੋਂ ਸਮੋਂ ਸਮਰਥ । ਉਹੀ ਅਰਜਨ ਕੇ ਬਾਨ ਹੈਂ, ਉਹੀ ਅਰਜਨ ਕੇ ਹੱਥ । ੧੫੫. ਕਵਿ ਕੇਸ਼ਵ ਦਾਸ ਦੀ ਕਵਿ ਪ੍ਰਿਯਾ ਨਾਮੀ ਪੁਸਤਕ ਵਿਚੋਂ ਸਵੈਯਾ । ੧੫੬. ਕਿਸੇ ਹੋਰ ਕਵੀ ਦਾ ਰਚਿਆ ਹੋਇਆ ਕਬਿੱਤ । ੧੫੭. ਉਹੋ ਪ੍ਰਸੰਗ ਹੁਣ ਫਿਰ ਸ਼ੁਰੂ ਹੁੰਦਾ ਹੈ।

ਕਾਹੂੰ ਕਹੀ ਜਾਇ ਸੰਧਾਵਾਲੀਆ ਦੂਹੂੰ ਨੇ ਅਭੀ,
ਮਾਰੀ ਸਰਕਾਰ ਅਰੁ ਕੌਰ ਇਕ ਸਾਸ ਮੈਂ ।
ਤਾਹੀ ਛਿਨ ਸੁਨੀ ਸ੍ਰੀ ਮਹੀਪ ਧਜਾਨ ਸਿੰਘ ਹੂੰ ਕੌਂ,
ਉਨ ਨੈ ਪਠਾਇ ਦਿਯੋ ਹਰਿ ਪੁਰ ਵਾਸ ਮੈਂ ।
ਸੁਨਤ ਉਦਾਸ ਮੈਂ, ਰਹਯੋ ਨ ਜੀ ਹੁਲਾਸ ਮੈਂ,
ਜੋ ਬੋਲੇ ਆਪ ਤਾ ਸਮੈਂ-ਭਈ ਦਗਾ ਵਿਸ੍ਵਾਸ ਮੈਂ" ॥੩੫੬॥

ਦੋਹਰਾ ।

ਜੋ ਜੋ ਲਹਰ ਉਠੀ ਹੁਤੀ ਧਜਾਨ ਸਿੰਘ ਜੂ ਹੀਯ ।
ਸੋ ਸੋ ਨ੍ਰਿਪ ਹੀਰਾ ਸਿੰਘ ਆਨਿ ਫੁਰੀ ਸਭ ਜੀਯ ॥੩੫੬॥

ਕਬਿੱਤੁ ।

ਮਹਾਰਾਜ ਹਿੰਦੂ ਪਤਿ ਹੀਰਾ ਸਿੰਘ ਬੋਲੇ ਤਬ,
ਜਾਨੀ ਅਬ ਉਨਹੂ ਕੀ ਮੀਚ[੧੫੮] ਸਿਰ ਖੇਲੀ ਹੈ ।
ਸਾਤ ਹੂੰ ਵਿਲਾਯਤ ਮੈਂ ਪਕਰਿ ਮੰਗਾਊ ਹਾਲ,
ਭੇਜੂੰ ਤਤਕਾਲ ਕਾਲ ਗਾਲ ਕੀ ਅਲੇਲੀ ਹੈ ।
ਕੌਨ ਉਨੈਂ ਰਾਖ਼ੈਂ, ਖੜਗ ਮੇਰੀ ਕੋ ਸਵਾਦ ਚਾਖੈਂ,
ਖਾਖੈਂ ਕਰਿ ਦੈਹੌਂ ਫੌਜ ਲਾਖੈਂ ਹੂੰ ਸਕੇਲੀ[੧੫੯] ਹੈ ।
ਆਜ ਰਜਪੂਤੀ ਕੀ ਸਪੂਤੀ ਮਜ਼ਬੂਤੀ ਮੇਰੀ,
ਦੇਖੈਂਗੇ ਵਿਭੂਤੀ ਦੋਊ ਸੀਸਨ ਕੀ ਸੇਲੀ ਹੈ ॥੩੫੮॥

**(ਰਾਜਾ ਹੀਰਾ ਸਿੰਘ ਦੀ ਪ੍ਰਤਗਜ਼ਾ ਤੇ ਚੜ੍ਹਾਈ)**

ਦੋਹਰਾ ।

ਹੀਰਾ ਸਿੰਘ ਮਹਾਰਾਜ ਨੈ, ਅਫਸਰ ਸਬੈ ਬੁਲਾਇ ।
ਸਬੈ ਖਬਰ ਕਰਿ ਫਿਰ ਕਹਯੋ,-'ਤੁਮਰੇ ਚਿਤ ਕਹ ਆਇ'? ॥੩੫੯॥

ਕਬਿੱਤੁ ।

ਅਫ਼ਸਰ ਜਾਇ ਸਭ ਫੌਜ ਲੈ ਸਲਾਹ ਕਰਿ,
ਆਇ ਮਹਾਰਾਜ[੧੬੦] ਪਾਸ ਕਹੀ ਬਾਤ ਰਾਹ ਕੀ ।
"ਸ੍ਵਾਮੀ ਜੋ ਹਮਾਰੋ ਤਾਹਿ ਮਾਰਯੋ ਇਨ ਦੁਸ਼ਟਨ ਨੈਂ,
ਦੂਜੇ ਬਾਲ ਘਾਤ ਸੋਊ ਬਾਤ ਅਤਿ ਡਾਹ ਕੀ ।
ਤਾ ਪੈਂ ਮਹਾਰਾਜ ਧਜ਼ਾਨ ਸਿੰਘ ਕੋ ਕਿਯੋ ਜੋ ਘਾਤ
ਕੈਸੇ ਦੁੱਖ ਦੁੱਸਹੁ ਸਹੈਂ ਜੁ ਸੀਵਾ ਦਾਹ ਕੀ ।
ਆਪ ਹੀ ਕੇ ਕੇਵਲ ਪਿਤਾ ਨ ਹੁਤੋ ਮਹਾਰਾਜ,

---

੧੫੮. ਮੌਤ । ੧੫੯. ਇਕੱਠੀ ਕੀਤੀ ਹੈ । ੧੬੦. ਰਾਜਾ ਹੀਰਾ ਸਿੰਘ ਦੇ ਪਾਸ ।

ਹੁਤੇ ਮਹਾਰਾਜ ਪਿਤਾ ਸਰਬ ਪਨਾਹ ਕੀ ॥੩੬੦॥

ਸੋਰਠਾ ।

ਜੀਵਨ ਧਿਕਹ ਹਮਾਰ, ਜੋ ਹਮ ਬਦਲੋ ਲੇਇ ਨਹਿ ।
ਸਿਰ ਪਰ ਹਾਥ ਤੁਮਾਰ, ਸਿਰਫ਼ ਏਕ ਚਹਿਯੈਂ ਹਮੈਂ ॥੩੬੧॥

ਦੋਹਰਾ ।

ਸਭੈ ਖਾਲਸਾ ਪੰਥ ਯਹ, ਹੈ ਅਬ ਤੁਮਰੇ ਸੰਗ ।
ਬੈਠਿ ਤਮਾਸ਼ਾ ਲਖਹੁ ਤੁਮ, ਅਬ ਹਮ ਮਾਰਤ ਜੰਗ" ॥੩੬੨॥

ਸੋਰਠਾ ।

ਹੀਰਾ ਸਿੰਘ ਛਿਤਿ ਈਸ, ਕਰੀ ਪ੍ਰਤਿਗਜਾ ਸਬਨ ਸੋਂ ।
"ਪੈਹੈਂ ਜਬ ਅਰਿ ਸੀਸ, ਤਬ ਕਰ ਹੌਂ ਜਲ ਪਾਨ ਮੈਂ" ॥੩੬੩॥

ਦੋਹਰਾ ।

ਸੁਨ ਕੈ ਬਚਨ ਨਰੇਸ਼ ਕੇ, ਬੋਲੇ ਸਬ ਤਬ ਗਾਜ ।
"ਹੈ ਹਮਰੀ ਹੂੰ ਸਬਨ ਕੀ, ਯਹ ਪ੍ਰਤਿਗਜਾ ਆਜ" ॥੩੬੪॥

ਕਬਿੱਤੁ ।

ਤਬ ਮਹਾਰਾਜ ਹੀਰਾ ਸਿੰਘ ਜੂ ਬਿਚਾਰ ਕਰਿ,
ਦਿਯੋ ਬਟਵਾਇ ਫੌਜ ਮਾਹਿੰ ਜੰਗੀ ਸਾਜ ਹੈ ।
ਸਬ ਛਾਵਨੀਨ ਕੇ ਇਕੱਠੇ ਤੋਪਖਾਨੇ ਕਰਿ,
ਪਲਟਨ ਪੰਗਤਿ ਕੇ ਜੁਰੇ ਜਯੋਂ ਸਮਾਜ ਹੈ ।
ਬਿਬਿਧ ਰਸਾਲੇ ਕਈ ਵਾਰ ਸਤ੍ਰ ਸਾਲੇ ਤੇਊ,
ਖੜੇ ਹ੍ਵੈ ਨਿਰਾਲੇ ਕਰੈਂ ਤੁਰਮ ਅਵਾਜ ਹੈ ।
ਖੁਲੇ ਅਸਵਾਰੁ ਸਿੰਘ ਸੂਰਮੇ ਅਪਾਰ ਧਾਰ,
ਭਏ ਸਬ ਤਿਆਰ ਸ਼ਰਤ ਨਿਮਕ ਕੀ ਆਜ ਹੈ ॥੩੬੫॥

ਦੋਹਰਾ ।

ਹੀਰਾ ਸਿੰਘ ਮਹਾਰਾਜ ਜਬ, ਚਲੇ ਸੈਨ ਲੈ ਸੰਗ ।
ਸਭ ਹੀ ਕੇ ਦਿਲ ਮੈਂ 'ਭਰੀ, ਰਨ ਕੀ ਅਧਿਕ ਉਮੰਗ ॥੩੬੬॥

**(ਮ੍ਰਿਸ ਲਾਲ ਸਿੰਘ ਵਲੋਂ ਸਹਾਇਤਾ)**

ਹੂ ਜੋ ਤੋਸ਼ੇਖਾਨੀਆ, ਮਿਸਰ ਲਾਲ ਸਿੰਘ ਨਾਮ ।
ਸ਼ਾਮਲ ਸੰਗ ਸਲਾਹ ਸੁਭ, ਬੀਰ ਧੀਰ ਸੰਗ੍ਰਾਮ ॥੩੬੭॥

ਕਬਿੱਤੁ ।

ਉੱਜਲ ਜਨਮ ਪਾਯੋ, ਵਿਪ੍ਰ ਕੁਲ ਕਹਵਾਯੋ,
ਸਬ ਸਰਕਾਰਨ ਸੁਹਾਯੋ ਸੁਭ ਚਾਲੀ ਹੈ ।
ਸੱਜਨ ਸੁਹ੍ਰਿਦ ਸਬ ਹੀ ਸੌਂ ਹਸਿ ਬੋਲੈ ਬਾਕ,

ਛਾਕ ਛਕਜੋ ਰਹੈ, ਖੈਰ ਖ੍ਵਾਹੀ ਕੀ ਬਿਸਾਲੀ ਹੈ ।
ਗਵਾਲ ਕਵਿ ਰਹੈ ਕਹੈ ਏਕ ਰੰਗ ਅੰਗ ਢੰਗ,
ਰੰਗ ਰੰਗ ਹਿਯੇ ਮੈਂ ਉਮੰਗ ਕੀ ਬਹਾਲੀ ਹੈ ।
ਬੀਰਤਾ ਦਿਖਾਵਨ ਕੀ, ਹੁਕਮ ਬਜਾਵਨ ਕੀ,
ਮ੍ਰਿਸ ਲਾਲ ਸਿੰਘ ਜੂ ਕੇ ਮੁਖ ਚੜ੍ਹੀ ਲਾਲੀ ਹੈ ॥੩੬੮॥

**(ਦੀਵਾਨ ਦੀਨਾ ਨਾਥ ਤੇ ਉਸ ਦੀ ਉਪਮਾ)**

ਦੋਹਰਾ ।

ਸਰਕਾਰੀ ਦਫ਼ਤਰਨ ਕੇ, ਈਸ ਜੁ ਦੀਨਾ ਨਾਥ ।
ਸੋਊ ਤਬ ਹਾਜਰ ਹੁਕਮ, ਰਹੇ ਜੁ ਨ੍ਰਿਪ ਕੇ ਸਾਥ ॥੩੬੯॥

ਕਬਿੱਤੁ ।

ਇਲਮ ਕਮਾਲ ਹਾਲ ਰਾਜ ਕਾ ਹੈ ਨੋਕ ਜ਼ਬਾਂ,
ਐਸੀ ਬਾਤੈਂ ਕਹਾ ਹੈਂ ਜੋ ਨ ਯਾਦ ਇਕ ਸਾਥ ਹੈਂ ?
ਰਾਖਤ ਨਿਗਾਹ ਪਰਵਰਸ਼ ਕੀ ਯਤੀਮਨ ਪੈ,
ਖ਼ੁਸ਼ੀ ਹੋਇ ਜਾਵਤੇ ਜੋ ਆਵਤ ਅਨਾਥ ਹੈਂ ।
ਕੀ ਹੈਂ ਸਰਕਾਰ ਕੀ ਹਜ਼ਾਰੋਂ ਖੈਰ ਖ੍ਵਾਹੀ ਖ਼ੂਬ,
ਹੁਕਮੀ ਹਜ਼ੂਰੀ ਪੂਰੀ ਸਾਚੀ ਗੁਨ ਗਾਥ ਹੈਂ ।
ਰੌਸ਼ਨ ਹੂਈ ਹੈ ਖ਼ੂਬੀ ਜਿਨ ਕੀ ਜਹਾਨ ਪਰ,
ਨੇਕੀ ਕੇ ਨਿਸ਼ਾਨ ਸ੍ਰੀ ਦੀਵਾਨ ਦੀਨਾ ਨਾਥ ਹੈਂ ॥੩੭੦॥
ਮਾਲਕ ਕੋ ਹੁਕਮ ਪ੍ਰਮਾਨ ਮਨ ਮਾਨਿ ਮਾਨਿ,
ਮਾਨਿ ਬਿਨ ਰਹੈਂ, ਚਹੈਂ ਸਨਮਾਨ ਸਾਥ ਹੈਂ ।
ਬਾਨ ਪਰੀ ਪਰ ਉਪਕਾਰ ਹੀ ਕੀ ਹਿਯੈ ਆਨਿ,
ਪੁਨਜ ਹੀ ਮੈਂ ਪ੍ਰਾਨ ਔ ਜ਼ੁਬਾਨ ਧਰਮ ਗਾਥ ਹੈਂ ।
ਆਨ ਨਹਿ ਨਾਥ ਜਾ ਕੋ, ਤਾ ਕੋ ਖਾਨ ਪਾਨ ਦੈ ਦੈ,
ਕਰਤ ਪ੍ਰਧਾਨ, ਜਾਨਿ ਰਾਖੈਂ ਨਮ੍ਰ ਮਾਥ ਹੈਂ ।
ਜਾਹਰ ਜਹਾਨ ਜਾਨ, ਜਾਨ ਪ੍ਰਜਾਨ ਕੇ ਹੈਂ,
ਨੇਕੀ ਕੇ ਨਿਸ਼ਾਨ ਸ੍ਰੀ ਦੀਵਾਨ ਦੀਨਾ ਨਾਥ ਹੈਂ ॥੩੭੧॥
ਕਸ਼ਜਪ ਪੁਰੀ[੧੬੧] ਕੇ ਨੀਕੇ, ਦ੍ਵਿਜ ਕੁਲ ਹੀ ਕੇ ਦੀਪ,

---

੧੬੧. ਕਸ਼ਮੀਰ ਕਸ਼ਜਪ ਨਾਮੀ ਪਹਾੜ ਦੀ ਵਾਦੀ ਵਿਚ ਵਸੀ ਹੋਣ ਕਰਕੇ ਕਸ਼ਜਪ ਪੁਰੀ ਦੇ ਨਾਮ ਨਾਲ ਪ੍ਰਸਿੱਧ ਹੈ। ਦੀਵਾਨ ਦੀਨਾ ਨਾਥ ਕਸ਼ਮੀਰੀ ਬ੍ਰਾਹਮਣ ਸੀ ਤੇ ਉਸ ਦੇ ਵਡੇਰੇ ਸ਼ਾਹਜਹਾਂ ਦੇ ਦਰਬਾਰ ਵਿਚ ਮੁਲਾਜ਼ਮ ਸਨ। ਸੰਨ ੧੮੧੫ ਵਿਚ ਦੀਵਾਨ ਦੀਨਾ ਨਾਥ ਦੀਵਾਨ ਗੰਗਾ ਰਾਮ ਦੇ ਰਸੂਖ ਨਾਲ ਸ਼ੇਰਿ-ਪੰਜਾਬ ਦੇ ਪਾਸ ਮੁਲਾਜ਼ਮ ਹੋਇਆ ਸੀ (Chiefs And Families of Note in the punjab, vol I, p. 256).

ਜਾਨਤ ਮਹੀਪ ਸਬ ਜਾਨੀ ਗੁਨ ਗਾਥ ਹੈਂ ।
ਸਬ ਹੀ ਕੀ ਭਲੀ ਕਹੈਂ ਛਲੀ ਤੇ ਅਲੱਗ ਰਹੈਂ,
ਬਲੀ ਕਹਾਂ ਅਬਲੀ ਬਤਾਵੇਂ ਉੱਚ ਮਾਥ ਹੈਂ ।
ਸ੍ਵਾਮੀ ਹੀ ਕੇ ਰਾਜਨ ਕੇ ਸਾਜਨ ਮੈਂ ਚਿੱਤ ਨਿੱਤ,
ਬ੍ਰਿਤ ਭਗਵਾਨ ਹੀ ਕੀ ਕ੍ਰਿਤਨ ਕੇ ਸਾਥ ਹੈਂ ।
ਸੁਜਸ ਮਹਾਨ ਆਨਿ ਛਾਯੋ ਹੈ ਜਹਾਨ ਜਾਨ,
ਨੇਕੀ ਕੇ ਨਿਸ਼ਾਨ ਸ੍ਰੀ ਦੀਵਾਨ ਦੀਨਾ ਨਾਥ ਹੈਂ ॥੩੭੨॥

ਸੋਰਠਾ – (ਸ਼ੁਭ ਸ਼ਗਨ)

ਰਘੁ ਕੁਲ ਰਾਮ ਮਨਾਇ, ਗਨਪਤਿ ਦ੍ਵਿਜਪਦ ਪੂਜ ਕੈ ।
ਸ੍ਰੀ ਗੁਰੁ ਪਦ ਕੋ ਧਜਾਇ, ਚਲੇ ਜੰਗ ਜੀਤਨ ਤਬੈ ॥੩੭੩॥

ਛੰਦ ਪ੍ਰਮਾਨਿਕਾ ।

ਮਿਲੇ ਸੁ ਕੁੰਭ[੧੬੨] ਪੂਰਣੰ । ਤੁਰੰਗ ਆਇ ਤੂਰਣੰ ।
ਸਬਾਲ[੧੬੩] ਬਾਲ[੧੬੪] ਸੋਹਨੀ । ਮਿਲੀ ਸਦੁਗਧ[੧੬੫] ਦੋਹਨੀ ॥੩੭੪॥
ਸੁਨੇ ਸੁ ਗੀਤ ਮੰਗਲੰ । ਗਊ ਮਿਲੀ ਸੁ ਉੱਜਲੰ ।
ਕਰੀ[੧੬੬] ਸਿੰਗਾਰ ਸੱਜਿਤੰ । ਸੁਦੂੰਦਭੀ ਸੁ ਵੱਜਿਤੰ ॥੩੭੫॥
ਮਿਲੀ ਸੁ ਬਾਰਿ[੧੬੭] ਨਾਗਰੀ । ਸਰੂਪ ਮੈਂ ਉਜਾਗਰੀ ।
ਮਿਲੇ ਸੁ ਫੂਲ ਫਲ ਜਜੋਂ । ਦਧੀ[੧੬੮] ਸੁਪਾਤ੍ਰ ਭਲ ਤਜੋਂ ॥੩੭੬॥
ਮਿਲੇ ਸੁ ਬਿਪ੍ਰ ਬ੍ਰਿੰਦ ਹੈਂ । ਸੁਨੇ ਸੁ ਬੇਦ ਛੰਦ ਹੈਂ ।
ਭਰਜੋ ਡਲਾ ਸੁ ਗੋਬਰੈਂ । ਸੁ ਮਾਸ ਥਾਲ ਮੈਂ ਭਰੈਂ ॥੩੭੭॥
ਮਿਲੀ ਸੁ ਕੰਨਜਕਾ ਘਨੀ । ਪ੍ਰਸੰਗ ਖੇਲ ਮੈਂ ਸਨੀ ।
ਸ਼ਰਾਬ ਕੇ ਸੁ ਭਾਂਜਨੈਂ । ਮਿਲਜੋ ਮਖੀਰ ਰਾਜ ਨੈ ॥੩੭੮॥

ਛੰਦ ਭੁਯੰਗ ਪ੍ਰਯਾਤ ।

ਲਿਯੈ ਧੂਪ ਦੀਪੰ ਕੋਈ ਅਗ੍ਰ ਆਯੋ ।
ਬ੍ਰਿਖਭ ਸ੍ਵੇਤ[੧੬੯] ਆਗੇ ਤਿ ਆਯੋ ਸਿਧਾਯੋ ।
ਬਿਨਾ ਧੂਮ ਅਗਨੀ ਪ੍ਰਕਾਸ਼ਿਤ ਕਹੂੰ ਹੈ ।
ਖਰੇ ਘ੍ਰਿਤ ਭਰੇ ਕੁੰਭ ਰਾਜਤ ਤਹੂੰ ਹੈ ॥੩੭੯॥
ਕੁਈ ਲੈ ਸਿੰਘਾਸਨ ਅਗਾਰੀ ਤਿ ਆਯੋ ।
ਕੁਈ ਲੈ ਪਤਾਕਾ[੧੭੦] ਸੁ ਛਤ੍ਰੰ ਦਿਖਾਯੋ ।
ਰਜਕ[੧੭੧] ਬਸਤ੍ਰ ਧੋਏ ਲਿਯੇ ਆਵੈ ਆਗੇ ।

---

੧੬੨. ਘੜੇ । ੧੬੩. ਬਾਲਕ ਸਹਿਤ । ੧੬੪. ਸੋਹਣੀ ਇਸਤ੍ਰੀ । ੧੬੫. ਦੁੱਧ ਸਮੇਤ ।
੧੬੬. ਹਾਥੀ । ੧੬੭. ਬਾਰਾਂਗਨਾ, ਵੇਸਵਾ । ੧੬੮. ਦਹੀਂ । ੧੬੯. ਚਿੱਟਾ ਬੈਲ ।
੧੭੦. ਝੰਡੀ । ੧੭੧. ਧੋਬੀ ।

ਡੱਬੇ ਰਤਨ ਕੇ ਸਾਹੁ ਕਰ ਮੈਂ ਹੁ ਜਾਗੇ[੧੭੨] ॥੩੯੦॥
ਚਲੇ ਔਰ ਆਗੈ ਹਿਯੇ ਲੈ ਲਹੇ ਹੈਂ ।
ਮਿਲੇ ਨੀਲ ਕੰਠੰ ਨਕੁਲ[੧੭੩] ਗ੍ਰਿਹ ਗਹੇ ਹੈਂ ।
ਲਖੀ ਬ੍ਰਿਛ ਪੈ ਮੋਰ ਅਵਲੀ[੧੭੪] ਘਨੇਰੀ ।
ਮਿਲੇ ਆ ਝਬੇਲੇ[੧੭੫] ਲਿਯੈ ਮੀਨ ਢੇਰੀ ॥੩੯੧॥

ਦੋਹਰਾ ।

ਪਿਕ[੧੭੬] ਪੱਲੀ[੧੭੭] ਔ ਪਾਂਡੁਕੀ[੧੭੮] ਛਛੂੰਦਰ ਸਯਾਰ[੧੭੯] ।
ਕੋਲੀ[੧੮੦] ਜੁਤ ਛੈ ਹੂੰ ਸੁਯੇ, ਮਿਲੀ ਬਾਮ ਸੁਖ ਸਾਰ ॥੩੯੨॥
ਰੂਪਾ ਰੇਲੀ ਚਾਖ ਅਰ ਹਿਰਨਨ ਕੋ ਸਮੁਦਾਇ ।
ਏ ਦੱਛਨ ਲੱਛਨ ਜੁ ਸੁਭ, ਸਗੁਨ ਮਿਲੇ ਸੁਖਦਾਇ ॥੩੯੩॥

**(ਫ਼ੌਜੀ ਚੜ੍ਹਤ)**

ਛੰਦ ਭੁਯੰਗ ਪ੍ਰਯਾਤ ।

ਚਲੇ ਤੋਪਖਾਨੇ ਸਵਾਰੰ ਅਪਾਰੰ ।
ਚਲੀ ਪਲਟਨੈਂ ਰਜਬਨੈਂ ਬੇਸ਼ੁਮਾਰੰ ।
ਰਸਾਲੇ ਬਿਸਾਲੇ ਚਲੇ ਹਰਖਾਏ ।
ਜੰਬੂਰੇ ਸ਼ੁਤ੍ਰ ਪੈ ਚਲੇ ਹੈਂ ਚਢਾਏ ॥੩੯੪॥
ਗੁਬਾਰਨ ਕੀ ਪਾਂਤਿ ਨਜਾਰੀ ਚਲੀ ਹੈ ।
ਸੁ ਪੈਦਲ ਬੰਦੂਕਨ ਕੀ ਆਵਲੀ ਹੈ ।
ਚਲੀ ਹੈਂ ਕਤਾਰੈਂ ਕਰਾਬੀਨਿਯੋਂ ਕੀ ।
ਸੁਭਾਲੇ ਵਿਸ਼ਾਲੇ ਪ੍ਰਭਾ ਬਰਛਿਯੋਂ ਕੀ ॥੩੯੫॥
ਅਸਿਤ ਉਰਦੀਆ ਹੈਂ, ਗੁਲੰਦਾਜ਼ ਗਨ ਜੇ ।
ਮਨੌਂ ਆਜ ਉਮਡੇ, ਮਹਾ ਸ਼ਯਾਮ ਘਨ ਯੇ ।
ਅਖਿਲ ਤੋਪ ਸੰਗੀਨ ਬਿੱਜੁਲ ਚਮੱਕੈ ।
ਮਹਾ ਸ਼ੋਰ ਛਾਯੋ, ਮਨੋਂ ਗਰਜ ਬੰਕੈ ॥੩੯੬॥
ਉਡੀ ਰੇਨ ਭੂ ਤੇ ਚਲੀ ਆਸਮਾਨੈ[੧੮੧] ।
ਭਯੋ ਧੁੰਦ ਜੋ ਲੇ ਛਪਾ ਭਾਸਮਾਨੈਂ ।
ਉਡੇ ਜਾਇ ਘੋੜੇ ਕਿ ਪੈ ਸੱਸੜੱਤੈਂ ।

---

੧੭੨. ਰਤਨਾਂ ਦੇ ਡੱਬੇ ਸ਼ਾਹੂਕਾਰ ਦੇ ਹੱਥਾਂ ਵਿਚ ਜਗਮਗਾ ਰਹੇ ਹਨ ।
੧੭੩. ਨਿਉਲਾ । ੧੭੪. ਮੋਰਾਂ ਦੀ ਪਾਲ । ੧੭੫. ਝਬੂਆਂ ਵਾਲੇ ਮਾਛੀ ।
੧੭੬. ਕੋਇਲ । ੧੭੭. ਕਿਰਲੀ । ੧੭੮. ਚਮਗਿੱਦੜ । ੧੭੯. ਗਿੱਦੜ ।
੧੮੦. ਇਕ ਨੀਚ-ਜ਼ਾਤ ਦਾ ਆਦਮੀ । ੧੮੧. ਸੂਰਜ ਨੂੰ ।

ਮਚੀ ਤੋਪ ਚੱਕ੍ਰਨ ਕੀ ਖਖੜੱਤੈਂ ॥੩੮੭॥

ਕਬਿੱਤੁ ।

ਜੰਗ ਕਰਬੇ ਕੋ ਮਹਾਰਾਜੇ ਹੀਰਾ ਸਿੰਘ ਬੀਰ,
ਭੀਰ ਲੈ ਚਮੂੰ ਕੀ ਚਢ੍ਯੋ, ਧਰ ਧੜਡ਼ਾਤ ਹੈ ।
ਕੂੱਦਤ ਤੁਰੰਗ ਮਨ ਮੁੱਦਿਤ ਸੁਰੰਗ ਭਏ,
ਉੱਦਤ ਸਵਾਰ ਸੋਰ ਘਨ ਗੜਡ਼ਾਤ ਹੈ ।
ਗਵਾਲ ਕਵਿ ਕਹੈ ਹੱਲੈਂ ਦਿੱਗਜ[੧੮੨], ਦਹੱਲੇ ਦਿਲ,
ਪੱਲੇ ਫੇਰੇ ਇੰਦ੍ਰ ਸੌਂ, ਸਮੀਰ[੧੮੩] ਸੜਡ਼ਾਤ ਹੈ ।
ਕੱਛਪ ਕੀ ਪ੍ਰਿਸ਼ਟ ਕੜੱਕ ਕੜਡ਼ਾਤ ਐਸੇ,
ਜੈਸੇ ਪ੍ਰਲੈ ਤੜਿਤ ਤੜਪ ਤੜਡ਼ਾਤ ਹੈ ॥੩੮੮॥
ਚੜ੍ਹਯੋ ਏਕ ਹੱਲੈਂ ਹਿੰਦੂ ਪਤਿ ਹੀਰਾ ਸਿੰਘ ਬੀਰ,
ਸੰਗ ਲੈ ਬਿਤੁੰਡਨ[੧੮੪] ਕੋ ਝੁੰਡ ਘਨ ਘੇਰਾ ਸੌਂ ।
ਤੋਪਨ ਕੋ, ਤੁਪਕ ਕੋ, ਤੇਗਨ ਤਮੰਚਨ ਕੋ,
ਤੀਰਨ ਕੋ ਸੋਰ ਮਨੋਂ ਬੈਰਨ ਥਪੇਰਾ ਸੌਂ ।
ਗਵਾਲ ਕਵਿ ਏਕੈ ਓਰ ਭਾਰ ਕੋ ਭੰਡਾਰ ਪਰੈ,
ਭੂਪਿ ਭਹਰਾਨੀ ਭਾਵ ਭੂਲਯੋ ਚਿਤ ਚੇਰਾ ਸੌਂ ।
ਫੌਂਜ ਕੋ ਫਨੇਸ ਕੀ ਫਨਾਲਿ ਪੈਂ ਭਯੋ ਫਤੂਰ,
ਫੈਲੇਂ, ਫੇਨ ਫੈਂਕੇ, ਫਨ ਫੇਰੈ ਪਾਨ ਫੇਰਾ ਸੌਂ ॥੩੮੯॥

**(ਸੰਧਾਵਾਲੀਆਂ ਨੂੰ ਖਬਰ)**

ਦੋਹਰਾ ।

ਸੰਧਾਵਾਲਨ ਕੌਂ ਭਈ, ਖਬਰ ਕਿਲੇ ਕੇ ਮਾਹਿ ।
ਨ੍ਰਿਪ ਹੀਰਾ ਸਿੰਘ ਸੈਨ ਲੈ, ਆਏ ਰਨ ਕੌਂ ਚਾਹਿ ॥੩੯੦॥
ਤਬ ਉਨਹੂੰ ਨਿਜ ਫੌਜ ਕੌਂ, ਦਿਯੋ ਹੁਕਮ ਸਰਗਾਇ ।
ਚਢੇ ਸਫੀਲਨ ਪੈ ਲਰੋ, ਮਾਰੋ ਤੋਪ ਤਕਾਇ ॥੩੯੧॥
ਲਹਨਾ ਸਿੰਘ ਅਜੀਤ ਸਿੰਘ, ਫਿਰੈਂ ਦੂਹੂੰ ਘਬਰਾਇ ।
ਮਨ ਹੀ ਮਨ ਸੋਚੈਂ ਕਹੈਂ, ਕੋ ਅਬ ਬਨੈ ਬਚਾਇ ॥੩੯੨॥
ਇਤਨੇ ਮੈਂ ਪਹੁੰਚੀ ਤਬੈ ਸੈਨਾ ਕਿਲੇ ਸਮੀਪ[੧੮੫] ।
ਹੁਕਮ ਦਿਯੋ ਤਬ ਫੈਰ ਕੋ, ਹੀਰਾ ਸਿੰਘ ਅਵਨੀਪ[੧੮੬] ॥੩੯੩॥
ਦਏ ਮੋਰਚੇ ਸਾਇਕੈ[੧੮੭], ਗਢ ਕੇ ਚਾਰੋਂ ਓਰ ।

---

੧੮੨. ਦਿਸਾਂ ਦੇ ਹਾਥੀ । ੧੮੩. ਹਵਾ, ਪਵਨ । ੧੮੪. ਸੂਰਮਿਆਂ ਨੂੰ । ੧੮੫. ਨੇੜੇ, ਨਿਕਟ, ਕੋਲ, । ੧੮੬. ਅਵਨੀ (ਧਰਤੀ) ਦਾ ਪਤੀ । ੧੮੭. ਸਾਇਕਾਂ (ਤੀਰਾਂ) ਦੇ।

ਸਬੈ ਫੌਜ ਘੇਰਾ ਕਿਯੋ, ਡਾਰੈਂਗੇ ਗਢ ਫੋਰ ॥੩੯੪॥

**(ਲਾਹੌਰ ਕਿਲ੍ਹੇ ਉਤੇ ਧਾਵਾ)**

ਛੰਦ ਭੁਯੰਗ ਪ੍ਰਯਾਤ ।

ਚਹੂਘਾ[੧੮੮] ਬਜੰਤ੍ਰੀਨ ਮਾਰੂ ਬਜਾਏ ।
ਘੁਰੇ ਘੋਰ ਡਫਲੇ ਸੁ ਤਾਸੇ ਤਚਾਏ ।
ਤੁਰਮ ਕੀ ਤੁਤੂਤੂੰ ਤੁਤੂਤੂੰ ਤੁਤੂਤੂੰ ।
ਨਗਾਰੇਨ ਕੀ ਧੁਧੂਧੂੰ ਧੁਧੂਧੂੰ ਧੁਧੂਧੂੰ ॥੩੯੫॥
ਬਜੈਂ ਬੰਸਰੀ ਔਰ ਤੰਬੂਰ ਬਾਜੈਂ ।
ਪਢੈਂ ਵਾਰ ਢਾਡੀ ਕੜੱਕੈਂ ਅਵਾਜੈਂ ।
ਖੜੀ ਫੌਜ ਚਹੂਘਾ ਸੁ ਉੱਥਤ ਮਹਾਈ ।
ਲਿਯੇ ਹਾਥ ਭਾਲੇ ਵਿਸਾਲੇ ਤਹਾਈ ॥੩੯੬॥
ਬਰਛੀਨ ਕੀ ਕੌਨ ਗਿਨਤੀ ਗਿਨਾਵੈਂ ।
ਕਿਤੀ ਪੰਗਤੈਂ ਸੈਫ਼[੧੮੯] ਬਾਜੋਂ ਕੀ ਛਾਵੈਂ ।
ਹਜਾਰੋਂ ਦੁਧਾਰਾ[੧੯੦] ਸਿਰੋਹੀ[੧੯੧] ਸੁ ਲੱਖੈਂ ।
ਕਟਾਰੈਂ ਸੁ ਕੱਤੇਨ ਕੀ ਕੋ ਪਰੱਖੈਂ ॥੩੯੭॥
ਕੁਮੇਦਾਨ ਕਪਤਾਨ ਔ ਸੂਬਦਾਰੰ ।
ਸਜੀ ਬਿਰਜਸੈਂ ਔ ਕਿਰੱਚੈਂ ਅਪਾਰੰ ।
ਬਿਬਿਧ ਰੰਗ ਕੀ ਜਾਕਟੈਂ ਹੈ ਝਲਾਝਲ ।
ਬੰਧੀ ਪੇਟ ਪੇਟੀ ਜੜਾਊ ਭਲਾਭਲ ॥੩੯੮॥
ਜਮੇ ਹੈਂ ਤਿਲੰਗੇ ਸਜੇ ਹੈਂ ਜੁ ਚੰਗੇ ।
ਉਮੰਗੇ ਅਭੰਗੇ ਕਈ ਰੰਗ ਰੰਗੇ ।
ਕਿਤੀ ਪਲਟਨੈਂ ਹੈਂ ਪੁਰਬਿਯੋਂ ਕੀ ਸੁ ਚੰਗੀ ।
ਕਿਤੀ ਖਾਲਸੋਂ ਕੀ ਖੜੀ ਹੈਂ ਇਕੰਗੀ ॥੩੯੯॥
ਕਿਤੀ ਰਜਬਨੈ ਸਜਬਨੈਂ ਲੈਸ ਠਾਢੀ ।
ਸਬੈ ਜੰਗ ਕੀ ਹੈਂ ਉਮੰਗੋਂ ਸੁ ਬਾਢੀ ।
ਸੰਗੀਨੈਂ ਦੁਨਾਲੀ ਬੰਦੂਕੈਂ ਚਮੱਕੈਂ ।
ਮਨੋਂ ਬਿੱਜ ਭੂ ਸੈਲ ਕਰ ਮੈ ਦਮੱਕੈਂ ॥੪੦੦॥
ਕਿਤੇ ਹੀ ਪੰਚ ਰੰਗ ਕਾਰੇ ਸੁ ਲੀਲੇ ।
ਕਿਤੇ ਸੁਰਖ ਸ੍ਵੇਤੰ ਦੁਰੰਗੇ ਸੁ ਪੀਲੇ ।

---

੧੮੮. ਚਾਰੇ ਪਾਸੇ । ੧੮੯. ਤਲਵਾਰ । ੧੯੦. ਖੰਡਾ ।
੧੯੧. ਇਕ ਪ੍ਰਕਾਰ ਦੀ ਤੇਗ਼ ।

ਕਿਤੇ ਹੀ ਜਰੀ ਤਾਸ ਕੇ ਝਲ ਝਲਾਤੇ ।
ਛਪੈ ਵਾਰ ਪਹਿਲੇ ਸੁਨਹਿਲੇ ਦਿਖਾਤੇ ॥੪੦੧॥
ਕਿਤੇ ਸਾਦਗੀ ਔ ਦਰਿਆਈ ਕੇ ਖਾਸੇ ।
ਕਿਤੇ ਕੀਮ ਖਾਪੀ[੧੯੨] ਜਗਾ ਜੋਤ ਰਾਸੇ ।
ਖੜੇ ਦੰਡ ਉਦੰਡ ਮੈਂ ਯੋਂ ਨਿਸਾਨੰ ।
ਹਵਾ ਤੈਂ ਹਲੈਂ ਔ ਛੁਐਂ ਆਸਮਾਨੰ ॥੪੦੨॥
ਕਿਲੇ ਤੈਂ ਸੁ ਗੋਲੀ ਹਜਾਰੋਂ ਪਰੈ ਹੈਂ ।
ਮਨੋਂ ਮੇਹ ਕੀ ਬੁੰਦ ਦੂੰਦੈ ਕਰੈ ਹੈਂ ।
ਜਹਾਂ ਤਾਕ ਲਾਵੈਂ ਤਹਾਂ ਹੀ ਚਲਾਵੈਂ ।
ਤਊ ਬਾਹਰੀ ਫੌਜ ਕੌਂ ਗੁਰੁ ਬਚਾਵੈਂ ॥੪੦੩॥
ਕਿਤੀ ਹੀ ਸੋਂ ਤੋਪੈਂ ਚੜ੍ਹੀ ਦਮਦਮੋਂ ਪੈ ।
ਤਹਾਂ ਤੇ ਸੁ ਗੋਲੇ ਚਲਾਵੈਂ ਜੁ ਭੋਂ ਪੈ ।
ਫਿਰੈ ਚਾਰ ਹੂੰ ਓਰ ਵਾਹੀਨ ਪੈ ਵੋ ।
ਕਰੈਂ ਓਟ ਚੋਟੈਂ ਸਿਪਾਹੀਨ ਪੈ ਵੋ ॥੪੦੪॥
ਇਤੈ ਤੈ ਮਹਾਰਾਜ ਕੀ ਤੋਪੈ ਤੜੱਕੈਂ ।
ਮਨੋ ਕਾਲ ਬਿਕ੍ਰਾਲ ਕੀ ਗਾਜੋਂ ਗੜੱਕੈਂ ।
ਚਲੈਂ ਗੰਜ ਗੋਲੇਨ ਕੇ ਸਨ ਸਨਾਤੇ ।
ਧਮਾ ਧਮ ਧਮਾ ਧਮ ਧਮ ਧਮਾਤੇ ॥੪੦੫॥
ਜਹਾਂ ਜਾਇ ਲਾਗੈਂ ਤਹਾਂ ਤੋੜ ਚੱਲੈਂ ।
ਦਮੋ ਦਮ ਦਮੋ ਦਮ ਦਮੋ ਦਮ ਉਥੱਲੈਂ ।
ਕਰੀ ਝੰਜਰੀ ਸੀ ਚਹੂੰਘਾ ਸਫੀਲੈਂ ।
ਕਹੂੰ ਗਿਰਾਈ ਢਹਾਈ ਅਢੀਲੈਂ ॥੪੦੬॥
ਗੁਬਾਰੇ ਹਜ਼ਾਰੋਂ ਚਲੈ ਆਸਮਾਨੈਂ ।
ਗਿਰੈਂ ਜਾਇ ਗਢ ਪੈ ਫੁਟੈਂ ਲੈ ਪ੍ਰਾਨੈਂ ।
ਕਿਲੇ ਮੈਂ ਸਿਪਾਹੀ ਕਹਿਨ ਯੌਂ ਲਗੇ ਹੈਂ ।
ਕਈ ਤੈਂ ਗਜ਼ਬ ਕੇ ਜੁ ਗੋਲੇ ਬਗੇ ਹੈ ॥੪੦੭॥
ਕਿਤੇ ਕੰਧ ਕੋ ਫੋੜ ਮਾਰੈਂ ਦੂਅਨ ਕੌਂ ।
ਦੂਅਨ ਕੌਂ ਫੋੜ ਕੈ ਜਾ ਲਗੈਂ ਪੱਥਰਨ ਕੌਂ ।
ਕਈ ਬੁਰਜ ਕੇ ਪੁਰਜ ਪੁਰਜੇ ਕਰੇ ਹੈਂ ।
ਦਰਖਤੋਂ ਕੇ ਟੁਕੜੇ ਕੇ ਟੁਕੜੇ ਪਰੇ ਹੈਂ ॥੪੦੮॥

---

੧੯੨. ਕਮਖ਼ਾਬ (ਵਸਤ੍ਰ) ।

ਛੰਦ ਪ੍ਰਮਾਨਿਕਾ ।

ਚਲੈਂ ਗੁਲਾਬ ਗੋਲ ਯੋਂ । ਛੁਟੈਂ ਘੁਟੈਂ ਸੁ ਲੋਲ ਯੋਂ ।
ਚਢੈਂ ਮਢੈਂ ਅਕਾਸਿਯੰ । ਪਰੈ ਤਰੈਂ ਪ੍ਰਕਾਸ਼ਿਯੰ ॥੪੦੯॥
ਛੁਟੈਂ ਕਈ ਸੁ ਵੇਰ ਹੈਂ । ਛੁਰਾ ਛੁਰੀ ਬਖੇਰ ਹੈਂ ।
ਕਰੈਂ ਨ ਨੈਕ ਦੇਰ ਹੈਂ । ਦੁਅਨ ਮਾਰ ਦੇਰ ਹੈਂ ॥੪੧੦॥
ਕਹੈਂ ਦੁਅਨ ਦਲ ਯੋਂ । ਗਜ਼ਬ ਥਲਥਲ ਯੋਂ ।
ਹਨੈ ਪਰਯੋ ਬਗਲ ਮੈਂ । ਅਜਬ ਹੈ ਉਛਲ ਮੈਂ ॥੪੧੧॥
ਪਰੈ ਕਹੀਂ ਮਲੂਮ ਹੈ । ਕਰੈਂ ਸੁ ਆਇ ਝੂਮ ਹੈ ।
ਭਰੀ ਅਨੇਕ ਘੂਮ ਹੈਂ । ਕਰੈਂ ਬਡੀ ਸੁ ਧੂਮ ਹੈ ॥੪੧੨॥
ਪਰੈਂ ਕਿ ਨਭ ਬਿੱਜ ਹੈ । ਨਿਕਾਰ ਲੇਤ ਮਿੱਜ ਹੈਂ ।
ਕਿ ਬਜ੍ਰ ਇੰਦ੍ਰ ਹੱਨਿਯੰ । ਘਨੇ ਹਨੇ ਬਦੱਨਿਯੰ ॥੪੧੩॥

ਛੰਦ ਮੱਲਿਕਾ ।

ਗੱਜ ਗੱਜ ਸੱਨ ਸੱਨ । ਬੱਜ ਬੱਜ ਘੱਨ ਘੱਨ ।
ਧਾਇ ਧਾਇ ਝੱਟ ਝੱਟ । ਕਾਇ ਕਾਇ ਕੱਟ ਕੱਟ ॥੪੧੪॥
ਕੌਨ ਕੌਨ ਜਾਇ ਸੱਕ । ਕੌਨ ਭੌਨ ਪਾਇ ਧੱਕ ।
ਯੌਂ ਜੁ ਹਾਇ ਹਾਇ ਗਾਇ । ਭੌਂਹਰੇਨ ਜਾਇ ਜਾਇ ॥੪੧੫॥

ਸੋਰਠਾ ।

ਤੋਪਨ ਦਈ ਢਹਾਇ, ਗਢ ਕੀ ਏਕ ਦਿਵਾਲ[੧੯੩] ਤਬ ।
ਸਿੰਘ ਚਮੂ[੧੯੪] ਚਿਤ ਚਾਇ, ਹੱਲਾ ਕਰਿ ਊਪਰ ਚਢੇ ॥੪੧੬॥

ਛੰਦ ਭੁਯੰਗ ਪ੍ਰਯਾਤ ।

ਜਬੈ ਉਨ ਜਾਨੀ ਨ ਬਚ ਹੈਂ ਅਬੈਈ ।
ਸਿਪਾਹੀ ਉਹਾਂ ਕੇ ਜੁੱਟੇ ਹੈਂ ਤਬੈਈ ।
ਘਨੀ ਖੱਗ ਦੱਗੰ ਦੁਅਲ ਦੁੱਗ ਮੱਗੰ ।
ਭਏ ਗੜ੍ਹ ਬੜ੍ਹੰ ਸੁ ਮਹਾ ਜੁੱਧ ਜੱਗੰ ॥੪੧੭॥
ਪਲਕ ਮੈਂ ਕਿਤੇ ਈ ਦੁਅਨ ਮਾਰ ਡਾਰੇ ।
ਭਏ ਘੋਰ ਜੁੱਧੰ ਕਰੈ ਕੋ ਉਚਾਰੇ ।
ਕੜੱਕੈਂ ਬੰਦੂਕੈਂ ਖੜੱਕੈਂ ਨਿਖੰਗੰ ।
ਸੜੱਕੈਂ ਨਰਾਚੈਂ ਅੜੱਕੈਂ ਜੁ ਅੰਗੰ ॥੪੧੮॥
ਫੜੱਕੈਂ ਭੁਜਾ ਸਿੰਘ ਦਲ ਕੀ ਭੜੱਕੈਂ ।
ਤੜੱਕੈਂ ਦੁਅਨ ਦਲ ਹਿਯੇ ਚਲ ਧੜੱਕੈਂ ।
ਝੜੱਕੈਂ ਪੜੱਕੈਂ ਪਗਨ ਮੈਂ ਚੜੱਕੈਂ ।

---

੧੯੩. ਦੀਵਾਰ, ਕੰਧ । ੧੯੪. ਸਿੱਖਾਂ ਦੀ ਫੌਜ ਦੇ ਵੀਰ ਸਿਪਾਹੀ ।

ਚੜੱਕੈਂ ਝਿਲਮ ਖਗ, ਲਗ ਕੈ ਰੜੱਕੈਂ ॥੪੧੯॥

ਛੰਦ ਸੰਖ ਨਾਰੀ ।

ਬਜੈਂ ਘੋਰ ਬਾਜੇ । ਕੜਾ ਕੜ ਗਾਜੇ ।
ਦਸੋਂ ਦਿਸ ਜਾਗੀ । ਕੰਪੈਂ ਭੀਤ ਲਾਗੀ ॥੪੨੦॥
ਹਲੈਂ ਦਿੱਗ ਜੈਹੈਂ । ਚਿੰਘਾਰੈਂ ਸਜੈ ਹੈਂ ।
ਧਗਾ ਡੱਗ ਮੱਗੈ । ਮਹਾ ਜੁੱਧ ਜੱਗੈਂ ॥੪੨੧॥
ਨਦੀ ਉੱਧ ਉੱਧੈ । ਮਨੋ ਜਾਤ ਰੁੱਧੈਂ ।
ਕੱਛ ਪਿੱਠ ਫੁੱਟੈ । ਬਿਖੀ ਬਿਖ ਛੁਟੈ ॥੪੨੨॥
ਭਏ ਔਰ ਹੱਲੈ । ਕਹੂੰ ਕੱਟ ਚੱਲੈ ।
ਬਡੇ ਬੀਰ ਬੰਕੈਂ । ਕਿਲੀਕੈਂ ਨਿਸੰਕੈਂ ॥੪੨੩॥
ਜੁਟੇ ਏਕ ਏਕੈਂ । ਸਨੇ ਹੈਂ ਬਿਬੇਕੈਂ ।
ਭਰੇ ਹੈਂ ਉਚੰਗੈਂ । ਉਛਾਹੀ ਅਭੰਗੈ ॥੪੨੪॥
ਨਹੀਂ ਮੋਹ ਚਿੱਤੈਂ । ਘਰੇ ਕੋ ਨ ਹਿੱਤੈਂ ।
ਸਜੇ ਸ੍ਵਾਮਿ ਭਕ੍ਰੈ । ਕਰੈਂ ਸ਼ਸਤ੍ਰ ਵਜਕੈਂ ॥੪੨੫॥

ਛੰਦ ਪੱਧਰੀ ।

ਕਹੂੰ ਕਰਤ ਭਟ ਚਕ੍ਰੰ ਸੁ ਮਾਰ । ਅੰਗੁਗੀਨ ਰੱਖ ਘੁੰਮੰਤ ਧਾਰ ।
ਗਤਿ ਅਧਿਕ ਵਕ੍ਰ ਵਜ੍ਰੰ ਸਮਾਨ । ਝਟ ਹਨਤ ਸੀਸ ਸ਼ਤ੍ਰੰ ਪ੍ਰਮਾਨ ॥੪੨੬॥
ਕਹੁੰ ਛੁਟਤ ਬਾਨ ਪ੍ਰਜ੍ਵਲਿਤ ਅੰਗ । ਸਨ ਸਨਿਤ ਸ਼ਬਦ ਘੁੱਮਤ ਅਥੱਗ ।
ਨਰ ਹਨਤ ਜਾਹਿੰ ਅਤਿ ਸਹਜ ਮੱਗ । ਤਨ ਤਜਤ ਤੁਰਤ ਜਿਹ ਜਾਤ ਲੱਗ ॥੪੨੭॥
ਅਰਿ ਦਲਨ ਮਾਹਿੰ ਖਲਬਲ ਮਚੰਤ । ਗਿਰ ਪਰਤ ਸੂਰ ਉਠ ਨ ਸਕੰਤ ।
ਲਗ ਪਰਤ ਜੋ ਕਿ ਪੱਥਰ ਮਝਾਰ । ਬਹੁ ਕਰਤ ਖੰਡ ਖੰਡੇ ਅਪਾਰ ॥੪੨੮॥

ਵਿੱਧੁਨ ਮਾਲਾ ।

ਤੋੜਾਦਾਰੈਂ ਹੈਂ ਬੰਦੂਕੈਂ । ਮਾਰੈਂ ਧਾਰੈਂ ਪਾਰੈਂ ਕੂਕੈਂ ।
ਗੋਲੀ ਟੋਲੀ ਲਾਖੈਂ ਚਾਖੈਂ । ਓਲੀ ਓਡੈਂ ਹਾ ਵੇ ਭਾਖੈਂ ॥੪੨੯॥
ਚੁੱਕੈਂ ਰੁੱਕੈਂ ਨੈਕੋ ਨਾਹੀ । ਲੱਛੈ[੧੯੫] ਲੱਛੈ[੧੯੬] ਅਛੈਂ ਖਾਹੀਂ ।
ਮੱਖੀ ਲੱਖੀ ਨਾਹੀ ਕੋਊ । ਝੋਕੈਂ ਨੋਕੈਂ ਧਾਈ ਹੋਊ ॥੪੩੦॥

ਛੰਦ ਭੁਯੰਗ ਪ੍ਰਯਾਤ ।

ਚਲੈਂ ਤੀਰ ਜੰਗੀ ਮਹਾ ਤੀਬਰ ਚਾਲੀ ।
ਲਗੈਂ ਜੋ ਮਤੰਗੈਂ ਕਢੈਂ ਪਾਰ ਹਾਲੀ ।
ਸਫਾਈ ਭਰੇ ਔਰ ਸੂਧੇ ਬਹੇ ਹੈਂ ।
ਲਗੈਂ ਜਾਇ ਜਾਮੈਂ, ਨ ਬਾਹਰ ਰਹੇ ਹੈਂ ॥੪੩੧॥

---

੧੯੫. ਨਿਸ਼ਾਨੇ ਨੂੰ । ੧੯੬.ਢੂੰਡਦੇ ਹਨ ।

ਕਈ ਹਾਲ ਭਾਲੇ, ਵਿਸ਼ਾਲੇ ਚਲਾਵੈਂ ।
ਕਸਾਲੇ ਅਰਿਨ ਦੈ ਰਸਾਲੇ ਦਿਖਾਵੈਂ ।
ਕੋਊ ਲੈ ਬਰਛੀ ਰਿਪੂ ਗੋਲ ਤੱਛੀ ।
ਗਿਰੇ ਲੱਛ ਲੱਛੀ ਸਮਰ ਮੈਂ ਪ੍ਰਤੱਛੀ ॥੪੩੨॥
ਕਿਤੇ ਹੀ ਕਟਾਰੀ ਕਰੈਂ ਨੋਕ ਪਾਰੀ ।
ਮਹਾਂ ਤੀਬ੍ਰ ਤੀਖੀ ਸੁ ਆਂਤਨ ਬਿਦਾਰੀ ।
ਨ ਰੁਕੈਂ ਕਹੂੰ ਅਸਿਥ[੧੯੭] ਮੈਂ, ਪਾਰ ਹੋਵੈਂ ।
ਬਨੀ ਸਾਰ ਮਜਬੂਤ ਕੀ ਵੇ ਦਿਖੋਵੈਂ ॥੪੩੩॥
ਕਿਤੇ ਖੰਜਰੋਂ ਸੇ ਜੁ ਪੰਜਰ ਬਿਦਾਰੈਂ ।
ਕਿਤੇ ਪੇਸ਼ ਕਬਜੈਂ ਕਰੈਂ ਵਾਰ ਪਾਰੈਂ ।
ਕਿਤੇ ਬਾਂਧਿ ਖਪਚੀ[੧੯੮] ਦੁਹੂੰ ਸੰਗ ਡਿੱਗੈਂ ।
ਸਕਲ ਤਨ ਜਿਨ੍ਹੋਂ ਕੇ, ਰੁਧਿਰ[੧੯੯] ਸੋਂ ਹੈਂ ਭਿੱਗੈਂ ॥੪੩੪॥

**(ਸ: ਲਹਿਣਾ ਸਿੰਘ ਨੂੰ ਭਾਂਜ ਤੇ ਜ਼ਖਮ)**

ਦੋਹਰਾ ।

ਗੋਲੀ ਲਹਨਾ ਸਿੰਘ ਕੋ, ਲਗੀ ਪਰਯੋ ਬਿਲਲਾਇ ।
ਤਬੈ ਭਾਜ ਭੌਂਦੂ ਗਯੋ, ਧਸਯੋ ਭੋਹਰੇ ਜਾਇ ॥੪੩੫॥

ਛੰਦ ਪ੍ਰਮਾਨਿਕਾ ।

ਗਿਰੀ ਸੁ ਲੁੱਥ ਲੁੱਥ ਪੈ । ਲਗੇ ਸੁ ਜੁੱਥ ਜੁੱਥ ਪੈ ।
ਬਹੇ ਜੁ ਸ੍ਰੋਨ[੨੦੦] ਨੱਦ ਹ੍ਵੈ। ਅਥਾਹ ਬੇ ਬਿਹੱਦ ਹ੍ਵੈ ॥੪੩੬॥
ਤਰੈਂ ਸੁ ਰੁੰਡ ਮੁੰਡਿਯੰ । ਮਨੋਂ ਸੁ ਜੰਤ ਝੁੰਡਿਯੰ ।
ਕਹੀਂ ਕਬੰਧ [੨੦੧] ਜੁੱਟ ਹੀ । ਲੜੈਂ ਅੜੈਂ ਸੁ ਕੁੱਟ ਹੀ ॥੪੩੭॥
ਮਨੋਂ ਸੁ ਇੰਦ੍ਰ ਜਾਲ ਹੈ । ਭਏ ਅਜਬ ਖਯਾਲ ਹੈ ।
ਭਏ ਸੁ ਸੰਭੁ ਖੁਸ਼ਾਲਿਯੰ। ਰਚੈ ਸੁ ਮੁੰਡ ਮਾਲਿਯੰ ॥੪੩੮॥

ਛੰਦ ਭੁਯੰਗ ਪ੍ਰਯਾਤ ।

ਜੁਰੀ ਜੁੱਗਨੀ ਕੀ ਜਮਾਤੈਂ ਘਨੀ ਹੈਂ ।
ਨਚੈਂ ਭੂਤ ਪ੍ਰੇਤੈਂ ਚੁਰੈਲੈਂ ਤਨੀ ਹੈਂ ।
ਬਡੀ ਚੀਕ ਮਾਰੈਂ ਭਰੈਂ ਸ਼੍ਰੋਨ ਖੱਪਰ ।
ਪਿਯੈਂ ਘੁੱਟਘੂੰ ਘੁਟ ਸੋਖੰਤ ਛੱਪਰ ॥੪੩੯॥

**(ਸ: ਅਜੀਤ ਸਿੰਘ ਦਾ ਕਤਲ)**

ਕਬਿੱਤੁ ।

ਸੁਨ ਕੈ ਅਜੀਤ ਸਿੰਘ ਫੌਜ ਨਿਜ ਮਾਰੀ ਗਈ,

---

੧੯੭. ਹੱਡੀ, ਅਸਥੀ ੧੯੮. ਇਕ ਅਸਤ੍ਰ । ੧੯੯. ਲਹੂ । ੨੦੦. ਲਹੂ । ੨੦੧. ਧੜ ।

ਲਹਿਨਾ ਸਿੰਘ ਹੂੰ ਹੋਇ ਘਾਇਲ ਵਿਲਾਯੋ ਹੈ ।
ਤਬ ਭਯ ਭਾਰੀ ਖਾਇ, ਪਾਛੇ ਕੀ ਤਰਫ ਜਾਇ,
ਰੱਸਾ ਮਜਬੂਤ ਅਤਿ ਪ੍ਰਸ਼ਟ ਲਟਕਾਯੋ ਹੈ ।
ਤਾ ਕੋ ਗਹਿ ਲਟਕਿ ਚਲਯੋ ਹੈ ਭੂਤਰਫ ਤਯੋਂ ਹੀ,
ਟੂਟ ਪਰਯੋ ਰੱਸਾ ਪਾਪ ਪ੍ਰਗਟ ਦਿਖਾਯੋ ਹੈ ।
ਤਰੈਂ ਕੌ ਗਿਰਤ ਦੇਖਿ ਦੂਰ ਤੈਂ ਨਜੀਬ ਦੌਰੇ,
ਕਾਟ ਲੇਹੁ ਯਾਹਿ ਕੋ ਨਜੀਕ ਸੀਸ ਆਯੋ ਹੈ ॥੪੪੦॥

ਦੋਹਰਾ ।

ਕਾਟਿ ਸੀਸ ਸਰਦਾਰ ਕੇ, ਲੈ ਦੌਰੇ ਹਰਖਾਇ ।
ਹੀਰਾ ਸਿੰਘ ਮਹਾਰਾਜ ਕੋ, ਨਜ਼ਰ ਦਿਖਾਯੋ ਜਾਇ ॥੪੪੧॥

**(ਸ: ਲਹਿਣਾ ਸਿੰਘ ਦਾ ਅੰਤ)**

ਕਬਿਤੁ ।

ਮਹਾਰਾਜ ਹੀਰਾ ਸਿੰਘ ਉਨ ਕੋ ਇਨਾਮ ਦਿਯੋ,
ਕਹੀ-"ਖੂਬ ਕਾਮ ਕਿਯੋ, "ਕਰੂੰ ਸਰਦਾਰ ਹੈ ।
ਫੇਰ ਫਰਮਾਯੋ "ਸਭ ਫੌਜ ਕੋ ਨਰੇਸ ਬੈਂਸ,
ਲਹਿਨਾ ਸਿੰਘ ਹੂੰ ਗਹਿ ਲਜਾਓ ਬਿਨ ਬਾਰ ਹੈ ।"
ਆਗੈ ਕਿਲਾ ਮਾਹਿੰ ਫੌਜ ਢੂੰਡ ਹੀ ਰਹੀ ਥੀ, ਤਹਾਂ,
ਕਾਹੂੰ ਕਹਯੋ "ਭੋਹਰੇ ਮੈਂ ਛਿਪਯੋ ਜਾਇ ਹਾਰ ਹੈ ।"
ਤਬ ਕਈ ਬੀਰ ਧਰਿ ਧੀਰ ਭੋਹਰੈ ਮੈਂ ਧਸਿ,
ਜ਼ਾਤੈਂ ਸੀਸ ਕਾਟ ਲਿਯੋ ਪਾਪ ਕੇ ਪਹਾਰ ਹੈ[੨੦੨] ॥੪੪੨॥

ਦੋਹਰਾ ।

ਲਹਿਨਾ ਸਿੰਘ ਹੂ ਕੌ ਤਬੈ, ਲੈ ਆਏ ਝਟ ਸੀਸ ।
ਹੀਰਾ ਸਿੰਘ ਮਹਾਰਾਜ ਨੈ, ਹਰਖਿ ਦਈ ਬਖਸ਼ੀਸ਼ ॥੪੪੩॥

**(ਸੰਧਾਂਵਾਲੀਆਂ ਦੀਆਂ ਲੋਥਾਂ ਦਾ ਤ੍ਰਿਸਕਾਰ)**

ਹੁਕਮ ਭਯੋ ਸਭ ਨਗਰ ਮੈਂ, "ਖੈਂਚੋ ਇਨ ਕੀ ਲਾਸ਼ ।
ਕੀਚ ਬੀਚ ਇਨ ਦੁਹੁਨ ਕੋ, ਕਰਵਾਯੋ ਫਿਰ ਬਾਸ" ॥੪੪੪॥

---

੨੦੨. ਸਰਦਾਰ ਲਹਿਣਾ ਸਿੰਘ ਸੰਧਾਵਾਲੀਏ ਨੂੰ ਢੂੰਡਣ ਲਈ ਜਦ ਹੀਰਾ ਸਿੰਘ ਦੇ ਸਿਪਾਹੀ ਗਏ ਤਾਂ ਅੱਗੋਂ ਇਕ ਸਿੱਖ ਸਿਪਾਹੀ ਨੇ, ਜੋ ਨੰਗੀ ਤਲਵਾਰ ਲੈ ਕੇ ਉਸ ਜ਼ਖਮੀ ਸਰਦਾਰ ਦੀ ਰਖਵਾਲੀ ਕਰ ਰਿਹਾ ਸੀ, ਅੱਛਾ ਡਟ ਕੇ ਮੁਕਾਬਲਾ ਕੀਤਾ ਤੇ ਹੀਰਾ ਸਿੰਘ ਦੇ ੧੮-੧੯ ਸਿਪਾਹੀ ਮਾਰੇ । ਛੇਕੜ ਉਹ ਖੁਦ ਵੀ ਸ਼ਹੀਦ ਹੋ ਗਿਆ । (ਪੰ: ਗ: ਗੀ:, ਇਕ ਲਿਖਤ ਦੇ ਅਧਾਰ 'ਤੇ) ।

ਕਬਿੱਤੁ।

ਐਸੇ ਦੈ ਹੁਕਮ ਮਹਾਰਾਜ ਹੀਰਾ ਸਿੰਘ ਬੀਰ,
ਫੌਜ ਕੌਂ ਇਨਾਮ ਦਿਯੋ ਅਗਨਿਤ ਵਾ ਸਮੈਂ।
ਕਿਲੇ ਕੋ ਕਿਯੋ ਹੈ ਸਬ ਬੰਦੋਬਸਤ ਪੂਰਬ ਵਤ,[203]
ਚੌਂਕਸੀ ਨਗਰ ਕੀ ਕਰਾਈ ਤੈਸੇ ਤਾ ਸਮੈਂ।
ਫੇਰ ਸਰਕਾਰ ਨੇ ਜੋ ਸੰਸਕਾਰ ਹੇਤ ਕਛੁ,
ਭੇਜਿ ਸਰਦਾਰ ਆਪ ਆਏ ਗ੍ਰਿਹ ਜਾ ਸਮੈਂ।
ਮਹਾਰਾਜ ਧਜਾਨ ਸਿੰਘ ਜੂ ਕੇ ਦਾਹ ਕਰਬੇ ਕੀ,
ਕਰੀ ਫੇਰ ਤਿਆਰੀ ਝੱਟ ਪੱਟ ਏਕ ਸਾਸ ਮੈਂ ॥੪੪੫॥
ਸੁਨੀ ਰਨਵਾਸ ਮੈਂ ਸੁਪੂਤ ਪੂਤ ਹੀਰਾ ਸਿੰਘ,
ਬਦਲੋ ਪਿਤਾ ਕੋ ਲੇਯ ਆਯੋ ਹੈ ਅਬੈਂ ਘਰੈ।
ਬੋਲੀ ਸਭ ਮਾਤਾ "ਸੁਖਦਾਤਾ ਹੈ ਹਮਾਰੋ ਯਹ,
ਭ੍ਰਾਤਾ ਰਾਮ ਯਾ ਪੈ ਸਦਾ ਰਹੈਗੋ ਕ੍ਰਿਪਾ ਕਰੈਂ।
ਯਹ ਕੁਲ ਭੂਖਨ ਹੈ, ਦੁਸ਼ਟਨ ਕੌਂ ਦੂਖਨ ਹੈ,
ਪੂਖਨ ਹਮਾਰੋ ਜਿਯੋ, ਜਾਂ ਤੈਂ ਹਮ ਹੂੰ ਤਰੈ।
ਸੂਰਜ ਸੋਂ ਤੇਜ ਰਹੈ, ਆਨੰਦ ਕੀ ਸੇਜ ਰਹੈ,
ਜਗ ਮੈ ਮਜੇਜ ਰਹੇ, ਮੌਜ ਨਿਤ ਬਿਤਰੈ ॥੪੪੬॥

**(ਰਾਜਾ ਧਿਆਨ ਸਿੰਘ ਦਾ ਸਸਕਾਰ)**

ਸੋਰਠਾ।

ਸਤੀ ਹੋਨ ਕੌਂ ਤਿਆਰ, ਭਈ ਸੁ ਪੰਦ੍ਰਹ ਰਾਨਿਯਾਂ।
ਕਿਯੇ ਦਾਨ ਪ੍ਰਕਾਰ, ਪਟ ਭੂਖਨ ਗੋ, ਰਥ, ਅਰਥ ॥੪੪੭॥

ਕਬਿੱਤੁ।

ਚੰਦਨ ਕੀ ਕੇਵਲ ਚਿਤਾ ਕੌਂ ਚੁਨਵਾਇ ਕਰਿ,
ਊਪਰ ਵਿਛਾਏ ਕੁਸ, ਤਾ ਪੈ ਫੂਲ ਡਾਰੇ ਹੈਂ।
ਘ੍ਰਿਤ ਹੂੰ ਕੀ ਜਗਹ ਅਤਰਨ ਕੀ ਸੁ ਧਾਰਹਿੰ ਦਈ,
ਮਨਨ ਕਪੂਰ ਕਿਯੇ ਤਾ ਮਧ ਪਸਾਰੇ ਹੈਂ।
ਤਾਂ ਪੈ ਮਹਾਰਾਜ ਧਜਾਨ ਸਿੰਘ ਪਧਰਾਯੋ ਲਾਇ,
ਬੈਠੀ ਚਹੂੰ ਓਰ ਸਤੀ ਭਕਤਿ ਭਾਵ ਧਾਰੇ ਹੈਂ।
ਆਇ ਨ੍ਰਿਪ ਹੀਰਾ ਸਿੰਘ ਜੂ ਨੈ ਦਿਯੋ ਦਾਹ ਤਬ,
"ਸੀਤਾ ਰਾਮ-ਸੀਤਾ ਰਾਮ" ਸਭਨ ਉਚਾਰੇ ਹੈਂ ॥੪੪੮॥

---

੨੦੩. ਪਹਿਲੇ ਵਾਂਗੂ।

ਦੋਹਰਾ ।

ਤਬ ਕਿਯੋ ਜਲ ਪਾਨ, ਹੀਰਾ ਸਿੰਘ ਮਹਾਰਾਜ ਨੈ ।
ਔਰ ਜੁ ਦੇਹ ਬਿਧਾਨ, ਕ੍ਰਮ ਕ੍ਰਮ ਸਭ ਕਰਨੈ ਲਗੈ ॥੪੪੯॥

**(ਮਹਾਰਾਜ ਦਲੀਪ ਸਿੰਘ ਨੂੰ ਗੱਦੀ)**

ਕਬਿਤੁ ।

ਸਿੰਘ ਬਾਦਸ਼ਾਹ ਰਣਜੀਤ ਸਿੰਘ ਜੂ ਕੇ ਸੁਤ,
ਤੀਸਰੇ ਦਲੀਪ ਸਿੰਘ[੨੦੪] ਬਾਲ ਬਯ ਜਾ ਕੀ ਹੈ ।
ਸ੍ਰੀ ਮਹੀਪ ਹੀਰਾ ਸਿੰਘ ਜਾਇ ਕੈ ਕਿਲੇ ਮੈਂ ਤੁਰਤ,
ਤਖ਼ਤ ਬਿਠਾਯੋ ਤਿਨੈਂ, ਰਾਸ ਜੋ ਪ੍ਰਭਾ ਕੀ ਹੈ ।
ਫ਼ੇਰੀ ਹੈ ਦੁਹਾਈ ਸ੍ਰੀ ਦਲੀਪ ਸਿੰਘ ਬਾਦਸ਼ਾਹ,
ਭੂਪ ਹੀਰਾ ਸਿੰਘ ਜੂ ਵਜ਼ੀਰ ਦੁਤਿ ਬਾਂਕੀ ਹੈ ।
ਭੇਜੇ ਪਰਵਾਨੇ ਦੇਸ ਦੇਸ ਸਭ ਸੂਬਨ ਪੈ,
ਹਾਜ਼ਰ ਹੁਕਮ ਰਹੋ ਏਕਤਾ ਯਹਾਂ ਕੀ ਹੈ ॥੪੫੦॥

ਭੁਯੰਗ ਪ੍ਰਯਾਤ ।

ਫਤੇ ਕੀ ਭਈ ਹੈਂ ਸੁ ਸ਼ਲਕੈਂ ਝੜਾਝੜ ।
ਤੜਾਤੜ ਤੜਾਤੜ ਤੜਾਤੜ ਤੜਾਤੜ ।
ਕਈ ਏਕ ਘੜੀ ਲੌ ਝੜੀ ਸੀ ਲਗਾਈ ।
ਝੜੀ ਜੋ ਪਲਾਟਨ[੨੦੫] ਕੀ ਬਾਢੈਂ ਮਹਾਈ ॥੪੫੧॥
ਚਮੂੰ ਵਾਹਗੁਰੂ ਕੀ ਫਤੇ ਹੈ ਬੁਲਾਈ ।
ਫਤੇ ਹੈ ਫਤੇ ਹੈ ਫਤੇ ਹੈ ਸਦਾਈ ।
ਜਹਾਂ ਸਾਧ ਸੰਗਤ ਤਹਾਂ ਭੋਰ ਸਾਂਝੈਂ ।
ਬਜੀ ਦੁੰਦਭੀ ਸੰਖ ਘੰਟਾ ਸੁ ਝਾਂਝੈਂ ॥੪੫੨॥

ਕਬਿਤੁ ।

ਰਾਜਾ ਧਯਾਨ ਸਿੰਘਾਦਿਕ ਹਰਿਪੁਰ ਜਾਇਬੇ ਕੋ,
ਸ਼ੋਕ ਸਰਸਾਯੋ ਹੁਤੋ ਪ੍ਰਜਾ ਕੋ ਅਪਾਰ ਹੀ ।
ਸਤ੍ਰੁਨ ਕੇ ਸੀਸ ਕਟੇ, ਬਾਦਸ਼ਾਹ ਤਖਤ ਬੈਠਯੋ,
ਹੀਰਾ ਸਿੰਘ ਜੂ ਕੋਂ ਰਹਯੋ ਸਭ ਅਖਤਯਾਰ ਹੀ ।

---

੨੦੪. ਮਹਾਰਾਜਾ ਰਣਜੀਤ ਸਿੰਘ ਦੇ ਚਾਰ ਪੁਤ੍ਰ ਹੋਰ ਸਨ: ਕੌਰ ਕਸ਼ਮੀਰਾ ਸਿੰਘ, ਪਿਸ਼ੌਰਾ ਸਿੰਘ, ਤਾਰਾ ਸਿੰਘ ਅਤੇ ਮੁਲਤਾਨਾ ਸਿੰਘ, ਜੋ ਦਲੀਪ ਸਿੰਘ ਤੋਂ ਉਮਰ ਵਿਚ ਵੱਡੇ ਤੇ ਮਹਾਰਾਜਾ ਖੜਕ ਸਿੰਘ ਸ਼ੇਰ ਸਿੰਘ ਤੋਂ ਛੋਟੇ ਸਨ । ਡੋਗਰੇ ਚੂੰਕਿ ਇਹਨਾਂ ਕੌਰਾਂ ਦੇ ਵਿਰੋਧੀ ਸਨ, ਇਸ ਲਈ ਕਵੀ ਨੇ ਇਹਨਾਂ ਦਾ ਜ਼ਿਕਰ ਨਹੀਂ ਕੀਤਾ ।

੨੦੫. ਇਥੇ ਪਲਟਨ ਦਾ ਬਹੁ-ਵਚਨ ਪਲਾਟਨ ਫ਼ਾਰਸੀ ਦੇ ਵਿਆਕਰਨ ਅਨੁਸਾਰ ਹੈ ।

ਯਾਂ ਤੈ ਦਬਜੋ ਸ਼ੋਕ ਭਯੋ ਓਕ ਓਕ ਆਨੰਦ ਸੌਂ,
ਲੋਕ ਲੋਕ ਭਾਖੈਂ ਸਭੈ ਮਿਲ ਇਕਤਾਰ ਹੀ ।
ਧੰਨ ਧੰਨ ਹਿੰਦੂ-ਪਤਿ ਹੀਰਾ ਸਿੰਘ ਮਹਾਰਾਜ,
ਜਾ ਨੈ ਪੁਤ੍ਰਤਾ ਕੋ ਨਾਮ ਦਿਯੋ ਹੈ ਉਛਾਰ ਹੀ ॥੪੫੩॥

ਦੋਹਰਾ ।

ਹੀਰਾ ਸਿੰਘ ਮਹਾਰਾਜ ਨੈ, ਦਿਯੋ ਹੁਕਮ ਸਮੁਝਾਇ ।
"ਸਰਦਾਰਨ ਪੁਰ ਦ੍ਵਾਰ ਪੈ, ਲਟਕਾਓ ਅਬ ਜਾਇ" ॥੪੫੪॥

ਕਬਿੱਤੁ ।

ਮਸਤੀ ਦਰਵਾਜ਼ੇ ਕੇ ਅਗਾੜੀ ਜਾਇ ਲਟਕਾਯੋ,
ਲੋਨ ਖਾ ਗਵਾਯੋ ਜਿਹ ਲਹਨਾ ਸਿੰਘ ਨਾਮ ਹੈ ।
ਅਧਿਕ ਚਲਾਕ ਚਿਤ ਪਾਤਕੀ ਅਜੀਤ ਸਿੰਘ,
ਦਿਲੀ ਦਰਵਾਜ਼ੇ ਲਟਕਾਯੋ ਵਾਮ ਵਾਮ ਹੈ ।
ਸੀਸ ਤੈ ਬਿਹੀਨ ਹੀਨ ਬਸਨ ਮਲੀਨ ਪੀਨ,
ਮੋਰਨ ਕੀ ਕੀਚ ਤੈਂ ਰੰਗੀਨ ਤਨ ਸਜਾਮ ਹੈ[੨੦੬] ।
ਕਾਕ ਹੂੰ ਨ ਚੋਥੇ ਸ੍ਵਾਨ ਨਿਯਰੇ ਨ ਜਾਹਿ ਜਾ ਕੇ,
ਐਸੋ ਮਹਾ ਅਧਮ ਅਭਾਗੋ ਬਦਨਾਮ ਹੈ ॥੪੫੫॥
ਕਛੁ ਦਿਨ ਪਾਛੇ ਆਛੇ ਹੀਰਾ ਸਿੰਘ ਮਹਾਰਾਜ,
ਸ੍ਰੀ ਦਲੀਪ ਸਿੰਘ ਕੀ ਜਲੂਸ ਕਰਵਾਈ ਹੈ ।
ਮਾਰਤੰਡ ਆਦਿ ਨੌਊ ਗ੍ਰਿਹਨ ਸੁ ਥਾਪ ਕਰਿ,
ਬੇਦ ਬਿਧਿ ਮੰਤ੍ਰਨਿ ਸੋਂ ਪੂਜਾ ਕਰਵਾਈ ਹੈ ।
ਰਾਜ ਅਭਿਖੇਕ ਕਰ ਤਿਲਕ ਲਗਾਯੋ ਭਾਲ,
ਆਪ ਦੈਂ ਨਜ਼ਰ ਫੇਰ ਸਭ ਪੈ ਦਿਵਾਈ ਹੈ ।
ਚੌਰ ਛਤ੍ਰ ਸਹਿਤ ਸਿੰਘਾਸਨ ਬਿਰਾਜਮਾਨ,
ਭਾਸਮਾਨ[੨੦੭] ਕੀ ਸੀ ਦੁਤਿ ਦੀਰਘ ਦਿਪਾਈ ਹੈ ॥੪੫੬॥

**(ਸ: ਅਤਰ ਸਿੰਘ ਦਾ ਕਤਲ)**

'ਲਹਿਨਾ', ਅਜੀਤ' ਨੇ ਕਿਯੋ ਹੈ ਇਹ ਕਾਮ ਜਬ,
ਤਬ ਹੀ ਖਬਰ ਕਾਹੂ ਉਨੇ ਜਾ ਸੁਨਾਈ ਹੈ ।
ਊਹਾਂ ਹੈ ਅਤਰ ਸਿੰਘ ਸੁਨਤ ਪ੍ਰਮਾਣ ਭਾਜਯੋ,
ਪਾਰ ਸਤਰੁਦ੍ਰ ਗਯੋ ਜਿਯ ਭਯ ਖਾਈ ਹੈ ।
ਰਹਯੋ ਕੁਰਖੇਤ ਮੈਂ ਉਦਾਸ ਸਾਤ ਮਾਸ ਲਗ,
ਫੇਰ ਜਮਦੂਤ ਕਰੀ ਤਾ ਪਰ ਚੜ੍ਹਾਈ ਹੈ ।

---

੨੦੬. ਸ: ਅਜੀਤ ਸਿੰਘ ਦਾ ਸਰੀਰਕ ਰੰਗ ਸਾਂਵਲਾ ਸੀ । ੨੦੭. ਸੂਰਜ ।

ਚਿੱਤ ਮੈਂ ਵਿਚਾਰਯੋ, ਜਾਨੈ ਬੰਧੁ ਮੋ ਭਤੀਜਾ ਮਾਰਯੋ,
ਤਾਂ ਸੋਂ ਅਬ ਮੈਂ ਹੂੰ ਕਰੌਂ ਚਲ ਕੈ ਲੜਾਈ ਹੈ ॥੪੫੭॥
ਰਾਖਨ ਲਗਯੋ ਹੈ ਢੂੰਢਿ ਢੂੰਢਿ ਅਸਵਾਰਨ ਕੌਂ,
ਪਯਾਰਨ ਸੋਂ ਪੈਦਲ ਕੌਂ ਰਖਤ ਸੁਹਾਯੋ ਹੈ ।
ਐਸੇ ਕਛੁ ਦਿਨ ਮਾਹਿੰ ਕਰਿ ਤਜਵੀਜ਼ ਸਬ,
ਲੈ ਕੇ ਨਿਜ ਫੌਂਜ ਚਲਯੋ ਕਾਲ ਕੋ ਚਲਾਯੋ ਹੈ ।
ਆਯੋ ਸਤਦ੍ਰੂ ਕੇ ਉੱਤਰ ਇਤ ਓਰ ਫੇਰ,
ਨਦੀ ਸੋਂ ਅਗਾੜੀ ਆਇ ਡੇਰਾ ਉਤਰਾਯੋ ਹੈ[੨੦੮] ।
ਲਾਗਯੋ ਹੈ ਸਲਾਹ ਮੈਂ, ਚਲੌਂ, ਜੁ ਕੌਨ ਰਾਹ ਮੈਂ
ਹੋ ਭੇਜ ਹੂੰ ਸਿਪਾਹ ਲੇਇ ਲੜਿ ਦਾਯੋ ਹੈ ॥੪੫੮॥
ਏਤੇ ਮੈਂ ਖਬਰ ਸੁਨੀ ਹੀਰਾ ਸਿੰਘ ਮਹਾਰਾਜ,
ਆਯੋ ਵਾਰ ਉਤਰ ਅਤਰ ਸਿੰਘ ਜੰਗ ਕੌਂ ।
ਸੁਨਿ ਹਰਖਾਏ, ਸੁਰਸਾਏ ਅੰਗ ਬੀਰਤਾ ਸੋਂ,
ਫੇਰ ਫ਼ਰਮਾਏ-"ਬਦੂ ਆਯੋ ਦੈਨ ਅੰਗ ਕੌਂ ।"
ਤਬ ਨਿਜ ਪਯਾਰੇ ਮੀਆਂ ਲਾਭ ਸਿੰਘ ਜੂ ਸੋਂ ਕਹੀ-
"ਜਾਓ, ਤੁਮ ਮਾਰੋ ਤਾਹਿ ਲੈਂ ਕੇ ਫੌਜ ਸੰਗ ਕੌਂ ।"
ਸੁਨਕੈਂ ਪ੍ਰਭੂ ਕੌਂ ਹੁਕਮ ਹਿਯੇ ਮੈਂ ਅਭੰਗ ਰਾਖਯੋ,
ਤਰਲ ਤਰੰਗ ਉਠੀ ਰਨ ਕੇ ਪ੍ਰਸੰਗ ਕੌਂ ॥੪੫੯॥
ਲੈ ਕੇ ਫੌਂਜ ਮੌਜ ਸੋਂ ਸਿਧਾਰਯੋ ਮੀਆਂ ਲਾਭ ਸਿੰਘ,
ਦਾਬ ਲਿਯੋ ਜਾਇ ਕੈ ਚਹੂੰਘਾ ਜਾਕੌਂ ਡੇਰਾ ਹੈ ।
ਮਾਰੀ ਤਜਵੀਜ ਸੋਂ ਤੜਾਕ ਤੜੜਾਇ ਤੋਪੈਂ,

---

੨੦੮. ਸਰਦਾਰ ਅਤਰ ਸਿੰਘ ਨੂੰ ਸਤਲੁਜੋਂ ਪਾਰ (ਅੰਗੇਰਜ਼ੀ ਇਲਾਕੇ ਵਿਚ) ਨਵੀਂ ਫ਼ੌਜ ਰੱਖਣ ਦਾ ਹੁਕਮ ਨਹੀਂ ਸੀ ਤੇ ਨਾ ਹੀ ਭਰਤੀ ਕਰਨ ਦਾ ਹੁਕਮ ਸੀ, ਇਸ ਲਈ ਕਵੀ ਦਾ ਇਹ ਕਥਨ ਸਹੀ ਨਹੀਂ ਮੰਨਿਆ ਜਾ ਸਕਦਾ। ਇਸ ਤੋਂ ਬਿਨਾਂ ਸਤਲੁਜੋਂ ਉਰਾਰ ਉਸ ਦਾ ਡੇਰਾ ਨਹੀਂ, ਬਲਕਿ ਇਹ ਡੇਰਾ ਬਾਬਾ ਬੀਰ ਸਿੰਘ ਨੌਰੰਗਾਬਾਦੀਏ ਦਾ ਸੀ। ਉਹ ਤਾਂ ਸਿਰਫ਼ ਕੁਝ ਨੌਕਰ ਚਾਕਰਾਂ ਸਮੇਤ ਸਤਲੁਜ ਲੰਘ ਕੇ ਉਸ ਦੇ ਨਾਲ ਸ਼ਾਮਲ ਹੋ ਗਿਆ ਸੀ। ਪੰਜਾਬ ਆਉਣ ਦੀ ਤਰਕੀਬ ਉਸ ਨੂੰ ਉਹਨਾਂ ਮਿਤ੍ਰ ਸਰਦਾਰਾਂ ਨੇ ਦਿੱਤੀ ਸੀ, ਜੋ ਉੱਪਰੋਂ ਉਸ ਦੇ ਸ਼ੁਭ-ਚਿੰਤਕ ਤੇ ਅੰਦਰੋਂ ਹੀਰਾ ਸਿੰਘ ਡੋਗਰੇ ਦੇ ਨਾਲ ਮਿਲੇ ਹੋਏ ਸਨ। ਅਸਲ ਵਿਚ ਹੀਰਾ ਸਿੰਘ ਦੀ ਸਕੀਮ ਸਰਦਾਰ ਅਤਰ ਸਿੰਘ, ਕੌਰ ਕਸ਼ਮੀਰਾ ਸਿੰਘ ਅਤੇ ਕੌਰ ਪਿਸ਼ੌਰਾ ਸਿੰਘ ਨੂੰ ਇਕੱਠੇ ਕਰ ਕੇ ਮਾਰਨ ਦੀ ਸੀ, ਸੋ ਜਦ ਇਹ ਭਾਈ ਵੀਰ ਸਿੰਘ ਦੇ ਡੇਰੇ ਨਾਲ ਸ਼ਾਮਲ ਹੋ ਗਏ ਤਾਂ ਇਨ੍ਹਾਂ ਉਤੇ ਪੰਡਿਤ ਜੱਲੇ ਦੀ ਰਾਇ ਨਾਲ ਰਾਜਾ ਹੀਰਾ ਸਿੰਘ ਵਲੋਂ ਜ਼ੋਰਦਾਰ ਹੱਲਾ ਕੀਤਾ ਗਿਆ।

ਓਧਿੈਂ ਚਢੀ ਰਨ ਕੀ ਭਯੋ ਸੁ ਭਟ ਭੇਰਾ ਹੈ ।
ਭਏ ਗੱਡ ਬੱਡ ਚਢੀ ਤੇਗ਼ਨ ਕੀ ਧਾਰੈਂ ਬਾਰੈਂ,
ਮਾਰੈਂ ਬੇਸ਼ੁਮਾਰੈਂ, ਭਯੋ ਸ਼ਤ੍ਰੁ ਦਲ ਜੇਰਾ ਹੈ ।
ਕਾਟ ਲਿਯੋ ਝਟ ਪਟ ਅਤਰ ਸਿੰਘੈ ਕੋ ਸੀਸ[੨੦੯],
ਪਾਛੇ ਜੋ ਭਜੇ ਸੋ ਕਿਯੋ ਨਦੀ ਮੈਂ ਬਸੇਰਾ ਹੈ ॥੪੬੦॥
ਕੀਨੀ ਫ਼ਤੇ ਜੰਗ, ਮੀਆਂ ਲਾਭ ਸਿੰਘ ਨੈਂ ਅਭੰਗ,
ਰੰਗ ਰਹਯੋ ਰਨ ਮੈਂ ਉਮੰਗ ਅਧਿਕਾਯੋ ਹੈ ।
ਜੈ ਜੈ ਕਰੈ ਫੌਜ ਹੀਰਾ ਸਿੰਘ ਜੂ ਕੋ ਨਾਮ ਲੈ ਲੈ,
ਜਾਸ ਕੌ ਪ੍ਰਤਾਪ ਆਪ ਸ਼ਤ੍ਰ ਉਠਿ ਆਯੋ ਹੈ ।
ਜੈਸੇ ਤੋ ਸੰਪਾਤੀ[੨੧੦] ਗੀਧ ਜਰਯੋ ਸੂਰ ਸੌਂਹੀ ਜਾਇ,
ਤੈਸੇ ਯਹ ਆਇ ਪ੍ਰਾਨ ਤੁਰਤ ਗਵਾਯੋ ਹੈ ।
ਫੇਰ ਹ੍ਵਾਂ ਤੇ ਕੂਚ ਕਰ ਆਯੋ ਮੀਆਂ ਧੀਰ ਬੀਰ,
ਲੈਂ ਕੇ ਸੀਸ ਸ਼ਤ੍ਰੁ ਕੋ ਪ੍ਰਭੂ ਕੌ ਦਿਖਲਾਯੋ ਹੈ ॥੪੬੧॥
ਦੇਖਿ ਸ਼ਤ੍ਰੁ ਸੀਸ ਅਵਨੀਸ ਹੀਰਾ ਸਿੰਘ ਬੀਰ,
ਕਹੀ ਲਾਭ ਸਿੰਘ ਜੂ ਸੋ "ਤੁਮੈਂ ਵਾਹ ਵਾਹ ਵਾਈ ਹੈ ।
ਤੂੰ ਹੈਂ ਅਤਿ ਸੂਰ ਪੂਰ ਪ੍ਰਨ ਕੋ ਜਹੂਰ ਜੋਰ,
ਮਾਰਯੋ ਮਗਰੂਰ ਕੂਰ ਅਧਮ ਮਹਾਈ ਹੈ ।
ਤਾ ਹੀ ਸਮੈਂ ਬੋਲੀ ਸਭਾ ਯਹੀ ਹੈ ਜੋ ਕਲਹ ਬੀਚ,
ਪਾਈ ਮੀਚ ਨੀਠ ਜਾਇ ਨਰਕ ਪਰਾਈ ਹੈ ।
ਲਖ ਲਖ ਲਾਨਤ ਰੇ ਅਤਰੂ ਅਭਾਗੇ ਤੋਹਿ,

---

੨੦੯. ਇਥੇ ਕਵੀ ਗਵਾਲ ਨੇ ਇਕੱਲੇ ਸ: ਅਤਰ ਸਿੰਘ ਦਾ ਜ਼ਿਕਰ ਹੀ ਕੀਤਾ ਹੈ ਤੇ ਕੌਰ ਕਸ਼ਮੀਰਾ ਸਿੰਘ ਅਤੇ ਭਾਈ ਵੀਰ ਸਿੰਘ ਦੇ ਮਾਰੇ ਜਾਣ ਦਾ ਹਾਲ ਨਹੀਂ ਦੱਸਿਆ। ਮਾਲੂਮ ਹੁੰਦਾ ਹੈ, ਇਹ ਦੋਵੇਂ ਨਾਮ ਮਹਾਰਾਣੀ ਚੰਦ ਕੌਰ ਦੀ ਤਰ੍ਹਾਂ ਇਸੇ ਕਰ ਕੇ ਛਡ ਗਏ ਹਨ ਤਾਂਕਿ ਇਸ ਤੋਂ ਰਾਜਾ ਹੀਰਾ ਸਿੰਘ ਉੱਤੇ ਨਿਮਕ-ਹਰਾਮ ਹੋਣ ਦਾ ਦੋਸ਼ ਨਾ ਆਵੇ ਅਤੇ ਇਸ ਤਰ੍ਹਾਂ ਇਸ ਪ੍ਰਸੰਗ ਨੂੰ ਅਧੂਰਾ ਸੰਕੋਚਵਾਂ ਰੱਖਿਆ ਗਿਆ ਹੇ

੨੧੦. ਇਕ ਪੁਰਾਣਿਕ ਕਥਾ ਦੇ ਅਨੁਸਾਰ ਇਕ ਵੇਰ ਅਰੁਣ ਦੇ ਪੁਤ੍ਰ ਸੰਪਾਤੀ ਤੇ ਜਟਾਯੂ (ਗਿੱਧ) ਸੂਰਜ ਨੂੰ ਜਿੱਤਣ ਲਈ ਚੜ੍ਹਾਈ ਕਰ ਕੇ ਗਏ । ਜਦ ਜਟਾਯੂ ਦੇ ਖੰਭ ਸੂਰਜ ਦੇ ਤੇਜ਼ ਨਾਲ ਸੜਨ ਲੱਗੇ ਤਾਂ ਸੰਪਾਤੀ ਨੇ ਉਸ ਨੂੰ ਆਪਣੇ ਖੰਭਾਂ ਹੇਠ ਲੈ ਲਿਆ। ਇਸ ਤਰ੍ਹਾਂ ਜਟਾਯੂ ਨੂੰ ਬਚਾਉਂਦਾ ਹੋਇਆ ਸੰਪਾਤੀ ਵੀ ਸੜ ਗਿਆ ਤੇ ਜਟਾਯੂ ਸਮੇਤ ਬੇਹੋਸ਼ ਹੋ ਕੇ ਵਿੰਧਯਾਚਲ ਪਹਾੜ ਉੱਤੇ ਡਿੱਗ ਪਿਆ । ਬਨੋਬਾਸ ਦੇ ਸਮੇਂ ਸ੍ਰੀ ਰਾਮ ਚੰਦਰ ਜੀ ਜਦ ਸੀਤਾ ਦੀ ਖੋਜ ਕਰਦੇ ਹੋਏ ਉਥੇ ਗਏ ਤਾਂ ਇਸ ਸਹਾਇਤਾ ਦੇ ਬਦਲੇ ਉਨ੍ਹਾਂ ਦੇ ਖੰਭ ਨਵੇਂ-ਸਿਰੇ ਉੱਗ ਪਏ ।

ਕੁਟੰਬ ਕਟਾਇ ਕਟਜੋ ਕਾਇਰ ਕਸਾਈ ਹੈ" ॥੪੬੨॥

(ਰਾਜਾ ਹੀਰਾ ਸਿੰਘ ਦੀ ਉਪਮਾ)

ਦੋਹਰਾ ।

ਭਈ ਖੁਸ਼ੀ ਸਭ ਨਗਰ ਮੈਂ, ਦੇਤ ਅਸੀਸ ਸਮਾਜ ।
ਨ੍ਰਿਪ ਹੀਰਾ ਸਿੰਘ ਚਿਰ ਜਿਯੋ, ਜਿਨ ਰਖ ਲੀਨੋ ਰਾਜ ॥੪੬੩॥

ਕਬਿੱਤੁ ।

ਸੁੰਦਰ ਧਰਮ ਔ ਕਰਮ ਪਗ ਦੋਊ ਜਾਕੇ,
ਪ੍ਰਜਾ ਹੈ ਉਦਾਰ ਔ ਖਜਾਨੋ ਹਿਯ ਸਾਜ ਹੈ ।
ਅਸਵਾਰੀ ਦਾਹਨੀ ਔ ਪਲਟਨਾਦਿ ਵਾਮੀ ਭੁਜ,
ਤੋਪੈਂ ਅਗ੍ਰ ਭਾਜ ਪ੍ਰਿਸ਼ਟ ਪੁੰਜ ਗਜਰਾਜ ਹੈ ।
ਗਵਾਲ ਕਵਿ ਸਤਜ ਮੁਖ ਨੀਤ ਔ ਬਿਬੇਕ ਦ੍ਰਿਗ,
ਸੀਲ ਬਾਸ ਸੁਜਸ ਰਤਨ ਛਬਿ ਛਾਜ ਹੈ ।
ਹਿੰਦੂ ਪਤਿ ਹੀਰਾ ਸਿੰਘ ਰਾਜਨ ਕੋ ਸ੍ਰੀ ਮੁਕਟ,
ਪ੍ਰਾਨ ਜਾ ਕੋ ਜਲ੍ਹਾ ਪੰਡਿਤੇਸ਼ ਮਹਾਰਾਜ ਹੈ ॥੪੬੪॥
ਪਾਪੀ ਘੋਰ ਤਾਪੀ ਸੰਧਾਵਾਲਿਯੇ ਸਰਾਪਿਨ ਕੋ,
ਪਾਪ ਕੇ ਪਹਾਰਨ ਸੋਂ ਭੂਮਿ ਦਵਿ ਦਹਤੀ ।
ਲੂਟ ਜਾਤੇ ਨਗਰ ਨ ਡਗਰ ਦਿਖਾਤੇ ਕਹੀਂ,
ਬਗਰ ਬਿਲਾਇ ਜਾਤੇ ਪ੍ਰਜਾ ਡਾਹ ਡਹਤੀ ।
ਗਵਾਲ ਕਵਿ ਕਹੈ ਫੌਜ ਫੈਲਨ ਫਤੂਰਨ ਸੌਂ,
ਫਲਤ ਨ ਹੋਤੀ, ਔ ਫਿਸਾਦ ਸ੍ਵਾਦ ਲਹਤੀ ।
ਹੋਤੇ ਜੋ ਨ ਐਸੇ ਹਿੰਦੂਪਤਿ ਹੀਰਾ ਸਿੰਘ ਬੀਰ,
ਤੌ ਨ ਰਨਜੀਤ ਸਿੰਘ ਜੂ ਕੀ ਗਾਦੀ ਰਹਤੀ[੨੧੧] ॥੪੬੫॥

---

੨੧੧. ਰਾਜਾ ਹੀਰਾ ਸਿੰਘ ਨੇ ਉਸ ਵੇਲੇ ਮਹਾਰਾਜਾ ਦਲੀਪ ਸਿੰਘ ਦੀ ਗੱਦੀ ਨੂੰ ਰੱਖਿਆ ਸੀ, ਇਹ ਗੱਲ ਮਨ ਨਹੀਂ ਲੱਗਦੀ, ਕਿਉਂਕਿ ਸੰਧਾਵਾਲੀਆਂ ਨਾਲੋਂ ਡੋਗਰਾ ਖ਼ਾਨਦਾਨ ਮਹਾਰਾਜੇ ਦਾ ਵਧੇਰੇ ਸ਼ੁਭ-ਚਿੰਤਕ ਨਹੀਂ ਸੀ । ਨਾਲੇ ਸੰਧਾਵਾਲੀਆਂ ਦੇ ਨਾਲ ਮਹਾਰਾਜੇ ਦੀ ਲਹੂ ਦੀ ਸਾਂਝ ਸੀ । ਜੇ ਉਹ ਬਹੁਤਾ ਜ਼ੋਰ ਮਾਰਦੇ ਤਾਂ ਮਹਾਰਾਜੇ ਦੇ ਬਾਲਗ ਹੋਣ ਤਕ ਬਤੌਰ ਸਰਪ੍ਰਸਤ ਹਕੂਮਤ ਕਰ ਸਕਦੇ ਸਨ, ਪਰ ਹੀਰਾ ਸਿੰਘ ਦਾ ਪਿਉ ਧਯਾਨ ਸਿੰਘ ਤਾਂ ਮਹਾਰਾਜਾ ਦਲੀਪ ਸਿੰਘ ਨੂੰ ਹੀ ਕਿਸੇ ਕੁਦਰਤੀ ਘਟਨਾ ਦੇ ਬਹਾਨੇ ਖ਼ਤਮ ਕਰ ਕੇ ਪੰਜਾਬ ਦਾ ਰਾਜ ਤਖ਼ਤ ਆਪਣੇ ਬੇਟੇ ਹੀਰਾ ਸਿੰਘ ਨੂੰ ਦੇਣਾ ਚਾਹੁੰਦਾ ਸੀ ਤੇ ਇਸ ਸੰਬੰਧ ਵਿਚ ਡੋਗਰਾ ਪਾਰਟੀ ਦੀ ਚਿਰੋਕਣੀ ਗੋਂਦ ਵੀ ਗੁੰਦੀ ਹੋਈ ਸੀ, ਦੇਖੋ, (Mem, of Alex. Gardner) ਫਿਰ ਉਸ ਦੇ ਪੁਤ੍ਰ ਹੀਰਾ ਸਿੰਘ ਨੂੰ, ਜੋ ਪਿਉ ਵਰਗਾ ਹੀ ਕੁਟਿਲ ਸੀ, ਮਹਾਰਾਜੇ ਦੀ ਗੱਦੀ ਦਾ ਰਖ੍ਯਕ ਕਿਵੇਂ ਮੰਨਿਆ ਜਾ ਸਕਦਾ ਹੈ।

ਮਹਾਰਾਜ ਹੀਰਾ ਸਿੰਘ ! ਹਿੰਦੂਪਤਿ ਤੂੰ ਹੀ ਏਕ,
ਰਾਖੀ ਨਿਜ ਟੇਕ ਨੇਕ ਧਰਮ ਕੀ ਚੁਹੱਦੀ ਤੈਂ ।
ਫੌਜ ਮੈਂ ਫਿਤੂਰ ਕੋ ਨਾ ਫਿਰਕਾ ਚਲਨ ਦੀਨੋ,
ਹਲਨ ਨ ਦੀਨੋਂ ਕੋਊ ਸੂਬਾ ਸਰਹੱਦੀ ਤੈਂ ।
ਗਵਾਲ ਕਵਿ ਕਹੈ ਬਾਦਸ਼ਾਹੀ ਕੋ ਨ ਮੁੰਦ ਕਰੀ,
ਦੂੰਦ ਖਰੀ ਦਰੀ ਪ੍ਰਜਾ ਸੁਖਨ ਸੋਂ ਲੱਦੀ ਤੈਂ ।
ਬਦੀ ਕੋ ਕਰੈਯਾ ਬੈਰੀ ਰੱਦੀ ਸਮ ਫਾਰਿ ਡਾਰੇ,
ਕਰ ਕੇ ਮਰੱਦੀ ਹੱਦੀ ਰਾਖੀ ਰਾਜ ਗੱਦੀ ਤੈਂ ॥੪੬੬॥
ਸੂਰਕੁਲ ਅਵਤੰਸ ਹੀਰਾ ਸਿੰਘ ਮਹਾਰਾਜ,
ਰਾਵਰੋ ਪ੍ਰਤਾਪ ਮੋ ਪੈ ਜਾਤ ਬਰਨਯੋ ਨਹੀਂ ।
ਰਾਮ ਅਤਿ ਕ੍ਰੋਧ ਕੈਂ ਸਹਸਰਬਾਹੁ ਏਕ ਤਾ ਕੀ,
ਭੁਜਾ ਕਾਟ ਦੀਨੀ ਪਰ ਜੀਵ ਸੋਂ ਹਨਯੋ ਨਹੀਂ ।
ਗਵਾਲਿ ਕਵਿ ਕਹੈ ਤੁਮ ਲਿਯੋ ਦ੍ਵੈ ਜਨੋਂ ਸੇ ਵੈਰ,
ਦੋਊਅਨ ਕੇ ਕਾਟੇ ਸੀਸ ਰੋਸ ਸੋਂ ਸਨਯੋਂ ਨਹੀਂ ।
ਜੈਸੋ ਕਛੁ ਬਦਲੋ ਪਿਤਾ ਕੋ ਆਪ ਲਿਯੋ ਆਜ,
ਤੈਸੋ ਪਰਸ ਰਾਮ ਹੂੰ ਸੋਂ ਲੇ ਹ੍ਵਾਂ ਬਨਯੋ ਨਹੀਂ ॥੪੬੭॥
ਚਾਹਤ ਰਹਿਤ ਏਕ ਨਜ਼ਰ ਮਿਹਰ ਤੇਰੀ,
ਉਜਰ ਨ ਕਾਹੂੰ ਹਸਪਾਨ, ਰੂਮ, ਸ਼ਾਮ ਲੌਂ ।
ਸਾਤ ਹੂੰ ਵਿਲਾਇਤ ਹਿਕਾਇਤ ਤਿਹਾਰੀ ਸੁਨੈ,
ਰਿਆਯਤ ਮੰਗੈਯਾ ਹਰ ਰੋਜ਼ ਆਠੋਂ ਜਾਮ ਲੌਂ ।
ਗ੍ਵਾਲ ਕਵਿ ਕਹੈ ਪਾਰਾਵਾਰ ਹੂੰ ਕੇ ਵਾਰ ਪਾਰ,
ਪਹੁੰਚੀ ਖ਼ਬਰ ਜਾਇ ਟਾਪੂਨ ਤਮਾਮ ਲੌਂ ।
ਹਰਖਨ ਕੋ ਹੌਜ ਹਿੰਦੂਪਤਿ ਹੀਰਾ ਸਿੰਘ ਬੀਰ,
ਤੇਰੀ ਬੀਰਤਾ ਕੀ ਧਾਕ ਧਾਈ ਧ੍ਰੂਵ ਧਾਮ ਲੌਂ ॥੪੬੮॥
ਜਾ ਛਿਨ ਤੁਰੀ[੨੧੨] ਪੈ, ਤਰਵਾਰ ਲੈਂ ਸਵਾਰ ਹੋਤ,
ਤਾ ਛਿਨ ਤੈਂ ਪਾਰਾਵਾਰ ਬਾਰਿ[੨੧੩] ਛਲਕਤ ਹੈ ।
ਧੂਸਰੀ ਧਰਾ ਤੇ ਧੂਰਿ ਹਯ[੨੧੪] ਖੁਰ ਤਾਰਨ ਕੀ,
ਪੂਰ ਗਈ ਹਰਿ[੨੧੫] ਪੁਰਹੂਤ[੨੧੬] ਧਰਕਤ ਹੈਂ ।
ਗ੍ਵਾਲ ਕਵਿ ਕਹੈ ਰੰਗੇ ਜੰਗਨ ਕੇ ਰੰਗ ਰੰਗ,

---

੨੧੨. ਘੋੜੀ । ੨੧੩. ਪਾਰਾਵਾਰ=ਸਮੁਦਰ ਦਾ ਵਾਰ=ਪਾਣੀ । ੨੧੪. ਘੋੜਾ ।
੨੧੫. ਵਿਸ਼ਨੂੰ । ੨੧੬. ਇੰਦਰ ਦੇਵਤਾ।

ਖੱਗਨ ਕੇ ਬਾਹਬੇ ਕੌਂ ਭੁਜ ਫਰਕਤ ਹੈਂ ।
ਹਿੰਦੂਪਤਿ ਹੀਰਾ ਸਿੰਘ ਤੇਰੀ ਧਾਂਕ ਦੇਸ ਦੇਸ,
ਦਿੱਗਜ ਦਿਗੀਸ਼ਨ ਕੇ ਦਿਲ ਦਰਕਤ ਹੈ ।
ਬਜਾਲੀ[੨੧੭] ਸੀ ਕਹੌਂ ਤੌਂ ਦਾਵ ਪਾਏ ਦੰਸ[੨੧੮] ਕਰਵੈਯਾ,
ਦੂਜੇ ਮੰਤ੍ਰ ਗਾਰੜੂ ਕੇ ਝਾਰੈਂ ਜਾਤ ਝਰੀ ਹੈ ।
ਯਹੀ ਹੈ ਅਦਾਵ ਦੂਜੇ ਯਾ ਕੋ ਨ ਉਪਾਇ ਕੋਊ,
ਰਹੈ ਮੂੰਹ ਫਾਰੈ ਦਿਨ ਰਾਤ ਭੂਖ ਭਰੀ ਹੈ ।
ਗਵਾਲ ਕਵਿ ਕਹੈ ਏਕ ਸ੍ਵਾਸ ਹੀ ਮੈਂ ਖੈਂਚ ਕਰਿ,
ਦੂਜਨ ਦਲਨ ਕੋ ਨਿਗਲ ਜਾਤ ਖਰੀ ਹੈ ।
ਹਿੰਦੂਪਤਿ ਹੌਂਸਦਾਰ ਹੀਰਾ ਸਿੰਘ ਮਹਾਰਾਜ !
ਯਾ ਤੇ ਤਰਵਾਰ ਤੇਰੀ ਤਾ ਕੋ ਅਜਗਰੀ ਹੈ ॥੪੭੦॥

ਅਮ੍ਰਿਤ ਧ੍ਵਨਿ

ਗਹਿ ਗਹਿ ਕਰਿ ਤਰਵਾਰ ਕੋ, ਹੀਰਾ ਸਿੰਘ ਸਮਰੱਥ ।
ਚਢਤ ਗਜ ਹਯ ਰੱਥ ਪੈ, ਕਿੱਤਿ[੨੧੯] ਗਵਾਲ ਕਵਿ ਕੱਥ ।
ਕਥਥੰ ਭਿਗਜ ਗਥਥੰ ਸੁਨਿਯਨ ਪਥਥੰ ਖਲਭਲ ।
ਮੱਥਥੰ ਧੁਨਿ ਹਰਿ ਥਥਥੰ ਥਰਕਿਤ ਕੁਪਥੰ ਬਲਚਲ ।
ਲੱਥਥੰ ਪੱਥ ਅਨੱਥ ਸੁ ਨੱਥ ਨਥ ਕਿਯ ਲਖ ਲਹਿ ।
ਗੁੱਥਤ ਰੁੰਡਨ ਮੁੰਡ ਭੱਟ, ਹੱਥ ਹੱਥ ਭੁਜ ਬੱਥ[੨੨੦] ਗਹਿ ॥੪੭੧॥

ਕਬਿੱਤੁ ।

ਜੈਸੇ ਸ੍ਵਾਂਤ ਬੂੰਦ ਕੌਂ ਪਪੀਹਾ ਨਿਸ ਦਿਨ ਚਾਹੈ,
ਜੈਸੇ ਮੋਰ ਚਾਹੈ ਘਨ ਘੋਰ ਮਹਮਾਨ ਕੈ ।
ਚੰਦ੍ਰਮਾ ਕੌਂ ਜੈਸੇ ਚਿਤ ਚਾਹਿਤ ਚਕੋਰ ਰਹੇ,
ਭੌਰਨ ਕੋ ਝੌਰ ਚਾਹੈ ਕੰਜ ਪ੍ਰਫੁਲਾਨ ਕੈ ।
ਗਵਾਲ ਕਵਿ ਕਹੈ ਐਸੇ ਦੇਸ ਦੇਸ ਭੇਸ ਭੇਸ,
ਚਾਹੈ ਚਿੱਤ ਹਿਤ ਕਰ ਵਰ ਹਿੰਦੁਆਨ ਕੇ ।
ਚਾਕਰ ਸਭੀ ਕੋ ਮਹਾਰਾਜ ਹੀਰਾ ਸਿੰਘ ਬੀਰ,
ਔਰ ਸਭ ਚਾਕਰ ਹੈਂ ਭੂਪਤਿ ਜਹਾਨ ਕੇ ।
ਚੰਦਨ ਸੀ ਚਰਚਿ ਚਰਚਿ ਚਿਤ ਚੌਂਪ ਕਰੈਂ ।
ਚੰਦ੍ਰਕ ਸੀ ਚੰਦ੍ਰਿਕਾ ਸੀ[੨੨੧] ਮੁਨਿ ਮਨ ਸਰਿਯੈ ।

---

੨੧੭. ਸੱਪ । ੨੧੮. ਡੰਗ ਮਾਰਨ ਵਾਲੀ । ੨੧੯. ਕਿੱਤਿ-ਕੀਰਤੀ, ਜਸ ।
੨੨੦. ਵਸਤੂ । ੨੨੧. ਚੰਦ੍ਰਮਾ ।

ਹੀਰਾ ਸੀ ਹਲਾਯੁਧ ਸੀ ਹਰਿ ਗਿਰਿ ਹੰਸਨ ਸੀ,
ਹਰ ਸੀ ਹਰਾ ਸੀ ਔ ਹਿਮਾਲਯ ਸੀ ਪਸਰਿਯੈ।
ਗਵਾਲ ਕਵਿ ਕਹਤ ਗਿਰਾ ਸੀ ਗੁਨ ਸਤ੍ਵ ਸੀ ਹੈ,
ਗੰਗਾ ਸੀ, ਗਜਾਧਿਪ ਸੀ, ਗਜਾਨ ਸੀ ਗਹਿਰਿਯੈ।
ਕਾਮਤਰੁ ਸੀ ਹੈ ਕਲਾਨਿਧਿ ਸੀ ਹੈ ਕਮਨੀਯ,[੨੨੨]
ਹੀਰਾ ਸਿੰਘ ਮਹਾਰਾਜ! ਕੀਰਤਿ ਤਿਹਰਿਯੈ ॥੪੭੩॥
ਬੀਕਾਨੇਰ ਨ੍ਰਿਪਤਿ ਨਿਹਾਰੈ ਤਸਵੀਰ ਤੇਰੀ,
ਜੈਪੂਰ ਮੈਂ ਰਾਵਰੀ ਮਨਾਵੈ ਜੈ ਵਿਸਾਲ ਹੈ।
ਉਦੈਪੁਰ ਰਾਨਾ ਬਾਦਸ਼ਾਹੀ ਇਤਮਾਮ ਰਾਖੈ,
ਸੋਊ ਨਾਮ ਤੇਰੇ ਕੋ ਕਲਾਮ ਰਾਖਯੋ ਡਾਲ ਹੈ।
ਗ੍ਵਾਲ ਕਵਿ ਕਹੈ ਰਾਉ ਬੂੰਦੀ ਕੋ ਨਮੂਦੀ ਲਿਯੈ,
ਗੂੰਦੀ ਮਾਲ ਕੀਰਤਿ ਤਿਹਾਰੀ ਹਰ ਹਾਲ ਹੈ।
ਹਿੰਦੂ ਪਤਿ ਹੌਸਦਾਰ ਹੀਰਾ ਸਿੰਘ ਮਹਾਰਾਜ!
ਹਿੰਦੂ ਕੇ ਨਰਿੰਦਨ ਕੀ ਤੂਹੀ ਏਕ ਢਾਲ ਹੈ ॥੪੭੪॥
ਜੋਧਪੁਰ ਵਾਰੇ ਜੋ ਤਿਹਾਰੇ ਹੀ ਭਰੋਸੇ ਰਹੈਂ,
ਕੋਟਾ ਪਤਿ ਕਿਯੋ ਕੋਟ ਤੂਵ ਜਸ ਮਾਲ ਹੈ।
ਦੱਖਨ ਮੈਂ ਐਸੋ ਕੋ ਜੋ ਪੱਖ ਨ ਤਿਹਾਰੋ ਰਾਖੈ,
ਲੱਖਨ ਅਮੀਰ ਕੈ ਸੁ ਭਯੋ ਧੀਰ ਤਾਲ ਹੈ।
ਗ੍ਵਾਲ ਕਵਿ ਕਹੈ ਗੁਜਰਾਤ ਦਿਨ ਰਾਤ ਰਟੈ,
ਮੁਜਰਾਤ ਹ੍ਵੈ ਕੈ ਕਬ ਜਾਗੈ ਮਮ ਭਾਲ ਹੈ।
ਹਿੰਦੂ ਪਤਿ ਹੌਸਦਾਰ ਹੀਰਾ ਸਿੰਘ ਮਹਾਰਾਜ!
ਹਿੰਦੂ ਕੇ ਨਰਿੰਦਨ ਕੀ ਤੂੰਹੀ ਏਕ ਢਾਲ ਹੈ ॥੪੭੫॥
ਕੁਲ ਕਛਵਾਹੇ[੨੨੩] ਹੁਲਸਾਏ ਸੇ ਰਹਿਤ ਸਦਾ,
ਸੀਸ ਮਨਿ ਜਾਨਤ ਸੀਸੋਦਿਯਾ[੨੨੪] ਵਿਸਾਲ ਹੈ।
ਚੈਨ ਭੋ ਚੁਹਾਨਨ ਕੈ, ਬੈਂਸ ਕਹੈ ਬੈਸ ਫਲੀ,
ਗੌਰ ਔਰ ਤੌਰ ਹਾਂਡਾ[੨੨੫] ਰਾਖਿਯੋ ਕਮਾਲ ਹੈ।
ਗ੍ਵਾਲ ਕਵਿ ਕਹਤ ਬੁੰਦੇਲੇ ਕਾ ਬਘੇਲੇ ਬੀਰ[੨੨੬],

---

੨੨੨. ਮਨ ਭਾਉਂਦੀ, ਅਰਥਾਤ-ਸੁੰਦਰ। ੨੨੩. ਰਾਜਪੂਤਾਂ ਦਾ ਇਕ ਗੋਤ। ਜੈਪੁਰ ਦੇ ਕਛਵਾਹੇ ਰਾਜਪੂਤ ਪ੍ਰਸਿੱਧ ਹਨ। ੨੨੪. ਉਦੇਪੁਰ ਦੇ ਮਹਾਰਾਜੇ ਸ਼ੀਸ਼ੋਦਿਯਾ ਰਾਜਪੂਤ ਹਨ। ੨੨੫. ਚੌਹਾਨ ਰਾਜਪੂਤਾਂ ਦੀ ਇਕ ਸ਼ਾਖ। ਬੂੰਦੀ ਦੇ ਰਾਜੇ ਹਾਂਡਾ ਰਾਜਪੂਤ ਹਨ। ੨੨੬. ਮੱਧ ਭਾਰਤ ਦੇ ਰਾਜਪੂਤ, ਇਨ੍ਹਾਂ ਦੀ ਪ੍ਰਸਿੱਧ ਰਿਆਸਤ ਰੀਵਾ ਹੈ।

ਚੌਹਦੀ ਚੰਦੇਲਨ[227] ਕੋ ਚਕ੍ਰ ਭੋ ਖੁਸ਼ਾਲ ਹੈ।
ਹਿੰਦੂ ਪਤਿ ਹੌਸਦਾਰ ਹੀਰਾ ਸਿੰਘ ਮਹਾਰਾਜ!
ਹਿੰਦੁ ਕੇ ਨਰਿੰਦਨ ਕੀ ਤੂਹੀ ਏਕ ਢਾਲ ਹੈ ॥੪੭੬॥
ਲੋਕ ਸਭ ਜਾਨੈ ਹਦ ਹਿੰਦੁਨ ਕੀ ਲਾਜ ਤੂਹੀ,
ਗਾਜ ਤੂਹੀ ਗਿਰਿਜਾ ਕੇ ਸਿੰਘ ਕੀ ਵਿਸਾਲ ਹੈ।
ਆਵਤ ਚੁਗੱਤਨ ਕੀ ਦਾਵ ਮਦ ਮੱਤਨ ਕੀ,
ਬੀਰ ਰਸ ਰੱਤਨ ਕੀ ਤਾਵਹੀ ਕੋ ਤਾਲ ਹੈ।
ਗ੍ਵਾਲ ਕਵਿ ਕਹੈ ਧਰਮ ਧਾਰਨ ਕੋ ਭਾਲ ਤੂੰਹੀ,
ਸੂਮਨ ਕੌ ਸਾਲ ਤੂੰਹੀ ਦਾਨ ਕੀ ਦਿਵਾਲ ਹੈ।
ਹਿੰਦੂਪਤਿ ਹੌਸਦਾਰ ਹੀਰਾ ਸਿੰਘ ਮਹਾਰਾਜ,
ਹਿੰਦੁ ਕੇ ਨਰਿੰਦਨ ਕੀ ਤੂੰਹੀ ਏਕ ਢਾਲ ਹੈ ॥੪੭੭॥
ਜਾਹਰ ਜਗਤ ਹਿੰਦੂਪਤਿ ਹੀਰਾ ਸਿੰਘ ਬੀਰ,
ਠਾਢੀ ਕਰਿ ਰਾਖੀ ਧਰਮ ਧੁਜਾ ਜਜੋਂ ਮਨੀਨ ਕੀ।
ਸਿੰਘ ਬਾਦਸ਼ਾਹ ਜੂ ਕੀ ਭੂਮਿ ਰਾਜ ਗਾਦੀ ਰਾਖੀ,
ਫੌਜ ਕੀ ਅਬਾਦੀ ਰਾਖੀ ਨੀਤ ਜਜੋਂ ਪੁਨੀਨ ਕੀ।
ਗਵਾਲ ਕਵਿ ਕਹੈ ਰਾਜਪੂਤੀ ਕੀ ਠਸਕ ਰਾਖੀ,
ਕੁਲ ਕੀ ਲਲਾਈ ਰਾਖ ਲੀਨੀ ਜਜੋਂ ਚੁਨੀਨ ਕੀ।
ਔਰ ਸਬ ਰਾਖੀ, ਪਰ ਦ੍ਵੈਈ ਬਾਤ ਖੋਈ ਤੁਮ,
ਬੈਰਨ ਕੀ ਪਤਿ, ਅਰ ਵਿਪਤਿ ਗੁਨੀਨ ਕੀ ॥੪੭੮॥

ਦੋਹਰਾ।

ਹੀਰਾ ਸਿੰਘ ਮਹਾਰਾਜ ਕੇ, ਸਚਿਵ[228] ਪ੍ਰਾਨ ਕੇ ਪ੍ਰਾਨ।
ਸ੍ਰੀ ਜਲ੍ਹਾ ਜਿਨ ਕੌ ਕਹੈਂ, ਗਨਪਤਿ[229] ਸਮ ਬੁਧਿਮਾਨ ॥੪੭੯॥

ਕਬਿੱਤੁ।

ਕੁਲ ਅਪਨੇ ਮੈਂ ਭਾਨੁ ਜਲ੍ਹਾ ਮਹਾਰਾਜ ਭਯੋ,
ਬੰਧਵਰੰ ਕੁੰਜਨ ਕੀ ਭਈ ਫੂਲ ਬ੍ਰਿੱਧ ਹੈ।
ਸਰਦ ਸੁਧਾਕਰ[230] ਸੋ ਮਿਤ੍ਰ ਚਕੋਰਨ ਕੋ,
ਦਾਸ ਕੁਮੁਦਾਵਲਿ[231] ਕੀ ਸੋਭਾ ਹੋਤ ਸਿੱਧ ਹੈ।
ਗਵਾਲ ਕਵਿ ਕਹੈ ਸਤਜ ਧਰਮ ਕੋ ਜੁਧਿਸ਼ਟਰ ਸੋਂ,

---

੨੨੭. ਮਰੀਚੀ ਦੇ ਪੁਤ੍ਰ ਚੰਦ੍ਰਾਤ੍ਰੇਯ ਦੇ ਵੰਸ ਦੇ ਰਾਜਪੂਤ। ਬਿਲਾਸਪੁਰੀਏ ਚੰਦੇਲ ਰਾਜਪੂਤ ਹਨ।
੨੨੮. ਵਜ਼ੀਰ। ੨੨੯. ਗਣੇਸ਼ (ਇਕ ਹਿੰਦੂ ਦੇਵਤਾ)।
੨੩੦ ਚੰਦ੍ਰਮਾ। ੨੩੧. ਕੁਮੁਦਨੀਆਂ, ਕੰਮੀਆਂ, ਅਰਥਾਤ-ਭੰਬੂਲ।

ਦਾਨ ਕੌ ਦਧੀਚਿ ਕੀ ਸੀ ਬਿਰਤਿ ਪ੍ਰਸਿੱਧ ਹੈ।
ਗਯਾਨ ਕੋ ਵਸਿਸ਼ਟ ਬ੍ਰਹਮ ਤੇਜ ਹੈ ਵ੍ਰਿਹਸਪਤਿ ਸੋਂ,
ਸ਼ਾਸਤ੍ਰਨ ਕੋ ਬਯਾਸ ਦੇਵ ਬੇਦਨ ਕੋ ਬ੍ਰਿਧ[੨੩੨] ਹੈ।੪੯੦।
ਜੈਸੀ ਹੈ ਮਰਯਾਦਾ ਸ਼ਾਸਤ੍ਰੀਯ ਰਾਜਨੀਤਕ ਕੀ,
ਤੈਸੀ ਰੀਤ ਰਾਖੀ ਸਿਰਮੌਰ ਖੈਰ ਖ੍ਵਾਹੀ ਕੋ।
ਮੁਲਕ ਅਬਾਦੀ ਕੋ ਮਹਾਨ ਮੰਤ੍ਰ ਮਾਲੁਮ ਹੈ,
ਜਾਲਮ ਹੈ ਸ਼ਤ੍ਰਨ ਕੋ ਪੱਛਕ ਸਿਪਾਹੀ ਕੋ।
ਗਵਾਲ ਕਵਿ ਕਹੈ ਪੰਡਿਤੇਸ਼ ਜਲ੍ਹਾ ਮਹਾਰਾਜ!
ਬੁੱਧਿ ਕੋ ਜਹਾਜ਼ ਗੁਨ ਗ੍ਰਾਹਕ ਉਛਾਹੀ ਕੋ।
ਪਾਵਨ ਪਰਮ ਗੰਗ ਅੰਗ ਸੋ ਪੁਜਾਵਨ ਹੈ,
ਪ੍ਰਗਟ ਅਦੰਭ ਆਜ ਥੰਭ ਪਾਦਸ਼ਾਹੀ ਕੋ॥੪੯੧॥
ਗ੍ਰਾਹਕ ਗੁਨੀ ਕੋ ਸ੍ਵੱਛ ਰੱਛਕ ਦੁਨੀ ਕੋ ਨੀਕੋ,
ਹੀ ਕੋ ਅਤਿ ਉੱਜਲ ਜਨੈਯਾ ਚਿਤ ਚਾਹੀ ਕੋ।
ਯਥਾ ਯੋਗ ਆਦਰ ਕਰੈਯਾ ਸਭ ਹੀ ਕੋ ਸਦਾ,
ਫੀਕੋਂ ਕਰੈ ਡਾਰਤ ਤੁਰੰਤ ਲਵ ਰਾਹੀ ਕੋ।
ਗਵਾਲ ਕਵਿ ਕਹੈ ਆਪ ਸਤਯ ਹੀ ਕੋ ਬੋਲ ਕਹੈ,
ਪ੍ਰਨ ਕੋ ਅਮੋਲ ਕਹੈ ਆਸਰੋਂ ਉਛਾਹੀ ਕੋ।
ਪੰਡਿਤੇਸ਼ ਜਲ੍ਹਾ ਮਹਾਰਾਜ ਆਜ ਹੈ ਸ੍ਵਯੰਭੁ[੨੩੩],
ਪ੍ਰਗਟ ਅਦੰਭ ਦ੍ਰਿੜ ਥੰਭ ਪਾਦਸ਼ਾਹੀ ਕੋ॥੪੯੨॥
ਛਾਹ ਪਰੈ ਜਾ ਪੈ ਜੱਲਾ ਮਹਾਰਾਜ! ਤੇਰੀ ਨੇਰੀ,
ਤਾ ਪੈ ਝੂਠ ਰੇਖਾ ਹੂੰ ਨਹੀਂ ਨਿਹਾਰਿਯਤ ਹੈ।
ਝੂਠੋ ਨਗ ਧਾਰਿ ਕੋਊ ਆਵੈਂ ਜੌ ਸਭਾ ਕੇ ਬੀਚ,
ਤੌ ਤਬੈ ਉਤਾਰ ਸਾਚੇ ਅੰਗ ਡਾਰਿਯਤ ਹੈ।
ਗਵਾਲ ਕਵਿ ਕੋਊਕ ਪੈ ਸਾਚੇ ਹੂੰ ਭਏ ਤੌ ਲਘੁ,
ਤਿਨੈਂ ਵਡੇ ਰਤਨ ਦੈ ਦੈ ਪ੍ਰਭਾ ਪਾਰਿਯਤ ਹੈ।
ਭੂਖਣ ਹੂੰ ਝੂਠੇ ਨ ਪਹਿਰ ਸਕੈ ਕੋਊ ਜਹਾਂ,
ਸਾਂਚ ਹੀ ਕੋ ਸਾਂਚੇ ਮਾਹਿ ਸਾਂਚ ਢਾਰਿਯਤ ਹੈ॥੪੯੩॥
ਆਪ ਰਘੁਵੰਸੀ ਅਵਤੰਸੀ ਕੇ[੨੩੪] ਪਰਮ ਪ੍ਰਾਨ,
ਵਹ ਯਮਨੇਸ ਅਕਬਰ ਕੈ ਪ੍ਰਸੰਸ ਹੋ।

---

੨੩੨. ਬ੍ਰਹਮਾ, ਵਿਧਾਤਾ। ੨੩੩. ਬ੍ਰਹਮਾ।
੨੩੪. ਰਘੁਵੰਸੀ ਰਾਜਾ ਹੀਰਾ ਸਿੰਘ ਡੋਗਰਾ।

ਪ੍ਰਤਿਭਾ[੨੩੫] ਹ੍ਵੈ ਸਰਸ੍ਵਤਿ[੨੩੬] ਆਪ ਮੈਂ ਕਰਤ ਵਾਸ,
ਵਾ ਮੈਂ ਸਰਸੁਤਿ ਜੂ ਕੋ ਵਰ ਰੂਪੀ ਹੰਸ ਹੋ ।
ਗਵਾਲ ਕਵਿ ਜਲ੍ਹਾ ਜੂ ਤੁਹਾਰੀ ਇਛਾ ਸਤਜ ਹੋਤ,
ਵਾ ਕੋ ਸਤਜ ਹੋਤ ਰਹਜੋ ਵਾਕਜਨ ਕੋ ਵੰਸ ਹੋ ।
'ਬੀਰ ਬਲ ਬੀਰ ਬਲ' ਲੋਕ ਸਭ ਕਹੈਂ ਤੁਮੈਂ,
ਮੇਰੇ ਜਾਨੈਂ ਬੀਰਬਲ ਤੇਰੋ ਇਕ ਅੰਸ ਹੋ ॥੪੮੪॥

ਦੋਹਰਾ ।

ਯਾ ਵਿਧਿ ਲਵ ਪੁਰ ਕੀ ਕਥਾ, ਵਰਨੀ ਹਿਯ ਕਰ ਮੋਦ ।
ਹੀਰਾ ਸਿੰਘ ਮਹਾਰਾਜ ਹਿਤ, ਵਿਰਚਯੋ ਵਿਜਯ ਵਿਨੋਦ ।

ਕਬਿੱਤੁ ।

ਤੇਜ ਰਹੌ ਰਵਿ ਸੋਂ ਜਹਾਨ ਮੈਂ ਪ੍ਰਕਾਸਮਾਨ,
ਸੇਜ ਰਹੋ ਸੁਖ ਕੀ ਸੁਫਲ ਫਰਿਬੋ ਕਰੌ ।
ਸਰਦ ਸਸੀ ਸੋਂ ਪੂਰ ਸੁਜਸ ਜਹੂਰ ਰਹੌ,
ਪੈ ਬ੍ਰਤ ਪ੍ਰਤਾਪ ਸੋ ਪ੍ਰਤਾਪ ਪਰਿਬੋ ਕਰੌ ।
ਗਵਾਲ ਕਵਿ ਉਮਰ ਦਰਾਜ ਮਾਰਕੰਡ ਕੀ ਸੀ,
ਗਜਰਾਜ ਕੈਸੋ ਕਸ ਦਾਨ ਢਰਿਬੋ ਕਰੌ ।
ਹਿੰਦੂ ਪਤਿ ਹੀਰਾ ਸਿੰਘ ਮਹਾਰਾਜ ! ਮੰਤ੍ਰਿ ਯੁਤ,
ਧ੍ਰੁਵ[੨੩੭] ਲੌਂ ਅਚਲ ਉਗ੍ਰ ਰਾਜ ਕਰਿਬੋ ਕਰੋ ।੪੮੬।
ਏਕ ਸੈ ਉਨਾਸੀ ਹੈਂ ਕਬਿਤੁ ਦ੍ਵੈ ਸਵੈਯਾ ਸੁਭ੍ਰ,
ਏਕ ਸੈ ਅਠਾਸੀ ਦੋਹਰਾਨ ਕੀ ਕਤਾਰ ਹੈ ।
ਬੱਤਿਸ ਹੈਂ ਸੋਰਠਾ ਸਰਸ ਭਾਂਤਿ ਭਾਂਤਿ ਭਲੇ,
ਅਮ੍ਰਿਤ ਧੁਨਿ ਏਕ ਜਾਕੋ ਅਮ੍ਰਿਤ ਉਚਾਰ ਹੈ ।
ਗਵਾਲ ਕਵਿ ਕਹਿਤ ਪ੍ਰਮਾਨਿਕਾ ਉਨੀਸ ਜਾ ਮੈ,
ਭੁਯੰਗ ਪ੍ਰਯਾਤ ਛੰਦ ਬਾਵਨ ਵਿਚਾਰ ਹੈ ।
ਛੈਂ ਹੂੰ ਸੰਖਨਾਰੀ, ਤੀਨ ਪੱਧਰੀ, ਦ੍ਵੈ ਵਿਧੁੱਨ ਹੈ,
ਮੱਲਿਕ ਦ੍ਵੈ ਵਿਜਯ ਵਿਨੋਦ ਕੀ ਬਹਾਰ ਹੈ ।੪੮੭।

-ਇਤਿ-

---

੨੩੫. ਨਵੇਂ ਫੁਰਨੇ ਫੁਰਨ ਵਾਲੀ ਬੁੱਧਿ । ੨੩੬. ਵਿਦਜਾ ਦੀ ਦੇਵੀ, ਸਰਸ੍ਵਤੀ ।
੨੩੭. ਧ੍ਰੂ ਤਾਰਾ, ਜੋ ਅਚਲ ਹੈ । ਪੁਰਾਣਕ ਕਥਾ ਹੈ ਕਿ ਧ੍ਰੂ ਇਕ ਰਾਜਕੁਮਾਰ ਸੀ । ਇਹ ਅਮਰ ਤੇ ਅਟਲ ਪਦਵੀ ਉਸ ਨੂੰ ਤਪਸਜਾ ਦੇ ਕਾਰਣ ਮਿਲੀ ਹੈ ।

# ੧੧. ਲਾਹੌਰ ਦੀ ਖ਼ਾਨਾ-ਜੰਗੀ

ਇਹ ਵਾਰ ਕਿਸੇ ਪਹਾੜੀ ਢਾਡੀ ਦੀ ਰਚੀ ਹੋਈ ਹੈ, ਜਿਸ ਵਿਚ ਲਾਹੌਰ ਦੀ ਖ਼ਾਨਾ-ਜੰਗੀ ਦਾ ਹਾਲ ਲੰਮੇ ਗਾਉਣਾ ਵਿਚ ਦਿੱਤਾ ਹੋਇਆ ਹੈ। ਗਾਉਣ ਕੁਝ ਬੇ-ਤੁਕੇ, ਪਰ ਚੰਗੇ ਠੁੱਕਦਾਰ ਹਨ ਤੇ ਵਰਨਣ ਕਰਨ ਦਾ ਢੰਗ ਇਨ੍ਹਾਂ ਵਿਚ ਕੁਝ ਅਨੋਖਾ ਜਿਹਾ ਹੈ।

ਕਵੀ ਕੋਈ ਹਿੰਦੂ ਹੋਣਾ ਹੈ ਜੋ ਮੁੱਢ ਵਿਚ ਪਹਿਲਾਂ ਕੋਟ ਕਾਂਗੜੇ ਦੀ ਲਾਟਾਂ ਵਾਲੀ (ਦੇਵੀ) ਨੂੰ ਸਿਮਰਦਾ ਹੈ ਤੇ ਫਿਰ ਗਣੇਸ਼ ਨੂੰ ਧਿਆਉਂਦਾ ਹੈ। ਕਵੀ ਦੇ ਨਿਸਚੇ ਅਨੁਸਾਰ ਬਨਖੰਡੀ ਦੇਵੀ ਦਰਬਾਰ ਲਾਹੌਰ ਦਾ ਨਾਸ ਕਰਨ ਲਈ ਖੰਡਾ ਫੜਦੀ ਹੈ ਤੇ ਧਾਵਾ ਬੋਲ ਦੇਂਦੀ ਹੈ। ਡੋਗਰਿਆਂ ਦੇ ਹਥੋਂ ਸ: ਚੇਤ ਸਿੰਘ ਮਾਰਿਆ ਜਾਂਦਾ ਹੈ ਤੇ ਪਿੱਛੋਂ ਮਹਾਰਾਜਾ ਖੜਕ ਸਿੰਘ, ਕੌਰ ਨੌਨਿਹਾਲ ਸਿੰਘ ਅਤੇ ਮੀਆਂ ਊਧਮ ਸਿੰਘ ਸੁਰਗਵਾਸੀ ਹੋ ਜਾਂਦੇ ਹਨ।

ਇਨ੍ਹਾਂ ਤੋਂ ਪਿੱਛੋਂ ਆਉਂਦੀ ਹੈ ਸ਼ੇਰ ਸਿੰਘ ਦੀ ਵਾਰੀ। ਪੰਜਾਬ ਦੀ ਰਾਜ ਗੱਦੀ ਸਾਂਭ ਕੇ ਮਹਾਰਾਜਾ ਸ਼ੇਰ ਸਿੰਘ ਮਹਾਰਾਣੀ ਚੰਦ ਕੌਰ ਨੂੰ ਦੁੱਖ ਦਿੰਦਾ ਹੈ ਤੇ ਉਹ ਮਾਰੀ ਜਾਂਦੀ ਹੈ। ਫੇਰ ਸੰਧਾਵਾਲੀਏ ਸਰਦਾਰ ਅਜੀਤ ਸਿੰਘ ਤੇ ਲਹਿਣਾ ਸਿੰਘ, ਜੋ ਵਿਰੋਧੀ ਕਰਾਰ ਦਿੱਤੇ ਗਏ ਸਨ, ਦਰਬਾਰ ਵਿਚ ਹਾਜ਼ਰ ਕੀਤੇ ਜਾਂਦੇ ਹਨ। ਉਹ ਬਣ ਕੇ ਤਾਂ ਦਿਖਾਉਂਦੇ ਹਨ ਹਿਮਾਇਤੀ, ਪਰ ਅੰਦਰੋਂ ਉਨ੍ਹਾਂ ਦੇ ਦਿਲ ਵਿਚ ਖੋਟ ਹੈ, ਜਿਸ ਕਰ ਕੇ ਸ਼ਾਹ ਬਿਲਾਵਲ ਦੇ ਮੁਕਾਮ ਤੇ ਉਨ੍ਹਾਂ ਦੇ ਹਥੋਂ ਮਹਾਰਾਜਾ ਸ਼ੇਰ ਸਿੰਘ ਸਣੇ ਕੌਰ ਪ੍ਰਤਾਪ ਸਿੰਘ ਦੇ, ਮਾਰਿਆ ਜਾਂਦਾ ਹੈ। ਗੜ੍ਹ ਜੰਮੂ ਦੇ ਰਾਜਿਆਂ ਦਾ ਮੋਢੀ ਧਿਆਨ ਸਿੰਘ ਵੀ ਇਸੇ ਹੱਲੇ ਵਿਚ ਕੰਮ ਆਉਂਦਾ ਹੈ। ਰਾਜਾ ਹੀਰਾ ਸਿੰਘ ਉਸ ਦੀ ਮੌਤ ਦੀ ਖ਼ਬਰ ਸੁਣ ਕੇ ਸੰਧਾਵਾਲੀਆਂ ਉਤੇ ਚੜ੍ਹਾਈ ਕਰਦਾ ਹੈ ਤੇ ਸੰਧਾਵਾਲੀਆਂ ਨੂੰ ਮਾਰ ਕੇ ਲਾਹੌਰ ਦਾ ਕਿਲ੍ਹਾ ਫ਼ਤਹਿ ਕਰ ਲੈਂਦਾ ਹੈ। ਢਾਡੀ ਦੇ ਕਥਨ ਅਨੁਸਾਰ ਹੀਰਾ ਸਿੰਘ, ਧਿਆਨ ਸਿੰਘ ਦਾ ਜੋਗ ਪੁਤ੍ਰ ਸੀ, ਜਿਸ ਨੇ ਆਪਣੇ ਫ਼ਰਜ਼ ਨੂੰ ਪਛਾਣਿਆ ਤੇ ਪਿਤਾ ਦੇ ਕਾਤਲ ਨੂੰ ਮਾਰ ਕੇ ਬਦਲਾ ਲਿਆ। ਸੰਧਾਵਾਲੀਆਂ ਦੇ ਮਾਰੇ ਜਾਣ ਤੇ ਹੀਰਾ ਸਿੰਘ ਦੀ ਜਿੱਤ ਹੋਣ 'ਤੇ ਹੀ ਇਹ ਵਾਰ ਸਮਾਪਤ ਹੋ ਜਾਂਦੀ ਹੈ ਅਤੇ ਏਦੂੰ ਅਗਲੇ ਹਾਲ ਢਡੀ ਨੇ ਇਸ ਵਿਚ ਨਹੀਂ ਦਿੱਤੇ, ਜਿਸ ਤੋਂ ਪਤਾ ਲਗਦਾ ਹੈ ਕਿ ਕਵੀ ਨੇ ਇਹ ਵਾਰ ਸੰਮਤ ੧੯੦੦ ਵਿਚ ਹੀ ਲਿਖੀ

ਹੋਵੇਗੀ ਤੇ ਇਹ ਕਵੀ, ਗਵਾਲ ਕਵੀ ਦਾ ਸਮਕਾਲੀ ਹੋਇਆ ਹੋਵੇਗਾ।

ਇਸ ਵਾਰ ਵਿਚ ਸਰਦਾਰ ਚੇਤ ਸਿੰਘ ਬਾਜਵੇ ਨੂੰ ਸੱਤਰ ਤੇ ਬਹੁੱਤਰ ਤੱਲਕੇ ਮੰਗਦਾ ਦੱਸਿਆ ਹੈ ਤੇ ਇਕ ਗਲ ਇਹ ਵੀ ਅਜੀਬ ਲਿਖੀ ਹੈ ਕਿ ਕੌਰ ਨੌਨਿਹਾਲ ਸਿੰਘ ਨੇ ਮਹਾਰਾਜਾਂ ਖੜਗ ਸਿੰਘ ਦੇ ਜੀਉਂਦਿਆਂ ਹੀ ਗੱਦੀ ਮੱਲ ਲਈ ਸੀ। ਰਾਜਾ ਧਿਆਨ ਸਿੰਘ ਵਲੋਂ ਮੂੰਹ ਉਤੇ ਹੀ ਇਹ ਕਹਿਣਾ ਕਿ ਸੰਧਾਵਾਲੀਆਂ ਨੇ ਸ਼ੇਰ ਸਿੰਘ ਤੇ ਪ੍ਰਤਾਪ ਸਿੰਘ ਨੂੰ ਮਾਰ ਕੇ ਮੰਦਾ ਕੀਤਾ ਸੀ, ਇਕ ਬਨਾਉਟੀ ਗੱਲ ਹੈ। ਮੀਆਂ ਮੀਰ ਤੇ ਅਨਾਰਕਲੀ ਦੀਆਂ ਪਲਟਨਾਂ ਨੇ ਕਿਲ੍ਹੇ ਲਾਹੌਰ 'ਤੇ ਧਾਵਾ ਬੋਲਣਾ ਅਤੇ ਨਾਈਆਂ ਸਿੰਘਾਂ ਨੇ ਹੱਥ ਦਿਖਾਉਣੇ ਗੈਰ ਕੁਦਰਤੀ ਘਟਨਾ ਨਹੀਂ ਹਨ, ਕਿਉਂਕਿ ਸਾਰੀਆਂ ਫੌਜਾਂ ਉਸ ਵੇਲੇ ਬਾਦਸ਼ਾਹ ਦੇ ਵਿਯੋਗ ਵਿਚ ਜੋਸ਼ ਨਾਲ ਭਰ ਕੇ ਹੀਰਾ ਸਿੰਘ ਦੀਆਂ ਸਾਥੀ ਸਨ। ਮੋਤੀ ਮੰਦਰ ਦੇ ਖਜ਼ਾਨੇ ਦਾ ਲੁੱਟਿਆ ਜਾਣਾ ਜੰਗਨਾਮੇ ਵਿਚ ਇਕ ਨਵੀਂ ਗੱਲ ਹੈ।

ਢਾਡੀ ਦੀ ਇਹ ਵਾਰ ਕੁਝ ਬੇਤੁਕੀ ਤੇ ਲੰਮੇ ਗਾਉਣ ਦੇ ਰੂਪ ਵਿਚ ਹੋਣ ਕਰਕੇ ਇਕ ਤਰ੍ਹਾਂ ਦਾ ਪੇਂਡੂ ਗੀਤ ਹੈ, ਜਿਵੇਂ ਕਿ ਅਜਿਹੀਆਂ ਵਾਰਾਂ ਆਮ ਤੌਰ 'ਤੇ ਹੋਇਆ ਕਰਦੀਆਂ ਹਨ। ਇਸ ਲਈ ਇਸ ਵਿਚ ਕਵਿਤਾ ਦੀ ਝਲਕ ਰੂਪ ਵਿਚ ਝਿਲਲਿਾਂਦੀ ਹੈ ਤੇ ਸ਼ਬਦਾਵਲੀ ਕਿਸੇ ਅਲੰਕਾਰ ਦੀ ਘੱਟ ਹੀ ਮੁਹਤਾਜ ਹੋਈ ਹੈ। ਘਟਨਾ-ਕ੍ਰਮ ਵੀ ਇਸ ਵਿਚ ਬੜੀ ਸਾਦਗੀ ਨਾਲ ਦਰਸਾਇਆ ਹੈ, ਪਰ ਇਸ ਦਾ ਰਸ ਪੁਰਾਤਨ ਵਾਰਾਂ ਦੇ ਰਸਿਕ ਹੀ ਮਾਣ ਸਕਦੇ ਹਨ।

✲ ✲ ✲

# ਲਾਹੌਰ ਦੀ ਖ਼ਾਨਾ-ਜੰਗੀ

ਆਦਿ ਸ਼ਕਤੀ ਮਾਈ ਲਈਏ ਪਰਮੇਸਰ ਦਾ ਨਾਇ।
ਸ਼ਿਵਾਂ ਝਗੜਾ ਉਲਾਰਿਆ ਇਕੋਤ੍ਰ ਸ਼ੌ ਮੁੰਡੀ ਲਈ ਉਤਰਾਇ।
ਜਿਉਂ ਜਿਉਂ ਮੁੰਡੀਆਂ ਹਾਰ ਪਿਰੋਨਾ, ਗਲ ਮਾਲਾ ਲਈ ਲਟਕਾ।
ਉੱਚੀ ਪਿੰਡੀ ਕਾਂਗੜਾ ਗੜ੍ਹ ਅੰਦਰ ਜੋਤ ਜਗਾ।
ਆਦਿ ਗਨੇਸ਼ ਮਨਾਈਏ, ਦੇਵੀ ਗਨਪਤਿ ਰਖਿਓ ਨਾਇ।
ਆਪੀ ਮਤਾਂ ਦੇਨੀਐ ਤਖਤ ਲਾਹੌਰੀ ਜਾਇ।
ਜਿਤਨੀ ਸਿਰਕਦੀ ਸਰਦਾਰਾਂ ਮੁਸਾਹਿਬਾਂ ਉਤਨੀ ਬੜੀ ਸੁਨਾਹ।
ਬਨਖੰਡੀ ਨੇ ਖੰਡਾ ਫੜਿਆ, ਮਾਰੂ ਡੌਰੂ ਵਾਇ।
ਭੁੱਖੀ ਕਿਲਕਾਂ ਮਾਰੀਆਂ, ਤਖ਼ਤ ਲਾਹੌਰੀ ਗਹਜੋ ਦਮ ਪਾਇ।
ਘੋਚਮ ਪਇਆ ਅੰਦਰ ਲਾਹੌਰ ਦੇ ਸੁਖ ਸੁਚੇਤ ਸਿੰਘ ਮੰਤ੍ਰਿ ਵਾਇ।
ਗੱਦੀ ਬੈਠਾ ਖੜਕ ਸਿੰਘ ਚੇਤ ਸਿੰਘ ਭੀ ਬਾਜਵਾ ਡਹਕ ਪਏ ਬਰਾਬਰ ਜੋੜੇ।
ਡਾਢਿਆਂ ਸ਼ੇਰਾਂ ਨੂੰ ਪਾ ਜ਼ੰਜੀਰਾਂ ਚੇਤ ਸਿੰਘ ਰਾਜਿਆਂ ਦੀ ਵੱਲੇ ਕਲ ਮੋੜੇ।
ਸੱਤਰ ਤੇ ਬਹੱਤਰ ਤੱਲਕਾ ਮੰਗਦਾ ਚੇਤ ਸਿੰਘ, ਮੰਗਦਾ ਨਵੇਂ ਤੋੜੇ।
ਗੁੱਸਾ ਆਇਆ ਰਾਜਾ ਧਿਆਨ ਸਿੰਘ ਨੂੰ, ਗਿਆ ਕੌਰ ਸ਼ਹਜ਼ਾਦਾ ਤੋੜੇ।
ਸਰਕਾਰ ਨੇ ਅਸੀਂ ਪਾਲੇ ਕੌਰ ਜੀ, ਕਰਾਂਗੇ ਨੌਕਰੀ ਤੇਰੀ।
ਪਹਿਲਾਂ ਖ਼ੂਨ ਪਰਤੰਗੀ ਆਇਆ ਧਾੜ ਚੜ੍ਹਾ ਅਵਲ ਆਨ ਬਣਾਇਆ।
ਬਾਲ ਮਸਾਲਾਂ ਰਾਹ ਨਾਲ ਲਸ਼ਕਰ ਆਇਆ, ਡਹਿਕ ਪਏ ਚੇਤ ਸਿੰਘ ਬਾਜਵਾ ਫੇਰੀ।
ਧੂ ਲਈਆਂ ਸ਼ਮਸ਼ੇਰਾਂ ਮਰਦਾਂ, ਨਾਂ ਸਤ ਖੰਡੀ ਪਾਇਆ।
ਚੇਤ ਸਿੰਘ ਪਰ ਕੜਕੀ ਰਾਜਿਆ, ਪਹਿਲਾਂ ਦਸਤ ਉਹ ਬਤਾਇਆ।
ਆਪੀ ਦਸਤ ਓ ਬਤਾਉਂਦੇ ਖ਼ੂਨ ਵੜਿਆ ਵਿਚ ਦਰਬਾਰ।
ਤਖ਼ਤੋਂ ਸੁੱਟਾ ਖੜਗ ਸਿੰਘ ਗੱਦੀ ਮੱਲ ਬੈਠਾ ਕੌਰ ਸਾਹਿਬ।
ਬਾਪ ਥੋਂ ਬੇਟਾ ਵਧ ਗਿਆ, ਇਹ ਗਲ ਭਾਵੇ ਨਹੀਂ ਕਰਤਾਰ।
ਓਹ ਮਨ ਦੀ ਘੁੰਡੀ ਨਹੀਂ ਖੋਲ੍ਹਦਾ ਖੜਗ ਸਿੰਘ ਜੈਸਾ ਪੂਰਾ ਸਾਧ।
ਓਹਦੇ ਧੌਲੇ ਨਾਲ ਕਾਲੇ ਓਹਦੀ ਸੁਨੀ ਗਈ ਅਰਦਾਸ।
ਲਖ ਗੱਲੀਂ ਪਗਾਂ ਚਾੜ੍ਹੀਆਂ ਇਹਦੀ ਮਜਲਸ ਕਰੋ ਤਿਆਰ।

ਕਲਾ ਕਿਸੇ ਦਾ ਪਿਛੇ ਲੈ ਜਾਇ ਜੋੜੀ ਸ਼ੇਰਾਂ ਦੀ ਝਬ।
ਖੜਗ ਸਿੰਘ ਤੇ ਊਧਮ ਸਿੰਘ ਤੀਸਰਾ ਕੌਰ ਅੰਜਾਨਾ।
ਨਾ ਕਿਸੇ ਤੇਗਾਂ ਵਰਤੀਆਂ ਪੱਕਾ ਬਿਨ ਸੇਰਾ ਉਡਾਨਾ।
ਤਿੰਨੇ ਸੁਰਗ ਆਉਂਦੇ ਜਾਂਦੇ ਪਹਿਲਾਂ ਝਬ ਗਏ ਸਰਕਾਰ।
ਜਾਨ ਸਗਵਾਂ ਮਾਂ ਦੋ ਬਾਨੀਆਂ, ਬਿਨ ਤੰਗੀ ਨਹੀਂ ਰਾਜ।
ਰੇਨਾ ਕੱਚਾ ਮੁੱਤਸੱਵਰ ਨੂੰ ਦੀਆ, ਗੱਦੀ ਬਹਾਈ ਚੰਦ ਕੌਰ।
ਨਾਰ ਬੜੀ ਆਕਲ ਵਜ਼ੀਰ, ਗੜ੍ਹ ਜੰਮੂ ਦੇ ਰਾਜੇ ਮਨ ਵਿਚ ਕਰਨ ਵਿਚਾਰ।
ਚੂੰਡੇ ਨੂੰ ਅਸਾਂ ਨਹੀਂ ਮੰਨਨਾਂ, ਕਿਸੇ ਪਗ ਧਾਰੀ ਨੂੰ ਕਰੋ ਸਲਾਮ।
ਲਿਖਿਆ ਦਫਤਰ ਰਾਜੇ ਧਿਆਨ ਸਿੰਘ, ਭੇਜੇ ਸ਼ੇਰ ਸਿੰਘ ਤੇਰੇ ਪਾਸ।
ਭਾਈ ਸਜੇ ਸਭ ਸੂਰਗ, ਇਹ ਜਾਵੇ ਵੇਲਾ ਖੜਾ ਲਾਹੌਰ ਸਮ੍ਹਾਲ।
ਚੰਦ ਕੌਰਾਂ ਪਾ ਲਈ ਪਿੰਜਰੇ[1] ਸੰਧਾਵਾਲੀਏ ਛੱਡ ਗਏ ਪੰਜਾਬ।
ਪੰਜਵੀ ਗੱਦੀ ਬੈਠਾ ਸ਼ੇਰ ਸਿੰਘ ਜਿਤ ਵਲ ਕਰੇ ਧਿਆਨਾਂ।
ਇਹ ਗਲ ਓਥੇ ਚੰਦ ਕੌਰ ਪਰ ਸ਼ੇਰ ਸਿੰਘ ਹੱਥ ਉਠਾਨਾਂ।
ਬੇਦੋਸੀ ਚੰਦ ਕੌਰ ਮਾਰ ਗਵਾਈ, ਕਰ ਕੇ ਜੋਰ ਧਿੰਗਾਨਾਂ।
ਇਹ ਕੀ ਕਰਨੇ ਸ਼ੇਰ ਸਿੰਘ ਬੈਠਾ ਜੋ ਕਿ ਪਰੇਡੇ ਕਰਨੈਂ ਤੇਰੀ ਥੋੜੇ ਦਿਨ ਬਾਦਸ਼ਾਹੀ।
ਜੂਹ ਜੰਗਲ ਤੇ ਬੈਲ ਰੁਕਨ ਨਾ ਮਗ ਮੱਛੀ ਮੁਰਗਾਈ।
ਇਕ ਦਿਨ ਹੋਨੀ ਫਿਰਕਾ ਫੜਿਆ ਤੇਰੀ ਆਨ ਜ਼ਬਾਨ ਮਿਲਾਈ।
ਚੋੱਗਾ ਪਾਨੀ ਨਿਖੁਟ ਗਿਆ ਬੇਟਾ ਸ਼ਾਹ ਬਿਲੌਰ ਵਿਚ ਜਾਈ।
ਮਲਕ ਸਮਾਂ ਆਇਆ ਸੱਦ ਲਏ ਸੰਧਾਵਾਲੀਏ ਪਨਾਹੀ।
ਗੁਰੂ ਦਵਾਰੇ ਵਿਚ ਬੈਠ ਕੇ ਸੰਧਾਵਾਲੀਆਂ ਲਿਖ ਲਿਖ ਸੌਂਹ ਕਰਾਈ।
ਸਸਤ੍ਰ ਬੱਧੇ ਰਾਜਿਆਂ ਅੱਸੂ ਦੀ ਸੰਗਰਾਂਦ ਨੇੜੇ ਆਈ।
ਉੱਨੀ ਸੌ ਸੰਮਤ ਪੂਰਾ ਲੱਗਾ, ਬੰਦੂਕ ਗਿਣਕੇ ਬੰਦੀ ਲਾਈ।
ਵੈਰੀ ਕਿਸ ਦੇ ਚਾਚੇ ਭੁਲਾ ਦਿੰਦੇ ਸਕੇ ਭਾਈ।
ਆਨ ਸਰੀਕੇ ਕੀਆ ਕੜਾਕਾ ਸ਼ਾਹ ਬਿਲੌਰ ਟਿਕਾਨਾ।
ਇਕ ਸੂ ਗਿਰੇ ਸ਼ੇਰ ਸਿੰਘ ਤੇ ਦੂਜੇ ਕੌਰ ਅੰਜਾਨਾ।
ਕਿਸੇ ਆਂਚ ਨਾ ਝੱਲੀ ਤੇਗ ਦੀ ਬੁੱਧ ਸਿੰਘ ਸੂਰੇ ਜੀਂਦੇ ਜੋਰ।
ਉਸਦਾ ਸਿਰ ਤੀਰੀਂ ਝਾੜਿਆ ਮਗਰੋਂ ਜਾ ਫੜਿਆ ਨਿੱਕਾ ਕੌਰ।
ਲੱਖ ਹਜ਼ਾਰਾਂ ਹੁੰਦਿਆਂ ਮਿਤ੍ਰਾ ਸ਼ੇਰ ਸਿੰਘ ਤੇਰਾ ਮੁਕਿਆ ਜ਼ੋਰ।
ਪਲ ਪਲਕਾਰੇ ਭੇਸ ਉਤਾਰੇ ਜਿਉਂ ਜਿਉਂ ਪੈਲਾਂ ਪਾਵਨ ਮੋਰ।
ਸਿਰੀਆਂ ਕਟਕੇ ਲੈ ਨੰਗੀਆਂ, ਆਨ ਖਲੋਤੇ ਬਘੀਆਂ ਕੋਲ।

---

੧. ਅਰਥਾਤ–ਨਜ਼ਰਬੰਦ ਕਰ ਲਈ।

ਜੇਹੀ ਕੀਤੀ ਜੀਤ ਸਿੰਘ ਸੰਧਾਵਾਲੀਏ, ਤੇਹੀ ਕੀਤੀ ਹਸਨ ਹੁਸੈਨ ਸਿਆਲਕੋਟ।
ਕਰ ਕੇ ਘੂਰੀਆਂ ਵਗੀ ਧੂਰਾਂ ਤਖਤ ਲਾਹੌਰੇ ਜਾਨਾਂ।
ਬਾਦਸ਼ਾਹੀ ਸਭ ਮੁਢੋਂ ਸੁਕਾਹੀ, ਜੈਮਲ ਦਿੱਤਾ ਬਿਆਨਾ।
ਕਰਕੇ ਘੂਰੀਆਂ ਵਗੀ ਧੂਰਾਂ, ਆ ਵੜਦੇ ਤਖਤ ਲਾਹੌਰ।
ਦੋ ਦਰਵਾਜ਼ੇ ਕਿਲੇ ਦੇ ਲੰਘਦੇ ਤੀਆ ਲੰਘਦੇਂ ਹਜ਼ੂਰੀ ਕੋਟ।
ਅਗੋਂ ਮਿਲਿਆ ਗੜ੍ਹ ਜੰਮੂ ਦਾ ਰਾਜਾ, ਓਨੂੰ ਗੱਲੀ ਲੈਂਦੇ ਆ ਜੋੜ।
ਕੇੜ੍ਹੀ ਕਾਰਣ ਆਏ ਰਾਜਾ, ਸਿਰ ਆਈ ਤੁਮ੍ਹਾਰੇ ਖੋਟ।
ਮੰਦਾ ਕੀਤਾ ਸਰਦਾਰ ਜੀ, ਰਾਜੇ ਸੱਚ ਗੱਲ ਦਿੱਤੀ ਬੋਲ।
ਜੀਤ ਸਿੰਘ ਸੰਧਾਵਾਲੀਆ ਬੋਲਿਆ, ਕਿਉਂ ਕਰ ਮਾਰੀ ਰਾਣੀ ਚੰਦ ਕੌਰ।
ਪਕੜੋ ਮੂਸਾ, ਕਲਾ ਦਬਾਏ ਲਗਾ ਦੁਗਾੜਾ ਜਾਨੂੰ ਗਿਰ ਗਿਆ ਸੀ ਤੋੜ।
ਗੜ੍ਹ ਜੰਮੂ ਦਾ ਰਾਜਾ ਢਾਹਿਆ, ਜਿਵੇਂ ਸੜਕੇ ਪਇਆ ਘਮਘੋਰ।
ਥਰਹਰ ਦੁਨੀਆਂ ਲਸ਼ਕਰ ਕੰਬਿਆ, ਕੰਬਿਆ ਤਖਤ ਲਹੌਰ।
ਗੜ੍ਹ ਜੰਮੂ ਦਾ ਰਾਜਾ ਢਾਹਿਆ, ਸੰਮਨ ਕਰੋ ਟਿਕਾਨਾਂ।
ਤਖਤ ਰੰਗੀਲੇ ਪਰ ਬੈਠ ਕੇ, ਡੂਢਾ ਪਰਨ ਪਾਲੇ ਬਾਦਸ਼ਾਹਾਨਾ।
ਹਵੇਲੀਓਂ ਇਕ ਬਾਲਕ ਆਂਦਾ,[2] ਕਢਕੇ ਸੰਧਾਵਾਲੀਆਂ ਆਪ ਪੁਸ਼ਾਕਾਂ ਨਾਲ।
ਬੇਲੀ ਰਾਮ ਨੇ ਕੇਸਰ ਆਂਦਾ, ਭਾਈ ਗੁਰਮੁਖ ਦਿੱਤੀਆਂ ਦੋ ਮਾਲ।
ਪਹਿਲੇ ਕਾਗਜ਼ ਸੱਦਿਆ ਹੀਰਾ ਸਿੰਘ, ਰਾਜੇ ਦੀਆਂ ਸੈਨਾਂ ਵਿਚ ਪਹਲਵਾਨ
ਪਲ ਪਲ ਘੜੀ ਓੜਕ ਦੀ ਰਾਜੇ, ਦਿਤਾ ਮਾਨ ਹੈਰਾਨ ਅਮਾਨ।
ਅਕਸਰ ਦੋਹਾਂ ਧੋਖਾ ਰਹਿਆ, ਰਾਜੇ ਦੀਆਂ ਲੋਥਾਂ ਅੰਦਰ ਪਈਆਂ।
ਬਾਰੇ ਬੇਟੇ ਦੋਸਤ ਮੁਹੰਮਦ ਸੁਨਾ ਦੇ ਕਾਬਲ ਵਿਚ ਕਿਨ ਕਿਨ ਤੇਗਾਂ ਵਾਹੀਆਂ
ਬਾਨ ਬਿਆਨ ਵਿਚੋਂ ਇਕ ਸੁਪੁਤ੍ਰ ਜੰਮਿਆ ਅਲੀ ਅਕਬਰ ਜਿਨ ਬਾਪ ਦੀਆਂ ਬੰਦਾਂ ਕਲਕੱਤਿਓਂ ਛੁਡਾਈਆਂ।
ਰਾਜੇ ਧਿਆਨ ਸਿੰਘ ਦੇ ਘਰ ਜੰਮਿਆ ਹੀਰਾ ਸਿੰਘ, ਧੰਨ ਰਾਜਿਆ ਤੇਰੀਆਂ ਵਡਿਆਈਆਂ।
ਐਸੇ ਪੁਤ੍ਰ ਜੰਮੀ ਕਰ ਰਾਜੇ ਹੀਰਾ ਸਿੰਘ ਸਿਆਨਾ।
ਬਾਪ ਦਾ ਬਦਲਾ ਹਥ ਬੰਨ੍ਹ ਲਇਆ, ਤਾਹੀਂ ਭੋਜਨ ਪਾਨਾ।
ਹੱਥੋਂ ਹੱਥ ਬਦਲਾ ਮੋੜ ਕੇ, ਹੀਰਾ ਸਿੰਘ ਪਰਸੇ ਗੁਰਦੁਆਰਾ।
ਜੰਮੂ ਆਸਨ ਫੇਰ ਤਿਸੇ ਦਾ, ਹੋਇ ਕਾਲਕਾ ਸਚ ਦਰਬਾਰਾ।
ਉਪੱਦਰ ਵਧੀ ਜਿੰਦੜੀ ਜੋ ਦੰਗਾ ਲਾਹੌਰ ਦਵਾਲੇ।
ਹੀਰਾ ਸਿੰਘ ਮਨ ਮੌਜ ਛੋੜ ਤੁਰਦਾ ਰਾਹੇ ਕਿਲਾ ਹਟਾਵਾਂ ਨਾਲੇ।

---

੨. ਸ਼ਾਹਜ਼ਾਦਾ ਦਲੀਪ ਸਿੰਘ।

ਕੇਸਰੀ ਸਿੰਘ ਭੀ ਕਹਿੰਦਾ ਮਤ ਓਦਰੀਂ ਭਲੀ ਚੰਗਾ ਖੁਲ੍ਹਾ ਕਰਮ ਤੁਮ੍ਹਾਰਾ ।
ਕਦਮ ਉਠਾਇਆ ਤੇ ਮਦਦ ਦਿੱਤੀ ਆਦਮੀ ਆਇਆ ਇਕੇ ਖਾਲਸਾ ਲੱਥਾ ਉਦਾਲੇ।
ਕਰ ਹੱਥ ਹਵੇਲੀ ਅਰਜਾਂ ਕਰਦਾ ਖਾਲਸਾ ਜੀ ਸੁਨੋ ਬਚਨ ਹਮਾਰ੍ਹਾ।
ਤਲਬਾਂ ਲਓ ਤੇ ਬਦਲੇ ਮੋੜੋ, ਚੱਲੇ ਆਏ ਕਾਗਦ ਫਰੰਗੀਆਂ ਵਾਲੇ।
ਭਰ ਭਰ ਛਾਲੇ ਮਾਇਆ ਦੇਂਦੇ, ਸਭੋ ਖਾਲਸਾ ਆਇਆਂ ।
ਅਛਾ ਮਾਰੋ ਤੁਰਬਾਂ ਤੋਪਾਂ, ਸੰਮਨ ਬਸੇਰਾ ਪਾਇਆਂ।
ਸੰਮਨ ਖੜਾ ਪਾਲਕੀ ਹੀਰਾ ਸਿੰਘ, ਤੇ ਤੋਪਾਂ ਤੁਰੀਆਂ ਢਾਹੀਆਂ ।
ਮੋਤੀ ਮੰਦਰ ਤੋਸ਼ੇ ਖਾਂਨਾ ਲੁੱਟ ਲਇਓ ਦਲੇਰੀ ਦੇਂਦਾ ਸਭ ਸਿਪਾਹੀਆਂ ।
ਮਾਝੇ ਪੱਟੀ ਦੇ ਸਿੰਘ ਸੁਣੀਂਦੇ ਰਾਜਾ ਜੀ ਤੋਪਾਂ ਵਿਜੈ ਕਰਾਈਆਂ।
ਮੀਆਂ ਮੀਰ ਅਨਾਰ ਕਲੀਓਂ ਚੜ੍ਹਾਈ, ਧਮਕਾਂ ਸਾਹ ਵਾਲੋਂ ਜਿਉਂ ਆਈਆਂ
ਜਾਂ ਧਮਕੀ ਤੇ ਪੌਂਦੀ ਧਮਕੀ ਤਾਂ ਹੱਥ ਪਾਲੇ ਸਿੰਘਾਂ ਨਾਈਆਂ ।
ਇਕਨਾਂ ਜਾਨ ਪਿਆਰੀ ਕੀਤੀ, ਇਕਨਾਂ ਲੱਜਾਂ ਲਾਸਾਂ ਆਨ ਭੁਲਾਈਆਂ।
ਕੁਥਾਇ ਅੰਦਰ ਘੇਰ ਲਏ ਸੰਧਾਵਾਲੀਏ ਜਿਕੂੰ ਸਾਨ੍ਹਾਂ ਨਾਲ ਸ਼ੁਦ੍ਹਾਈਆਂ ।
ਹਠੀਆਂ ਨਾਲ ਬਰਾਬਰੀ ਕਾਹਨੂੰ, ਕਿਥੇ ਸੰਧਾਵਾਲੀਏ ਸਮੁੰਦ੍ਰੋਂ ਛਾਲਾਂ ਉੱਛਲ ਆਈਆਂ।
ਜੋ ਸ਼ੈ ਥੋੜਿਆਂ ਨੂੰ ਹੁਨ ਤਰਸੇਂਦੀ, ਏਸ ਤਰਾਂ ਦਾ ਥਾਨਾ।
ਤੇਗ ਬਹਾਦਰ ਨਹੀਂ ਮਾਰੋ ਤੇ ਮਾਰ ਕੇ ਭੇਜੋ ਤਾਨਾ।
ਤੇਗ ਬਹਾਦਰ ਕੇ ਤੀਰੇ, ਸਿੱਖਾਂ ਪਿਛੋਂ ਢਾਹੇ।
ਲੋਥਾਂ ਲਓ ਸੰਮ੍ਹਾਲ ਕੇ, ਮੁਰਦੇ ਸਭ ਮੰਗਵਾਏ।
ਜੰਮੂ ਸ਼ਾਹੀ ਤਖਤ ਲਹੌਰੀ, ਕੌਨ ਗਿਨ ਦਸੇ ਸੁਰਗ ਲਾਹੌਰੇ ਜਾਨਾਂ ।
ਸੁਣਿਆ ਓੜਕ ਸੁਣਿਆ ਜਾਣਾ ਉਡਦਾ ਹੀ ਹੋਰਾਂ ਵਿਚ ਰਲਿਆ ਆਖ ਖਾਕ ਬੇਗਾਨਾ।

☆ ☆ ☆

# ੧੨. ਜੰਗ-ਨਾਮਾ ਲਾਹੌਰ

## ਕ੍ਰਿਤ ਭਾਈ ਕਾਨ੍ਹ ਸਿੰਘ ਬੰਗੇ ਵਾਲਾ

ਇਸ ਜੰਗ-ਨਾਮੇ ਦਾ ਲੇਖਕ ਭਾਈ ਕਾਨ੍ਹ ਸਿੰਘ, ਬੰਗਾ ਜ਼ਿਲ੍ਹਾ ਜਲੰਧਰ ਦਾ ਵਸਨੀਕ, ਸਿੱਖ-ਰਾਜ ਦਾ ਸਮਕਾਲੀ ਕਵੀ ਸੀ। ਇਹ ਜੰਗ-ਨਾਮਾ ਉਸ ਨੇ ਮਿਸਟਰ ਵੈਨਸਟਾਰਟ ਨਾਮਕ ਇਕ ਅੰਗ੍ਰੇਜ਼ ਦੇ ਕਹਿਣ 'ਤੇ ਲਿਖਿਆ ਸੀ, ਜਿਸ ਤਰ੍ਹਾਂ ਕਿ ਇਸ ਜੰਗ-ਨਾਮੇ ਦੀਆਂ ਨਿਮਨ-ਲਿਖਿਤ ਤੁਕਾਂ ਤੋਂ ਪਤਾ ਲਗਦਾ ਹੈ:-

ਕਿਹਾ ਬੈਂਨ ਸਟਾਟ ਦੀਜੋ ਬਤਾ। ਸਿੰਘੋਂ ਕੀ ਹਮਾਰੀ ਸ਼ਿਕਸਤੋ ਫ਼ਤਾ ।੪੩੮।

ਮਿਸਟਰ ਵੈਨੰਸਟਾਰਟ ਪੰਜਾਬ ਉੱਤੇ ਅੰਗ੍ਰੇਜ਼ੀ ਕਬਜ਼ਾ ਹੋਣ ਸਮੇਂ ਜਲੰਧਰ ਦਾ ਡਿਪਟੀ ਕਮਿਸ਼ਨਰ ਸੀ ਤੇ ਆਦਮਪੁਰ ਦੇ ਲਾਗੇ ਉਸ ਨੇ ਭਾਈ ਮਹਾਰਾਜ ਸਿੰਘ ਨਾਮੀ ਪ੍ਰਸਿੱਧ ਸਿੱਖ ਆਗੂ ਨੂੰ, ਜੋ ਉਸ ਸਮੇਂ ਪੰਜਾਬ ਵਿਚੋਂ ਅੰਗ੍ਰੇਜ਼ੀ ਅਮਲਦਾਰੀ ਖਤਮ ਕਰਨ ਲਈ ਤੀਸਰੇ ਸਿੱਖ-ਯੁੱਧ ਦੀ ਤਿਆਰੀ ਕਰ ਰਿਹਾ ਸੀ, ਗ੍ਰਿਫਤਾਰ ਕਰ ਕੇ ਅੰਗ੍ਰੇਜ਼ੀ ਰਾਜ ਨੂੰ ਪੱਕਿਆਂ ਕੀਤਾ ਸੀ। ਇਸ ਜੰਗ-ਨਾਮੇ ਵਿਚ ਖਾਲਸਾ ਦਰਬਾਰ ਲਾਹੌਰ ਦੀ ਸੰਨ ੧੮੩੯ ਤੋਂ ਲੈ ਕੇ ਸੰਨ ੧੮੪੫ ਤੱਕ ਦੀ ਖਾਨਾ-ਜੰਗੀ ਅਤੇ ਸਿੱਖਾਂ ਤੇ ਅੰਗ੍ਰੇਜ਼ਾਂ ਦੀ ਲੜਾਈ ਦਾ ਹਾਲ, ਜੋ ਸੰਨ ੧੮੪੫-੪੬ ਵਿਚ ਸਤਲੁਜ ਦੇ ਕੰਢੇ ਹੋਈ ਸੀ, ਬੜੇ ਭਾਵ-ਪੂਰਤ ਸ਼ਬਦਾਂ ਵਿਚ ਦਿੱਤਾ ਹੋਇਆ ਹੈ।

ਸਿੱਖਾਂ ਅਤੇ ਅੰਗਰੇਜ਼ਾਂ ਦੀ ਪਹਿਲੀ ਲੜਾਈ ਦੇ ਸੰਬੰਧ ਵਿਚ ਲਿਖਤਾਂ ਤਾਂ ਬਹੁਤ ਸਾਰੀਆਂ ਮਿਲਦੀਆਂ ਹਨ, ਜਿਸ ਤਰ੍ਹਾਂ ਦੀਵਾਨ ਅਜੁਧਜਾ ਪ੍ਰਸਾਦ ਦਾ ਜੰਗ ਮੁਦਕੀ, ਫੇਰੂ ਸ਼ਹਰ ਵ ਸਭਰਾਓਂ, The Sikhs and the Sikh wars ਅਦਿ,ਪਰ ਕਵੀ ਕਾਨ੍ਹ ਸਿੰਘ ਦਾ ਇਹ ਜੰਗ-ਨਾਮਾ ਅਤੇ ਸ਼ਾਹ ਮੁਹੰਮਦ ਕ੍ਰਿਤ ਸਿੱਖਾਂ ਅਤੇ ਅੰਗਰੇਜ਼ਾਂ ਦੀ ਲੜਾਈ ਦਾ ਕਿੱਸਾ, ਦੋ ਅਜਿਹੀਆਂ ਅਨੂਪਮ ਲਿਖਤਾਂ ਹਨ ਜੋ ਘਟਨਾ-ਕ੍ਰਮ ਦੇ ਲਿਹਾਜ਼ ਨਾਲ ਆਪਣੇ ਆਪ ਵਿਚ ਖਾਸ ਖ਼ੂਬੀ ਰੱਖਦੀਆਂ ਹਨ। ਕਵੀ ਕਾਨ੍ਹ ਸਿੰਘ ਦੇ ਜੰਗ-ਨਾਮੇ ਵਿਚ ਇਕ ਵੱਡੀ ਖ਼ੂਬੀ ਉਨ੍ਹਾਂ ਸ਼ਹੀਦ ਸੂਰਬੀਰ ਸਿੰਘ ਸਰਦਾਰਾਂ ਦੇ ਨਾਮ ਹਨ, ਜੋ ਇਸ ਜੰਗ ਵਿਚ ਪੰਜਾਬ ਦੀ ਸ਼ਾਨ ਕਾਇਮ ਰੱਖਣ ਲਈ ਆਪਾ ਵਾਰ ਕੇ ਸ਼ਹੀਦ ਹੋਏ ਸਨ। ਇਸ ਤਰ੍ਹਾਂ ਸ਼ਹੀਦਾਂ ਦੇ ਨਾਮ ਕਿਸੇ ਹੋਰ ਜੰਗ-ਨਾਮੇ ਵਿਚ ਨਹੀਂ ਮਿਲਦੇ। ਸ਼ਾਇਦ ਇਸ ਲੜਾਈ ਵਿਚ ਕਵੀ ਖ਼ੁਦ ਵੀ ਦਰਬਾਰ

ਲਾਹੌਰ ਵਲੋਂ ਸ਼ਾਮਲ ਹੋਇਆ ਹੋਵੇ ਤੇ ਸਾਰੇ ਕਾਰਨਾਮੇ ਉਸ ਨੇ ਦੇਖ-ਸੁਣ ਕੇ ਅੰਕਿਤ ਕੀਤੇ ਹੋਣ ।

ਸ਼ਹੀਦ ਸਰਦਾਰਾਂ ਦੇ ਨਾਮ, ਜੋ ਸਤਲੁਜ ਦੀ ਲੜਾਈ ਵਿਚ ਕੁਰਬਾਨ ਹੋਏ ਸਨ, ਇਸ ਲੇਖਕ ਦੇ ਕਥਨ ਅਨੁਸਾਰ ਯਥਾਕ੍ਰਮ ਇਸ ਪ੍ਰਕਾਰ ਹਨ:-

(ੳ) ਮੁਦਕੀ ਦੇ ਜੰਗ ਵਿਚ-
ਭਾਈ ਜੈਮਲ ਸਿੰਘ ਅਕਾਲੀ । (ਦੇਖੋ, ਛੰਦ-ਅੰਕ ੨੬੨)

(ਅ) ਫੇਰੂ ਸ਼ਹਿਰ ਦੇ ਜੰਗ ਵਿਚ-
ਸਰਦਾਰ ਚਤਰ ਸਿੰਘ ਕਾਲਿਆਂ ਵਾਲਾ । (ਛੰਦ-ਅੰਕ ੨੯੧-੧੯੨)
ਭਾਈ ਬੁੱਧ ਸਿੰਘ ਅਕਾਲੀ (ਅਕਾਲੀ ਜੈਮਲ ਸਿੰਘ ਦਾ ਭਰਾ)
(ਛੰਦ-ਅੰਕ ੨੯੩-੯੪-੯੫)
ਸਰਦਾਰ ਕੌਰ ਸਿੰਘ ਅਤੇ ਸਰਦਾਰ ਗੰਡਾ ਸਿੰਘ ਭੰਡਾਰੀ, ਰਈਸ ਬੁਤਾਲੀਆ (ਛੰਦ-ਅੰਕ ੨੯੬)

(ੲ) ਬਦੋਵਾਲ ਦੇ ਜੁੱਧ ਵਿਚ-
ਸਰਦਾਰ ਨਿਧਾਨ ਸਿੰਘ ਰਈਸ ਤੁੰਗ (ਛੰਦ-ਅੰਕ ੩੧੯-੨੦-੨੧)
ਰਾਜਾ ਅਜੀਤ ਸਿੰਘ ਲਾਡੂਏ ਵਾਲੇ ਨੇ ਜੰਗ ਤਾਂ ਬਹੁਤ ਕੀਤਾ, ਪਰ ਉਹ ਸ਼ਹੀਦ ਹੋਣ ਤੋਂ ਬਚ ਰਿਹਾ । (ਛੰਦ-ਅੰਕ ੩੧੨-੧੪)

(ਸ) ਹਰੀ ਕੇ ਪੱਤਣ ਸਭਰਾਉਂ ਦੇ ਜੁੱਧ ਵਿਚ-
ਮਾਖੇ ਖਾਨ ਤੋਪਖਾਨੇ ਵਾਲਾ (ਛੰਦ-ਅੰਕ ੩੭੪)
ਜਨਰਲ ਸਰਦਾਰ ਮੇਵਾ ਸਿੰਘ ਮਜੀਠੀਆ (੩੭੭)
ਸਰਦਾਰ ਬੇਲਾ ਸਿੰਘ ਮੋਕਲ
ਸਰਦਾਰ ਪੰਜਾਬ ਸਿੰਘ
ਸਰਦਾਰ ਹੁਕਮ ਸਿੰਘ ਮਲਵਈ
(ਸਰਦਾਰ ਨਿਧਾਨ ਸਿੰਘ ਮਲਵਈ ਦਾ ਪੁਤ੍ਰ) (੩੭੮)
ਸਰਦਾਰ ਫ਼ਤਿਹ ਸਿੰਘ ਜੋਗੀ (੩੭੯)
ਸਰਦਾਰ ਹੀਰਾ ਸਿੰਘ (੩੮੦-੮੧)
ਸਰਦਾਰ ਸਯਾਮ ਸਿੰਘ ਅਟਾਰੀ ਵਾਲਾ

ਕਵੀ ਕਾਨ੍ਹ ਸਿੰਘ ਨੇ ਮਿਸਟਰ ਵੈਨਸਟਾਰਟ ਦੇ ਅਸਰ ਹੇਠ ਹੋਣ ਕਰਕੇ ਇਸ ਜੰਗ-ਨਾਮੇ ਵਿਚ ਅੰਗ੍ਰੇਜ਼ੀ ਰਾਜ ਦੀ ਲੋੜ ਨਾਲੋਂ ਰਤਾ ਵੱਧ ਤਾਰੀਫ ਕੀਤੀ ਹੈ, ਤੇ ਮਹਾਰਾਣੀ ਜਿੰਦ ਕੌਰ ਨੂੰ ਇਸ ਜੰਗ ਦਾ ਮੂਲ ਕਾਰਣ ਦੱਸ ਕੇ ਪਾਣੀ ਪੀ ਪੀ ਕੋਸਿਆ ਹੈ। ਏਥੋਂ ਤੱਕ ਕਿ ਮਹਾਰਾਣੀ ਨੂੰ ਇਕ ਫਰੇਬਣ ਔਰਤ ਜ਼ਾਹਰ ਕੀਤਾ ਹੈ, ਜੋ ਇਸ ਜੰਗ ਦੇ ਬਹਾਨੇ ਸਿੱਖ ਫੌਜਾਂ ਨੂੰ ਮਰਵਾਕੇ ਉਨ੍ਹਾਂ ਤੋਂ ਆਪਣੇ ਭਰਾ ਸਰਦਾਰ ਜਵਾਹਰ ਸਿੰਘ ਦੇ ਖੂਨ ਦਾ ਬਦਲਾ ਲੈਣਾ ਚਾਹੁੰਦੀ ਸੀ ਤੇ ਇਸ ਤਰ੍ਹਾਂ ਲਿਖਿਆ ਹੈ:-

ਜਿਤੇ ਥੇ ਮੁਸਾਹਿਬ ਸਭ ਲੀਏ ਬੁਲਾ ।
ਜਲਦ ਜਿੰਦ ਕੌਰਾਂ ਯਹ ਕੀਨੀ ਸਲਾਹ ॥੧੯੧॥
ਯਹ ਬੁਰਛੇ ਨਹੀਂ ਛੋਡਦੇ ਪ੍ਰਾਨ ਨੂੰ ।
ਕਰੂੰ ਕਬਜ਼ ਅਭੀ ਇਨ ਕੀ ਜਾਨ ਨੂੰ ॥੧੯੨॥
ਯਹ ਪਾਤੇ ਨਹੀਂ ਹੈਂ ਸਜ਼ਾ ਜਬ ਤਲਕ ।
ਦੋਊ ਆਂਖ ਮਿਲ ਕਰ ਨ ਲਗਤੀ ਪਲਕ ॥੧੯੩॥
ਬਿਰਾਦਰ ਕੇ ਮਰਨੇ ਕਾ ਦਿਲ ਦਾਗ ਹੈ ।
ਹਮਾਰੇ ਜਿਗਰ ਮੋ ਲਗ ਰਹੀ ਆਗ ਹੈ ॥੧੯੪॥
ਲਿਖੋ ਕੰਪਨੀ ਕੀ ਤਰਫ ਯਹ ਸਲਾਹ ।
ਲੀਜੈ ਤਖਤ ਲਾਹੌਰ ਕੀਜੈ ਫਨਾਹ ॥੧੯੫॥
ਇਧਰ ਖਾਲਸਾ ਕੋ ਕਹਾ ਤਬ ਬੁਲਾ ।
ਉਠੀ ਫੌਜ ਗੋਰਾਂ ਕੀ ਕੀਜੋ ਫਤਾ ॥੨੦੨॥
ਨ ਜਾਨਾ ਹੈ ਫਰਫੇਜ ਰਾਨੀ ਕੀਆ ।
ਤਬੈ ਖ਼ਾਲਸਾ ਜੰਗ ਸਾਜਾ ਲੀਆ ॥੨੦੫॥

ਪਰ ਕਵੀ ਦਾ ਇਹ ਬਿਆਨ ਗਲਤ ਹੈ। ਸਤਲੁਜ ਦੀ ਲੜਾਈ ਦੇ ਅਸਲੀ ਕਾਰਣ ਕੀ ਸਨ, ਇਹ ਅੰਗ੍ਰੇਜ਼ਾਂ ਦੀਆਂ ਲਿਖਤਾਂ ਖੁਦ ਮੂੰਹੋਂ ਬੋਲ ਕੇ ਦੱਸਦੀਆਂ ਹਨ। ਅੰਗਰੇਜ਼ੀ ਹਕੂਮਤ ਦੀ ਅੱਖ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਤੋਂ ਹੀ ਪੰਜਾਬ ਉੱਤੇ ਲੱਗੀ ਹੋਈ ਸੀ, ਜਿਸ ਕਰ ਕੇ ਲੁਧਿਹਾਣਾ ਤੇ ਫੀਰੋਜ਼ਪੁਰ ਦੇ ਫੌਜੀ ਅੱਡੇ ਮਜਬੂਤ ਕੀਤੇ ਜਾ ਰਹੇ ਸਨ। ਮਹਾਰਾਜੇ ਦੇ ਸੁਰਗਵਾਸ ਹੋਣ 'ਤੇ ਜਦ ਲਾਹੌਰ ਵਿਚ ਡੋਗਰਾ-ਗਰਦੀ ਦਾ ਦੌਰ ਚੱਲਿਆ, ਤਾਂ ਅੰਗਰੇਜ਼ ਅਫਸਰਾਂ ਨੇ ਬੜੀ ਚਾਲਾਕੀ ਨਾਲ ਰਾਜਾ ਗੁਲਾਬ ਸਿੰਘ, ਮਿਸਰ ਤੇਜ ਸਿੰਘ ਅਤੇ ਲਾਲ ਸਿੰਘ ਨੂੰ ਆਪਣੇ ਨਾਲ ਗੰਢ ਲਿਆ। ਰਾਜਾ ਗੁਲਾਬ ਸਿੰਘ ਨੇ ਸਿੱਖ ਫੌਜਾਂ ਵਿਚ ਰਿਸ਼ਵਤ ਦਾ ਜਾਲ ਫੈਲਾ ਕੇ ਪਹਿਲਾਂ ਤਾਂ ਬੜਾ ਇੰਤਸ਼ਾਰ ਪੈਦਾ ਕੀਤਾ ਤੇ ਪਿੱਛੋਂ ਕੌਰ ਪਿਸ਼ੌਰਾ ਸਿੰਘ ਨੂੰ ਕਤਲ ਕਰਵਾ ਕੇ ਸਰਦਾਰ ਜਵਾਹਰ ਸਿੰਘ (ਮਹਾਰਾਣੀ ਜਿੰਦ ਕੌਰ ਦੇ ਭਰਾ) ਨੂੰ ਸਿੱਖ ਫੌਜ ਦੇ ਹੱਥੋਂ ਮਰਵਾ ਦਿੱਤਾ। ਮਹਾਰਾਣੀ ਜਿੰਦ ਕੌਰ ਉਸ ਦੀ ਇਸ ਚਾਲ ਤੋਂ ਨਾਵਾਕਿਫ ਨਹੀਂ ਸੀ। ਉਸ ਨੇ ਆਪਣੇ ਭਰਾ ਦੇ ਅਸਲ ਕਾਤਲ ਮੀਆਂ ਪ੍ਰਿਥੀ ਸਿੰਘ ਆਦਿ ਗ੍ਰਿਫਤਾਰ ਕਰ ਲਏ ਸਨ, ਪਰ ਸਿੱਖ ਫੌਜਾਂ ਵਿਚ ਉਸ ਵੇਲੇ ਜਨਰਲ ਸਰਦਾਰ ਮੇਵਾ ਸਿੰਘ, ਰਤਨ ਸਿੰਘ ਆਦਿ ਪੰਚਾਇਤ ਅਫਸਰਾਂ ਰਾਹੀਂ ਜੋ ਰਾਜਾ ਗੁਲਾਬ ਸਿੰਘ ਦੇ ਇਸ਼ਾਰਿਆਂ 'ਤੇ ਨੱਚਦੇ ਸਨ, ਆਪਾ-ਧਾਪੀ ਫੈਲ ਚੁੱਕੀ ਸੀ, ਇਸ ਲਈ ਕੋਈ ਯੋਗ ਪ੍ਰਬੰਧ ਨਾ ਹੋ ਸਕਿਆ ਤੇ ਉਹ ਕਾਤਲ ਛੱਡ ਦਿੱਤੇ ਗਏ।

ਇਕ ਪਾਸੇ ਤਾਂ ਇਹ ਘਰ ਦੀ ਫੁੱਟ ਸੀ ਤੇ ਦੂਜੇ ਪਾਸੇ ਅੰਗਰੇਜ਼ ਅਫਸਰਾਂ ਦੀਆਂ ਵਧੀਕੀਆਂ, ਜਿਸ ਕਰ ਕੇ ਸਿੱਖ ਰਾਜ ਦੇ ਕਰਮਚਾਰੀ ਤੰਗ ਕੀਤੇ ਜਾ ਰਹੇ

ਸਨ। ਅੰਗਰੇਜ਼ੀ ਹਕੂਮਤ ਪਾਸੋਂ ਉਸ ਵੇਲੇ ਸਿੱਖ ਰਾਜ ਦੀਆਂ ਇਹ ਮੰਗਾਂ ਸਨ:-

(੧) ਰਾਜਾ ਸੁਚੇਤ ਸਿੰਘ ਡੋਗਰੇ ਦਾ ਖਜ਼ਾਨਾ, (ਜੋ ਫੀਰੋਜ਼ਪੁਰ ਰੱਖਿਆ ਹੋਇਆ ਸੀ) ਉਸ ਦੇ ਲਾਵ੍ਹਾਰਿਸ ਮਰ ਜਾਣ ਕਰ ਕੇ ਦਰਬਾਰ ਲਾਹੌਰ ਨੂੰ ਦਿੱਤਾ ਜਾਵੇ।

(੨) ਪਿੰਡ ਮੌੜਾਂ (ਰਿਆਸਤ ਨਾਭਾ) ਸਣੇ ਉਸ ਜਾਇਦਾਦ ਦੇ ਜੋ ਅੰਗਰੇਜ਼ੀ ਅਮਲਦਾਰੀ ਦੇ ਅਸਰ ਹੇਠ ਆ ਕੇ ਜ਼ਬਤ ਕੀਤੀ ਗਈ ਹੈ, ਵਾਪਸ ਕੀਤੀ ਜਾਵੇ।

(੩) ਖ਼ਾਲਸਾ ਦਰਬਾਰ ਲਾਹੌਰ ਨੂੰ ਸਤਲੁਜੋਂ ਪਾਰ ਦੇ ਇਲਾਕੇ ਨਾਰਾਇਣਗੜ੍ਹ (ਅੰਬਾਲਾ), ਕੋਟਕਪੂਰਾ (ਫਰੀਦਕੋਟ), ਬੱਸੀਆਂ, ਬੱਧਣੀ, ਆਨੰਦਪੁਰ ਆਦਿ ਵਿਚ ਲੋੜ ਪੈਣ 'ਤੇ ਫੌਜੀ ਇਮਦਾਦ ਲੈ ਜਾਣ ਦੀ ਖੁਲ੍ਹ ਹੋਵੇ ਤੇ ਹਕੂਮਤ-ਅੰਗਰੇਜ਼ੀ ਕਿਸੇ ਵਿੰਗੇ-ਟੇਢੇ ਤਰੀਕੇ ਨਾਲ ਇਸ ਆਵਾਜਾਈ ਵਿਚ ਰੋੜਾ ਨਾ ਅਟਕਾਵੇ।

(੪) ਫੀਰੋਜ਼ਪੁਰੋਂ ਅੰਗਰੇਜ਼ੀ ਛਾਉਣੀ ਹਟਾਈ ਜਾਵੇ, ਕਿਉਂਕਿ ਇਹ ਇਲਾਕਾ ਅੰਗਰੇਜ਼ੀ ਰਾਜ ਵਿਚ ਸ਼ਾਮਲ ਨਹੀਂ ਹੈ ਤੇ ਨਾਲੇ ਇਥੇ ਫੌਜ ਜਮ੍ਹਾਂ ਕਰਨੀ ਸਿੱਖ ਅਤੇ ਅੰਗਰੇਜ਼ੀ ਹਕੂਮਤ ਦੇ ਦੋਸਤਾਨਾਂ ਅਹਿਮਦਨਾਮੇ ਤੋਂ ਵਿਰੁੱਧ ਹੈ।

(੫) ਫੀਰੋਜ਼ਪੁਰ ਅੰਗਰੇਜ਼ੀ ਫੌਜ ਬਿਨਾ-ਵਜਹ ਕਿਉਂ ਜਮ੍ਹਾਂ ਕੀਤੀ ਜਾ ਰਹੀ ਹੈ ਤੇ ਸਤਲੁਜ ਵਿਚ ਬਹੁਤ ਸਾਰੀਆਂ ਬੇੜੀਆਂ ਕਿਉਂ ਇਕੱਠੀਆਂ ਕੀਤੀਆਂ ਗਈਆਂ ਹਨ, ਇਸ ਦਾ ਕਾਰਣ ਦੱਸਿਆ ਜਾਵੇ[੧]।

ਇਨ੍ਹਾਂ ਮੰਗਾਂ ਦੇ ਉੱਤਰ ਵਿਚ ਅੰਗਰੇਜ਼ੀ ਹਕੂਮਤ ਵਲੋਂ ਕੋਈ ਵਾਜਬ ਉੱਤਰ ਨਾ ਮਿਲਿਆ, ਸਗੋਂ ਫੌਜੀ ਸਰਗਰਮੀਆਂ ਹੋਰ ਤੇਜ ਹੁੰਦੀਆਂ ਗਈਆਂ। ਇਸ ਹਾਲਤ ਵਿਚ ਫੌਜੀ ਪੰਚਾਇਤਾਂ ਦੇ ਜ਼ੋਰ ਦੇਣ 'ਤੇ ਦਰਬਾਰ ਲਾਹੌਰ ਵਲੋਂ ਆਪਣੇ ਇਲਾਕੇ ਦੀ ਹਿਫ਼ਾਜ਼ਿਤ ਲਈ ਫੌਜ ਭੇਜੀ ਗਈ। ਜਦ ਫੌਜ ਮੁੱਦਕੀ ਦੇ ਮੁਕਾਮ 'ਤੇ, ਜੋ ਕਿ ਸਿੱਖ ਰਾਜ ਦਾ ਇਲਾਕਾ ਸੀ, ਪਹੁੰਚੀ ਤਾਂ ਅੱਗੋਂ ਅੰਗਰੇਜ਼ੀ ਫੌਜ ਨੇ ਦੋਸਤਾਨਾਂ ਅਹਿਦਨਾਮੇ ਨੂੰ ਤੋੜ ਕੇ ਉਸ ਉਤੇ ਹੱਲਾ ਕਰ ਦਿੱਤਾ ਤੇ ਇਸ ਤਰ੍ਹਾਂ ਸਿੱਖਾਂ ਤੇ ਅੰਗਰੇਜ਼ਾਂ ਦਾ ਜੰਗ ਛਿੜ ਗਿਆ।

ਸਤਲੁਜ ਦਾ ਜੰਗ ਰਾਜਾ ਗੁਲਾਬ ਸਿੰਘ, ਮਿਸਰ ਤੇਜ ਸਿੰਘ ਅਤੇ ਮਿਸਰ ਲਾਲ ਸਿੰਘ ਦੀ ਬੇਈਮਾਨੀ ਦਾ ਨਤੀਜਾ ਸੀ। ਇਹ ਤਿੰਨੇ ਸਰਦਾਰ ਅੰਗਰੇਜ਼ੀ ਹਕੂਮਤ ਦੇ ਪਹਿਲਾਂ ਹੀ ਖਰੀਦੇ ਹੋਏ ਸਨ। ਜਨਰਲ ਸਰਦਾਰ ਮੇਵਾ ਸਿੰਘ ਮਜੀਠੀਆ, ਜੋ ਰਾਜਾ ਗੁਲਾਬ ਸਿੰਘ ਦੇ ਹੱਥ ਦਾ ਹਥਿਆਰ ਹੋ ਕੇ ਫੌਜੀ ਪੰਚਾਇਤਾਂ ਦੀ ਅਗਵਾਈ ਕਰਦਾ ਰਿਹਾ ਸੀ, ਇਸ ਜੰਗ ਵਿੱਚ ਮਰਿਆ ਗਿਆ। ਅੰਗਰੇਜ਼ੀ ਹਕੂਮਤ ਪੰਜਾਬ

---

੧. ਆਧਾਰ ਲਈ ਦੇਖੋ, The Lahore Intellegence Major G. Broad foot to Govt. of India Noverber 1845.

ਦੀ ਬਾਂਦਰ-ਵੰਡ ਕਰਕੇ ਸਿਖ-ਰਾਜ ਨੂੰ ਖ਼ਤਮ ਕਰਨਾ ਚਾਹੁੰਦੀ ਸੀ। ਸੋ ਜਦ ਇਸ ਜੰਗ ਵਿਚ ਮਿਸਰ ਤੇਜ ਸਿੰਘ ਅਤੇ ਲਾਲ ਸਿੰਘ ਦੀ ਧੋਖਾਦੇਹੀ ਦੇ ਕਾਰਣ ਅੰਗਰੇਜ਼ਾਂ ਦੀ ਜਿੱਤ ਹੋਈ ਤਾਂ ਜਲੰਧਰ-ਦੁਆਬ ਦਾ ਇਲਾਕਾ ਸਣੇ ਪਹਾੜੀ ਦੇ ਅੰਗਰੇਜ਼ੀ ਹਕੂਮਤ ਵਿਚ ਸ਼ਾਮਲ ਹੋਣ ਤੇ ਬਹੁਤਾ ਲਾਭ ਰਾਜਾ ਗੁਲਾਬ ਸਿੰਘ ਨੂੰ, ਜੋ ਪੰਚਾਇਤ ਅਫਸਰਾਂ ਦੀ ਓਟ ਵਿਚ ਤਾਰ ਹਿਲਾਉਂਦਾ ਰਿਹਾ ਸੀ, ਹੋਇਆ ਤੇ ਉਸ ਦੇ ਵੱਲੋਂ ਕੁਝ ਨਕਦੀ ਅਦਾ ਕਰਨ 'ਤੇ ਉਸ ਨੂੰ ਜੰਮੂ ਤੇ ਕਸ਼ਮੀਰ ਦਾ ਆਜ਼ਾਦ ਮਹਾਰਾਜਾ ਤਸਲੀਮ ਕੀਤਾ ਗਿਆ। ਸਤਲੁਜ ਦੀ ਲੜਾਈ ਦਾ ਸੰਖੇਪ ਇਹੋ ਹਾਲ ਹੈ ਤੇ ਇਤਿਹਾਸਕ ਵਾਕਿਆਤ ਦੀ ਰੌਸ਼ਨੀ ਵਿਚ ਮਹਾਰਾਣੀ ਜਿੰਦ ਕੌਰ ਇਸ ਜੰਗ ਬਾਰੇ ਨਿਰਦੋਸ਼ ਸਾਬਤ ਹੁੰਦੀ ਹੈ।

ਕਵੀ ਕਾਨ੍ਹ ਸਿੰਘ ਨੇ ਇਹ ਜੰਗ-ਨਾਮਾ ਇਕ ਅੰਗਰੇਜ਼ ਅਫ਼ਸਰ ਦੇ ਅਸਰ ਹੇਠ ਆ ਕੇ ਲਿਖਿਆ ਹੈ, ਇਸ ਲਈ ਜੋ ਉਸ ਵਿਚ ਖੁਸ਼ਾਮਦ ਤੋਂ ਕੰਮ ਲਿਆ ਹੈ ਤਾਂ ਕੋਈ ਹੈਰਾਨੀ ਦੀ ਗੱਲ ਨਹੀਂ ਕਿਉਂਕਿ ਇਹ ਉਸ ਦੀ ਸਮੇਂ ਦੀ ਮਜਬੂਰੀ ਸੀ। ਚਾਪਲੂਸੀ ਦੀਆਂ ਗੱਲਾਂ ਦੇ ਬਾਵਜੂਦ ਵੀ ਇਸ ਜੰਗ-ਨਾਮੇ ਵਿਚ ਸਿੱਖ-ਇਤਿਹਾਸ ਦੀ ਚੰਗੀ ਝਲਕ ਹੈ ਤੇ ਕਈ ਥਾਵੀਂ ਕਵੀ ਨੇ ਸਿੰਘਾਂ ਦੀ ਬਹਾਦੁਰੀ ਨੂੰ ਰੱਜ-ਰੱਜ ਕੇ ਸਲਾਹਿਆ ਹੈ।

ਇਸ ਜੰਗ-ਨਾਮੇ ਤੋਂ ਇਲਾਵਾ ਕਵੀ ਕਾਨ੍ਹ ਸਿੰਘ ਨੇ ਕੁਝ ਹੋਰ ਰਚਨਾ ਵੀ ਰਚੀ ਸੀ, ਜਿਸ ਦਾ ਖੋਜ ਕੀਤਿਆਂ ਪਤਾ ਲਗਦਾ ਹੈ। ਸਰਦਾਰ ਗੰਡਾ ਸਿੰਘ ਜੀ ਨੇ ਪੰਜਾਬ ਦੀਆਂ ਵਾਰਾਂ ਵਿਚ ਇਸ ਕਵੀ ਦੀ ਲਿਖੀ ਵਾਰ ਸਰਦਾਰ ਹਰੀ ਸਿੰਘ ਨਲੂਆ ਦਾ ਜ਼ਿਕਰ ਕੀਤਾ ਹੈ। ਇਸ ਤੋਂ ਇਲਾਵਾ ਭਾਈ ਨੰਦ ਸਿੰਘ ਦਰਜ਼ੀ, ਅਮਰ ਗੜ੍ਹ, ਰਿਆਸਤ ਪਟਿਆਲਾ ਪਾਸੋਂ ਇਕ ਪੁਰਾਤਨ ਹਥ-ਲਿਖਤ ਪੁਸਤਕ ਵਿਚੋਂ ਕਵੀ ਕਾਨ੍ਹ ਸਿੰਘ ਦੇ ਨਿਮਨ ਲਿਖਿਤ ਦੋ ਕਬਿੱਤ ਮਿਲੇ ਹਨ:-

ਦਾਨ ਕਰ ਦਈ ਏਕ ਹਥਨੀ ਭਯੰਕਰ ਸੀ,
ਭੂਸਰੀ ਸੀ ਧੂਸਰੀ ਉਡਾਏ ਛਾਰ ਸੀਸ ਪਰ।
ਲੇਕਰ ਨਿਹੰਗਨ ਬਨਾਈ ਹੈ ਨਿਹੰਗਨੀ ਸੀ,
ਸਾਰਾ ਦਿਨ ਸੈਲ ਕਰੈਂ ਚਢਕੈਂ ਅਨੰਦ ਭਰ।
ਹੌਦਾ ਕੋ ਨਾ ਸੌਦਾ, ਗੋਲ ਗਾਦੀ ਕਰੈਂ ਲੀਰਨ ਕੀ,
ਮੂੰਜ ਹੂ ਕੋ ਤੰਗ ਕਸੇ ਜੇਵਰੋ ਕਮੰਦ ਕਰ।
ਨਿਸ ਹੂ ਕੋ ਛੋਰੈਂ ਪੇਟ ਭਰ ਲੇਤਿ ਭੋਰੈਂ ਤਕ,
ਹਰੇ ਹਰੇਂ ਆਵਤਿ ਹੈ ਆਪਨੇ ਮਕਾਨ ਪਰ ॥੧॥
ਕਿਧੋਂ ਵਿੰਧਯਾਚਲ ਪ੍ਰਕਾਰਨ ਕੀ ਜੋਰੀ ਦਿਪੈਂ,
ਕਿਧੋਂ ਗਿਰਿ ਕਾਜਰ ਪੈਂ ਨੀਲ ਨਲ ਕਾਰੇ ਹੈਂ।

ਕਿਧੌਂ ਤਾਤ ਵੈਰ ਹਿਤ ਸ਼ਨੀ ਵ੍ਹੈ ਸਰੂਪ ਧਾਰਿ,
ਰਾਹੁ ਪੈ ਕਢੇ ਹੈਂ, ਗਿਸਿ ਅੰਕੁਸ਼ ਪ੍ਰਹਾਰੇ ਹੈਂ ।
ਕਿਧੌਂ ਯਮਰਾਜ ਵ੍ਹੈ ਸਰੂਪ ਧਰੇ ਸ਼ਜਾਮ ਰੰਗ,
ਮਹਿਖ ਆਰੂਢ ਮੂਢ ਪ੍ਰਗਟ ਵਿਚਾਰੇ ਹੈਂ,
ਕਾਨ੍ਹ ਸਿੰਘ ਕਹੈ ਨੀਕੇ ਕੈ ਨਿਹਾਰਜੋ ਹਥਨੀ ਪੈ,
ਦੂਲਾ ਸਿੰਘ ਸਿੰਘ ਖੁਸ਼ਹਾਲ ਜੋ ਸਵਾਰੇ ਹੈਂ ॥੨॥

ਇਹ ਹਾਸਰਸ ਭਰਪੂਰ ਕਬਿੱਤ ਕਵੀ ਕਾਨ੍ਹ ਸਿੰਘ ਨੇ ਮਹਾਰਾਣੀ ਜਿੰਦ ਕੌਰ ਦੇ ਭਰਾ ਸਰਦਾਰ ਜਵਾਹਰ ਸਿੰਘ ਦੀ ਵਜ਼ਾਰਤ ਦੇ ਸਮੇਂ ਲਾਹੌਰ ਸੁਣਾਏ ਸਨ। ਇਸ ਤੋਂ ਪਤਾ ਲਗਦਾ ਹੈ ਕਿ ਇਹ ਕਵੀ ਜ਼ਰੂਰ ਸਰਕਾਰ ਲਾਹੌਰ ਪਾਸ ਮੁਲਾਜ਼ਮ ਰਿਹਾ ਹੋਵੇਗਾ।

ਕਵੀ ਕਾਨ੍ਹ ਸਿੰਘ ਦੇ ਜੰਗ-ਨਾਮਾ ਲਾਹੌਰ ਦੀ ਬੋਲੀ 'ਨੌ ਨਿਹਾਲ ਗੁਲਬਦਨ' ਦੇ ਕਿੱਸੇ ਦੀ ਤਰ੍ਹਾਂ ਉਰਦੂ, ਫ਼ਾਰਸੀ ਤੇ ਹਿੰਦੀ-ਪੰਜਾਬੀ ਰਲਵੀਂ ਹੈ, ਜਿਸ ਤੋਂ ਮਾਲੂਮ ਹੁੰਦਾ ਹੈ ਕਿ ਉਰਦੂ-ਫ਼ਾਰਸੀ ਦੇ ਨਾਲ ਹੀ ਹਿੰਦੀ-ਪੰਜਾਬੀ ਦਾ ਵੀ ਚੰਗਾ ਮਾਹਰ ਸੀ। ਕੁਲ ਛੰਦ ਇਸ ਜੰਗ-ਨਾਮੇ ਦੇ ਇਕ ਲਿਖਤ ੪੪੦, ਇਕ ਵਿਚ ੪੪੨ ਅਤੇ ਇਕ ਲਿਖਤ ਵਿਚ ਸਾਢੇ ਚਾਰ ਸੌ ਤੋਂ ਉੱਪਰ ਹਨ। ਜੰਗਨਾਮੇ ਦਾ ਬਹਿਰ ਮਸਨਵੀ ਹੈ ਤੇ ਕਵੀ ਨੇ ਇਸੇ ਬਹਿਰ ਵਿਚ ਇਕੋ ਰਹਾਉ ਰੱਖ ਕੇ ਇਸ ਨੂੰ ਖ਼ਤਮ ਕੀਤਾ ਹੈ।

ਇਹ ਜੁੰਗ-ਨਾਮਾ, ਜਿਹਾ ਕਿ ਇਸ ਦੀਆਂ ਅਖੀਰਲੀਆਂ ਤੁਕਾ ਤੋਂ ਜ਼ਾਹਰ ਹੁੰਦਾ ਹੈ, ਕਵੀ ਨੇ ਆਪਣੇ ਪਿੰਡ ਬੰਗੇ ਰਹਿ ਕੇ ਹੀ ਪੂਰਾ ਕੀਤਾ ਸੀ। ਮੇਰੇ ਦੇਖਣ ਵਿਚ ਇਸ ਜੰਗ-ਨਾਮੇ ਦੀਆਂ ਕਈ ਹਥ ਲਿਖਿਤ ਕਾਪੀਆਂ ਆਈਆਂ ਹਨ, ਜੋ ਰਾਜ ਭਵਨ ਪੁਸਤਕਾਲਯ ਪਟਿਆਲਾ, ਰਾਜਿੰਦਰਾ ਪਬਲਿਕ ਲਾਇਬ੍ਰੇਰੀ ਪਟਿਆਲਾ, ਸੰਤ ਇੰਦਰ ਸਿੰਘ ਜੀ ਚਕ੍ਰਵਰਤੀ, ਭਾਈ ਸਾਹਿਬ ਅਰਜਨ ਸਿੰਘ ਜੀ ਰਈਸ ਬਾਗੜੀਆਂ, ਜ਼ਿਲ੍ਹਾ ਲੁਦਿਹਾਣਾ, ਸਰਦਾਰ ਨਾਹਰ ਸਿੰਘ ਜੀ ਐਮ. ਏ. ਪਿੰਡ ਨੰਗਲ ਖੁਰਦ (ਲੁਦਿਹਾਣਾ) ਅਤੇ ਸਰਦਾਰ ਬਲਦੇਵ ਸਿੰਘ ਜੀ. ਬੀ. ਏ. ਗਿਆਨੀ, ਓਰੀਐਂਟਲ ਕਾਲਜ ਲਾਹੌਰ ਪਾਸ ਸੁਰਖਯਤ ਹਨ। ਇਨ੍ਹਾਂ ਵਿਚੋਂ ਪਹਿਲੀਆਂ ਪੰਜ ਕਾਪੀਆਂ ਤੋਂ ਮੈਂ ਇਸ ਜੰਗ-ਨਾਮੇ ਦੇ ਸੰਪਾਦਨ ਵਿਚ ਸਹਾਇਤਾ ਲਈ ਹੈ। ਪਟਿਆਲੇ ਦੀ ਰਾਜਿੰਦਰਾ ਪਬਲਿਕ ਲਾਇਬਰੇਰੀ ਵਾਲੀ ਕਾਪੀ ਅਧੂਰੀ ਹੈ। ਉਸ ਦੇ ਨਾਲ ਸ੍ਰਦਾਰ ਨਾਹਰ ਸਿੰਘ ਜੀ ਦੀ ਕਾਪੀ ਦੀ ਨਕਲ ਮਿਲਾ ਕੇ ਇਹ ਜੰਗ-ਨਾਮਾ ਮੈਂ ਸੰਨ ੧੯੪੦ ਦੇ ਮਈ ਤੇ ਅਗਸਤ ਦੇ ਮਹੀਨੇ ਅਧੂਰੀ ਹਾਲਤ ਵਿਚ ਹੀ ਓਰੀਐਂਟਲ ਕਾਲਜ ਮੈਗਜ਼ੀਨ (ਲਾਹੌਰ) ਵਿਚ ਪ੍ਰਕਾਸ਼ਿਤ ਕਰਵਾਇਆ ਸੀ। ਉਸ ਤੋਂ ਪਿੱਛੋਂ ਮੈਨੂੰ ਸੰਤ ਇੰਦ੍ਰ ਸਿੰਘ ਸਿੰਘ ਜੀ ਚਕ੍ਰਵਰਤੀ ਦੀ ਪੁਸਤਕ (ਜੰਗ-ਨਾਮਾ) ਦੇਖਣ

ਦਾ ਮੌਕਾ ਮਿਲਿਆ, ਜੋ ਵਿਚੋਂ ਪਤਰੇ ਗਵਾਚੇ ਹੋਣ ਕਰ ਕੇ ਅਪੂਰਣ ਹੈ ਤੇ ਉਸ ਦੇ ਉਤਾਰੇ ਦਾ ਸਮਾਂ ਪੋਹ ਵਦੀ ੩ ਸੰਮਤ ੧੯੧੦ ਬਿ: ਹੈ। ਮੈਂ ਆਪਣੀ ਅਧੂਰੀ ਕਾਪੀ ਨੂੰ ਕੁਝ ਉਸ ਦੇ ਨਾਲ ਸੋਧਿਆ ਤੇ ਰਾਜ-ਭਵਨ ਪੁਸਤਕਾਲਯ ਪਟਿਆਲਾ ਤੇ ਭਾਈ ਸਾਹਿਬ ਭਾਈ ਅਰਜਨ ਸਿੰਘ ਜੀ ਬਾਗੜੀਆਂ ਦੀਆਂ ਕਾਪੀਆਂ ਨਾਲ ਸੋਧ ਕੇ ਇਸ ਜੰਗ-ਨਾਮੇ ਨੂੰ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ।

# ਜੰਗ-ਨਾਮਾ ਲਾਹੌਰ

## ਮੰਗਲਾ ਚਰਨ

ਸਿਫਤ ਕਰੂੰ ਸੱਚਾ ਜੋ ਕਰਤਾਰ ਹੈ ।
ਜਿਸੈ ਲੇਖ ਲਿਖਨੇ ਕੋ ਅਖਤਿਆਰ ਹੈ ॥੧॥
ਵਹੁ ਮਿਹਰਬਾਂ ਕਰੈ ਜਗਤ ਕੀ ਪਰਵਰੀ ।
ਨਹੀਂ ਸਾਥ ਉਸ ਕੇ ਕੋਈ ਸਰਬਰੀ[1] ॥੨॥
ਪਲਕ ਮੈਂ ਵਹੁ ਖਲਕਤ ਬਨਾ ਕਰ ਰਹੈ[2] ।
ਪਲਕ ਮੈਂ ਖਿਜ਼ਾਂ[3] ਕਰ ਇਕੇਲਾ ਬਹੈ ॥੩॥
ਕਬੀ ਦੇਵਤਾ ਦੈਂਤ ਹੋ ਕਰ ਲਰੈ ।
ਕਬੀ ਹੋ ਸ਼ਹਨਸ਼ਾਹ ਪਾਦਸ਼ਾਹੀ ਕਰੈ ॥੪॥
ਕਈ ਬਿਸ਼ਨੁ ਔ ਕਿਸ਼ਨ ਰਘੁਨਾਥ ਹੈਂ ।
ਮੁਹੰਮਦ ਪਿਕੰਬਰ ਕਈ ਸਾਥ ਹੈਂ ॥੫॥
ਕਈ ਮਾਨਧਾਤਾ[4] ਸੇ ਰਾਜਾ ਕਿਯੇ ।
ਬਨਾ ਕਰ ਮਿਲਾ ਬੀਚ ਮਾਟੀ ਦਿਯੇ ॥੬॥
ਕਰੋਂ ਕਿਆ ਮੈਂ ਸਿਫ਼ਤ ਉਸ ਕੀ ਹੈ ਯਕ ਜ਼ਬਾਂ ।
ਵੂਹੀ ਇਕਾ ਸਹਸ[5] ਦੋਯਮ ਜ਼ਬਾਂ ॥੭॥
ਕੀਏ ਔਰ ਸਤਜੁਗ ਮੈਂ ਰਾਜਾ ਕਿਤੇ ।
ਉਦੈ ਅਸਤ ਲੌਂ ਮੁਲਕ ਕੀਨੇ ਫ਼ਤੇ ॥੮॥
ਕਈ ਬੀਚ ਤ੍ਰੇਤਾ ਬਲੀ ਹੋ ਗਏ ।
ਵਹੁ ਭੀ ਰਾਜ ਕਰ ਕੇ ਖ਼ਿਜ਼ਾਂ ਹੋ ਗਏ ॥੯॥
ਦ੍ਵਾਪਰ ਕੇ ਰਾਜਾ ਹੂਏ ਜੋ ਬਲੀ ।
ਵਹੀ ਭੋਗ ਮੂਏ ਨ ਮੁੱਦਤ ਟਲੀ ॥੧੦॥

---

੧. ਸਰਦਾਰੀ । ੨. 'ਪਲਕ ਵੁਹ ਖ਼ਲਕ ਖ਼ਾਲਕ ਕਰ ਰਹੈ ।' ਪਾਠ ਵੀ ਹੈ ।
੩. ਨਾਸ਼ । ੪. ਮਾਨਧਾਤਾ-ਇਕ ਸੂਰਜਵੰਸੀ ਰਾਜਾ । ੫. ਹਜ਼ਾਰ ।

ਯਹ ਕਲਜੁਗ ਕੇ ਸ਼ਾਹ ਸ਼ਾਹਾਂ ਭਏ ।
ਸਿਕੰਦਰ[6] ਔ ਨੌਸ਼ੇਰਵਾਂ[7] ਸੇ ਗਏ ॥੧੧॥
ਚਲੇ ਛੋਡ ਸਬ ਰਾਜ ਕੇ ਰੰਗ ਹੈਂ ।
ਅਦਾਲਤ ਸਖ਼ਾਵਤ ਚਲੀ ਸੰਗ ਹੈ ॥੧੨॥

## ਜਾਣ-ਪਛਾਣ

ਚੁਗੱਤਨ[8] ਕਰੀ ਬਾਦਸ਼ਾਹੀ ਕਲਾਂ,
ਜਗੇ ਬੀਚ ਨੰਦਨ[9] ਕੇ ਗੋਰੇ ਜਵਾਂ ॥੧੩॥
ਗੋਬਿੰਦ ਸਿੰਘ ਖ਼ਾਲਸਾ ਕੀਆ ਯਕ ਤਰਫ਼ ।
ਹੂਏ ਕੰਪਨੀ[10] ਕੇ ਜਵਾਂ ਯਕ ਤਰਫ਼ ॥੧੪॥
ਦੋਊ ਮੁਲਕ ਮਾਲਿਕ ਬਹਾਦੁਰ ਜਵਾਂ ।
ਦੋਊ ਸ਼ਹਨਸ਼ਾਹ ਅਦਾਲਤ ਨਿਸ਼ਾਂ ॥੧੫॥
ਦੋਊ ਇਲਮ, ਆਲਮ, ਅਕਲ ਕੀ ਪਨਾਹ ।
ਦੋਊ ਪੂਛ ਲੁਕਮਾਨ[11] ਕਰਤਾ ਸਲਾਹ ॥੧੬॥
ਬਦਨ ਨੂਰ. ਚਮਕੇ ਮਿਸਲਿ ਆਫ਼ਤਾਬ ।
ਜੋ ਹੇਰਤ ਹੈ[12] ਦੁਸ਼ਮਨ ਸੁ ਜਲਤਾ ਸ਼ਿਤਾਬ ॥੧੭॥
ਇਨਾਇਤ ਮੁਲਕ ਹੂ ਕੀ ਮਾਲਿਕ ਦਈ ।
ਜਿਤੀ ਸ਼ਹਿਨਸ਼ਾਹੀ ਦੁਹੂੰ ਕੀ ਭਈ ॥੧੮॥
ਹੁਕਮ ਖ਼ਾਸ ਮਾਲਿਕ ਨੇ ਅਪਨਾ ਦੀਆ ।
ਯਹ ਖ਼ਲਕ ਕੇ ਪਾਲਨੇ ਕੋ ਮਾਲਿਕ ਕੀਆ ॥੧੯॥
ਸਿੰਘਨ ਪੁਸ਼ਤ ਪਰ ਹੈ ਗੁਰੂ ਕੀ ਸਹੀ ।
ਉਨੈਂ ਪੁਸ਼ਤਿ ਮੁੱਦਤ ਹੈ ਈਸਾ ਮਸੀਹ ॥੨੦॥

## ਸਿੱਖ-ਰਾਜ ਦੀ ਕਾਇਮੀ
### ਅਤੇ
## ਅੰਗ੍ਰੇਜ਼ਾਂ ਨਾਲ ਦੋਸਤਾਨਾ ਅਹਿਦਨਾਮਾ

ਚਲਾ ਚਲ ਵੁਹ[13] ਪਹੁੰਚੇ ਸਤਲੁਜ ਤਲਕ ।

---

੬. ਸਿਕੰਦਰ ਆਜ਼ਿਮ-ਯੂਨਾਨ ਦਾ ਬਾਦਸ਼ਾਹ । ੭. ਨੌਸ਼ੇਰਵਾਂ, ਈਰਾਨ ਦਾ ਪ੍ਰਸਿੱਧ ਇਨਸਾਫ਼ੀ ਬਾਦਸ਼ਾਹ । ੮. ਮੁਗਲਾਂ ਨੇ । ੯. ਲੰਡਨ, ਇੰਗਲੈਂਡ ਦੀ ਰਾਜਧਾਨੀ । ੧੦. ਈਸਟ ਇੰਡੀਆ ਕੰਪਨੀ ।
੧੧. ਲੁਕਮਾਨ ਇਕ ਪ੍ਰਸਿੱਧ ਅਕਲਮੰਦ ਹਕੀਮ । ੧੨. 'ਹੋਤਾ ਹੈ' ਪਾਠ ਵੀ ਹੈ ।
੧੩. ਅੰਗਰੇਜ਼ ।

ਦਿਖੀ ਸ਼ਾਹ ਪੰਜਾਬ ਹੂੰ ਕੀ ਝਲਕ[੧੪] ॥੨੧॥

ਆਗੇ ਤੌਰ ਸਿੰਘਨ ਵਡਾ ਚੁਸਤ ਹੈ ।
ਮਿਲਾ ਮਿਲ ਕੀਆ ਜੰਗ ਕੋ ਸੁਸਤ ਹੈ ॥੨੨॥

ਫੂਲਾ ਸਿੰਘ ਅਕਾਲੀ ਬਹਾਦੁਰ ਹੂਆ ।
ਅਗਾਰੀ ਕਦਮ ਧਰ ਕੇ ਰਣ ਮੈਂ ਮੂਆ ॥੨੩॥

ਲਬੇ ਆਬਿ ਦਰੀਆਵ ਹੱਦੀ ਪਰੀ ।
ਸਭੀ ਬਾਤ ਜੰਗ ਕੀ ਰੱਦੀ ਕਰੀ ॥੨੪॥

ਜਗਾ ਬੀਚ ਸਿੰਘਨ ਕੇ ਪੰਜਾਬ ਮੈਂ ।
ਜਿਸੈ ਦੇਖ ਖੁਰਸ਼ੀਦ ਨਾ ਤਾਬ ਮੈਂ ॥੨੫॥

ਮਹਾਰਾਜ ਜੰਗੀ ਬਹਾਦੁਰ ਹੂਆ ।
ਉਸੈ ਸਾਥ ਲੜਨੇ ਕੋ ਨ ਥਾ ਦੂਆ ॥੨੬॥

ਮਹਾਰਾਜ ਰਣਜੀਤ ਸਿੰਘ ਥਾ ਬਨਾਮ ।
ਰਖੈ ਖ਼ੌਫ਼ ਖ਼ਾਲਿਕ[੧੫] ਕਾ ਦਿਲ ਮੈਂ ਤਮਾਮ ॥੨੭॥

ਅੱਵਲ ਉਨ ਨੈ ਲਾਹੌਰ ਲੀਨਾ ਲਪਟ ।
ਲੀਆ ਕਾਂਗੜਾ ਕੋਟ ਉਸ ਪਰ ਝਪਟ[੧੬] ॥੨੮॥

ਲੈ ਮਲਕੇਰਾ[੧੭] ਔ ਕਸ਼ਮੀਰ ਉਨ ਨੇ ਲੀਆ ।
ਜਲਦ ਬੀਚ ਮੁਲਤਾਨ ਥਾਨਾ ਕੀਆ ॥੨੯॥

ਲੀਆ ਪਲ ਮੈਂ ਪਿਸ਼ੌਰ ਗਿਲਜਾ ਜਿਤੇ ।
ਕਿਤੇ ਪਰਬਤੀ ਕੋਟ ਕੀਨੇ ਫਤੇ ॥੩੦॥

ਜਿਤੇ ਥੇ ਹੁਕਮ ਹਰ ਜਬਾਂ ਯਕ ਕਰੇ ।
ਨਹੀਂ ਔਰ ਕੇ ਛਤ੍ਰ ਚਾਮਰ[੧੮] ਢਰੇ ॥੩੧॥

ਕੀਏ ਜੇਰ ਜਿਤਨੇ ਮੁਲਕ ਸਾਹਿਬਾਂ ।
ਗੁਰੂ ਕੇ ਕਦਮ ਬੀਚ ਹਰ ਵਕਤ ਜਾਂ ॥੩੨॥

ਹੁਕਮ 'ਗ੍ਰੰਥ ਸਾਹਿਬ' ਕਾ ਜੈਸੇ ਚਲੇ ।
ਚਲੈ ਉਸ ਕੇ ਊਪਰ, ਨ ਦਮ ਭਰ ਟਲੈ ॥੩੩॥

ਮਹਾਰਾਜ ਜੂ ਨਾਮ ਸਾਹਿਬ ਕਲਾਂ ।
ਕੀਆ ਧਿਆਨ ਸਿੰਘ ਕੋ ਵਜ਼ਾਰਤ ਨਿਸ਼ਾਂ ॥੩੪॥

ਦੀਨਾ ਨਾਥ ਕੋ ਇਲਮ ਆਲਮ ਪਛਾਨ ।
ਕੀਆ ਪਾਤਸ਼ਾਹੀ ਕਾ ਦਫ਼ਤਰ[੧੯] ਦੀਵਾਨ ॥੩੫॥

---

੧੪. 'ਖ਼ਲਕ' ਪਾਠ ਵੀ ਹੈ । ੧੫. 'ਖ਼ਾਲਸ' ਪਾਠ ਵੀ ਹੈ ।
੧੬. ਦੂਜਾ ਪਾਠ ਹੈ-'ਉਸਨੇ ਝਪਟ' । ੧੭. ਮਨਕੇਰਾ । ੧੮. ਚੌਰ ।
੧੯. ਸ: ਰਣਧੀਰ ਸਿੰਘ ਵਾਲੇ ਨੁਸਖੇ ਵਿਚ ਏਥੇ ਇਕ ਹੋਰ ਛੰਦ-"ਰੱਖਾ ਉਨ ਜਬਾਨੋਕ ਸ਼ਾਹੀ ਹਿਸਾਬ । ਫਲਾਤੂੰ ਸਾ ਯਕ ਫੇਰ ਫੁਰਸਦ ਜਵਾਬ ॥੩੬॥"

ਕਿਯੇ ਔਰ ਸਰਦਾਰ ਜੰਗੀ ਜਵਾਂ ।
ਕਿਤੇ ਅਫ਼ਸਰੀ ਦਫ਼ਤਰੀ ਹੈਂ ਦਿਵਾਂ ॥੩੬॥
ਹਜ਼ਾਰ ਦਿਦਾਰੈਂ ਕਲਮਦਾਨ ਕੀ,
ਨਾ ਗਿਨਤੀ ਹੈ ਅਸਪ ਖ਼ਾਸਾਨ[੨੦] ਕੀ ॥੩੭॥
ਲਗੀ ਲੈਨ ਤੋਪੇਂ ਕਈ ਕੋਸ ਮੈਂ ।
ਨਹੀਂ ਉਨ ਕੀ ਗਿਨਤੀ ਪਰੇ ਹੋਸ ਮੈਂ ॥੩੮॥
ਗੁਬਾਰੇ ਜੰਬੂਰੋਂ ਕੀ ਗਿਨਤੀ ਨਹੀਂ ।
ਐਸੀ ਬਾਦਸ਼ਾਹੀ ਨ ਦੇਖੀ ਕਹੀਂ ॥੩੯॥
ਹੂਈ ਦਿਨ ਬਦਿਨ ਜੀਤ ਸਰਕਾਰ ਕੀ,
ਜੁ ਦੁਸ਼ਮਨ ਕਰੈਂ ਸਿਫ਼ਤ ਦਰਬਾਰ ਕੀ ॥੪੦॥
'ਗਰੀਬੁ ਪਰਸਤੀ ਗ਼ਨੀਮੁਲ ਗੁਦਾਜ਼ ।'[੨੧]
ਸਭੀ ਕਾਮ ਮੈਂ ਵਹੁ ਰਹਾ ਚਾਰ ਬਾਜ਼ ॥੪੧॥
ਕੜਾ ਔਰ ਕੰਠੇ ਇਨਾਇਤ ਕੀਏ ।
ਹੀਰੇ ਔ ਜਵਾਹਰ ਦੁਸ਼ਾਲੇ ਦੀਏ ॥੪੨॥
ਦੀਏ ਅਸਪ ਤਾਜ਼ੀ ਕਸੇ ਜ਼ੀਨੇ ਜ਼ਰ ।
ਦੀਏ ਫੀਲ[੨੨] ਅੰਬਾਰੀ ਔ ਸੈ ਮੁਹਰ ॥੪੩॥
ਇਨਾਇਤ ਕਰੋਰੈਂ ਖਜ਼ਾਨੇ ਕੀਏ ।
ਕਿਤੇ ਗ਼ਾਉਂ ਸਿਰ ਕੀ ਖ਼ਰਾਇਤ ਦੀਏ ॥੪੪॥
ਜ਼ਮੀਨ ਔ ਕੂਏ ਕੀ ਗਿਨਤੀ ਨਹੀਂ ।
ਨਹੀਂ ਦਾਨ ਅਭਿਲਾਖਾ ਗਊਅਨ ਰਹੀ ॥੪੫॥
ਸਦਾ ਉਸ ਕੇ ਦਿਲ ਮੈਂ ਯਹੀ ਚਾਵ ਥਾ ।
ਅਜਬ ਵੁਹ ਸਖ਼ਾਵਤ ਕਾ ਦਰੀਆਵ ਥਾ ॥੪੬॥
"ਸਖ਼ਾਵਤ ਕੁਨਦ ਨੇਕ ਬਖ਼ਤ ਅਖ਼ਤਿਆਰ ।
ਕਿ ਮਰਦ ਸਖ਼ਾਵਤ ਸ਼ਵਦ ਬਖ਼ਤਿਆਰ"[੨੩] ॥੪੭॥
ਰਹੀ ਦੋਸਤੀ ਕੰਪਨੀ ਸੋਂ ਬਨੀ[੨੪] ।
ਨ ਅਪਨੀ ਔ ਉਨਕੀ ਜੁਦਾਈ ਗਨੀ ॥੪੮॥

---

੨੦. (ਮਹਾਰਾਜੇ ਲਈ) ਖ਼ਾਸ ਸਵਾਰੀ ਦੇ ਘੋੜਿਆਂ ਦੀ। ੨੧. ਗਰੀਬਾਂ ਦੀ ਪਾਲਨਾ ਕਰਨੀ ਤੇ ਦੁਸ਼ਮਨਾਂ ਨੂੰ ਮਾਰਨਾ। ੨੨. ਹਾਥੀ। ੨੩. ਨੇਕ ਆਦਮੀ ਦਾਨੀ ਸੁਭਾਉ ਵਾਲਾ ਹੁੰਦਾ ਹੈ, ਇਸ ਵਾਸਤੇ ਕਿ ਆਦਮੀ ਦਾਨ ਕਰਨ ਤੋਂ ਇਕਬਾਲ ਵਾਲਾ ਹੁੰਦਾ ਹੈ। ੨੪. ਭਾਵ-ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਦੋਸਤੀ ਈਸਟ-ਇੰਡੀਆ ਕੰਪਨੀ ਦੇ ਨਾਲ ਬਣੀ ਰਹੀ।

ਵੁਹ ਦਾਨਾ ਥਾ ਬੀਰ ਫ਼ਰਫ਼ੇਜ ਸੈਂ ।
ਰਖੈ ਥਾ ਮੁਹੱਬਤ ਵੁਹ ਅੰਗ੍ਰੇਜ਼ ਸੈਂ ॥੪੯॥

ਗੁਰੂ ਪੁਸ਼ਤ ਉਸ ਕੀ ਪੈ ਮੱਦਤ ਧਰੈਂ ।
ਸਭੀ ਲਾਟ ਆਕਰ ਮੁਤਾਬਕ ਕਰੈਂ ॥੫੦॥

ਸਿਰੋਂ ਲਾਹਿ ਟੋਪੀ ਕੋ ਕਰਤੇ ਸਲਾਮ ।
ਕਰੋ ਬਾਦਸ਼ਾਹੀ ਮੁਲਕ ਕੀ ਤਮਾਮ ॥੫੧॥

ਤਵਾਜ਼ੈ ਦੁਤਰਫ਼ੀ ਕੀ ਮਨਜ਼ੂਰ ਥੀ ।
ਦਰਜ਼[੨੫] ਕੀ ਗਰਜ਼ ਖ਼ੁਦ ਬਖ਼ੁਦ ਦੂਰ ਥੀ ॥੫੨॥

"ਤਵਾਜ਼ਹ ਜ਼ਿਆਦਤ ਕੁਨਦ ਜ਼ਾਹਿਰਾ ।
ਕਿ ਅਜ਼ ਮਹਰ ਪਰਤੋ ਬਵਦ ਮਾਹ ਰਾ[੨੬]" ॥੫੩॥

ਐਸਾ ਤੌਰ ਉਸ ਕਾ ਰਹਾ ਦਿਨ ਬਦਿਨ ।
ਨ ਰਖਨਾ ਪਰਾ ਦੋਸਤੀ ਏਕ ਛਿਨ ॥੫੪॥

## ਮਹਾਰਾਜਾ ਰਣਜੀਤ ਸਿੰਘ ਜੀ ਦਾ ਅਕਾਲ ਚਲਾਣਾ

ਕਟੇ ਦਿਨ, ਰਹੀ ਖ਼ੁਦ ਉਸ ਕੋ ਬਹਾਰ ।
ਮਗਰ ਮੌਤ ਕਾ ਜਲਦ ਆਇਆ ਕਰਾਰ ॥

ਯਹ ਖ਼ਲਕਤ ਖ਼ਿਜ਼ਾਂ ਜਾਣਿ ਕੀਨੀ ਤਰਕ ।
ਸਭੀ ਬਾਦਸ਼ਾਹੀ ਸੌਂ ਕੀਨਾ ਫ਼ਰਕ ॥੫੫॥

ਖੜਗ ਸਿੰਘ ਕੋ ਤਖ਼ਤ ਬੈਠਾ ਦੀਆ ।
ਮੁਲਕ ਬਾਦਸ਼ਾਹੀ ਕੋ ਮਾਲਿਕ ਕੀਆ ॥੫੬॥

ਬਹਿਸ਼ਤੀ ਹੂਏ ਬਾਦਸ਼ਾਹੀ ਕੋ ਕਰ ।
ਸੁਨੀ ਸਭ ਵਿਲਾਇਤ ਮੈਂ ਉਸ ਕੀ ਖ਼ਬਰ ॥੫੭॥

'ਠਾਰਾਂ ਸੈ ਕੇ ਊਪਰ ਛਿਆਨਵ ਹੂਆ ।
ਮਹਾਰਾਜਾ ਕਾ ਤਬ ਚਲਾਨਾ ਹੂਆ ॥੫੮॥

ਕਿਸ਼ਨ ਪੱਖ ਆਸਾੜ[੨੭] ਏਕਮ ਥੀ ਜਬ ।
ਚਢੇ ਬੀਰਬਾਰੇ[੨੮] ਮਹਾਰਾਜ ਤਬ ॥੫੯॥

ਹੂਆ ਉਸ ਕਾ ਅਫ਼ਸੋਸ ਚਾਰੋਂ ਤਰਫ ।
ਸਭਨ ਮੁਖ ਨਿਕਾਲਾ ਹੈ ! ਹਾ ! ਕਾ ਹਰਫ਼ ॥੬੦॥

---

੨੫. ਦੁਜਾਇਗੀ । ੨੬. 'ਆਜਜ਼ੀ ਆਦਮੀ ਦੇ ਰੁਤਬੇ ਨੂੰ ਵਧਾਉਂਦੀ ਹੈ, ਜਿਸ ਤਰ੍ਹਾਂ ਕਿ ਚੰਦ ਸੂਰਜ ਤੋਂ ਰੌਸ਼ਨੀ ਹਾਸਲ ਕਰਦਾ ਹੈ।' ੨੭. ਹਾੜ੍ਹ ।
੨੮. ਵੀਰਵਾਰ ਦਿਨ ।

ਦੂਨੀ ਬੀਚ ਅਫਸੋਸ ਕੇ ਖੋ ਗਈ ।
ਸਭੀ ਕੀ ਅਕਲ ਬਿਅਕਲ ਹੋ ਗਈ ॥੬੧॥
ਲਗੀ ਲੋਟ ਪੋਟਨ ਸਭੀ ਰਾਨੀਆਂ ।
ਜਿਨੇ ਆਬ ਮਹਿਤਾਬ ਬਿਲਲਾਨੀਆਂ ॥੬੨॥
ਜਿਨੈਂ ਦਾਮਨੀ[੨੯] ਦੇਖ ਦਬ ਜਾਤ ਹੈ ।
ਵੁਹ ਕੂੰਜੋਂ ਕੀ ਮਾਨਿੰਦ ਕੁਰਲਾਤ ਹੈ ॥੬੩॥
ਕਿਤੀ ਰਾਨੀਆਂ ਸਾਥ ਹੈਂ ਜਲ ਗਈਂ ।
ਕਿਤੀ ਰਾਨੀਆਂ ਸਬਰ ਕਾਤੀ ਲਈ ॥੬੪॥
ਕਿਤੀ ਰਾਨੀਆਂ ਸੰਗ ਮਾਲਿਕ ਜਰੀਂ ।
ਹੂਈ ਸਭ ਬਹਿਸ਼ਤਨਿ ਨ ਲਾਗੀ ਘਰੀ ॥੬੫॥
ਨ ਭੂਲੇਗਾ ਜਬ ਤਕ ਜ਼ਮੀਂ ਆਸਮਾਂ ।
ਐਸਾ ਬਾਦਸ਼ਾਹ ਫ਼ੈਜ਼ ਬਖਸ਼ੇ ਜਵਾਂ ॥੬੬॥
ਐਸਾ ਬਾਦਸ਼ਾਹ ਕਿਉਂ ਨਾ ਜੀਤਾ ਰਹਾ ।
ਸਤਜੁਗ ਕਲੂ ਬੀਚ ਬੀਤਾ ਰਹਾ ॥੬੭॥

## ਡੋਗਰਾ-ਗਰਦੀ ਤੇ ਸ਼ੇਰਿ-ਪੰਜਾਬ ਦੇ ਖ਼ਾਨਦਾਨ ਦੀ ਤਬਾਹੀ

ਹੂਆ ਹੈ ਸ਼ਾਹਜਾਦਾ ਖੜਗ ਸਿੰਘ ਸ਼ਾਹ ।
ਲਗਾ ਚੇਤ ਸਿੰਘ ਕੀ ਵੁਹ ਵਰਤਨ ਸਲਾਹ ॥੬੮॥
ਹੂਈ ਦਿਨ ਬਦਿਨ ਉਸਕੀ ਮੱਦਤ ਨਈ[੩੦] ।
ਮਗਰ ਧਿਆਨ ਸਿੰਘ ਕੋ ਗ਼ਰੂਰਤ ਭਈ ॥੬੯॥
ਜਲਦ ਚੇਤ ਸਿੰਘ ਉਨ ਨੈਂ ਮਾਰਾ ਜਬੈਂ ।
ਫਿਕਰ ਬਾਦਸ਼ਾਹੀ ਮੋ ਡਾਰਾ ਤਬੈ ॥੭੦॥
ਰਹੈ ਉਸ ਕੇ ਅਫਸੋਸ ਮੈਂ ਬਾਦਸ਼ਾਹ ।
ਕੋਊ ਦਿਨ ਕੋ ਪਾਕਰ ਵੁਹ ਹੂਆ ਫਨਾਹ ॥੭੧॥
ਅਠਾਰਾਂ ਸੈ ਊਪਰ ਛਿਆਨਵ ਗਏ ।
ਕਤਕ ਸੁਦਿ ਇਕਾਦਸ ਬਹਿਸ਼ਤੀ ਭਏ ॥੭੨॥
ਉਸੀ ਦਿਨ ਡਿਗੀ ਕੌਰ[੩੧] ਸਿਰ ਪਰ ਦਿਵਾਲ ।
ਦੋਊ ਬਾਪ-ਬੇਟਾ ਚਲੇ ਦਮ ਨਿਕਾਲ ॥੭੩॥
ਊਧਮ ਸਿੰਘ ਰਾਜਾ ਕਾ ਬੇਟਾ ਮੂਆ ।
ਵਹੀ ਕੌਰ ਕੇ ਸੰਗ ਸਾਥੀ ਹੂਆ ॥੭੪॥

---

੨੯. ਬਿਜਲੀ । ੩੦. 'ਨਹੀਂ' ਪਾਠ ਵੀ ਹੈ । ੩੧. ਕੌਰ ਨੌਨਿਹਾਲ ਸਿੰਘ ਦੇ ।

ਜਵਾਂ ਮੌਤ ਸੁਨ ਕਰਿ ਪਟਰਾਨੀਆਂ ।
ਲਗੀ ਰੋਨ ਪੀਟਨ ਵੁਹ ਖ਼ੁਸ਼-ਖ਼ਾਨੀਆਂ ॥੭੫॥
ਜਰੀ ਸਾਥ ਉਨ ਕੇ ਲਗਾ ਆਗ ਕੋ ।
ਧੋਇਆ ਉਨ ਨੈਂ ਅਪਨੇ ਹੂ ਦਿਲਦਾਗ ਕੋ ॥੭੬॥
ਹੂਆ ਉਨ ਕੇ ਮਰਨੇ ਕਾ ਅਫਸੋਸ ਹੈ ।
ਯਹ ਹੋਨੀ ਬਲਾ ਕਿਸ ਕੇ ਸਿਰ ਦੋਸ਼ ਹੈ ॥੭੭॥
ਪੜਾ ਸ਼ੋਰ ਪੰਜਾਬ ਐਸਾ ਜ਼ਬਰ ।
ਸਭੀ ਥਰਥਰਾਨੇ ਯਹ ਪਾ ਕਰ ਖਬਰ ॥੭੮॥
ਕਹੈਂ ਲੋਗ ਸਭ-"ਅਬ ਬਾਦਸ਼ਾਹੀ ਗਈ ।
ਰਾਜਾ ਧਿਆਨ ਸਿੰਘ ਨੇ ਹੈ ਜਾਨੇ ਦਈ" ॥੭੯॥
ਕਮਰ ਬਾਂਧਿ ਹਿੰਮਤ ਖਬਰ ਸੇ ਰਹੋ ।
ਲਿਖਾ ਸ਼ੇਰ ਸਿੰਘ ਕੋ ਨ ਦਮ ਦੇਰ ਹੋ ॥੮੦॥
ਕਿਹਾ ਧਿਆਨ ਸਿੰਘ ਨੇ ਸ਼ੇਰ ਸਿੰਘ ਕੋ ਬੁਲਾ ।
ਤਖ਼ਤ ਕੇ ਬਿਠਾਨੇ ਕੀ ਕੀਨੀ ਸਲਾਹ ॥੮੧॥
ਨਹੀਂ ਸੰਧਾਵਾਲੋਂ ਨੇ ਮਾਨੀ ਸਲਾਹ ।
ਤਬੈ ਚੰਦ ਕੌਰਾਂ ਕਰੀ ਬਾਦਸ਼ਾਹ ॥੮੨॥
ਬਨੀ ਬਾਤ ਕੌਂਸਲ ਕੀ ਚੰਦ ਰੋਜ਼ ਹੈ ।
ਹਟੇ ਸ਼ੇਰ ਸਿੰਘ ਜੀ, ਰਹੇ ਖੋਜ ਲੈਂ ॥੮੩॥
ਤਬੈ ਧਿਆਨ ਸਿੰਘ ਆ ਕਰ ਦੀਨੀ ਸਲਾਹ ।
"ਕਰੋਂਗਾ ਤੁਮੈਂ ਤਖ਼ਤ ਪਰ ਬਾਦਸ਼ਾਹ ॥੮੪॥
ਯਹ ਖ਼ਾਤਰ ਜਮਾ ਸ਼ੇਰ ਸਿੰਘ ਜੂ ਰਖੋ ।
ਕੋਊ ਦਿਨ ਮੈਂ ਖ਼ੁਦ ਰਾਜ ਅਪਨਾ ਲਖੋ" ॥੮੫॥
ਉਤੇ ਸ਼ੇਰ ਸਿੰਘ ਜੂ ਬਟਾਲੇ ਗਏ ।
ਇਤੈ ਧਿਆਨ ਸਿੰਘ ਜੂ ਫ਼ਿਕਰ ਮੋ ਭਏ ॥੮੬॥
ਲਗੇ ਲੋਗ ਕਹਿਨੇ-"ਯਹ ਔਰਤ ਕਾ ਰਾਜ ।
ਨਹੀਂ ਕਾਮ ਸਰਤਾ, ਕਰੈਂ ਕਿਆ ਇਲਾਜ ॥੮੭॥
ਕਰੀ ਫ਼ੌਜ ਮਿਲਿ ਧਿਆਨ ਸਿੰਘ ਸੋਂ ਸਲਾਹ ।
ਬੁਲਾਂ ਸ਼ੇਰ ਸਿੰਘ ਕੋ ਕਰੋ ਬਾਦਸ਼ਾਹ ॥੮੮॥
ਸਭੀ ਰਜਬਨੈਂ ਪਲਟਨੈਂ ਮਿਲ ਗਈਂ ।
ਹੁਕਮ ਸ਼ੇਰ ਸਿੰਘ ਕੇ ਬਜਾਨੇ ਲਈਂ ॥੮੯॥
ਕਹਾ ਧਿਆਨ ਸਿੰਘ ਯੌਂ ਬਿਰਾਦਰ ਬੁਲਾ ।
ਬੁਲਾ ਹੀਰਾ ਸਿੰਘ ਕੋ ਕਰੀਏ ਸਲਾਹ ॥੯੦॥

ਤੂੰ ਕਿਲਾ ਮੈਂ ਰਹਿਨਾ ਖ਼ਬਰਦਾਰ ਹੋ ।
ਕੋਊ ਦਿਨ ਮੈਂ ਆਤਾ ਹੂੰ ਜੰਬੂ ਸੇ ਹੌਂ ॥੯੧॥
ਬਨੀ ਸ਼ੇਰ ਸਿੰਘ ਸੌਂ ਹਮਾਰੀ ਸਲਾਹ ।
ਕੋਊ ਦਿਨ ਮੈਂ ਕਰਨਾ ਉਸੇ ਬਾਦਸ਼ਾਹ ॥੯੨॥
ਅਗਰ ਸ਼ੇਰ ਸਿੰਘ ਆਨਿ ਤੁਮ ਸੋ ਲਰੈ ।
ਨ ਦੇਨਾ ਕਿਲਾ ਜ਼ੋਰ ਕੇਤਾ ਕਰੈ ॥੯੩॥
ਮੈਂ ਆਕਰ ਨਿਕਾਰੂੰ ਕਿਲਾ ਸੇ ਤੁਝੈ ।
ਯਹੀ ਬਾਤ ਸਾਚੀ ਪਛਾਨੋ ਮੁਝੈ ॥੯੪॥
ਰਹੈਂਗੀ ਦੁਤਰਫ਼ੀ ਸ਼ਰਤ ਇਸ ਤਰਾਂ ।
ਬਨਾ ਬਾਤ ਜੰਬੂ ਕੌਂ ਹੂਏ ਰਵਾਂ ॥੯੫॥
ਉਤੈਂ ਸ਼ੇਰ ਸਿੰਘ ਸੌਂ ਕੀਨਾ ਮਤਾ ।
ਚਲੌਂ ਝਪਟ ਲਾਹੌਰ ਕੀਜੋ ਫ਼ਤਾ ॥੯੬॥
ਚਢੇ ਸ਼ੇਰ ਸਿੰਘ ਸਤਿਗੁਰੂ ਕੋ ਮਨਾ ।
ਫ਼ਤਹ ਕਾ ਨਿਸ਼ਾਨਾ ਲੀਆ ਹੈ ਬਜਾ ॥੯੭॥
ਯਕ ਦਮ ਪਹੁੰਚੇ ਹੈਂ ਲਾਹੌਰ ਦੌਰ ।
ਕਿ ਬੁੱਧੂ ਕਾ ਆਵਾ ਬਨੀ ਪੇਸ਼ਿ ਠੌਰ ॥੯੮॥
ਮਿਲੇ ਰਜਬਨੌਂ ਪਲਟਨੌਂ ਕੇ ਜਵਾਂ ।
ਮਿਲੇ ਘੁੜਚੜ੍ਹੇ ਤੋਪਖ਼ਾਨੇ ਕਲਾਂ ॥੯੯॥
ਗੁਬਾਰੇ ਜੰਬੂਰੇ ਜਲਦ ਮਿਲ ਖੜੇ ।
ਸਭੀ ਕੜ ਕੜਾ ਕਰ ਕਿਲਾ ਪਰ ਪੜੇ ॥੧੦੦॥
ਜਲਦ ਆਨਿ ਘੇਰਾ ਚੁਤਰਫ਼ੈ ਲਾਹੌਰ ।
ਲਗੀ ਥਰ-ਥਰਾਨੇ ਤਬੀ ਚੰਦ ਕੌਰ ॥੧੦੧॥
ਜਿਤੇ ਜਾਬਰੇ ਥੇ ਕਿਲਾ ਮੈਂ ਜਵਾਂ ।
ਵਹੀ ਸਾਥ ਰਹਿ ਗਏ ਉਸ ਕੇ ਨਿਸ਼ਾਂ ॥੧੦੨॥
ਅਤਰ ਸਿੰਘ ਅੰਦਰ ਜੋ ਸਰਦਾਰ ਥਾ ।
ਦੋਊ ਰਾਜਿਓਂ ਸਾਥ ਮੁਖ਼ਤਿਆਰ ਥਾ ॥੧੦੩॥
ਦੋਊ ਓਰ ਝਟ ਪਟ ਪੜਾ ਜੰਗ ਹੈ ।
ਜੁੜੀ ਪਲਟਨੈਂ ਜੋ ਰੰਗਾ ਰੰਗ ਹੈ ॥੧੦੪॥
ਕੜਾ ਕੜ ਉਠੈਂ ਤੋਪ ਜੰਗੀ ਜੜੀ ।
ਦੜਾ ਦੜ ਗਿਰੈ ਈਂਟ ਲਾਖੈਂ ਪੜੀ ॥੧੦੫॥
ਗੁਬਾਰੈਂ ਕਾ ਗੋਲਾ ਚਲੇ ਝਟਪਟੇ ।
ਅਸਪ ਔ ਜਵਾਂ ਹਰ ਤਰਫ਼ ਕੋ ਕਟੈ ॥੧੦੬॥

ਹੂਯਾ ਜੰਗ ਪਾਂਚ ਔ ਰਾਤ ਲੌਂ ।
ਨ ਛੂਟਾ ਕਿਲਾ ਧਿਆਨ ਸਿੰਘ ਆਤ ਲੌਂ ॥੧੦੭॥
ਜਬੈਂ ਧਿਆਨ ਸਿੰਘ ਆ ਦਾਖਲ ਭਏ ।
ਪਰੀ ਬੰਦ ਤੋਪੈਂ ਸਭੀ ਹਟ ਗਏ ॥੧੦੮॥
ਤਬੈ ਬੇਦੀ ਸਾਹਿਬ ਕੋ[੩੨] ਲੀਨਾ ਬੁਲਾ ।
ਮਿਲੀ ਸਾਥ ਉਸ ਕੇ ਜੁ ਅੰਦਰ ਸਿਪਾਹ ॥੧੦੯॥
ਸਭੀ ਧਿਆਨ ਸਿੰਘ ਜੂ ਦੀਨੇ ਮਿਲਾ ।
ਤਬੀ ਸ਼ੇਰ ਸਿੰਘ ਕੋ ਕੀਆ ਬਾਦਸ਼ਾਹ ॥੧੧੦॥
ਮਿਲੇ ਨਾਹਿ ਤਾਕੋ ਸੰਧਾਵਾਲੀਏ ।
ਕਿਲੇ ਖੋਸ ਤਾਕੇ ਬਿਮਾਲਿਕ ਕੀਏ ॥੧੧੧॥
ਕਿਤੇ ਖ਼ੌਫ਼ ਸੋਂ ਪਾਰ ਦਰਿਯਾ ਗਏ ।
ਕਿਤੇ ਕੋਪ ਕਰ ਬੰਦੀਖ਼ਾਨੇ ਦੀਏ ॥੧੧੨॥
ਜਬੈ ਸ਼ੇਰ ਸਿੰਘ ਕਿਲਾ ਮੈਂ ਵੜ ਗਿਆ ।
ਹਮਲ ਕੌਰ ਔਰਤ ਕਾ ਗਿਰਵਾ ਦੀਆ[੩੩] ॥੧੧੩॥
ਕਿਤੇ ਦਿਨ ਕੋ ਮਰਵਾ ਦਈ ਚੰਦ ਕੌਰ ।
ਕਰੈ ਸ਼ੇਰ ਸਿੰਘ ਬਾਦਸ਼ਾਹੀ ਲਹੌਰ ॥੧੧੪॥

---

੩੨. ਬਾਬਾ ਬਿਕ੍ਰਮ ਸਿੰਘ ਬੇਦੀ ਊਨੇ ਵਾਲੇ ਨੂੰ ।

੩੩. ਕੌਰ ਨੌਨਿਹਾਲ ਸਿੰਘ ਦੀਆਂ ਚਾਰ ਰਾਣੀਆਂ ਸਨ, ਰਾਣੀ ਨਾਨਕੀ ਅਟਾਰੀ ਵਾਲੀ, ਰਾਣੀ ਸਾਹਿਬ ਕੌਰ ਗਿਲਵਾਲੀ ਵਾਲੀ, ਰਾਣੀ ਕਟੋਚਣ ਅਤੇ ਰਾਣੀ ਭਦੌੜਨ । ਇਨ੍ਹਾਂ ਵਿਚੋਂ ਪਿਛਲੀਆਂ ਦੋਵੇਂ ਰਾਣੀਆਂ ਕੌਰ ਸਾਹਿਬ ਦੇ ਨਾਲ ਸਤੀ ਹੋ ਗਈਆਂ ਸਨ । ਰਾਣੀ ਸਾਹਿਬ ਕੌਰ ਗਿਲਵਾਲੀ ਵਾਲੀ ਉਸ ਵੇਲੇ ਗਰਭਵਤੀ ਸੀ । ਮਹਾਰਾਣੀ ਚੰਦ ਕੌਰ ਨੇ ਡੋਗਰਿਆਂ ਦੇ ਫ਼ਰੇਬ ਤੋਂ ਡਰ ਕੇ ਉਸ ਨੂੰ ਸੁਰਖਸ਼ਤ ਰੱਖਣ ਦੇ ਖ਼ਿਆਲ ਨਾਲ ਫ਼ਤਹਗੜ੍ਹ ਭੇਜ ਦਿੱਤਾ ਸੀ, ਜਿਸ ਕਰ ਕੇ ਨਵੰਬਰ ੧੮੪੦ ਤੋਂ ਮਾਰਚ ੧੮੪੧ ਤਕ ਲਗਭਗ ੪ ਮਹੀਨੇ ਉਹ ਉਥੇ ਰਹੀ । ਪਿੱਛੋਂ ਧਿਆਨ ਸਿੰਘ ਦੇ ਕਹਿਣ ਤੇ ਮਹਾਰਾਜਾ ਸ਼ੇਰ ਸਿੰਘ ਨੇ ਉਸ ਨੂੰ ਓਥੋਂ ਮਹਾਰਾਣੀ ਚੰਦ ਕੌਰ ਦੇ ਜ਼ਬਤ ਹੋਏ ਮਾਲ ਅਸਬਾਬ ਸਮੇਤ ਕੈਦ ਕਰ ਕੇ ਲਾਹੌਰ ਮੰਗਵਾ ਲਿਆ ਤੇ ਬੁੱਧੂ ਦੇ ਆਵੇ ਵਾਲੀ ਬਾਰਾਂਦਰੀ ਵਿਚ ਨਜ਼ਰਬੰਦ ਕਰ ਦਿੱਤਾ । ਮਾਈ ਦਾਸੀ ਤੇ ਮਾਨ ਕੌਰ ਨਾਮੀ ਦੋ ਦਾਈਆਂ ਉਸ ਦੇ ਕੋਲ ਰੱਖੀਆਂ ਗਈਆਂ, ਗ਼ਾਲਬਨ ਇਸ ਕੈਦ ਦੀ ਹਾਲਤ ਵਿਚ ਹੀ ਉਸਦਾ ਹਮਲ ਗਿਰਵਾਇਆ ਗਿਆ । ਪਿੱਛੋਂ ਮਹਾਰਾਣੀ ਚੰਦ ਕੌਰ ਨੇ ਧਿਆਨ ਸਿੰਘ ਨੂੰ ਰਿਸ਼ਵਤ ਦੇਣੀ ਕਰ ਕੇ ਆਪਣੀ ਨੂੰਹ ਨੂੰ ਮਸਾਂ ਮਸਾਂ ਰਿਹਾ ਕਰਵਾਇਆ । ਰਾਣੀ ਸਾਹਿਬ ਕੌਰ ਇਸ ਕੈਦ ਵਿਚੋਂ ਨਿਕਲ ਕੇ ਥੋੜੇ ਦਿਨ ਹੀ ਜੀਵੀ ਤੇ ਜਲਦੀ ਹੀ ਇਸੇ ਸਾਲ ਉਸ ਦਾ ਦੇਹਾਂਤ ਭੀ ਹੋ ਗਿਆ ।

ਰਹੈ ਦਿਨ ਬਦਿਨ ਧਿਆਨ ਸਿੰਘ ਕੀ ਸਲਾਹ ।
ਨ ਮਾਨੈ ਕਿਸੀ ਔਰ ਕੀ ਬਾਦਸ਼ਾਹ ॥੧੧੫॥
ਜਬੈ ਸਲਤਨਤ ਉਸ ਨੇ ਖ਼ੁਦ ਕਰ ਲੀਆ ।
ਤਬੈ ਸੰਧਾਵਾਲੀਆਂ ਕੋ ਬੁਲਾਵਾ ਦੀਆ ॥੧੧੬॥
ਓਵੇਂ ਸੰਧਾਵਾਲੋਂ ਕੋ ਲੀਨਾ ਬੁਲਾ ।
ਵੁਹ ਆਏ ਦਗਾ ਉਨ ਨੇ ਰਾਖਾ ਛੁਪਾ ॥੧੧੭॥
ਤਕੀ ਉਨ ਨੈ ਦਿਨ ਰਾਤ ਖ਼ਿਜਮਤ ਕਲਾਂ ।
ਲੀਆ ਮੁਲਕ ਅਪਨਾ ਕਰਾ ਕਰ ਜ਼ਬਾਂ ॥੧੧੮॥
ਜਿਤੇ ਕੈਦ ਥੇ ਸਭ ਲੀਏ ਫਿਰ ਛੁੜਾ ।
ਤਬੀ ਹੈ ਗਏ ਵੁਹ ਮੁਸਾਹਿਬ ਸਲਾਹ ॥੧੧੯॥
ਅਤਰ ਸਿੰਘ ਆਖ਼ਰ ਅਪਨਾ ਹੂਆ ।
ਹਠੀ ਸਿੰਘ ਐਸਾ ਨ ਦੇਖਾ ਦੂਆ ॥੧੨੦॥
ਵੁਹ ਲਿਖਤਾ ਰਹਾ ਜੀਤ ਸਿੰਘ ਕੋ ਕਲਾਮ ।
ਬਿਨਾ ਤਖ਼ਤ ਗਰਦੀ ਹੈ ਖ਼ਾਨਾ ਹਰਾਮ[੩੪] ॥੧੨੧॥
ਜਬੈਂ 'ਜੀਤ ਸਿੰਘ ਪਰ ਵਸਾ ਬਾਦਸ਼ਾਹ ।
ਵਹੀ ਦਾਗ਼ ਦਿਲ ਚੰਦ ਕੌਰਾ ਫਨਾਹ[੩੫] ॥੧੨੨॥
ਲੀਆ ਵੈਰ ਉਸ ਕਾ ਨਹੀਂ ਜਬ ਤਲਕ ।
ਦੋਊ ਆਂਖ ਮਿਲ ਕਰ ਨ ਲਗਤੀ ਪਲਕ ॥੧੨੩॥
ਬਨਾ ਸ਼ਾਹ ਬਿਲਾਵਲ ਅਜਾਇਬ ਮਕਾਂ ।
ਊਹਾਂ ਸ਼ਾਹ ਜਾ ਕਰਕੇ ਦੇਖਤ ਜਵਾਂ[੩੬] ॥੧੨੪॥
ਮੰਗਾ ਫੌਜ ਅਪਨੀ ਦਿਖਾਲਾ ਦੀਆ ।
ਯਕੇ ਰੋਜ਼ ਦਾਉ ਉਨ ਐਸਾ ਕੀਆ ॥੧੨੫॥
"ਯਹ ਨੰਦਨ ਸੇ ਆਈ ਦੁਨਾਲੀ ਨਈ ।"
ਲਗਾ ਸ਼ਾਹ ਲੇਨੇ ਜੁ ਕਲਾ ਦਬ ਦਈ ॥੧੨੬॥
ਦੁਨਾਲੀ ਨਿਕਲ ਗਈ ਜਿਗਰ ਜਲਦ ਚੀਰ ।
ਹੂਈ ਬਾਦਸ਼ਾਹ ਜਾਨ ਪਲ ਮੈਂ ਤਗ਼ੀਰ ॥੧੨੭॥

---

੩੪. ਸੰਤ ਸ਼ੇਰ ਸਿੰਘ ਜੀ ਬੀਰ ਮ੍ਰਿਗੇਂਦ੍ਰ ਗੁਰ ਬਿਲਾਸ ਸਫ਼ਾ ੧੪੨੨-੨੩-੨੬ ਤੇ ੧੪੨੭ ਪਰ ਲਿਖਦੇ ਹਨ ਕਿ ਸਰਦਾਰ ਅਜੀਤ ਸਿੰਘ ਨੂੰ ਉਸਦੇ ਚਾਚਾ ਸਰਦਾਰ ਲਹਿਣਾ ਸਿੰਘ ਸੰਧਾਵਾਲੀਏ ਨੇ ਪ੍ਰੇਰਿਆ ਸੀ ।

੩੫. ਮਹਾਰਾਣੀ ਚੰਦ ਕੌਰ ਦੇ ਮਾਰੇ ਜਾਣ ਤੋਂ ਬਿਨਾਂ ਸੰਧਾਵਾਲੀਆ ਨੂੰ ਕੌਰ ਨੌ-ਨਿਹਾਲ ਸਿੰਘ ਦੀ ਰਾਣੀ ਸਾਹਿਬ ਕੌਰ ਦਾ ਹਮਲ ਗਿਰਾਏ ਜਾਣ ਦਾ ਵੀ ਦਿਲੀ ਦੁੱਖ ਸੀ ।

੩੬. ਪਹਿਲਵਾਨਾਂ ਦੇ ਘੋਲ ।

ਤਰਫ਼ ਸ਼ਾਹ ਕਟ ਕੈ ਬੁਧ ਸਿੰਘ ਮੂਆ[37] ।
ਨਿਮਕ ਕੀ ਸ਼ਰਤ ਪਰ ਬਹਿਸ਼ਤੀ ਹੁਆ ॥੧੨੮॥
ਅਜੀਤ ਸਿੰਘ ਨੇ ਤਖ਼ਤ ਖਾਲੀ ਕੀਆ ।
ਲਹਿਨਾ ਸਿੰਘ ਜਾ ਕੌਰ[38] ਕਾ ਸਿਰ ਲੀਆ ॥੧੨੯॥
ਕਰੀ ਬਾਦਸ਼ਾਹ ਜਾਂਨ ਬਾਹਰ ਤਗ਼ੀਰ ।
ਕਿਲਾ ਬੀਚ ਜਾ ਕਰ ਕੇ ਮਾਰਾ ਵਜ਼ੀਰ[39] ॥੧੩੦॥
ਉਨ੍ਹਾਂ ਦਲੀਪ ਸਿੰਘ ਕੋ ਬੁਲਾ ਕਰ ਲੀਆ ।
ਤਖਤ ਪਰ ਤਿਲਕ ਦੇ ਕੇ ਮਾਲਿਕ ਕੀਆ ॥੧੩੧॥
ਲੀਆ ਆਪ ਉਨ ਨੈ ਵਜ਼ੀਰੀ ਖ਼ਿਤਾਬ ।
ਇਤੇ ਕਾਮ ਕੀਏ ਉਸੀ ਦਿਨ ਸ਼ਿਤਾਬ ॥੧੩੨॥
ਪੜਾ ਸ਼ੋਰ ਲਹੌਰ ਐਸਾ ਜਬਰ ।
ਤਬੇ ਹੀਰਾ ਸਿੰਘ[40] ਜਲਦ ਪਾਈ ਖ਼ਬਰ ॥੧੩੩॥
ਲਗੀ ਬਾਤ 'ਆਤਸ਼ ਬਰਾ' ਜੋਸ਼ ਮੈਂ ।
ਵੁਹ ਦਾਨਾਵ ਥਾ ਚੁਸਤ ਸਭ ਹੋਸ਼ ਮੈਂ ॥੧੩੪॥
ਸੁਨਾ ਕਰ ਸਭੀ ਫੌਜ ਅੰਦਰ ਕਹਾ ।
ਮੂਆ ਧਿਆਨ ਸਿੰਘ ਸੁਨ ਨਾ ਧੀਰਜ ਰਹਾ ॥੧੩੫॥
ਕਰੈਂ ਕੌਨ ਸਭ ਫੌਜ ਕੀ ਪਰਵਰੀ ।
ਅਦਾਲਤ ਕਰੈ ਕੌਨ ਸਿਰ ਪਰ ਧਰੀ ॥੧੩੬॥
ਅਮਰ ਸਿੰਘ ਫ਼ਰਜ਼ੰਦ ਆਗੇ ਹੂਆ ।
ਵੁਹ ਹੀਰਾ ਸਿੰਘ ਕੇ ਸਾਥ ਸ਼ਾਮਲ ਦੂਆ ॥੧੩੭॥
ਜੁ ਗੁਰਦਿੱਤ ਸਿੰਘ ਨਾਮ ਉਸ ਕਾ ਜਗਾ ।
ਮਿਲਾ ਫ਼ੌਜ ਰਾਜਾ ਕੋ ਕਹਿਨੇ ਲਗਾ ॥੧੩੮॥
"ਤੂੰ ਬੇਟਾ ਹੈਂ ਉਸ ਕਾ, ਹੁਕਮ ਦੀਜੀਏ ।
ਸਭੀ ਮਾਨ ਲੇਂਗੇ, ਕਹੋ ਕੀਜੀਏ ॥੧੩੯॥
ਮੂਆ ਧਿਆਨ ਸਿੰਘ ਬੀਰਬਲ ਸਾ ਵਜ਼ੀਰ ।
ਨਹੀਂ ਹਾਥ ਆਤਾ ਹੈ ਐਸਾ ਅਮੀਰ ॥੧੪੦॥
ਸਭੀ ਫ਼ੌਜ ਰਾਜ ਕੀ ਖ਼ਾਤਰ ਕਰੀ ।
"ਲੀਜੈ ਬਾਪ ਕਾ ਵੈਰ ਅਬ ਕੀ ਘਰੀ ॥੧੪੧॥

---

੩੭. ਭਾਈ ਬੁੱਧ ਸਿੰਘ ਦੇ ਨਾਲ ਹੀ ਸ: ਬੂੜ ਸਿੰਘ ਮੁਕੇਰੀਆਂ ਵਾਲਾ, ਭਾਈ ਨਿੱਕਾ ਸਿੰਘ ਹਜੂਰੀ ਅਤੇ ਅਸ਼ਰਫ਼ ਫੱਰਾਸ਼, ਇਹ ਤਿੰਨ ਆਦਮੀ ਹੋਰ ਮਾਰੇ ਗਏ ਸਨ ।

੩੮. ਕੌਰ ਪ੍ਰਤਾਪ ਸਿੰਘ । ੩੯. ਰਾਜਾ ਧਿਆਨ ਸਿੰਘ ਡੋਗਰਾ ।

੪੦. ਧਿਆਨ ਸਿੰਘ ਦਾ ਪੁਤ੍ਰ ਰਾਜਾ ਹੀਰਾ ਸਿੰਘ ।

ਵਜ਼ੀਰੀ ਤੁਮ੍ਹਾਰੀ ਕਹਾਂ ਜਾਇਗੀ ।
ਸੁਨੋ, ਰਾਜਾ ਸਾਹਿਬ ! ਤੁਮ ਪੈ ਆਇਗੀ" ॥੧੪੨॥
ਸਭੀ ਫ਼ੌਜ ਸ਼ਾਹੀ ਜਲਦ ਮਿਲ ਗਈ ।
ਉਠੀ ਫਿਰ ਕਿਲਾ ਪੈ ਲਰਾਈ ਨਈ ॥੧੪੩॥
ਲਗਾ ਜੰਗ ਹੋਨੇ, ਚਲੈਂ ਗੋਲੀਆਂ ।
ਉਡੈਂ ਪ੍ਰਾਨ ਲੇਕਰ, ਭਰੈਂ ਝੋਲੀਆਂ ॥੧੪੪॥
ਦਗੀਂ ਤੋਪੈਂ ਤੜ ਤੜ ਜਿਤੀ ਡਾਹੀਆਂ ।
ਲਗੀ ਗਿਰਨ ਦੜ ਦੜ ਸਭੀ ਬਾਹੀਆਂ ॥੧੪੫॥
ਗੁਬਾਰੈ ਜੰਬੂਰੇ ਕਰੀ ਧੁੰਦ ਹੈ ।
ਦੇਖਾ ਸੰਧਾਵਾਲਨ ਮਚਾ ਦੁੰਦ ਹੈ ॥੧੪੬॥
ਗਿਰੈਂ ਈਂਟ ਬੁਰਜਨ ਗੋਲਾਨ ਸੈਂ ।
ਫਿਰੈਂ ਯੌਂ ਜਨਾਵਰ ਸੀ ਆਸਮਾਨ ਸੈਂ ॥੧੪੭॥
ਕਿਲਾ ਤੌ ਫ਼ਤਾ ਬੀਚ ਦਮ ਕੇ ਕਰਾ ।
ਜਲਦ 'ਜੀਤ ਸਿੰਘ ਕਾ ਜੁਦਾ ਸਿਰ ਕਰਾ ॥੧੪੮॥
ਕਿਤੇ ਹਾਥ ਕੀਨੇ ਲਹਿਨਾ ਸਿੰਘ ਬੀਰ ।
ਕਲਾਂ ਥਾ ਮੁਸਾਹਿਬ ਬਹਾਦੁਰ ਅਮੀਰ ॥੧੪੯॥
ਲਹਿਣਾ ਸਿੰਘ ਕੋ ਮਾਰਿ ਬਦਲਾ ਲੀਆ ।
ਤਬੈ ਹੀਰਾ ਸਿੰਘ ਕਾਮ ਅਪਨਾ ਕੀਆ ॥੧੫੦॥
ਲਈ ਉਸ ਵਜ਼ੀਰੀ ਖ਼ਬਰਦਾਰ ਹੋ ।
ਰਹਾ ਪਾਸ ਜੱਲ੍ਹਾ[੪੧] ਜੂ ਮੁਖ਼ਤਿਆਰ ਹੋ ॥੧੫੧॥
ਕੀਆ ਹੁਕਮ ਜੱਲ੍ਹੇ ਨੇ ਖ਼ੁਦ ਨਾਦਰੀ ।
ਰਖੈ ਥੋ ਮਗ਼ਜ਼ ਮੈਂ ਕਲ ਕਾਦਰੀ ॥੧੫੨॥
ਹੁਕਮ ਬਾਦਸ਼ਾਹ ਕਾ ਨਾ ਚਲਨੈਂ ਦੀਆ ।
ਉਨੈ ਹੁਕਮ ਖ਼ੁਦ ਬਖ਼ੁਦ ਅਪਨਾ ਕੀਆ ॥੧੫੩॥
ਲਗੀ ਥਰਥਰਾਨੇ ਸਭੀ ਫ਼ੌਜ ਹੈ ।
ਨ ਛੋਡੀ ਕਿਸੇ ਕੀ ਭੀ ਖ਼ੁਦ ਮੌਜ ਹੈ ॥੧੫੪॥
ਸੁਚੇਤ ਸਿੰਘ[੪੨] ਆਕਰ ਰਚਾ ਜੰਗ ਹੈ ।

੪੧. ਪੰਡਿਤ ਜੱਲ੍ਹਾ ਰਾਜਾ ਹੀਰਾ ਸਿੰਘ ਦਾ ਉਸਤਾਦ ਵੀ ਰਿਹਾ ਸੀ । ਇਹ ਕੌਲ ਖ਼ਾਨਦਾਨ ਵਿਚੋਂ ਕਸ਼ਮੀਰੀ ਬ੍ਰਾਹਮਣ ਸੀ ।
੪੨. ਰਾਜਾ ਸੁਚੇਤ ਸਿੰਘ ਡੋਗਰਾ, ਰਾਜਾ ਗੁਲਾਬ ਸਿੰਘ ਅਤੇ ਧਿਆਨ ਸਿੰਘ ਦਾ ਛੋਟਾ ਭਾਈ । ਇਹ ਸਿੱਖ ਫੌਜ ਦੇ ਬੁਲਾਉਣ ਤੇ ਲਾਹੌਰ ਆਇਆ ਸੀ, ਪਰ ਫੌਜਾਂ ਵਿਚ ਉਸ ਵੇਲੇ ਏਕਤਾ ਨਹੀਂ ਸੀ, ਇਸ ਲਈ ਇਸ ਦੀ ਸਹਾਇਤਾ ਨਾ ਹੋ ਸਕੀ ।

ਵਜ਼ਾਰਤ ਕਾ ਦਿਲ ਮੈਂ ਹੂਆ ਰੰਗ ਹੈ ॥੧੫੫॥
ਹੀਰਾ ਸਿੰਘ ਕੋ ਉਨ ਕਢੀਂ ਬੋਲੀਆਂ ।
ਲਗੀਂ ਤਬ ਚੁਤਰਫੋਂ ਚਲਨ ਗੋਲੀਆਂ ॥੧੫੬॥
ਲਗੀ ਚਲਨ ਤੀਛੀ ਜੁ ਤਲਵਾਰ ਹੈ ।
ਤਬੀ ਖ਼ੂਨ ਖ਼ਾਸੀ ਚਲੀ ਧਾਰ ਹੈ ॥੧੫੭॥
ਉਧਰ ਥਾ ਇਕੇਲਾ ਸੁਚੇਤ ਸਿੰਘ ਬੀਰ ।
ਇਧਰ ਬਾਦਸ਼ਾਹੀ ਕਾ ਮਾਲਿਕ ਵਜ਼ੀਰ ॥੧੫੮॥
ਸੁਚੇਤ ਸਿੰਘ ਐਸਾ ਬਹਾਦੁਰ ਜਵਾਂ ।
ਕਟੀ ਫੌਜ ਸ਼ਾਹੀ ਉਸਨੇ ਕਲਾਂ ॥੧੫੯॥
ਮੂਆ ਭੀਮ ਸਿੰਘ ਹਾਥ ਕਰਕੇ ਦੀਵਾਂ ।
ਮੂਆ ਖ਼ੂਬ ਕਟਿ ਕੇਸ਼ਰੀ ਸਿੰਘ ਜਵਾਂ ॥੧੬੦॥
ਸੁਚੇਤ ਸਿੰਘ ਮਾਰਾ ਉਸੀ ਜੰਗ ਮੈਂ ।
ਹੂਆ ਤਬ ਹੀਰਾ ਸਿੰਘ ਬਡੇ ਰੰਗ ਮੈਂ ॥੧੬੧॥
ਕੋਊ ਦਿਨ ਕਰੀ ਖ਼ੂਬ ਉਸ ਨੇ ਬਹਾਰ ।
ਮਗਰ ਮੌਤ ਕਾ ਜਲਦ ਆਇਆ ਕਰਾਰ ॥੧੬੨॥
ਅਤਰ ਸਿੰਘ ਪੀਛੇ ਕੀਆ ਜੋਸ਼ ਥਾ ।
ਭਾਈ ਬੀਰ ਸਿੰਘ[੪੩] ਮੈਂ ਨਾ ਕਛੂ ਦੋਸ਼ ਥਾ ॥੧੬੩॥
ਉਡਾ ਕਰ ਤਬੈ ਉਸ ਕਾ ਡੇਰਾ ਦੀਆ ।
ਸਭੀ ਸਾਧੂ ਔ ਸੰਤ ਪੁਰਜੈ ਕੀਆ ॥੧੬੪॥

---

੪੩. ਭਾਈ ਵੀਰ ਸਿੰਘ ਨੌਰੰਗਾਬਾਦੀਏ ਉਸ ਸਮੇਂ ਸਿੱਖਾਂ ਵਿਚ ਇਕ ਪ੍ਰਸਿੱਧ ਸੰਤ ਸਨ । ਸਰਦਾਰ ਅਤਰ ਸਿੰਘ ਸੰਧਾਂਵਾਲੀਆ ਸਤਲੁਜ ਲੰਘ ਕੇ ਇਨ੍ਹਾਂ ਦੇ ਡੇਰੇ ਨਾਲ ਸ਼ਾਮਲ ਹੋ ਗਿਆ। ਉਸ ਵੇਲੇ ਭਾਈ ਸਾਹਿਬ ਦੇ ਡੇਰੇ ਦੇ ਨਾਲ ਸਰਦਾਰ ਜਵਾਹਰ ਸਿੰਘ ਨਲੂਆ (ਸ: ਹਰੀ ਸਿੰਘ ਨਲੂਏ ਦਾ ਪੁਤ੍ਰ), ਕੌਰ ਕਸ਼ਮੀਰਾ ਸਿੰਘ, ਕੌਰ ਪਿਸ਼ੌਰਾ ਸਿੰਘ ਆਦਿ ਸ਼ਾਮਲ ਸਨ । ਦੋਵੇਂ ਕੌਰ ਤੇ ਸਰਦਾਰ ਅਤਰ ਸਿੰਘ ਸੰਧਾਂਵਾਲੀਆ ਇਹ ਤਿੰਨੇ ਰਾਜਾ ਹਰੀ ਸਿੰਘ ਦੇ ਵਿਰੋਧੀ ਮੰਨੇ ਹੋਏ ਸਨ, ਤੇ ਸਰਦਾਰ ਅਤਰ ਸਿੰਘ ਕਈ ਸਰਦਾਰਾਂ ਦੇ ਆਖੇ ਲੱਗ ਕੇ ਜੋ ਅੰਦਰੋਂ ਡੋਗਰਿਆਂ ਨਾਲ ਮਿਲੇ ਹੋਏ ਸਨ, ਭਾਈ ਵੀਰ ਸਿੰਘ ਦੇ ਡੇਰੇ ਨਾਲ ਰਲਿਆ ਸੀ, ਤੇ ਰਾਜਾ ਹੀਰਾ ਸਿੰਘ ਇਨ੍ਹਾਂ ਤਿੰਨਾਂ ਨੂੰ ਇਕੋ ਹੱਲੇ ਵਿਚ ਖ਼ਤਮ ਕਰਨਾ ਚਾਹੁੰਦਾ ਸੀ । ਇਸ ਲਈ ਜਦ ਉਸ ਨੇ ਭਾਈ ਵੀਰ ਸਿੰਘ ਦੇ ਡੇਰੇ ਨਾਲ ਇਹ ਇਕੱਠ ਸੁਣਿਆ ਤਾਂ ਫੌਜ ਚਾੜ੍ਹ ਦਿੱਤੀ, ਜਿਸ ਕਰਕੇ ਭਾਈ ਵੀਰ ਸਿੰਘ ਸਮੇਤ ਸਰਦਾਰ ਅਤਰ ਸਿੰਘ ਤੇ ਕੌਰ ਕਸ਼ਮੀਰਾ ਸਿੰਘ ਜੀ ਮਾਰੇ ਗਏ । ਸ: ਜਵਾਹਰ ਸਿੰਘ ਨਲੂਆ ਇਸ ਲੜਾਈ ਵਿਚ ਫੱਟੜ ਹੋਇਆ। (ਸਬੂਤ ਲਈ ਦੇਖੋ, (P. U. L Mss. No. 408) ਤੇ ਬੀਰ ਮ੍ਰਿਗੇਂਦ੍ਰ ਗੁਰ ਬਿਲਾਸ, ਸਫ਼ਾ ੪, ਅ: ੨੬।

ਲੀਆ ਉਨ ਸਬੂਰੀ ਕਾ ਦਰਜਾ ਕਮਾਲ ।
ਲਗਾ ਤੋਪ ਗੋਲਾ ਚਲਾ ਦਮ ਨਿਕਾਲ ॥੧੬੫॥
"ਸਬੂਰੀ ਬਵਦ ਕਾਰਿ ਸਾਹਿਬ ਦਿਲਾਂ ।
ਸਬੂਰੀ ਬਵਦ ਪੇਸ਼ਾ ਏ ਮੁਕਬਲਾਂ[੪੪] ॥੧੬੬॥
ਅਤਰ ਸਿੰਘ ਮਾਰਾ ਉਸੀ ਠੌਰ ਮੈਂ ।
ਹੀਰਾ ਸਿੰਘ ਜੱਲਾ ਬੱਡੇ ਤੌਰ ਮੈਂ ॥੧੬੭॥
ਤਬੈ ਕੋਪ ਪੰਥ ਪਰ ਸਾਧੂ[੪੫] ਹੂਆ ।
ਇਸੀ ਬਾਤ ਬਿਨ ਹੈ ਨ ਕਾਰਨ ਦੂਆ ॥੧੬੮॥
ਤਕੱਬਰ ਸੇ ਜਲ੍ਹਾ ਲਗਾ ਬੋਲਨੈਂ ।
ਲਗਾ ਖ਼ਾਲਸਾ ਤਬ ਜ਼ਹਿਰ ਘੋਲਨੈਂ ॥੧੬੯॥
ਕਿਤੇ ਦਿਨ ਕੋ ਕਰ ਖ਼ਫ਼ਾ[੪੬] ਖਾਲਸਾ ।
ਹੀਰਾ ਸਿੰਘ ਜਲ੍ਹਾ ਕੋ ਲੇਕਰ ਨਸਾ ॥੧੭੦॥
ਹੂਆ ਜਬ ਹੀਰਾ ਸਿੰਘ ਰਾਵੀ ਸੈਂ ਪਾਰ ।
ਉਠੇ ਖਾਲਸਾ ਕੇ ਕੜਾਕੇ ਅਪਾਰ ॥੧੭੧॥
ਜਵਾਹਰ ਸਿੰਘ ਜੂ ਸਾਥ ਮੱਦਤ ਕਰੀ ।
ਦੋਊ ਮਾਰ ਲੀਨੇ ਨਾ ਲਾਗੀ ਘਰੀ ॥੧੭੨॥
ਸੋਹਨ ਸਿੰਘ ਸਿੰਘਨ ਸੋਂ ਲਰ ਕਰ ਮੂਆ ।
ਮੂਆ ਲਾਭ ਸਿੰਘ ਖੂਬ ਕਟ ਕਰਿ ਦੂਆ ॥੧੭੩॥
ਮੂਏ ਹੋ ਬਹਾਦੁਰ ਸਭੀ ਹਾਥ ਕਰ ।
ਵੁਹ ਰਾਜਪੂਤ ਥੇ ਜੰਗਬਾਜ਼ੀ ਕੇ ਘਰ ॥੧੭੪॥
ਵਜ਼ਾਰਤ ਜਵਾਹਰ ਸਿੰਘ ਕੋ ਹੋਈ ।
ਕਰੀ ਮੌਜ ਲਾਹੌਰ ਮੈਂ ਦਿਨ ਕੋਈ ॥੧੭੫॥
ਪਿਸ਼ੌਰਾ ਸਿੰਘ ਉਨ ਨੈ ਮਰਵਾ ਦੀਆ ।
ਤਬੈ ਖਾਲਸਾ ਕੋਪ ਉਸ ਪਰ ਕੀਆ ॥੧੭੬॥
ਲਗਾ ਕਹਿਨੇ ਯਹ ਭੂਲ ਹਮ ਸੇ ਭਈ ।
ਸਰਨ ਆਪ ਕੀ ਆਨ ਕਰ ਮੈਂ ਲਈ ॥੧੭੭॥
ਕਰੋ ਮਿਹਰਬਾਨੀ ਰਖੋ ਜਾਨ ਕੋ ।
ਧਰੋ ਸੀਸ ਅਪਨੇ ਗੁਰੂ ਆਨ ਕੋ ॥੧੭੮॥
ਨ ਮਾਨੀ ਕਛੂ ਜੋਰ ਬੁਰਛਨ ਕਰਾ ।

---

੪੪. ਸਬਰ ਕਰਨਾ ਵੱਡੇ ਆਦਮੀਆਂ ਦਾ ਕੰਮ ਹੁੰਦਾ ਹੈ । ਸਬਰ ਕਰਨਾ ਸਿਰ ਕੱਢ (ਮੋਢੀ) ਆਦਮੀਆਂ ਦਾ ਪੇਸ਼ਾ ਹੁੰਦਾ ਹੈ । ੪੫. ਸਾਧੂ ਦਾ । ੪੬. ਕੋਪਾ ।

ਝਪਟ ਸੀਸ ਉਸ ਕਾ ਜੁਦਾ ਕਰ ਧਰਾ ॥੧੭੯॥
ਕਟਾ ਸੰਗ ਬੇਦੀ ਔ ਬਾਮ੍ਹਨ ਜੁ ਥਾ ।
ਉਨ੍ਹੈ ਦਿਲ ਲਰਨ ਕਾ ਇਰਾਦਾ ਨ ਥਾ ॥੧੮੦॥
ਕਰੈਂ ਵਾਰ ਜੋ ਕਦਮ ਆਕਰ ਫੜੇ ।
ਉਲਟ ਕਰ ਬਲਾ ਉਸ ਕੇ ਸਿਰ ਪੜੇ ॥੧੮੧॥
ਜੋ ਖ਼ੁਦ ਬਖ਼ੁਦ ਕਦਮ ਪਰ ਜਾਤ ਹੈ ।
ਉਸੇ ਸਿੰਘ ਔ ਸਾਂਪ ਨਾ ਖਾਤ ਹੈ ॥੧੮੨॥
ਜਲਦ ਖ਼ਾਲਸਾ ਖ਼ੁਦ ਬਖ਼ੁਦ ਹੋ ਚਲੇ ।
ਹੂਆ ਹੁਕਮ ਮਾਲਿਕ ਕਾ ਕੈਸੇ ਟਲੇ ॥੧੮੩॥
ਕੀਆ ਜਿੰਦ ਕੌਰਾਂ ਨੇ ਅਫ਼ਸੋਸ ਹੈ ।
ਯਹ ਹੋਨੀ ਬਲਾ ਕਿਸ ਕੇ ਸਿਰ ਦੋਸ ਹੈ ॥੧੮੪॥
ਤਖ਼ਤ ਸ਼ਾਹ ਨਾਦਾਨ[੪੭] ਸਾ ਰਹਿ ਗਿਆ ।
ਹੁਕਮ ਬਾਦਸ਼ਾਹੀ ਸਭੀ ਬਹਿ ਗਿਆ ॥੧੮੫॥
ਕਰੈਂ ਪੰਥ ਜੋ ਕਾਮ ਹੋਗਾ ਸੋਈ ।
ਗੁਰੂ ਕਾ ਨਹੀਂ ਨਾਮ ਲੇਤਾ ਕੋਈ ॥੧੮੬॥
ਬਨੇ ਖ਼ੁਦ ਬਖ਼ੁਦ ਪੈਂਚ ਅਫ਼ਸਰ ਕਲਾਂ ।
ਨਾ ਮਾਨੈ ਕੋਊ ਅਫ਼ਸਰੋਂ ਕੀ ਜ਼ਬਾਂ ॥੧੮੭॥
ਹੁਕਮ ਜਿੰਦ ਕੌਰਾਂ ਕਾ ਬਹਿਤਾ ਫਿਰੈ ।
ਸਭੀ ਫ਼ੌਜ ਖ਼ੁਦ ਮੌਜ ਅਪਨੀ ਕਰੈ ॥੧੮੮॥
ਨਹੀਂ ਲਾਲ ਸਿੰਘ ਕਾ ਕਹਾ ਮਾਨਤੇ ।
ਨਹੀਂ ਤੇਜਾ ਸਿੰਘ ਕੋ ਪਹਿਚਾਨਤੇ ॥੧੮੯॥
ਤਬੈਂ ਦੀਨਾ ਨਾਥ ਔ ਭਗਤ ਰਾਮ ਸੇ ।
ਫਿਰੈਂ ਖ਼ਾਲਸਾ ਮੈਂ ਨਾ ਕਛੂ ਕਾਮ ਸੇ ॥੧੯੦॥
ਤਕੱਬਰ ਸੋਂ ਸਭ ਸਿੰਘ ਫੂਲੇ ਫਿਰੈਂ ।
ਗੁਰੂ ਕਾ ਹੁਕਮ ਛੋਡ, ਭੂਲੇ ਫਿਰੈਂ ॥੧੯੧॥
ਤਕੱਬਰ ਸੋਂ ਕਰਤਾਰ ਕਾ ਵੈਰ ਹੈ ।
ਕਰੈ ਜੋ ਤਕੱਬਰ ਸੋਊ ਗ਼ੈਰ ਹੈ ॥੧੯੨॥
"ਤਕੱਬਰ ਅਜ਼ਾਜ਼ੀਲ ਰਾ ਖ਼੍ਵਾਰ ਕਰਦ ।
ਬਜ਼ਿੰਦਾਨਿ ਲਾਨਤ ਗ੍ਰਿਫ਼ਤਾਰ ਕਰਦ" ॥੧੯੩॥
ਜਿਤੇ ਥੇ ਮੁਸਾਹਿਬ ਲੀਏ ਸਭ ਬੁਲਾ ।

੪੭. ਅਰਥਾਤ ਬਾਲਕ ਮਹਾਰਾਜਾ ਦਲੀਪ ਸਿੰਘ ।

ਜਲਦ ਜਿੰਦ ਕੌਰਾਂ ਯਹ ਕੀਨੀ ਸਲਾਹ ॥੧੯੪॥
ਯਹ ਬੁਰਛੇ ਨਹੀਂ ਛੋਡਦੇ ਪ੍ਰਾਨ ਕੋ ।
ਕਰੋਂ ਕਬਜ਼ ਅਭੀ ਇਨ ਕੀ ਜਾਨ ਕੋ ॥੧੯੫॥
ਯਹ ਪਾਤੇ ਨਹੀਂ ਹੈਂ ਸਜ਼ਾ ਜਬ ਤਲਕ ।
ਦੋਊ ਆਂਖ ਮਿਲ ਕਰ ਨਾ ਲਗਤੀ ਪਲਕ ॥੧੯੬॥
ਬਿਰਾਦਰ ਕੇ ਮਰਨੇ ਕਾ ਦਿਲ ਦਾਗ਼ ਹੈ ।
ਹਮਾਰੇ ਜਿਗਰ ਮੋ ਲਗ ਰਹੀ ਆਗ ਹੈ ॥੧੯੭॥
ਲਿਖੋ ਕੰਪਨੀ ਕੀ ਤਰਫ਼ ਯਹ ਸਲਾਹ ।
ਲੀਜੈ ਤਖ਼ਤ ਲਾਹੌਰ ਦੀਜੈ ਪਨਾਹ ॥੧੯੮॥
ਰਹੀ ਪੁਸ਼ਤ ਦਰ ਪੁਸ਼ਤ ਖ਼ੁਦ ਕੀ ਸਲਾਹ ।
ਤੁਮੈਂ ਦੇਖਤੇ ਦੇਖ ਕੇਤੇ ਪਨਾਹ ॥੧੯੯॥
ਲੀਆ ਸੁਨ ਯਹ ਕਾਗ਼ਜ਼ ਜਬੈ ਸਾਹਿਬਾਂ ।
ਉਠਾ ਜੋਸ਼ ਜੰਗੀ ਬਹਾਦੁਰ ਜਵਾਂ ॥੨੦੦॥
ਲਗੀ ਲੈਨ ਡੋਰੀ ਕ਼ਈ ਕੋਸ ਮੈਂ ।
ਨਹੀਂ ਉਨਕੀ ਗਿਨਤੀ ਪਰੈ ਹੋਸ਼ ਮੈਂ ॥੨੦੧॥
ਕਰੀ ਸੈਂਕਰਾ ਤੋਪ ਜੰਗੀ ਕਲਾਂ ।
ਗੁਬਾਰੌਂ ਜੰਬੂਰੋਂ ਕੇ ਕੇਤੇ ਨਿਸ਼ਾਂ ॥੨੦੨॥
ਕਈ ਰਜਬਨੈਂ ਪਲਟਨੈਂ ਕਾਲੀਆਂ ।
ਕਿਤੀ ਫ਼ੌਜ ਗੋਰ਼ਾ ਮੁਖ ਲਾਲੀਆਂ ॥੨੦੩॥
ਕੀਆ ਲੈਸ ਸਭ ਜੰਗ ਕਾ ਕਾਮ ਹੈ ।
ਬੰਧੀ ਆਣ ਪੇਰੋਜ਼ ਮੈਂ ਲਾਮ ਹੈ ॥੨੦੪॥
ਇਧਰ ਖ਼ਾਲਸਾ ਕੋ ਕਹਾ ਤਬ ਬੁਲਾ ।
ਉਠੀ ਫੌਜ ਗੋਰਾ ਕੀ ਕੀਜੋ ਫ਼ਤਾ ॥੨੦੫॥
ਤਲਬ ਮਾਂਗਤੇ ਹੋ ਜਿਸੀ ਤੌਰ ਸੈਂ ।
ਕਰੋ ਜੰਗ ਆਛੋ ਬਡੋ ਜੋਰ ਸੈਂ ॥੨੦੬॥
ਤੁਮ੍ਹੀਂ ਫੌਜ ਗੋਰਾਂ ਕੀ ਜੀਤੋ ਜਬੈ ।
ਲੀਜੈ ਹਰ ਤਰਹ ਕੀ ਇਨਾਇਤ ਤਬੈ ॥੨੦੭॥

## ਖ਼ਾਲਸੇ ਦੀ ਚੜ੍ਹਾਈ

ਨਾ ਜਾਨਾ ਹੈ ਫ਼ਰਫ਼ੇਜ ਰਾਨੀ ਕੀਆ ।
ਤਬੈ ਖ਼ਾਲਸਾ ਜੰਗ ਸਾਜਾ ਲੀਆ ॥੨੦੮॥
ਜਿਤੀ ਤੋਪ ਜਿਨਸੀ ਤਖ਼ਤ ਚਾਢੀਆਂ ।

ਜਿਤੀ ਖੁਰਦ ਤੋਪੈਂ ਜਲਦ ਕਾਢੀਆਂ ॥੨੦੯॥
ਗੁਬਾਰੇ ਜੰਬੂਰੋਂ ਕੀ ਪਾਂਤੈਂ ਘਨੀ ।
ਸਿਪਰ ਔਰ ਸ਼ਮਸ਼ੇਰ ਕੌਨੇ ਗਨੀ ॥੨੧੦॥
ਬਜੈਂ ਬੀਚ ਜ਼ੰਬੂਰ ਤੜ ਤੜ ਤੜਾਕ ।
ਕਰੈ ਸ਼ਲਕ ਤੋਪਨ ਕੀ ਕੜ ਕੜ ਕੜਾਕ ॥੨੧੧॥
ਹਜ਼ਾਰੈਂ ਪਥਰ-ਕਲ ਚਮੱਕੈਂ ਪੜੀਂ ।
ਸਭੀ ਰਜਬਨੈਂ ਪਲਟਨੈਂ ਚੜ੍ਹ ਖੜੀਂ ॥੨੧੨॥
ਹੂਏ ਜਿਨ ਕੇ ਮਾਲਕ ਹੈਂ ਦੁਸ਼ਮਨ ਗਦਾ ।
ਕਹਾਂ ਜੰਗ ਮੈਂ ਉਨਕੀ ਹੋਵੈ ਫ਼ਤਾ ॥੨੧੩॥
ਤਬੈ ਆਨ ਅੰਗਰੇਜ਼ ਜ਼ੋਰਾ ਦੀਆ ।
ਜਬੈ ਖ਼ੂਬ ਰਾਨੀ ਕੋ ਅਪਨਾ ਕੀਆ ॥੨੧੪॥
ਮੁਸਾਹਿਬ ਲੀਏ ਫੋੜ ਸਭ ਫ਼ੌਜ ਸੈਂ ।
ਹੂਆ ਖ਼ਾਲਸਾ ਖ਼ੁਦ ਬਖ਼ੁਦ ਮੌਜ ਸੈਂ ॥੨੧੫॥
ਨ ਹੋਤੀ ਇਤੀ ਮਾਲਿਕੋਂ ਕੀ ਜ਼ਬਾਂ ।
ਨ ਹੋਤੀ ਫ਼ਤਹ ਕੰਪਨੀ ਸਾਹਿਬਾਂ ॥੨੧੬॥
ਅੰਬਰਸਰ ਸੇ ਹੋ ਕਰ ਮੁਸਾਹਿਬ ਚਲੈ ।
ਮਤਾਂ ਜੰਗ ਮੈਂ ਹੋ ਕਰ ਕਹੀਂ ਨਾ ਟਲੈਂ ॥੨੧੭॥
ਕਰਾ ਰਲਕੇ ਸਿੰਘੋਂ ਨੇ ਐਸਾ ਮਤਾ ।
ਚਲੋ ਪਾਰ ਸਤਲੁਜ ਕੇ ਕੀਜੋ ਫ਼ਤਾ ॥੨੧੮॥
ਕਹਾ ਫ਼ੌਜ ਅੰਗਰੇਜ਼ ਕੀ ਕੁਛ ਨਹੀਂ ।
ਅਬੀ ਜੀਤ ਲੇਂਗੇ, ਚਲੇਗਾ ਕਹੀਂ ॥੨੧੯॥
ਹੂਆ ਸਭ ਕੇ ਦਿਲ ਮੈਂ ਤਕੱਬਰ ਕਲਾਂ ।
ਤਕੱਬਰ ਕਰਨ ਸੈਂ ਜਲਦ ਹ੍ਵੈ ਖ਼ਿਜ਼ਾਂ ॥੨੨੦॥
ਸਭੀ ਅਫ਼ਸਰੋਂ ਕੋ ਨਿਕਾਲਾ ਦੀਆ ।
ਉਨ੍ਹੈਂ ਹੁਕਮ ਖ਼ੁਦ ਬਖ਼ੁਦ ਅਪਨਾਂ ਕੀਆ ॥੨੨੧॥
ਲਈ ਸਾਥ ਤੋਪੈਂ ਬੰਦੂਕੈਂ ਅਪਾਰ ।
ਭਰੀ ਤੋਸ਼ਦਾਨਨ ਮੈਂ ਗੋਲੀ ਹਜ਼ਾਰ ॥੨੨੨॥
ਔ ਬਾਰੂਦ ਗੋਲਾ ਭਰਾ ਬੇਸ਼ੁਮਾਰ ।
ਚਲੀ ਰਜਬਨੈਂ ਪਲਟਨੈਂ ਹੋ ਕਤਾਰ ॥੨੨੩॥
ਚੜ੍ਹੀ ਘੁੜ ਚੜ੍ਹੋਂ ਕੀ ਸਭੀ ਫ਼ੌਜ ਹੈ ।
ਨ ਮਾਨੈ ਹੁਕਮ ਖ਼ੁਦ ਬਖ਼ੁਦ ਮੌਜ ਹੈ ॥੨੨੪॥
ਤਕੱਬਰ ਸਾਥ ਜਵਾਂ ਐਸੇ ਕਹੈਂ ।

ਦੂ ਘੰਟਾ ਮੈਂ ਦਿੱਲੀ ਕੋ ਜੀਤਾ ਚਹੈਂ ॥੨੨੫॥
ਲਬੇ ਆਬ ਦਰੀਆਵ ਲਾਗੇ ਨ੍ਰਿਸ਼ਾਂ ।
ਬਜੈ ਤੁਰਮ ਤੰਬੂਰ ਸ਼ੁਤਰੀ ਨਿਸ਼ਾਂ ॥੨੨੬॥
ਉਠੀ ਧਮਕ ਧੌਂਸਨ ਕੀ ਹਰਯਕ ਤਰਫ਼ ।
ਉਠੀ ਬਿੰਬ ਖ਼ੁਰਸ਼ਦ ਚਾਰੋਂ ਤਰਫ਼ ॥੨੨੭॥
ਵਕੀਲੋਂ ਕਰੀ ਅਰਜ਼, "ਐ ਸਾਹਿਬਾਂ ।
ਯਹ ਸਿੰਘਨ ਕਰਾ ਜ਼ੋਰ ਤੁਮ ਪੈ ਕਲਾਂ ॥੨੨੮॥
ਯਹ ਆਤੇ ਚਲੇ ਜੰਗ ਸਾਜ਼ੀ ਕੋ ਕਰ ।
ਹਮੈਂ ਖ਼ੂਬ ਜਾਨੀ ਯਹ ਜੰਗੀ ਮੁਕਰ" ॥੨੨੯॥
ਯਹੀ ਉਨ ਕੋ ਸਾਹਿਬ ਸੁਨਾ ਕਰ ਕਹਾ ।
"ਅਹਿਦ ਹੈ ਹਮਾਰਾ ਨ ਲੜਨਾ ਕਹਾ ॥੨੩੦॥
ਮਹਾਰਾਜ ਨੈ ਜੋ ਕੀਆ ਅਹਿਦ ਹੈ ।
ਉਸੀ ਅਹਿਦ ਹਮ ਕੋ ਕੀਆ ਕੈਦ ਹੈ ॥੨੩੧॥
ਯਹ ਨੰਦਨ ਸੇ ਹਮ ਕੋ ਲਿਖਾ ਸਾਹਿਬਾਂ ।
ਅਹਿਦ ਪਰ ਖ਼ਬਰਦਾਰ ਰਹਿਨਾ ਜਵਾਂ ॥੨੩੨॥
ਯਹ ਅੱਵਲ ਚਲੈ ਤੋਪ ਜਿਸ ਓਰ ਸੇ ।
ਭਰੈ ਕਰੋੜ ਢਾਈ ਹੂਏ ਸ਼ੋਰ ਸੈਂ" ॥੨੩੩॥
ਲਿਖਾ ਲਾਟ ਸਾਹਿਬ ਯਹ ਸਿੰਘਨ ਤਰਫ ।
"ਚਲੋ ਹਟਕੈ ਲਾਹੌਰ ਸੁਨ ਕੈ ਹਰਫ਼ ॥੨੩੪॥
'ਨਹੀਂ ਹਮ ਕੋ ਲੜਨੇ ਕੀ ਦਿਲ ਚਾਹ ਹੈ ।
ਮਹਾਰਾਜ ਸੋਂ ਦੋਸਤੀ ਰਾਹ ਹੈ ॥੨੩੫॥
'ਯਹ ਅੰਗਰੇਜ਼ ਕਾ ਘਰ ਕਲਾਂ ਬੇਸ਼ੁਮਾਰ ।
ਜ਼ਰੂਰਤ ਹੈ ਲੜਨਾ ਤੇ ਖ਼ੁਦ ਬਖ਼ੁਦ ਮੁਖ਼ਤਿਆਰ" ॥੨੩੬॥
ਸੁਨੀ ਲਾਟ ਸਾਹਿਬ ਕੀ ਸਿੰਘਨ ਸਲਾਹ ।
ਨ ਮਾਨੀ ਕਛੂ ਖ਼ੁਦ ਬਖ਼ੁਦ ਪਾਦਸ਼ਾਹ ॥੨੩੭॥
ਸਭੀ ਅਫ਼ਸਰੋਂ ਰਲਕੇ ਕੀਨਾ ਮਤਾ ।
ਨਹੀਂ ਸਾਥੰ ਅੰਗਰੇਜ਼ ਲੜਨਾ ਰਤਾ ॥੨੩੮॥
ਕਿਤੋਂ ਨੈਂ ਬਾਤ ਕਰੀ ਨਹਿ ਅਖ਼ਤਿਆਰ ।
ਯਹਾਂ ਸੀਸ ਦੇਨਾ ਹੈ ਦੁਸ਼ਮਨ ਕੋ ਮਾਰ ॥੨੩੯॥

# ਮੁੱਦਕੀ ਦਾ ਯੁੱਧ

ਦੋਊ ਜੁੜ ਗਈਂ ਜਬ ਅਨੀ[੪੮] ਸਾਮ੍ਹਨੈਂ ।
ਜਿਆ ਦਿਲ ਸ਼ਿਕਸਤੀ ਮੈਂ ਗਲ ਬਾਮ੍ਹਨੈਂ[੪੯] ॥੨੪੦॥

ਉਠੇ ਸਿੰਘ ਗੁੱਸੇ ਕੋ ਖਾ ਕਰ ਵੋਈ ।
ਨਹੀਂ ਹੁਕਮ ਦੇਤਾ ਹੈ ਅਫ਼ਸਰ ਕੋਈ ॥੨੪੧॥

ਹੂਆ ਖ਼ਾਲਸਾ ਜਲਦ ਤਰ ਪਾਰ ਹੈ ।
ਹੂਆ ਲਾਟ ਸਾਹਿਬ ਖ਼ਬਰਦਾਰ ਹੈ ॥੨੪੨॥

ਗੰਡਾ ਸਿੰਘ[੫੦] ਜਾ ਕਰ ਕਰੀ ਛੇੜ ਹੈ ।
ਤਬੀ ਕੰਪਨੀ ਦਿਲ ਪੜੀ ਤੇੜ ਹੈ ॥੨੪੩॥

ਅੱਵਲ ਲੈਨ ਡੋਰੀ ਕਾ ਅਫ਼ਸਰ ਫੜਾ ।
ਦੂਤਰਫ਼ੀ ਤਬੈ ਜੰਗ ਹੂਆ ਖੜਾ ॥੨੪੪॥

ਜੁ ਮੁਦਕੀ ਭਰੀ ਢਾਬ ਥੀ ਆਬ ਸੋਂ ।
ਦੂਤਰਫ਼ੀ ਕਰੀ ਦੌਰ ਦੈ ਦਾਬ ਸੋਂ ॥੨੪੫॥

ਅੱਵਲ ਆਨ ਗੋਰਾਂ ਨੈਂ ਪਾਨੀ ਲੀਆ ।
ਤਬੈ ਖ਼ਾਲਸਾ ਜੰਗ ਸਾਜਾ ਕੀਆ ॥੨੪੬॥

ਝਟਾ ਪਟ ਨ ਦਮ ਦੇਰ ਗਲ ਜਾ ਪੜੇ ।
ਕੜਾ ਕੜ ਬੰਦੂਕੈਂ ਝੜਾ ਝੜ ਲੜੇ ॥੨੪੭॥

ਜਲਦ ਅਹਿਦ ਟੂਟਾ, ਮਚਾ ਜੰਗ ਹੈ ।
ਲਗੀ ਤੋਪ ਚਲਨੈ ਰੰਗਾ ਰੰਗ ਹੈ ॥੨੪੮॥

ਕੀਆ ਲਾਟ ਸਾਹਿਬ ਜੰਗੀ ਤੰਬੂਰ ।
ਲਗੀ ਫ਼ੌਜ ਲੜਨੈਂ, ਗਈ ਲਸ਼ਕ ਦੂਰ ॥੨੪੯॥

ਲਪਟ ਸਿੰਘ ਤੋਪਨ ਪਲੀਤਾ ਜੜੈਂ ।
ਝਪਟ ਆਨ ਗੋਰਾ ਮਤਾਬੀ ਫੜੈਂ ॥੨੫੦॥

ਦਗੈਂ ਤੋਪ ਗੋਰਾ ਕੀ, ਗੋਲਾ ਫਟੈਂ ।
ਅਸਪ ਔ ਜਵਾਂ ਹਰਤਰਫ਼ ਕੋ ਕਟੈਂ ॥੨੫੧॥

ਬਹੁਰ ਸਿੰਘ ਤੋਪਨ ਕੇ ਛੱਰਰਾ ਛੁਟੈਂ ।
ਕਈ ਸੈਂਕਰਾ ਅਗਰ ਗੋਰਾ ਉਡੈਂ ॥੨੫੨॥

ਅਸਪ ਔ ਗੁਲੰਦਾਜ਼ ਉਡਤੇ ਘਨੈ ।

---

੪੮. ਫ਼ੌਜਾਂ । ੪੯. ਮਿਸ੍ਰ ਤੇਜ ਸਿੰਘ ਤੇ ਲਾਲ ਸਿੰਘ ਜੋ ਉਸ ਸਮੇਂ ਖ਼ਾਲਸਾ ਫ਼ੌਜਾਂ ਦੇ ਉੱਚ ਅਧਿਕਾਰੀ ਸਨ । ੫੦. ਸਰਦਾਰ ਗੰਡਾ ਸਿੰਘ ਭੰਡਾਰੀ ਨੇ ।

ਗਿਨੈ ਕੌਨ ਗਿਨਤੀ, ਨ ਜਾਤੇ ਗਨੇ ॥੨੫੩॥
ਤਬੈ ਲੋਥ ਪਰ ਲੋਥ ਪੜਨੇ ਲਗੀ ।
ਦੋਊ ਓਰ ਗਡ ਕੈਂ ਲਰਾਈ ਜਗੀ ॥੨੫੪॥
ਜਹਾਂ ਫੌਜ ਸਿੰਘਨ ਕੀ ਦਮ ਭਰ ਅੜੇ ।
ਤਹਾਂ ਫੌਜ ਗੋਰਾ ਨ ਦਮ ਭਰ ਲੜੇ ॥੨੫੫॥
ਗਿਰੀ ਗਿਰਦ ਗੋਰਾਂ ਦੀ ਲੋਥੈਂ ਕਈ ।
ਕਈ ਰਜਬਨੈਂ ਪਲਟਨੈਂ ਕਟ ਗਈਂ ॥੨੫੬॥
ਲਰੈਂ ਰਜਬਨੈਂ ਪਲਟਨੈਂ ਟੋਲੀਆਂ ।
ਉਲਟਤੀ ਪਲਟਤੀ ਤੁਰਮ ਕੀ ਬੋਲੀਆਂ ॥੨੫੭॥
ਸਿੰਘ ਖੂਬ ਹਿੰਮਤ ਬਾਂਧ ਕਰਕੈ ਲਰੈਂ ।
ਹਟੈਂ ਨਾ ਕਦਮ ਬੀਚ ਮੈਦਾਂ ਮਰੈਂ ॥੨੫੮॥
ਉਠੈ ਹੂਲ ਸਿੰਘਨ ਕੀ ਗੋਰਾਨ ਸੈਂ ।
ਗਿਰੈਂ ਸੈਂਕਰਾ ਜਲਦ ਘੋਰਾਨ ਸੈਂ ॥੨੫੯॥
ਕਹੈ ਲਾਟ ਸਾਹਿਬ ਜੁਵਾਂ ਖਾਸ ਹੈ ।
ਬਿਮਾਲਿਕ ਲਰੈ ਫ਼ੌਜ ਸ਼ਾਬਾਸ ਹੈ ॥੨੬੦॥
ਉਧਰ ਹੂਲ ਗੋਰਾਂ ਕੀ ਆਤੀ ਜਬੈ ।
ਕਛੂ ਸਿੰਘ ਗਿਰਤੇ ਜ਼ਮੀਂ ਪਰ ਤਬੈ ॥੨੬੧॥
ਉਲਟ ਸਿੰਘ ਗੋਰਾ ਕੀ ਫ਼ੌਜੈਂ ਕਟੈਂ ।
ਮਰੈਂ ਵੁਹ, ਕਦਮ ਯਹ ਪਿਛਾੜੀ ਹਟੈਂ ॥੨੬੨॥
ਕਟੈਂ ਫ਼ੌਜ ਗੋਰਾ ਕਈ ਕੋਸ ਮੇਂ ।
ਹਟੈ ਫ਼ੌਜ ਸਿੰਘਨ ਕੀ ਅਫ਼ਸੋਸ ਮੈਂ ॥੨੬੩॥
ਜੈਮਲ ਸਿੰਘ ਅਕਾਲੀ ਕੀਆ ਜੰਗ ਹੈ ।
ਲਬਾ ਲਬ ਕਰੀ ਖ਼ੂਨ ਕੀ ਗੰਗ ਹੈ ॥੨੬੪॥
ਦੀਆ ਸੀਸ ਸੌਂਹੇਂ ਮਜ਼ਹਬ ਕਾਜ ਹੈ ।
ਮਿਲਾ ਵੁਹ ਸ਼ਹੀਦਨ ਸਦਾ ਗਾਜ ਹੈ ॥੨੬੫॥
ਇਧਰ ਦੂਟ ਬੈਰਾਟ ਜੰਗੀ ਲੀਆ ।
ਜਿਨੈਂ ਜੰਗ ਕਾ ਆਨਿ ਜ਼ੋਰਾ ਕੀਆ ॥੨੬੬॥
ਤਹਾਂ ਲਾਲ ਸਿੰਘ ਭਾਂਜ ਐਸੀ ਦਈ ।
ਰਹੀ ਤੋਪ ਚੌਦੈਂ ਨ ਲੈਂਨੀ ਪਈ ॥੨੬੭॥
ਉਧਰ ਖ਼ੌਫ਼ ਸਿੰਘ ਕੇ ਗੋਰਾ ਗਏ ।
ਦੋਊ ਤਰਫ਼ ਕੇ ਕਦਮ ਪਾਛੇ ਪਏ ॥੨੬੮॥

ਨ ਇਨ ਕੀ ਖ਼ਬਰ ਜਾਤ ਉਨ ਕੀ ਤਰਫ਼ ।
ਨ ਉਨ ਕੀ ਖ਼ਬਰ ਆਤ ਇਨ ਕੀ ਤਰਫ਼ ॥੨੬੯॥
ਦੋਊ ਭਾਂਜ ਬੇਖ਼ਬਰ ਕਰ ਕੇ ਗਏ ।
ਹੂਆ ਖ਼ਾਲੀ ਮੈਦਾਂਨ ਜ਼ਖਮੀ ਰਹੇ ॥੨੭੦॥
ਤੌਂ ਪਹਾੜਾ ਸਿੰਘ ਜਾ ਕਰ ਕਹਾ ਸਾਹਿਬਾਂ ।
"ਭਗੇ ਸਿੰਘ ਪਾਛੇ ਨ ਕੋਈ ਜਵਾਂ ॥੨੭੧॥
ਤੁਮ ਭੀ ਭਾਜ ਡਰ ਕਰ ਚਲੇ ਜਾਤ ਹੋ ।
ਖ਼ਬਰ ਕਿਉਂ ਨਾ ਪਾਛੇ ਕੀ ਤੁਮ ਪਾਤ ਹੋ ॥੨੭੨॥
ਨਹੀਂ ਕੋ ਰਹਾ ਸਿੰਘ ਮੈਦਾਨ ਮੈਂ ।
ਪਰੀ ਤੋਪ ਸੁੰਨੀ ਹੂੰ ਹੈਰਾਨ ਮੈਂ ॥੨੭੩॥
ਤਬ ਲਾਟ ਸਾਹਿਬ ਨ ਮਾਨਾ ਕਹਾ ।
ਦੇਖ ਜੰਗ ਸਿੰਘੋਂ ਕਾ ਹੈਰਾਨ ਥਾ ॥੨੭੪॥
ਅਗਰ ਮਾਤਬਰ ਭੇਜ ਲੀਨੋ ਖ਼ਬਰ ।
ਤਬੀ ਹਟ ਚਲੈਂਗੇ ਪੜੇ ਬੇਖ਼ਬਰ ॥੨੭੫॥
ਕੀਆ ਪਹਾੜਾ ਸਿੰਘ ਤਹਕੀਕ ਤਬ ।
ਹਟੇ ਲਾਟ ਸਾਹਿਬ ਲਈ ਤੋਪ ਦਬ ॥੨੭੬॥
ਉਧਰ ਲਾਟ ਸਾਹਿਬ ਨੇ ਫੇਰਾ ਦੀਆ ।
ਇਧਰ ਆਨਿ ਸਿੰਘੋਂ ਨੇ ਡੇਰਾ ਕੀਆ ॥੨੭੭॥
ਜੋਊ ਸਿੰਘ ਜ਼ਖ਼ਮੀ ਥੇ ਮੈਦਾਨ ਮੈਂ ।
ਕਰੀ ਪਰਵਰੀ ਉਨ ਕੀ ਗੋਰਾਨ ਨੈ ॥੨੭੮॥

## ਫੇਰੂ ਸ਼ਹਿਰ ਦਾ ਯੁੱਧ

ਏਤਾ ਜੰਗ ਸਿੰਘੋਂ ਕਾ ਮੁਦਕੀ ਹੂਆ ॥
ਸੁਨੋ ਅਬ ਫੇਰੂਮਾਨ ਹੋਤਾ ਦੂਆ ॥੨੭੯॥
ਤੀਏ ਰੋਜ਼ ਫੌਜੈਂ ਜਮਾ ਕਰ ਲੜੇ ।
ਤਬੈ ਸਿੰਘ ਜੰਗੀ ਜਲਦ ਕਰ ਪੜੇ ॥੨੮੦॥
ਨਹੀਂ ਅਫ਼ਸਰ ਕੋਊ ਦਿਲਬਰੀ ਦੇਤ ਹੈ ।
ਬਿਮਾਲਿਕ ਹੂਏ ਜੰਗ ਕੋ ਲੇਤ ਹੈਂ ॥੨੮੧॥
ਜਮਾ ਕਰਕੈ ਤੋਪੈਂ ਚਲਾਨੇ ਲਗੇ ।
ਗੁਬਾਰੇ ਕਾ ਗੋਲਾ ਉਡਾਨੇ ਲਗੇ ॥੨੮੨॥
ਜੰਜਾਇਲ ਜ਼ੰਬੂਰੋਂ ਕੀ ਲਾਗੀ ਝੜੀ ।

ਪੱਥਰ ਕਲ ਉਠਾਤੀ ਕੜਾ ਕੜ ਪੜੀ ॥੨੮੩॥
ਤੋੜੇਦਾਰ ਬੰਦੂਕ ਹੈ ਘੁੜਚੜੀ ।
ਜਹਾਂ ਗੋਲੀ ਲਾਗੈ ਤਹਾਂ ਤੜਫੜੀ ॥੨੮੪॥
ਚਲੇ ਤੀਰ ਤਲਵਾਰ ਬਰਛੀ ਕਟਾਰ ।
ਜਿਸੈ ਬੀਚ ਲਾਗੈ ਨਿਕਸ ਜਾਤ ਪਾਰ ॥੨੮੫॥
ਚਢੈ ਰਜਬਨੈਂ ਪਲਟਨੈਂ ਕੇ ਜਵਾਂ ।
ਕਿਤੀ ਘੁੜਚੜੀ ਫੌਜ ਕਾਟੀ ਕਲਾਂ ॥੨੮੬॥
ਦੁਤਰਫ਼ੀ ਮੂਏ ਬੀਚ ਅਫ਼ਸਰ ਕਈ ।
ਦੋਊ ਦਿਸ ਗਡਾਬਡ ਲਰਾਈ ਜਗੀ ॥੨੮੭॥
ਲਗੈ ਕਿਰਚ ਤਰਵਾਰ ਜਿਸਕੇ ਬਦਨ ।
ਨਿਕਸ ਜਾਤ, ਸੂਕੀ ਰਹੈ ਆਸ ਮਨ ॥੨੮੮॥
ਕਭੀ ਫ਼ੌਜ ਗੋਰਾ ਕੀ ਜ਼ੋਰਾ ਕਰੈ ।
ਕਭੀ ਫੌਜ ਸਿੰਘਨ ਕੀ ਆਗੇ ਧਰੈ ॥੨੮੯॥
ਉਧਰ ਲਾਟ ਸਾਹਿਬ ਸਬਾਸੀ ਕਰੈ ।
ਇਧਰ ਫੌਜ ਸ਼ਾਹੀ ਬਿਮਾਲਿਕ ਮਰੈ ॥੨੯੦॥
ਉਧਰ ਲਾਟ ਦੇਤਾ ਹੈ ਤਲਬੈਂ ਤਮਾਮ ।
ਇਧਰ ਸਿੰਘ ਬੇਦਾਮ ਲੜਤੇ ਹੈਂ ਆਮ ॥੨੯੧॥
ਜਮੀਂ ਪਰ ਹੂਆ ਖ਼ੂਨ ਦਰੀਆਵ ਹੈ ।
ਦੋਊ ਓਰ ਲੜਨੇ ਕਾ ਦਿਲ ਚਾਵ ਹੈ ॥੨੯੨॥
ਬਿਮਾਲਿਕ ਹੂਏ ਦਿਲ ਦਰਜ ਖਾ ਗਿਆ ।
ਤਬੀ ਫ਼ੌਜ ਗੋਰਾ ਨੇ ਜੋਰਾ ਕੀਆ ॥੨੯੩॥
ਚਤੁਰ ਸਿੰਘ ਜੰਗੀ ਬਹਾਦੁਰ ਕਲਾਂ ।
ਕਟੈ ਸਾਥ ਤਲਵਾਰ ਗੋਰਾ ਜਵਾਂ ॥੨੯੪॥
ਨਿਮਕ ਕੀ ਸ਼ਰਤ ਪਰ ਕੀਆ ਜੰਗ ਹੈ ।
ਦੀਆ ਸੀਸ ਸੌਂਹੈਂ ਸਦਾ ਰੰਗ ਹੈ ॥੨੯੫॥
ਜੈਮਲ ਸਿੰਘ ਕਾ ਏਕ ਭਾਈ ਜਵਾਂ ।
ਸੁਨਾ ਨਾਮ ਬੁਧ ਸਿੰਘ ਬਹਾਦੁਰ ਕਲਾਂ ॥੨੯੬॥
ਕੀਆ ਜੰਗ ਕਾ ਖੇਤ ਉਸ ਨੇ ਜਬਰ ।
ਕੀਏ ਗਰਦ ਗੋਰਾ ਨ ਕਰਤੇ ਸਬਰ ॥੨੯੭॥
ਊਹਾਂ ਖੂਬ ਲਰ ਸੀਸ ਉਸ ਨੇ ਦੀਆ ।
ਸ਼ਹੀਦਨ ਕੇ ਡੇਰਾ ਮੈਂ ਡੇਰਾ ਕੀਆ ॥੨੯੮॥

ਚਢਾ ਕੌਰ ਸਿੰਘ ਜੰਗ ਕਰਕੈ ਕਲਾਂ ।
ਗੰਡਾ ਸਿੰਘ ਭੰਡਾਰੀ[੫੧] ਹੈ ਮਾਰਾ ਜਵਾਂ ॥੨੯੯॥

ਗਿਆ ਜੰਗ ਕਾ ਖੇਤ ਤਬ ਟੂਟ ਕਰ ।
ਬਿਮਾਲਿਕ ਭਏ ਕੌਨ ਲੇਤਾ ਖਬਰ ॥੩੦੦॥

ਦਈ ਤੋਪ ਬਾਰੂਦ ਡੇਰਾ ਦੀਆ ।
ਗੁਰੂ ਇਨ ਕੇ ਸਿਰ ਪਰ ਨ ਸਾਇਆ ਕੀਆ ॥੩੦੧॥

ਜਿਤੇ ਬੀਚ ਮਾਲਿਕ ਰਹੇ ਪੀਠ ਦੈ ।
ਨ ਦੇਖੈਂ ਸਿੰਘੋਂ ਕੀ ਤਰਫ਼ ਡੀਠ ਦੈ ॥੩੦੨॥

ਕਹਾਂ ਜੰਗ ਸਿੰਘਨ ਕੀ ਹੋਵੈ ਫ਼ਤਾ ।
ਨ ਸਾਬਾਸ ਦੇਤਾ ਹੈ ਮਾਲਿਕ ਰਤਾ ॥੩੦੩॥

ਜਬੈ ਜੀਤ ਸਿੰਘਨ ਕੀ ਹੋਨੈਂ ਲਗੈਂ ।
ਤਬੈ ਉਨ ਕੇ ਮਾਲਿਕ ਅਗਾਰੀ ਭਗੈਂ ॥੩੦੪॥

ਇਧਰ ਤੌਂ ਜਲਦ ਸਿੰਘ ਆਏ ਉਰਾਰ ।
ਰਹੀਂ ਬਹੁਤ ਤੋਪੈਂ ਔ ਅਸਬਾਬ ਪਾਰ ॥੩੦੫॥

ਕਭੀ ਫ਼ੌਜ ਗੋਰਾਂ ਕੀ ਯਿਹਾਂ ਲਰੈ ।
ਕਭੀ ਲੁੱਦਿਹਾਨੇ ਲਰਾਈ ਪਰੈ ॥੩੦੬॥

ਉਧਰ ਜੋਰ ਰਣਜੋਧ ਸਿੰਘ ਨੇ ਦੀਆ ।
ਤਹਾਂ ਜੰਗ ਨੇ ਖ਼ੂਬ ਜ਼ੋਰਾ ਕੀਆ ॥੩੦੭॥

ਗਜੈਂ ਤੁਰਮ ਤੰਬੂਰ ਮਾਰੂ ਬਜੈਂ ।
ਸਜੈਂ ਜੰਗ ਜੋਧਾ ਅਜੋਧਾ ਭਜੈਂ ॥੩੦੮॥

ਚਲੈਂ ਤੋਪ ਗੋਲਾ ਗੁਬਾਰੇ ਫਟੈਂ ।
ਅਸਪ ਔ ਜਵਾਂ ਹਰ ਤਰਫ਼ ਕੋ ਕਟੈਂ ॥੩੦੯॥

ਜੰਜਾਇਲ ਜ਼ੰਬੂਰਾ ਦੂਨਾਲੀ ਕੜਾਕ ।
ਉਠੈਂ ਦਮ ਬਦਮ ਪੈ ਪੱਥਰ ਕਲ ਪੜਾਕ ॥੩੧੦॥

ਇਧਰ ਔ ਉਧਰ ਕੇ ਜਮੀਂ ਪਰ ਗਿਰੈਂ ।
ਹਟੈਂ ਨ ਕਦਮ, ਬੀਚ ਮੈਦਾਂ ਮਰੈਂ ॥੩੧੧॥

ਜ਼ੋਰ ਸੰਗ ਚਲੈ ਕਿਰਚ ਤਰਵਾਰ ਝਟ ।

---

੫੧. ਕੁੰਜਾਹੀ ਪਾਠ ਵੀ ਹੈ। ਗੰਡਾ ਸਿੰਘ ਕੂੰਜਾਹੀਆ। ਕੌਰ ਸ਼ੇਰ ਸਿੰਘ ਵਲੋਂ, ਜਦ ਉਸ ਨੇ ਰਾਜਾ ਧਿਆਨ ਸਿੰਘ ਦੇ ਇਸ਼ਾਰੇ ਨਾਲ ਲਾਹੌਰ ਉਤੇ ਚੜ੍ਹਾਈ ਕਰਨ ਦੀ ਤਜਵੀਜ਼ ਕੀਤੀ ਸੀ ਤਾਂ ਸਿੱਖ-ਫੌਜਾਂ ਵਿਚ ਜੋੜ ਤੋੜ ਪੈਦਾ ਕਰਨ ਵਾਸਤੇ ਇਹੋ ਸਰਦਾਰ ਭੇਜਿਆ ਗਿਆ ਸੀ। ਸਬੂਤ ਲਈ ਦੇਖੋ, ਗਵਾਲ ਕਵੀ ਵਿਜਯ ਵਿਨੋਦ, ਛੰਦ ਅੰਕ ੧੯੦-੯੩ ।

ਕਰੈ ਬੀਚ ਮੈਂਦਾਂ ਆਧੋ ਆਧ ਕਟ ॥੩੧੨॥
ਲਰੈਂ ਸੂਰਮੇ ਖੌਫ਼ ਦਿਲ ਛੋਰ ਕੈਂ ।
ਨਿਕਸ ਤੀਰ ਮਾਥਾ ਚਲੈਂ ਫੋਰ ਕੈ ॥੩੧੩॥

## ਬੱਦੋਵਾਲ ਦਾ ਯੁੱਧ

ਬੱਦੋਵਾਲ ਮੈਂ ਜੰਗ ਸਿੰਘਨ ਕੀਆ ।
ਲੁਟੀ ਤੋਪ ਬਾਰੂਦ ਡੇਰਾ ਲੀਆ ॥੩੧੪॥
ਤਹਾਂ ਲਾਡੂਏ ਕਾ ਜੋ ਰਾਜਾ[੫੨] ਲੜਾ ।
ਸਭੀ ਕੋਪ ਗੋਰਾ ਕਾ ਉਸ ਪਰ ਪੜਾ ॥੩੧੫॥
ਲਰੀ ਪਲਟਨੈਂ ਖ਼ੂਬ ਹੋ ਕਰ ਜਮਾ ।
ਨਹੀਂ ਜੰਗ ਕਰਨੇ ਕੀ ਰਾਖੀ ਤਮਾ ॥੩੧੬॥
ਤਹਾਂ ਜੰਗ ਸਿੰਘੋਂ ਨੇ ਐਸਾ ਲੀਆ ।
ਹਟ ਜੰਗ ਗੋਰਾ ਕਾ ਪਾਛੇ ਕੀਆ ॥੩੧੭॥
ਯਹ ਅੰਗਰੇਜ਼ ਕਾ ਘਰ ਬੜਾ ਬੇਸ਼ੁਮਾਰ ।
ਭਰੀਂ ਹਰ ਜਗੈਂ ਫਿਰ ਰਹੈਂ ਖਬਰਦਾਰ ॥੩੧੮॥
ਉਧਰ ਲਰਕੈ ਫਿਰ ਫ਼ੌਜ ਆਤੀ ਇਧਰ ।
ਇਧਰ ਲਰ ਕੈਂ ਫਿਰ ਫ਼ੌਜ ਜਾਤੀ ਉਧਰ ॥੩੧੯॥
ਜਲਦ ਫ਼ੌੜ ਅਫ਼ਸਰ ਕੋ ਅਪਨਾ ਕੀਆ ।
ਕਿਸੇ ਬੇਦੀ-ਸੋਢੀ ਨੇ ਦਿਲ ਨਾ ਦੀਆ ॥੩੨੦॥
ਨਹੀਂ ਦਿਲ ਕੋ ਦੈ ਕਰਕੈ ਆਗੂ ਲਰਾ ।
ਫ਼ਕਤ ਖਾਲਸਾ ਹੋ ਬਿਮਾਲਿਕ ਮਰਾ ॥੩੨੧॥
ਨਿਧਾਨ ਸਿੰਘ ਤੁੰਗੋਂ ਕਾ ਸਰਦਾਰ ਥਾ ।
ਲਰਾ ਖ਼ੂਬ ਜੰਗੀ ਖ਼ਬਰਦਾਰ ਥਾ ॥੩੨੨॥
ਚਲਾਤਾ ਰਹਾ ਤੀਰ ਐਸੇ ਜਵਾਂ ।
ਕਟੀ ਫ਼ੌਜ ਗੋਰਾ ਕੀ ਉਸ ਨੈ ਕਲਾਂ ॥੩੨੩॥
ਜਬਰ ਜੰਗ ਉਸ ਕੇ ਪੈ ਕੁਰਬਾਨ ਮੈਂ ।
ਦੀਆ ਸੀਸ ਉਨ ਖ਼ੂਬ ਮੈਦਾਨ ਮੈਂ ॥੩੨੪॥
ਠਟਕੇ ਜੰਗ ਐਸੇ ਬਹਾਦੁਰ ਮੂਏ ।
ਨਿਮਕ ਕੀ ਸ਼ਰਤ ਪਰ ਬਹਿਸ਼ਤੀ ਹੂਏ ॥੩੨੫॥
ਬੱਦੋਵਾਲ ਮੈਂ ਜੰਗ ਕੀਆ ਕਰਾਰ ।
ਦਈ ਭੂੰਦੜੀ[੫੩] ਫ਼ੌਜ ਅਫ਼ਸਰ ਨੇ ਹਾਰ ॥੩੨੬॥

---

੫੨. ਰਾਜਾ ਅਜੀਤ ਸਿੰਘ ਲਾਡੂਏ ਵਾਲਾ ।
੫੩. ਜ਼ਿਲ੍ਹਾ ਲੁੱਦਿਹਾਨਾ ਦਾ ਇਕ ਪਿੰਡ ਜਿਸ ਦਾ ਸਹੀ ਨਾਂ ਭੂੰਦੜ ਹੈ ।

# ਸੁਭਰਾਉਂ ਦਾ ਯੁੱਧ

ਸੁਨੋ ਅਬ ਜੁ ਫਿਰ ਜੰਗ ਮਚਨੇ ਲਗਾ।
ਹਰੀ ਕਿਉਂ ਕੇ ਪੱਤਨ ਮੈਂ ਜ਼ੋਰਾ ਜਗਾ ॥੩੨੭॥
ਤਬੀ ਖ਼ਾਲਸਾ ਹੋ ਚਲਾ ਪਾਰ ਕੋਂ।
ਦੀਆ ਛੋਡ ਹੈ ਅਪਨੇ ਘਰ ਬਾਰ ਕੋਂ ॥੩੨੮॥
ਯਹਾਂ ਮਿਲਕੈ ਸਿੰਘੋਂ ਨੈ ਕੀਨੀ ਸਲਾਹ।
ਯਹਾਂ ਸੀਸ ਦੇਨਾ ਯਾ ਦੁਸ਼ਮਨ ਫ਼ਨਾਹ ॥੩੨੯॥
ਜਿਤੇ ਬੀਚ ਸਰਦਾਰ ਜੰਗੀ ਜਵਾਂ।
ਸਭਨ ਮਾਨ ਲੀਨੀ ਹੈ ਐਸੀ ਜ਼ਬਾਂ ॥੩੩੦॥
ਕਹਾ ਸ਼ਯਾਮ ਸਿੰਘ[੫੪] ਸੀਸ ਦੇਨਾ ਯਹਾਂ।
ਸੁਜਸ ਕਾ ਅਵਾਜ਼ਾ ਹੈ ਲੈਨਾ ਯਹਾਂ ॥੩੩੧॥
ਜਬੈ ਜੰਗ ਗੋਰਾਂ ਕਾ ਆਵੈਂਗੇ ਜੀਤ।
ਤਬੈ ਆਨ ਕਰਕੈ ਕਰੈਂ ਰਾਜਗੀਤ ॥੩੩੨॥
ਕੀਆ ਦਾਨ ਸਰਬੰਸ ਅਪਨਾ ਉਸੈ।
ਨਹੀਂ ਹਟਕੈ ਆਨੈ ਕੀ ਰਾਖੀ ਉਸੈ ॥੩੩੩॥
ਯਹ ਦਾੜ੍ਹੀ ਲੇ ਕਰ ਕੈ ਜਾਨਾ ਕਹਾਂ।
ਹਰੀ ਸਿੰਘ ਜੈਸਾ ਸਦਾਨਾ ਕਹਾਂ ॥੩੩੪॥
ਇਤੀ ਸ਼ਰਤ ਕਰਕੈ ਚੜ੍ਹੇ ਜੰਗ ਸੈਂ।
ਉਸੈ ਥੂਕ ਜੇ ਕੋ ਹਟੈ ਜੰਗ ਸੈਂ ॥੩੩੫॥
ਜਬੈ ਕੋਪ ਸਿੰਘੋਂ ਨੈਂ ਐਸਾ ਕੀਆ।
ਤਬੈਂ ਕਾਕ ਗਿਰਝਨ ਹਲਾਸਾ ਲੀਆ ॥੩੩੬॥
ਸਭੀ ਸ੍ਵਾਨ[੫੫] ਗੀਦੜ ਖੁਸ਼ੀ ਹੋ ਗਏ।
ਅਬੀ ਪੇਟ ਭਰਨੇ ਕੋ ਜੋ ਥੇ ਭਏ ॥੩੩੭॥
ਕਿਤੇ ਭੂਤ ਬੈਤਾਲ ਆਤੇ ਹੂਏ।
ਕਿਤੇ ਜੋਗਨੀ ਝੂੰਡ ਮਾਤੇ ਹੂਏ ॥੩੩੮॥
ਉਠੇ ਕਲ ਔ ਨਾਰਦ ਦੇਖ ਸਾਥੀਨ ਕੂੰ।
ਤਮਾਸ਼ਾ ਦੇਖੈਂ ਖ਼ੂਨ ਕੇ ਪੀਨ ਕੂੰ ॥੩੩੯॥
ਚੜ੍ਹੇ ਖ਼ਾਲਸਾ ਕੋਪ ਕਰਕੈ ਜਮਾ।
ਗੁਬਾਰਨ ਜੰਬੂਰਨ ਨ ਰਾਖੀ ਤਮਾ ॥੩੪੦॥
ਮਹਾਰਾਜ ਕੇ ਘਰ ਕਮੀ ਨ ਥੀ।

---

੫੪. ਸਰਦਾਰ ਸ਼ਾਮ ਸਿੰਘ ਅਟਾਰੀ ਵਾਲਾ। ੫੫. ਕੁੱਤੇ।

ਇਤਾ ਸਿਲਸਿਲਾ ਹੈ ਨ ਦੇਖਾ ਕਭੀ ॥੩੪੧॥
ਕਹਾਂ ਗਿਨਤੀ ਜੋ ਤੋਪ ਲੂਟੀ ਗਈ ।
ਮਹਾਰਾਜ ਕੇ ਘਰ ਨਈ ਤੇ ਨਈ ॥੩੪੨॥
ਮਹਾਰਾਜ ਘਰ ਕੀ ਕਹੋਂ ਕਿਆ ਤੁਝੈ ।
ਨ ਅਸਬਾਬ ਗਿਨਤੀ ਕੀ ਫ਼ੁਰਸਤ ਮੁਝੈ ॥੩੪੩॥
ਕਿਤੀ ਤੋਪ ਚਰਖ਼ਨ ਪੈ ਚਢਤੀ ਰਹੈਂ ।
ਗੁਬਾਰੈਂ ਜੰਬੂਰੋਂ ਕੀ ਘੜਤੀ ਰਹੈਂ ॥੩੪੪॥
ਪੱਥਰ ਕਲ ਕੋ ਉਸਤਾਦ ਜੜਤੇ ਰਹੈਂ ।
ਕਿਤੇ ਤੋਸ਼ਦਾਨਨ ਕੋ ਮੜ੍ਹਤੇ ਰਹੈਂ ॥੩੪੫॥
ਕਿਤੇ ਤੋੜਦਾਰਨ ਕੀ ਘੜਤੀ ਰਹੈਂ ।
ਕਿਤੇ ਨੌ ਜਵਾਂ ਕੀ ਭਰਤੀ ਕਰੈਂ ॥੩੪੬॥
ਪਰੀ ਹੋਤ ਤਲਵਾਰ ਸਿਲਕੈਂ ਸਦਾ ।
ਕਈ ਲਾਖ਼ ਘੜਨੇ ਕੀ ਰਹਿਤੀ ਸਦਾ ॥੩੪੭॥
ਰਹੈ ਜੰਗ ਕੀ ਬਾਤ ਸਬ ਲੈਸ ਥੀ ।
ਫ਼ਟੈ ਜ਼ਿਗਰ ਦੁਸ਼ਮਨ ਕੀ ਹਮੇਸ਼ ਥੀ ॥੩੪੮॥
ਐਸੇ ਸ਼ਾਹ ਬਿਨ ਸਭ ਬਿਮਾਲਿਕ ਹੂਏ ।
ਤਬੀ ਫੌਜ ਅਫਸਰ ਲੇ ਗਾਲਕ ਹੂਏ ॥੩੪੯॥
ਜਿਤੇ ਸ਼ਾਹ ਨੇ ਲਸ਼ਕਰ ਥੇ ਕੀਏ ।
ਤਿਤੇ ਰਾਨੀ ਨੇ ਖ਼ੁਦ ਬਖ਼ੁਦ ਦੇ ਦੀਏ ॥੩੫੦॥
ਵੁਹ ਪਾਤੀ ਸਜ਼ਾ ਖ਼ੂਬ ਰਾਨੀ ਪੜੀ[੫੬] ।
ਨਹੀਂ ਵੁਹ ਹੁਕਮ ਕੀ ਰਹੀ ਯਕ ਘੜੀ ॥੩੫੧॥
ਮਹਾਰਾਜ ਮਰਨਾ ਹੂਆ ਯਾਦ ਹੈ ।
ਪੜੀ ਸਭ ਕੇ ਸਿਰ ਪਰ ਯਹ ਅਫ਼ਤਾਦ ਹੈ ॥੩੫੨॥
ਜਲਦ ਫੌਜ ਮਿਲ ਕਰ ਪੜੀ ਜੰਗ ਮੈਂ ।
ਲਗੀ ਤੋਪ ਚਲਨੈ ਜੋ ਰੰਗਾ ਰੰਗ ਮੈਂ ॥੩੫੩॥
ਗੁਬਾਰੈ ਕਾ ਗੋਲਾ ਫਟੈ ਆਸਮਾਂ ।
ਉਤਰ ਕਰ ਫ਼ਟੈਂ ਫੌਜ ਕਾਟੈ ਕਲਾਂ ॥੩੫੪॥
ਜੰਬੂਰੋਂ ਕੀਆ ਜੋਰ ਐਸੋ ਜਬਰ ।
ਸੁਨੀ ਜੰਗ ਦਰ ਕੋਸ ਕੋਸਨ ਖ਼ਬਰ ॥੩੫੫॥
ਛੂਟੈ ਤੀਰ ਬਰਛੀ ਔ ਸ਼ਮਸ਼ੇਰ ਹੈ ।

---

੫੬. ਮਹਾਰਾਣੀ ਜ਼ਿੰਦ ਕੌਰ ਨੂੰ ਉਸ ਸਮੇਂ ਦੇਸ਼ ਨਿਕਾਲਾ ਦੇ ਕੇ ਬਨਾਰਸ ਭੇਜ ਦਿੱਤਾ ਗਿਆ ਸੀ ।

ਦੁਨਾਲੀ ਚਲੇ, ਹੁਵੈ ਨ ਦਮ ਦੇਰ ਹੈ ॥੩੫੬॥
ਜਬੀ ਦਮ ਬਦਮ ਤੋਪ ਕੜਕਨ ਲਗੀ ।
ਤਬੀ ਦਮ ਬਦਮ ਲੋਥ ਖਟਕਨ ਲਗੀ ॥੩੫੭॥
ਚਲੈਂ ਕਿਰਚ ਕਿਰਚੈਂ ਕਰੈਂ ਹਾਡ ਕੋ ।
ਲਬਾ ਲਬ ਕਰੈਂ ਖ਼ੂਨ ਕੀ ਆਡ ਕੋ ॥੩੫੮॥
ਤਮੰਚਨ ਕਰਾਬੀਨ ਗੋਲੀ ਕੇ ਤੋੜ ।
ਨਿਕਸ ਜਾਤ ਹੈਂ ਸੰਜ ਫ਼ੁਲਾਦ[੫੭] ਫੋੜ ॥੩੫੯॥
ਪੱਥਰ ਕਲ ਬੰਦੂਕੈਂ ਚਲੈਂ ਤੋੜੇਦਾਰ ।
ਉਠੈਂ ਹੈਂ ਪਲੀਤਾ ਹਜ਼ਾਰਨ ਹਜ਼ਾਰ ॥੩੬੦॥
ਚਲੈਂ ਨੋਕ ਨੇਜਾ ਨਿਕਲ ਜਾਤ ਪਾਰ ।
ਗ਼ਿਰੈਂ ਜੰਗ ਮੈਂ ਬੀਰ ਰਾਨੈਂ[੫੮] ਪਸਾਰ ॥੩੬੧॥
ਹਜ਼ਾਰੈਂ ਕਮਾਨੈਂ ਕੜੱਕੈਂ ਪੜੀਂ ।
ਚਲੈਂ ਤੀਰ ਸਾਵਨ ਕੀ ਲਾਗੀ ਝੜੀ ॥੩੬੨॥
ਜਿਤੇ ਖੇਤ ਮੈਂ ਸੀਹ ਕਾਇਰ ਹੂਏ ।
ਜਿਤੇ ਸਿੰਘ ਜੰਗੀ ਵੁਹ ਦਾਇਰ ਹੂਏ ॥੩੬੩॥
ਪਰਾ ਜੋਰ ਐਸਾ ਜ਼ਬਰ ਜੰਗ ਥਾ ।
ਪਰਾ ਖ਼ੂਨ ਪਰਵਾਹ ਅਜਬ ਰੰਗ ਕਾ ॥੩੬੪॥
ਜੁਦੇ ਦੇਖ਼ੀਏ ਸੀਸ ਕਾਟੇ ਪੜੇ ।
ਕਿਤੇ ਧੜ ਅਧੋ ਅਧ ਪਿਖੈਂ ਤੜਫ਼ਤੇ ॥੩੬੫॥
ਕਿਤੇ ਸੈਂਕਰਾ ਹਾਥ ਪਾ ਕਟ ਗਏ ।
ਕਿਤੇ ਅਸਪ ਔ ਫੀਲ ਤਰਫੈਂ ਪਏ ॥੩੬੬॥
ਕਿਤਨ ਹਾਥ ਗਿਰ ਪੜੀ ਤਲਵਾਰ ਹੈਂ ।
ਕਿਤੇ ਖੈਂਚ ਮਾਰੇਂ ਖ਼ਬਰਦਾਰ ਹੈਂ ॥੩੬੭॥
ਕਿਤੇ ਮਾਰ ਔ ਮਾਰ ਕਰਤੇ ਫਿਰੇਂ ।
ਕਿਤੇ ਬੀਚ ਕਾਇਰ ਕਦਮ ਹਟ ਗਿਰੈਂ ॥੩੬੮॥
ਕਭੀ ਫ਼ੌਜ ਗੋਰਾ ਕੀ ਸਿੰਘਨ ਕਟੈ ।
ਕਭੀ ਸਿੰਘ ਗੋਰਾ ਕੀ ਫੌਜੈਂ ਕਟੈ ॥੩੬੯॥
ਦੂਹੂੰ ਓਰ ਸੇ ਜੰਗ ਐਸਾ ਕਰੈਂ ।
ਹੂਏ ਪੁਰਜੇ ਪੁਰਜੇ ਨ ਦਮ ਭਰ ਟਰੈਂ ॥੩੭੦॥
ਤੌ ਅੰਗਰੇਜ਼ਾਂ ਕਾ ਬਾਨ ਚਲਨੈ ਲਗਾ ।
ਕਲਾਂ ਫੌਜ ਸਿੰਘਨ ਕੀ ਦਲਨੈ ਲਗਾ ॥੩੭੧॥

---

੫੭. ਫਲਾਦ ਦੀ ਬਣੀ ਸੰਜੋਹ । ੫੮. ਲੱਤਾਂ ।

ਨ ਮਾਨੈਂ ਕਛੂ ਸਿੰਘ ਅੰਗਰੇਜ਼ ਕੌਂ ।
ਬਿਮਾਲਿਕ ਲੜੈਂ ਫ਼ੌਜ ਕਰ ਤੇਜ਼ ਕੌਂ ॥੩੭੨॥
ਵੁਹ ਜਰਨੈਲ ਕਰਨੈਲ ਮਾਰੇ ਕਈ ।
ਖੁਰਦ ਅਫ਼ਸਰੋਂ ਕੀ ਨ ਗਿਨਤੀ ਰਹੀ ॥੩੭੩॥
ਕਿਤੀ ਘੁੜ ਚੜ੍ਹੋਂ ਕੀ ਕਟੀ ਫ਼ੌਜ ਹੈ ।
ਜਿਨ੍ਹੋਂ ਸ਼ਾਹ ਆਗੈ ਕਰੀ ਮੌਜ ਹੈ ॥੩੭੪॥
ਲਰਾ ਕਬਤਾਂ[੫੯] ਜੁ ਸਰਦਾਰ ਥਾ ।
ਵੁਹ ਖੂਬ ਜੰਗੀ ਖ਼ਬਰਦਾਰ ਥਾ ॥੩੭੫॥
ਜਬਰ ਜੰਗ ਕਰਕੈ ਦੀਆ ਸੀਸ ਉਸ ।
ਮਿਲਾ ਵੁਹ ਸ਼ਹੀਦਨ ਸਦਾ ਖੁਸ਼ ਬਖੁਸ਼ ॥੩੭੬॥
ਮਾਖੇ ਖਾਂ ਫੇਰੂਮਾਨ ਸੁਸਤੀ ਹੂਆ ।
ਇਸੀ ਜੰਗ ਮੈਂ ਖੂਬ ਚੁਸਤੀ ਹੂਆ ॥੩੭੭॥
ਲਰਾ ਖੂਬ ਤੋਪੈਂ ਚਲਾ ਕਰ ਜਵਾਂ ।
ਬਹਿਸ਼ਤੀ ਹੂਆ ਜੰਗ ਕਰਕੈ ਕਲਾਂ ॥੩੭੮॥
ਕਟੇ ਸਾਥ ਤਲਵਾਰ ਗੋਰਾਂ ਜਵਾਂ ।
ਚਢਾ ਕੌਰ ਸਿੰਘ ਥਾ ਅਕਾਲੀ ਕਲਾਂ ॥੩੭੯॥
ਮੇਵਾ ਸਿੰਘ ਜ਼ਖਮੀ ਹੂਆ ਜੰਗ ਮੈਂ ।
ਤਜੇ ਪ੍ਰਾਨ ਉਸ ਨੈ ਉਸੀ ਰੰਗ ਮੈਂ ॥੩੮੦॥
ਬੇਲਾ ਸਿੰਘ ਮਰਾ, ਪੰਜ-ਹੱਥਾ ਮੂਆ ।
ਹੁਕਮ ਸਿੰਘ ਕਟਕੇ ਖੂਬ ਸਾਥੀ ਹੂਆ ॥੩੮੧॥
ਫ਼ਤੇ ਸਿੰਘ ਜੋਗੀ ਮੂਆ ਖੂਬ ਲਰ ।
ਦੀਆ ਸੀਸ ਸੌਂਹੇਂ, ਹੂਆ ਹੈ ਅਮਰ ॥੩੮੨॥
ਹੀਰਾ ਸਿੰਘ ਜੰਗੀ[੬੦] ਕੀਆ ਜੋਸ਼ ਹੈ ।
ਕਰੀ ਫ਼ੌਜ ਦੁਸ਼ਮਨ ਕੀ ਬੇਹੋਸ਼ ਹੈ ॥੩੮੩॥
ਕਲਾਂ ਜੰਗ ਕਰਕੈਂ ਸਾਮ੍ਹਨੈ ਮਰਾ ।
ਸ਼ਹੀਦਨ ਕੋ ਡੇਰਾ ਮੈਂ ਡੇਰਾ ਕਰਾ ॥੩੮੪॥
ਨਹੀਂ ਗਿਨਤੀ ਸਿੰਘੋਂ ਕੀ ਜੇਤੇ ਮੂਏ ।
ਨਿਮਕ ਕੀ ਸ਼ਰਤ ਪਰ ਬਹਿਸ਼ਤੀ ਹੂਏ ॥੩੮੫॥
ਮਜੀਠੇ ਕਾ ਜਰਨੈਲ ਕੁੱਵਤ ਕਲਾਂ ।
ਜੁ ਮਹਿਤਾਬ ਸਿੰਘ ਜੰਗੀ ਬਹਾਦੁਰ ਜਵਾਂ ॥੩੮੬॥

---

੫੯. ਕਪਤਾਨ । ਕਬਤਾਂ ਵਾਲੀ ਤੁਕ ਦਾ ਪਾਠ ਏਥੇ ਅਸ਼ੁੱਧ ਹੈ ਤੇ ਇਸ ਦੀ ਸੁਧਾਈ ਲਈ ਕੋਈ ਸ਼ੁੱਧ ਨੁਸਖ਼ਾ ਅਜੇ ਤਕ ਨਹੀਂ ਮਿਲਿਆ । ੬੦ 'ਟੋਪੀ' ਪਾਠ ਵੀ ਹੈ।

ਲਰੈ ਖੂਬ ਜ਼ੋਰਾ ਸੈਂ ਗੋਰਾ ਕਟੈ ।
ਨਿਮਕ ਕੀ ਸ਼ਰਤ ਪਰ ਕਦਮ ਨਾ ਹਟੈ ॥੩੮੭॥
ਲਰਾਈ ਕਰੀ ਖੂਬ ਪਲ ਪਲ ਸਭੀ ।
ਹੂਈ ਉਸ ਕੋ ਸਾਬਸ ਮੁਲਕਨ ਤਬੀ ॥੩੮੮॥
ਤਹਾਂ ਫੌਜ ਗੋਰਾ ਬਹੁਤ ਗਲ ਗਈ ।
ਖਬਰ ਬੀਚ ਲੰਦਨ ਜਲਦ ਕਰ ਗਈ ॥੩੮੯॥
ਕਟੀ ਫ਼ੌਜ ਸਿੰਘਨ ਕੀ ਗਿਨਤੀ ਨਹੀਂ ।
ਮਹਾਰਾਜ ਕੇ ਬਿਨਾ ਵੁਹ ਬਨਤੀ ਨਹੀਂ ॥੩੯੦॥
ਲਰੇ ਦੋ ਤਰਫ ਕੇ ਬਹਾਦੁਰ ਜਵਾਂ ।
ਨਹੀਂ ਅਫ਼ਸਰੋਂ ਕੀ ਕਲਾਂ ਤੇ ਕਲਾਂ ॥੩੯੧॥
ਕੁਮੇਦਾਨ ਕਪਤਾਨ ਔ ਸੂਬੇਦਾਰ ।
ਕਰੇ ਕੌਨ ਗਿਨਤੀ ਕਟੈਂ ਬੇਸ਼ੁਮਾਰ ॥੩੯੨॥
ਮਰੈਂ ਸਾਮ੍ਹਨੇ ਹਾਥ ਕਰਕੈਂ ਜਵਾਂ ।
ਬਰੈਂ ਹੂਰ ਉਨ ਕੋ ਚਢਾ ਕਰ ਬਿਬਾਂ ॥੩੯੩॥
ਸ਼ਹਾਦਤ ਹੈ ਮਰਨਾ ਸੌਂਹੇ ਖੂਬ ਕੂੱਦ ।
ਵੁਹ ਜਾਤੇ ਬਹਿਸ਼ਤਨ ਸਭੀ ਖ਼ੁਦ ਬਖ਼ੁਦ ॥੩੯੪॥
ਨਿਮਕ ਕੀ ਸ਼ਰਤ ਪਰ ਜੁ ਮਰਨਾ ਚਹੈਂ ।
ਤਿਸੈਂ ਲੋਕ ਪਰਲੋਕ ਸਾਬਸ ਕਹੈਂ ॥੩੯੫॥
ਜਬੀ ਫੌਜ ਸਿੰਘਨ ਕੀ ਦਰਜਨ ਲਗੀ ।
ਤਬੀ ਫੌਜ ਗੋਰਾ ਕੀ ਗਰਜਨ ਲਗੀ ॥੩੯੬॥
ਅਟਾਰੀ ਕਾ ਸਰਦਾਰ ਜੰਗੀ ਜਵਾਂ ।
ਮਹਾਰਾਜ ਕਾ ਥਾ ਮੁਸਾਹਿਬ ਨਿਸਾਂ ॥੩੯੭॥
ਦਿਖਾ ਸ਼ਜਾਮ ਸਿੰਘ ਬੀਚ ਚਾਰੋਂ ਤਰਫ਼ ।
ਫਟੀ ਫੌਜ ਜਾਤੀ ਹੈ ਹਰਯਕ ਤਰਫ਼ ॥੩੯੮॥
ਚੁਤਰਫ਼ੈਂ ਨਿਸ਼ਾਂ ਕਰ ਖੜਾ ਹੋ ਗਿਆ ।
ਨਿਮਕ ਕੀ ਸ਼ਰਤ ਕਾ ਕੜਾ ਹੋ ਗਿਆ ॥੩੯੯॥
ਦੋਊ ਬਾਪ ਬੇਟਾ ਖੜੇ ਹੋ ਗਏ ।
ਕਿਤੇ ਸਾਥ ਉਨ ਕੇ ਖੜੇ ਹੋ ਗਏ ॥੪੦੦॥
ਹਕਾਰਾ ਦੀਆ ਖ਼ਾਲਸਾ ਕੋ ਤਬੈ ।
ਕਹਾਂ ਜਾਤ ਹੋ ਬੀਰ ਦਰੀਆ ਲਬੈ ॥੪੦੧॥
ਤਬੈ ਸਿੰਘ ਕੇਤੇ ਜਮਾ ਹੋ ਗਏ ।
ਵੁਹ ਫ਼ਾਨੂਸ ਹੂੰ ਕੀ ਸ਼ਮਾਂ ਹੋ ਗਏ ॥੪੦੨॥

ਲਈ ਸ਼ਜਾਮ ਸਿੰਘ ਹਾਥ ਸ਼ਮਸ਼ੇਰ ਹੈ।
ਜਿਸੈ ਸਿਰ ਪੈ ਲਾਵੈ ਨ ਦਮ ਦੇਰ ਹੈ ॥੪੦੩॥
ਚਲੇ ਆਤ ਗੋਰਾ ਅਮਲ ਕੀ ਲਟਕ।
ਲਗੈ ਜਿਸ ਕੇ ਤੇਗਾ ਮਰੈ ਸਿਰ ਪਟਕ ॥੪੦੪॥
ਕਟਾ ਸੀਸ ਗੋਰਾ ਕਾ ਥੋਰਾ ਨਹੀਂ।
ਥਕਾ ਹਾਥ ਜਬ ਤਲਕ ਜੋਰਾ ਨਹੀਂ ॥੪੦੫॥
ਕਟੀ ਫੌਜ ਦੁਸ਼ਮਨ ਕਰਤਾ ਸਬਰ।
ਗਈ ਬੀਚ ਨੰਦਨ ਉਸ ਕੀ ਖਬਰ ॥੪੦੬॥
ਕੀਆ ਉਸ ਨੇ ਨੰਦਨ ਕੋ ਖਾਲੀ ਬਿਸ਼ਕ।
ਨਹੀਂ ਬਾਤ ਇਸ ਮੈਂ ਰਹੀ ਕੁਛਕੁ ਸ਼ਕ ॥੪੦੭॥
ਮੂਆ ਹੋ ਬਹਾਦੁਰ ਜਵਾਂ ਜੰਗ ਮੈਂ।
ਮਿਲਾ ਵੁਹ ਸ਼ਹੀਦਨ ਉਸੀ ਰੰਗ ਮੈਂ ॥੪੦੮॥
ਹੂਈ ਉਸ ਕੋ ਸਜਾਬਾਸ ਚਾਰੋਂ ਤਰਫ਼।
ਨਗਰ ਤੇ ਨਿਕਾਲਾ ਹੈ ! ਹਾ ! ਕਾ ਹਰਫ਼ ॥੪੦੯॥
ਕਿਤੇ ਸਾਹਿਬ ਜੰਗੀ ਬਹਾਦੁਰ ਮੂਏ।
ਕਿਤੇ ਬੀਰ ਸਰਦਾਰ ਪੁਰਜੇ ਹੂਏ ॥੪੧੦॥
ਕਿਤੇ ਜਲਦ ਕਰ ਬੀਚ ਦਰੀਆ ਬਹੇ।
ਕਿਤੇ ਹੋਇ ਪੁਰਜੇ ਜ਼ਿਮੀਂ ਪਰ ਰਹੇ ॥੪੧੧॥
ਕਿਤੇ ਸਾਥ ਗੋਲਾ ਉਡੇ ਆਸਮਾਂ।
ਹੂਈ ਜੰਗ ਹੂ ਮੈਂ ਫ਼ਤੇ ਸਾਹਿਬਾਂ ॥੪੧੨॥
ਨ ਹੋਤੀ ਸੁਸਤੀ ਜੁ ਸਿੰਘ ਤੇਜ ਕੀ।
ਰਹੀ ਥੀ ਨਾ ਬਾਕੀ ਤੋ ਅੰਗਰੇਜ਼ ਕੀ ॥੪੧੩॥
ਜਿਸੈ ਪੁਸ਼ਤ ਮਾਲਿਕ ਕਾ ਸਾਇਆ ਹੂਆ।
ਤਿਸੈ ਕਾ ਫ਼ਤੇ ਜੰਗਨਾਮਾ ਹੂਆ ॥੪੧੪॥
ਸਭੀ ਸਿਰ ਕੇ ਊਪਰ ਯਹ ਕਿਸਮਤ ਕਬੂਲ।
ਕਿਸੈ ਕੀ ਫ਼ਤਹ ਔ ਕਿਸੈ ਕੀ ਅਦੂਲ ॥੪੧੫॥
ਮਿਲੇ ਉਨ ਕੇ ਮਾਲਿਕ ਜੋ ਅੰਗਰੇਜ਼ ਸੈਂ।
ਦਗ਼ਾ ਕਰਕੇ ਮਰਵਾਏ ਫ਼ਰਫ਼ੇਜ਼ ਸੈਂ ॥੪੧੬॥
ਹੂਏ ਕੰਪਨੀ ਕੇ ਬਹਾਦਰ ਕਲਾਂ।
ਬਿਮਾਲਿਕ ਭਏ ਸਿੰਘ ਹੂਏ ਚਲਾਂ ॥੪੧੭॥
ਨ ਹੋਤਾ ਬਿਮਾਲਿਕ ਕਭੀ ਖਾਲਸਾ।
ਕਹਾਂ ਕੰਪਨੀ ਇਨ ਸੈਂ ਪਾਤੀ ਫ਼ਤਾ ॥੪੧੮॥

ਹੁਕਮ ਜੋ ਹੈ ਮਾਲਿਕ ਕਾ ਹੋਤਾ ਸੋਈ ।
ਕਹੋ ਲਾਖ ਬਾਤੈਂ ਬਨਾ ਕਰ ਕੋਈ ॥੪੧੯॥
ਹੂਆ ਤਪ ਜੋ ਐਸਾ ਅੰਗਰੇਜ਼ ਕਾ ।
ਨਹੀਂ ਸਰ ਆਤਾ ਉਸ ਕੇ ਤੇਜ਼ ਕਾ ॥੪੨੦॥
ਗਵਰਨਰ ਜੋ ਸਾਹਿਬ ਬਹਾਦੁਰ ਹੂਆ ।
ਫ਼ਤਹ ਕਾ ਨਸ਼ਾਨਾ ਹੈ ਸਾਦਰ ਹੂਆ ॥੪੨੧॥
ਫ਼ਤਹ ਗਪ[੬੧] ਸਾਹਿਬ ਕੀ ਹੂਈ ਕਲਾਂ ।
ਦੋਊ ਕੰਪਨੀ ਘਰ ਕੇ ਹੂਏ ਨਿਸ਼ਾਂ ॥੪੨੨॥
ਤਬੈ ਹੂਲ ਕਰ ਝਪਟ ਲੀਨਾ ਲਹੌਰ ।
ਦੁਆਬਾ ਲੀਆ ਜੀਤ ਕਰਕੇ ਫਲੌਰ ॥੪੨੩॥
ਤਬੈ ਕੰਪਨੀ ਦੇਸ ਦੇਸਨ ਜਗੀ ।
ਵਿਲਾਇਤ ਸਭੀ ਥਰ ਥਰਾਨੇ ਲਗੀ ॥੪੨੪॥
ਮਿਲੀ ਆਣ ਰਾਣੀ ਕੀ ਦਾਸੀ ਕਲਾਂ ।
ਸੁਨਾ ਨਾਮ ਜਿਸਕਾ ਕਹੈਂ ਮੰਗਲਾਂ[੬੨] ॥੪੨੫॥
ਮੁਸਾਹਿਬ ਔ ਰਾਜਾ ਸਭੀ ਮਿਲ ਗਏ ।
ਮਿਲੀ ਆਪ ਰਾਨੀ ਵੁਹ ਮਾਲਿਕ ਭਏ ॥੪੨੬॥
ਹੁਕਮ ਹੋ ਗਿਆ ਸਭੀ ਅੰਗਰੇਜ਼ ਕਾ ।
ਕੀਆ ਰਾਨੀ ਜਿੰਦਾਂ ਕੇ ਫ਼ਰਫ਼ੇਜ਼ ਕਾ ॥੪੨੭॥
ਸਭੀ ਫ਼ੌਜ ਕੋ ਤੋੜ ਡਾਲਾ ਤਬੀ ।
ਹੂਆ ਤੇਜ਼ ਅੰਗਰੇਜ਼ ਜ਼ੋਰਾ ਜਬੀ ॥੪੨੮॥
ਕਿਤੇ ਲਾਟ ਮੁਲਕੀ ਚਲੇ ਆਤ ਹੈਂ ।
ਕਿਤੇ ਲਾਟ ਜੰਗੀ ਚਲੇ ਜਾਤ ਹੈਂ ॥੪੨੯॥
ਯਹ ਅੰਗਰੇਜ਼ ਕੇ ਘਰ ਕੀ ਗਿਨਤੀ ਨਹੀਂ ।
ਕਲਾਂ ਹੈ ਬਹਾਦੁਰ ਨ ਦੇਖਾ ਕਹੀਂ ॥੪੩੦॥
ਇਤੀ ਬਾਤ ਤੈ ਕੰਪਨੀ ਜੀਤ ਹੋ ।
ਨ ਫੂਟੈ ਜਵਾਂ ਏਕ ਬਦਨੀਤ ਹੋ ॥੪੩੧॥

---

੬੧. Sir Hugh Gough. ੬੨. ਦਾਸੀ ਮੰਗਲਾਂ ਮਹਾਰਾਣੀ ਜਿੰਦ ਕੌਰ ਦੀ ਇਕ ਪ੍ਰਸਿੱਧ ਗੋਲੀ ਸੀ । ਇਹ ਜਾਤ ਦੀ ਝਿਉਰੀ ਤੇ ਕਾਂਗੜੇ ਦੇ ਇਲਾਕੇ ਦੀ ਵਸਨੀਕ ਸੀ । ਸਿੱਖ ਰਾਜ ਖ਼ਤਮ ਹੋਣ ਤੇ ਮੰਗਲਾਂ ਹਰਿਦਵਾਰ (ਗੰਗਾ) ਚਲੀ ਗਈ ਤੇ ਅੰਤ ਸਮੇਂ ਤੱਕ ਉਥੇ ਹੀ ਰਹੀ । ਇਸ ਦੇ ਪਾਸ ਧਨ ਪਦਾਰਥ ਬਹੁਤ ਸੀ ਤੇ ਖਰਚ ਇਸਦਾ ਸ਼ਾਹਾਨਾ ਸੀ। ਸ਼ਾਇਦ ਇਸੇ ਕਾਰਣ ਲੋਕ ਇਸ ਨੂੰ ਰਾਣੀ ਮੰਗਲਾਂ ਦੇ ਨਾਂ ਨਾਲ ਸੱਦਦੇ ਸਨ। (ਦੇਖੋ, ਨੂਰ ਅਹਿਮਦ, ਤਹਿਕੀਕਾਤਿ ਚਿਸ਼ਤੀ)

ਜਿਤਾ ਖ਼ਾਲਸਾ ਹੂਆ ਯਕ ਬਯਕ ।
ਸੁਨਾ ਅਗਰ ਨ ਦੇਖਾ ਥੀ ਕੁਛਕੁ ਸ਼ਕ ॥੪੩੨॥
ਐਸਾ ਉਨ ਕਾ ਇਤਫ਼ਾਕ ਟੂਟੈ ਕਬੀ ।
ਖ਼ਿਜ਼ਾਂ ਹੋਇਗੀ ਵੋਂ ਹੁਕਮ ਕੀ ਤਬੀ ॥੪੩੩॥
ਕਰੇਂਗੇ ਅਦਾਲਤ ਰਹੈਂ ਬਰਕਰਾਰ ।
ਨ ਹੋਗੀ ਅਦਾਲਤ, ਨ ਹੋਗੀ ਬਹਾਰ ॥੪੩੪॥
ਕਰੇਂਗੇ ਤਕੱਬਰ ਰਹੈਂ ਨਾ ਘਰੀ ।
ਯਹੀ ਬਾਤ ਸਾਚੀ ਮੈਂ ਲਿਖ ਕਰ ਧਰੀ ॥੪੩੫॥
ਯਹ ਖ਼ਲਕਤ ਖ਼ੁਦਾ ਕੀ ਪੈ ਜ਼ੁਲਮੀ ਕਰੈਂ ।
ਖ਼ਿਜ਼ਾਂ ਜਲਦ ਜਲਦੀ, ਨ ਦਮ ਭਰ ਟਲੈਂ ॥੪੩੬॥
ਅਗੇ ਹੁਕਮ ਮਾਲਿਕ ਕਾ ਹੋਗਾ ਜੋਈ ।
ਨ ਉਸ ਕੇ ਕਹਿਨੇ ਕੋ ਕਾਮਿਲ ਕੋਈ ॥੪੩੭॥
ਕੀਆ ਜੰਗ ਅੰਗਰੇਜ਼ ਖ਼ੁਦ ਜ਼ੋਰ ਸੈਂ ।
ਕੀਆ ਮੁਲਕ ਅਪਣਾ ਚਹੂੰ ਓਰ ਸੈਂ ॥੪੩੮॥
ਖ਼ੁਦਾ ਅਜੌਂ ਉਨ ਪੈਂ ਮਿਹਰਬਾਨੀ ਕਰੈ ।
ਨ ਰਾਖੈਂ ਇਸੀ ਤੇ ਕਿਸੀ ਕੀ ਕਾਨ ਹੈ ॥੪੩੯॥
ਉੱਨੀ ਸੈ ਕੇ ਊਪਰ ਬਿਤੇ ਦੋਇ ਸਾਲ[੬੩] ।
ਲੀਆ ਮੁਲਕ ਅੰਗਰੇਜ਼ ਨੇ ਖ਼ੁਦ ਕਰ ਕਮਾਲ ॥੪੪੦॥
ਕਹਾ ਵੈਨਸਿਟਾਟ[੬੪] ਦੀਜੋ ਬਤਾ ।
ਸਿੰਘੋ ਕੀ ਹਮਾਰੀ ਸ਼ਿਕਸਤੋਂ ਫ਼ਤਾ ॥੪੪੧॥
ਕੀਆ ਕਾਨ੍ਹ ਸਿੰਘ ਜੰਗ ਨਾਮਾ ਤਮਾਮ ।
ਮੈਂ ਕਰਤਾ ਹੂੰ ਸਭ ਸ਼ਾਇਰੋਂ ਕੋ ਸਲਾਮ ॥੪੪੨॥
ਅਜਬ ਦੇਸ਼ ਦੁਆਬਾ ਮੈਂ ਬੰਗਾ ਮਕਾਂ ।
ਕੀਆ ਜੰਗ ਨਾਮਾ ਉਸੀ ਦਰਮਿਆ ॥੪੪੩॥
ਕੀਆ ਜੰਗ ਨਾਮਾ ਇਹ ਤਮਾਮ ਹੈ ।
ਅਗਰ ਨਾ ਖ਼ਬਰ ਕਾਮ ਬੇਕਾਮ ਹੈ ॥੪੪੪॥

* * *

---

੬੩. ਸੰਮਤ ੧੯੦੨ ਬਿਕ੍ਰਮੀ ਮੁਤਾਬਕ ਸੰਨ ੧੮੪੫-੪੬ ।
੬੪. Mr. Vansitart, D. G. Jullundur. ਜਿਸ ਦੇ ਕਹਿਣ ਤੇ ਭਾਈ ਕਾਨ੍ਹ ਸਿੰਘ, ਬੰਗਾ ਨੇ ਇਹ ਜੰਗ ਨਾਮਾ ਤਿਆਰ ਕੀਤਾ ਸੀ ।

# ੧੩. ਕਿੱਸਾ ਸ਼ਾਹ ਮੁਹੰਮਦ ਦਾ

ਸ਼ਾਹ ਮੁਹੰਮਦ ਦਾ ਇਹ ਕਿੱਸਾ, ਜਿਸ ਵਿਚ ਲਾਹੌਰ ਦੀ ਖ਼ਾਨਾ-ਜੰਗੀ ਤੇ ਸਿੱਖਾਂ ਨਾਲ ਅੰਗਰੇਜ਼ਾਂ ਦੀ ਪਹਿਲੀ ਲੜਾਈ ਦਾ ਹਾਲ ਹੈ, ਸਿੱਖਾਂ ਦਾ ਇਕ ਪ੍ਰਸਿੱਧ ਜੰਗ-ਨਾਮਾ ਹੈ। ਸਿੱਖਾਂ ਦੀ ਇਹ ਪਹਿਲੀ ਲੜਾਈ ਸੰਨ ੧੮੪੫-੪੬ ਵਿਚ ਸਤਲੁਜ ਦੇ ਕੰਢੇ ਹੋਈ ਸੀ। ਸ਼ਾਹ ਮੁਹੰਮਦ ਨੇ ਇਸ ਲੜਾਈ ਦਾ ਹਾਲ ਬੈਂਤਾਂ ਵਿਚ ਬੜੇ ਦਰਦਨਾਕ ਢੰਗ ਵਿਚ ਦਿੱਤਾ ਹੈ, ਬਹਾਦਰੀ ਅਤੇ ਦੇਸ਼ ਭਗਤੀ ਇਸ ਵਿਚ ਆਪ ਮੁਹਾਰੀ ਮੂੰਹੋਂ ਪਈ ਬੋਲਦੀ ਹੈ। ਸਿਰਫ ਸਿੱਖ ਹੀ ਨਹੀਂ ਮੁਸਲਮਾਨ ਅਤੇ ਹਿੰਦੂ ਵੀ ਉਸ ਵੇਲੇ ਸਿੱਖ ਰਾਜ ਨੂੰ ਆਪਣਾ ਰਾਜ ਸਮਝਦੇ ਸਨ ਤੇ ਇਸ ਸਤਜੁਗੀ ਰਾਜ ਦੀ ਛਤ੍ਰ ਛਾਇਆ ਹੇਠ ਪਰਸਪਰ ਪਿਆਰ-ਗੱਲਵਕੜੀਆਂ ਪਾ ਕੇ ਭਰਾਵਾਂ ਵਾਂਗ ਰਹਿੰਦੇ ਸਨ। ਉਨ੍ਹਾਂ ਵਿਚ ਨਾ ਕੋਈ ਵਲ ਸੀ, ਤੇ ਨਾ ਵਿਤਕਰਾ। ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ ਨੇ ਬਗੈਰ ਕਿਸੇ ਪੱਖ-ਪਾਤ ਦੇ ਹਿੰਦੂ ਮੁਸਲਮਾਨਾਂ ਨੂੰ ਬੜੇ ਜ਼ਿਮੇਵਾਰੀ ਦੇ ਉੱਚੇ ਅਹੁੱਦੇ ਦਿੱਤੇ ਹੋਏ ਸਨ। ਇਸ ਹਿੰਦੂ-ਮੁਸਲਿਮ ਏਕਤਾ ਨੂੰ ਅੰਗਰੇਜ਼ਾਂ ਦੇ ਆਉਣ ਦਾ ਜ਼ਿਕਰ ਕਰਦਿਆਂ ਹੋਇਆਂ, ਕਵੀ ਸ਼ਾਹ ਮੁਹੰਮਦ ਨੇ ਖ਼ੁਦ ਮੰਨਿਆ ਹੈ:-

ਰਾਜ਼ੀ ਬਹੁਤ ਰਹਿੰਦੇ ਮੁਸਲਮਾਨ ਹਿੰਦੂ,
ਸਿਰ ਦੋਹਾਂ ਦੇ ਪੁੱਜ ਅਫ਼ਾਤ ਆਈ।
ਸ਼ਾਹ ਮੁਹੰਮਦਾ ਵਿੱਚ ਪੰਜਾਬ ਦੇ ਜੀ,
ਕਦੇ ਨਹੀਂ ਸੀ ਤੀਸਰੀ ਜਾਤ ਆਈ।

ਮੁਨਸ਼ੀ ਮੌਲਾ ਬਖ਼ਸ਼ 'ਕੁਸ਼ਤਾ' ਦੇ ਕਥਨ ਅਨੁਸਾਰ ਕਵੀ ਸ਼ਾਹ ਮੁਹੰਮਦ ਪਿੰਡ ਵਡਾਲਾ ਜ਼ਿਲਾ ਅੰਮ੍ਰਿਤਸਰ ਦਾ ਵਸਨੀਕ ਸੀ, ਸਬੂਤ ਲਈ ਦੇਖੋ ਉਨ੍ਹਾਂ ਦੀ ਪੁਸਤਕ "ਪੰਜਾਬ ਦੇ ਹੀਰੇ" ਵਿਚੋਂ ਸ਼ਾਹ ਮੁਹੰਮਦ ਦਾ ਹਾਲ। ਕਈ ਛਪੇ ਹੋਏ ਕਿੱਸਿਆਂ ਵਿਚ 'ਵਡਾਲੇ' ਦੀ ਥਾਂ 'ਵਟਾਲਾ' ਲਿਖਿਆ ਹੋਇਆ ਮਿਲਦਾ ਹੈ, ਜੋ ਗ਼ਲਤ ਹੈ। ਕਵੀ ਸ਼ਾਹ ਮੁਹੰਮਦ ਦੇ ਹੱਥ-ਲਿਖਿਤ ਕਿੱਸਿਆਂ ਵਿਚ 'ਵਡਾਲਾ' ਸ਼ਬਦ ਹੀ ਸਹੀ ਸਾਬਤ ਹੁੰਦਾ ਹੈ।

'ਕੁਸ਼ਤਾ' ਜੀ ਦੀ ਲਿਖਤ ਦੇ ਅਨੁਸਾਰ ਸ਼ਾਹ ਮੁਹੰਮਦ ਦਾ ਜਨਮ ਸੰਨ ੧੭੮੦-੮੨ ਵਿਚ ਹੋਇਆ ਤੇ ਸੰਨ ੧੮੬੨ ਵਿਚ ਉਸ ਦੀ ਮੌਤ ਹੋਈ ਸੀ। ਸ਼ਾਹ ਮੁਹੰਮਦ

ਦੇ ਦੋ ਪੁਤ੍ਰ ਮੁਹੰਮਦ ਬਖ਼ਸ਼ ਤੇ ਹਾਸ਼ਮ ਸ਼ਾਹ ਸਨ ਤੇ ਛੋਟਾ ਪੁਤ੍ਰ ਹਾਸ਼ਮ ਸ਼ਾਹ ਵੀ ਇਕ ਅੱਛਾ ਕਵੀ ਸੀ, ਪਰ ਇਹ ਹਾਸ਼ਮ ਸ਼ਾਹ ਉਹ ਹਾਸ਼ਮ ਸ਼ਾਹ ਨਹੀਂ ਸੀ, ਜਿਸ ਨੇ ਸੱਸੀ ਪੁੰਨੂੰ, ਸੋਹਣੀ ਮਹੀਵਾਲ. ਸ਼ੀਰੀਂ ਫਰਿਹਾਦ, ਹੀਰ ਆਦਿ ਕਿੱਸੇ ਲਿਖ ਕੇ ਖ਼ਾਲਸਾ ਦਰਬਾਰ ਲਾਹੌਰ ਵਿਚ ਪ੍ਰਸਿੱਧੀ ਪ੍ਰਾਪਤ ਕੀਤੀ ਸੀ। ਉਹ ਹਾਸ਼ਮ ਸ਼ਾਹ ਪਿੰਡ ਜਗਦਿਓ ਜ਼ਿਲਾ ਅੰਮ੍ਰਿਤਸਰ ਦਾ ਵਸਨੀਕ ਸੀ। ਕਵੀ ਸ਼ਾਹ ਮੁਹੰਮਦ ਨੇ ਕੁਝ ਹੋਰ ਕਵਿਤਾ ਵੀ ਲਿਖੀ ਸੀ ਤੇ ਇਕ ਸੱਸੀ ਪੁੰਨੂੰ ਦਾ ਕਿੱਸਾ ਲਿਖਿਆ ਸੀ, ਪਰ ਜੋ ਪ੍ਰਸਿੱਧੀ ਉਸ ਨੇ ਸਿੱਖਾਂ ਤੇ ਅੰਗਰੇਜ਼ਾਂ ਦੀ ਲੜਾਈ ਦੇ ਇਸ ਕਿੱਸੇ ਤੋਂ ਪ੍ਰਾਪਤ ਕੀਤੀ ਉਹ ਉਸ ਨੂੰ ਸੱਸੀ ਪੁੰਨੂੰ ਦੇ ਕਿੱਸੇ ਤੋਂ ਨਾ ਮਿਲੀ। ਇਸ ਦਾ ਕਾਰਣ ਇਹੋ ਹੋ ਸਕਦਾ ਹੈ ਕਿ ਸ਼ਾਹ ਮੁਹੰਮਦ ਬੀਰ ਰਸ ਦਾ ਕਵੀ ਸੀ ਤੇ ਸ਼ਿੰਗਾਰੀ ਕਵੀ ਨਹੀਂ ਸੀ, ਨਾਲੇ ਸਤਲੁਜ ਦੀ ਲੜਾਈ ਪੰਜਾਬੀਆਂ ਦੀ ਆਪਣੀ ਆਜ਼ਾਦੀ ਦਾ ਘੋਲ ਸੀ, ਘੋਲ ਵੀ ਉਹ ਜਿਸ ਵਿਚ ਸਿੱਖਾਂ ਦੇ ਨਾਲ ਹੀ ਹਿੰਦੂਆਂ ਤੇ ਮੁਸਲਮਾਨਾਂ ਨੇ ਵੀ ਹਿੱਸਾ ਲਿਆ ਸੀ। ਸ਼ਾਹ ਮੁਹੰਮਦ ਦਾ ਕਿੱਸਾ ਪੰਜਾਬੀਆਂ ਦੀ ਆਪਣੀ ਬੀਰਤਾ ਦਾ ਸਜੀਵ ਚਿਤ੍ਰ ਸੀ, ਚਿਤ੍ਰ ਵੀ ਆਪਣੀ ਮਿੱਠੀ ਮਾਤ-ਭਾਸ਼ਾ ਪੰਜਾਬੀ ਵਿਚ। ਸੋ ਇਸ ਲਈ ਜਨਤਾ ਦਾ ਕਵੀ ਹੋਣ ਕਰਕੇ ਸ਼ਾਹ ਮੁਹੰਮਦ ਦੀ ਪ੍ਰਸਿੱਧੀ ਹੋਣੀ ਇਕ ਕੁਦਰਤੀ ਗੱਲ ਸੀ।

ਲਾਹੌਰ ਦੀ ਖ਼ਾਨਾ ਜੰਗੀ ਤੇ ਸਿੱਖਾਂ ਅਤੇ ਅੰਗਰੇਜ਼ਾਂ ਦੀ ਲੜਾਈ ਦੀਆਂ ਘਟਨਾਵਾਂ ਨੂੰ ਸ਼ਾਹ ਮੁਹੰਮਦ ਨੇ ਚੰਗੀ ਤਰ੍ਹਾਂ ਘੋਖਿਆ ਜਾਪਦਾ ਹੈ, ਇਸੇ ਕਰਕੇ ਕਿੱਸਾ ਲਿਖਣ ਲੱਗਿਆਂ ਉਸ ਨੇ ਕਈ ਕੌੜੀਆਂ ਅਸਲੀਅਤਾਂ ਜ਼ਾਹਰ ਕਰਨ ਤੋਂ ਵੀ ਸੰਕੋਚ ਕੀਤਾ। ਸੁਚੱਜੇ ਲੇਖਕ ਤੇ ਕਵੀ ਹਮੇਸ਼ਾਂ ਇਨਸਾਫ਼-ਪਸੰਦ ਹੁੰਦੇ ਹਨ, ਇਸ ਲਈ ਜਿੱਥੇ ਸ਼ਾਹ ਮੁਹੰਮਦ ਨੇ ਅੰਗਰੇਜ਼ਾਂ ਦੀ ਬਹਾਦੁਰੀ ਨੂੰ ਕੁਝ ਪ੍ਰਭਾਵ ਹੇਠ ਹੋ ਕੇ ਸਲਾਹਿਆ ਹੈ, ਉਥੇ ਸਿੱਖਾਂ ਦੀ ਬੀਰਤਾ ਵੀ ਉਸ ਨੇ ਚੰਗੀ ਤਰ੍ਹਾਂ ਉਲੀਕ ਕੇ ਦੱਸੀ ਹੈ। ਸਿੱਖਾਂ ਨਾਲ ਅੰਗਰੇਜ਼ਾਂ ਨੇ ਕਿਉਂ ਲੜਾਈ ਛੇੜੀ, ਇਸਦਾ ਕਾਰਣ ਭਾਵੇਂ ਕਵੀ ਨੇ ਕੁਝ ਹੋਰ ਦੱਸਿਆ ਹੈ, ਅਰਥਾਤ-ਇਸ ਵਿਚ ਐਵੇਂ ਮਹਾਰਾਣੀ ਜ਼ਿੰਦ ਕੌਰ ਨੂੰ ਲਪੇਟਿਆ ਹੈ, ਪਰ ਇਸ ਦੇ ਬਾਵਜੂਦ ਵੀ ਅਸਲੀਅਤ ਨੂੰ ਉਸ ਨੇ ਲੁੱਕੀ ਹੋਈ ਨਹੀਂ ਰਹਿਣ ਦਿੱਤਾ ਤੇ ਅੰਗਰੇਜ਼ਾਂ ਦੇ ਲਾਹੌਰ ਵੜਨ ਦਾ ਜ਼ਿਕਰ ਕਰਦਿਆਂ ਹੋਇਆਂ ਸਾਫ਼ ਲਿਖਿਆ ਹੈ:-

ਪੁਲ ਬੱਧਾ ਫਰੰਗੀਆਂ ਖ਼ਬਰ ਸੁਣਕੇ,<br>
ਲਾਂਘੇ ਪਾਏ ਨੀ ਵਿੱਚ ਪਲਕਾਰਿਆਂ ਦੇ।<br>
ਆਏ ਸ਼ਹਿਰ ਲਾਹੌਰ ਨੂੰ ਖੁਸ਼ੀ ਕਰਦੇ,<br>
ਵਜਦੇ ਵਾਜਿਆਂ ਨਾਲ ਨਗਾਰਿਆ ਦੇ।<br>
ਸਾਂਭ ਲਏ ਸਰਕਾਰ ਦੇ ਸਿਲੇ ਖਾਨੇ,<br>
ਵਾਲੀ ਬਣੇ ਨੀ ਰਾਜ ਦੁਆਰਿਆਂ ਦੇ।

ਸ਼ਾਹ ਮੁਹੰਮਦਾ ਫੇਰ ਸੀ ਵਿਰਲਿਆਂ ਦੀ,
ਸੋਈ ਪੇਸ਼ ਆਈ ਸਿੰਘਾ ਸਾਰਿਆਂ ਦੇ ॥੯੬॥

ਇਸ ਬੈਂਤ ਦੇ ਪਿਛਲੇ ਬੰਦ ਵਿਚ ਜੋ ਗੁੱਝਾ ਇਸ਼ਾਰਾ ਹੈ ਉਹ ਇਸ ਸੰਬੰਧ ਵਿਚ ਕੁਝ ਤਸ਼ਰੀਹ ਦਾ ਮੁਹਤਾਜ ਹੈ।

ਦਰਬਾਰ ਲਾਹੌਰ ਦੇ ਕੁਝ ਸਰਦਾਰ, ਜਿਨ੍ਹਾਂ ਵਿਚੋਂ ਰਾਜਾ ਗੁਲਾਬ ਸਿੰਘ ਪ੍ਰਧਾਨ ਸੀ, ਚਾਹੁੰਦੇ ਸਨ ਕਿ ਸਿੱਖ ਰਾਜ ਤਾਂ ਚਾਹੇ ਨਸ਼ਟ ਹੀ ਹੋ ਜਾਵੇ, ਪਰ ਉਨ੍ਹਾਂ ਦੀਆਂ ਸਰਦਾਰੀਆਂ ਨੂੰ ਤੱਤੀ ਆਂਚ ਨਾ ਲੱਗੇ। ਰਾਜਾ ਗੁਲਾਬ ਸਿੰਘ, ਧਿਆਨ ਸਿੰਘ ਅਤੇ ਸੁਚੇਤ ਸਿੰਘ ਇਹ ਤਿੰਨੇ ਡੋਗਰੇ ਸ਼ੁਰੂ ਤੋਂ ਹੀ ਇਕ ਪਾਸੇ ਸਨ, ਤੇ ਸੰਧਾਵਾਲੀਏ ਸਰਦਾਰ ਦੂਜੇ ਪਾਸੇ। ਕਈ ਵੇਰ ਥੋੜਾ ਚਿਰ ਲਈ ਇਹ ਮਿਲ ਵੀ ਜਾਂਦੇ ਸਨ, ਪਰ ਕਿਸੇ ਖਾਸ ਮਤਲਬ ਵਾਸਤੇ, ਜਿਵੇਂ ਸਰਦਾਰ ਚੇਤ ਸਿੰਘ ਬਾਜਵਾ, ਮੁਸਾਹਿਬ ਮਹਾਰਾਜਾ ਖੜਕ ਸਿੰਘ ਦੇ ਮਾਰਨ ਲਈ ਇਨ੍ਹਾਂ ਨੇ ਏਕਾ ਕਰ ਲਿਆ ਸੀ, ਪਰ ਫੇਰ ਵੀ ਡੋਗਰੇ ਹਮੇਸ਼ਾਂ ਆਪਣੇ ਆਪ ਨੂੰ ਸਿੰਘਾਂ ਤੋਂ ਵੱਖ ਰੱਖਦੇ ਸਨ। ਡੋਗਰਿਆਂ ਦੀ ਪਾਲਿਸੀ ਸੀ, ਮਹਾਰਾਜਾ ਰਣਜੀਤ ਸਿੰਘ ਦੇ ਖ਼ਾਨਦਾਨ ਨੂੰ ਛੜਯੰਤ੍ਰ ਖੜੇ ਕਰ ਕੇ ਕਿਸੇ ਨਾ ਕਿਸੇ ਤਰ੍ਹਾਂ ਖ਼ਤਮ ਕਰਨਾ ਤੇ ਧਿਆਨ ਸਿੰਘ ਦੇ ਪੁਤ੍ਰ ਰਾਜਾ ਹੀਰਾ ਸਿੰਘ ਨੂੰ ਪੰਜਾਬ ਦੀ ਰਾਜ-ਗੱਦੀ ਪਰ ਬਿਠਾਉਣ ਲਈ ਮੈਦਾਨ ਸਾਫ਼ ਕਰਨਾ। ਰਾਜਾ ਗੁਲਾਬ ਸਿੰਘ ਚਾਹੁੰਦਾ ਸੀ ਕਿ ਪੰਜਾਬ ਦੀ ਹਕੂਮਤ ਦੇ ਦੋ ਹਿੱਸੇ ਬਣ ਜਾਣ, ਇਲਾਕਾ ਪਹਾੜ ਦੀ ਹਕੂਮਤ ਉਸ ਦੇ ਆਪਣੇ ਹੱਥ ਵਿਚ ਹੋਵੇ ਤੇ ਮੈਦਾਨੀ ਇਲਾਕੇ ਦੀ ਹਕੂਮਤ ਚਾਹੇ ਜ਼ੈਦ ਦੇ ਸਪੁਰਦ ਹੋਵੇ ਤੇ ਚਾਹੇ ਬਕਰ ਦੇ। ਇਸ ਹੀਲਾ-ਸਾਜ਼ੀ ਵਿਚ ਜਿੱਥੇ ਸ਼ੇਰਿ-ਪੰਜਾਬ ਦੇ ਰਾਜਦੁਲਾਰੇ ਇਕ ਇਕ ਕਰਕੇ ਮੌਤ ਦੇ ਮੂੰਹ ਵਿਚ ਧਕੇਲੇ ਗਏ, ਉਥੇ ਧਿਆਨ ਸਿੰਘ ਨੂੰ ਮਾਰ ਕੇ ਅਜੀਤ ਸਿੰਘ ਅਤੇ ਲਹਿਣਾ ਸਿੰਘ ਸੰਧਾਵਾਲੀਏ ਵੀ ਨਾਸ਼ ਹੋ ਗਏ ਤੇ ਨਾਲ ਹੀ ਥੋੜ੍ਹੇ-ਥੋੜ੍ਹੇ ਚਿਰ ਪਿੱਛੋਂ ਰਾਜਾ ਸੁਚੇਤ ਸਿੰਘ ਤੇ ਹੀਰਾ ਸਿੰਘ ਵੀ ਮਾਰੇ ਗਏ। ਰਾਜਾ ਹੀਰਾ ਸਿੰਘ ਦੇ ਮਾਰਨ ਵਿਚ ਰਾਜਾ ਗੁਲਾਬ ਸਿੰਘ ਦਾ ਪੂਰਾ ਪੂਰਾ ਹੱਥ ਸੀ, ਚਾਹੇ ਇਸ ਹੱਲੇ ਵਿਚ ਉਸ ਦਾ ਪੁੱਤਰ ਮੀਆਂ ਸੋਹਨ ਸਿੰਘ ਵੀ ਮਾਰਿਆ ਗਿਆ ਸੀ। (ਪੰ : ਗ : ਰੀ :)

ਆਪਣੇ ਭਰਾਵਾਂ ਤੇ ਭਤੀਜੇ ਦੇ ਖਤਮ ਹੋਣ ਤੇ ਰਾਜਾ ਗੁਲਾਬ ਸਿੰਘ ਦੀਆਂ ਅੱਖਾਂ ਵਿਚ ਸਰਦਾਰ ਜਵਾਹਰ ਸਿੰਘ ਤੇ ਮਹਾਰਾਣੀ ਜ਼ਿੰਦ ਕੌਰ ਰੜਕਦੇ ਸਨ। ਇਨ੍ਹਾਂ ਨੂੰ ਆਪਣੇ ਰਾਹ ਵਿਚੋਂ ਸਾਫ਼ ਕਰਨ ਲਈ ਉਸ ਨੇ ਕੌਰ ਪਿਸ਼ੌਰਾ ਸਿੰਘ ਨੂੰ ਗੁਪਤ ਤਰੀਕੇ ਨਾਲ ਕਤਲ ਕਰਵਾ ਸੁੱਟਿਆ ਤੇ ਮੀਆਂ ਪ੍ਰਿਥੀ ਸਿੰਘ ਆਦਿ ਦੇ ਰਾਹੀਂ ਸਿੱਖ ਫੌਜਾਂ ਵਿਚ ਗ਼ਲਤ ਅਫ਼ਵਾਹਾਂ ਨਾਲ ਜੋਸ਼ ਪੈਦਾ ਕਰਕੇ ਸ: ਜਵਾਹਰ ਸਿੰਘ ਦੇ ਪ੍ਰਾਣ ਲੈ ਲਏ। ਮਹਾਰਾਣੀ ਆਪਣੇ ਭਰਾ ਦੇ ਕਾਤਲਾਂ ਤੋਂ ਪੂਰੀ ਤਰ੍ਹਾਂ ਵਾਕਿਫ਼ ਸੀ, ਇਸ ਲਈ ਮੀਆਂ ਪ੍ਰਿਥੀ ਸਿੰਘ ਆਦਿ ਦੋਸ਼ੀ ਫੜੇ ਗਏ। ਪਰ ਫੌਜਾਂ ਵਿਚ ਚੂੰਕਿ ਉਸ ਵੇਲੇ ਰਿਸ਼ਵਤ ਦਾ ਜਾਲ ਫੈਲਾ ਕੇ ਬਹੁਤਾ ਇੰਤਸ਼ਾਰ ਪੈਦਾ ਕੀਤਾ ਗਿਆ ਸੀ, ਇਸ

ਲਈ ਹਾਲਾਤ ਕਾਬੂ ਵਿਚ ਨਾ ਹੋਣ ਕਰਕੇ ਮਜਬੂਰੀ ਦੇ ਕਾਰਣ ਅਸਲ ਕਾਤਲ ਛੇਤੀ ਹੀ ਛੱਡ ਦਿੱਤੇ ਗਏ।

ਜਨਰਲ ਸਰਦਾਰ ਮੇਵਾ ਸਿੰਘ ਮਜੀਠੀਆ, ਜਨਰਲ ਸਰਦਾਰ ਰਤਨ ਸਿੰਘ ਮਾਨ ਅਤੇ ਭਾਈ ਰਾਮ ਸਿੰਘ ਇਹ ਤਿੰਨ ਸਰਦਾਰ ਰਾਜਾ ਗੁਲਾਬ ਸਿੰਘ ਦੇ ਖਰੀਦੇ ਹੋਏ ਸਨ। ਸਰਦਾਰ ਚਤਰ ਸਿੰਘ ਅਟਾਰੀ ਵਾਲਾ ਵੀ ਇਨ੍ਹਾਂ ਤੋਂ ਬਾਹਰ ਨਹੀਂ ਸੀ। ਸਰਦਾਰ ਜਵਾਹਰ ਸਿੰਘ ਦੇ ਜ਼ਮਾਨੇ ਵਿਚ ਜਦ ਸਿੰਘਾਂ ਨੇ ਸਰਦਾਰ ਸ਼ਾਮ ਸਿੰਘ ਅਟਾਰੀ ਵਾਲੇ ਦੀ ਕਮਾਂਡ ਹੇਠ ਗੁਲਾਬ ਸਿੰਘ ਤੋਂ ਖਿਰਾਜ ਵਸੂਲ ਕਰਨ ਵਾਸਤੇ ਜੰਮੂ ਉਤੇ ਮਜੀਠੀਏ ਅਤੇ ਸਰਦਾਰ ਰਤਨ ਸਿੰਘ ਮਾਨ ਦੀਆਂ ਕੋਸ਼ਿਸ਼ਾਂ ਨਾਲ ਫੇਲ੍ਹ ਹੋਈ ਸੀ। ਸਰਦਾਰ ਜਵਾਹਰ ਸਿੰਘ ਦੇ ਮਾਰੇ ਜਾਣ ਤੇ ਰਾਜਾ ਗੁਲਾਬ ਸਿੰਘ ਦੇ ਸਾਹਮਣੇ ਰਸਤਾ ਬਿਲਕੁਲ ਸਾਫ਼ ਸੀ, ਇਸ ਲਈ ਉਹ ਸਤਲੁਜ ਦੀ ਲੜਾਈ ਛਿੜਨ ਤੋਂ ਇਕ ਸਾਲ ਪਹਿਲਾਂ ਸੰਨ ੧੮੪੪ ਵਿਚ ਹੀ ਅੰਗਰੇਜ਼ਾਂ ਨਾਲ ਕੌਲ-ਇਕਰਾਰ ਕਰਕੇ ਮਿਲ ਗਿਆ ਸੀ, ਤੇ ਸਿੱਖਾਂ ਨੂੰ ਅੰਗਰੇਜ਼ਾਂ ਨਾਲ ਉਲਝਾਣ ਦੇ ਜਤਨ ਹਮੇਸ਼ਾਂ ਕਰਦਾ ਰਹਿੰਦਾ ਸੀ। ਦਰਬਾਰ ਲਾਹੌਰ ਵਿਚ ਬੇ-ਇਤਫ਼ਾਕੀ ਪਈ ਹੋਣ ਕਰਕੇ ਅੰਗਰੇਜ਼ਾਂ ਦੇ ਸਾਹਮਣੇ ਪੰਜਾਬ ਨੂੰ ਸਾਂਭਣ ਲਈ ਏਦੂੰ ਚੰਗਾ ਮੌਕਾ ਹੋਰ ਕੋਈ ਨਹੀਂ ਸੀ, ਇਸ ਲਈ ਉਨ੍ਹਾਂ ਨੇ ਲੁਦ੍ਹਿਆਣੇ ਅਤੇ ਫੀਰੋਜ਼ਪੁਰ ਫੌਜ ਜਮ੍ਹਾ ਕਰਨੀ ਸ਼ੁਰੂ ਕਰ ਦਿੱਤੀ ਤੇ ਦਰਬਾਰ ਲਾਹੌਰ ਦੇ ਅਫ਼ਸਰਾਂ ਨੂੰ ਕਈ ਹੀਲੇ ਰੱਚ ਕੇ ਤੰਗ ਕਰਨਾ ਸ਼ੁਰੂ ਕਰ ਦਿੱਤਾ।

ਦਰਬਾਰ ਲਾਹੌਰ ਵਲੋਂ ਇਸ ਸਮੇਂ ਜੋ ਉਜ਼ਰ ਅੰਗਰੇਜ਼ੀ ਰਾਜ ਦੀਆਂ ਵਧੀਕੀਆਂ ਤੋਂ ਵਿਰੁੱਧ ਉਠਾਇਆ ਗਿਆ ਉਹ ਪਿੱਛੇ "ਜੰਗ-ਨਾਮਾ ਲਾਹੌਰ" ਦੀ ਭੂਮਿਕਾ ਵਿਚ ਦਿੱਤਾ ਗਿਆ ਹੈ। ਸਿੱਖ ਰਾਜ ਦੇ ਵਜ਼ੀਰਿ-ਆਜ਼ਮ ਮਿਸਰ ਲਾਲ ਸਿੰਘ, ਸਿੱਖ ਫੌਜਾਂ ਦੇ ਸਿਪਾਹ-ਸਾਲਾਰ ਮਿਸਰ ਤੇਜ ਸਿੰਘ ਅਤੇ ਸਾਰੀ ਕਲਹ ਦਾ ਮੂਲ ਰਾਜਾ ਗੁਲਾਬ ਸਿੰਘ ਜਿਸ ਦਾ ਜਾਦੂ ਫੌਜੀ ਪੰਚਾਇਤਾਂ ਦੇ ਰਾਹੀਂ ਸਿੱਖ ਫੌਜਾਂ ਵਿਚ ਚਲਦਾ ਰਹਿੰਦਾ ਸੀ, ਇਸ ਸਮੇਂ ਫਰੰਗੀਆਂ ਦੀ ਅਗਾਂਹ ਵਧੂ ਪਾਲਿਸੀ ਨੂੰ ਸਫਲ ਬਣਾਉਣ ਲਈ ਇਕ ਕਦਮ ਵੀ ਪਿੱਛੇ ਨਹੀਂ ਸਨ ਤੇ ਇਨ੍ਹਾਂ ਦੇ ਹੀ ਹੱਥ ਉਸ ਵੇਲੇ ਪੰਜਾਬ ਦੇ ਰਾਜ-ਭਾਗ ਦੀ ਡੋਰ ਸੀ। ਸੋ ਇਸ ਹਾਲਤ ਵਿਚ ਅੰਗਰੇਜ਼ ਨੇ ਪੰਜਾਬ ਦੀ ਸੁਤੰਤ੍ਰਤਾ ਵਿਚ ਦਖ਼ਲ ਦੇਣ ਲਈ ਕਦਮ ਪੁੱਟਿਆ ਤੇ ਸਤਲੁਜੋਂ ਪਾਰ ਦਾ ਉਹ ਇਲਾਕਾ ਜੋ ਫੀਰੋਜ਼ਪੁਰ ਅਤੇ ਲੁਦਿਆਣੇ ਦੇ ਵਿਚਾਕਾਰ ਸੀ ਮੱਲ ਲਿਆ। ਦਰਬਾਰ ਲਾਹੌਰ ਵਲੋਂ ਆਪਣੇ ਇਲਾਕੇ ਦੀ ਹਿਫਾਜ਼ਤ ਲਈ ਫੌਜ ਭੇਜੀ ਗਈ ਤੇ ਇਸ ਤਰ੍ਹਾਂ ਚੰਦ ਆਦਮੀਆਂ ਦੀ ਬੇਈਮਾਨੀ ਸਾਰੇ ਸਿੰਘਾਂ ਦੇ, ਅਰਥਾਤ ਸਾਰੀ ਸਿੱਖ ਹਕੂਮਤ ਦੇ ਪੇਸ਼ ਆਈ।

ਕਵੀ ਸ਼ਾਹ ਮੁਹੰਮਦ ਨੇ ਸਿੱਖ-ਰਾਜ ਦੇ ਵਿਰੋਧੀਆਂ ਦੀਆਂ ਉਡਾਈਆਂ ਹੋਈਆਂ ਅਫ਼ਵਾਹਾਂ ਦੇ ਅਸਰ ਹੇਠ ਆ ਕੇ ਮਹਾਰਾਣੀ ਜ਼ਿੰਦ ਕੌਰ ਬਾਰੇ ਕੁਝ ਅਯੋਗ ਸ਼ਬਦ ਕਹੇ ਹਨ ਤੇ ਜ਼ਾਹਰ ਕੀਤਾ ਹੈ ਕਿ ਇਹ ਲੜਾਈ ਛੇੜਨੀ ਵੀ ਉਸ ਦੀ ਇਕ ਚਾਲ

ਸੀ, ਜੋ ਸ੍ਰ: ਜਵਾਹਰ ਸਿੰਘ ਦਾ ਵੈਰ ਲੈਣ ਵਾਸਤੇ ਚੱਲੀ ਗਈ ਸੀ, ਪਰ ਕਥਨ ਮੂਲੋਂ ਹੀ ਗ਼ਲਤ ਅਤੇ ਬੇ-ਬੁਨਿਆਦ ਹੈ ਕਿਉਂਕਿ ਜੋ ਕੁਝ ਸਿੱਖ ਫ਼ੌਜੀ ਉਸ ਦੇ ਲਈ ਓਪਰੇ ਸਨ ਤਦ ਹਕੂਮਤ ਤਾਂ ਉਸ ਦੇ ਪੁਤ੍ਰ ਮਹਾਰਾਜਾ ਦਲੀਪ ਸਿੰਘ ਦੀ ਸੀ। ਇਸ ਤਰ੍ਹਾਂ ਗ਼ਲਤੀ ਕਰਕੇ ਉਹ ਆਪਣੇ ਪੁਤ੍ਰ ਦੀ ਸੁਤੰਤ੍ਰ ਹਕੂਮਤ ਦੇ ਰਾਹ ਵਿਚ ਕਦਾਚਿਤ ਕੰਡੇ ਨਹੀਂ ਬੀਜ ਸਕਦੀ ਸੀ।

ਕਿੱਸਾ ਸ਼ਾਹ ਮੁਹੰਮਦ ਅਜਿਹੀਆਂ ਕਈ ਬਿਆਨੀਆਂ ਖਾਮੀਆਂ ਹੋਣ ਦੇ ਬਾਵਜੂਦ ਵੀ ਸਿੱਖ-ਇਤਿਹਾਸ ਲਈ ਅਮੋਲਕ ਚੀਜ਼ ਹੈ। ਇਸ ਤੋਂ ਇਲਾਵਾ ਇਸ ਵਿਚ ਪੰਜਾਬ ਦੀ ਬੀਰਤਾ ਦਾ ਇਕ ਅਮਰ ਸੰਦੇਸ਼ ਵੀ ਹੈ, ਜੋ ਆਜ਼ਾਦ ਹੋਣ ਲਈ ਪੁਸ਼ਤਾਂ ਤੱਕ ਪੰਜਾਬ ਦੀਆਂ ਨੌਜਵਾਨ ਨਸਲਾਂ ਨੂੰ ਟੁੰਬਦਾ ਰਹੇਗਾ ਕਿ ਜੇ ਜੀਉਣਾ ਹੈ ਤਾਂ ਚੰਗਾ ਇੱਜ਼ਤ ਦਾ ਜੀਵਨ ਜੀਓ ਤੇ ਜੇ ਮਰਨਾ ਹੈ ਤਾਂ ਅਮਰ ਸ਼ਹੀਦ ਸ੍ਰ: ਸ਼ਜਾਮ ਸਿੰਘ ਅਟਾਰੀ ਵਾਲੇ ਦੀ ਤਰ੍ਹਾਂ ਅਜ਼ਾਦੀ ਦੇ ਜੰਗ ਵਿਚ ਪਿੱਛੇ ਨਾ ਮੁੜਨ ਦੀ ਸੌਂਹ ਖਾ ਕੇ ਸ਼ਹੀਦੀਆਂ ਪ੍ਰਾਪਤ ਕਰੋ।

ਸ਼ਹੀਦੀਆਂ ਪ੍ਰਾਪਤ ਕਰਨ ਵਾਲੇ ਸਦਾ ਅਮਰ ਹੁੰਦੇ ਹਨ ਤੇ ਉਨ੍ਹਾਂ ਨੂੰ ਮੌਤ ਕਦੀ ਨਹੀਂ, ਆਉਂਦੀ, ਜਿਵੇਂ ਕਿ ਅਖੌਤ ਹੈ: "ਜੀਉਣਾ ਜਸ ਤੇ ਮਰਨਾ ਅਪਜਸ।" ਸ਼ਹੀਦਾਂ ਦੇ ਨਾਲ ਹੀ ਉਨ੍ਹਾਂ ਦੇ ਕਾਰਨਾਮੇ ਲਿਖਣ ਵਾਲੇ ਵੀ ਅਬਿਨਾਸ਼ੀ ਬੰਦੇ ਹੀ ਹੁੰਦੇ ਹਨ। ਕਵੀ ਸ਼ਾਹ ਮੁਹੰਮਦ ਉਨ੍ਹਾਂ ਅਬਿਨਾਸ਼ੀ ਬੰਦਿਆਂ ਵਿਚੋਂ ਇਕ ਹੈ, ਜਿਸ ਨੇ ਪੰਜਾਬ ਦੀ ਬੀਰਤਾ ਨੂੰ ਬੜੀ ਸਫਲਤਾ ਨਾਲ ਚਿਤ੍ਰਿਆ ਤੇ ਭਾਵ ਪੂਰਤ ਸ਼ਬਦਾਂ ਵਿਚ ਗਾਂਵਿਆ ਹੈ।

ਕਿੱਸਾ ਸ਼ਾਹ ਮੁਹੰਮਦ ਜੇ ਜ਼ਮਾਨੇ ਦੇ ਨਾਲ ਹੀ ਬਦਲਦਾ ਗਿਆ ਤਾਂ ਇਸ ਵਿਚ ਕੋਈ ਹੈਰਾਨੀ ਵਾਲੀ ਗੱਲ ਨਹੀਂ, ਕਿਉਂਕਿ ਸ਼ਾਹ ਮੁਹੰਮਦ ਦੀ ਰੂਹ ਜੋ ਇਸ ਵਿਚੋਂ ਪਈ ਬੋਲਦੀ ਹੈ, ਉਸ ਨੂੰ ਅਜੇ ਤੋੜੀ ਕੋਈ ਬਦਲ ਨਹੀਂ ਸਕਿਆ, ਪਰ ਫੇਰ ਵੀ ਮੂਲ ਪਾਠ ਲੱਭਣ ਲਈ ਸ਼ਾਹ ਮੁਹੰਮਦ ਦੇ ਪੁਰਾਣੇ ਤੋਂ ਪੁਰਾਣੇ ਕਿੱਸਿਆਂ ਤੋਂ ਸਹਾਇਤਾ ਲਈ ਗਈ ਹੈ। ਸੁਧਾਈ ਕਰਨ ਲਈ ਜੋ ਕਿੱਸੇ ਇਸ ਸੰਬੰਧ ਵਿਚ ਮਿਲੇ ਹਨ, ਉਨ੍ਹਾਂ ਦਾ ਵੇਰਵਾ ਇਸ ਤਰ੍ਹਾਂ ਹੈ :-

੧. ਸਰਦਾਰ ਬਲਦੇਵ ਸਿੰਘ ਜੀ ਪ੍ਰੋਫੈਸਰ ਓਰੀਐਂਟਲ ਕਾਲਜ ਲਾਹੌਰ ਤੋਂ ਸ਼ਾਹ ਮੁਹੰਮਦ ਦਾ ਇਕ ਪੁਰਾਣਾ ਫ਼ਾਰਸੀ ਅੱਖਰਾਂ ਵਿਚ ਲਿਖਿਆ ਹੋਇਆ ਕਿੱਸਾ ਮਿਲਿਆ, ਜੋ ਸਭ ਤੋਂ ਪੁਰਾਣੀ ਪ੍ਰਤੀ ਕਹੀ ਜਾ ਸਕਦੀ ਹੈ। ਕੁਲ ਬੈਂਤ ਉਸ ਵਿਚ ੯੩ ਹਨ।

੨. ਕਿੱਸਾ ਸ਼ਾਹ ਮੁਹੰਮਦ (ਪੱਥਰ ਦਾ ਛਾਪਾ) ਮਤਬਾ ਚਸ਼ਮਾ ਨੂਰ ਅੰਮ੍ਰਿਤਸਰ ਸੰਮਤ ੧੯੨੨ ਬਿ: ਦਾ ਛਪਿਆ ਹੋਇਆ।

੩. ਬੈਂਤ ਸ਼ਾਹ ਮੁਹੰਮਦ (ਫ਼ਾਰਸੀ ਅੱਖਰਾਂ ਵਿਚ) ੧੯੧੪-੧੫, ਮੁਫੀਦ ਆਮ ਪ੍ਰੈਸ ਲਾਹੌਰ। (ਦੋ ਵੱਖੋ-ਵੱਖ ਕਾਪੀਆਂ)

੪. ਸਿੰਘਾਂ ਤੇ ਅੰਗਰੇਜ਼ਾਂ ਦੀ ਲੜਾਈ (ਬੈਂਤ ਸ਼ਾਹ ਮੁਹੰਮਦ) ਸੰਨ ੧੯੨੧, ਸੰਪਾਦਿਤ ਪੰਡਿਤ ਰਾਮ ਸ਼ਰਨ ਸ਼ਰਮਾ ਬੀ. ਏ. ਲਾਹੌਰ ।

੫. ਕਿੱਸਾ ਸ਼ਾਹ ਮੁਹੰਮਦ (ਛਾਪਾ ਟਾਈਪ) ਪ੍ਰਕਾਸ਼ਕ-ਭਾਈ ਤਾਰਾ ਚੰਦ ਛਿੱਬਰ ਪੁਸਤਕਾਂ ਵਾਲੇ, ਲੁਹਾਰੀ ਦਰਵਾਜ਼ਾ ਲਾਹੌਰ ।

ਇਸ ਕੋਸ਼ਿਸ਼ ਦੇ ਬਾਵਜੂਦ ਵੀ ਜੇ ਕੁਝ ਉਕਾਈਆਂ ਇਸ ਵਿਚ ਰਹਿ ਗਈਆਂ ਹੋਣ ਤਾਂ ਅਸਚਰਜ ਦੀ ਗੱਲ ਨਹੀਂ, ਪਰ ਉਨ੍ਹਾਂ ਉਕਾਈਆਂ ਦੀ ਸੂਚਨਾ ਦੇਣਾ ਹੁਣ ਪਾਠਕਾਂ ਦਾ ਆਪਣਾ ਫਰਜ਼ ਹੈ ।

# ਕਿੱਸਾ ਸ਼ਾਹ ਮੁਹੰਮਦ

### ਅਰਥਾਤ

## ਅੰਗ੍ਰੇਜ਼ਾਂ ਤੇ ਸਿੱਖਾਂ ਦੀ ਲੜਾਈ

ਅੱਵਲ ਆਖੀਏ ਸਿਫਤ[1] ਖ਼ੁਦਾ ਦੀ ਜੀ,
ਜਿਹੜਾ ਕੁਦਰਤ ਦੇ ਖੇਲ ਬਣਾਂਵਦਾ ਈ ।
ਚੌਦਾਂ ਤਬਕਾਂ ਦਾ ਨਕਸ਼ ਨਿਗਾਰ ਕਰਕੇ,
ਰੰਗਾ ਰੰਗ ਦੇ ਬਾਗ ਲਗਾਂਵਦਾ ਈ ।
ਸਭੋ ਪਿਛਲੀਆਂ ਸਫਾਂ ਲਪੇਟ ਲੈਂਦਾ,
ਅਗੇ ਹੋਰ ਦੀਆਂ ਹੋਰ ਵਿਛਾਂਵਦਾ ਈ ।
ਸ਼ਾਹ ਮੁਹੰਮਦਾ ਓਸ ਤੋਂ ਸਦਾ ਡਰੀਏ,
ਬਾਦਸ਼ਾਹਾਂ ਤੋਂ ਭੀਖ ਮੰਗਾਂਵਦਾ ਈ ॥੧॥

ਏਥੇ ਆਇਆਂ ਨੂੰ ਪਕੜਕੇ[2] ਮੋਹ ਲੈਂਦੀ,
ਦੁਨੀਆਂ ਬੇਸਵਾ ਦਾ ਰਖ਼ੇ ਭੇਸ ਮੀਆਂ ।
ਸਦਾ ਨਹੀਂ ਜੁਆਨੀ ਤੇ ਹੁਸਨ ਮਾਪੇ,
ਸਦਾ ਨਹੀਂ ਜੇ ਬਾਲ-ਵਰੇਸ ਮੀਆਂ ।
ਸਦਾ ਨਹੀਂ ਜੇ ਦੌਲਤਾਂ ਫ਼ੀਲ[3] ਘੋੜੇ,
ਸਦਾ ਨਹੀਂ ਜੇ ਰਾਜ ਤੇ ਦੇਸ ਮੀਆਂ ।
ਸ਼ਾਹ ਮੁਹੰਮਦਾ ਸਦਾ ਨਾ ਰੂਪ ਦੁਨੀਆਂ,
ਸਦਾ ਨਹੀਂ ਜੇ ਕਾਲੜੇ ਕੇਸ ਮੀਆਂ ॥੨॥

ਇਕ ਰੋਜ਼ ਵਡਾਲੇ ਦੇ ਵਿਚ ਬੈਠੇ,
ਚਲੀ ਆਣ ਫਰੰਗੀ ਦੀ ਬਾਤ ਆਈ ।

---

੧. ਉਪਮਾ । ੨. 'ਪਕੜਕੇ' ਪਾਠ ਵੀ ਹੈ । ੩. ਸੰਮਤ ੧੯੨੨ ਬਿ: ਦੀ ਪ੍ਰਤੀ ਵਿਚ 'ਫ਼ੀਲ' ਦੀ ਥਾਵੇਂ 'ਮਾਲ' ਪਾਠ ਹੈ ।

ਸਾਨੂੰ ਆਖਿਆ ਹੀਰੇ ਤੇ ਹੋਰ ਯਾਰਾਂ[4],
ਜਿਨ੍ਹਾਂ ਨਾਲ ਸਾਡੀ ਮੁਲਾਕਾਤ ਆਈ।
ਰਾਜ਼ੀ ਬਹੁਤ ਰਹਿੰਦੇ ਮੁਸਲਮਾਨ ਹਿੰਦੂ,
ਸਿਰ ਦੋਹਾਂ ਦੇ ਪੁੱਜ ਅਫ਼ਾਤ ਆਈ।
ਸ਼ਾਹ ਮੁਹੰਮਦਾ ਵਿੱਚ ਪੰਜਾਬ ਦੇ ਜੀ,
ਅੱਗੇ ਨਹੀਂ ਸੀ ਤੀਸਰੀ ਜਾਤ ਆਈ[5] ॥੩॥

ਏਹ ਤਾਂ ਜਗ ਸਰਾਇ ਮੁਸਾਫਰਾਂ ਦੀ,
ਕਈ ਜ਼ੋਰ ਵਾਲੇ ਏਥੇ ਆਇ ਗਏ।
ਸ਼ੱਦਾਦ ਨਮਰੂਦ ਫਰਊਨ ਜੇਹੇ,
ਦਾਵਾ ਬੰਨ੍ਹਿ ਖ਼ੁਦਾ ਕਹਾਇ ਗਏ।
ਅਕਬਰ ਸ਼ਾਹ ਜੇਹੇ ਵਿਚ ਦਿੱਲੀ ਦੇ ਜੀ,
ਫੇਰੀ ਵਾਂਗੂ ਬਣਜਾਰਿਆਂ ਪਾਇ ਗਏ।
ਸ਼ਾਹ ਮੁਹੰਮਦਾ ਰਹੇਗਾ ਰੱਬ ਸੱਚਾ,
ਬਾਜੇ ਕੂੜ ਦੇ ਕਈ ਬਜਾਇ ਗਏ ॥੪॥

ਮਹਾਬਲੀ ਰਣਜੀਤ ਸਿੰਘ ਹੋਇਆ ਪੈਦਾ,
ਨਾਲ ਜ਼ੋਰ ਦੇ ਮੁਲਕ ਹਿਲਾਇ ਗਿਆ।
ਮੁਲਤਾਨ, ਕਸ਼ਮੀਰ ਪਿਸ਼ੌਰ, ਚੰਬਾ,
ਜੰਮੂ, ਕਾਂਗੜਾ ਕੋਟ ਨਿਵਾਇ ਗਿਆ।
ਤਿੱਬਤ ਦੇਸ ਲੱਦਾਖ਼ ਤੇ ਚੀਨ ਤੋੜੀ,
ਸਿੱਕਾ ਆਪਣੇ ਨਾਮ ਚਲਾਇ ਗਿਆ।
ਸ਼ਾਹ ਮੁਹੰਮਦਾ ਜਾਣ ਪੰਜਾਹ ਬਰਸਾਂ,
ਅੱਛਾ ਰੱਜ ਕੇ ਰਾਜ ਕਮਾਇ ਗਿਆ ॥੫॥

ਜਦੋਂ ਹੋਏ ਸਰਕਾਰ ਦੇ ਸਾਸ ਪੂਰੇ,
ਜਮਾ ਹੋਏ ਨੀ ਸਭ ਸਰਦਾਰ ਮੀਆਂ।
ਚੇਤ ਸਿੰਘ ਨੂੰ ਮਾਰਿਆ ਕੌਰ ਸਾਹਿਬ,
ਸ਼ੁਰੂ ਹੋਈ ਦਰਬਾਰ ਤਲਵਾਰ ਮੀਆਂ।
ਖੜਗ ਸਿੰਘ ਮਹਾਰਾਜੇ ਨੇ ਆਹ ਮਾਰੀ,

੪. ਪੰਡਿਤ ਰਾਮ ਸਰਨ ਸ਼ਰਮਾ ਬੀ. ਏ. ਦੇ ਸੰਪਾਦਿਤ ਕਿੱਸੇ ਵਿਚ ਪਾਠ ਹੈ। "ਸਾਨੂੰ ਆਖਿਆ ਹੀਰੇ ਤੇ ਨੂਰ ਖਾਂ ਨੇ।"

੫. ਸਰਦਾਰ ਬਲਦੇਵ ਸਿੰਘ ਦੀ ਪ੍ਰਤੀ ਵਿਚ ਅੰਕ ੨ ਦੀ ਬੈਂਤ ੩ ਦੀ ਬੈਂਤ ਤੋਂ ਬਾਅਦ ਆਈ ਹੈ।

ਮੋਇਆ ਮੁੱਢ ਕਦੀਮ ਦਾ ਯਾਰ ਮੀਆਂ[੬] ।
ਸ਼ਾਹ ਮੁਹੰਮਦਾ ਅਸਾਂ ਭੀ ਨਾਲ ਮਰਨਾ,
ਸਾਡਾ ਏਹੋ ਸੀ ਕੌਲ ਕਰਾਰ ਮੀਆਂ ॥੬॥
ਮੇਰੇ ਪਾਸ ਬੈਠਿਆਂ ਇਹਨਾਂ ਖ਼ੂਨ ਕੀਤਾ,
ਇਹ ਤਾਂ ਗ਼ਰਕ ਜਾਵੇ ਦਰਬਾਰ ਮੀਆਂ ।
ਪਿਛੇ ਸਾਡੇ ਵੀ ਕੌਰ ਨਾ ਰਾਜ ਕਰਸੀ,
ਅਸੀਂ ਮਰਾਂਗੇ ਏਸ ਨੂੰ ਮਾਰ ਮੀਆਂ ।
ਅਨਹੱਕ ਦਾ ਇਹਨਾਂ ਨੇ ਖ਼ੂਨ ਕੀਤਾ,
ਇਹ ਤਾਂ ਮਰਨਗੇ ਸਭ ਸਰਦਾਰ ਮੀਆਂ ।
ਸ਼ਾਹ ਮੁਹੰਮਦਾ ਹੋਈ ਹੁਣ ਮੌਤ ਸਸਤੀ,
ਖਾਲੀ ਨਹੀਂ ਜਾਣਾ ਕੋਈ ਵਾਰ ਮੀਆਂ[੭] ॥੭॥
ਖੜਗ ਸਿੰਘ ਮਹਾਰਾਜਾ ਹੋਇਆ ਬਹੁਤ ਮਾਂਦਾ,
ਬਰਸ ਇਕ ਪਿਛੇ ਵਸ ਕਾਲ ਹੋਇਆ ।
ਆਈ ਮੌਤ ਨਾ ਅਟਕਿਆ ਇਕ ਘੜੀ,
ਚੇਤ ਸਿੰਘ ਦੇ ਗ਼ਮ ਦੇ ਨਾਲ ਮੋਇਆ ।
ਕੌਰ ਸਾਹਿਬ ਮਹਾਰਾਜ ਦੀ ਗੱਲ ਸੁਣ ਕੇ,

---

੬. ਸ: ਬਲਦੇਵ ਸਿੰਘ ਦੀ ਪ੍ਰਤੀ ਵਿਚ ਇਨ੍ਹਾਂ ਤਿੰਨ ਤੁਕਾਂ ਦਾ ਪਾਠ ਇਸ ਤਰ੍ਹਾਂ ਹੈ:-
ਜਦੋਂ ਮੋਈ ਸਰਕਾਰ ਤਾਂ ਹੋਈ ਕੌਂਸਲ,
ਚੇਤ ਸਿੰਘ ਨੂੰ ਛੱਡਣਾ ਮਾਰ ਮੀਆਂ ।
ਖੜਗ ਸਿੰਘ ਦਾ ਓਹ ਮੁਸਾਹਿਬ ਪੱਕਾ,
ਉਹ ਵੀ ਸੁੱਟਿਆ ਰਾਜੇ ਨੇ ਮਾਰ ਮੀਆਂ ।
ਰਾਜੇ ਓਸਦੇ (ਕੌਰ ਦੇ) ਨਾਲ ਸਲਾਹ ਕਰਕੇ,
ਸਿਰ ਵੱਢਿਆ ਨਾਲ ਤਲਵਾਰ ਮੀਆਂ ।

ਕੌਂਸਲ ਤੋਂ ਭਾਵ ਏਥੇ ਉਸ ਮੀਟਿੰਗ ਤੋਂ ਹੈ ਜੋ ਰਾਜਾ ਧਿਆਨ ਸਿੰਘ ਨੇ ਸ: ਚੇਤ ਸਿੰਘ ਬਾਜਵੇ ਨੂੰ ਮਾਰਨ ਲਈ ਕੌਰ ਨੌਨਿਹਾਲ ਸਿੰਘ ਦੇ ਪਾਸ ਹਾਜ਼ਰ ਹੋ ਕੇ ਰਾਜਾ ਸੁਚੇਤ ਸਿੰਘ, ਜਮਾਂਦਾਰ ਖੁਸ਼ਹਾਲ ਸਿੰਘ, ਸਰਦਾਰ ਲਹਿਣਾ ਸਿੰਘ ਮਜੀਠੀਆ ਆਦਿ ਸਰਕਾਰਾਂ ਦੀ ਮੌਜੂਦਗੀ ਵਿਚ ਕੀਤੀ ਸੀ । ਦੀਵਾਨ ਕ੍ਰਿਪਾ ਰਾਮ ਕਸ਼ਮੀਰੀ ਨੇ ਇਸ ਕੌਂਸਲ ਦੇ ਸੰਬੰਧ ਵਿਚ ਆਪਣੀ ਪੁਸਤਕ ਗੁਲਾਬ ਨਾਮਾ (ਫ਼ਾਰਸੀ) ਸਫ਼ੇ ੨੦੮-੨੦੯ ਉਤੇ ਕਾਫ਼ੀ ਰੌਸ਼ਨੀ ਪਾਈ ਹੈ ਤੇ ਪੰਜਾਬ ਸਰਕਾਰ ਦੇ ਕਾਗਜ਼ਾਤ ਤੋਂ ਵੀ ਉਸ ਦੇ ਇਸ ਇਤਿਹਾਸਿਕ ਕਥਨ ਦੀ ਪੁਸ਼ਟੀ ਹੁੰਦੀ ਹੈ ।

੭. ਸਤਵੀਂ ਬੈਂਤ ਸਰਦਾਰ ਬਲਦੇਵ ਸਿੰਘ ਦੀ ਪ੍ਰਤੀ ਵਿਚ ਨਹੀਂ ਹੈ ।

ਜਗ ਗਮ ਦੇ ਨਾਲ ਨਾ ਮੂਲ ਰੋਇਆ।
ਸ਼ਾਹ ਮੁਹੰਮਦਾ ਕਈਆਂ ਦੇ ਬੰਨ੍ਹਣੇ ਨੂੰ,
ਵਿੱਚ ਕੌਂਸਲ ਦੇ ਕੌਰ ਨੂੰ ਫ਼ਿਕਰ ਹੋਇਆ ॥੮॥
ਖੜਗ ਸਿੰਘ ਮਹਾਰਾਜ ਨੂੰ ਚੁੱਕ ਲਿਆ,
ਦੇਖੋ ਸਾੜਨੇ ਨੂੰ ਉਹਨੂੰ ਲੈ ਚੱਲੇ।
ਧਰਮ ਰਾਇ ਨੂੰ ਜਾਇ ਕੇ ਖਬਰ ਹੋਈ,
ਕੌਰ ਮਾਰਨੇ ਨੂੰ ਓਨ ਦੂਤ ਘੱਲੇ।
ਮਾਰੋ ਮਾਰ ਕਰਦੇ ਦੂਤ ਉੱਠ ਦੌੜੇ,
ਜਿਉਂ ਕਰ ਮੌਤ ਹੋਣੀ ਰਾਹ ਆਣ ਮੱਲੇ।
ਸ਼ਾਹ ਮੁਹੰਮਦਾ ਦੇਖ ਰਜਾਇ ਰਬ ਦੀ,
ਊਧਮ ਸਿੰਘ ਤੇ ਕੌਰ ਦੇ ਸਾਸ ਚੱਲੇ ॥੯॥
ਇਕ ਦੂਤ ਨੇ ਦੇਖਕੇ ਫਿਕਰ ਕੀਤਾ,
ਪਲਕ ਵਿਚ ਦਰਵਾਜ਼ੇ ਤੇ ਆਇਆ ਈ।
ਜਿਹੜਾ ਧੁਰ ਦਰਗਾਹ ਦਾ ਹੁਕਮ ਹੋਇਆ।
ਦੇਖੋ ਓਸ ਨੇ ਖ਼ੂਬ ਬਜਾਇਆ ਈ।
ਅੰਦਰ ਤਰਫ ਹਵੇਲੀ ਦੀ ਤੁਰੇ ਜਾਂਦੇ,
ਛੱਜਾ ਢਾਇ ਦੁਹਾਂ ਉਤੇ ਪਾਇਆ ਈ।
ਸ਼ਾਹ ਮੁਹੰਮਦਾ ਊਧਮ ਸਿੰਘ ਥਾਉਂ ਮੋਇਆ,
ਕੌਰ ਸਾਹਿਬ ਜੋ ਸਹਿਕਦਾ ਆਇਆ ਈ ॥੧੦॥
ਅੱਠ ਪਹਿਰ ਲੁਕਾਇਕੇ ਰੱਖਓ ਨੇ,
ਦਿਨ ਦੂਜੇ ਰਾਣੀ ਚੰਦ ਕੌਰ ਆਈ।
ਖੜਗ ਸਿੰਘ ਦਾ ਦਰਦ ਦਰੇਗ਼ ਨਾਹੀਂ,
ਕੌਰ ਸਾਹਿਬ ਤਾਈਂ ਓਥੇ ਰੋਇਆ ਈ।
ਮਿਰਤ ਹੋਇਆ ਤੇ ਕਰੋ ਸਸਕਾਰ ਇਸ ਦਾ,
ਰਾਨੀ ਆਖਿਆ-ਤੁਸਾਂ ਕਿਉਂ ਦੇਰ ਲਾਈ।
ਸ਼ਾਹ ਮੁਹੰਮਦਾ ਰੋਂਦੀ ਏ ਚੰਦ ਕੌਰਾਂ,
ਜਿਸ ਦਾ ਮੋਇਆ ਪੁਤ੍ਰ ਸੋਹਣਾ ਸ਼ੇਰ ਸਾਂਈ ॥੧੧॥
ਸ਼ੇਰ ਸਿੰਘ ਸ਼ਾਹਜ਼ਾਦੇ ਨੂੰ ਖ਼ਬਰ ਹੋਈ,
ਜਿਸ ਦਾ ਮੋਇਆ ਭਤੀਜਾ ਤੇ ਵੀਰ ਯਾਰੋ।
ਓਹਨੇ ਤੁਰਤ ਵਟਾਲਿਓਂ ਕੂਚ ਕੀਤਾ,
ਰਾਹੀਂ ਆਂਵਦਾ ਘੱਤ ਵਹੀਰ ਯਾਰੋ।
ਜਦੋਂ ਆਣਕੇ ਹੋਇਆ ਲਾਹੌਰ ਦਾਖ਼ਲ,

ਅੱਖੀਂ ਰੋਇ ਪਲੱਟਦਾ ਨੀਰ ਯਾਰੋ।
ਸ਼ਾਹ ਮੁਹੰਮਦਾ ਲੋਕ ਦਿਲਬਰੀ ਕਰਦੇ,
ਚੰਦ ਕੌਰ ਹੋਈ ਦਿਲਗੀਰ ਯਾਰੋ[੮] ॥੧੨॥
ਦਿੱਤੇ ਸੰਤਰੀ ਚਾਰ ਖਲ੍ਹਾਰ ਚੋਰੀ,
ਸ਼ੇਰ ਸਿੰਘ ਅੰਦਰ ਅੱਜ ਆਵਣਾ ਜੇ।
ਤੁਰਤ ਫੂਕ ਦੇਹੋ ਤੁਸੀਂ ਕਰਾਬੀਨਾਂ,
ਇਕ ਪਲਕ ਵਿਚ ਮਾਰ ਮੁਕਾਵਣਾ ਜੇ।
ਸ਼ੇਰ ਸਿੰਘ ਨੂੰ ਰਾਜੇ ਨੇ ਖ਼ਬਰ ਦਿੱਤੀ,
ਅੰਦਰ ਅੱਜ ਜ਼ਰੂਰ ਨਹੀਂ ਜਾਵਣਾ ਜੇ।
ਸ਼ਾਹ ਮੁਹੰਮਦਾ ਅਜੇ ਨਾਂ ਜੋਰ ਤੇਰਾ,
ਤੈਨੂੰ ਅਸਾਂ ਹੀ ਅੰਤ ਸਦਾਵਣਾ ਜੇ[੯] ॥੧੩॥
ਚੰਦ ਕੌਰ ਦੀ ਮੰਦੀ ਜੋ ਨਜ਼ਰ ਦੇਖੀ,
ਦਗੇ ਬਾਜ਼ੀਆਂ ਹੋਰ ਬਤੇਰੀਆਂ ਨੀ।
ਉਹਨੇ ਤੁਰਤ ਲਾਹੌਰ ਥੀਂ ਕੂਚ ਕੀਤਾ,
ਬੈਠਾ ਜਾਇ ਕੇ ਵਿਚ ਮੁਕੇਰੀਆਂ ਨੀ।
ਪਿੱਛੇ ਤਖ਼ਤ ਬੈਠੀ ਰਾਣੀ ਚੰਦ ਕੌਰਾਂ;
ਦੇਂਦੇ ਆਇ ਮੁਸਾਹਿਬ ਦਲੇਰੀਆਂ ਨੀ।
ਸ਼ਾਹ ਮੁਹੰਮਦ ਕੌਰ ਨਾ ਜਮਣਾ ਈਂ,
ਕਿਲੇ ਕੋਟ ਤੇ ਰਈਅਤਾਂ ਤੇਰੀਆਂ ਨੀ ॥੧੪॥

---

੮. ਸਰਦਾਰ ਬਲਦੇਵ ਸਿੰਘ ਦੀ ਪ੍ਰਤੀ ਵਿਚ ਪਾਠ ਹੈ:-
ਸ਼ੇਰ ਸਿੰਘ ਸ਼ਹਜ਼ਾਦੇ ਨੂੰ ਖਬਰ ਹੋਈ, ਜਿਹਦਾ ਮੋਜ਼ਾ
ਪੁਤੈਯਾ ਭਰਾ ਯਾਰੋ। ਡੇਰੇ ਓਨ ਵਟਾਲਿਓਂ ਕੂਚ ਕੀਤੇ,
ਬੈਠਾ ਸ਼ਹਿਰ ਲਾਹੌਰ ਵਿਚ ਆ ਯਾਰੋ। ਜਦੋਂ ਸ਼ਹਿਰ ਦੇ
ਆ ਨਜ਼ਦੀਕ ਪਹੁੰਚਾ, ਸਿੱਖਾਂ ਲਏ ਦਰਵਾਜੇ ਸਭ ਲਾ ਯਾਰੋ।
ਸ਼ਾਹ ਮੁਹੰਮਦਾ ਬਰੂਹੋਂ ਪਿਛਾਂਹ ਮੁੜਿਆ, ਡੇਰਾ ਬੁੱਧੂ ਦੇ ਆਵੇ ਪਰ ਪਾ ਯਾਰੋ।"

੯. ਅੰਕ ੧੩, ੧੪, ੧੫, ਅਤੇ ੧੭ ਦੀਆਂ ਬੈਂਤਾਂ ਸਰਦਾਰ ਬਲਦੇਵ ਸਿੰਘ ਦੀ ਪ੍ਰਤੀ ਵਿਚ ਨਹੀਂ ਹਨ, ਜਿਸ ਦਾ ਮਤਲਬ ਇਹੋ ਵੀ ਹੋ ਸਕਦਾ ਹੈ ਕਿ ਇਹ ਬੈਂਤਾਂ ਪਿੱਛੋਂ ਰੱਚ ਕੇ ਸ਼ਾਮਲ ਕੀਤੀਆਂ ਗਈਆਂ ਹਨ। ਇਸ ਤੋਂ ਇਲਾਵਾ ਉਪਰੋਕਤ ਤੇਰ੍ਹਵੀਂ ਬੈਂਤ ਵਿਚ ਜੋ ਮਹਾਰਾਣੀ ਚੰਦ ਕੌਰ ਦੀ ਸਾਜ਼ਸ਼ ਦੱਸੀ ਗਈ ਹੈ, ਇਹ ਅਸਲ ਰਾਜਾ ਧਿਆਨ ਸਿੰਘ ਡੋਗਰੇ ਦੀ ਇਕ ਚਾਲ ਸੀ। ਜਿਸ ਦੇ ਨਾਲ ਉਹ ਬੇਇਤਫ਼ਾਕੀ ਪੈਦਾ ਕਰਕੇ ਮਹਾਰਾਣੀ ਨੂੰ ਕਿਸੇ ਤਰ੍ਹਾਂ ਸ਼ੇਰ ਸਿੰਘ ਦੇ ਹੱਥੋਂ ਮਰਵਾਉਣਾ ਚਾਹੁੰਦਾ ਸੀ। ਪੰ: ਯੂ: ਲਾਇਬਰੇਰੀ ਲਾਹੌਰ ਦੀ ਹੱਥ ਲਿਖਤ ਨੰ: ੪੦੮ ਵਿਚ ਵੀ ਇਸ ਸਾਜ਼ਸ਼ ਦਾ ਜ਼ਿਕਰ ਹੈ।

ਰਾਜੇ ਲਸ਼ਕਰਾਂ ਵਿਚ ਸਲਾਹ ਕੀਤੀ,
ਸ਼ੇਰ ਸਿੰਘ ਨੂੰ ਕਿਵੇਂ ਸਦਵਾਈਏ ਜੀ।
ਉਹ ਹੈ ਪੁੱਤ ਸਰਕਾਰ ਦਾ ਫ਼ਤੇ ਜੰਗੀ,
ਗੱਦੀ ਓਸ ਨੂੰ ਚਾਇ ਬਹਾਈਏ ਜੀ।
ਸਿੰਘਾਂ ਆਖਿਆ 'ਰਾਜਾ ਜੀ, ਹੁਕਮ ਤੇਰਾ,
ਜਿਸ ਨੂੰ ਕਹੈਂ ਸੋ ਫਤੇ ਬੁਲਾਈਏ ਜੀ।
ਸ਼ਾਹ ਮੁਹੰਮਦਾ ਗੱਲ ਜੋ ਮੂੰਹੋਂ ਕੱਢੇਂ,
ਏਸੇ ਵਕਤ ਹੀ ਚਾਇ ਮੰਗਵਾਈਏ ਜੀ ॥੧੫॥
ਬਾਈ ਦਿਨਾਂ ਦੀ ਰਾਜੇ ਨੇ ਲਈ ਛੁੱਟੀ,
ਤੁਰਤ ਜੰਮੂ ਨੂੰ ਹੋਏ ਨੀ ਕੂਚ ਡੇਰੇ।
ਸ਼ੇਰ ਸਿੰਘ ਤਾਈਂ ਲਿਖ ਭੇਜੀ ਚਿੱਠੀ,
ਮੈਂ ਤਾਂ ਰਫ਼ੂ ਕਰ ਛੱਡੇ ਨੀ ਕੰਮ ਤੇਰੇ।
ਧੌਂਸਾ ਮਾਰਕੇ ਪਹੁੰਚ ਲਹੌਰ ਜਲਦੀ,
ਅੱਗੋਂ ਆਇ ਮਿਲਸਨ ਤੈਨੂੰ ਸਭ ਬੇੜੇ।
ਸ਼ਾਹ ਮੁਹੰਮਦਾ! ਮਿਲਣਗੇ ਸਭ ਅਫ਼ਸਰ,
ਜਿਸ ਵੇਲੜੇ ਸ਼ਹਿਰ ਦੇ ਗਇਓਂ ਨੇੜੇ ॥੧੬॥
ਸ਼ੇਰ ਸਿੰਘ ਨੇ ਰਾਜੇ ਦਾ ਖ਼ਤ ਪੜ੍ਹਕੇ,
ਫ਼ੌਜਾਂ ਤੁਰਤ ਲਹੌਰ ਨੂੰ ਘੱਲੀਆਂ ਨੀ।
ਘੋੜੇ ਹਿਣਕਦੇ ਤੇ ਮਾਰੂ ਵੱਜਦੇ ਨੀ,
ਧੂੜਾਂ ਉੱਡ ਕੇ ਘਟਾ ਹੋ ਚੱਲੀਆਂ ਨੀ।
ਆਵੇ ਬੁੱਧੂ ਦੇ ਆਏ ਨੀ ਪਾਸ ਡੇਰੇ,
ਫ਼ੌਜਾਂ ਲੱਥੀਆਂ ਆਨਿ ਇਕੱਲੀਆਂ ਨੀ।
ਸ਼ਾਹ ਮੁਹੰਮਦਾ ਆਣ ਜਾਂ ਤੁਰਤ ਪਹੁੰਚਾ,
ਗੱਲਾਂ ਵਿੱਚ ਲਾਹੌਰ ਦੇ ਚੱਲੀਆਂ ਨੀ ॥੧੭॥
ਸ਼ੇਰ ਸਿੰਘ ਤਾਂ ਬੁੱਧੂ ਦੇ ਆਵਿਓਂ ਜੀ।
ਕਰ ਤੁਰਮ ਲਹੌਰ ਵੱਲ ਧਾਇਆ ਈ।
ਫ਼ਤੇ ਪਲਟਨਾਂ[੧੦] ਨੇ ਅਗੋਂ ਬਾਤ ਕੀਤੀ,
ਸ਼ੇਰ ਸਿੰਘ ਨੂੰ ਤੁਰਤ ਲੰਘਾਇਆ ਈ।

---

੧੦. ਫ਼ਤਹ ਪਲਟਨ ਸਿੱਖ-ਰਾਜ ਦੀਆਂ ਪਲਟਨਾਂ ਵਿਚੋਂ ਇਕ ਮਸ਼ਹੂਰ ਪਲਟਨ ਸੀ। ਸ਼ਾਹ ਮੁਹੰਮਦ ਦੇ ਕਈ ਕਿੱਸਿਆਂ ਵਿਚ ਜੋ ਦੇਖਣ ਵਿਚ ਆਉਂਦੇ ਹਨ, "ਫ਼ਤਹ ਪਲਟਨਾਂ" ਦੀ ਥਾਵੇਂ "ਫਲੈ ਪੜਤਲਾਂ" ਗਲਤ ਪਾਠ ਹੈ।

ਓਸ ਬਲੀ ਸ਼ਾਹਜ਼ਾਦੇ ਦਾ ਤੇਜ ਭਾਰੀ,
ਜਿਸ ਕਿਲੇ ਨੂੰ ਮੋਰਚਾ ਲਾਇਆ ਈ ।
ਸ਼ਾਹ ਮੁਹੰਮਦਾ ਹਾਰ ਕੇ ਵਿਚਲਿਆਂ ਨੇ,
ਸ਼ੇਰ ਸਿੰਘ ਨੂੰ ਗੱਦੀ ਬਹਾਇਆ ਈ ॥੧੮॥

ਸ਼ੇਰ ਸਿੰਘ ਜੋ ਤਖ਼ਤ ਪਰ ਬੈਠ ਗਿਆ,
ਰਾਣੀ ਕੈਦ ਕਰਕੇ ਕਿਲੇ ਵਿੱਚ ਪਾਈ ।
ਘਰ ਬੈਠਿਆਂ ਰੱਬ ਨੇ ਰਾਜ ਦਿੱਤਾ,
ਦੇਖੋ ਮੱਲ ਬੈਠਾ ਸਾਰੀ ਬਾਦਸ਼ਾਹੀ ।
ਬਰਸ ਹੋਇਆ ਜਾਂ ਰਾਣੀ ਨੂੰ ਕੈਦ ਅੰਦਰ,
ਓਹ ਰੋਹ ਦੇ ਵਿੱਚ ਜੋ ਜਿੱਚ ਆਹੀ ।
ਸ਼ਾਹ ਮੁਹੰਮਦਾ ਮਾਰਕੇ ਚੰਦ ਕੌਰਾਂ,
ਸ਼ੇਰ ਸਿੰਘ ਨੇ ਗਲੋਂ ਬਲਾ ਲਾਹੀ ॥੧੯॥

ਸ਼ੇਰ ਸਿੰਘ ਨੂੰ ਰੱਬ ਨੇ ਰਾਜ ਦਿੱਤਾ,
ਲਿਆ ਖੋਹ ਲਾਹੌਰ ਜੋ ਰਾਣੀਆਂ ਥੀਂ ।
ਸੰਧਾਵਾਲੀਆਂ ਦੇ ਦੇਸੋਂ ਪੈਰ ਖਿਸਕੇ,
ਜਾ ਕੇ ਪੁੱਛ ਲੈ ਰਾਹ ਪਧਾਣੀਆਂ ਥੀਂ ।
ਮੁੜਕੇ ਫੇਰ ਅਜੀਤ ਸਿੰਘ ਲਈ ਬਾਜ਼ੀ,
ਪੈਦਾ ਹੋਇਆ ਸੀ ਅਸਲ ਸਵਾਣੀਆਂ ਥੀਂ ।
ਸ਼ਾਹ ਮੁਹੰਮਦਾ ਜੰਮਿਆ ਅਲੀ ਅਕਬਰ[11],
ਆਂਦਾ ਬਾਪ ਨੂੰ ਕਾਲਿਆਂ ਪਾਣੀਆਂ ਥੀਂ[12] ॥੨੦॥

ਜਿਨ੍ਹਾਂ ਗੋਲੀਆਂ ਨੇ ਚੰਦ ਕੌਰ ਮਾਰੀ,
ਓਨ੍ਹਾਂ ਤਾਈਂ ਹਜ਼ੂਰ ਚਾ ਸੱਦਿਓਂ ਈ ।
ਰਾਜੇ ਸਿੰਘਾਂ ਦਾ ਗਿਲਾ ਮਿਟਾਵਣੇ ਨੂੰ,
ਨੱਕ ਕੰਨ ਚਾ ਉਨ੍ਹਾਂ ਦਾ ਵੱਢਿਓ ਈ ।
ਰਾਜੇ ਸਿੰਘਾਂ ਨੂੰ ਅੰਦਰੋਂ ਹੁਕਮ ਕੀਤਾ,
ਉਹਨਾਂ ਅੰਦਰੋਂ ਬਾਹਰ ਚਾ ਕੱਢਿਓ ਈ ।
ਸ਼ਾਹ ਮੁਹੰਮਦਾ ਲਾਹ ਕੇ ਸਭ ਜੇਵਰ,
ਕਾਲਾ ਮੂੰਹ ਕਰਕੇ ਫੇਰ ਛੱਡਿਓ ਈ ॥੨੧॥

---

੧੧. ਅਰਥਾਤ-ਅਕਬਰ ਅਲੀ ਖ਼ਾਨ, ਅਮੀਰ ਦੋਸਤ ਮੁਹੰਮਦ ਖ਼ਾਨ ਕਾਬਲ ਵਾਲੇ ਦਾ ਪੁਤ੍ਰ, ਜਿਸ ਨੇ ਆਪਣੇ ਪਿਤਾ ਨੂੰ ਅੰਗਰੇਜ਼ਾਂ ਦੀ ਕੈਦ 'ਚੋਂ ਛੁਡਾਇਆ ਸੀ ।

੧੨. ਇਹ ਬੈਂਤ ਸ: ਬਲਦੇਵ ਸਿੰਘ ਦੀ ਪ੍ਰਤੀ ਵਿਚ ਨਹੀਂ ਹੈ ।

ਬਰਸ ਹੋਇਆ ਜਾਂ ਹਾਜਰੀ ਲੈਣ ਬਦਲੇ,
ਡੇਰਾ ਸ਼ਾਹ ਬਿਲੌਰ[੧੩] ਲਗਾਂਵਦਾ ਈ।
ਅਜੀਤ ਸਿੰਘ ਗੁੱਝੀ ਕਰਾਬੀਨ ਲੈ ਕੇ,
ਸ਼ੇਰ ਸਿੰਘ ਨੂੰ ਆਣ ਦਿਖਾਂਵਦਾ ਈ।
ਸਿੱਧੀ ਜਦੋਂ ਮਹਾਰਾਜੇ ਨੇ ਨਜ਼ਰ ਕੀਤੀ,
ਜਲਦੀ ਨਾਲ ਢਾ ਕਲਾ ਦਬਾਂਵਦਾ ਈ।
ਸ਼ਾਹ ਮੁਹੰਮਦਾ ਜਿਮੀਂ ਤੇ ਪਿਆ ਤੜਫੇ,
ਤੇਗ ਮਾਰ ਕੇ ਸੀਸ ਲੈ ਜਾਂਵਦਾ ਈ ॥੨੨॥
ਲਹਿਣਾ ਸਿੰਘ ਜੋ ਬਾਗ਼ ਦੀ ਤਰਫ਼ ਆਇਆ,
ਅੱਗੇ ਕੌਰ ਜੋ ਹੋਮ ਕਰਾਂਵਦਾ ਈ।
ਲਹਿਣਾ ਸਿੰਘ ਦੀ ਮੰਦੀ ਜੋ ਨਜ਼ਰ ਦੇਖੀ,
ਅਗੋਂ ਵਾਸਤਾ ਗੁਰਾਂ ਦਾ ਪਾਂਵਦਾ ਈ।
'ਮੈਂ ਤਾਂ ਕਰਾਂਗਾ ਬਾਬਾ ਜੀ, ਟਹਿਲ ਤੇਰੀ,'
ਹੱਥ ਬੰਨ੍ਹ ਕੇ ਸੀਸ ਨਿਵਾਂਵਦਾ ਈ।
ਸ਼ਾਹ ਮੁਹੰਮਦਾ ਓਸ ਨਾ ਇਕ ਮੰਨੀ,
ਤੇਗ਼ ਮਾਰਕੇ ਸੀਸ ਉਡਾਂਵਦਾ ਈ ॥੨੩॥
ਸ਼ੇਰ ਸਿੰਘ ਪ੍ਰਤਾਪ ਸਿੰਘ ਮਾਰਕੇ ਜੀ,
ਸੰਧਾਵਾਲੀਏ ਸ਼ਹਿਰ ਨੂੰ ਉੱਠ ਧਾਏ।
ਰਾਜਾ[੧੪] ਮਿਲਿਆ ਤਾਂ ਕਿਹਾ ਅਜੀਤ ਸਿੰਘ ਨੇ,
ਸ਼ੇਰ ਸਿੰਘ ਨੂੰ ਮਾਰਕੇ ਅਸੀਂ ਆਏ।
ਫੜ ਡੌਲਿਆਂ ਤੋਂ ਕਿਲੇ ਵਿਚ ਖੜਿਆ,
ਕੇਹੇ ਅਕਲ ਦੇ ਉਨ੍ਹਾਂ ਨੇ ਪੇਚ ਪਾਏ[੧੫]।
"ਕਿਵੇਂ ਮਾਰੀ ਸੀ ਰਾਜਾ ਜੀ ਚੰਦ ਕੌਰਾਂ।"
ਸ਼ਾਹ ਮੁਹੰਮਦਾ ਪੁਛਣੇ ਉਨ੍ਹਾਂ ਚਾਏ[੧੬] ॥੨੪॥
ਗੁਰਮੁਖ ਸਿੰਘ ਗਿਆਨੀ ਨੇ ਮੱਤ ਦਿੱਤੀ,
ਤੁਸਾਂ ਏਹ ਕਿਉਂ ਜੀਂਵਦਾ ਛੱਡਿਆ ਈ।
ਮਗਰੋਂ ਮਹਿਰ ਘਸੀਟਾ ਤਾਂ ਬੋਲਿਆ ਈ,
ਇਹੋ ਸੁਖਨ ਸਲਾਹ ਦਾ ਕਢਿਆ ਈ।

---

੧੩. ਸ਼ਾਹ ਬਿਲਾਵਲ ਦੀ ਬਾਰਾਂਦਰੀ ਵਿਚ। ੧੪. ਰਾਜਾ ਧਿਆਨ ਸਿੰਘ।
੧੫. ਨਵੀਆਂ ਛਪੀਆਂ ਪੁਸਤਕਾਂ ਵਿਚ ਪਾਠ ਹੈ: "ਗਲੀਂ ਲਾਇਕੇ ਕਿਲ੍ਹੇ ਦੇ ਵਿੱਚ ਆਂਦਾ, ਕੈਸੇ ਅਕਲ ਦੇ ਉਨ੍ਹਾਂ ਨੇ ਪੇਚ ਪਾਏ।" ੧੬. "ਪੁੱਛਣਾ ਦੋਹਾਂ ਚਾਏ" ਪਾਠ ਵੀ ਹੈ।

ਇਕ ਅੜਦਲੀ ਨੇ ਕਰਾਬੀਨ ਮਾਰੀ,
ਪਿਛੋਂ ਨਾਲ ਤਲਵਾਰ ਦੇ ਵੱਢਿਆ ਈ।
ਸ਼ਾਹ ਮੁਹੰਮਦਾ ਜ਼ਿਮੀਂ ਤੇ ਪਿਆ ਤੜਫੇ,
ਦਲੀਪ ਸਿੰਘ ਤਾਈਂ ਫੇਰ ਸੱਦਿਆ ਈ ॥੨੫॥

ਪਹਿਲਾਂ ਰਾਜੇ ਦੇ ਖ਼ੂਨ ਦਾ ਲਾਇ ਟਿੱਕਾ,
ਪਿਛੋਂ ਦਿੱਤੀਆਂ ਸੱਤ ਪ੍ਰਦੱਖਣਾ ਈ[੧੭]।
'ਤੇਰੇ ਵਾਸਤੇ ਹੋਏ ਨੀ ਸਭ ਕਾਰੇ,
ਅੱਗੇ ਸਾਹਿਬ ਸੱਚੇ ਤੈਨੂੰ ਰੱਖਣਾ ਈ।
ਸਾਨੂੰ ਘੜੀ ਦੀ ਕੁਝ ਉਮੈਦ ਨਾਹੀਂ,'
ਅਜ ਰਾਤ ਪ੍ਰਸਾਦ ਕਿਨ ਚੱਖਣਾ ਈ।
ਤੇਰੇ ਵੱਲ ਜੋ ਕਰੇਗਾ ਨਜ਼ਰ ਮੰਦੀ,
ਸ਼ਾਹ ਮੁਹੰਮਦਾ ਰਹੇਗਾ ਸੱਖਣਾ ਈ ॥੨੬॥

ਹੀਰਾ ਸਿੰਘ ਨੂੰ ਰਾਜੇ ਦੀ ਖਬਰ ਹੋਈ,
ਸੂਬੇਦਾਰਾਂ ਨੂੰ ਸੱਦਕੇ ਤੁਰਤ ਚੜ੍ਹਿਆ।
ਧੌਂਸਾ ਮਾਰਕੇ ਫੌਜ ਲੈ ਨਾਲ ਸਾਰੀ,
ਨਾਲ ਕਹਿਰ ਦੇ ਸ਼ਹਿਰ ਦੇ ਵਿਚ ਵੜਿਆ।
ਰਾਜਪੂਤ ਉਹ ਸੂਰਮਾ ਬਹੁਤ ਚੰਗਾ,
ਸੰਧਾਵਾਲੀਆਂ ਦੇ ਨਾਲ ਖੂਬ ਲੜਿਆ।
ਸ਼ਾਹ ਮੁਹੰਮਦਾ ਅਜੀਤ ਸਿੰਘ ਮੋਇਆ ਪਹਿਲਾਂ,।
ਲਹਿਣਾ ਸਿੰਘ ਜੋ ਜੀਊਂਦੇ ਨੂੰ ਜਾ ਫੜਿਆ ॥੨੭॥

ਦੋਹਾਂ ਧਿਰਾਂ ਤੋਂ ਬਹੁਤ ਸੂਰਮੱਤ ਹੋਈ,
ਖੰਡਾ ਵਿਚ ਮੈਦਾਨ ਵਜਾਇ ਗਏ।
ਧਿਆਨ ਸਿੰਘ[੧੮] ਨਾ ਕਿਸੇ ਨੂੰ ਵਧਣ ਦੇਂਦਾ,
ਸਾਰੇ ਮੁਲਕ ਦੀ ਕਲਾ ਮਿਟਾਇ ਗਏ।
ਰਾਜਾ ਕਰਦਾ ਸੀ ਮੁਲਕ ਦੀ ਬਾਦਸ਼ਾਹੀ,
ਪਿੱਛੇ ਰਹਿੰਦੀਆਂ ਨੂੰ ਵਖਤ ਪਾਇ ਗਏ।
ਸ਼ਾਹ ਮੁਹੰਮਦਾ ਮਾਰਕੇ ਮੋਏ ਦੋਵੇਂ,
ਚੰਗੇ ਸੂਰਮੇ ਹੱਥ ਵਿਖਾਇ ਗਏ ॥੨੮॥

---

੧੭. "ਚਾਰ ਪ੍ਰਦਖਣਾਈ" ਪਾਠ ਵੀ ਹੈ, ਪਰ ਸਰਦਾਰ ਬਲਦੇਵ ਸਿੰਘ ਦੀ ਪ੍ਰਤੀ ਦੇ ਅਨੁਸਾਰ ਮੈਂ ਏਥੇ 'ਸੱਤ ਪ੍ਰਦੱਖਣਾਈ' ਪਾਠ ਹੀ ਸਹੀ ਰੱਖਿਆ ਹੈ।

੧੮. ਛਪੀਆਂ ਪ੍ਰਤੀਆਂ ਵਿਚ 'ਸ਼ੇਰ ਸਿੰਘ' ਪਾਠ ਹੈ, ਜੋ ਗ਼ਲਤ ਹੈ।

ਦੁੱਲੇ ਭੱਟੀ ਨੂੰ ਗਾਂਵਦਾ ਜਗ ਸਾਰਾ,
ਜੈਮਲ ਫੱਤੇ ਦੀਆਂ ਵਾਰਾਂ ਸਾਰੀਆਂ ਨੀ।
ਮੀਰ ਦਾਦ ਚੁਹਾਨ ਦੇ ਸਤਰ ਅੰਦਰ,
ਮੋਈਆਂ ਰਾਣੀਆਂ ਮਾਰ ਕਟਾਰੀਆਂ ਨੀ।
ਸੰਧਾਵਾਲੀਆ ਜੇਹੀ ਨਾ ਕਿਸੇ ਕੀਤੀ,
ਤੇਗਾਂ ਵਿੱਚ ਦਰਬਾਰ ਦੇ ਮਾਰੀਆਂ ਨੀ।
ਸ਼ਾਹ ਮੁਹੰਮਦਾ ਮੋਏ ਨੀ ਬੀਰ ਬਣਕੇ,
ਜਾਨਾਂ ਕੀਤੀਆਂ ਨਹੀਂ ਪਿਆਰੀਆਂ ਨੀ ॥੨੯॥
ਪਿਛੋਂ ਆਣਕੇ ਸਭਸ ਨੂੰ ਫ਼ਿਕਰ ਹੋਇਆ,
ਸੋਚੀਂ ਪਏ ਨੀ ਸਭ ਸਰਦਾਰ ਮੀਆਂ।
ਅੱਗੇ ਰਾਜ ਆਇਆ ਹੱਥ ਬੁਰਛਿਆਂ ਦੇ,
ਪਈ ਖੜਕਦੀ ਨਿੱਤ ਤਲਵਾਰ ਮੀਆਂ।
ਗੱਦੀ ਵਾਲਿਆਂ ਨੂੰ ਜੇੜ੍ਹੇ ਮਾਰ ਲੈਂਦੇ,
ਹੋਰ ਕਹੋ ਕਿਸ ਦੇ ਪਾਣੀਹਾਰ ਮੀਆਂ।
ਸ਼ਾਹ ਮੁਹੰਮਦਾ ਧੁਰੋਂ ਤਲਵਾਰ ਵੱਗੀ,
ਖਾਲੀ ਨਹੀਂ ਜਾਣਾ ਕੋਈ ਵਾਰ ਮੀਆਂ ॥੩੦॥
ਲਹਿਣਾ ਸਿੰਘ ਸਰਦਾਰ ਮਜੀਠੀਆ ਸੀ,
ਵੱਡਾ ਅਕਲ ਦਾ ਕੋਟ ਕਮਾਲ ਯਾਰੋ।
ਮਹਾ ਬਲੀ ਸਰਦਾਰ ਸੀ ਪੰਥ ਵਿਚੋਂ,
ਡਿੱਠੀ ਬਣੀ ਕੁਚਲਣੀ ਚਾਲ ਯਾਰੋਂ।
ਦਿਲ ਆਪਣੇ ਬੈਠ ਵਿਚਾਰ ਕਰਦਾ,
ਏਥੇ ਕਈਆਂ ਦੇ ਹੋਣਗੇ ਕਾਲ ਯਾਰੋ।
ਸ਼ਾਹ ਮੁਹੰਮਦਾ ਤੁਰ ਗਿਆ ਤੀਰਥਾਂ ਨੂੰ,
ਸਾਰਾ ਛੱਡ ਕੇ ਦੰਗ ਦਵਾਲ ਯਾਰੋ ॥੩੧॥
ਦਲੀਪ ਸਿੰਘ ਗੱਦੀ ਉਤੇ ਰਹੇ ਬੈਠਾ,
ਹੀਰਾ ਸਿੰਘ ਜੋ ਰਾਜ ਕਮਾਂਵਦਾ ਈ।
ਜਲ੍ਹਾ ਓਸ ਦਾ ਸਾਹਿਬ ਪੁਰੋਹਿਤ[੧੯] ਹੈ ਸੀ,
ਖ਼ਾਤਰ ਤਲੇ ਨਾ ਕਿਸੇ ਨੂੰ ਲਿਆਂਵਦਾ ਈ।
ਅੰਦਰ ਬਾਹਰ ਸਰਕਾਰ ਨੂੰ ਪਿਆ ਘੂਰੇ,
ਕਹੇ ਕੁਝ, ਤੇ ਕੁੱਝ ਫ਼ਰਮਾਂਵਦਾ ਈ।

੧੯. ਸੰਮਤ ੧੯੨੨ ਬਿਕ੍ਰਮੀ ਦੀ ਛਪੀ ਹੋਈ ਪ੍ਰਤੀ ਵਿਚ "ਖ਼ਾਸ ਵਜ਼ੀਰ ਹੈ ਜੀ" ਪਾਠ ਹੈ। "ਅਖਸਰ (ਅਕਸਰ)" ਪਾਠ ਵੀ ਹੈ।

ਸ਼ਾਹ ਮੁਹੰਮਦਾ ਪੰਥ ਨੂੰ ਦੁੱਖ ਦੇਂਦਾ,
ਹੀਰਾ ਸਿੰਘ ਦਾ ਨਾਸ ਕਰਾਂਵਦਾ ਈ ॥੩੨॥

ਸਿੰਘਾਂ ਲਿਖਿਆ ਖਤ ਸੁਚੇਤ ਸਿੰਘ ਨੂੰ,
ਬੁਰਾ ਕਰਨ ਹਾਰਾ ਜਲ੍ਹਾ ਠੀਕ ਸਾਈ।

ਜਲਦੀ ਪਹੁੰਚ ਵਜ਼ੀਰ ਬਣਾ ਲਈਏ,
ਤੈਂਨੂੰ ਖ਼ਾਲਸਾ ਖੜਾ ਉਡੀਕਦਾ ਈ।

ਅੱਤੀ ਰਾਜ ਪਿਆਰੇ ਨੀ ਰਾਜਿਆਂ ਨੂੰ,
ਹੀਰਾ ਸਿੰਘ ਤਾਂ ਪੁਤ੍ਰ ਸ਼ਰੀਕ ਦਾ ਈ।

ਸ਼ਾਹ ਮੁਹੰਮਦਾ ਜਲ੍ਹੇ ਦਾ ਨੱਕ ਵੱਢੋ,
ਭੱਜ ਜਾਇ ਨਾ ਮਾਰਿਆ ਲੀਕ ਦਾ ਈ ॥੩੩॥

ਜਦੋਂ ਰਾਜੇ ਨੇ ਸਿਖਾਂ ਦਾ ਖਤ ਪੜ੍ਹਿਆ,
ਡੇਰੇ ਕਾਠੀਆਂ ਤੁਰਤ ਪਵਾਂਵਦਾ ਈ।

ਵੱਗਾ ਤੱਗ ਲਹੌਰ ਨੂੰ ਅਸਾਂ ਜਾਣਾ,
ਬਾਰਾਂ ਪਲਟਨਾਂ ਨਾਲ ਲੈ ਧਾਂਵਦਾ ਈ।

ਪੱਤਣ ਕੱਕੜਾਂ ਦੇ ਸਭੋ ਪਾਇ ਡੇਰਾ,
ਬਾਈ ਆਦਮੀ ਨਾਲ ਲੈ ਆਂਵਦਾ ਈ।

ਸ਼ਾਹ ਮੁਹੰਮਦਾ ਆਣ ਲਹੌਰ ਵੜਿਆ,[੨੦]
ਮੀਆਂ ਮੀਰ ਜਾਕੇ ਡੇਰਾ ਲਾਂਵਦਾ ਈ ॥੩੪॥

ਹੀਰਾ ਸਿੰਘ ਨੂੰ ਰਾਜੇ ਦੀ ਖਬਰ ਹੋਈ,
ਸਭੇ ਪੜਤਲਾਂ ਤੁਰਤ ਲਪੇਟੀਆਂ ਨੀ।

ਸਿੰਘਾ ਅਖਿਆ : 'ਰਾਜਾ ਜੀ ਜਾਓ ਮੁੜਕੇ,
ਫੌਜਾਂ ਰਹਿੰਦੀਆਂ ਨਹੀਂ ਸਮੇਟੀਆਂ ਨੀ।

'ਸਿਖੋ, ਜੀਵਦਾ ਜਾਣ ਮੁਹਾਲ ਜੰਮੂ,
ਤਾਨੇ ਦੇਣ ਰਾਜਪੂਤਾਂ ਦੀਆਂ ਬੇਟੀਆਂ ਨੀ।

ਸ਼ਾਹ ਮੁਹੰਮਦਾ ਆਇਆ ਵਜ਼ੀਰੀ ਲੈ ਕੇ,
ਆਖਣ ਸਭ ਪਹਾੜ ਡੁਮੇਟੀਆਂ ਨੀ ॥੩੫॥

ਤੋਪਾਂ ਜੋੜ ਕੇ ਪੜਤਲਾਂ ਨਾਲ ਲੈ ਕੇ,
ਚਾਚੇ ਸਕੇ ਉੱਤੇ ਹੀਰਾ ਸਿੰਘ ਚੜ੍ਹਦਾ।

ਜਦੋਂ ਫੌਜ ਨੇ ਘੱਤਿਆ ਆਣ ਘੇਰਾ,
ਖੰਡਾ ਸਾਰ ਦਾ ਖਿੱਚ ਕੇ ਹੱਥ ਫੜਦਾ।

---

੨੦. ਸੰਮਤ ੧੯੨੨ ਬਿ: ਦੀ ਪ੍ਰਤੀ ਵਿਚ 'ਪਹੁਤਾ' ਪਾਠ ਹੈ।

ਭੀਮ ਸਿੰਘ ਤੇ ਕੇਸਰੀ ਸਿੰਘ ਸਾਵੇਂ,
ਲੈਕੇ ਦੋਹਾਂ ਨੂੰ ਕਟਕ ਦੇ ਵਿਚ ਵੜਦਾ ।
ਸ਼ਾਹ ਮੁਹੰਮਦਾ ਟਿੱਕੇ ਦੀ ਲਾਜ ਰਖੀਂ,
ਮੱਥੇ ਸਾਮ੍ਹਣੇ ਹੋਇ ਕੇ ਖੂਬ ਮਰਦਾ[੨੧] ॥੩੬॥

ਸਿੰਘ ਜੱਲੇ ਦੇ ਹੱਥੋਂ ਜੋ ਤੰਗ ਆਏ,
ਦਿਲਾਂ ਵਿਚ ਕਚੀਚੀਆਂ ਖਾਂਵਦੇ ਨੀ ।
ਅੱਗੇ ਸੱਤ ਤੇ ਅੱਠ ਸੀ ਤਲਬ ਸਾਰੀ,
ਬਾਰਾਂ ਜ਼ੋਰ ਦੇ ਨਾਲ ਕਰਾਂਵਦੇ ਨੀ ।
ਕੋਈ ਆਖਦੇ ਦੇਹੋ ਇਨਾਮ ਸਾਨੂੰ,
ਲੈਕੇ ਬੁਤਕੀਆਂ ਗਲੇ ਚਾ ਪਾਂਵਦੇ ਨੀ ।
ਸ਼ਾਹ ਮੁਹੰਮਦਾ ਜਲ੍ਹੇ ਦੇ ਮਾਰਨੇ ਨੂੰ,
ਵਿਚ ਕੌਂਸਲਾ ਮਤੇ ਮਤਾਂਵਦੇ ਨੀ[੨੨] ॥੩੭॥

ਹੋਇਆ ਹੁਕਮ ਜਾਂ ਬਹੁਤ ਮਹਾਵਤਾਂ ਨੂੰ,
ਹੌਦੇ ਸੋਨੇ ਦੇ ਚਾ ਕਸਵਾਂਵਦੇ ਨੀ ।
ਤਰਫ ਜੰਮੂ ਦੀ ਮੂੰਹ ਮਰੋੜ ਚੱਲੇ,
ਸਾਨੂੰ ਆਇਕੇ ਸਿੰਘ ਮਨਾਂਵਦੇ ਨੀ ।
ਘੇਰੇ ਅਜਲ ਦੇ ਅਕਲ ਨਾ ਜਰਾ ਆਈ,
ਬੁਰਾ ਆਪਣਾ ਆਪ ਕਰਾਂਵਦੇ ਨੀ ।
ਸ਼ਾਹ ਮੁਹੰਮਦਾ ਸਿੰਘ ਲੈ ਮਿਲੇ ਤੋਪਾਂ,
ਅਗੋਂ ਗੋਲਿਆਂ ਨਾਲ ਉਡਾਂਵਦੇ ਨੀ ॥੩੮॥

ਹੀਰਾ ਸਿੰਘ ਤੇ ਜਲ੍ਹੇ ਨੂੰ ਮਾਰਕੇ ਜੀ,
ਜਵਾਹਰ ਸਿੰਘ ਵਜ਼ੀਰ ਬਣਾਇਓ ਨੇ,
ਤਰਫ ਜੰਮੂ ਦੀ ਮੂੰਹ ਮਰੋੜ ਚੱਲੇ,
ਰਾਹੀ ਸ਼ੋਰ ਖਰੂਦ ਮਚਾਇਓ ਨੇ ।
ਓਥੋਂ ਰਾਜਾ ਗੁਲਾਬ ਸਿੰਘ ਬੰਨ੍ਹਿ ਆਂਦਾ,
ਕੈਂਠੇ ਫੇਰ ਲੈ ਕੇ ਗਲੀਂ ਪਾਇਓ ਨੇ ।
ਸ਼ਾਹ ਮੁਹੰਮਦਾ ਅਸਾਂ ਹੁਣ ਕੜੇ ਲੈਣੇ,
ਜਵਾਹਰ ਸਿੰਘ ਨੂੰ ਆਖ ਸੁਣਾਇਓ ਨੇ ॥੩੯॥

---

੨੧. ਅੰਕ ੩੬ ਦੀ ਬੈਂਤ ਸਰਦਾਰ ਬਲਦੇਵ ਸਿੰਘ ਦੀ ਪ੍ਰਤੀ ਵਿਚ ਨਹੀਂ ਹੈ, ਜੋ ਲਿਖਾਰੀ ਤੋਂ ਭੁਲ ਨਾਲ ਰਹਿ ਗਈ ਜਾਪਦੀ ਹੈ ।
੨੨. "ਪੰਜ ਕੌਂਸਲੀ ਚਾ ਬਣਾਂਵਦੇ ਨੀ" ਪਾਠ ਵੀ ਹੈ ।

ਕੇਹਾ ਬੁਰਛਿਆਂ ਆਣਿ ਹਨੇਰ ਪਾਇਆ,
ਜੇੜ੍ਹਾ ਬਹੇ ਗੱਦੀ ਉਹਨੂੰ ਮਾਰ ਲੈਂਦੇ ।
ਕੜੇ ਕੈਂਠੇ ਇਨਾਮ ਰੁਪਏ ਬਾਰਾਂ,
ਕਦੀ ਪੰਜ ਤੇ ਸੱਤ ਨਾ ਚਾਰ ਲੈਂਦੇ ।
ਕੋਈ ਤੁਰੇ ਨੀ ਜੰਮੂ ਦੀ ਲੁੱਟ ਕਰਕੇ,
ਕੋਈ ਸ਼ਹਿਰ ਦੇ ਲੁੱਟ ਬਜ਼ਾਰ ਲੈਂਦੇ ।
ਸ਼ਾਹ ਮੁਹੰਮਦਾ ਚੜ੍ਹੇ ਮਝੈਲ ਭੂਹੇ,
ਪੈਸਾ ਤਲਬ ਦਾ ਨਾਲ ਪੈਜ਼ਾਰ ਲੈਂਦੇ ॥੪੦॥
ਪਿੱਛੇ ਇਕ ਸਰਦਾਰ ਦੇ ਖੇਡ ਵਿਚਲੀ,
ਪਈ ਨਿੱਤ ਹੋਂਦੀ ਮਾਰੋ ਮਾਰ ਯਾਰੋ ।
ਸਿੰਘਾਂ ਮਾਰ ਸਰਦਾਰਾਂ ਨੂੰ ਚੂਰ ਕੀਤਾ,
ਸਭੋ ਕਤਲ ਹੋਏ ਵਾਰੋ ਵਾਰ ਯਾਰੋ ।
ਸਿਰ ਫੌਜ ਦੇ ਕੋਈ ਨਾ ਰਿਹਾ ਕੁੰਡਾ,
ਹੋਇਆ ਸ਼ੁਤਰ ਜਿਉਂ ਬਾਝ ਮੁਹਾਰ ਯਾਰੋ ।
ਸ਼ਾਹ ਮੁਹੰਮਦਾ ਫਿਰਨ ਸਰਦਾਰ ਖਹਿੰਦੇ,
ਭੂਤ ਮੰਡਲੀ ਹੋਈ ਤਿਆਰ ਯਾਰੋ ॥੪੧॥
ਜਵਾਹਰ ਸਿੰਘ ਦੇ ਉੱਤੇ ਨੀ ਧਵੇਂ ਸਾਰੇ,
ਮੱਥਾ ਖੂਨੀਆਂ ਵਾਂਗੂ ਚਾ ਵੱਟਿਓ ਨੇ ।
ਲੈ ਕੇ ਭਾਣਜੇ ਨੂੰ ਬਾਹਰ ਮਿਲਣ ਆਇਆ,
ਅਗੋਂ ਨਾਲ ਸੰਗੀਨਾਂ ਦੇ ਫੱਟਿਓ ਨੇ ।
ਸੀਖ ਨਾਲ ਉੜੁੰਬ ਕੇ ਫੀਲ ਉੱਤੇ,
ਕੱਢ ਹੌਦਿਓਂ ਜ਼ਿਮੀਂ ਤੇ ਸੱਟਿਓ ਨੇ ।
ਸ਼ਾਹ ਮੁਹੰਮਦਾ ਵਾਸਤੇ ਪਾਂਵਦੇ ਦਾ,
ਸਿਰ ਨਾਲ ਤਲਵਾਰ ਦੇ ਕੱਟਿਓ ਨੇ ॥੪੨॥
ਰਾਣੀ ਕੈਦ ਕਨਾਤ ਦੇ ਵਿੱਚ ਕੀਤੀ,
ਕਿਸ ਨੂੰ ਰੋਇਕੇ ਪਈ ਸੁਣਾਵਨੀ ਏਂ ।
ਤੇਰਾ ਕੌਣ ਹਿਮਾਇਤੀ ਸੁਣਨ ਵਾਲਾ,
ਜਿਸ ਨੂੰ ਪਾਇਕੇ ਵੈਣ ਦਿਖਾਵਣੀ ਏਂ ।
ਕੇੜ੍ਹੇ ਪਾਦਸ਼ਾਹ ਦਾ ਪੁੱਤ ਮੋਇਆ ਸਾਥੋਂ,
ਜੇੜ੍ਹੇ ਡੂੰਘੜੇ ਵੈਣ ਤੂੰ ਪਾਵਨੀ ਏਂ ।
ਸ਼ਾਹ ਮੁਹੰਮਦਾ ਦੇਹ ਇਨਾਮ ਸਾਨੂੰ,
ਸਾਡੇ ਜ਼ੋਰ ਤੇ ਰਾਜ ਕਮਾਵਨੀ ਏਂ ॥੪੩॥

ਪਈ ਝੂਰਦੀ ਹੈ ਰਾਣੀ ਜਿੰਦ ਕੌਰਾਂ,
ਕਿਥੋਂ ਕੱਢਾਂ ਮੈਂ ਕਲਗੀਆਂ ਨਿਤ ਤੋੜੇ ।
ਮੇਰੇ ਸਾਹਮਣੇ ਕੋਹਿਆ ਵੀਰ ਮੇਰਾ;
ਜਿਹਦੀ ਤਾਬਿਆ ਲੱਖ ਹਜ਼ਾਰ ਘੋੜੇ ।
ਕਿਥੋਂ ਕੱਢਾਂ ਮੈਂ ਦੇਸ ਫਿਰੰਗੀਆਂ ਦਾ,
ਕੋਈ ਹੋਵੇ ਜੇ ਇਨ੍ਹਾਂ ਦਾ ਅਮਲ ਤੋੜੇ ।
ਸ਼ਾਹ ਮੁਹੰਮਦਾ ਓਸ ਥੀਂ ਜਾਨ ਵਾਰਾਂ,
ਜਵਾਹਰ ਸਿੰਘ ਦਾ ਵੈਰ ਜੋ ਕੋਈ ਮੋੜੇ ॥੪੪॥
ਮੈਨੂੰ ਆਣ ਚੁਫੇਰਿਓਂ ਘੂਰਦੇ ਨੀ,
ਲੈਂਦੇ ਮੁਫਤ ਇਨਾਮ ਰੁਪਏ ਬਾਰਾਂ।
ਜੱਟੀ ਹੋਵਾਂ ਤਾਂ ਕਰਾਂ ਪੰਜਾਬ ਰੰਡੀ,
ਸਾਰੇ ਮੁਲਕ ਦੇ ਵਿਚ ਚਾ ਛਿੜਨ ਵਾਰਾਂ ।
ਛੱਡਾਂ ਨਹੀਂ ਲਾਹੌਰ ਵਿਚ ਵੜਨ ਜੋਗੇ,
ਇਨ੍ਹਾਂ ਵੱਡਿਆਂ ਅਫ਼ਸਰਾਂ ਜਮਾਦਾਰਾਂ ।
ਪਏ ਰੁਲਨਗੇ ਵਿਚ ਪਰਦੇਸ ਮੁਰਦੇ,
ਸ਼ਾਹ ਮੁਹੰਮਦਾ ਮਾਰਨੀ ਏਸ ਮਾਰਾਂ ॥੪੫॥
ਜਿਨ੍ਹਾਂ ਕੋਹਿਕੇ[੨੩] ਮਾਰਿਆ ਵੀਰ ਮੇਰਾ,
ਮੈਂ ਤਾਂ ਖੋਹਾਂ ਗੀ ਉਨ੍ਹਾਂ ਦੀਆਂ ਜੁੰਡੀਆਂ ਨੀ ।
ਧੁੰਮਾਂ ਜਾਣ ਵਲਾਇਤੀਂ ਦੇਸ ਸਾਰੇ,
ਪਾਵਾਂ ਬੱਕਰੇ ਵਾਂਗੂ ਚਾ ਵੰਡੀਆਂ ਨੀ।
ਚੂੜੇ ਲਹਿਣਗੇ ਬਹੁਤ ਸੁਹਾਗਣਾਂ ਦੇ,
ਨੱਥ ਚੌਂਕ ਤੇ ਬਾਲੀਆਂ-ਡੰਡੀਆਂ ਨੀ।
ਸ਼ਾਹ ਮੁਹੰਮਦਾ ਪੈਣਗੇ ਵੈਣ ਡੂੰਘੇ,
ਜਦੋਂ ਹੋਣ ਪੰਜਾਬਣਾਂ ਰੰਡੀਆਂ ਨੀ ॥੪੬॥
ਅਰਜ਼ੀ ਲਿਖੀ ਫਰੰਗੀ ਨੂੰ ਕੁੰਜ ਗੋਸ਼ੇ,
ਪਹਿਲਾਂ ਆਪਣੀ ਸੁਖ ਆਨੰਦ ਵਾਰੀ ।
ਤੇਰੀ ਵਲ ਮੈਂ ਫੌਜ[੨੪] ਨੂੰ ਭੇਜਨੀ ਆਂ,
ਖੱਟੇ ਕਰੀਂ ਤੂੰ ਇਨ੍ਹਾਂ ਦੇ ਦੰਦ ਵਾਰੀ ।
ਜੇੜ੍ਹਾ ਜ਼ੋਰ ਤੂੰ ਆਪਣਾ ਸੱਭ ਲਾਵੀਂ,
ਪਿੱਛੇ ਖਰਚ ਮੈਂ ਕਰਾਂਗੀ ਬੰਦ ਵਾਰੀ ।

---

੨੩. 'ਰੋਲਕੇ' ਪਾਠ ਵੀ ਹੈ । ੨੪. 'ਸਿੱਖਾਂ ਨੂੰ' ਪਾਠ ਵੀ ਹੈ ।

ਸ਼ਾਹ ਮੁਹੰਮਦਾ ਫੇਰ ਨਾ ਆਉਣ ਮੁੜਕੇ[੨੫],
ਮੈਨੂੰ ਏਤਨੀ ਬਾਤ ਪਸੰਦ ਵਾਰੀ[੨੬] ॥੪੭॥

ਪਹਿਲੇ ਪਾਰ ਦਾ ਮੁਲਕ ਤੂੰ ਮੱਲ ਸਾਰਾ,
ਆਪੋਂ ਖਾ ਗੁੱਸਾ ਤੈਥੀਂ ਆਵਨੀਗੇ।
ਸੋਈ ਲੜਨਗੇ ਹੋਣ ਬੇਖਬਰ ਜੇੜ੍ਹੇ,
ਮੱਥਾ ਕਦੀ ਸਰਦਾਰ ਨਾ ਡ੍ਹਾਵਨੀਗੇ।
ਏਸੇ ਵਾਸਤੇ ਫੌਜ ਮੈਂ ਪਾੜ ਛੱਡੀ,
ਕਈ ਭਾਂਜ ਅਚਾਣਕੀ ਪਾਵਨੀਗੇ।
ਸ਼ਾਹ ਮੁਹੰਮਦਾ ਲਾਟ ਜੀ ਕਟਕ ਤੇਰੇ,
ਮੇਰੇ ਗਲੋਂ ਤਗਾਦੜਾ ਲ੍ਹਾਵਨੀਗੇ।

ਲੰਡਨ ਕੰਪਨੀ ਸਾਹਿਬ ਕਿਤਾਬ ਡਿੱਠੀ,
ਇਨ੍ਹਾਂ ਲਾਟਾਂ ਵਿਚੋਂ ਕੌਣ ਲੜੇਗਾ ਜੀ।
ਟੁੰਡੇ ਲਾਟ ਨੇ ਚੁਕਿਆ ਆਣ ਬੀੜਾ,
ਹਮ ਜਾਇ ਸਿਖਾਂ ਨਾਲ ਲੜੇਗਾ ਜੀ।
ਘੰਟੇ ਤੀਨ ਮੈਂ ਜਾਇ ਲਾਹੌਰ ਮਾਰਾਂ,
ਏਸ ਬਾਤ ਵਿਚ ਫਰਕ ਨਾ ਪੜੇਗਾ ਜੀ।
ਸ਼ਾਹ ਮੁਹੰਮਦਾ ਫੱਗਣੋਂ ਤੇਰਵੀਂ ਨੂੰ,
ਸਾਹਿਬ ਜਾਇ ਲਹੌਰ ਵਿਚ ਵੜੇਗਾ ਜੀ ॥੪੯॥

ਵੱਜੀ ਤੁਰਮ, ਤੰਬੂਰ, ਕਰਨਾਇ ਸੁਤਰੀ,
ਤੰਬੂ, ਬੈਰਕਾਂ ਲਾਲ ਨਿਸ਼ਾਨ ਮੀਆਂ।
ਕੋਤਲ, ਬਘੀਆਂ ਪਾਲਕੀ, ਤੋਪਖਾਨੇ,
ਦੂਰਬੀਨ ਚੰਗੀ ਸਾਇਬਾਨ ਮੀਆਂ।
ਚੜ੍ਹਿਆ ਲੰਡਨੋਂ ਲਾਟ ਉਠਾਇ ਬੀੜਾ,
ਡੇਰਾ ਪਾਂਵਦਾ ਵਿਚ ਮੈਦਾਨ ਮੀਆਂ।
ਸ਼ਾਹ ਮੁਹੰਮਦਾ ਗੋਰਿਆਂ ਛੇੜ ਛੇੜੀ,

---

੨੫. ਸ: ਬਲਦੇਵ ਸਿੰਘ ਦੀ ਪ੍ਰਤੀ ਵਿਚ ਪਾਠ ਹੈ: "ਸ਼ਾਹ ਮੁਹੰਮਦਾ ਰਹਿਣ ਨਾ ਆਉਣ ਜੋਗੇ"।

੨੬. ਕਵੀ ਸ਼ਾਹ ਮੁਹੰਮਦ ਨੇ ਇਸ ਬੈਂਤ ਵਿਚ ਗਲਤ ਬਿਆਨੀ ਤੋਂ ਕੰਮ ਲਿਆ ਹੈ। ਮਹਾਰਾਣੀ ਜਿੰਦ ਕੌਰ ਨੇ ਅਜਿਹਾ ਕੋਈ ਖਤ ਅੰਗਰੇਜ਼ਾਂ ਵਲ ਨਹੀਂ ਸੀ ਲਿਖਿਆ। ਪੰਜਾਬ ਗਵਰਨਮੈਂਟ ਦੇ ਰੀਕਾਰਡਾਂ ਵਿਚੋਂ ਅਜਿਹਾ ਕੋਈ ਖਤ ਨਹੀਂ ਮਿਲਦਾ ਤੇ ਨਾਹੀਂ ਇਸ ਦੀ ਪੁਸ਼ਟੀ ਕਿਸੇ ਹੋਰ ਪ੍ਰਮਾਣਿਕ ਇਤਿਹਾਸਕ ਲਿਖਤ ਤੋਂ ਹੁੰਦੀ ਹੈ। ਮਾਲੂਮ ਹੁੰਦਾ ਹੈ, ਇਹ ਗੱਪ ਐਵੇਂ ਸਿਖ-ਰਾਜ ਦੇ ਵਿਰੋਧੀਆਂ ਦੀ ਧੁਮਾਈ ਹੋਈ ਹੈ।

ਮੂਲਕ ਪਾਰ ਦਾ ਮੱਲਿਆ ਆਨ ਮੀਆਂ[੨੭] ॥੫੦॥

ਫਰਾਂਸੀਸਾਂ ਨੂੰ ਅੰਦਰੋਂ ਹੁਕਮ ਹੋਇਆ,
ਤੁਸੀਂ ਜਾਓ ਖਾਂ ਤਰਫ ਕਸ਼ਮੀਰ ਨੂੰ ਜੀ ।
ਉਨ੍ਹਾਂ ਰੱਬ ਦਾ ਵਾਸਤਾ ਪਾਇਆ ਈ,
ਮਾਈ ਫੜੀਂ ਨਾ ਕਿਸੇ ਤਕਸੀਰ ਨੂੰ ਜੀ ।
ਪਾਰੋਂ ਮੁਲਕ ਫਰੰਗੀਆਂ ਮੱਲ ਲਿਆ,
ਅਸੀਂ ਮਾਰਾਂਗੇ ਉਸਦੇ ਪੀਰ ਨੂੰ ਜੀ ।
ਸ਼ਾਹ ਮੁਹੰਮਦਾ ਲੜਾਂਗੇ ਹੋਰ ਪਰਿਓਂ,
ਅਸਾਂ ਡੱਕਣਾ ਓਸ ਵਹੀਰ ਨੂੰ ਜੀ ॥੫੧॥

ਮਾਈ ਆਖਿਆਂ ਸਭੇ ਚੜ੍ਹ ਜਾਣ ਫ਼ੌਜਾਂ,
ਬੂਹੇ ਸ਼ਹਿਰ ਦੇ ਰਹਿਣ ਨਾ ਸੱਖਣੇ ਜੀ ।
ਮੁਸਲਮਾਨੀਆਂ ਪੜਤਲਾਂ[੨੮] ਰਹਿਣ ਏਥੇ,
ਘੋੜ ਚੜ੍ਹੇ ਨਾਹੀਂ ਪਾਸ ਰੱਖਣੇ ਜੀ ।
ਕਲਗੀ ਵਾਲੇ ਦੇ ਖਾਲਸੇ ਹੋਣ ਅੱਗੇ,
ਅੱਗੇ ਹੋਰ ਗਰੀਬ ਨਾ ਧੱਕਣੇ ਜੀ ।
ਸ਼ਾਹ ਮੁਹੰਮਦਾ ਜਿਨ੍ਹਾਂ ਦੀ ਤਲਬ ਤੇਰਾਂ,
ਮਜ਼ੇ ਤਿਨ੍ਹਾਂ ਲੜਾਈ ਦੇ ਚੱਖਣੇ ਜੀ ॥੫੨॥

ਸਾਰੇ ਪੰਥ ਨੂੰ ਸੱਦ ਕੇ ਕਹਿਣ ਲੱਗੀ,
ਮੈਥੋਂ ਗਏ ਖਜ਼ਾਨੇ ਨਿਖੁੱਟ ਵਾਰੀ ।
ਜਮਨਾ ਤੀਕਰੇ ਪਿਆ ਹੈ ਦੇਸ ਸੁੰਞਾ,
ਖਾਓ ਦੇਸ ਫਰੰਗੀ ਦਾ ਲੁੱਟ ਵਾਰੀ ।
ਮਾਰੋ ਸ਼ਹਿਰ ਫੀਰੋਜ਼ਪੁਰ, ਲੁੱਦਿਹਾਨਾ,
ਸੁੱਟੋ ਛਾਵਣੀ ਉਸ ਦੀ ਪੁੱਟ ਵਾਰੀ ।
ਸ਼ਾਹ ਮੁਹੰਮਦਾ ਲਓ ਇਨਾਮ ਮੈਥੋਂ,
ਕੈਂਠੇ ਕੜੇ ਮੈਂ ਦੇਵਾਂਗੀ ਸੁੱਟ ਵਾਰੀ ॥੫੩॥

ਸਿੰਘਾਂ ਆਖਿਆ:–"ਲੜਾਂਗੇ ਹੋ ਟੋਟੇ,
ਸਾਨੂੰ ਖਬਰ ਘੱਲੀਂ ਦਿਨੇ ਰਾਤ ਮਾਈ ।
ਤੇਰੀ ਨੌਕਰੀ ਵਿਚ ਨਾ ਫਰਕ ਕਰਸਾਂ,
ਭਾਵੇਂ ਖੂਹ ਘੱਤੀਂ ਭਾਵੇਂ ਖਾਤ ਮਾਈ ।"

---

੨੭. ਇਸ ਬੈਂਤ ਤੋਂ ਸਾਫ਼ ਜ਼ਾਹਰ ਹੁੰਦਾ ਹੈ ਕਿ ਪਹਿਲਾਂ ਛੇੜ ਅੰਗਰੇਜ਼ਾਂ ਵਲੋਂ ਹੋਈ ਸੀ ਤੇ ਸਿੱਖਾਂ ਨੇ ਅਹਿਮਦਨਾਮਾ ਨਹੀਂ ਸੀ ਤੋੜਿਆ ।

੨੮. ਹਥ ਲਿਖਤ ਵਿਚ 'ਪਲਟਨਾਂ' ਪਾਠ ਹੈ ।

ਸਿੰਘਾਂ ਭੋਲਿਆਂ ਮੂਲ ਨਾ ਸਮਝਿਆ ਈ,
ਇਹ ਕੀ ਕਰਨ ਲਗੀ ਸਾਡਾ ਘਾਤ ਮਾਈ।
ਸ਼ਾਹ ਮੁਹੰਮਦਾ ਅਜੇ ਨਾ ਜਾਣਿਓ ਨੇ,
ਖ਼ਾਲੀ ਪਈ ਜੇ ਚੋਪੜੀ ਪ੍ਰਾਤ ਮਾਈ ॥੫੪॥

ਦਿੱਤੀ ਮਾਈ ਨੇ ਜਦੋਂ ਦਿਲਬਰੀ ਭਾਰੀ,
ਸਿੰਘ ਬੈਠੇ ਨੀ ਹੋਇ ਸੁਚੇਤ ਮੀਆਂ।
ਸੱਚੇ ਸਾਹਿਬ ਦੇ ਹੱਥ ਨੀ ਸਭ ਗੱਲਾਂ,
ਕਿਸੇ ਹਾਰ ਦੇਵੇ ਕਿਸੇ ਜੇਤ ਮੀਆਂ।
ਇਕ ਲਖ ਬੇਟਾ ਸਵਾ ਲੱਖ ਪੋਤਾ,
ਰਾਵਣ ਮਾਰਿਆ ਘਰਾਂ ਦੇ ਭੇਤ ਮੀਆਂ।
ਸ਼ਾਹ ਮੁਹੰਮਦਾ ਜਾਣਦਾ ਜੱਗ ਸਾਰਾ,
ਕੇਈ ਸੂਰਮੇ ਆਣਗੇ ਖੇਤ ਮੀਆਂ ॥੫੫॥

ਸਿੰਘਾਂ ਸਾਰਿਆਂ ਬੈਠ ਗੁਰਮਤਾ ਕੀਤਾ,
ਚਲੋ ਜਾਇ ਫਰੰਗੀ ਨੂੰ ਮਾਰੀਏ ਜੀ।
ਇਕ ਵਾਰ ਜੇ ਸਾਮ੍ਹਣੇ ਹੋਇ ਸਾਡੇ,
ਵਿੱਚ ਘੜੀ ਦੇ ਮਾਰ ਉਤਾਰੀਏ ਜੀ।
ਵੀਰ ਸਿੰਘ ਜੇਹੇ ਅਸੀਂ ਨਹੀਂ ਛੱਡੇ,
ਅਸੀਂ ਕਦੀ ਨਾ ਓਸ ਤੋਂ ਹਾਰੀਏ ਜੀ।
ਸ਼ਾਹ ਮੁਹੰਮਦਾ ਮਾਰ ਕੇ ਲੁਦਿਹਾਣਾ,
ਫੌਜਾਂ ਦਿਲੀ ਦੇ ਵਿਚ ਉਤਾਰੀਏ ਜੀ ॥੫੬॥

ਜ਼ਬਤ ਕਰਾਂਗੇ ਮਾਲ ਫਰੰਗੀਆਂ ਦਾ,
ਲੁੱਟ-ਲਿਆਵਾਂਗੇ ਦੌਲਤਾਂ ਬੋਰੀਆਂ ਨੀ।
ਫੇਰ ਵੜਾਂਗੇ ਉਨ੍ਹਾਂ ਦੇ ਸਤਰ ਖਾਨੇ,
ਬੰਨ੍ਹ ਲਿਆਵਾਂਗੇ ਉਨ੍ਹਾਂ ਦੀਆਂ ਗੋਰੀਆਂ ਨੀ।
ਕਾਬਲ ਵਿਚ ਪਠਾਣ ਜਿਉਂ ਅਲੀ ਅਕਬਰ,
ਮਾਰ ਵੱਢ ਕੇ ਕੀਤੀਆਂ ਪੋਰੀਆਂ ਨੀ।
ਸ਼ਾਹ ਮੁਹੰਮਦਾ ਲਵਾਂਗੇ ਫੇਰ ਕੈਂਠੇ,
ਤਿੱਲੇਦਾਰ ਜੋ ਰੇਸ਼ਮੀ ਡੋਰੀਆਂ ਨੀ ॥੫੭॥

ਝੰਡੇ ਨਿੱਕਲੇ ਕੂਚ ਦਾ ਹੁਕਮ ਹੋਇਆ,
ਚੜ੍ਹੇ ਸੂਰਮੇਂ ਸਿੰਘ ਦਲੇਰ ਮੀਆਂ।
ਚੜ੍ਹੇ ਪੁੱਤ ਸਰਦਾਰਾਂ ਦੇ ਛੈਲ ਬਾਂਕੇ,
ਜੈਸੇ ਬੇਲਿਓਂ ਨਿਕਲਦੇ ਸ਼ੇਰ ਮੀਆਂ।

ਚੜ੍ਹੇ ਸਭ ਮਝੈਲ ਦੁਆਬੀਏ ਜੀ,
ਜਿਨ੍ਹਾਂ ਕਿਲ੍ਹੇ ਨਿਵਾਏ ਨੀ ਢੇਰ ਮੀਆਂ।
ਸ਼ਾਹ ਮੁਹੰਮਦਾ ਚੜ੍ਹੇ ਜੰਬੂਰਖ਼ਾਨੇ,
ਹੋਇਆ ਹੁਕਮ ਨਾ ਲਾਂਵਦੇ ਦੇਰ ਮੀਆਂ ॥੫੮॥
ਸ਼ਜਾਮ ਸਿੰਘ ਸਰਦਾਰ ਨੇ ਕੂਚ ਕੀਤਾ[੨੯]
ਜੱਲੇ ਵਾਲੀਏ ਬਣਤ ਬਣਾਂਵਦੇ ਨੀ।
ਆਏ ਹੋਰ ਪਹਾੜ ਦੇ ਸਭ ਰਾਜੇ,
ਜਿਹੜੇ ਤੇਗ ਦੇ ਧਨੀ ਕਹਾਂਵਦੇ ਨੀ।
ਚੜ੍ਹੇ ਸਭ ਮਝੈਲ ਦੁਆਬੀਏ ਜੀ,
ਸੰਧਾਵਾਲੀਏ ਕਾਠੀਆਂ ਪਾਂਵਦੇ ਨੀ।
ਸ਼ਾਹ ਮੁਹੰਮਦਾ ਚੜ੍ਹੀ ਅਕਾਲ ਰਜਮਟ,
ਖੰਡੇ ਸਾਰ ਦੇ ਸਿਕਲ ਕਰਾਂਵਦੇ ਨੀ ॥੫੯॥
ਮਜ਼ਹਰ ਅਲੀ ਤੇ ਮਾਖੇ ਖਾਂ ਕੂਚ ਕੀਤਾ,
ਤੋਪਾਂ ਸ਼ਹਿਰ ਥੀਂ ਬਾਹਰ ਨਿਕਾਲੀਆਂ ਨੀ।
ਬੇੜਾ ਹੜਿਆ ਸੁਲਤਾਨ ਮਹਿਦੂਦ ਵਾਲਾ,
ਤੋਪਾਂ ਹੋਰ ਇਮਾਮ ਸ਼ਾਹ ਵਾਲੀਆਂ ਨੀ।
ਇਲਾਹੀ ਬਖਸ਼ ਪਟੋਲੀ ਨੇ ਮਾਂਜਕੇ ਜੀ,
ਧੂਪਾਂ ਦੇਇ ਕੇ ਤਖਤ ਬਹਾਲੀਆਂ ਨੀ।
ਸ਼ਾਹ ਮੁਹੰਮਦਾ ਐਸੀਆਂ ਲੈਸ ਹੋਈਆਂ,
ਬਿਜਲੀ ਵਾਂਗੂ ਜਿਉਂ ਦੇਣ ਦਿਖਾਲੀਆਂ ਨੀ ॥੬੦॥
ਸੁਣਕੇ ਖਬਰ ਫਰੰਗੀ ਦੀ ਚੜ੍ਹੇ ਸਾਰੇ,
ਫੌਜਾਂ ਬੇ-ਮੁਹਾਰੀਆਂ ਉਠਿ ਤੁਰੀਆਂ।
ਅੱਗੇ ਵਾਰ ਕੁਆਰ ਨਾ ਕਿਸੇ ਡਿੱਠਾ,
ਇਕ ਦੂਜੇ ਦੇ ਪਿਛੇ ਜੋ ਲਗ ਤੁਰੀਆਂ।
ਅੱਗੇ ਤੋਪਾਂ ਦੇ ਧਨੀ ਵੀ ਹੈਨ ਗੋਰੇ,
ਵੰਗਾਂ ਪਹਿਨ ਖਲੋਤੀਆਂ ਨਹੀਂ ਕੁੜੀਆਂ।

---

੨੯. ਸਰਦਾਰ ਸ਼ਜਾਮ ਸਿੰਘ ਅਟਾਰੀ ਵਾਲਾ ਸੁਭਰਾਉਂ ਦੀ ਲੜਾਈ ਵਿਚ, ਜੋ ਸੰਨ ੧੮੪੬ ਨੂੰ ਫਰਵਰੀ ਦੇ ਦੂਜੇ ਹਫਤੇ ਲੜੀ ਗਈ ਸੀ, ਸ਼ਾਮਲ ਹੋਇਆ ਸੀ। ਉਸ ਤੋਂ ਪਹਿਲਾਂ ਉਹ ਇਸ ਲੜਾਈ ਵਿਚ ਸ਼ਾਮਲ ਨਹੀਂ ਸੀ ਹੋਇਆ। ਇਸ ਲਈ ਸ਼ਾਹ ਮੁਹੰਮਦ ਦਾ ਇਹ ਕਥਨ ਕਿ ਉਸ ਨੇ ਸਿੱਖ ਫੌਜਾਂ ਦੇ ਨਾਲ ਜੰਗ ਦੇ ਸ਼ੁਰੂ ਵਿਚ ਹੀ (ਲਾਹੌਰੋਂ) ਕੂਚ ਕਰ ਦਿੱਤਾ ਸੀ, ਠੀਕ ਨਹੀਂ ਜਾਪਦਾ।

ਸ਼ਾਹ ਮੁਹੰਮਦਾ ਵਰਜ ਨਾ ਜਾਂਦਿਆਂ ਨੂੰ,
ਫੌਜਾਂ ਹੋਇ ਮੁਹਾਣੀਆਂ ਕਦੋਂ ਮੁੜੀਆਂ ॥੬੧॥
ਚੜ੍ਹੇ ਸਿੰਘ ਲਹੌਰ ਥੀਂ ਮਾਰ ਧੌਂਸੇ,
ਸਭੇ ਗਰਬ ਹੰਕਾਰ ਦੇ ਨਾਲ ਤੁਰਦੇ ।
ਉਰੇ ਦੋਹਾਂ ਦਰਿਆਵਾਂ ਦੇ ਨਹੀਂ ਅਟਕੇ,
ਪੱਤਣ ਲੰਘੇ ਨੀ ਜਾਇ ਫੀਰੋਜ਼ਪੁਰ ਦੇ ।
ਅਗੋਂ ਛੇੜਿਆ ਨਹੀਂ ਫਰੰਗੀਆਂ ਨੇ,
ਦੂਹਾਂ ਧਿਰਾਂ ਦੇ ਰੁਲਣਗੇ ਬਹੁਤ ਮੁਰਦੇ ।
ਸ਼ਾਹ ਮੁਹੰਮਦਾ ਭੱਜਣਾ ਰਣੋਂ ਭਾਰੀ,
ਜੁੱਟੇ ਸੂਰਮੇਂ ਆਖ ਤੂੰ ਕਦੋਂ ਮੁੜਦੇ ॥੬੨॥
ਲਗੀ ਧਮਕ ਸਾਰੇ ਹਿੰਦੁਸਤਾਨ ਅੰਦਰ,
ਦਿੱਲੀ, ਆਗਰੇ, ਹਾਂਸੀ ਹਿਸਾਰ ਮੀਆਂ ।
ਬੀਕਾਨੇਰ, ਗੁਲੇਰ, ਭਟਨੇਰ, ਜੈ ਪੁਰ,
ਪਈਆਂ ਭਾਜੜਾਂ ਜਮਨਾ ਤੋਂ ਪਾਰ ਮੀਆਂ ।
ਚੜ੍ਹੀ ਸਭਿ ਪੰਜਾਬ ਦੀ ਬਾਦਸ਼ਾਹੀ,
ਨਹੀਂ ਦਲਾਂ ਦਾ ਅੰਤ ਸ਼ੁਮਾਰ ਮੀਆਂ ।
ਸ਼ਾਹ ਮੁਹੰਮਦਾ ਕਿਸੇ ਨਾ ਅਟਕਣਾ ਈਂ,
ਸਿੰਘ ਲੈਣਗੇ ਦਿੱਲੀ ਨੂੰ ਮਾਰ ਮੀਆਂ ॥੬੩॥
ਅਰਜ਼ੀ ਲਿਖੀ ਫਰੰਗੀਆਂ ਖਾਲਸੇ ਨੂੰ,
ਤੁਸੀਂ ਕਾਸ ਨੂੰ ਜੰਗ ਮਚਾਂਵਦੇ ਹੋ ।
ਮਹਾਰਾਜੇ ਦੇ ਨਾਲ ਸੀ ਨੇਮ ਸਾਡਾ,
ਤੁਸੀਂ ਸੁੱਤੀਆਂ ਕਲਾਂ ਜਗਾਂਵਦੇ ਹੋ ।
ਕਈ ਲੱਖ ਰੁਪਏ ਲੈ ਜਾਓ ਸਾਥੋਂ,
ਦਿਆਂ ਹੋਰ ਜੋ ਤੁਸੀਂ ਫਰਮਾਂਵਦੇ ਹੋ ।
ਸ਼ਾਹ ਮੁਹੰਮਦਾ ਅਸਾਂ ਨਾ ਮੂਲ ਲੜਨਾ,
ਤੁਸੀਂ ਏਤਨਾ ਜੋਰ ਕਿਉਂ ਲਾਂਵਦੇ ਹੋ ॥੬੪॥
ਸਿੰਘਾਂ ਲਿਖਿਆ ਖਤ ਫਰੰਗੀਆਂ ਨੂੰ,
ਤੈਨੂੰ ਮਾਰਾਂਗੇ ਅਸੀਂ ਵੰਗਾਰਕੇ ਜੀ ।
ਸਾਨੂੰ ਨਹੀਂ ਰੁਪੱਯਾਂ ਦੀ ਲੋੜ ਕਾਈ,
ਭਾਵੇਂ ਦੇਹ ਤੂੰ ਢੇਰ ਉਸਾਰਕੇ ਜੀ ।
ਉਹੋ ਪੰਥ ਤੇਰੇ ਉਤੇ ਆਣ ਚੜ੍ਹਿਆ,
ਜੇੜ੍ਹਾ ਆਇਆ ਸੀ ਜੰਮੂ ਨੂੰ ਮਾਰਕੇ ਜੀ ।

ਸ਼ਾਹ ਮੁਹੰਮਦਾ ਸਾਮ੍ਹਣੇ ਡਾਹ ਤੋਪਾਂ,
ਸੂਰੇ ਕੱਢ ਮੈਦਾਨ ਨਿਤਾਰਕੇ ਜੀ ॥੬੫॥

ਪੈਂਚ ਲਿੱਖਦੇ ਸਾਰੀਆਂ ਪੜਤਲਾਂ ਦੇ,
ਸਾਡੀ ਅੱਜ ਹੈ ਵਡੀ ਚਲੰਤ ਮੀਆਂ।
ਵੀਰ ਸਿੰਘ ਨੂੰ ਮਾਰਿਆ ਡਾਹ ਤੋਪਾਂ,
ਨਹੀਂ ਛੱਡਿਆਂ ਸਾਧੂ ਤੇ ਸੰਤ ਮੀਆਂ।
ਅਸਾਂ ਮਾਰੇ ਚੌਂਫੇਰੇ ਦੇ ਕਿਲੇ ਭਾਰੇ,
ਅਸਾਂ ਮਾਰਿਆ ਕੁਲੂ ਭੁਟੰਤ ਮੀਆਂ।
ਸ਼ਾਹ ਮੁਹੰਮਦਾ ਗੱਲ ਤਾਂ ਸੋਈ ਹੋਣੀ,
ਜੇੜ੍ਹੀ ਕਰੇਗਾ ਖ਼ਾਲਸਾ ਪੰਥ ਮੀਆਂ[30] ॥੬੬॥

ਦੂਰਬੀਨ ਅੰਗਰੇਜ਼ ਨੇ ਹੱਥ ਲੈ ਕੇ,
ਕੀਤਾ ਫ਼ੌਜ ਦਾ ਸਭ ਸ਼ੁਮਾਰ ਮੀਆਂ।
ਜਿਨ੍ਹੀਂ ਥਾਈਂ ਸੀ ਜਮਾ ਜਮੂਰਖਨਾ,
ਕੀਤੇ ਸਭ ਮਾਲੂਮ ਹਜ਼ਾਰ ਮੀਆਂ।
ਦਾਰੂ ਵੰਡਿਆ ਸੂਰਿਆਂ ਜੰਗੀਆਂ ਨੂੰ,
ਦੋ ਦੋ ਬੋਤਲਾਂ ਕੈਫ਼ ਖੁਮਾਰ ਮੀਆਂ।
ਸ਼ਾਹ ਮੁਹੰਮਦਾ ਪੀ ਸ਼ਰਾਬ ਗੋਰੇ,
ਹੋਏ ਜੰਗ ਨੂੰ ਤੁਰਤ ਤਿਆਰ ਮੀਆਂ ॥੬੭॥

ਇਕ ਪਿੰਡ ਦਾ ਨਾਉਂ ਜੋ ਮੁੱਦਕੀ ਸੀ,
ਓਥੇ ਭਰੀ ਸੀ ਪਾਣੀ ਦੀ ਖੱਡ ਮੀਆਂ।
ਘੋੜ-ਚੜ੍ਹੇ ਤੇ ਕਈ ਅਕਾਲੀਏ ਜੀ,
ਝੰਡੇ ਦੇਂਵਦੇ ਢਾਹੇ ਪਰ ਗੱਡ ਮੀਆਂ[31]।
ਤੋਪਾਂ ਚੱਲੀਆਂ ਕਟਕ ਫਰੰਗੀਆਂ ਦਾ,
ਗੋਲੇ ਤੋੜਦੇ ਮਾਸ ਤੇ ਹੱਡ ਮੀਆਂ।
ਸ਼ਾਹ ਮੁਹੰਮਦਾ ਪਿਛਾਂ ਨੂੰ ਉਠ ਨੱਠੇ,
ਤੋਪਾਂ ਸੱਠ ਆਏ ਓਥੇ ਛੱਡ ਮੀਆਂ ॥੬੮॥

ਡੇਰੇ ਆਣਕੇ ਬੈਠ ਸਲਾਹ ਕਰਦੇ,
ਐਤਵਾਰ ਅਸੀਂ ਖੰਡਾ ਫੜਾਂਗੇ ਜੀ।

---

੩੦. ਇਹ ਬੈਂਤ ਸਰਦਾਰ ਬਲਦੇਵ ਸਿੰਘ ਦੀ ਪ੍ਰਤੀ ਵਿਚ ਨਹੀਂ ਹੈ।

੩੧. 'ਘੋੜ ਚੜ੍ਹੇ ਅਕਾਲੀਏ ਨਵੇਂ ਮੁੰਡੇ, ਝੰਡੇ ਦਿੱਤੇ ਨੀ ਜਾਇਕੇ ਗੱਡ ਮੀਆਂ।' ਪਾਠ ਵੀ ਹੈ।

ਤੇਜਾ ਸਿੰਘ ਦੀ ਵਡੀ ਉਡੀਕ ਸਾਨੂੰ,
ਤਾਬੇ ਹੋਇਕੇ ਓਸ ਦੇ ਲੜਾਂਗੇ ਜੀ,
ਖ਼ੌਫ ਜਾਨ ਦਾ ਨਹੀਂ ਜੇ ਮੂਲ ਕਰਨਾ,
ਜਦੋਂ ਵਿਚ ਮੈਦਾਨ ਦੇ ਅੜਾਂਗੇ ਜੀ।
ਸ਼ਾਹ ਮੁਹੰਮਦਾ ਆਖਦੇ ਜੋਰ ਕਰਕੇ,
ਡੇਰੇ ਚੱਲ ਫਰੰਗੀ ਦੇ ਵੜਾਂਗੇ ਜੀ ॥੬੯॥
ਤੇਜਾ ਸਿੰਘ ਜੋ ਲਸ਼ਕਰੀ ਆਣ ਵੜਿਆ,
ਹੁੱਦੇਦਾਰ ਓਥੇ ਸਾਰੇ ਆਂਵਦੇ ਨੀ।
ਹੁਕਮ ਕਰੋ ਤੇ ਤੇਗ਼ ਉਠਾਇ ਲਈਏ,
ਪਏ ਸਿੰਘ ਕਚੀਚੀਆਂ ਖਾਂਵਦੇ ਨੀ।
ਕੂੰਜਾਂ ਨਜ਼ਰ ਆਈਆਂ ਬਾਜਾਂ ਭੁੱਖਿਆਂ ਨੂੰ,
ਚੋਟਾਂ ਕੈਸੀਆਂ ਦੇਖ ਚਲਾਂਵਦੇ ਨੀ।
ਸ਼ਾਹ ਮੁਹੰਮਦਾ ਓਸ ਤੋਂ ਹੁਕਮ ਲੈ ਕੇ,
ਹੱਲਾ ਕਰਨ ਦੀ ਡੌਲ ਬਣਾਂਵਦੇ ਨੀ ॥੭੦॥
ਫੇਰੂ ਸ਼ਹਿਰ ਦੇ ਹੇਠ ਜਾਂ ਖੇਤ ਰੁੱਧੇ,
ਤੋਪਾਂ ਚਾਲੀਆਂ ਨੀ ਵਾਂਗੂ ਤੋਰਿਆਂ ਦੇ।
ਸਿੰਘ ਸੂਰਮੇ ਆਨ ਮੈਦਾਨ ਲੱਥੇ,
ਗੰਜ ਲਾਹ ਸੁੱਟੇ ਓਥੇ ਗੋਰਿਆਂ ਦੇ।
ਟੁੰਡੇ ਲਾਟ ਨੇ ਅੰਤ ਨੂੰ ਖਾਇ ਗੁੱਸਾ,
ਫੇਰ ਦਿੱਤੇ ਨੀ ਲੱਖ ਢੰਡੋਰਿਆਂ ਦੇ।
ਸ਼ਾਹ ਮੁਹੰਮਦਾ ਰੰਡ ਬੈਠਾਇ ਨਦਨ,
ਸਿੰਘ ਜਾਣ ਨਾਂਹੀ ਨਾਲ ਜੋਰਿਆਂ ਦੇ ॥੭੧॥
ਹੁਕਮ ਲਾਟ ਕੀਤਾ ਲਸ਼ਕਰ ਆਪਣੇ ਨੂੰ,
ਤੁਸਾਂ ਲਾਜ ਅੰਗਰੇਜ਼ ਦੀ ਰੱਖਣੀ ਜੀ।
ਸਿੰਘਾਂ ਮਾਰਕੇ ਕਟਕ ਮੁਕਾਇ ਦਿਤੇ,
ਹਿੰਦੁਸਤਾਨਾ ਤੇ ਪੂਰਬੀ ਦੱਖਣੀ ਜੀ।
ਨੰਦਨ ਟਾਪੂਆਂ ਵਿੱਚ ਕੁਰਲਾਟ ਪਿਆ,
ਕੁਰਸੀ ਚਾਰ ਹਜ਼ਾਰ ਹੈ ਸੱਖਣੀ ਜੀ।
ਸ਼ਾਹ ਮੁਹੰਮਦਾ ਲਾਟ ਹੁਣ ਕਹਿਣ ਲਗਾ,
ਰੱਤ ਸਿੰਘ ਸਿਪਾਹੀ ਦੀ ਚੱਖਣੀ ਜੀ ॥੭੨॥
ਹੋਇਆ ਹੁਕਮ ਅੰਗਰੇਜ਼ ਦਾ ਤੁਰਤ ਜਲਦੀ,
ਤੋਪਾਂ ਮਾਰੀਆਂ ਨੀਰ ਦੇ ਆਇ ਪੱਲੇ।

ਫੂਕ ਸੁੱਟੀਆਂ ਸਾਰੀਆਂ ਮੇਖਜ਼ੀਨਾਂ,
ਸਿੰਘ ਉਡਕੇ ਪੱਤਰਾ ਹੋਇ ਚੱਲੇ।
ਛੋਲਦਾਰੀਆਂ ਸਾਰੀਆਂ ਛੱਡ ਦੌੜੇ,
ਕੋਈ ਚੀਜ਼ ਨਾ ਆਪਣੀ ਲਈ ਪੱਲੇ।
ਓੜਕ ਲਿਆ ਮੈਦਾਨ ਫਰੰਗੀਆਂ ਨੇ,
ਸ਼ਾਹ ਮੁਹੰਮਦਾ ਰਣੋਂ ਨਾ ਮੂਲ ਹੱਲੇ ॥੭੩॥
ਓਧਰ ਆਪ ਫਰੰਗੀ ਨੂੰ ਭਾਜ ਆਈ,
ਦੌੜੇ ਜਾਣ ਗੋਰੇ ਦਿੱਤੀ ਕੰਡ ਮੀਆਂ।
ਚੱਲੇ ਤੋਪਖਾਨੇ ਸਾਰੇ ਗੋਰਿਆਂ ਦੇ,
ਮਗਰੋਂ ਹੋਈ ਬੰਦੂਕਾਂ ਦੀ ਫੰਡ ਮੀਆਂ।
ਕਿਨੇ ਜਾਇਕੇ ਲਿਆਇਕੇ ਖਬਰ ਦਿਤੀ,
ਨੰਦਨ ਹੋਇ ਬੈਠੀ ਤੇਰੀ ਰੰਡ ਮੀਆਂ।
ਸ਼ਾਹ ਮੁਹੰਮਦਾ ਦੇਖ ਮੈਦਾਨ ਜਾਕੇ,
ਰੁਲਦੀ ਗੋਰਿਆਂ ਦੀ ਓਥੇ ਝੰਡ ਮੀਆਂ ॥੭੪॥
ਪਹਾੜਾ ਸਿੰਘ ਸੀ ਯਾਰ ਫਰੰਗੀਆਂ ਦਾ,
ਸਿੰਘਾਂ ਨਾਲ ਸੀ ਓਸਦੀ ਗੈਰ ਸਾਲੀ।
ਉਹ ਤਾਂ ਭੱਜ ਕੇ ਲਾਟ ਨੂੰ ਜਾਇ ਮਿਲਿਆ,
ਗਲ ਜਾ ਦੱਸੀ ਸਾਰੀ ਭੇਤ ਵਾਲੀ।
ਇਥੋਂ ਹੋ ਗਿਆ ਹਰਨ ਹੈ ਖ਼ਾਲਸਾ ਜੀ,
ਚੌਦਾ ਹੱਥਾਂ ਦੀ ਮਾਰਕੇ ਜਾਣ ਛਾਲੀ।
ਸ਼ਾਹ ਮੁਹੰਮਦਾ ਸਾਥ ਲੈ ਸਿਲੇਖਾਨੇ,
ਛੱਡ ਗਏ ਨੀ ਸਿੰਘ ਮੈਦਾਨ ਖਾਲੀ ॥੭੫॥
ਮੁੜਕੇ ਫੇਰ ਫਰੰਗੀਆਂ ਜੋਰ ਦਿੱਤਾ,
ਲਾਟਾਦਾਰ ਗੋਲੇ ਓਥੇ ਆਣ ਛੁੱਟੇ।
ਉਡੀ ਰਾਲ ਤੇ ਚਾਦਰਾਂ ਕੜਕੀਆਂ ਨੀ,
ਕੈਰੋ ਪਾਂਡਵਾਂ ਦੇ ਜੈਸੇ ਬਾਣ ਛੁੱਟੇ।
ਜਦੋਂ ਡਿੱਠੇ ਨੀ ਹੱਥ ਫ਼ਰੰਗੀਆਂ ਦੇ,
ਓਥੇ ਕਈਆਂ ਦੇ ਆਣ ਪ੍ਰਾਣ ਟੁੱਟੇ।
ਸ਼ਾਹ ਮੁਹੰਮਦਾ ਇਕ ਸੌ ਤੇਈ ਤੋਪਾਂ,
ਤੋਸ਼ੇਖ਼ਾਨੇ ਫਰੰਗੀਆਂ ਆਣ ਲੁੱਟੇ।
ਜਦੋਂ ਪਿਆ ਹਰਾਸ ਤੇ ਕਰਨ ਗੱਲਾਂ,
ਮੁੰਡੇ ਘੋੜ-ਚੜ੍ਹੇ ਨਵੇਂ ਛੋਕਰੇ ਜੀ।

ਅੱਧੀ ਰਾਤ ਨੂੰ ਉੱਠਕੇ ਖਿਸਕ ਤੁਰੀਏ,
ਕਿਥੋਂ ਪਏ ਗੋਰੇ ਸਾਨੂੰ ਓਪਰੇ ਜੀ।
ਵਾਹੀ ਕਰਦੇ ਤੇ ਰੋਟੀਆਂ ਖੂਬ ਖਾਂਦੇ,
ਅਸੀਂ ਜਟਾਂ ਸਰਦਾਰਾਂ ਦੇ ਪੋਤਰੇ ਜੀ।
ਸ਼ਾਹ ਮੁਹੰਮਦਾ ਖੂਹਾਂ ਤੇ ਮਿਲਖ ਵਾਲੇ,
ਅਸੀਂ ਦੱਬ ਕੇ ਲਾਵਾਂਗੇ ਜੋਤਰੇ ਜੀ ॥੭੭॥
ਜੇੜ੍ਹੇ ਜੀਂਵਦੇ ਰਹੇ ਸੋ ਪਏ ਸੋਚੀਂ,
ਹੋਏ ਭੁੱਖ ਦੇ ਨਾਲ ਜ਼ਹੀਰ ਮੀਆਂ।
ਬੁਰੇ ਜਿੰਨ ਹੋ ਕੇ ਸਾਨੂੰ ਪਏ ਗੋਰੇ,
ਅਸੀਂ ਜਾਣਦੇ ਸਾਂ ਕੋਈ ਕੀਰ ਮੀਆਂ।
ਅਸਾਂ ਸ਼ਹਿਤ ਦੇ ਵਾਸਤੇ ਹਥ ਪਾਇਆ,
ਅਗੋਂ ਡੂੰਮਣਾ ਛਿੜੇ ਮਖੀਰ ਮੀਆਂ।
ਸ਼ਾਹ ਮੁਹੰਮਦਾ ਰਾਹ ਨਾ ਕੋਈ ਲਭੇ,
ਜਿਥੇ ਚੱਲੀਏ ਘੱਤ ਵਹੀਰ ਮੀਆਂ ॥੭੮॥
ਘਰੋਂ ਗਏ ਫਰੰਗੀ ਦੇ ਮਾਰਨੇ ਨੂੰ,
ਬੇੜੇ ਤੋਪਾਂ ਦੇ ਸਭ ਖੁਹਾਇ ਆਇ।
ਛੇੜ ਆਫਤਾਂ ਨੂੰ ਮਗਰ ਲਾਇਓ ਨੇ,
ਸਗੋਂ ਆਪਣਾ ਆਪ ਗਵਾਇ ਆਇ।
ਸੁਖ ਵਸਦਾ ਸ਼ਹਿਰ ਲਾਹੌਰ ਸਾਰਾ,
ਸਗੋਂ ਕੁੰਜੀਆਂ ਹੱਥ ਫੜਾਇ ਆਇ।
ਸ਼ਾਹ ਮੁਹੰਮਦਾ ਕਹਿੰਦੇ ਨੇ ਲੋਕ ਸਿੰਘ ਜੀ,
ਤੁਸੀਂ ਚੰਗੀਆਂ ਪੂਰੀਆਂ ਪਾਇ ਆਇ ॥੭੯॥
ਘਰੀਂ ਜਾਇ ਕੇ ਫੇਰ ਆਰਾਮ ਕੀਤਾ,
ਕਿਸੇ ਰਾਤ ਕਿਸੇ ਦੋਇ ਰਾਤ ਮੀਆਂ।
ਪਿਛੋਂ ਸਭ ਸਰਦਾਰਾਂ ਨੇ ਸੱਦ ਭੇਜੇ,
ਜੋ ਕੋਈ ਸਿੰਘ ਸਿਪਾਹੀ ਦੀ ਜਾਤ ਮੀਆਂ।
ਕਿੱਥੇ ਲੁਕੋਗੇ ਜਾਇਕੇ ਖਾਲਸਾ ਜੀ,
ਦਸੋ ਖੋਲ੍ਹ ਕੇ ਅਸਲ ਦੀ ਬਾਤ ਮੀਆਂ।
ਸ਼ਾਹ ਮੁਹੰਮਦਾ ਫੇਰ ਇਕੱਠ ਹੋਇਆ।
ਲੱਗੀ ਚਾਨਣੀ ਹੋਰ ਕਨਾਤ ਮੀਆਂ ॥੮੦॥
ਕੰਢੀ ਪਾਰ ਦੀ ਜਾ ਜਮਾ ਹੋਏ ਡੇਰੇ,
ਇਹ ਤਾਂ ਨੌਕਰੀ, ਘਰੀਂ ਨਾ ਮਿਲਣ ਜਾਣੇ।

ਡੇਰੀਂ ਆਣ ਕੇ ਕਹਿਨ ਵਿਰਲਾਪ ਪਿਆ,
ਬੰਨ੍ਹਣ ਭਰਤੀਆਂ ਤੇ ਓਥੇ ਵਿਕਣ ਦਾਣੇ ।
ਛਹੀਆਂ ਕਢ ਕੇ ਮੋਰਚੀਂ ਆਇ ਬਹਿੰਦੇ,
ਡੇਰੀ ਆਣ ਕੇ ਫੇਰ ਪ੍ਰਸਾਦ ਖਾਣੇ ।
ਸ਼ਾਹ ਮੁਹੰਮਦਾ ਸੱਭ ਮਾਲੂਮ ਕੀਤੀ,
ਕਿੱਕੂੰ ਹੋਈ ਸੀ ਦੱਸ ਖਾਂ ਲੁੱਦਿਹਾਣੇ ॥੯੧॥
ਸਰਦਾਰ ਰਣਜੋਧ ਸਿੰਘ ਫ਼ੌਜ ਲੈ ਕੇ,
ਮੱਦਤ ਲਾਡੂਏ ਵਾਲੇ ਦੀ ਚੱਲਿਆ ਈ ।
ਉਹਦੇ ਸੱਭ ਕਬੀਲੇ ਸੀ ਕੈਦ ਹੋਏ,
ਕੋਈ ਲਾਟ[੩੨] ਫ਼ਰੰਗੀ ਨੇ ਘੱਲਿਆ ਈ ।
ਓਨ੍ਹਾਂ ਜਾਇ ਖੋਹੀਆਂ ਬੰਦਾਂ ਸਾਰੀਆਂ ਨੀ,
ਉਸਦਾ ਜ਼ੋਰ ਨਾ ਕਿਸੇ ਨੇ ਝੱਲਿਆ ਈ[੩੩] ।
ਸ਼ਾਹ ਮੁਹੰਮਦਾ ਛਾਵਣੀ ਫੂਕ ਦਿਤੀ,
ਵਿਚੋਂ ਜੀਊ ਫਰੰਗੀ ਦਾ ਹੱਲਿਆ ਈ ॥੯੨॥
ਚਾਰ ਪੜਤਲਾਂ ਲੈ ਮੇਵਾ ਸਿੰਘ ਆਇਆ,
ਸਿੰਘ ਆਪਣੇ ਹੱਥ ਹਥਿਆਰ ਲੈਂਦੇ ।
ਇਹਨਾਂ ਬਹੁਤ ਫਰੰਗੀ ਦੀ ਫੌਜ ਮਾਰੀ,
ਲੁੱਟ ਭਾਰੀਆਂ ਬਾਝ ਸ਼ੁਮਾਰ ਲੈਂਦੇ ।
ਤੋਪਾਂ, ਊਠ, ਹਾਥੀ, ਸ਼ੁਤਰ, ਲੱਖ ਗੱਡਾ,
ਡੇਰੇ ਆਪਣੇ ਸਿੰਘ ਉਤਾਰ ਲੈਂਦੇ ।
ਸ਼ਾਹ ਮੁਹੰਮਦਾ ਸਿੰਘ ਜੇ ਜ਼ੋਰ ਕਰਦੇ,
ਭਾਵੇਂ ਲੁੱਦਿਹਾਣਾ ਤਦੋਂ ਮਾਰ ਲੈਂਦੇ ॥੯੩॥
ਮੋਜ਼ਮ ਦੀਨ[੩੪] ਸਰਦਾਰ ਨੇ ਲਿਖੀ ਅਰਜੀ,
ਤੁਸਾਂ ਰਸਦ ਲੈਣੀ ਨਾਲ ਸ਼ਾਨ ਦੇ ਜੀ ।
ਭੇਜ ਦਿਓ ਉਠਾਰ ਨੂੰ ਸਭ ਚੀਜ਼ਾਂ,
ਅਸੀਂ ਰੱਖਾਂਗੇ ਨਾਲ ਰਮਾਨਦੇ ਜੀ ।
ਤੈਨੂੰ ਅੱਜ ਹਜ਼ੂਰ ਥੀਂ ਫਤੇ ਆਈ ।
ਖਬਰਾਂ ਉਡੀਆਂ ਵਿਚ ਜਹਾਨ ਦੇ ਜੀ ।
ਸ਼ਾਹ ਮੁਹੰਮਦਾ ਵੈਰੀ ਨੂੰ ਜਾਣ ਹਾਜ਼ਰ,
ਸਦਾ ਰਖੀਏ ਵਿਚ ਧਿਆਨ ਦੇ ਜੀ ॥੯੪॥

---

੩੨. ਸਰ ਹੈਨਰੀ ਸਮਿਥ । ੩੩. "ਓਡਾ ਜ਼ੋਰ ਨਾ ਕਿਸੇ ਦਾ ਚਲਿਆ ਈ"-ਪਾਠ ਵੀ ਹੈ । ੩੪. ਪੰਡਿਤ ਰਾਮ ਸ਼ਰਨ ਸ਼ਰਨਾ ਦੀ ਪ੍ਰਤੀ ਵਿਚ 'ਮੁਹਕਮ ਦੀਨ' ਪਾਠ ਹੈ ।

ਸੱਠਾਂ ਕੋਹਾਂ ਦਾ ਪੰਧ ਸੀ ਲੁੱਦਿਹਾਣਾ,
ਰਾਤੋ ਰਾਤ ਕੀਤੀ ਟੁੰਡੇ ਦੌੜ ਮੀਆਂ।
ਓਹ ਵੀ ਲੁਟਿਆ ਲਾਟ ਨੇ ਆਇ ਡੇਰਾ,
ਤੋਪਾਂ ਸੱਭ ਖੋਹੀਆਂ ਕੀਤੀ ਰੌੜ ਮੀਆਂ।
ਝੱਲੀ ਅਬੂਤਵੇਲੇ ਦੀਆਂ ਪੜਤਲਾਂ ਨੇ,
ਅੱਧੀ ਘੜੀ ਲੜਾਈ ਦੀ ਸੌੜ ਮੀਆਂ।
ਸ਼ਾਹ ਮੁਹੰਮਦਾ ਸਿੰਘ ਲੁਟਾਇ ਡੇਰਾ,
ਕਰ ਆਇ ਨੀ ਤ੍ਰੁੱਟੀਆਂ ਚੌੜ ਮੀਆਂ ॥੯੫॥
ਪਹਿਲੇ ਹੱਲਿਓ ਸਿੰਘ ਜੋ ਨਿਕਲ ਨੱਠੇ,
ਪਏ ਔਝੜੇ ਔਝੜੇ ਜਾਂਵਦੇ ਨੀ।
ਲੀੜੇ ਗਏ ਸਾਰੇ ਰਹੀ ਇਕ ਕੁੜਤੀ,
ਬਾਹਾਂ ਹਿੱਕ ਦੇ ਨਾਲਿ ਲਗਾਂਵਦੇ ਨੀ।
ਅਗੋਂ ਲੋਕ ਲੜਾਈ ਦੀ ਗਲ ਪੁੱਛਣ,
ਜੀਭ ਹੋਠਾਂ ਦੀ ਖੋਲ੍ਹ ਦਿਖਾਂਵਦੇ ਨੀ।
ਸ਼ਾਹ ਮੁਹੰਮਦਾ ਆਣ ਕੇ ਘਰਦਿਆਂ ਤੋਂ,
ਨਵੇਂ ਕਪੜੇ ਹੋਰ ਸਿਲਾਂਵਦੇ ਨੀ[੩੫] ॥੯੬॥
ਕਹਿੰਦੇ ਜੀਂਵਦਿਆਂ ਫਿਰ ਨਹੀਂ ਕਦੀ ਜਾਣਾ[੩੬]
ਮੂੰਹ ਲੱਗਣਾ ਓਸ ਚੰਡਾਲ ਦੇ ਜੀ।
ਕਿਤੇ ਜਾਇ ਕੇ ਚਾਰ ਦਿਨ ਕੱਟ ਆਈਏ,
ਢੂੰਡਣ ਆਵਣੀਗੇ ਸਾਡੇ ਨਾਲ ਦੇ ਜੀ।
ਤੁਸਾਂ ਆਖਣਾ ਮਰ ਗਿਆ ਲੁੱਦਿਹਾਣੇ,

---

੩੫. ਸਰਦਾਰ ਬਲਦੇਵ ਸਿੰਘ ਦੀ ਪ੍ਰਤੀ ਵਿਚ ਪਾਠ ਹੈ:-
"ਪਹਿਲੇ ਜੀਵਨ ਸਿੰਘ ਨਾਮੀ ਉੱਠ ਤੁਰਿਆ,
ਪਿਆ ਔਝੜੇ ਔਝੜੇ ਜਾਂਵਦਾ ਈ।
ਡਰਦਾ ਸਭ ਅਸਬਾਬ ਹੁਨ ਸੁਟ ਆਇਆ,
ਡਰਦਾ ਗੋਰਿਆ ਦਾ ਗ਼ਮ ਖਾਂਵਦਾ ਈ।
ਰਹੀ ਪਾਸ ਮੇਰੇ ਸਭ ਇੱਕ ਕੁੜਤੀ,
ਫਰਦਾ ਬਾਂਹ ਸੀਨੇ ਨਾਲ ਲਾਂਵਦਾ ਈ।
ਸ਼ਾਹ ਮੁਹੰਮਦਾ ਆਨਕੇ ਘਰਦਿਆਂ ਥੋਂ,
ਨਵੇਂ ਕਪੜੇ ਹੋਰ ਸਵਾਂਵਦਾ ਈ।

੩੬. ਹੱਥ ਲਿਖਿਤ ਪ੍ਰਤੀ ਵਿਚ ਪਾਠ ਹੈ:-
"ਅਸਾਂ ਡਰਦਿਆਂ ਫੇਰ ਨਾ ਮੂਲ ਜਾਣਾ"

ਅਸੀਂ ਫਿਰਨੇ ਹਾਂ ਢੂੰਡਦੇ ਭਾਲਦੇ ਜੀ ।
ਸ਼ਾਹ ਮੁਹੰਮਦਾ ਰਹੇ ਹਥਿਆਰ ਓਥੇ,
ਲੀੜੇ ਨਹੀਂ ਆਏ ਸਾਡੇ ਨਾਲਦੇ ਜੀ ॥੮੭॥
ਪਿਛੇ ਬੈਠ ਸਰਦਾਰ ਗੁਰਮਤਾ ਕਰਦੇ,
ਕੋਈ ਅਕਲ ਦਾ ਕਰੋ ਇਲਾਜ ਯਾਰੋ ।
ਫੇੜੀ ਬੁਰਛਿਆਂ ਦੀ ਸਾਡੇ ਪੇਸ਼ ਆਈ,
ਪੱਗਾਂ ਦਾੜ੍ਹੀਆਂ ਦੀ ਰਖੋ ਲਾਜ ਯਾਰੋ ।
ਮੁੱਠ ਮੀਟੀ ਸੀ ਦੇਸ ਪੰਜਾਬ ਦੀ ਜੀ,
ਇਹਨਾਂ ਖੋਲ੍ਹ ਦਿਤਾ ਸਾਡਾ ਪਾਜ ਯਾਰੋ ।
ਸ਼ਾਹ ਮੁਹੰਮਦਾ ਮਾਰ ਕੇ ਮਰੋ ਏਥੇ,
ਕਦੀ ਰਾਜ ਨਾ ਹੋਇ ਮੁਹਤਾਜ ਯਾਰੋ ॥੮੮॥
ਦੂਜੀ ਵਾਰ ਲਲਕਾਰ ਕੇ ਪਏ ਗੋਰੇ,
ਵੇਲੇ ਗਜ਼ਰ ਦੇ ਹੋਇਆ ਤੰਬੂਰ ਮੀਆਂ ।
ਕਸ ਲਈਆਂ ਨੇ ਸਿੰਘਾਂ ਨੇ ਤੁਰਤ ਕਮਰਾਂ,
ਕਾਇਮ ਜੰਗ ਨੂੰ ਹੋਏ ਜ਼ਰੂਰ ਮੀਆਂ ।
ਪਹਿਲਾਂ ਬਾਂਵਿਓਂ ਆਣ ਕੇ ਟੋਰ ਦਿੱਤਾ,
ਪਿਆ ਦਲਾਂ ਦੇ ਵਿਚ ਫ਼ਤੂਰ ਮੀਆਂ ।
ਸ਼ਾਹ ਮੁਹੰਮਦਾ ਦੌੜ ਕੇ ਜਾਣ ਕਿੱਥੇ,
ਏਥੋਂ ਸ਼ਹਿਰ ਲਾਹੌਰ ਹੈ ਦੂਰ ਮੀਆਂ ॥੮੯॥
ਆਈਆਂ ਪੜਤਲਾਂ[੩੭] ਬੀੜ ਕੇ ਤੋਪ ਖਾਨੇ,
ਅਗੋਂ ਸਿੰਘਾਂ ਨੇ ਪਾਸਣੇ ਮੋੜ ਦਿਤੇ ।
ਮੇਵਾ ਸਿੰਘ ਤੇ ਮਾਖੇ ਖਾਂ ਹੋਏ ਸਿੱਧੇ[੩੮],
ਹੱਲੇ ਤਿੰਨ ਫਰੰਗੀ ਦੇ ਤੋੜ ਦਿਤੇ ।
ਸ਼ਜਾਮ ਸਿੰਘ ਸਰਦਾਰ ਅਟਾਰੀ ਵਾਲੇ,
ਬੰਨ੍ਹਿ ਸ਼ਸਤ੍ਰੀਂ ਜੋੜ ਵਿਛੋੜ ਦਿਤੇ ।
ਸ਼ਾਹ ਮੁਹੰਮਦਾ ਸਿੰਘਾਂ ਨੇ ਗੋਰਿਆਂ ਦੇ,
ਵਾਂਗੂੰ ਨਿੰਬੂਆਂ ਲਹੂ ਨਚੋੜ ਦਿਤੇ ॥੯੦॥
ਪਏ ਬਾਂਵਿਓਂ ਹੋਇ ਕੇ ਫੇਰ ਧਾਏ,
ਫਰਾਂਸੀਸ ਤੇ ਜਿੱਥੇ ਸੀ ਚਾਰ ਯਾਰੀ ।

---

੩੭. 'ਪਲਟਨਾਂ' ਪਾਠ ਵੀ ਹੈ ।

੩੮. ਸ: ਬਲਦੇਵ ਸਿੰਘ ਦੀ ਪ੍ਰਤੀ ਵਿਚ ਪਾਠ ਹੈ:-
ਤੇਗਾਂ ਪਕੜਕੇ ਸੂਰਮੇ ਹੋਏ ਸਿਧੇ,.....

ਕੁੰਡਲ ਘੱਤਿਆ ਵਾਂਗੂ ਕਮਾਣ ਗੋਸ਼ੇ,
ਬਣੀ ਆਨ ਸਰਦਾਰਾਂ ਨੂੰ ਬਹੁਤ ਭਾਰੀ ।
ਤੇਜਾ ਸਿੰਘ ਸਰਦਾਰ ਪੁਲ ਵੱਢ ਦਿਤਾ,
ਘਰੀਂ ਨੱਸ ਨਾ ਜਾਇਗੀ ਫੌਜ ਸਾਰੀ ।
ਸ਼ਾਹ ਮੁਹੰਮਦਾ ਮਰਨ ਸ਼ਹੀਦ ਹੋ ਕੇ,
ਅਤੇ ਜਾਨ ਨਾ ਕਰਨਗੇ ਮੂਲ ਪਿਆਰੀ ॥੯੧॥

ਜੰਗ ਹਿੰਦ-ਪੰਜਾਬ ਦਾ ਹੋਣ ਲਗਾ,
ਦੋਵੇਂ ਬਾਦਸ਼ਾਹੀ ਫੌਜਾਂ ਭਾਰੀਆਂ ਨੀ ।
ਅੱਜ ਹੋਵੇ ਸਰਕਾਰ ਤਾਂ ਮੁਲ ਪਾਵੇ,
ਜੇੜ੍ਹੀਆਂ ਖ਼ਾਲਸੇ ਨੇ ਤੇਗਾਂ ਮਾਰੀਆਂ ਨੀ ।
ਸਣੇ ਆਦਮੀ ਗੋਲੀਆਂ ਨਾਲ ਉੱਡਣ,
ਹਾਥੀ ਢਾਹੁੰਦੇ ਸਣੇ ਅੰਬਾਰੀਆਂ ਨੀ ।
ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ,
ਫੌਜਾਂ ਜਿੱਤ ਕੇ[੩੯] ਅੰਤ ਨੂੰ ਹਾਰੀਆਂ ਨੀ ॥੯੨॥

ਕੇਈ ਸੂਰਮੇ ਮਾਰ ਕੇ ਮੋਏ ਓਥੇ,
ਜਿਨ੍ਹਾਂ ਹਥ ਕੀਤੇ ਤੇਗਾਂ ਨੰਗੀਆਂ ਦੇ ।
ਰਹਿੰਦੇ ਘੇਰ ਕੇ ਵਿਚ ਦਰਿਆਉ ਡੋਬੇ,
ਛੱਰੇ ਭਰ ਮਾਰੇ ਤੋਪਾਂ ਚੰਗੀਆਂ ਦੇ ।
ਕਹਿੰਦੇ ਨੌਕਰੀ ਕਾਸ ਨੂੰ ਅਸਾਂ ਕੀਤੀ,
ਆਖੇ ਲੱਗ ਕੇ ਸਾਥੀਆਂ ਸੰਗੀਆਂ ਦੇ ।
ਸ਼ਾਹ ਮੁਹੰਮਦਾ ਰੱਬ ਨਾ ਫੇਰ ਲਿਆਵੇ,
ਜੁੱਧ ਵਿਚ ਜੋ ਨਾਲਿ ਫਰੰਗੀਆਂ ਦੇ[੪੦] ॥੯੩॥

ਕੇਈ ਮਾਵਾਂ ਦੇ ਪੁਤ੍ਰ ਨੀ ਮੋਏ ਓਥੇ,
ਸੀਨੇ ਲੱਗੀਆਂ ਤੇਗ ਕਟਾਰੀਆਂ ਨੀ ।
ਜਿਨ੍ਹਾਂ ਭੈਣਾਂ ਨੂੰ ਵੀਰ ਨਾ ਮਿਲੇ ਮੁੜ ਕੇ,
ਪਈਆਂ ਰੋਂਦੀਆਂ ਫਿਰਨ ਵਿਚਾਰੀਆਂ ਨੀ ।
ਚੰਗੇ ਜਿਨ੍ਹਾਂ ਦੇ ਸਿਰਾਂ ਦੇ ਮੋਏ ਵਾਲੀ,
ਖੁਲ੍ਹੇ ਵਾਲ ਤੇ ਫਿਰਨ ਬੇਜ਼ਾਰੀਆਂ ਨੀ ।

---

੩੯. ਸੰਮਤ ੧੯੨੨ ਬਿ: ਦੀ ਪ੍ਰਤੀ ਵਿਚ 'ਝਿਮਕ ਕੇ' ਪਾਠ ਹੈ ਅਤੇ ਸਰਦਾਰ ਬਲਦੇਵ ਸਿੰਘ ਦੀ ਪ੍ਰਤੀ ਚਿ ਇਸ ਸਾਰੀ ਤੁਕ ਦਾ ਪਾਠ ਹੈ:- 'ਸ਼ਾਹ ਮੁਹੰਮਦਾ ਬਿਨਾ ਸਰਕਾਰ ਫੌਜਾਂ, ਓਥੇ ਜੁਝ ਕੇ ਅੰਤ ਨੂੰ ਹਾਰੀਆਂ ਨੀ ।'

੪੦. "ਸਾਨੂੰ ਜੀਉਂਦਿਆਂ ਦੇਸ਼ ਫਰੰਗੀਆਂ ਦੇ।" ਪਾਠ ਵੀ ਹੈ, ਪਰ ਇਹ ਪਾਠ ਸਹੀ ਨਹੀਂ ਹੈ।

ਸ਼ਾਹ ਮੁਹੰਮਦਾ ਬਹੁਤ ਸਰਦਾਰ ਮਾਰੇ,
ਪਈਆਂ ਰਾਜ ਦੇ ਵਿਚ ਖਵਾਰੀਆਂ ਨੀ ॥੯੪॥
ਲਿਖਿਆ ਤੁਰਤ ਪੈਗਾਮ ਰਾਣੀ ਜਿੰਦ ਕੌਰਾਂ,
ਕੋਈ ਤੁਸਾਂ ਨੇ ਦੇਰ ਨਾ ਲਾਵਣੀ ਜੀ।
ਰਹਿੰਦੀ ਫੌਜ ਦਾ ਕਰੋ ਇਲਾਜ ਕੋਈ,
ਕਾਬੂ ਤੁਸਾਂ ਬਗੈਰ ਨਹੀਂ ਆਵਣੀ ਜੀ।
ਮੇਰੀ ਜਾਨ ਦੇ ਰੱਬ ਯਾ ਤੁਸੀਂ ਰਾਖੇ,
ਪਾਓ ਵਿਚ ਲਾਹੌਰ ਦੇ ਛਾਵਣੀ ਜੀ।
ਸ਼ਾਹ ਮੁਹੰਮਦਾ ਅੱਜ ਮੈਂ ਲਿਆ ਬਦਲਾ,
ਅਗੇ ਹੋਰ ਕੀ ਰੱਬ ਨੂੰ ਭਾਵਣੀ ਜੀ ॥੯੫॥
ਪੁਲ ਬੱਧਾ ਫਰੰਗੀਆਂ ਖਬਰ ਸੁਣ ਕੇ,
ਲਾਂਘੇ ਪਾਏ ਨੀ ਵਿਚ ਪਲਕਾਰਿਆਂ ਦੇ।
ਆਏ ਸ਼ਹਿਰ ਲਹੌਰ ਨੂੰ ਖੁਸ਼ੀ ਕਰਦੇ,
ਵਜਦੇ ਵਾਜਿਆਂ ਨਾਲ ਨਗਾਰਿਆਂ ਦੇ।
ਸਾਂਭ ਲਏ ਸਰਕਾਰ ਦੇ ਸਿਲੇ ਖਾਨੇ,
ਵਾਲੀ ਬਣੇ ਨੀ ਰਾਜ ਦੁਆਰਿਆਂ ਦੇ।
ਸ਼ਾਹ ਮੁਹੰਮਦਾ ਫੇੜ ਸੀ ਵਿਰਲਿਆਂ ਦੀ,
ਸੋਈ ਪੇਸ਼ ਆਈ ਸਿੰਘਾਂ ਸਾਰਿਆਂ ਦੇ[੪੧] ॥੯੬॥
ਰਾਜਾ ਗਿਆ ਗੁਲਾਬ ਸਿੰਘ ਆਪ ਚੜ੍ਹਕੇ,
ਬਾਹੋਂ ਪਕੜ ਲਾਹੌਰ ਲੈ ਆਂਵਦਾ ਈ।
ਸਾਹਿਬ ਲੋਕ ਜੀ! ਅਸਾਂ ਪਰ ਦਯਾ ਕਰਨੀ।
ਉਹ ਤਾਂ ਆਪਣਾ ਕੰਮ ਬਣਾਂਵਦਾ ਈ।
ਦਿੱਤੇ ਕੱਢ ਮਲਵਈ ਦੁਆਬੀਏ ਜੀ,
ਵਿੱਚੋਂ ਸਿੰਘਾਂ ਦੀ ਫੌਜ ਖਿਸਕਾਂਵਦਾ ਈ।
ਸ਼ਾਹ ਮੁਹੰਮਦਾ ਸੱਭ[੪੨] ਪਹਾੜ ਲੈ ਕੇ,
ਪਿਛੋਂ ਜੰਮੂ ਨੂੰ ਕੂਚ ਕਰਾਂਵਦਾ ਈ ॥੯੭॥

---

੪੧. ਇਸ ਬੈਂਤ ਦੀਆਂ ਪਿਛਲੀਆਂ ਤਿੰਨ ਤੁਕਾਂ ਦਾ ਪਾਠ ਹੱਥ-ਲਿਖਤ ਦੇ ਅਨੁਸਾਰ ਹੈ, ਜੋ ਸਹੀ ਹੈ ਤੇ ਇਸ ਬੈਂਤ ਵਿਚ ਜੋ ਲਿਖਿਆ ਹੈ ਕਿ ਅੰਗਰੇਜ਼ੀ ਸਰਕਾਰ ਨੇ ਸਰਕਾਰ ਲਾਹੌਰ ਦੇ ਕਿਲੇ ਅਤੇ ਸਿਲੇ ਖਾਨੇ ਉਤੇ ਕਬਜ਼ਾ ਕਰ ਲਿਆ ਸੀ, ਇਹ ਬਿਲਕੁਲ ਸਹੀ ਹੈ ਤੇ ਇਸ ਦੀ ਤਸਦੀਕ ਉਸ ਸਮੇਂ ਦੇ ਅੰਗਰੇਜ਼ਾਂ ਦੀਆਂ ਲਿਖਤਾਂ ਤੋਂ ਹੁੰਦੀ ਹੈ। (ਦੇਖੋ, Beveridge's History of India, Vol. iii p. 498,) ਇਸ ਦੇ ਮੁਕਾਬਲੇ 'ਤੇ ਛਪੀਆਂ ਪ੍ਰਤੀਆਂ ਦਾ ਪਾਠ ਗਲਤ ਹੈ। ੪੨. 'ਤਰਫ' ਪਾਠ ਵੀ ਹੈ।

ਬਣੇ ਮਾਈ ਦੇ ਆਣ ਅੰਗ੍ਰੇਜ਼ ਰਾਖੇ,
ਪਾਈ ਛਾਵਣੀ ਵਿੱਚ ਲਾਹੌਰ ਦੇ ਜੀ।
ਰੋਹੀ ਮਾਲਵਾ ਪਾਰ ਦਾ ਮੁਲਕ ਸਾਰਾ,
ਠਾਣਾ ਘੱਤਿਆ ਵਿੱਚ ਫਿਲੌਰ ਦੇ ਜੀ।
ਲਿਆ ਸ਼ਹਿਰ ਹੁਸ਼ੀਆਰ ਫੀਰੋਜ਼ਪੁਰ ਦਾ,
ਜੇੜ੍ਹੇ ਟਕੇ ਆਵਣ ਨੰਦਾ ਚੌਰ ਦੇ ਜੀ।
ਸ਼ਾਹ ਮੁਹੰਮਦਾ ਕਾਂਗੜਾ ਮਾਰ ਬੈਠਾ,
ਉਹਦੇ ਕੰਮ ਗਏ ਸਭ ਸੌਰਦੇ ਜੀ ॥੯੮॥

ਰਹਿੰਦਾ ਮੁਲਕ ਫਰੰਗੀ ਦੇ ਪਿਆ ਪੇਟੇ,
ਕੀਤਾ ਹੁਕਮ ਫਰੰਗੀਆਂ ਸਾਰਿਆਂ ਨੇ।
ਮਾਈ ਫੌਜ ਨੂੰ ਚਾਇ ਜਵਾਬ ਦਿੱਤਾ,
ਦਿਤੀ ਨੌਕਰੀ ਛਡ ਵਿਚਾਰਿਆਂ ਨੇ।
ਪਿਛੋਂ ਸਾਂਭ ਲਿਆ ਮੁਲਕ ਕਾਰਦਾਰਾਂ,
ਬਖਤਾਵਰਾਂ ਤੇ ਨੇਕ ਸਤਾਰਿਆਂ ਨੇ।
ਸ਼ਾਹ ਮੁਹੰਮਦਾ ਏਸ ਰਾਣੀ ਜਿੰਦ ਕੌਰਾਂ,
ਤੋੜ ਸੁਟਿਆ ਮੁਲਕ ਇਜਾਰਿਆਂ ਨੇ ॥੯੯॥

ਕੀਤਾ ਅਕਲ ਦਾ ਪੇਚ ਰਾਣੀ ਜਿੰਦ ਕੌਰਾਂ,
ਮੱਥਾ ਦੁਹਾਂ ਬਾਦਸ਼ਾਹੀਆਂ ਦਾ ਜੋੜਿਆ ਈ।
ਗੁੱਝੀ ਰਮਜ਼ ਕਰਕੇ ਰਹੀ ਆਪ ਸੱਚੀ,
ਬਦਲਾ ਤੁਰਤ ਭਿਰਾਓ ਦਾ ਮੋੜਿਆ ਈ।
ਲਏ ਤੁਰਤ ਮੁਸਾਹਿਬ ਲਪੇਟ ਰਾਣੀ,
ਲਸ਼ਕਰ ਵਿੱਚ ਦਰਿਆਉ ਦੇ ਰੋੜ੍ਹਿਆ ਈ।
ਸ਼ਾਹ ਮੁਹੰਮਦਾ ਕਰੇ ਜਹਾਨ ਗੱਲਾਂ,
ਉਨ੍ਹਾਂ ਕੁਫਰ ਮੁਦੱਈ ਦਾ ਤੋੜਿਆ ਈ ॥੧੦੦॥

ਪਿਛੋਂ ਬੈਠ ਕੇ ਸਿੰਘਾਂ ਨੂੰ ਅਕਲ ਆਈ,
ਕੇਹੀ ਚੜ੍ਹੀ ਹੈ ਕਹਿਰ ਦੀ ਸਾਣ ਮਾਈ।
ਕਿਨ੍ਹਾਂ ਖੱਡਾਂ[੪੩] ਦੇ ਵਿਚ ਫਸਾਇਕੇ ਜੀ,
ਸਾਡੇ ਲਾਹ ਸੁੱਟੇ ਤੂੰ ਤਾਂ ਘਾਣ ਮਾਈ।
ਹੱਥ ਧੋਇ ਕੇ ਪਈ ਹੈਂ ਮਗਰ ਸਾਡੇ,
ਅਜੇ ਘਰੀਂ ਨਾ ਦੇਨੀ ਹੈਂ ਜਾਣ ਮਾਈ।
ਸ਼ਾਹ ਮੁਹੰਮਦਾ ਖੋਹ ਹਥਿਆਰ ਕੈਂਠੇ,

੪੩. ਪੁਰਾਤਨ ਛਪੀ ਹੋਈ ਪ੍ਰਤੀ ਵਿਚ ਪਾਠ ਹੈ-'ਖੁੰਦਰਾਂ'। ਪੰਡਿਤ ਰਾਮ ਸ਼ਰਨ ਸ਼ਰਮਾ ਦੀ ਪੁਸਤਕ ਵਿਚ 'ਹੋਸ਼ ਭੁਲਾਇ ਦਿੱਤਾ' ਪਾਠ ਹੈ।

ਨਾਲ ਕੁੜਤੀਆਂ ਲਏ ਪਛਾਣ ਮਾਈ ॥੧੦੧॥
ਹੋਂਦੇ ਆਏ ਨੀ ਰੰਨਾਂ ਦੇ ਧੁਰੋਂ ਕਾਰੇ,
ਰਾਵਣ ਲੰਕਾਂ ਦੇ ਵਿੱਚ ਕੁਹਾਇ ਦਿੱਤਾ।
ਕੈਰੋਂ ਪਾਂਡਵਾਂ ਨਾਲ ਕੀ ਭਲਾ ਕੀਤਾ,
ਠਾਰਾਂ ਖੂਹਣੀਆਂ ਕਟਕ ਮੁਕਾਇ ਦਿੱਤਾ।
ਰਾਜੇ ਭੋਜ ਦੇ ਮੂੰਹ ਲਗਾਮ ਦਿੱਤੀ,
ਮਾਰਿ ਅੱਡੀਆਂ ਅਕਲੁ ਗਵਾਇ ਦਿੱਤਾ।
ਸ਼ਾਹ ਮੁਹੰਮਦਾ ਏਸ ਰਾਣੀ ਜਿੰਦ ਕੌਰਾਂ,
ਸਾਰੇ ਦੇਸ਼ ਦਾ ਫਰਸ਼ ਉਠਾਇ ਦਿੱਤਾ ॥੧੦੨॥
ਰੱਬ ਚਾਹੇ ਤਾਂ ਕਰੇਗਾ ਮਿਹਰਬਾਨੀ,
ਹੋਇਆ ਸਿੰਘਾਂ ਦਾ ਕੰਮ ਅਰਾਸਤਾ ਈ।
ਵੱਡੀ ਸਾਂਝ ਹੈ ਹਿੰਦੂਆਂ ਮੁਸਲਮਾਨਾਂ,
ਉਹਦੇ ਨਾਲ ਕੀ ਕਿਸੇ ਦਾ ਵਾਸਤਾ ਈ।
ਉਹਦੇ ਨਾਲ ਨਾ ਬੈਠ ਕੇ ਗੱਲ ਕਰਨੀ।
ਖੁਦੀ ਆਪਣੀ ਵਿੱਚ ਮਹਾਸਤਾ ਈ,
ਸ਼ਾਹ ਮੁਹੰਮਦਾ ਦੌਲਤਾਂ ਜਮਾ ਕਰਦਾ,
ਸ਼ਾਹੂਕਾਰ ਦਾ ਜਿਵੇਂ ਗੁਮਾਸ਼ਤਾ ਈ ॥੧੦੩॥
ਜੇੜ੍ਹੀ ਹੋਈ ਸੋ ਲਈ ਹੈ ਵੇਖ ਅੱਖੀਂ,
ਅੱਗੇ ਹੋਰ ਕੀ ਬਣਤ ਬਣਾਵਣੀ ਜੀ।
ਇਕ ਘੜੀ ਦੀ ਕੁੱਝ ਉਮੈਦ ਨਾਹੀਂ,
ਕਿਸੇ ਲਈ ਹਾੜ੍ਹੀ ਕਿਸੇ ਸਾਵਣੀ ਜੀ।
ਨਿੱਕੇ ਪੋਚ ਤਾਂ ਬੈਠ ਕੇ ਕਰਨ ਗੱਲਾਂ,
ਅਸੀਂ ਡਿਠੀਂ ਫ਼ਰੰਗੀ ਦੀ ਆਵਣੀ ਜੀ।
ਸ਼ਾਹ ਮੁਹੰਮਦਾ ਨਹੀਂ ਮਾਲੂਮ ਸਾਨੂੰ,
ਅੱਗੇ ਹੋਰ ਕੀ ਖੇਡ ਕਰਾਵਣੀ ਜੀ ॥੧੦੪॥
ਸੰਮਤ ਉੱਨੀ ਸੈ ਦੂਸਰਾ ਵਰਤਿਆ ਸੀ,
ਜਦੋਂ ਹੋਇਆ ਫਰੰਗੀ ਦਾ ਜੰਗ ਮੀਆਂ।
ਹੈ ਸੀ ਖੂਨ ਦੀ ਓਹ ਜ਼ਮੀਨ ਪਿਆਸੀ,
ਹੋਇਆ ਸੁਰਖ ਸੁਹਾਬ ਦੇ ਰੰਗ ਮੀਆਂ।
ਧਰਤੀ ਵੱਢ ਕੇ ਧੂੜ ਦੇ ਬਣੇ ਬੱਦਲ,
ਜੈਸੇ ਚੜ੍ਹੇ ਅਕਾਸ ਪਤੰਗ ਮੀਆਂ।
ਸ਼ਾਹ ਮੁਹੰਮਦਾ ਸਿਰਾਂ ਦੀ ਲਾਇ ਬਾਜ਼ੀ,
ਨਹੀਂ ਮੋਵਦੇ ਸੂਰਮੇ ਅੰਗ ਮੀਆਂ ॥੧੦੫॥
॥ ਇਤੀ ॥

# ੧੪. ਮੁਲਤਾਨ ਦੀ ਵਾਰ

ਇਸ ਵਾਰ ਦਾ ਕਰਤਾ ਸੋਭਾ ਨਾਮੀ ਕਵੀ ਸੀ ਜੋ ਫ਼ਾਜ਼ਿਲ ਬਲੋਚ ਦਾ ਪੁਤ੍ਰ ਅਤੇ ਪਿੰਡ ਵਹੀ ਤਾਜੇ ਵਾਲਾ, ਤਹਿਸੀਲ ਸ਼ੁਜਾਅਬਾਦ (ਮੁਲਤਾਨ) ਦਾ ਵਸਨੀਕ ਸੀ। ਸੰਨ ੧੮੧੦ ਈ: ਵਿਚ ਉਸ ਦਾ ਜਨਮ, ਸੰਨ ੧੮੭੦ ਈ: ਉਸ ਦਾ ਦਿਹਾਂਤ ਹੋਇਆ[1]। ਇਸ ਤੋਂ ਵੱਧ ਉਸ ਦੇ ਸੰਬੰਧ ਵਿਚ ਹੋਰ ਕੋਈ ਵਾਕਫ਼ੀਅਤ ਨਹੀਂ ਮਿਲਦੀ।

ਮੁਲਤਾਨ ਦੀ ਲੜਾਈ, ਜਿਸ ਦਾ ਖਾਕਾ ਇਸ ਵਾਰ ਵਿਚ ਸੰਖੇਪ ਨਾਲ, ਪਰ ਅਸਰ ਭਰਪੂਰ ਸ਼ਬਦਾਂ ਵਿਚ ਖਿੱਚਿਆ ਹੋਇਆ ਹੈ, ਈਸਟ ਇੰਡੀਆ ਕੰਪਨੀ ਦੇ ਮਨਚਲੇ ਕਰਮਚਾਰੀਆਂ ਦੀ ਅਗਾਂਹ ਵਧੂ ਕੁਟਿਲਨੀਤੀ ਦਾ ਨਤੀਜਾ ਸੀ। ਸਤਲੁਜ ਦੀ ਲੜਾਈ ਤੋਂ ਬਾਅਦ ਸੰਨ ੧੮੪੬ ਵਿਚ ਜਦ ਅੰਗਰੇਜ਼ ਪੰਜਾਂ ਦਰਿਆਵਾਂ ਦੀ ਧਰਤੀ ਵਿਚ ਦਾਖ਼ਲ ਹੋਏ ਤਾਂ ਸਿੱਖ-ਰਾਜ ਦੀ ਤਾਕਤ ਤੋੜਨ ਲਈ ਨਵੇਂ ਅਹਿਦਨਾਮੇ ਦੇ ਮੁਤਾਬਿਕ ਜੋ ੯ ਮਾਰਚ, ਸੰਨ ੧੮੪੬ ਈ: ਨੂੰ ਹੋਇਆ ਸੀ, ਪੰਜਾਬ ਦੇ ਤਿੰਨ ਟੋਟੇ ਕੀਤੇ ਗਏ। ਸਤਲੁਜ ਤੇ ਬਿਆਸ ਵਿਚਕਾਰ ਜਲੰਧਰ ਦੁਆਬ ਦਾ ਇਲਾਕਾ ਬਤੌਰ ਜੰਗੀ ਤਾਵਾਨ ਦੇ ਜ਼ਬਤ ਕੀਤਾ ਗਿਆ। ਜੰਮੂ ਵੀ ਕਸ਼ਮੀਰ ਦਾ ਵਸੀਹ ਇਲਾਕਾ ਰਾਜਾ ਗੁਲਾਬ ਸਿੰਘ ਡੋਗਰੇ ਨੂੰ ਇਸ ਕਰਕੇ ਦਿੱਤਾ ਗਿਆ ਕਿ ਉਸ ਨੇ ਸਿੱਖ-ਰਾਜ ਦੀਆਂ ਜੜ੍ਹਾਂ ਪੁੱਟਣ ਲਈ ਅੰਗਰੇਜ਼ਾਂ ਦਾ ਸਾਥ ਦਿੱਤਾ ਸੀ, ਅਤੇ ਇਸ ਬਾਂਦਰ-ਵੰਡ ਤੋਂ ਪਿੱਛੋਂ ਪੰਜਾਬ ਦਾ ਜੋ ਇਲਾਕਾ ਬੱਚ ਰਿਹਾ, ਉਹ ਮਹਾਰਾਜਾ ਦਲੀਪ ਸਿੰਘ ਦੇ ਹਵਾਲੇ ਕੀਤਾ ਗਿਆ। ਇਸ ਤਰ੍ਹਾਂ ਪੰਜਾਬ ਦੀ ਬਾਦਸ਼ਾਹੀ ਪਰਤੰਤ੍ਰ ਤੇ ਅੱਧ ਕੁ ਦੀ ਰਹਿ ਕੇ ਰਿਆਸਤ ਲਾਹੌਰ ਦੀ ਸ਼ਕਲ ਵਿਚ ਤਬਦੀਲ ਹੋ ਗਈ।

ਇਸ ਅਹਿਦਨਾਮੇ ਤੋਂ ਬਾਅਦ ਪੰਜਾਬ ਦਾ ਰਾਜ-ਪ੍ਰਬੰਧ, ਮਹਾਰਾਜਾ ਦਲੀਪ ਸਿੰਘ ਦੇ ਨਾਬਾਲਗ ਹੋਣ ਕਰਕੇ, ਮਹਾਰਾਣੀ ਜਿੰਦ ਕੌਰ ਦੇ ਹੱਥਾਂ ਵਿਚ ਚਲਿਆ ਗਿਆ ਤੇ ਵਜ਼ੀਰ ਰਾਜਾ ਗੁਲਾਬ ਸਿੰਘ ਨਿਯਤ ਹੋਇਆ। ਇਸ ਪੁਰ ਅੰਗਰੇਜ਼ ਅਤੇ ਰਾਜਾ ਗੁਲਾਬ ਸਿੰਘ ਡੋਗਰਾ ਪਹਿਲਾਂ ਤਾਂ ਕੁਝ ਚਿਰ ਚੁੱਪ ਰਹੇ ਪਰ ਥੋਹੜਾ ਹੀ ਚਿਰ ਪਿੱਛੋਂ ਰਾਜਾ ਲਾਲ ਸਿੰਘ ਉਤੇ ਇਹ ਦੋਸ਼ ਲਾ ਕੇ ਕਿ ਉਸ ਨੇ ਕਸ਼ਮੀਰ ਦਾ ਕਬਜ਼ਾ ਦੇਣ ਵਿਚ ਰਾਜਾ ਗੁਲਾਬ ਸਿੰਘ ਦੀ ਵਿਰੋਧਤਾ ਕੀਤੀ ਹੈ, ਦੇਸ਼ ਨਿਕਾਲਾ ਦਿਤਾ

---

੧. ਮੁਲਤਾਨ ਡਿਸਟ੍ਰਿਕਟ ਗਜ਼ਟੀਅਰ।

ਗਿਆ ਤੇ ਸਰ ਹੈਨਰੀ ਲਾਰੰਸ ਨੇ ਭੈਰੋਵਾਲ ਦੇ ਨਵੇਂ ਅਹਿਦਨਾਮੇ ਦੇ ਮੁਤਾਬਕ ਜੋ ੧੬ ਦਸੰਬਰ ਸੰਨ ੧੮੪੬ ਨੂੰ ਕੀਤਾ ਗਿਆ ਸੀ, ਸਿੱਖ ਰਾਜ ਦੀ ਸਾਰੀ ਤਾਕਤ ਆਪਣੇ ਹੱਥਾਂ ਵਿਚ ਕਰਕੇ ਅਗਲੇ ਸਾਲ ਮਹਾਰਣੀ ਜਿੰਦ ਕੌਰ ਨੂੰ ਇਹ ਕਹਿਕੇ ਸ਼ੇਖ਼ੂਪੁਰੇ ਕੈਦ ਕੀਤਾ ਗਿਆ ਕਿ ਉਸ ਨੇ ਰੈਜ਼ੀਡੈਂਟ ਦੀ ਹੁਕਮ ਅਦੂਲੀ ਕਰਵਾਈ ਹੈ। ਇਹ ਹੁਕਮ ਅਦੂਲੀ ਸੰਨ ੧੮੪੭ ਦੇ ਅਗਸਤ ਮਹੀਨੇ ਵਿਚ ਉਸ ਦਰਬਾਰ ਦੇ ਮੌਕੇ ਤੇ ਹੋਈ, ਜੋ ਰੈਜ਼ੀਡੈਂਟ ਦੇ ਹੁਕਮ ਨਾਲ ਸਰਕਾਰ ਅੰਗਰੇਜ਼ੀ ਦੇ ਖੈਰ ਖ਼੍ਵਾਹ ਮਿਸਰ ਤੇਜ ਸਿੰਘ ਆਦਿ ਨੂੰ ਰਾਜਗੀ ਦੇ ਖਿਤਾਬ ਦੇਣ ਲਈ ਹੋਇਆ ਸੀ ਤੇ ਉਸ ਦਰਬਾਰ ਵਿਚ ਮਹਾਰਾਜਾ ਦਲੀਪ ਸਿੰਘ ਨੇ ਨਿਮਕ-ਹਰਾਮ ਸਮਝਕੇ ਮਿਸਰ ਤੇਜਾ ਸਿੰਘ ਦੇ ਮੱਥੇ 'ਤੇ ਤਿਲਕ ਨਹੀਂ ਸੀ ਲਗਾਇਆ।

ਸਤਲੁਜ ਦੀ ਲੜਾਈ ਤੋਂ ਬਾਅਦ ਸਿੱਖ ਰਾਜ ਦੇ ਤਿੰਨ ਟੁਕੜੇ ਹੋ ਜਾਣੇ ਤੇ ਭੈਰੋਵਾਲ ਦੇ ਅਹਿਦਨਾਮੇ ਵਿਚ ਸਿੱਖਾਂ ਹੱਥੋਂ ਰਾਜ ਪ੍ਰਬੰਧ ਦੇ ਅਧਿਕਾਰ ਖੁੱਸ ਕੇ ਅੰਗਰੇਜ਼ਾਂ ਦੇ ਹੱਥ ਚਲੇ ਜਾਣੇ ਕੋਈ ਮਾਮੂਲੀ ਘਟਨਾਵਾਂ ਨਹੀਂ ਸਨ, ਪਰ ਫੇਰ ਵੀ ਅੰਗਰੇਜ਼ ਸਿੱਖਾਂ ਤੋਂ ਭੈ ਖਾਂਦੇ ਸਨ ਤੇ ਗੁਲਾਬ ਸਿੰਘ ਡੋਗਰਾ ਆਪਣੇ ਆਪ ਨੂੰ ਮਹਿਫ਼ੂਜ਼ ਨਹੀਂ ਸੀ ਸਮਝਦਾ। ਸੰਨ ੧੮੪੭ ਵਿਚ ਪ੍ਰੇਮੇ ਦੀ ਸਾਜ਼ਸ਼ ਜੋ ਮਹਾਰਾਣੀ ਜਿੰਦ ਕੌਰ ਨੂੰ ਬਦਨਾਮ ਕਰਨ ਲਈ ਕੀਤੀ ਗਈ ਸੀ, ਰਾਜਾ ਗੁਲਾਬ ਸਿੰਘ ਡੋਗਰੇ ਦੀ ਚਲਾਕੀ ਦਾ ਨਤੀਜਾ ਸੀ ਅਤੇ ਗੁਲਾਬੇ ਦੀ ਸਾਜ਼ਸ਼, ਜਿਸ ਵਿਚ ਸਰਦਾਰ ਕਾਨ੍ਹ ਸਿੰਘ ਤੇ ਮਿਸਰ ਰੰਗਾ ਰਾਮ ਨੂੰ ਫਾਂਸੀ ਦੀ ਸਜ਼ਾ ਹੋਈ ਸੀ, ਲਾਹੌਰ ਦੇ ਅੰਗਰੇਜ਼ ਅਫਸਰਾਂ ਦੇ ਹੱਥ ਕੰਡਿਆਂ ਦਾ ਫ਼ਲ ਸੀ। ਪੰਜਾਬ ਦੇ ਰਾਜ ਪ੍ਰਬੰਧ ਨੂੰ ਹੱਥ ਹੇਠ ਕਰਕੇ ਸਰਕਾਰ ਅੰਗਰੇਜ਼ ਲਈ ਦੂਜਾ ਕੰਮ ਸੀ, ਏਥੋਂ ਦੀ ਰਿਆਇਆ ਨੂੰ ਆਪਣੇ ਹੱਥਾਂ ਵਿਚ ਕਰਨਾ। ਇਸ ਕੰਮ ਲਈ ਰੈਜ਼ੀਡੈਂਟ ਦੇ ਹੁਕਮ ਨਾਲ ਤਮਾਖੂ ਆਦਿ ਚੀਜ਼ਾਂ ਦੇ ਮਹਿਸੂਲ ਹਟਾਏ ਗਏ ਤੇ ਜ਼ਿਮੀਂਦਾਰਾਂ ਦਾ ਮਾਲੀਆ ਘਟਾ ਕੇ ਉਨ੍ਹਾਂ ਨੂੰ ਖੁਸ਼ ਕਰਨ ਲਈ ਢੰਗ ਰੱਚ ਲਿਆ। ਪੁਰਾਣੇ ਕਾਰਦਾਰ ਹਟਾਏ ਗਏ ਤੇ ਸੂਬਿਆਂ ਦੇ ਪਰਬੰਧ ਲਈ ਥਾਂ ਪਰ ਅੰਗਰੇਜ਼ ਅਫ਼ਸਰ ਨੀਯਤ ਕੀਤੇ ਗਏ। ਮੁਸਲਾਨਾਂ ਨੂੰ ਨਾਮ-ਧਰੀਕ ਆਜ਼ਾਦੀ ਦੇ ਕੇ ਸਿੱਖਾਂ ਤੋਂ ਵਿਰੁੱਧ ਭੜਕਾਇਆ ਗਿਆ ਜਿਸ ਦੇ ਨਤੀਜੇ ਦੇ ਤੌਰ ਤੇ ਅੰਮ੍ਰਿਤਸਰ, ਲਾਹੌਰ, ਝੰਗ ਅਤੇ ਪਿਸ਼ਾਵਰ ਵਿਚ ਫਿਰਕੇਦਾਰਾਨਾ ਫ਼ਸਾਦ ਹੋਏ।

ਨਵੇਂ ਰਾਜ ਪ੍ਰਬੰਧ ਦਾ ਵਿਹੁਲਾ ਅਸਰ ਬਹੁਤਾ ਮੁਲਤਾਨ ਦੇ ਸੂਬੇ ਉੱਤੇ ਪਿਆ, ਜਿਥੇ ਦੀਵਾਨ ਸਾਵਣ ਮਲ ਦਾ ਪੁੱਤਰ ਦੀਵਾਨ ਮੂਲ ਰਾਜ ਹਾਕਮ ਸੀ ਤੇ ਦਰਬਾਰ ਲਾਹੌਰ ਦੀ ਖ਼ਾਨਾਜੰਗੀ ਅਤੇ ਰਾਜਾ ਲਾਲ ਸਿੰਘ ਦੀ ਅਦੂਰ-ਦਰਸ਼ਤਾ ਦੇ ਕਾਰਣ ਕਈ ਸਾਲਾਂ ਤੋਂ ਦੀਵਾਨ ਵਲ ਮਾਲੀਏ ਦੀ ਬਾਕੀ ਟੁਰਦੀ ਆ ਰਹੀ ਸੀ। ਦੀਵਾਨ ਮੂਲ ਰਾਜ ਦੇ ਆਪਣੇ ਕਰਮਚਾਰੀ ਵੀ ਦਿਲ ਦੇ ਸਾਫ਼ ਨਹੀਂ ਸਨ ਤੇ ਉਹਨਾਂ ਨੇ ਨਜਾਇਜ਼ ਸ਼ਿਕਾਇਤਾਂ ਕਰ ਕੇ ਦਰਬਾਰ ਲਾਹੌਰ ਤੇ ਦੀਵਾਨ ਮੂਲ ਰਾਜ ਦੇ ਵਿਚਕਾਰ ਕਾਫ਼ੀ ਫ਼ਰਕ ਪਾ ਦਿੱਤਾ ਸੀ। ਰਾਜਾ ਲਾਲ ਸਿੰਘ ਦੇ ਦੇਸ਼ ਨਿਕਾਲੇ ਤੋਂ ਪਿੱਛੋਂ ਜਾਹਨ

ਲਾਰੰਸ ਨੇ ਦੀਵਾਨ ਮੂਲ ਰਾਜ ਨੂੰ ਪੁਜ਼ੀਸ਼ਨ ਸਾਫ਼ ਕਰਨ ਲਈ ਲਾਹੌਰ ਸੱਦਿਆ, ਜਿਸ ਤੋਂ ਤੰਗ ਆ ਕੇ ਉਸ ਨੇ ਅਸਤੀਫ਼ਾ ਲਿੱਖ ਦਿੱਤਾ ਤੇ ਨਾਲ ਹੀ ਅਰਜ਼ੀ ਦਿੱਤੀ ਕਿ ਉਸ ਨੂੰ ਗੁਜ਼ਾਰੇ ਲਈ ਮਾਕੂਲ ਜਾਗੀਰ ਦਿੱਤੀ ਜਾਵੇ। ਪਿੱਛਲੇ ਹਿਸਾਬ ਦੇ ਕਾਗਜ਼ਾਤ ਚੂੰਕਿ ਮੌਜੂਦ ਨਹੀਂ ਹਨ, ਇਸ ਲਈ ਉਸ ਤੋਂ ਹਿਸਾਬ ਨਾ ਲਿਆ ਜਾਵੇ ਤੇ ਉਸ ਦਾ ਅਸਤੀਫੇ ਦਾ ਕਾਗਜ਼ ਤਦੋਂ ਤੱਕ ਦਰਬਾਰ ਲਾਹੌਰ ਤੋਂ ਗੁਪਤ ਰੱਖਿਆ ਜਾਵੇ ਤਦ ਤੱਕ ਕਿ ਉਸ ਦੇ ਸਬੰਧ ਵਿਚ ਕੋਈ ਆਖ਼ਰੀ ਫ਼ੈਸਲਾ ਨਾ ਹੋ ਜਾਵੇ[2]।

ਇਹ ਸਮਝੌਤਾ ਹੋ ਹੀ ਰਿਹਾ ਸੀ ਕਿ ਅਚਾਨਕ ਜਾਹਨ ਲਾਰੰਸ ਲਾਹੌਰੋਂ ਬਦਲ ਗਿਆ ਤੇ ਉਸ ਦੀ ਥਾਵੇਂ ੬ ਮਾਰਚ ਸੰਨ ੧੮੪੭ ਈ: ਨੂੰ ਮਿਸਟਰ ਐਫ. ਕਰੀ ਰੈਜ਼ੀਡੈਂਟ ਬਣ ਕੇ ਆਇਆ। ਇਸ ਨਵੇਂ ਰੈਜ਼ੀਡੈਂਟ ਨੇ ਦੀਵਾਨ ਮੂਲ ਰਾਜ ਦੇ ਸਿਰਫ਼ ਅਸਤੀਫੇ ਨੂੰ ਦੇਖਿਆ ਤੇ ਹੋਰ ਗੱਲਾਂ ਦੀ ਰੱਤੀ ਭਰ ਵੀ ਪਰਵਾਹ ਨਾ ਕੀਤੀ ਤੇ ਉਹ ਅਸਤੀਫ਼ਾ ਦਰਬਾਰ ਲਾਹੌਰ ਤੋਂ ਮਨਜ਼ੂਰ ਕਰਵਾ ਕੇ ਮੁਲਤਾਨ ਦੇ ਇਲਾਕੇ ਉਤੇ ਕਬਜ਼ਾ ਕਰਨ ਦਾ ਹੁਕਮ ਦੇ ਦਿੱਤਾ। ਦੀਵਾਨ ਮੂਲਰਾਜ ਨੂੰ ਅਚਾਨਕ ਓਦੋਂ ਪਤਾ ਲਗਾ ਜਦ ਕਿ ਉਸ ਤੋਂ ਕਬਜ਼ਾ ਲੈਣ ਲਈ ਮਿਸਟਰ ਵੈਨਸ ਐਗਨਯੂ, ਲੈਫਟੀਨੈਂਟ ਐਂਡਰਸਣ ਅਤੇ ਸਰਦਾਰ ਕਾਨ੍ਹ ਸਿੰਘ ਮਾਨ ੨੭੦੦ ਸਿਪਾਹੀ ਤੇ ੬ ਤੋਪਾਂ ਸਮੇਤ ੧੬ ਅਪਰੈਲ, ਸੰਨ ੧੮੪੮ ਨੂੰ ਉਸ ਦੇ ਸਿਰ ਉੱਤੇ ਮੁਲਤਾਨ ਜਾ ਪੁਜੇ[3]। ਦੀਵਾਨ ਮੂਲਰਾਜ ਦੇ ਦਿਲ ਵਿਚ ਅੰਗਰੇਜ਼ਾਂ ਦੀ ਇਸ ਕਪਟ ਭਰੀ ਚਾਲ ਨੂੰ ਦੇਖ ਕੇ ਗੁੱਸਾ ਤਾਂ ਜ਼ਰੂਰ ਆਇਆ, ਪਰ ਉਸ ਨੇ ਇਸ ਮੌਕੇ 'ਤੇ ਬੜੇ ਠਰੰਮੇ ਤੋਂ ਕੰਮ ਲਿਆ ਤੇ ਰੈਜ਼ੀਡੈਂਟ ਦੇ ਹੁਕਮ ਦੇ ਅੱਗੇ ਸਿਰ ਝੁਕਾ ਦਿੱਤਾ।

੧੯ ਅਪਰੈਲ (੧੮੪੮) ਨੂੰ ਸਵੇਰੇ ਹੀ ਮਿਸਟਰ ਵੈਂਨਸ ਐਗਨਯੂ, ਲੈਫੀਨੈਂਟ ਐਂਡਰਸਨ ਅਤੇ ਸ: ਕਾਹਨ ਸਿੰਘ ਮਾਨ ਗੋਰਖਿਆਂ ਦੀਆਂ ਦੋ ਕੰਪਨੀਆਂ ਤੇ ੨੫ ਸਵਾਰਾਂ ਸਮੇਤ ਕਿਲ੍ਹੇ ਵਿਚ ਗਏ। ਦੀਵਾਨ ਨੇ ਨਾਲ ਜਾ ਕੇ ਕਿਲ੍ਹੇ ਦੀਆਂ ਚਾਬੀਆਂ ਉਹਨਾਂ ਦੇ ਹਵਾਲੇ ਕੀਤੀਆਂ ਤੇ ਕਬਜ਼ਾ ਦੇ ਕੇ ਕਿਲ੍ਹੇ ਤੋਂ ਬਾਹਰ ਈਦਗਾਹ ਵੱਲ, ਜਿਥੇ ਕਿ ਉਹ ਸਾਹਿਬ ਠਹਿਰੇ ਹੋਏ ਸਨ, ਆਉਣ ਹੀ ਲੱਗੇ ਸਨ ਕਿ ਐਗਨਯੂ ਸਾਹਿਬ ਉੱਤੇ ਅਮੀਰ ਚੰਦ ਨਾਮੀ ਇਕ ਸਿਪਾਹੀ ਨੇ ਹਮਲਾ ਕਰ ਦਿੱਤਾ। ਇਸੇ ਤਰ੍ਹਾਂ ਐਂਡਰਸਨ ਉਤੇ ਵੀ ਹਮਲਾ ਕੀਤਾ ਗਿਆ ਤੇ ਦੋਵੇਂ ਅੰਗਰੇਜ਼ ਚੰਗੀ ਤਰ੍ਹਾਂ ਜ਼ਖ਼ਮੀ ਹੋ ਕੇ ਈਦਗਾਹ ਪਹੁੰਚੇ।

ਝਗੜਾ ਕੇਵਲ ਦੀਵਾਨ ਮੂਲ ਰਾਜ ਤੇ ਦਰਬਾਰ ਲਾਹੌਰ ਦੇ ਦਰਮਿਆਨ ਸੀ, ਜਿਸ ਵਿਚ ਅੰਗਰੇਜ਼ਾਂ ਦਾ ਕੋਈ ਕੰਮ ਨਹੀਂ ਸੀ, ਪਰ ਇਸ ਹਮਲੇ ਦੇ ਕਾਰਣ ਦੀਵਾਨ ਮੂਲ ਰਾਜ ਦੀ ਸਾਜ਼ਿਸ਼ ਸਰਕਾਰ ਅੰਗਰੇਜ਼ੀ ਦੇ ਵਿਰੁੱਧ ਸਮਝੀ ਗਈ ਅਤੇ ਮੂਲਰਾਜ ਦੇ ਸਿਪਾਹੀਆਂ ਨੇ ਈਦਗਾਹ ਉੱਤੇ ਹਮਲਾ ਕਰਕੇ ੨੦ ਅਪਰੈਲ ਵਾਲੇ ਦਿਨ ਦੋਹਾਂ

---

੨. ਕਨਿੰਘਮ, ਸਿੱਖ-ਇਤਿਹਾਸ, ਪੰਜਾਬ ਰੀਕਾਰਡਜ਼, ਸੰਨ ੧੮੪੮ ਈ:।

੩. Maclagan, Multan Gazetteer 1901-02.

ਜ਼ਖ਼ਮੀ ਅੰਗਰੇਜ਼ਾਂ ਨੂੰ ਕਤਲ ਕਰ ਸੁੱਟਿਆ[8]। ਇਸ ਹਮਲੇ ਤੋਂ ਪਹਿਲਾਂ ਹੀ ਸਾਰੇ ਫੌਜੀ ਸਿਪਾਹੀ, ਜੋ ਦੋਹਾਂ ਅੰਗਰੇਜ਼ਾਂ ਦੇ ਨਾਲ ਗਏ ਸਨ, ਬਾਗ਼ੀ ਹੋ ਕੇ ਦੀਵਾਨ ਮੂਲ ਰਾਜ ਦੇ ਨਾਲ ਜਾ ਮਿਲੇ।

ਮਿਸਟਰ ਐਗਨਯੂ ਨੇ ਜ਼ਖ਼ਮੀ ਹੋਣ ਸਾਰ ਹੀ ਸਰ ਐਫ਼. ਕਰੀ, ਰੈਜ਼ੀਡੈਂਟ, ਲਾਹੌਰ ਮਿਸਟਰ ਹਰਬਰਟ ਐਡਵਰਡਜ਼, ਬੰਨੂ ਅਤੇ ਮੇਜਰ ਜਾਰਜ ਲਾਰੰਸ ਪਿਸ਼ਾਵਰ ਆਦਿ ਦੇ ਪਤੇ ਤੇ ਮੁਲਤਾਨ ਦੀ ਆਪ ਬੀਤੀ ਲਿਖ ਘੱਲੀ, ਇਸ ਲਈ ਖ਼ਬਰ ਪੁਜਣ ਸਾਰ ਉਹਨਾਂ ਵਲੋਂ ਜੰਗੀ ਤਿਆਰੀਆਂ ਹੋਣ ਲੱਗ ਪਈਆਂ ਤੇ ਸਭ ਤੋਂ ਪਹਿਲਾਂ ਮਿਸਟਰ ਹਰਬਰਟ ਐਡਵਰਜ਼ ਨੇ ਡੇਰਾ ਫਤਿਹ ਖਾਂ, ਬੰਨੂ ਆਦਿ ਦੇ ਸਰਹੱਦੀ ਪਠਾਣਾਂ ਦੀ ਫ਼ੌਜ ਜੋੜ ਕੇ ਡੇਰਾ ਗਾਜ਼ੀ ਖਾਂ ਉੱਤੇ, ਜੋ ਕਿ ਉਸ ਸਮੇਂ ਮੁਲਤਾਨ ਦੇ ਇਲਾਕੇ ਵਿਚ ਸੀ, ਹਮਲਾ ਕੀਤਾ, ਅਤੇ ਉਥੋਂ ਦੇ ਹਾਕਮ ਲੌਂਗਾ ਮਲ ਨੂੰ ਸ਼ਿਕਸਤ ਦੇ ਕੇ ਕਨੇਰੀ, ਸ਼ੁਜਾਅਬਾਦ, ਸੂਰਜ-ਕੁੰਡ ਦੇ ਇਲਾਕੇ ਫ਼ਤਿਹ ਕਰਦਾ ਹੋਇਆ ਮੁਲਤਾਨ ਉੱਤੇ ਜਾ ਧਮਕਿਆ।

ਏਧਰੋਂ ਲਾਹੌਰ ਤੋਂ ਰੈਂਜੀਡੈਂਟ ਕਰੀ ਨੇ ਸਿੱਖਾਂ ਦੀ ਫੌਜ ਸਰਦਾਰ ਸ਼ੇਰ ਸਿੰਘ ਅਟਾਰੀ, ਸਰਦਾਰ ਸ਼ਮਸ਼ੇਰ ਸਿੰਘ ਸੰਧਾਵਾਲੀਆ ਅਤੇ ਸਰਦਾਰ ਅਤਰ ਸਿੰਘ ਕਾਲਿਆਂ-ਵਾਲਾਂ ਦੇ ਮਾਤਹਿਤ ਮੰਦਦ ਵਾਸਤੇ ਭੇਜੀ ਤੇ ਹੋਰ ਅੰਗਰੇਜ਼ੀ ਫ਼ੌਜ ਵੀ ਦੂਰ ਨੇੜਿਓਂ ਕਾਫ਼ੀ ਗਿਣਤੀ ਵਿਚ ਮੰਗਵਾ ਕੇ ਮੁਲਤਾਨ ਵੱਲ ਰਵਾਨਾ ਕੀਤੀ ਗਈ। ਨਵਾਬ ਬਹਾਵਲ ਪੁਰ ਤੇ ਮੁਲਤਾਨ ਦੇ ਇਲਾਕੇ ਦੇ ਮੁਸਲਮਾਨ ਰਈਸਾਂ ਨੇ ਜਾਗੀਰਾਂ ਮਿਲਣ ਦੀ ਆਸ ਵਿਚ ਇਸ ਮੌਕੇ ਤੇ ਅੰਗਰੇਜ਼ਾਂ ਦੀ ਦਿਲ ਖੋਲ੍ਹ ਕੇ ਮਦਦ ਕੀਤੀ ਤੇ ਮੂਲ ਰਾਜ ਦੀਆਂ ਫੌਜਾਂ ਨੂੰ ਹਰ ਪਹਿਲੂ ਤੋਂ ਦਬਾਉਣਾ ਸ਼ੁਰੂ ਕੀਤਾ।

ਦਰਬਾਰ ਲਾਹੌਰ ਦੀਆਂ ਫੌਜਾਂ, ਜੋ ਇਸ ਸਮੇਂ ਰੈਂਜੀਡੈਂਟ ਦੇ ਮਾਤਹਿਤ ਸਨ, ਮੂਲ ਰਾਜ ਦੇ ਬਾਗ਼ੀ ਹੋਣ ਸਾਰ ਹੀ ਅੰਗਰੇਜ਼ਾਂ ਤੋਂ ਵਿਰੁੱਧ ਸ਼ਸਤ੍ਰ ਸੰਭਾਲਣ ਲੱਗ ਪਈਆਂ। ਕਾਰਣ ਇਸ ਦਾ ਇਹ ਸੀ ਕਿ ਸੰਨ ੧੮੪੬ ਤੋਂ ੧੮੪੭ ਤੱਕ ਅੰਗਰੇਜ਼ਾਂ ਦੇ ਹੱਥੋਂ ਸਿੱਖਾਂ ਨੇ ਚੋਖਾ ਨੁਕਸਾਨ ਉਠਾਇਆ ਸੀ। ਲਾਹੌਰ ਦੀਆਂ ਸਿੱਖ ਫੌਜਾਂ ਤੋੜੀਆਂ ਗਈਆਂ ਸਨ, ਜਿਸ ਕਰਕੇ ਬਹੁਤ ਸਾਰੇ ਬਹਾਦਰ ਸਿੰਘ ਬੇਰੁਜ਼ਗਾਰ ਪਏ ਫਿਰਦੇ ਸਨ। ਇਸ ਤੋਂ ਇਲਾਵਾ ਲਾਹੌਰ ਵਿਚ ਰੈਜ਼ੀਡੈਂਸੀ ਕਾਇਮ ਹੋਣ ਸਾਰ ਸਿਖਾਂ ਦੇ ਹੱਥੋਂ ਹਕੂਮਤ ਵੀ ਜਾਂਦੀ ਰਹੀ ਸੀ ਤੇ ਉਨ੍ਹਾਂ ਦੀ ਥਾਵੇਂ ਡੋਗਰੇ ਅਤੇ ਮੁਸਲਮਾਨ ਰੰਗ ਰਲੀਆਂ ਮਾਣ ਰਹੇ ਸਨ। ਤੀਜਾ ਰਾਜ ਮਾਤਾ ਜਿੰਦ ਕੌਰ ਨੂੰ ਦੇਸ਼ ਨਿਕਾਲਾ ਦਿੱਤਾ ਗਿਆ ਸੀ, ਜੋ ਸਰਬੱਤ ਖ਼ਾਲਸੇ ਦੀ ਅਣਖ ਨੂੰ ਸਿੱਧਾ ਚੈਲੰਜ ਸੀ। ਇਸ ਤੋਂ ਬਿਨਾਂ ਚੌਥਾ ਕਾਰਣ ਸਰਦਾਰ ਚਤਰ ਸਿੰਘ ਅਟਾਰੀ ਵਾਲਾ ਜੋ ਹਜ਼ਾਰੇ ਦਾ ਗਵਰਨਰ ਸੀ, ਮਹਾਰਾਜਾ ਦਲੀਪ ਸਿੰਘ ਦਾ ਰਿਸ਼ਤੇਦਾਰ ਸੀ ਤੇ ਉਸ ਦੀ ਲੜਕੀ ਮਹਾਰਾਜੇ ਨਾਲ ਮੰਗੀ ਹੋਈ ਸੀ ਪਰ ਵਿਆਹ ਬਾਰੇ ਰੈਜ਼ੀਡੈਂਟ ਵਲੋਂ ਟਾਲਮਟੋਲ ਹੁੰਦੀ ਰਹਿੰਦੀ

੪. ਦੇਖੋ, P, G. Records. Book No. 197. letter no. 2,

ਸੀ। ਇਕ ਪਾਸੇ ਉਸ ਨੂੰ ਇਹ ਦੁੱਖ ਸੀ ਤੇ ਦੂਜੇ ਪਾਸੇ ਮਿਸਟਰ ਐਬਟ ਹਜ਼ਾਰੇ ਦੇ ਪਠਾਣਾਂ ਨੂੰ ਚੁੱਕ ਚੁੱਕਾ ਕੇ ਉਸ ਦੇ ਗਲ ਪਾ ਰਿਹਾ ਸੀ। ਪਿਸ਼ਾਵਰ ਦੇ ਸਿੱਖ (ਫ਼ੌਜੀ) ਵੀ ਜਾਰਜ ਲਾਰੰਸ ਦੀ ਕਿਸੇ ਤਰ੍ਹਾਂ ਦੀ ਇਕ ਰੁੱਖੀ ਪਾਲਿਸੀ ਤੋਂ ਤੰਗ ਸਨ। ਇਨ੍ਹਾਂ ਕਾਰਣਾਂ ਕਰ ਕੇ ਬੰਨੂ ਆਦਿ ਦੇ ਸਿੱਖਾਂ ਨੇ ਬਗਾਵਤ ਕਰ ਦਿੱਤੀ ਅਤੇ ਮੁਲਤਾਨ ਦੇ ਜੰਗ ਦੇ ਦਰਮਿਆਨ ਹੀ ਅੰਗਰੇਜ਼ਾਂ ਦਾ ਸੱਚਾ ਖੈਰ ਖਾਹ ਰਾਜਾ ਸ਼ੇਰ ਸਿੰਘ ਅਟਾਰੀ ਵਾਲਾ ਵੀ ਬਾਗ਼ੀ ਹੋ ਕੇ ਫ਼ੌਜਾਂ ਸਮੇਤ ਮੂਲ ਰਾਜ ਦੇ ਨਾਲ ਜਾ ਮਿਲਿਆ।

ਮੁਲਤਾਨ ਦੀ ਲੜਾਈ ਅਪਰੈਲ ੧੮੪੮ ਤੋਂ ਸ਼ੁਰੂ ਹੋ ਕੇ ਸੰਨ ੧੮੪੯ ਦੇ ਸ਼ੁਰੂ ਵਿਚ ੨੨ ਜਨਵਰੀ ਨੂੰ ਖ਼ਤਮ ਹੋਈ ਜਦ ਕਿ ਫ਼ੌਜੀ ਤਾਕਤ ਖ਼ਤਮ ਹੋਣ ਤੇ ਦੀਵਾਨ ਮੂਲ ਰਾਜ ਨੇ ਜਨਰਲ ਵ੍ਹਿਸ਼ ਦੇ ਸਾਹਮਣੇ ਹਥਿਆਰ ਸੁੱਟ ਦਿਤੇ। ਦੀਵਾਨ ਨੂੰ ਲਾਹੌਰ ਦੀ ਫ਼ੌਜੀ ਅਦਾਲਤ ਵਿਚ ਲਿਜਾ ਕੇ ਦੋ ਅੰਗਰੇਜ਼ਾਂ ਨੂੰ ਮਾਰਨ ਦੇ ਦੋਸ਼ ਵਿਚ ਪਹਿਲਾਂ ਮੌਤ ਦੀ ਤੇ ਫੇਰ ਬਦਲ ਕੇ ਦੇਸ਼ ਨਿਕਾਲੇ ਦੀ ਸਜ਼ਾ ਹੋਈ ਤੇ ਫੜ ਕੇ ਕਲਕੱਤੇ ਭੇਜਿਆ ਗਿਆ ਜਿਥੇ ਸੰਨ ੧੮੫੧ ਵਿਚ ਉਸਦੀ ਮੌਤ ਹੋ ਗਈ।

ਦੀਵਾਨ ਮੂਲ ਰਾਜ ਇਕ ਬਹਾਦੁਰ ਸਰਦਾਰ ਸੀ ਤੇ ਉਸ ਨੇ ਹਰ ਮੁਸੀਬਤ ਨੂੰ ਸਿਰ ਮੱਥੇ ਝੱਲ ਕੇ ਬਹਾਦੁਰਾਂ ਦੀ ਤਰ੍ਹਾਂ ਮੁਲਤਾਨ ਦੀ ਲੜਾਈ ਲੜੀ। ਮੁਲਤਾਨ ਦੀ ਵਾਰ ਵਿਚ ਦੀਵਾਨ ਮੂਲ ਰਾਜ ਤੇ ਉਸ ਦੀ ਸਿੱਖ ਸਿਪਾਹੀਆਂ ਦੀ ਬਹਾਦੁਰੀ ਦੀ ਝਲਕ ਹੈ ਤੇ ਇਸ ਦੀ ੧੪ ਵੀਂ ਤੁਕ 'ਅੰਗਰੇਜ਼ ਉਲਾਰਿਆ ਚਾਬਕ ਘੋੜਾ ਮੂਲੇ ਦਹੋਂ ਦੁੜਾਇਆਂ' ਵਿਚ ਕਵੀ ਨੇ ਉਹ ਸੱਚੀ ਗੱਲ ਇਸ਼ਾਰੇ ਨਾਲ ਆਖੀ ਹੈ ਜਿਸ ਕਰਕੇ ਮੁਲਤਾਨ ਦਾ ਜੰਗ ਛਿੜਿਆ ਸੀ।

ਇਸ ਵਾਰ ਦਾ ਲੇਖਕ ਕਵੀ ਸੋਭਾ ਬਲੋਚ, ਇਕ ਸਾਧਾਰਣ ਪੇਂਡੂ ਆਦਮੀ ਸੀ। ਮੂਲ ਰਾਜ ਬਹਾਦੁਰ ਹੋਣ ਦੇ ਬਾਵਜੂਦ ਵੀ ਖਤ੍ਰੀ ਹੋਣ ਕਰਕੇ ਉਹਦੀ ਨਿਗਾਹ ਵਿਚ ਕਰਿਆੜ ਸੀ। ਅੰਗਰੇਜ਼ ਚੂੰਕਿ ਬਾਹਸ਼ਾਹੀ ਸਾਂਭ ਬੈਠੇ ਸਨ ਇਸ ਲਈ ਉਨ੍ਹਾਂ ਨੇ ਉਪਮਾ ਕੀਤੀ ਹੈ। ਵਾਰ ਦੀ ਬੋਲੀ ਮੁਲਤਾਨੀ ਪੰਜਾਬੀ ਹੈ। ਹੋਰ ਕੋਈ ਸ਼ੁੱਧ ਕਾਪੀ ਨਾ ਮਿਲਣ ਕਰਕੇ ਇਸ ਵਾਰ ਦੀ ਠੀਕ ਸੁਧਾਈ ਨਹੀਂ ਹੋ ਸਕੀ।

# ਮੁਲਤਾਨ ਦੀ ਵਾਰ

(੧੮੪੮-੪੯)

੧. ਅੰਗਰੇਜ਼ਾਂ[1] ਵੀ ਚਾਰੇ ਨੀ ਕੀਤੇ,
ਚੜ੍ਹ ਮੁਲਤਾਨ ਵੀ ਆਇਆ।
੨. ਵਿਚ ਮੁਤਾਬਤ[2] ਹਾਜ਼ਰ ਥੀਏ,
ਵੰਞ ਮੂਲੇ[3] ਸੀਸ ਨਿਵਾਇਆ।
੩. ਬਾਤ ਕਹੀ ਅੰਗਰੇਜ਼[4] ਇਹਾ,
ਫਿਰ ਨਾਲ ਦੀਵਾਨ ਅਲਾਇਆ।
੪. "ਸੂਬੇ ਕੁਲ ਪੰਜਾਬੀ,
ਸਾਹਿਬ ਚਾ ਮੌਕੂਫ਼ ਕਰਾਇਆ।
੫. ਘਿਨ ਸਿਪਾਹ ਉਠਾ ਤਮਾਮੀ,
ਸਟ ਘੱਤ ਮੁਲਕ ਪਰਾਇਆ।"
੬. ਆਖਿਓਸੁ: "ਨਹੀਂ ਅਦੂਲ ਮੈਕੂੰ ਤਿਲ ਜਿੱਤੀ,
ਸਾਹਿਬ ਜਿਵੇਂ ਫ਼ਰਮਾਇਆ।
੭. ਹੁਕਮ ਕੀਤਾ ਅੰਗਰੇਜ਼ਾਂ,
ਮੂਲੇ ਚੜ੍ਹ ਕਰਿ ਸ਼ਹਿਰ ਫਿਰਾਇਆ।
੮. ਦੇਖਨ ਨਾਲ ਖਾਨਕਾਹਾਂ ਦੇ,
ਸਾਹਿਬ ਮੂਲੇ ਕੰਨੂੰ[5] ਪੁਛਵਾਇਆ।
੯. ਏਹ ਗੁੰਬਦ ਕੇਹਾਂ ਨਿਸ਼ਾਨੀਆਂ ?
ਇਥ਼ਾਂ ਕੈਂ ਇਹ ਨਕਸ਼ ਬਣਾਇਆ ?
੧੦. ਆਖਿਓਸੁ:- "ਏਹ ਹਨ ਖਾਨਕਾਹਾਂ ਪੀਰਾਂ ਦੀਆਂ ?
ਜਿਨ੍ਹਾਂ ਹੈ ਮੁਲਤਾਨ ਬਨਾਇਆ।

---

੧. ਮਿਸਟਰ ਵੈਨਸ ਐਗਨਯੂ ਅਤੇ ਲੈਂਫਟੀਨੈਂਟ ਡਬਲਯੂ. ਏ. ਐਂਡਰਸਨ ਨੇ।
੨. ਤਾਬੇਦਾਰੀ ਵਿਚ। ੩. ਦੀਵਾਨ ਮੂਲਰਾਜ ਨੇ। ੪. ਮਿਸਟਰ ਵੈਨਸ ਐਗਨਯੂ ਨੇ।
੫. ਕੋਲੋਂ

੧੧. ਗਈ ਹੈ ਖਾਕ ਚੁਮੇਂਦੀ ਹਰ ਕਾਈ,
ਜੋ ਸੂਬਾ ਇੱਥੇ ਆਇਆ ।"
੧੨. ਆਖਿਓਸੁ: "ਖ਼ਾਕੀ ਖ਼ਾਮ ਕਰੇਸਾਂ ਗੁੰਬਦ,
ਜੋ ਮੈਂ ਹਿਕ ਗੁਰਜ ਚਲਾਇਆ ।"
੧੩. ਦੀਵਾਨ ਹਾ ਅਸਵਾਰ ਪਖੀ ਦਾ,[੬]
ਰੱਖੇ ਕਦਮ ਸਵਾਇਆ ।
੧੪. ਅੰਗਰੇਜ਼ ਉਲਾਰਿਆ ਚਾਬੁਕ,
ਘੋੜਾ ਮੂਲੇ ਦਹੋਂ[੭] ਦੁੜਾਇਆ ।
੧੫. ਬਰਛੀ ਮਾਰਿ ਸਿਪਾਹੀ ਦੌੜਿਆ,[੮]
ਵੈਂਦਾ[੯] ਨਜ਼ਰ ਨ ਆਇਆ ।
੧੬. ਥੀ ਜਖ਼ਮੀ ਅੰਗਰੇਜ਼ ਗਾਯਾ,
ਵਲ ਡੇਰੇ ਦਹੋਂ ਸਿਧਾਇਆ ।
੧੭. ਦੀਵਾਨ ਆਇਆ ਵਿਚ ਖ਼ਾਨੇ[੧੦] ਦੇ,
ਜੈਂ ਮੁਸੱਦੀ ਕੁਲ ਸਦਾਇਆ ।
੧੮. ਆਖਿਓਸੁ : ਬੰਦੋਬਸਤ ਬਧੋ ਕਾਈ ਚੰਗੀ,
ਇਵੇਂ ਗ਼ਮ ਜਾਂਦਾ ਫ਼ਰਮਾਇਆ ।
੧੯. ਵੈਰ ਰਖਾਂ ਮੈਂ ਸ਼ੀਹਾਂ ਨਾਲ,
ਭਾਰੀ ਜੰਗ ਗ਼ਜ਼ਬ ਦਾ ਚਾਇਆ ।
੨੦. ਹਥੋਂ ਛੁੱਟ ਗਈਆਂ ਡੋਰਾਂ,
ਉਹ ਵੇਲਾ ਹੱਥ ਨ ਆਇਆ ।
੨੧. ਮੁਸੱਦੀ ਰਲਿ ਸਲਾਹ ਦਿੱਤੀ,
ਦੀਵਾਨ ਨੂੰ ਸਮਝਾਇਆ ।
੨੨. "ਕਿਤੀ ਬਸਰ ਖ਼ਜਾਨਾ ਤੇਰਾ,
ਖੁੱਟੇ ਨਹੀਂ ਖੁਟਾਇਆ ।
੨੩. ਕੋਟ ਕਿਲਾ ਗਢ ਯਕੀ,
ਨਾ ਦੇ ਮੂਲ ਅਜਾਇਆ ।
੨੪. ਪਕੇ ਦੇ ਹਮਰਾਹ ਗੋਰਖੇ,[੧੧]

---

੬. ਬੱਕੀ ਘੋੜੀ ਦਾ । ੭. ਹੋਰ ਬਹੁਤਾ ।

੮. ਸੱਯਦ ਮੁਹੰਮਦ ਲਤੀਫ਼ ਨੇ ਮਿਸਟਰ ਵੈਨਸ ਐਗਨਯੂ ਉਤੇ ਬਰਛੀ ਨਾਲ ਵਾਰ ਕਰਨ ਵਾਲੇ ਸਿਪਾਹੀ ਦਾ ਨਾਮ ਅਮੀਰ ਚੰਦ ਲਿਖਿਆ ਹੈ। ਦੇਖੋ, History of the Punjab, ੧੯੯੧, P. ੫੫੮) ੯. ਜਾਂਦਾ ਹੋਇਆ । ੧੦. ਦੀਵਾਨ ਖ਼ਾਨੇ ।

੧੧. ਇਹ ਉਹ ਗੋਰਖੇ ਸਨ, ਜੋ ਮਿਸਟਰ ਐਗਨਯੂ ਨੂੰ ਛੱਡਕੇ ਦੀਵਾਨ ਮੂਲ ਰਾਜ ਨਾਲ ਜਾ ਮਿਲੇ ਸਨ ।

ਰੁਹੇਲਿਆਂ* ਭਾੜਾ ਚਾਇਆ ।

੨੫. ਹਿੰਦੂ ਸਿੰਘ ਤੋਪਾਂ ਦੇ ਉਤੇ,
ਬੱਧ ਕਮਰ ਕਰ ਆਇਆ ।

੨੬. ਗੋਲੇ ਗਿਰਦ ਮਰੇਸਾਂ ਗਿਰਦੂੰ,
ਜੋ ਥੈਂ ਸਾਇਤ ਬਚਾਇਆ ।

੨੭. ਆਹਾ ਸਾਮਾ ਅਗੇ ਦਾ ਮੂਲੇ,
ਬੇਹਦ ਬਹੂੰ[12] ਕਰਾਇਆ ।

੨੮. ਦਾਰੂ, ਲੋਹ, ਪੱਥਰ ਤੇ ਸਿੱਕਾ,
ਉਨ ਦਾ ਅੰਤ ਨ ਪਾਇਆ ।

੨੯. ਆਟਾ ਘੀਉ ਮਿਠਾਈ ਅਰਜ਼ਾਂ,[13]
ਬੇਸ਼ੁਮਾਰ ਅਨਾਇਆ ।

੩੦. ਕਲਮ ਜਾਰੀ ਵਿਚ ਲਸ਼ਕਰ ਦੇ,
ਮਵਾਜਿਬ[14] ਚਾ ਵਧਾਇਆ ।

੩੧. ਸੁਣ ਸੁਣ ਆਵਣ ਸਿਪਾਹੀ,
ਛਿਕ[15] ਅਜ਼ਰਾਈਲ ਘਿਨ[16] ਆਇਆ ।

੩੨. ਪਹਿਲੀ ਰਾਡ ਰਸੀ ਇਥਾਈਂ,
ਚਾ ਅੰਗਰੇਜ਼ਾਂ ਕੂੰ ਭੁਲਾਇਆ ।

੩੩. ਟੁੱਟ ਗਈ ਸਿਪਾਹ ਸਭਾ,
ਜਿਨ੍ਹਾਂ ਖੜ ਸਰਦਾਰ ਕੁਹਾਇਆ[17] ।

੩੪. ਮੰਗ ਅਮਾਂ ਸਿਪਾਹੀ ਛੁੱਟੇ,
ਥੀ ਨੌਕਰ ਜੀ ਛੁੜਵਾਇਆ ।

੩੫. ਜਿਨ ਕਿਨ[18] ਛੁਟੀਆਂ ਡਾਕਾਂ,
ਕਾਗ਼ਜ਼ ਕਲਕੱਤੇ ਦਹੋਂ ਪਚਾਇਆ ।

੩੬. ਸੁਨ ਅੰਗਰੇਜ਼ ਹੈਰਾਨ ਥੀਏ,
ਪੜ੍ਹ ਲਿਖਿਆਂ ਪੁਰ ਮਾਇਆ ।

੩੭. ਇਸ ਧੋਤੀ ਬੰਨ੍ਹ ਕਰਾੜ ਉਤੇ,

---

੧੨. ਬਹੁਤਾ । ੧੩. ਸਸਤੇ ਭਾਂ । ੧੪. ਰੋਜ਼ਾਨਾ । ੧੫. ਖਿੱਚ । ੧੬. ਲੈ ।

੧੭. ਮੁਲਤਾਨ ਦੇ ਕਿਲੇ ਵਿਚੋਂ ਹੋ ਕੇ ਜਦ ਸਿਪਾਹੀਆਂ ਦੇ ਹੱਥੋਂ ਫੱਟੜ ਹੁੰਦੇ ਹੋਏ ਮਿਸਟਰ ਐਗਨਯੂ ਤੇ ਐਂਡਰਸਨ ਈਦਗਾਹ ਵਿਚ ਪੁੱਜੇ, ਤਾਂ ਸਾਰੀ ਫੌਜ ਉਨ੍ਹਾਂ ਦੇ ਨਾਲੋਂ ਟੁੱਟ ਗਈ ਤੇ ਦੀਵਾਨ ਦੀ ਫੌਜ ਵਲੋਂ ਹਮਲਾ ਹੋਣ 'ਤੇ ਦੋਵੇਂ ਅੰਗਰੇਜ਼ (ਅਫ਼ਸਰ) ਮਾਰੇ ਗਏ।

੧੮. ਜਿੱਥੇ ਕਿੱਥੇ । * ਰੁਹੇਲਿਆਂ, ਅਰਥਾਤ-ਮੁਲਤਾਨੀ ਪਠਾਣਾਂ ਨੇ ।

ਕਹੀਂ ਨਹੀਂ ਇਤਬਾਰ ਠਗ੍ਹਾਇਆ ।
੩੮. ਟੱਕਰ ਝਲੇ ਸੋ ਬਾਦਸ਼ਾਹਾਂ ਦੀ,
ਜੈ ਚਾ ਫੱਤੂਰ ਖਿੰਡਾਇਆ ।
੩੯. ਜਿਨ ਕਿਨ ਛੁਟੀਆਂ ਡਾਕਾਂ,
ਹਰ ਮੁਲਕਾਂ ਵਿਚ ਸੁਣਾਇਆ ।
੪੦. ਲਿਖਿਆ ਸਾਹਿਬ ਲੋਕਾਂ ਦਾ ।
ਖਾਂ ਚੁਮ ਚਟ ਅਖੀਂ ਤੇ ਲਾਇਆ ।
੪੧. ਬਖਸ਼ ਦੇਵੇਂ ਜਾਗੀਰਾਂ,
ਜੈ ਕੁਲ ਰਾਜੇ ਨੂੰ ਸਦਵਾਇਆ ।
੪੨. ਬਈ ਭੀ ਬਹੂੰ ਸਿਪਾਹ ਖੜਾਈ,
ਖਜਾਨਾ ਖਾਨ ਹਲਾਇਆ ।
੪੩. ਤੋਮਾਂ ਮਿਲ ਸਮਾਲੇ ਠਾਏ,
ਸਦ ਕੋਲੂੰ ਖਾਨ ਬੁਲਾਇਆ ।
੪੪. ਹੁਕਮ ਬਜਾ ਆਂਦੋ ਨੇ,
ਜੋ ਪੜ੍ਹ ਖਾਂ ਨੇ ਮੂੰਹੁ ਅਲਾਇਆ ।
੪੫. ਵਿਚ ਲਸ਼ਕਰ ਦੇ ਬਖਸ਼ੀ ਫਤਹ-
ਮੁਹੰਮਦ ਖਾਨ ਠਹਿਰਾਇਆ ।
੪੬. ਲਸ਼ਕਰ ਲੰਘ ਪਵੇ ਸਤਵ੍ਹੀਂਵੀ,
ਵਡੇ ਖਾਨ ਸਾਹਿਬ ਫ਼ਰਮਾਇਆ ।
੪੭. ਛਿੱਕੀਆਂ ਆਈਆਂ ਸਭ ਬੇੜੀਆਂ,
ਤੇ ਕੁਲ ਮਲਾਹ ਸਦਵਾਇਆ ।
੪੮. ਤਰਫ਼ਾਂ ਵੀ ਅੰਗਰੇਜ਼ ਦੇ,
ਲੰਘ ਪੀਰ ਬਿਰਾਹਿਮ ਆਇਆ ।
੪੯. ਸਰਵਰ ਸ਼ਾਹ ਪੀਰ ਕੂੰ,
ਉਰ ਵਾਰੂੰ ਖਾਂ ਸਦਵਾਇਆ ।
੫੦. ਹੈ ਉਹ ਮਰਦ ਜ਼ੋਰਾਵਰ,
ਜੈਂਦਾ ਹੈ ਸਿੰਘਾਂ ਤੇ ਸਾਇਆ ।
੫੧. ਲੜੇ ਵਰੈ[੧੯] ਨ ਰਹਿਸੀ ਹਰਗਿਜ਼,
ਕੋਲੂੰ ਫੇਰ ਟਿਕਾਇਆ ।
੫੨. ਅਲੀ ਪੁਰ, ਜੰਗ ਝਲੀ ਟਿੱਬੀ ਸਯਦਾਂ,[੨੦]

੧੯. ਬਗ਼ੈਰ । ੨੦. ਇਹ ਪਿੰਡ ਬਸਤੀ ਸੱਯਦਾਂ ਦੇ ਨਾਂ ਨਾਲ ਮਸ਼ਹੂਰ ਹੈ ਤੇ ਇਸ ਦੇ ਨਾਲ ਦਾ ਪਿੰਡ ਅਲੀਪੁਰ, ਤਹਿਸੀਲ ਸ਼ੁਜਾਆਬਾਦ ਵਿਚ ਹੈ ।

ਥੀ ਸ਼ਹੀਦ ਦਿਖਾਇਆ ।

੫੩. ਮਨਤ ਪਿਆਲਾ ਅਜਲ ਵਾਲਾ,
ਚੁਮ ਚਟ ਅਖੀਂ ਤੇ ਚਾਇਆ ।

੫੪. ਪਹਿਲਾਂ ਡੇਰਾ ਕੂਚ ਕੀਤੋ ਨੇ,
ਤਾਂ ਵੰਞ ਗਾਵੇਂ ਕਦਮ ਅੜਾਇਆ ।

੫੫. ਤੋਪਾਂ ਛੁਟੇ ਗੁਬਾਰੇ,
ਤਾਂ ਵੰਞ ਸ਼ੁਜਾਆਬਾਦ ਕੰਬਾਇਆ ।

੫੬. ਫਿਕਰ ਪਿਆ ਕਰਾੜਾਂ ਨੂੰ,
ਲੰਘ ਦਾਦੂ ਪੋਤਰਾ ਅਕਾਇਆ ।

੫੭. ਭੰਨਾ ਮੋਹਨ[21] ਮੁਲਤਾਨ ਦਹੋਂ,
ਜੈਂ ਲਸ਼ਕਰ ਜਲਦ ਆਇਆ ।

੫੮. ਦੁਨੀਆਂ ਦੇਸ਼ਾਂ ਬੇਸਰ ਬਹੂੰ,
ਜੋ ਕਿਸਮਤ ਕੋਟ[22] ਬਚਾਇਆ ।

੫੯. ਰਾਮ ਰਖਿਆ ਤੇ ਜੁਵਾਹਰ ਸਿੰਘ,
ਥੀ ਮੁਖਤਾਰੀ ਆਇਆ ।

੬੦. ਵੰਞ ਲੜਾਂ ਪਰੇਰੇ ਕੋਟ ਕਨੂੰ,
ਇਹ ਮੋਹਨ ਰਾਮ ਅਲਾਇਆ ।

੬੧. ਚੜ੍ਹ ਦਲ ਸਿੰਘਾਂ ਦਾ,
ਤਾਂ ਜਿਵੇਂ ਕੋਟ ਹਸਨ[23] ਦੇ ਆਇਆ ।

੬੨. ਦੀ ਕਿਰਾੜ ਨੁਕਾਰਾਂ ਦੀ,
ਫਿਰ ਗੇਜੇ ਆਣ ਸੁਣਾਇਆ ।

੬੩. ਰਾਤੀ ਆਣ ਚੜ੍ਹੀਓ ਨੇ ਤੋਪਾਂ,
ਸਿੰਘਾਂ ਦਾ ਭਿਰਾਇਆ ।

੬੪. ਗਾਵੇਂ ਕੰਨੂੰ ਚੜ੍ਹ ਥੀ ਰਵਾਨਾ,
ਨੱਕਾਰਾ ਕੂਚ ਵਜਾਇਆ ।

੬੫. ਨੱਕਾਰਾ ਵਜੇ ਦਿਨ ਦਾ,
ਹਰ ਮੂਲਕਾਂ ਵਿੱਚ ਸੁਣਾਇਆ ।

੬੬. ਸੂਹੀਂ ਨਾਹਿਨ ਜਮੀਨਾਂ ਦੇ,
ਚਾ ਖਾਵੰਦ ਮੂਲਕ ਦਿਖਾਇਆ ।

---

੨੧. ਮੋਹਨ ਲਾਲ, ਜਿਸ ਦੇ ਨਾਂ 'ਤੇ ਪਿੰਡ ਮੋਹਨਪੁਰ ਆਬਾਦ ਹੋਇਆ । ਇਹ ਸੱਜਣ ਬਬਲਾ ਖਾਨਦਾਨ ਦਾ ਮੈਂਬਰ ਸੀ । ੨੨. ਕੋਟ ਸ਼ੁਜ਼ਾਆਬਾਦ । ੨੩. ਕੋਟ ਹਸਨਪੁਰ ਹੁਣ ਗਰਦੇਜ਼ਪੁਰ ਦੇ ਨਾਂ ਨਾਲ ਪ੍ਰਸਿੱਧ ਹੈ ।

੬੭. ਹਿਕ ਮਰਦ ਬੁਖਾਰੀ ਧਰੋ ਕੀਨਾ,
ਚਿਤ ਚੜ੍ਹਾ ਰੜੇ ਘਿਨ ਆਇਆ।
੬੮. ਆਣ ਢੂਕੇ ਹਨ ਵਿਚ ਤੋਪਾਂ,
ਗ਼ਰਦ ਗੁਬਾਰ ਉਠਾਇਆ।
੬੯. ਹਿਕ ਸਾੜੇ ਧੁਪ ਮਲੂਕਾਂ ਨੂੰ,
ਦੂਜਾ ਪਾਣੀ ਬਿਨ ਸੁਕਾਇਆ।
੭੦. ਹਿਕ ਦਿਨ ਕਹਿਰ ਦਾ ਤਾਮਾ ਤੱਤਾ,
ਦੂਜਾ ਭਾਹ ਮੁੰਝਾਇਆ।
੭੧. ਤ੍ਰੁਟ ਗਈਆਂ ਮਿਹਰ ਦੀਆਂ ਤਾਰਾਂ,
ਰੁੱਖ ਅਜ਼ਰਾਈਲ ਦਿਖਾਇਆ।
੭੨. ਕਿਹੜੇ ਸਰ ਦੇ ਪਖੀ ਆਹੇ ?
ਕਿਥੇ ਜੰਮਿਆ ਜਾਇਆ?
੭੩. ਹੱਡਾਂ ਨਾਲ ਨਾ ਹੱਡ ਰਲੇ,
ਫਿਰ ਜੂੰ ਜੰਗਲ ਦਾ ਆਇਆ।
੭੪. ਵੱਸ ਕੰਨੂੰ ਬੇਵਸੇ ਹੋਏ,
ਅਣ ਚਿੱਤਾ ਵਡਾ ਪਾਇਆ।
੭੫. ਸਿਫਤ ਕਰਾਂ ਅੰਗ੍ਰੇਜ਼ਾਂ ਦੀ,
ਇਟਬਿਟ[24] ਮੁਲਕ ਲਤਾੜੀਂ ਆਇਆ।
੭੬. ਮਾਰਿ ਟਿਵਾਨਾ ਤਾਬੇ ਕੀਤੁ ਸੁ,
ਜੈਂ ਵੰਞ ਸਿਆਲ ਨਿਵਾਇਆ।
੭੭. ਅੱਗੂੰ ਤਾਬ ਨਾ ਆਂਦੀ ਡੇਰੇ,
ਜੈਂ ਵੰਞ ਹੋਕਾ ਸੰਘਰ ਪਾਇਆ।
੭੮. ਲੰਘ ਪਵੇ ਓਹ ਜਲਦੀ,
ਜੈਕੂੰ ਤੋਪ ਅਵਾਜ਼ ਸੁਣਾਇਆਂ।
੭੯. ਜਲਦੀ ਦੌੜਿਆ ਸਿੰਘਾਂ ਤੇ,

---

੨੪. ਮਿਸਟਰ ਐਡਵਰਡਜ਼। ਇਹ ਅੰਗਰੇਜ਼ ਅਫ਼ਸਰ ਮੁਲਤਾਨ ਦਾ ਝਗੜਾ ਛਿੜਨ ਵੇਲੇ ਸਿੰਧ ਨਦੀ ਦੇ ਪੂਰਬੀ ਕਿਨਾਰੇ ਡੇਰਾ ਫ਼ਤਿਹ ਖਾਂ ਵਿਚ ਰਹਿੰਦਾ ਸੀ। ਜਦ ਇਸ ਨੂੰ ਮਿਸਟਰ ਐਗਨਯੂ ਦੀ ਹਾਲਤ ਦਾ ਪਤਾ ਲੱਗਾ, ਤਾਂ ਇਸ ਨੇ ਬੰਨੂ ਦੇ ਪਠਾਣਾਂ ਨੂੰ ਆਪਣੇ ਨਾਲ ਮਿਲਾ ਕੇ ਪਹਿਲਾਂ ਡੇਰਾ ਗਾਜ਼ੀ ਖਾਂ 'ਤੇ ਫੇਰ ਕਨੇਰੀ ਅਤੇ ਸ਼ੁਜ਼ਾਆਬਾਦ ਨੂੰ ਫਤਿਹ ਕੀਤਾ। ਪਿੱਛੋਂ ਜਦ ਇਸ ਤਰ੍ਹਾਂ ਇਲਾਕਾ ਖੁੱਸਣ 'ਤੇ ਮੂਲ ਰਾਜ ਦੀ ਤਾਕਤ ਘਟ ਗਈ, ਤਾਂ ਇਸ ਨੇ ਸੂਰਜ-ਕੁੰਡ ਅਤੇ ਮੁਲਤਾਨ 'ਤੇ ਹੱਲਾ ਕੀਤਾ। (ਕਨਿੰਘਮ, ਸਿੱਖ ਇਤਿਹਾਸ, ਲਤੀਫ਼, ਪੰਜਾਬ ਦਾ ਇਤਿਹਾਸ)

ਜਲਦ ਪਹਿਰ ਵਿਚ ਆਇਆ ।
੮੦. ਵੇਰਾਹ ਕੀਤੋ ਨੇ ਸਿੰਘਾਂ ਕੂੰ,
ਜੂੰ ਮਾਛੀ ਜਾਲ ਫਹਾਇਆ ।
੮੧. ਆਣ ਇਮਾਣ ਬਧੋ ਨੇ ਜਿਨ੍ਹਾਂ,
ਮੋਰਚਾ ਆਣ ਅੜਾਇਆ ।
੮੨. ਫ਼ਤਹ ਖਾਨ ਗੋਰੀ ਤੋਪ ਉਤੇ,
ਬੱਧ ਕਮਰ ਕਰ ਆਇਆ ।
੮੩. ਕਰ ਕੇ ਸਿਸਤ ਚਲਾਇਓ ਸੁ ਗੋਲਾ,
ਤੋਪਾਂ ਵਿਚ ਰਲਾਇਆ ।
੮੪. ਵੰਜ ਢਾਹਿਓ ਸੁ ਤੋਪ ਸਿੰਘਾਂ ਦੀ ਕੂੰ,
ਤੇ ਗੋਲੰਦਾਜ਼ ਉਡਾਇਆ ।
੮੫. ਸਿੰਘ ਪਵਾਂ ਕਰ ਟਿਕ ਲੜਾਂਦਾ,
ਮੁਨਸਿਫ਼ ਨਹੀਂ ਵੰਜਾਇਆ,
੮੬. ਬਲੇ ਗਸ਼ਤਾਂ ਬੰਦੂਕਾਂ ਮਾਰੀਆਂ,
ਵਾਹ ਵਾਹ ਲੜ ਦਿਖਾਇਆ ।
੮੭. ਭਜ ਭਜ ਲੜਨ ਪਠਾਨ ਉਥਾਊ,
ਜਿਹਨਾਂ ਮਿਹਨਾ ਪਿਆ ਮੁਖਾਇਆ ।
੮੮. ਵਾਹ ਵਾਹ ਲੜਨ ਬਲੋਚ ਛੰਦੀ,
ਜਿਨ੍ਹਾਂ ਕਰ ਇਨਸਾਫ਼ ਦਿਖਾਇਆ ।
੮੯. ਤੋਪਾਂ ਵਿਚ ਮਾਰਨ ਤਲਵਾਰੀਂ,
ਤਾਂ ਗਵਾਹ ਕਰੇਂਦਾ ਆਇਆ ।
੯੦. ਭਾਈ ਦਾਦੂ ਪੋਤਰੇ[੨੫] ਵੀ,
ਭਾੜ ਵਾਂਗੂੰ ਤੜਕਾਇਆ ।
੯੧. ਜਿਵੇਂ ਬਘਿਆੜ ਭੇਡਾਂ ਵਿਚ ਪਵੇ,
ਮਾਰ ਅਗੋਂ ਚਾ ਲਾਇਆ ।
੯੨. ਮੌਤ ਖੁਮਾਰ ਕਰਾਰਾਂ ਨੂੰ,
ਭਜ ਸਿੰਘਾਂ ਦਾ ਲਸ਼ਕਰ ਆਇਆ ।

---

੨੫. ਬਹਾਵਲ ਪੁਰੀਏ (ਦਾਊਦ ਪੋਤਰੇ) ਅਰਥਾਤ-ਨਵਾਬ (ਬਹਾਵਲ ਪੁਰ) ਨੇ ਮੁਲਤਾਨ ਦੀ ਲੜਾਈ ਵਿਚ ਅੰਗਰੇਜ਼ਾਂ ਨੂੰ ਬੜੀ ਮਦਦ ਦਿੱਤੀ । ੮ ਹਜ਼ਾਰ ਘੋੜ ਚੜ੍ਹੇ ਅਤੇ ਪੈਦਲ ਅਤੇ ੧੧ ਵੱਡੀਆਂ ਤੋਪਾਂ ਤੇ ੩੦ ਜ਼ੰਬੂਰਕ ਭੇਜੇ । ਨੁਨਾਰ ਦੇ ਮੁਕਾਮ ਤੇ ਜਦ ਨਵਾਬ ਦੀ ਫੌਜ ਦਾ ਸਿੱਖਾਂ ਨਾਲ ਟਾਕਰਾ ਹੋਇਆ ਤਾਂ ਉਸ ਦੇ ਚੰਗੇ ਦੰਦ ਖੱਟੇ ਹੋਏ ।

੯੩. ਮਿਲ ਸਾਹੂਕਾਰੀ ਕੁਤਵਾਲੀ,
ਰਲ ਈਹੋ ਪੱਕ ਪਕਾਇਆ।
੯੪. ਸਾਹਿਬੀ ਤਾਂ ਸਿੰਘਾਂ ਦੀ ਵਿਚ,
ਅਸਾਂ ਵੱਡਾ ਲਾਡ ਲਡਾਇਆ।
੯੫. ਚਲ ਮਿਲੂੰ ਸਾਹਿਬ ਲੋਕਾਂ ਕੂੰ,
ਜੇ ਕਿਸਮਤ ਚਾ ਬਚਾਇਆ।
੯੬. ਕੁੰਜੀਆਂ ਆਨ ਹਜ਼ੂਰ ਰਖੀਓ ਨੇ,
ਪਿਆ ਬਾਦਸ਼ਾਹੀ ਸਾਇਆ।
੯੭. ਕੋਟ ਕੰਨੂੰ ਚਲ ਥਈ ਰਵਾਨਾ,
ਮੁਸ਼ਕਲ ਪੈਂਡਾ ਆਇਆ।
੯੮. ਪੱਕਾ ਡੇਰਾ ਬੁਰਦ ਕੀਤੋ ਨੇ,
ਸੂਰਜ ਕੁੰਡ ਜਮਾਇਆ।
੯੯. ਨਿਕਲ ਪਵੇ ਮੁਲਤਾਨੂੰ ਮੂਲਾ,
ਊਰਾ ਆਨ ਖੜਾਇਆ।
੧੦੦. ਆਖਿਓਸੁ ਹਰਗਿਜ ਜੀ ਜੀ ਮਰਨਾ,
ਚਾ ਹੀਰਾ ਹੱਥਾਂ ਵਿਚ ਪਾਇਆ।
੧੦੧. ਤੋਪਾਂ ਵਿੱਚ ਘਤਾਏ ਛੱਰੇ,
ਕਰੇ ਫਰੇਬ ਸਵਾਇਆ।
੧੦੨. ਵਲ ਭਾਈ ਦਾਦੂ ਪੋਤਰੇ ਵੀ,
ਭਾੜ ਵਾਂਗੂੰ ਭੜਕਾਇਆ।
੧੦੩. ਬੰਦੇ ਤੇ ਕਤਲ ਆਮ ਹੋਈ,
ਜੋ ਖ਼ਾਸ ਕਲਮ ਤੇ ਆਇਆ।
੧੦੪. ਡੇਰਾ ਵਾਂਇਓਂ ਹਟਿਓਂ ਨੇ,
ਤਾਂ ਵੰਞ ਕਿਲੇ ਵਿਚ ਫ਼ਾਇਆ।
੧੦੫. ਸਿਰ ਕਰਦੇ[੨੬] ਬਹੂੰ ਕੰਮ ਆਏ,
ਮੈਂ ਕਿਹੜਾ ਗਿਣ ਸੁਣਾਇਆ।
੧੦੬. ਮੁਹੰਮਦ ਦੁੱਲੇ ਸ਼ਾਹ ਮੀਰ ਦਾ,
ਸਿਰ ਖਾਨ ਦਹੂੰ ਪਹੁੰਚਾਇਆ।
੧੦੭. ਪੜ੍ਹਨ ਸੇਤੀ ਇਸ ਕਾਗਜ਼ ਦੇ,
ਪੀਰ ਜਾਨੀ ਮੂਹੋਂ ਅਲਾਇਆ।

੨੬. ਮੋਢੀ, ਆਗੂ।

੧੦੮. ਪਾਲੀਓਸ ਪ੍ਰੀਤ ਫਰੰਗੀ ਦੀ,
ਸਿਰ ਭਾਰ ਸਫਰ ਦਾ ਚਾਇਆ ।
੧੦੯. ਜਾਇਦਾ ਕੁੱਲ ਫਿਰਾ ਖਾਨ,
ਜੰਗ ਤਮਾਮ ਚੜ੍ਹਾਇਆ ।
੧੧੦. ਪਕੜੇ ਊਠ ਹਜ਼ਾਰਾਂ,
ਹਰ ਮੁਲਕਾਂ ਨੂੰ ਪਕੜਾਇਆ ।
੧੧੧. ਭੂੰ ਕੱਖ ਸੁਕਾ ਟਾਂਡਾ,
ਗੱਡੀਵਾਨਾਂ ਸਿਰ ਚਾਇਆ ।
੧੧੨. ਛਿਕਿਆ ਗਿਆ ਸਭੋ ਦਾਨਾ,
ਕਾਲ ਰੁਖ ਦਿਖਾਇਆ ।
੧੧੩. ਦਾਨੇ ਵਾਲੇ ਕਰਦੇ ਮਾਣਾ,
ਚਾ ਕਾਦਰ ਅਘ ਲਾਇਆ ।
੧੧੪. ਰੋਜ਼ੀ ਵੀ ਘਲ ਦੇਸੀ ਊਹੋ,
ਜੈਂ ਮਿਹਰੂੰ ਮੀਂਹ ਵਸਾਇਆ ।
੧੧੫. ਜਰਨੈਲ ਕੀਤਨ ਚੜ੍ਹ ਸਿੰਘਾਂ ਤੇ,
ਆਇਆ ਦੌੜ ਤਿਖਾਈ ।
੧੧੬. ਆਇਓਸ ਤੁਰਤ ਮਰੇਸਾਂ ਬਿਲਕੁਲ,
ਘੜੀਆਂ ਵਿਚ ਅਢਾਈ ।
੧੧੭. ਸਾਮਾ ਕੀਤਸੁ ਮੁਲਤਾਨ ਉਤੇ,
ਆਇ ਰੋਜ ਜਿਆਦਾ ਲਾਈ ।
੧੧੮. ਲਿਖਿਆ ਸਾਹਿਬ ਲੋਕਾਂ ਦੇ,
ਜਾ ਪਹੁੰਚੇ ਜਾ ਬਾ ਜਾਈ ।
੧੧੯. ਸੁਰਸਤ ਦੀਵਾਨ ਹਾਕਿਮ,
ਆਈਨ ਮੰਨੇ ਹਰ ਕਾਈ ।
੧੨੦. ਫੌਜਾਂ ਕੁਲ ਪੰਜਾਬੀ ਦੀਆਂ,
ਗਿਆ ਪਿਛਾਂਹ ਹਟਾਈ ।
੧੨੧. ਅਗੰਨ ਬੋਟ ਵਿਚ ਦਰਿਆਵਾਂ ਦੇ,
ਗਿਆ ਹਿਕਮਤ ਨਾਲ ਲੁੜ੍ਹਾਈ ।
੧੨੨. ਵੰਞ ਪਹੁਤੇ ਸ਼ਹਿਰ ਦੇ ਨੇੜੇ,
ਸਖਤ ਕੀਤਸੁ ਵੈਰਾਹੀ ।
੧੨੩. ਧੜੀ ਲਗੀ ਤੋਪਾਂ ਦੀ,
ਦਿਨ ਰਾਤ ਨ ਕੱਢਣ ਸਾਹੀ ।

੧੨੪. ਗੋਲੇ ਪਾਏ ਪਵਨ ਦੁਗਾੜੇ,
ਵੰਵਨ ਗੁਬਾਰੇ ਚਾਈ ।
੧੨੫. ਗੋਲੇ ਭੰਨਨ ਖਾਨਕਾਹਾਂ ਕੂੰ,
ਬਣੀ ਰਜ਼ਾ ਇਲਾਹੀ ।
੧੨੬. ਹਥ ਹਥਿਆਰ ਤਲਵਾਰ ਫੜਨ,
ਦੋ ਅਖੀਆਂ ਦਿਸੇ ਲਲਾਈ ।
੧੨੭. ਕਰਾਬੀਨੀਆਂ ਤਮਾਚੇ ਛੁੱਟੇ,
ਤੋਪਾਂ ਕਮੀ ਨ ਕਾਈ ।
੧੨੮. ਬਰਛੀਆਂ ਤੇ ਓਹ ਸਾਂਗਾਂ ਮਾਰਨ,
ਵਿਚ ਵਧ ਕਰ ਸਿਪਾਹੀ ।
੧੨੯. ਤਕਦੀਰ ਮਸੀਤ[੨੭] ਉਡਾਈ ਦਾਰੂੰ,
ਸ਼ਿਲਹਾਂ ਥੀਆਂ ਹਵਾਈ ।
੧੩੦. ਗੋਰੇ ਵੀ ਲੜ ਪਵਨ ਜੋਰੇ,
ਕੀਤੀ ਵੰਞਨ ਅਦਾਈਂ ।
੧੩੧. ਭਜ ਭਜ ਪਵਣ ਅਗਾਂਹ ਤੇ,
ਜਿਵੇਂ ਕਰੇ ਪਤੰਗ ਤਿਖਾਈ ।
੧੩੨. ਲੁਕ ਛਪ ਕੋਈ ਨਾ ਛੁੱਟਾ,
ਜੋ ਮੂਹ ਗੋਰਿਆਂ ਦੇ ਆਈ ।
੧੩੩. ਠਾਈ ਖ਼ਰਾਬ ਖ਼ਲਕਤ ਮੁਲਤਾਨੀ,
ਰੁੱਲੀ ਜਾ ਬਜਾਈ ।
੧੩੪. ਸਭਾ ਸਖਤ ਵੇੜ੍ਹੇ ਮੂਲੇ ਕੂੰ ਬੈਠੇ,
ਕਿਲੇ ਵਿਚ ਫਲਾਈ ।
੧੩੫. ਜ਼ਾਇਦਾ ਕੁਲ ਭਿਰਾ ਮੂਲੇ ਕੂੰ ਬੈਠੇ।
ਸੱਭ ਸਿਪਾਹ ਸਦਾਈ ।
੧੩੬. ਆਖਿਓਸੁ : ਵਸ ਕੀਤਮ ਬਹੁਤੇਰੇ,
ਹਰਗਿਜ਼ ਚਲੀ ਨ ਕਾਈ ।
੧੩੭. ਸਾਇਤ ਹਰੀ ਦੇ ਵੇਲੇ,
ਤਾਂ ਹੁਣ ਕੌਣ ਕਰੇ ਹਮਰਾਹੀ ?

---

੨੭. ਮੁਲਤਾਨ ਕਿਲ੍ਹੇ ਦੀ ਜਾਮਾ ਮਸਜਿਦ। ੩੦ ਦਸੰਬਰ, ਸੰਨ ੧੮੪੮ ਈ: ਨੂੰ ਇਸ ਮਸੀਤ ਉੱਤੇ ਗੋਲਾ ਪਿਆ ਤੇ ਬਾਰੂਦ ਖਾਨਾ ਉਡਣ ਕਰਕੇ ਅੱਗ ਲੱਗੀ ਸੀ । (ਮੁਲਤਾਨ ਗਜ਼ਟੀਅਰ, ੧੯੦੧-੦੨) ਇਸ ਬਾਰੂਦ ਖਾਨੇ ਦੇ ਉੱਡਣ ਨਾਲ ਮੂਲ ਰਾਜ ਦੇ ੫੦੦੦ ਫੌਜੀ ਸਿੱਖ ਮਾਰੇ ਗਏ ਸਨ । (ਕਨਿੰਘਮ, ਸਿੱਖ-ਇਤਿਹਾਸ)

੧੩੮. ਸਾਫ਼ ਜਵਾਬ ਸਿਪਾਹੀਆਂ ਦਿੱਤਾ,
ਕੱਲੇ ਸਿਰ ਤੇ ਆਈ ।
੧੩੯. ਥਈ ਸਲਾਹ ਕੁਫਰ ਵਿਚ ਈਵੇਂ,
ਮਿਲਣ ਜਿਹਾ ਨਹੀਂ ਕਾਈ ।
੧੪੦. ਵੰਞ ਖਲੇ ਸਾਹਿਬ ਦੇ ਅੱਗੂੰ,
ਗਲ ਵਿਚ ਕਪੜਾ ਪਾਈ ।
੧੪੧. "ਬਖਸ਼ ਅਲਾਹ ਦੇ ਲੇਖੇ ਮੈਕੂੰ,
ਮੈ ਹਾਂ ਪੁਰ ਤਕਸੀਰ ਗੁਨਾਹੀ ।
੧੪੨. ਇਹ ਮੁਲਕ ਤੇਰਾ, ਇਹ ਮੁਲਕ ਤੇਰਾ,
ਤੂੰ ਹੈਂ ਮੁਲਕਾਂ ਦਾ ਸਾਈਂ ।
੧੪੩. ਥੀ ਬੰਦਾ ਜੁਲੇਸਾਂ* ਤੇਰਾ,
ਜੇ ਤੂੰ ਕੈਦੂੰ ਜਿੰਦ ਬਚਾਈ ।"
੧੪੪. ਕਰਨੈਲ ਤੇ ਲੇਕ ਸਾਹਿਬ,
ਫ਼ਿਰ ਗਲ ਈਹਾ ਫਰਮਾਈ ।
੧੪੫. ਗਾਦੀ ਥੀ ਕਿਉਂ ਮਿਲਿਓਂ ਮੂਲਾ?
ਕਰੇ ਹਾ ਫੇਰ ਲੜਾਈ ।
੧੪੬. ਆਖਿਓਸੁ : ਨਹੀਂ ਮੁਨਾਸਬ ਮੈਕੂੰ,
ਸਾਹਿਬ ਲੋਕਾਂ ਨਾਲ ਕਰਨ ਲੜਾਈ।
੧੪੭. ਵਜੀਰ ਅਮੀਰ ਮੇਰੇ ਤਾਂ ਈਵੇਂ,
ਫੂਕ ਲਿੰਬੀ ਅਗ ਲਾਈ ।
੧੪੮. ਜਰਨੈਲ ਕੀਤਾ ਚਾ ਜੇਲ ਮੂਲੇ ਕੂੰ,
ਗੱਲ ਈਹਾ ਫਰਮਾਈ ।
੧੪੯. "ਮੱਲ ਖਜ਼ਾਨਾ ਦੌਲਤ ਦੁਨੀਆਂ,
ਲੇਖਾ ਦੇ ਇਥਾਈਂ ।"
੧੫੦. ਆਖਿਓਸੁ :- "ਮੈਂ ਹਾਂ ਬਿਚਾਰਾ ਸੂਬਾ,
ਆਹੀ ਰਣਜੀਤ ਦੀ ਬਾਦਸ਼ਾਹੀ ।
੧੫੧. ਮੁਲਕ ਆਹਾ ਵਿਚ ਇਜਾਰੇ,
ਦੌਲਤ ਸਾਲ ਬਸਾਲ ਪੁਚਾਈ ।
੧੫੨. ਬਾਕੀ ਦੌਲਤ ਆਈ ਕੰਮ ਹਥਿਆਰਾਂ ਦੇ,
ਮਿਹਨਤ ਘਿਨਣ ਸਵਾਈ ।

੧੫੩. ਜੋ ਇਸਬਾਬ ਸਿਪਾਹੀਆਂ ਦੇ,
ਓਹ ਗਏ ਹਨ ਇਥਾਂ ਲੁਟਾਈ ।
੧੫੪. ਕਈ ਰਖੇ ਕਈ ਭੰਨੇ,
ਕਈ ਲੱਧੇ ਨਹੀਂ ਕਿਥਾਈਂ ।
੧੫੫. ਕਰ ਆਏ ਹਨ ਬਹਾਨਾ ਰੋਜ਼ੀ ਦਾ,
ਓਹ ਗਏ ਹਨ ਸਿਰ ਮਰਾਈ ।"
੧੫੬. ਆਖਿਓਸੁ:"ਬਹੂੰ ਗੁਨਾਹ ਹਨ ਸਿਰ ਤੇਰੇ,
ਮੂਲਾ ਛੂਟੇ ਕਹੀਂ ਅਦਾਈਂ ।
੧੫੭. ਲਿਖ ਭੇਜਿਆ ਹਿੱਸੇ ਲੰਦਨ-
ਵਲ ਸੀ ਨਾਲ ਤਿਖਾਈ ।
੧੫੮. ਜੋ ਕੰਪਨੀ[੨੮] ਦਾ ਆਸੀ ਲਿਖਿਆ,
ਨ ਜਾਨੇਸਾਂ ਤਿਲ ਤਾਈ ।
੧੫੯. ਤੰਗ ਰਖੇ ਮੁਲਤਾਨ ਦੀ ਕੰਪਨੀ,
ਭਾਲੇ ਨੀਤ ਇਦਾਹੀ ।
੧੬੦. ਜਿੰਦਾ ਆਨ ਦਿਖਾਲੋ ਮੂਲਾ,
ਇਕ ਵਾਰ ਇਥਾਈਂ ।
੧੬੧. ਧੋਤੀ ਬੰਨ੍ਹ ਕਰਾੜ ਵੰਞਾਇਆ,[੨੯]
ਆਂਦੇ ਅਹਿਲ ਕਿਤਾਬ ਨੀ ਸਾਈਂ ।
੧੬੨. ਦੇਖੋ ਖੇਲ ਇਹ ਡਾਢੇ ਰਬ ਦੀ,
ਵਸਦੀਆਂ ਉਜੜ ਗਈਆਂ ਨੇ ਜਾਈਂ ।
੧੬੩. ਹੁਣ ਅਮਨ ਜ਼ਮਾਨਾ ਆਇਆ ਹੈ,
ਰਲ ਖੇਡਣ ਸ਼ੀਂਹ ਤੇ ਗਾਈਂ ।
੧੬੪. ਜੋ ਕੁਛ ਗੁਜ਼ਰਿਆ ਮੁਲਕੇ ਅੰਦਰ,
ਸੋਭਾ[੩੦] ਆਖ ਸੁਣਾਈਂ ।

* * *

---

੨੮. ਈਸਟ ਇੰਡੀਆ ਕੰਪਨੀ ਦੀ ਗਵਰਨਮੈਂਟ ।

੨੯. ਦੀਵਾਨ ਮੂਲ ਰਾਜ ਨੂੰ ਦੇਸ-ਨਿਕਾਲੇ ਦੀ ਸਜ਼ਾ ਮਿਲੀ ਤੇ ਦੇਸ ਦੇ ਮਾਲਕ ਅਹਿਲਿ ਕਿਤਾਬ, ਅਰਥਾਤ-ਈਸਾਈ ਬਣ ਗਏ ।

੩੦. ਕਵੀ ਸੋਭਾ ਬਲੋਚ ਦੇ ਸੰਬੰਧ ਵਿਚ ਵਧੇਰੇ ਵਾਕਫ਼ੀਅਤ ਲਈ ਇਸ 'ਵਾਰ' ਦੀ ਭੂਮਿਕਾ ਪੜ੍ਹੋ ।

# ੧੫-ਕੁਝ ਹੋਰ ਇਤਿਹਾਸਿਕ ਵਾਰਾਂ

'ਵਾਰ' ਅਥਵਾ 'ਜੰਗ-ਨਾਮਾ', ਜਿਵੇਂ ਕਿ ਪਿੱਛੇ ਦੱਸਿਆ ਗਿਆ ਹੈ, ਇਕੋ ਹੀ ਅਰਥ ਰੱਖਣ ਵਾਲੇ ਦੋ ਸ਼ਬਦ ਹਨ, ਜਿਨ੍ਹਾਂ ਦਾ ਵਿਸ਼ਾ ਹੈ ਬੀਰ-ਰਸੀ ਕਵਿਤਾ ਵਿਚ ਜੰਗਾਂ ਜੁੱਧਾਂ ਦਾ ਵਰਨਣ। 'ਵਾਰਾਂ' ਅਥਵਾ 'ਜੰਗ ਨਾਮੇ ਦੇ ਓਜਮਈ ਕਾਵਿਜ ਰੂਪ ਵਰਨਣ ਦਾ ਨਾਂ ਹੈ 'ਵਾਰ' ਤੇ ਫ਼ਾਰਸੀ ਵਿਚ 'ਜੰਗ ਨਾਮਾ'। ਵਾਰਾਂ ਪੁਰਾਤਨ ਪੰਜਾਬੀ ਸਾਹਿੱਤ ਵਿਚੋਂ ਦੋ ਤਰ੍ਹਾਂ ਦੀਆਂ ਮਿਲਦੀਆਂ ਹਨ- (੧) ਅਧਿਆਤਮਕ ਵਾਰਾਂ ਤੇ (੨) ਜੰਗ-ਜੁੱਧਾਂ ਦੀਆਂ ਵਾਰਾਂ। ਪਹਿਲੀ ਕਿਸਮ ਦੀਆਂ ਵਾਰਾਂ, ਜਿਨ੍ਹਾਂ ਦੇ ਨਮੂਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮਿਲਦੇ ਹਨ। ਸਤੋ, ਰਜੋ, ਤਮੋ, ਗੁਣੀ ਬਿਰਤੀਆਂ ਦੇ ਜੰਗੀ ਕਾਰਨਾਮੇ ਹਨ ਤੇ ਦੂਜੀਆਂ ਵਾਰਾਂ ਨਿਰੋਲ ਸੰਸਾਰਕ ਜੰਗ ਨਾਮੇ। ਜੰਗੀ ਵਾਰਾਂ ਵਿਚ ਖ਼ਾਸ ਤੌਰ ਤੇ ਰਾਜੇ, ਰਾਣੇ ਜਾਂ ਹੋਰ ਪ੍ਰਸਿੱਧ ਸੂਰਮੇ ਆਪੋ ਆਪਣਾ ਹਿੱਸਾ ਅਦਾ ਕਰਦੇ ਹਨ, ਅਰਥਾਤ ਉਹੋ ਸਤੋ, ਰਜੋ ਤੇ ਤਮੋ ਗੁਣੀ ਬਿਰਤੀਆਂ ਦਾ ਜਿਨ੍ਹਾਂ ਦਾ ਜ਼ਿਕਰ ਅਧਿਆਤਮਕ ਵਾਰਾਂ ਵਿਚ ਆਉਂਦਾ ਹੈ, ਜੰਗੀ ਵਾਰਾਂ ਵਿਚ ਪ੍ਰਤੱਖ ਇਨਸਾਨੀ ਰੂਪ ਧਾਰ ਕੇ ਆਪਸ ਵਿਚ ਭਿੜਦੀਆਂ ਸਨ।

ਸਿੱਖ ਧਰਮ ਦੇ ਬਾਨੀ ਦਸ ਗੁਰੂ ਸਾਹਿਬਾਂ ਨੇ, ਜੋ ਆਪਣੇ ਸਮੇਂ ਦੇ ਅਦੁੱਤੀ ਸਮਾਜ ਸੁਧਾਰਕ ਨੇਤਾ ਸਨ, ਇਨ੍ਹਾਂ ਦੋਨਾਂ ਹੀ ਕਿਸਮਾਂ ਦੇ ਵਾਰ-ਸਾਹਿੱਤ ਨੂੰ ਅਪਣਾਇਆ ਹੈ। ਅਧਿਆਤਮਕ ਵਾਰਾਂ ਨੂੰ ਉਨ੍ਹਾਂ ਨੇ ਆਪਣੀ ਬਾਣੀ ਵਿਚ ਸਥਾਨ ਦਿੱਤਾ ਹੈ ਤੇ ਜੰਗੀ ਵਾਰਾਂ ਨੂੰ ਉਨ੍ਹਾਂ ਨੇ ਇਸੇ ਬਾਣੀ ਪਰ ਆਧਾਰਿਤ ਧੁਨਾਂ ਦੇ ਤੌਰ ਤੇ ਵਰਤਿਆ ਹੈ। ਇਹ ਕੇਵਲ ਇਸ ਲਈ ਕਿ ਪੰਜਾਬ ਦੇ ਵਸਨੀਕ ਇਸ ਬਾਣੀ ਦਾ ਸ੍ਰਵਣ, ਮਨਨ ਤੇ ਧਿਆਨ ਕਰਕੇ ਜਿਥੇ ਅਧਿਆਤਮਕ ਤੌਰ 'ਤੇ ਉੱਚੇ ਹੋਣ ਉਥੇ ਨਾਲ ਹੀ ਦੇਸ਼ ਦੀ ਰੱਖਿਆ ਲਈ ਬੀਰ-ਰਸ ਨਾਲ ਭਰਪੂਰ ਹੋ ਕੇ ਚੰਗੇ ਸੂਰਮੇ ਤੇ ਬਹਾਦੁਰ ਸਿਪਾਹੀ ਵੀ ਸਾਬਤ ਹੋਣ। ਗੁਰਬਾਣੀ ਦੀਆਂ ਬਾਈ ਵਾਰਾਂ ਦੀਆਂ ਨੌ ਧੁਨਾਂ ਦੇ ਨਾਇਕ ਅਧਿਨਾਇਕ ਜਾਂ ਪ੍ਰਤੀ ਨਾਇਕ, ਮਹਿਮਾ ਹਸਨਾ, ਟੁੰਡਾ ਅਸ-ਰਾਜਾ ਆਦਿ ਪੰਜਾਬ ਦੇ ਸੂਰਵੀਰ ਸਨ, ਜਿਨ੍ਹਾਂ ਨੇ ਜੰਗਾਂ-ਯੁੱਧਾਂ ਵਿਚ ਕਿਸੇ ਸਮੇਂ ਕਰਾਰੇ ਹੱਥ ਦਿਖਾਏ ਤੇ ਆਪੋ ਆਪਣੇ ਇਲਾਕੇ ਨਾਲ ਸਬੰਧ ਰੱਖਦੇ ਸਨ ਤੇ ਕੋਈ ਪੰਜਾਬ ਦੇ ਮੈਦਾਨੀ ਇਲਾਕੇ ਨਾਲ। ਜਾਤੀ ਦੇ ਲਿਹਾਜ ਨਾਲ ਵੀ ਇਨ੍ਹਾਂ ਵਿਚੋਂ ਬਹੁਤੇ ਰਾਜਪੂਤ ਜਾਂ ਛਤ੍ਰੀ ਹੀ ਸਨ। ਗੁਰੂ ਹਰਿਗੋਬਿੰਦ ਜੀ ਨੇ ਇਨ੍ਹਾਂ ਦੇ ਵਿਕੋਲਿਤ੍ਰੇ

ਜੰਗੀ ਕਾਰਨਾਮਿਆਂ ਨੂੰ ਲੈ ਕੇ ਆਪਣੇ ਦਰਬਾਰੀ ਢਾਡੀਆਂ-ਅਬਦੁੱਲੇ ਤੇ ਨੱਥੇ-ਰਾਹੀਂ ਸਿੱਖਾਂ ਵਿੱਚ ਕਿਤਨਾ ਅਥਾਹਾ ਜੋਸ਼ ਭਰਿਆ ਤੇ ਉਨ੍ਹਾਂ ਨੂੰ ਡਿੱਗੀ ਹੋਈ ਹਾਲਤ ਵਿਚੋਂ ਕੱਢ ਕੇ ਦੇਸ਼ ਦੀ ਇਕ ਜੀਉਂਦੀ-ਜਾਗਦੀ ਕੌਮੀਅਤ ਦਾ ਰੂਪ ਦਿੱਤਾ ਸੀ, ਉਸ ਦਾ ਪਤਾ ਸਿੱਖ-ਇਤਿਹਾਸ ਪੜ੍ਹਨ ਤੋਂ ਚੰਗੀ ਤਰ੍ਹਾਂ ਲੱਗਦਾ ਹੈ।

ਨੌ ਧੁਨਾਂ ਦੀਆਂ ਸੰਕੇਤਕ ਵਾਰਾਂ ਤੋਂ ਇਲਾਵਾ ਪੰਜਾਬੀ ਵਿਚ ਵਾਰਾਂ ਤਾਂ ਹੋਰ ਵੀ ਬਹੁਤੀਆਂ ਹਨ, ਜਿਵੇਂ-ਵਾਰ ਪੀਰਾਂ ਦੀ, ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਦੀਆਂ ਵਾਰਾਂ, ਭੰਗਾਣੀ ਦੀ ਵਾਰ, ਅਨੰਦਪੁਰ ਦੀ ਵਾਰ, ਸ੍ਰੀ ਦਸਮੇਸ਼ ਜੀ ਦੀ ਵਾਰ, ਵਾਰ ਸ੍ਰੀ ਅੰਮ੍ਰਿਤਸਰ ਜੀ ਕੀ, ਬਰਾੜਾਂ ਦੀ ਵਾਰ, ਆਦਿ, ਪਰ ਵਾਰਾਂ ਦਾ ਬਹੁਤਾ ਪ੍ਰਚਾਰ ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਦੇ ਸਮੇਂ ਵਿਚ ਹੀ ਹੋਇਆ ਸੀ, ਜਦੋਂ ਕਿ ਸਿੱਖਾਂ ਨੂੰ ਬਹੁਤੇ ਜੰਗ ਜੁੱਧ ਕਰਨੇ ਪਏ ਸਨ। ਅਜਿਹੀਆਂ ਵਾਰਾਂ ਜਾਂ ਜੰਗ ਨਾਮੇ ਪੰਜਾਬੀ ਤੋਂ ਬਿਨਾਂ ਉਰਦੂ, ਫ਼ਾਰਸੀ, ਹਿੰਦੀ, ਸੰਸਕ੍ਰਿਤ ਤੇ ਪਸ਼ਤੋ ਵਿਚ ਵੀ ਰਚੇ ਹੋਏ ਮਿਲਦੇ ਹਨ, ਜਿਵੇਂ-ਜੰਗ-ਨਾਮਾ ਕਾਬਲ ਵ ਖੁਰਾਸਾਨ (ਮੁਨਸ਼ੀ ਕਰੀਮ ਬਖ਼ਸ਼, ਆਜਿਜ਼), ਅਕਬਰ ਨਾਮਾ (ਅਬਦੁਲ ਕਰੀਮ), ਫ਼ਤਿਹ ਨਾਮਾ ਗੁਰੂ ਖ਼ਾਲਸਾ ਜੀ ਕਾ (ਗਣੇਸ਼ ਦਾਸ 'ਪਿੰਗਲ'), ਵਿਜਯ ਸ਼ਤਕੰ (ਪੰਡਿਤ ਧਰਣੀ ਧਰ) ਮੁਲਤਾਨ ਵਿਜੈ, ਪਿਸ਼ਾਵਰ ਵਿਜੈ ਆਦਿ, ਪਰ ਏਥੇ ਅਸੀਂ ਕੇਵਲ ਪੰਜਾਬੀ ਬੋਲੀ ਦੀਆਂ ਵਾਰਾਂ ਬਾਰੇ ਹੀ, ਜੋ ਇਸ ਸਮੇਂ ਲਿਖੀਆਂ ਗਈਆਂ, ਵਿਚਾਰ ਕਰਨੀ ਹੈ। ਅਜਿਹੀਆਂ ਪੰਜਾਬੀ ਵਾਰਾਂ ਵਿਚੋਂ ਮਹਾਰਾਜਾ ਰਣਜੀਤ ਸਿੰਘ ਦੀ ਵਾਰ, ਜੰਗ-ਨਾਮਾ ਮੁਲਤਾਨ, ਸ: ਹਰੀ ਸਿੰਘ ਨਲਵੇ ਦੀ ਵਾਰ, ਰਾਮ ਸਿੰਘ ਪਠਾਣੀਏ ਦੀ ਵਾਰ, ਅਨੰਦਪੁਰ ਦੀ ਵਾਰ, ਸੰਧਾਵਾਲੀਆਂ ਦੀ ਵਾਰ ਆਦਿ ਮਹਾਰਾਜਾ ਰਣਜੀਤ ਸਿੰਘ ਤੇ ਉਸ ਤੋਂ ਪਿਛਲੇ ਸਿੱਖ-ਇਤਿਹਾਸ ਨਾਲ ਸੰਬੰਧ ਰਖਦੀਆਂ ਹਨ ਇਹ ਵਾਰਾਂ ਕਿਹੋ ਜਹੀਆਂ ਹਨ; ਇਸ ਬਾਰੇ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਦੀ ਇਕ ਵਾਰ ਵਿਚੋਂ ਇਕ ਉਦਾਹਰਣ ਪੇਸ਼ ਕਰਦਾ ਹਾਂ :-

ਸੋਹਣਾ ਬਣਿਆ ਅੰਬਰਸਰ, ਸੋਹਣਾ ਬਣਿਆ ਦਰਬਾਰ।
ਸੰਗ ਮਰਮਰ ਦਾ ਪੱਥਰ ਲੱਗਿਆ, ਚਾਂਦੀ ਜੜੇ ਕਿਵਾੜ।
ਕਈ ਲੱਖ ਉਹਨੂੰ ਸੋਨਾ ਲੱਗਿਆ, ਮੋਤੀ ਲੱਖ ਹਜ਼ਾਰ।
ਕੋਈ ਕੋਈ ਹਟਵਾਣੀਆ ਵਸਦਾ, ਵਸਦੇ ਸ਼ਾਹੂਕਾਰ।
ਮਹਾਂਸਿੰਘ ਘਰ ਰਣਜੀਤ ਸਿੰਘ ਜੰਮਿਆਂ, ਜੰਮਿਆਂ ਬਡ ਅਵਤਾਰ।
ਕਈ ਹਜ਼ਾਰ ਉਹਨੇ ਘੋੜੇ ਰਖ ਲਏ, ਫੌਜਾਂ ਲੱਖ ਹਜ਼ਾਰ।
ਵਿਚ ਖ਼ੈਬਰ ਦੇ ਲਗੀ ਲੜਾਈ, ਲਿਸ਼ਕੀ ਹੈ ਤਲਵਾਰ।
ਓਥੇ ਘੱਲ ਦਿਓ ਹਰੀ ਸਿੰਘ ਨੂੰ, ਫੌਜਾਂ ਦਾ ਸਰਦਾਰ।

ਪਰ ਇਸ ਦੇ ਨਾਲ ਇਸ ਵਾਰ ਵਿਚ ਇਹ ਵੀ ਦੱਸਿਆ ਹੈ ਕਿ ਮਹਾਰਾਜਾ ਰਣਜੀਤ ਸਿੰਘ ਨੂੰ ਜਮਾਂਦਾਰ ਖੁਸ਼ਹਾਲ ਸਿੰਘ ਦੇ ਭਤੀਜੇ ਤੇਜਾ ਸਿੰਘ ਉਤੇ ਵਿਸ਼ਵਾਸ

ਨਹੀਂ ਸੀ। ਕਾਰਣ ਇਸ ਬੇ-ਇਤਬਾਰੀ ਦਾ ਇਹੋ ਹੋ ਸਕਦਾ ਹੈ, ਕਿ ਤੇਜਾ ਸਿੰਘ ਸ਼ੁਰੂ ਤੋਂ ਸਾਜ਼ਸ਼ੀ ਆਦਮੀ ਸੀ ਉਸ ਦੀਆਂ ਕੁਝ ਸਾਜ਼ਸ਼ਾਂ ਨਾ ਕੇਵਲ ਪਿੱਛੋਂ ਸਗੋਂ ਰਣਜੀਤ ਸਿੰਘ ਦੇ ਸਮੇਂ ਵਿਚ ਹੀ ਉੱਘੜਨ ਲੱਗ ਪਈਆਂ ਸਨ, ਜਿਵੇਂ ਕਿ ਹਰੀ ਸਿੰਘ ਨਲਵੇ ਨੂੰ ਦੱਰਾ ਖ਼ੈਬਰ ਦੀ ਲੜਾਈ ਵਿੱਚ ਭੇਜਣ ਸਮੇਂ ਕਵੀ ਨੇ ਇਕ ਤੁਕ ਮਹਾਰਾਜੇ ਦੇ ਮੂੰਹੋਂ ਇਸ ਤਰ੍ਹਾਂ ਅਖਵਾਈ ਹੈ-

ਤੇਜਾ ਸਿੰਘ ਦੀ ਫੌਜ ਦਾ ਸਿੰਘੋ, ਮੈਨੂੰ ਨਹੀਂ ਇਤਬਾਰ।

ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ ਦਾ ਹੁਕਮ ਸੁਣ ਕੇ ਸਰਦਾਰ ਹਰੀ ਸਿੰਘ ਨਲਵੇ ਨੇ, ਜੋ ਕਿ ਸਿੱਖ-ਰਾਜ ਦਾ ਨਮਕ-ਹਲਾਲ ਜਰਨੈਲ ਸੀ, ਸੂਬਾ ਸਰਹੱਦ ਵੱਲ ਚਾਲੇ ਪਾ ਦਿਤੇ ਤੇ ਮਜ਼ਲਾਂ ਮਾਰਦਾ ਹੋਇਆ ਇਸ ਤਰ੍ਹਾਂ ਚਲਿਆ-

ਪਹਿਲਾਂ ਡੇਰਾ ਰਾਵੀ ਦੇ ਕੰਢੇ, ਦੂਜਾ ਰਾਵੀ ਦੇ ਪਾਰ।
ਤੀਜਾ ਡੇਰਾ ਗੁੱਜਰਾਂ ਵਾਲੇ, ਚੌਥਾ ਵਜ਼ੀਰਾ ਬਾਦ।
'ਚੰਬੇ' ਘੋੜੇ ਨੂੰ ਦੇਵੇ ਥਾਪੜਾ, ਤੂੰ ਰੱਖ ਧੌਲਿਆਂ ਦੀ ਲਾਜ।

ਵਾਰ ਦੀ ਇਸ ਅੰਤਲੀ ਤੁਕ ਤੋਂ ਪਤਾ ਲਗਦਾ ਹੈ ਕਿ ਸਰਦਾਰ ਹਰੀ ਸਿੰਘ ਨਲਵੇ ਦੇ ਘੋੜੇ ਦਾ ਨਾਂ 'ਚੰਬਾ' ਸੀ। ਇਹ ਨਾਂ ਸ਼ਾਇਦ ਹੋਰ ਕਿਸੇ ਇਤਿਹਾਸਕ ਹੱਥ ਲਿਖਤ ਵਿਚ ਨਹੀਂ ਆਇਆ। ਇਸ ਤੋਂ ਅਗੇ ਕਵੀ ਦੱਰਾ ਖ਼ੈਬਰ ਦੀ ਲੜਾਈ ਦਾ ਖਾਕਾ ਇਹਨਾਂ ਸ਼ਬਦਾਂ ਵਿਚ ਉਲੀਕਦਾ ਹੈ-

ਨਿਕੀ ਜੇਹੀ ਉਠੀ ਬਦਲੀ, ਮੀਂਹ ਵਸਿਆ ਮੋਹਲੇ ਧਾਰ।
ਛਪੜੀਆਂ ਦਾ ਪਾਣੀ ਪੀ ਕੇ, ਸਿੰਘ ਹੋ ਗਏ ਖਬਰਦਾਰ।
ਚਲੋ ਭਰਾਓ ਮੇਰਿਓ, ਮੈਂ ਰਲਿਆ ਤੁਹਾਡੇ ਨਾਲ।
ਉਥੇ ਮਰ ਗਇਆ ਹਰੀ ਸਿੰਘ ਸੂਰਮਾ, ਬੀਰਾਂ ਦਾ ਸਰਦਾਰ।

ਸਰਦਾਰ ਹਰੀ ਸਿੰਘ ਨਲਵਾ ਜਮਰੌਦ ਦੇ ਕਿਲ੍ਹੇ ਵਿਚ ਸ਼ਹੀਦ ਹੋਇਆ ਸੀ, ਪਰ ਇਹ ਜੰਗ ਕਿਵੇਂ ਹੋਇਆ ਤੇ ਹਰੀ ਸਿੰਘ ਇਸ ਜੰਗ ਵਿਚ ਸ਼ਹੀਦ ਕਿਵੇਂ ਹੋਇਆ, ਕਵੀ ਨੇ ਇਸ ਬਾਰੇ ਕੁਝ ਰੌਸ਼ਨੀ ਨਹੀਂ ਪਾਈ। ਦੱਰਾ ਖ਼ੈਬਰ ਦੀ ਇਹ ਲੜਾਈ ਇਸ ਵਾਰ ਵਿਚ ਏਥੇ ਹੀ ਮੁੱਕ ਜਾਂਦੀ ਹੈ ਤੇ ਇਸ ਤੋਂ ਪਿੱਛੋਂ ਕਵੀ ਮਹਾਰਾਜਾ ਰਣਜੀਤ ਸਿੰਘ ਅਤੇ ਉਸ ਤੋਂ ਬਾਦ ਪੰਜਾਬ ਦੀ ਹਾਲਤ ਦਾ ਦਰਦਨਾਕ ਨਕਸ਼ਾ ਖਿੱਚਦਾ ਹੋਇਆ ਸਤਲੁਜ ਦਾ ਜੰਗ ਹੋਣ ਤੇ ਅੰਗਰੇਜ਼ਾਂ ਦੀ ਆਮਦ ਬਾਰੇ ਇੰਜ ਲਿਖਦਾ ਹੈ-

ਦੂਰੋਂ ਨੰਦਣੋਂ ਚਲਿਆ ਫਰੰਗੀ, ਕਰ ਕੇ ਮੰਦ ਬਹਾਨਾ।
ਮੰਜਲੋ ਮੰਜਲੀ ਆਣ ਕੇ ਉਹ ਨੇ, ਮੱਲਿਆ ਲੁਦੇਆਣਾ।
ਦਰ ਦਰ ਉਸ ਦੀ ਚੌਕੀ ਬਹਿ ਗਈ, ਸ਼ਹਿਰੀਂ ਬਹਿ ਗਇਆ ਠਾਣਾ।
ਸਿੱਖਾਂ ਨੂੰ ਅੰਗਰੇਜ਼ਾਂ ਨੇ ਮਾਰ ਲਇਆ, ਹੋ ਗਇਆ ਰਬ ਦਾ ਭਾਣਾ।

ਫੇਰ ਇਸ ਘਟਨਾ ਨੂੰ ਕਵੀ ਨੇ ਕੁਝ ਹੋਰਵੇਂ ਰੰਗਣ ਦੇ ਕੇ ਇਉਂ ਲਿਖਿਆ ਹੈ-

ਦੂਰੋਂ ਨੰਦਨੋਂ ਆਇਆ ਫਰੰਗੀ, ਸਿਰ ਪਰ ਰੱਖ ਕੇ ਟੋਪੀ।
ਬੜੇ ਰਾਜਿਆਂ ਤੋਂ ਸੜਕ ਪੁਟਾਈ, ਹਥ ਵਿਚ ਫੜ ਕੇ ਸੋਟੀ।
ਸੜਕ ਤੇਰੀ ਓਇ ਸੋਈ ਪੁਟਣਗੇ, ਜਿਨ੍ਹਾਂ ਦੀ ਖਿਸਮਤ ਖੋਟੀ।
ਭਾਣਾ ਸਿਖਾਂ ਉਤੇ ਵਰਤ ਗਇਆ, ਕਿਸੇ ਨ ਹਾਮੀ ਓਟੀ।

ਇਹ ਹਨ ਇਸ ਵਾਰ ਦੇ ਅੰਤਲੇ ਵਾਕ, ਇਨ੍ਹਾਂ ਵਿੱਚ ਕਵੀ ਨੇ ਸਿੱਖਾਂ ਦੀ ਗਿਰਾਵਟ ਦੱਸਕੇ ਉਹਨਾਂ ਦੀ ਅਣਖ ਦਾ ਖਾਕਾ ਇਸ ਢੰਗ ਨਾਲ ਉਲੀਕਿਆ ਹੈ ਕਿ ਕਈ ਬੜੇ ਬੜੇ ਸਿੱਖ ਰਈਸ ਜਾਂ ਰਾਜੇ ਜੋ ਇਸ ਦੇਸ਼ ਦੇ ਅਸਲ ਹਾਕਮ ਸਨ, ਜਦ ਆਪਸ ਦੀ ਇਸ ਫੁੱਟ ਦੇ ਕਾਰਣ ਇਸ ਤਰ੍ਹਾਂ ਪਰਾਧੀਨ ਹੋ ਗਏ ਤਾਂ ਉਹਨਾਂ ਨੂੰ ਵੀ ਅੰਗਰੇਜ਼ ਦੀ ਮਜ਼ਦੂਰੀ ਅਥਵਾ ਨੌਕਰੀ ਕਰਨੀ ਪਈ। ਕਈ ਸਰਦਾਰ ਜੋ ਪਰਾਧੀਨ ਹੋਣ ਦੇ ਬਾਵਜੂਦ ਦਿਲ ਵਿਚ ਅਣਖ ਰੱਖਦੇ ਸਨ, ਸੰਨ ੧੮੪੯ ਤੋਂ ਪਿੱਛੋਂ ਵੀ ਜਦ ਕਿ ਪੰਜਾਬ ਉੱਤੇ ਪੂਰੀ ਤਰ੍ਹਾਂ ਅੰਗਰੇਜ਼ਾਂ ਦਾ ਅਧਿਕਾਰ ਹੋ ਗਿਆ ਸੀ, ਦੁਸ਼ਮਣ ਦੇ ਅਗੇ ਨਹੀਂ ਸਨ ਝੁਕੇ ਤੇ ਉਹਨਾਂ ਨੇ ਅੰਗਰੇਜ਼ੀ ਹਕੂਮਤ ਦੀ ਨੌਕਰੀ ਕਬੂਲ ਨਹੀਂ ਸੀ ਕੀਤੀ।

ਇਸ ਵਾਰ ਤੋਂ ਬਿਨਾਂ ਇਕ ਹੋਰ ਵਾਰ, ਜੋ ਇਸੇ ਕਿਸਮ ਦੀ ਹੈ, ਸਿੱਖਾਂ ਤੇ ਅੰਗਰੇਜ਼ਾਂ ਦੀਆਂ ਲੜਾਈਆਂ ਬਾਰੇ ਕੁਝ ਵਧੀਕ ਰੌਸ਼ਨੀ ਪਾਉਂਦੀ ਹੈ। ਇਹ ਵਾਰ ਸੰਨ ੧੮੭੫ ਈਸਵੀ ਵਿਚ ਮਿਸਟਰ ਲੌਂਗਵਰਥ ਜੇਮਜ਼ ਨੂੰ ਝੰਗ ਦੇ ਇਲਾਕੇ ਵਿਚੋਂ ਮਿਲੀ ਸੀ। ਰੋਮਨ ਲਿਪੀ ਵਿਚੋਂ ਇਸ ਦਾ ਅਸਲ ਪਾਠ, ਜੋ ਗੁਰਮੁਖੀ ਵਿਚ ਸੋਧ ਸਵਾਰ ਕੇ ਉਲਟਾਇਆ ਹੈ, ਇਸ ਤਰ੍ਹਾਂ ਹੈ-

(੧)

ਚੜ੍ਹਾਈ ਕਰੀ ਖਾਲਸਾ, ਚਾ ਹਸਤਿ ਸੰਧੂਰੇ।
ਕੰਢੀਂ ਧਾੜਾਂ ਮਾਰੀਆਂ, ਵਾਂਗ ਗੁੰਬਜ ਪੂਰੇ।
ਹੱਥ ਗਾਨੇ ਬੱਧੇ ਸ਼ਾਮ ਸਿੰਘ, ਸਿਖ ਫ਼ਿਰਨ ਅਮੋੜੇ।
ਮੁਰਦੇ ਵਿਚ ਦਰਿਆ ਦੇ, ਧਰ ਭੰਨੇ ਪੂਰੇ।
ਸਿੰਘ ਆਖਣ ਇਹ ਦਿਨ ਮੌਤ ਦੇ ਬਹਿ ਕੀਤੇ ਪੂਰੇ॥

(੨)

ਕਰੀ ਤਿਆਰੀ ਲੰਡਨੋਂ ਸਾਹਿਬ ਸੜਕ ਕੁਟਾਈ।
ਗੋਰੇ ਕਾਲੇ, ਰਾਜਪੂਤ ਕਰ ਆਏ ਧਾਈ।
ਅਸਾਂ ਲੈਣਾਂ ਤਖਤ ਲਾਹੌਰ ਦਾ, ਉਥੇ ਸਿੱਖ ਸਿਪਾਹੀ।
ਲਈ ਛਿਆਨੀ ਗੋਰਿਆਂ, ਸਭ ਈਨ ਮਨਾਈ।
ਛਾਉਣੀ ਵਿੱਚ ਫੀਰੋਜ਼ਪੁਰ ਉਨ੍ਹਾਂ ਨੇ ਪਾਈ।

(੩)

ਸਰਦਾਰੀ ਮਹਾਂ ਸਿੰਘ ਦੀ, ਲਖ ਫਿਰਨ ਸਿਪਾਹੀ।

ਜਿਹੜੇ ਨੌਕਰ ਆਹੇ ਬਾਦਸ਼ਾਹ ਉਨ੍ਹਾਂ ਕੀਤੀ ਬੁਰਿਆਈ।
ਸੰਧਾਵਾਲੀਆਂ ਮਾਰਿਆ ਸ਼ੇਰ ਸਿੰਘ, ਅਤ ਵੇਖੋ ਚਾਈ।
ਲਿਖ ਬੀਬੀ ਤੇ[1] ਲਾਲ ਸਿੰਘ ਅਰਜ਼ੀ ਪਹੁੰਚਾਈ।
ਅਸਾਂ ਤਖਤ ਲਾਹੌਰ ਦੀ ਹੈ ਹਿੜਕੀ ਲਾਹੀ॥

(੪)

ਦੋਹਾਂ ਦਲਾਂ ਮੁਕਾਬਲਾ, ਚਾ ਅਣੀਆਂ ਧਾਈਆਂ।
ਅਸਾਂ ਤਖਤ ਲਾਹੌਰ ਦੀਆਂ ਨੇ ਹਿੜਕਾਂ ਲਾਹੀਆਂ।
ਲਿਖ ਬੀਬੀ ਤੇ ਲਾਲ ਸਿੰਘ ਅਰਜ਼ੀਆਂ ਪਹੁੰਚਾਈਆਂ॥

(੫)

ਡੇਰੇ ਵਿਚ ਲਾਹੌਰ ਦੇ ਸਾਹਿਬ ਸ਼ਾਲਾ ਬਾਗ।
ਮਿਲਿਆ ਆ ਅੰਗਰੇਜ਼ ਨੂੰ ਰਾਜਾ ਗੁਲਾਬ।
ਸਰਦਾਰੀ ਮਹਾਂ ਸਿੰਘ ਦੀ ਚਾ ਕਰੀ ਖਰਾਬ।
ਇਨ੍ਹਾਂ[2] ਮਾਰੇ ਰਾਜਾ[3] ਤੇ ਸ਼ੇਰ ਸਿੰਘ ਕੀਤੀ ਫ਼ਰਿਆਦ॥

(੬)

ਚੜ੍ਹੇ ਅਗਨੂੰ[4] ਸਾਹਿਬ ਨੂੰ ਚਾ ਆਖੇ ਲਾਗ।
ਪੈਦਾ ਕਰਨ ਇਹ ਰਾਤ ਦਿਨ ਪਹੁੰਚਾ ਪੰਜਾਬ।
ਵੜਿਆ ਵਿਚ ਮੁਲਤਾਨ ਦੇ ਪੀ ਕੈਫ਼ ਸ਼ਰਾਬ।
ਕਿਲਾ ਕਚਹਿਰੀ ਬੈਠਕਾਂ ਤੂੰ ਵੇਖੀਂ ਰਾਜ॥

(੭)

ਮੁਹੰਮਦ ਬਖਸ਼ ਸਿਪਾਹੀ ਵਿੱਚ ਕਿਰਲੇ ਮੂੰਹ ਦਾੜ੍ਹੀ ਪੱਗ।
ਉਸ ਕੱਢੀ ਧਰੂ ਮਿਆਨ 'ਚੋਂ ਆਲੰਬਾ ਅੱਗ।
ਵੱਢ ਕੀਤੋ ਨੇ ਟੁੱਕੜੇ ਚਾ ਤੋੜੇ ਹੱਡ।
ਘਤਿਆ ਵਿਚ ਮੁਲਤਾਨ ਦੇ ਡਾਢਾ ਅਧਰੱਜ।
ਕਿਲਾ ਦਿਵਾਈਂ ਹੱਥੀਂ ਆਪਣੇ, ਹੁਣ ਲਗਦੀ ਲੱਜ।
ਮੌਤ ਮਨਾਈਆਂ ਸਿਰੇ ਤੋਂ ਲੜ ਕਰੀਏ ਪੱਜ॥

(੮)

ਧਾਹ ਪਇਆ ਮੁਲਤਾਨ ਵਿਚ ਦੋ ਮਾਰੇ ਲਾਟ।
ਇਟ ਬਿਟ[5] ਖਬਰਾਂ ਪਹੁੰਚੀਆਂ, ਵਿਚ ਬੰਨੂ ਟਾਂਕ।
ਡੇਰੇ ਵਿਚ ਮੁਲਤਾਨ ਦੇ ਆਹ ਹੋਇਆ ਨਾਚ॥

---

੧. ਮਾਈ ਜਿੰਦ ਕੌਰ। ੨. ਖਾਲਸਾ ਫ਼ੌਜਾਂ ਨੇ। ੩. ਰਾਜਾ ਧਿਆਨ ਸਿੰਘ ਡੋਗਰਾ।
੪. Mr. Vans Agnew, ੫. Sir Herbert Edwards

(੯)

ਚਿੱਠੀ ਲਿਖੀ ਸ਼ੇਰ ਸਿੰਘ[੬] ਝਟ ਅੰਦਰ ਘੱਲੇ ।
ਅਸੀਂ ਵੜਨਾ ਏਂ ਕਿਲ੍ਹੇ ਵਿਚ, ਦੀਵਾਨ ਅਸਾਂ ਨੂੰ ਝੱਲੇ ।
ਤੁਸਾਂ ਮਾਰਿਆ ਰਾਜਾ[੭] ਤੇ ਸ਼ੇਰ ਸਿੰਘ[੮] ਦਸ ਕਿਹੜੀ ਗੱਲੇ ।
ਜਾਂਵੀ ਡਿਠੇ ਮਾਂਵੀਆਂ ਕਰ ਮਿਲਣੀ ਫੱਲੇ ।
ਉਸ ਦਿਨ ਮਰਦਾਂ ਵਿਚ ਮੁਲਤਾਨ ਦੇ ਲਖ ਪਾਏ ਪੱਲੇ ॥

(੧੦)

ਦੋਹਾਂ ਦਲਾਂ ਮੁਕਾਬਲਾ ਕਲ ਫਿਰੇ ਚੁਪਾਤੀ ।
ਅੰਗਰੇਜ਼ਾਂ ਮਾਰਿਆ ਕਿਲਾ ਮੁਲਤਾਨ ਦਾ ਜੋ ਆਹਾ ਆਕੀ ।
ਸਿੰਘ ਪੰਜਾਬੋਂ ਨਿਕਲੇ ਹੋ ਝੁਰੇ ਉਡਾਕੀ ।
ਹੁਕਮ ਹੋਇਆ ਅੰਗਰੇਜ਼ ਦਾ, ਲਿਖ ਤੋਰੇ ਖਾਤੀ ।
ਡਾਕਾਂ ਖਬਰਾਂ ਕੀਤੀਆਂ, ਚੜ੍ਹ ਰਾਤੋ ਰਾਤੀ ॥

ਬੋਲੀ ਇਸ ਵਾਰ ਦੀ ਕੁਝ ਲਹਿੰਦੀ ਪੰਜਾਬੀ ਹੈ ਪਰ ਕਈ ਸ਼ਬਦ ਰੋਮਨ ਅੱਖਰਾਂ ਵਿਚ ਉਲਟਾਏ ਜਾਣ ਕਰਕੇ ਏਨੇ ਓਪਰੇ ਹੋ ਗਏ ਹਨ, ਜਿਨ੍ਹਾਂ ਨੂੰ ਅਸੀਂ ਆਸਾਨੀ ਨਾਲ ਪਹਿਚਾਣ ਨਹੀਂ ਸਕਦੇ ਪਰ ਫੇਰ ਵੀ ਇਸ ਵਾਰ ਦੇ ਸਾਹਿੱਤਕ ਮੁਲ-ਅੰਕਣ ਵਿੱਚ ਏਨੀ ਮੁਸ਼ਕਲ ਪੇਸ਼ ਨਹੀਂ ਆਉਂਦੀ ।

ਇਹ ਵਾਰਾਂ, ਜਿਨ੍ਹਾਂ ਦੇ ਪਿੱਛਲੇ ਸਫ਼ਿਆਂ ਉਤੇ ਹਵਾਲੇ ਦਿੱਤੇ ਗਏ ਹਨ: ਬਹੁਤੀਆਂ ਸੰਖੇਪ ਪਰ ਭਾਵ-ਪੂਰਿਤ ਹਨ । ਇਨ੍ਹਾਂ ਦੇ ਮੁਕਾਬਲੇ ਤੇ ਕੁਝ ਲੰਮੀਆਂ ਵਾਰਾਂ ਵੀ ਸਿੱਖ-ਰਾਜ ਦੇ ਸੰਬੰਧ ਮਿਲਦੀਆਂ ਹਨ । ਅਜਿਹੀਆਂ ਵਾਰਾਂ ਵਿੱਚੋਂ ਹੀ ਇਕ ਵਾਰ ਅਜੇ ਪਿੱਛੇ ਜਿਹੇ ਮਿਲੀ ਹੈ, ਜੋ ਕਪੂਰਥਲੇ ਦੇ ਕਿਸੇ ਢਾਡੀ ਅਥਵਾ ਮਰਾਸੀ ਦੀ ਕਿਰਤ ਜਾਪਦੀ ਹੈ । ਇਹ ਵਾਰ ਅਜੇ ਤੱਕ ਕਿਤੇ ਛਪੀ ਨਹੀਂ, ਲਿਪੀ ਇਸ ਦੀ ਫ਼ਾਰਸੀ ਹੈ, ਜਿਸ ਕਰਕੇ ਕਈ ਥਾਈਂ ਪਾਠ ਅਸ਼ੁੱਧ ਹੋ ਗਏ ਹਨ ਤੇ ਪ੍ਰਤੀ ਵੀ ਅਧੂਰੀ ਹੈ । ਇਤਿਹਾਸਕ ਘਟਨਾ ਕ੍ਰਮ ਦੇ ਅਨੁਸਾਰ ਇਸ ਵਾਰ ਵਿਚ ਪਹਿਲਾਂ ਮਹਾਰਾਜਾ ਰਣਜੀਤ ਸਿੰਘ ਦਾ ਹਾਲ ਹੈ ਤੇ ਫੇਰ ਪੰਜਾਬ ਵਿਚ ਅੰਗਰੇਜ਼ਾਂ ਦੇ ਆਉਣ ਦਾ । ਇਸ ਸਮੇਂ ਦੇ ਦੌਰਾਨ ਵਿੱਚ ਕਵੀ ਨੇ ਕੁਝ ਹਾਲ ਰਾਜਾ ਨਿਹਾਲ ਸਿੰਘ ਕਪੂਰਥਲਾ ਤੇ ਉਸ ਦੇ ਨਾਕਸ ਜਿਹੇ ਰਾਜ-ਪ੍ਰਬੰਧ ਦਾ ਵੀ ਦਿੱਤਾ ਹੈ । ਵਾਰ ਦਾ ਪਾਠ-ਕ੍ਰਮ ਅਨੁਸਾਰ ਇਸ ਤਰ੍ਹਾਂ ਸ਼ੁਰੂ ਹੁੰਦਾ ਹੈ:

ਅੱਵਲ ਹਮਦ ਖ਼ੁਦਾਵੰਦ ਤਾਈਂ ।
ਸਭ ਪੈਦਾਇਸ਼ ਦਾ ਹੈ ਸਾਈਂ ।
ਜਿੰਨ ਆਦਮੀ ਹੋਰ ਭੂਤ ਬਲਾਈਂ ।

---

੬. ਰਾਜਾ ਸ਼ੇਰ ਸਿੰਘ ਅਟਾਰੀ ਵਾਲਾ । ੭. ਰਾਜਾ ਧਿਆਨ ਸਿੰਘ ਡੋਗਰਾ ।
੮. ਮਹਾਰਾਜਾ ਸ਼ੇਰ ਸਿੰਘ ਵਾਲੀਏ ਪੰਜਾਬ ।

ਹਾਕਿਮ ਖ਼ਲਕਤ ਸਾਰੀ ਦਾ ।
ਕੁਫ਼ਰ ਦੀਨ ਹੈ ਆਪ ਬਣਾਇਆ ।
ਬਾਦਸ਼ਾਹਾਂ ਸਿਰ ਧਰਿਆ ਸਾਇਆ ।
ਸਿੰਘ ਕੀਤੇ ਇਕ ਪੰਥ ਚਲਾਇਆ ।
ਨਾਮ ਅਕਾਲ ਪੁਕਾਰੀਦਾ ।
ਸਿੰਘਾਂ ਰਾਜ ਕੀਤਾ ਮਤਵਾਲਾ ।
ਉੱਜੜ ਖੇੜਾ ਕੀਆ ਉਜਾਲਾ ।
ਰਈਅਤ ਰੇਸ਼ਾ ਰਹਿਆ ਮੁਖਾਲਾ ।
ਅਦਲੋਂ ਨਿਆਉਂ ਨਿਤਾਰੀਦਾ ।
ਭੂਰਿਆਂ ਵਾਲੇ ਰਾਜੇ ਕੀਤੇ ।
ਮੁਗ਼ਲਾਂ ਜ਼ਹਿਰ ਪਿਆਲੇ ਪੀਤੇ ।[੯]
ਸਭ ਅਸ਼ਰਾਫ਼ ਫਿਰਨ ਚੁਪ ਕੀਤੇ ।
ਪਹਿਲਾਂ ਉਨ੍ਹਾਂ ਨੂੰ ਝਾੜੀਦਾ ।
ਸਿੰਘਾਂ ਵਿਚੋਂ ਇਕ ਸਿੰਘ ਵਧਾਇਆ ।
ਕਰਨਹਾਰ ਦਾ ਸਿਰ ਪਰ ਸਾਇਆ ।
ਪੰਥ ਸਭੋ ਉਸ ਪਿਛੇ ਲਾਇਆ ।
ਹੁਕਮ ਕਰੇ ਸਰਦਾਰੀ ਦਾ ।
ਰਣਜੀਤ ਸਿੰਘ ਸਰਕਾਰ ਸਦਾਵੇ ।
ਦੌਲਤ ਹੱਥੀਂ ਬਹੁਤ ਲੁਟਾਵੇ ।
ਨੌਕਰ ਚਾਕਰ ਹੁਕਮ ਚਲਾਵੇ ।
ਰਾਜ ਕੀਤਾ ਬਲਕਾਰੀ ਦਾ ।

ਇਸ ਤੋਂ ਅੱਗੇ ਕਵਿ ਨੇ ਰਾਜਾ ਨਿਹਾਲ ਸਿੰਘ ਕਪੂਰਥਲਾ ਦਾ ਜ਼ਿਕਰ ਇਨ੍ਹਾਂ ਸ਼ਬਦਾਂ ਵਿਚ ਕੀਤਾ ਹੈ ਤੇ ਉਸ ਦੇ ਰਾਜ-ਪ੍ਰਬੰਧ ਨੂੰ ਨਿੰਦਿਆ ਹੈ-

ਨਿਹਾਲ ਸਿੰਘ ਦੀ ਵਾਹ ਬਾਦਸ਼ਾਹੀ ।
ਕਰਨ ਹਕੂਮਤ ਪੰਜ ਸਿਪਾਹੀ ।
ਸਿੰਘ ਸਾਹਿਬ ਦੀ ਬੇ-ਪਰਵਾਹੀ ।
ਰੱਖੇ ਸ਼ੌਕ ਸ਼ਿਕਾਰੀ ਦਾ ।
ਕਪੂਰਥਲੇ ਵਿਚ ਹੈ ਸਰਦਾਰੀ ।
ਪਾਸ ਸਿੰਘ ਦੇ ਹੈ ਮੁਖਤਾਰੀ ।
ਪੰਚ ਪੰਚਾਇਤ ਰਾਜ਼ੀ ਸਾਰੀ ।

---

੯. ਕਈ ਸਾਹਿੱਤ-ਖੋਜੀ ਇਹ ਤੁਕਾਂ ਬੁਲ੍ਹੇ ਸ਼ਾਹ ਦੀ ਕ੍ਰਿਤ ਦੱਸਦੇ ਹਨ ।

ਸ਼ੌਕ ਰਖੇ ਦਿਲਦਾਰੀ ਦਾ ।
ਪੰਚ ਪੰਚਾਇਤ ਦਾ ਤਪ ਨਾਹੀਂ ।
ਖ਼ਲਕਤ ਪੈਂ ਗਈ ਮੰਦੇ ਰਾਹੀਂ ।
ਬੁਰੀਆਂ ਰੰਨਾਂ ਮਰਦ ਜ਼ਨਾਹੀਂ ।
ਮੰਦਾ ਸ਼ੋਰ ਪੁਕਾਰੀ ਦਾ ।
ਲੰਡੇ ਪੰਚ ਨਿਆਉਂ ਕਰੇਂਦੇ ।
ਖੋਹੋਂ ਕੱਢਣ ਘਾਤ ਸੁਣੇਂਦੇ ।
ਬਾਹਾਂ ਥਪ ਥਪ ਜ਼ਾਮਨ ਲੈਂਦੇ ।
ਝਗੜਾ ਮਾਰ ਉਤਾਰੀ ਦਾ ।

ਪਰ ਇਹ ਕਥਨ ਇਸ ਕਵੀ ਦੀ ਕਿਸੇ ਆਪ-ਬੀਤੀ ਘਟਨਾ ਦਾ ਸੂਚਕ ਜਾਪਦਾ ਹੈ। ਉਸ ਦੇ ਨਾਲ ਕੋਈ ਬੇ-ਇਨਸਾਫੀ ਆਹਲੂਵਾਲੀਆਂ ਸਰਕਾਰ ਵਲੋਂ ਹੋਈ ਹੋਣੀ ਹੈ, ਜਿਸ ਕਰਕੇ ਰੋਸ ਵਜੋਂ ਉਸ ਨੇ ਇਹ ਸੜੇ-ਬਲੇ ਫ਼ਿਕਰੇ ਲਿਖੇ ਹਨ ।

ਇਸ ਤੋਂ ਅੱਗੇ ਫੇਰ ਇਸ ਵਾਰ ਵਿਚ ਅੰਗਰੇਜ਼ਾਂ ਦੇ ਲੁਧਿਆਣੇ ਤੇ ਫੀਰੋਜ਼ਪੁਰ ਆ ਕੇ ਅੱਡੇ ਜਮਾਉਣ ਦਾ ਤੇ ਸੰਨ ੧੮੪੫-੪੬ ਅਤੇ ਸੰਨ ੧੮੪੮-੪੯ ਵਿੱਚ ਲੜਾਈਆਂ ਛੇੜ ਕੇ ਪੰਜਾਬ ਉਤੇ ਕਬਜ਼ਾ ਕਰਨ ਦਾ ਹਾਲ ਹੈ। ਅੰਗਰੇਜ਼ ਏਥੇ ਕਿਵੇਂ ਆਏ ਤੇ ਉਹ ਕਿਹੋ ਜਿਹੇ ਚਾਲਾਕ ਸਨ, ਇਸ ਸਬੰਧ ਵਿਚ ਕਵੀ ਦੇ ਇਹ ਫ਼ਿਕਰੇ ਵਿਚਾਰਨ ਯੋਗ ਹਨ-

ਕਰਨਹਾਰ ਦਾ ਏਹੋ ਭਾਣਾ ।
ਕਾਬੂ ਲੰਘ ਫਰੰਗੀ ਆਣਾ ।
ਆਇ ਆਬਾਦ ਕੀਤਾ ਲੁਧਿਹਾਣਾ ।
ਹੁਕਮ ਕਰੇ ਦਿਲਦਾਰੀ ਦਾ ।
ਠਾਰਾਂ ਬਰਸ ਲੰਘਾਏ ਪੂਰੇ ।
ਕਦੇ ਨ ਚੱਲੇ ਤੋਪ ਜੰਬੂਰੇ ।
ਕਰਨ ਕਵਾਇਦ ਵਜ਼ਨ ਤੰਬੂਰੇ ।
ਗ਼ਲਬਾ ਫੌਜ ਸਵਾਰੀ ਦਾ ।
ਬੁਰੀ ਆਫਤ ਫਰੰਗੀ ਦਿੱਸੇ.........
ਫ਼ਰਹੰਗੀ ਦੀ ਚਾਲ ਨਿਆਰੀ .........

ਕਵੀ ਨੇ ਇਸ ਵਾਰ ਵਿਚ ਇਕ ਥਾਵੇਂ ਅੰਗਰੇਜ਼ ਦੇ ਨੌਕਰ ਹਿੰਦੁਸਤਾਨੀਆਂ ਦਾ ਜ਼ਿਕਰ ਵੀ ਕੀਤਾ ਹੈ-

ਨੌਕਰ ਚਾਕਰ ਹਿੰਦੁਸਤਾਨੀ ।
ਦਾਤਾਂ ਕਰਦੇ ਸਮਝ ਜ਼ਬਾਨੀ ।
ਇਲਮ ਫ਼ਾਰਸੀ ਕੁੱਲ ਮੰਗਾਨੀ ।

ਲਿਖ ਪੜ੍ਹ ਖ਼ਤੀਂ ਵਿਚਾਰੀ ਦਾ ।

ਤੇ ਇਹ ਵੀ ਦੱਸਿਆ ਹੈ ਕਿ ਲੁਧਿਆਣੇ ਉਸ ਸਮੇਂ ਅੰਗਰੇਜ਼ੀ ਪੜ੍ਹਾਈ ਜਾਂਦੀ ਸੀ-

ਇਲਮ ਫਰੰਗ ਇਨ੍ਹਾਂ ਦਾ ਜਾਰੀ ।
ਹੁਕਮ ਕੰਪਨੀ ਨਾਲ ਤਿਆਰੀ ।

ਇਸੇ ਤਰ੍ਹਾਂ ਇਕ ਥਾਵੇਂ ਅਫਗਾਨਿਸਤਾਨ ਦੇ ਸ਼ਰਨਾਰਥੀ ਬਾਦਸ਼ਾਹ ਸ਼ਾਹ ਸੁਜਾਅ ਤੇ ਉਸ ਦੇ ਸ਼ਾਹਜ਼ਾਦਿਆਂ ਦੇ ਲੁਧਿਆਣੇ ਆਉਣ ਦਾ ਤੇ ਉਨ੍ਹਾਂ ਨੂੰ ਸਰਕਾਰ ਅੰਗਰੇਜ਼ੀ ਵਲੋਂ ਫੌਜੀ ਸਹਾਇਤਾ ਦੇਣ ਜ਼ਿਕਰ ਵੀ ਹੈ-

ਅਰਬ ਵਿਲਾਇਤ ਦੇ ਸ਼ਾਹਜ਼ਾਦੇ ।
ਆ ਬੈਠੇ ਨੇ ਨਾਲ ਇਰਾਏ ।
ਖ਼ਿਦਮਤ ਰੋਜ਼ ਰੁਜ਼ੀਨਾ ਪਾਂਦੇ ।
ਹੁਕਮ ਹੋਇਆ ਅਸਵਾਰੀ ਦਾ ।

ਪਰ ਇਸ ਸਮੇਂ ਫਰੰਗੀ ਨੇ ਚੂੰਕਿ ਲੁਧਿਆਣੇ ਵਾਂਗ ਹੀ ਫ਼ੀਰੋਜ਼ਪੁਰ ਵੀ ਡੇਰੇ ਜਾ ਜਮਾਏ ਸਨ, ਇਸ ਲਈ ਸਿੰਘਾਂ ਨੂੰ ਆਪਣੀ ਰੱਖਿਆ ਦਾ ਹੋਰ ਵੀ ਫਿਕਰ ਪੈ ਗਇਆ । ਕਾਰਣ ਇਸ ਚਿੰਤਾ ਦਾ ਬਹੁਤਾ ਇਹੋ ਸੀ ਕਿ ਸੰਨ ੧੮੩੯ ਵਿਚ ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ ਸੁਰਗਵਾਸ ਹੋ ਚੁੱਕਾ ਸੀ ਤੇ ਪਿੱਛੋਂ ਸੰਨ ੧੮੪੪ ਤਕ ਮਹਾਰਾਜਾ ਖੜਗ ਸਿੰਘ, ਕੰਵਲ ਨੌਂ-ਨਿਹਾਲ ਸਿੰਘ, ਮਹਾਰਾਣੀ ਚੰਦ ਕੌਰ ਤੇ ਮਹਾਰਾਜਾ ਸ਼ੇਰ ਸਿੰਘ ਵੀ ਵਾਰੋ-ਵਾਰੀ ਵਿਛੋੜਾ ਦੇ ਚੁੱਕੇ ਸਨ, ਇਸ ਲਈ ਫਿਕਰ ਕੁਦਰਤੀ ਸੀ, ਜਿਸ ਕਰਕੇ ਕਵੀ ਨੇ ਲਿਖਿਆ ਹੈ-

ਸਿੰਘ ਦਲੀਲਾਂ ਕਰਦੇ ਜੰਗੀ,
ਘਾਤ ਲਾਇ ਬੈਠਾ ਫ਼ਰਹੰਗੀ.........

ਇਹ ਘਾਤ ਦਾ ਸੰਦੇਹ ਆਖਰ ਸਹੀ ਸਾਬਤ ਹੋਇਆ, ਜਿਵੇਂ ਕਿ ਸੰਨ ੧੮੪੫ ਤੋਂ ੧੮੪੯ ਤਕ ਦੀਆਂ ਇਤਿਹਾਸਿਕ ਘਟਨਾਵਾਂ ਤੋਂ ਪਤਾ ਲਗਦਾ ਹੈ, ਪੰਜਾਬ ਦੀ ਸੁਤੰਤ੍ਰਤਾ ਆਖਰ ਅੰਗਰੇਜ਼ੀ ਹਕੂਮਤ ਦੇ ਇਸੇ ਘਾਤ ਦਾ ਸ਼ਿਕਾਰ ਹੋ ਗਈ ਸਿੱਖਾਂ ਦੀ ਪਹਿਲੀ ਤੇ ਦੂਜੀ ਲੜਾਈ ਵਿਚ ਮੁਦਕੀ, ਫੇਰੂ ਸ਼ਹਿਰ, ਸੁਭਰਾਉਂ, ਤੇ ਫੇਰ ਮੁਲਤਾਨ, ਰਾਮ ਨਗਰ, ਚਿੱਲੀਆਂ ਵਾਲਾ ਤੇ ਗੁਜਰਾਤ ਦੀਆਂ ਲੜਾਈਆਂ ਵਿਚ ਕਿਤਨੇ ਬਹਾਦੁਰ ਸਿੱਖ ਕਿਥੇ ਕਿਥੇ ਤੇ ਕਿਵੇਂ ਸ਼ਹੀਦ ਹੋਏ ਇਸ ਗੱਲ ਦਾ ਸਬੂਤ ਉਸ ਸਮੇਂ ਦਾ ਇਤਿਹਾਸ ਪੁਕਾਰ ਪੁਕਾਰ ਕੇ ਦੇ ਰਹਿਆ ਹੈ, ਪਰ ਇਸ ਬਾਰੇ ਇਸ ਵਾਰ-ਲੇਖਕ ਦੇ ਕੀ ਵਿਚਾਰ ਹਨ, ਇਹ ਇਸ ਹੱਥ-ਲਿਖਤ ਦੇ ਆਖਰੀ ਪੱਤਰੇ ਗਵਾਚੇ ਹੋਣ ਕਰਕੇ ਦੱਸਣਾ ਮੁਸ਼ਕਿਲ ਹੈ ।

ਇਹ ਹੈ ਇਨ੍ਹਾਂ ਪੰਜਾਬੀ ਵਾਰਾਂ ਦਾ ਸੰਖਿਪਤ ਵੇਰਵਾ । ਸਾਹਿਤ ਸ਼ਾਸਤ੍ਰ ਵਿਚ ਜਿਵੇਂ ਨੌਂ ਰਸਾਂ 'ਚੋਂ ਬੀਰ ਰਸ ਇਕ ਸਜੀਵ ਰਸ ਹੈ, ਇਸੇ ਤਰ੍ਹਾਂ ਇਹ ਵਾਰਾਂ ਵੀ

ਬੀਰ ਰਸੀ ਹੋਣ ਕਰਕੇ ਸਾਡੇ ਸਾਹਿੱਤ ਦਾ ਇਕ ਸਜੀਵ ਅੰਗ ਹਨ। ਦਸ ਗੁਰੂ ਸਾਹਿਬ 'ਤੇ ਉਨ੍ਹਾਂ ਦੇ ਸਿੱਖ ਇਨ੍ਹਾਂ ਵਾਰਾਂ ਨੂੰ ਕਿਵੇਂ ਅਪਣਾਉਂਦੇ ਤੇ ਵਾਰਾਂ ਦੇ ਆਧਾਰ ਤੇ ਆਪਣੀ ਕਾਵਿ-ਰਚਨਾ ਵੀ ਵਧੇਰੇ ਵਾਰ ਰੂਪ ਵਿਚ ਹੀ ਕਰਦੇ ਰਹੇ, ਇਸ ਗੱਲ ਦਾ ਅੰਦਾਜ਼ਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ੨੨ ਵਾਰਾਂ ਤੇ ਭਾਈ ਗੁਰਦਾਸ ਦੀ ਮਹਾਨ ਕ੍ਰਿਤ ਵਾਰਾਂ ਗਿਆਨ ਰਤਨਾਵਲੀ ਪੜ੍ਹ ਕੇ ਸਹਿਜੇ ਹੀ ਲਗ ਸਕਦਾ ਹੈ। ਭਾਈ ਗੁਰਦਾਸ ਨੇ ਕੋਈ ਇਕ ਵਾਰ ਨਹੀਂ ਪੂਰੀਆਂ ੪੦ ਵਾਰਾਂ ਲਿਖੀਆਂ ਸਨ ਤੇ ਬਾਈ ਵਾਰਾਂ ਤੋਂ ਬਿਨਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਿਤਨੀ ਹੀ ਬਾਣੀ ਵਿਚ ਵੀ ਵਾਰਾਂ ਦਾ ਪ੍ਰਭਾਵ ਸਪਸ਼ਟ ਦ੍ਰਿਸ਼ਟੀਗਤ ਹੁੰਦਾ ਹੈ। ਸੋ, ਇਸ ਲਈ ਵਾਰ ਸਾਹਿੱਤ ਦੀ ਖ਼ੋਜ ਸਾਡੇ ਲਈ ਕਿਤਨੀ ਜ਼ਰੂਰੀ ਹੈ, ਇਹ ਸਵਾਲ ਹੋਰ ਵੀ ਵਿਚਾਰਣ-ਯੋਗ ਤੇ ਸਾਹਿੱਤਕ-ਮਹੱਤਤਾ ਰਖਣ ਵਾਲਾ ਬਣ ਜਾਂਦਾ ਹੈ।

✡ ✡ ✡

# ੧੬-੧੭. ਗ਼ਦਰ ਦੀ ਵਾਰ

ਤੇ

# ਜੰਗ-ਨਾਮਾ ਦਿੱਲੀ

ਸੰਮਤ ੧੯੧੪ ਬਿ: (ਮੁਤਾਬਕ ਸੰਨ ੧੮੫੭) ਦਾ ਗ਼ਦਰ ਹਿੰਦ ਦੇ ਇਤਿਹਾਸ ਦੀ ਪ੍ਰਸਿੱਧ ਘਟਨਾ ਹੈ, ਇਸ ਜੰਗ ਦੇ ਸੰਬੰਧ ਵਿਚ ਦੋ ਹੱਥ-ਲਿਖਤਾਂ ਮਿਲਦੀਆਂ ਹਨ: (੧). ਗ਼ਦਰ ਦੀ ਵਾਰ ਤੇ (੨) ਜੰਗ-ਨਾਮਾ ਦਿੱਲੀ (ਖ਼ਜ਼ਾਨ ਸਿੰਘ)। ਗ਼ਦਰ ਦੀ ਵਾਰ ਦੇ ਕਰਤਾ ਦਾ ਨਾਮ ਤੇ ਜ਼ਿੰਦਗੀ ਦੇ ਹਾਲ ਮਿਲ ਨਹੀਂ ਸਕੇ, ਜੰਗ-ਨਾਮਾ ਦਿੱਲੀ ਦਾ ਲੇਖਕ ਕਵੀ ਖਜ਼ਾਨ ਸਿੰਘ, ਗਾਲਬਨ ਪਟਿਆਲੇ ਦਾ ਵਸਨੀਕ ਸੀ। ਕਾਰਣ ਇਸ ਦਾ ਇਹ ਹੈ ਕਿ ਉਸ ਨੇ ਇਸ ਜੰਗ-ਨਾਮੇ ਵਿਚ ਬੋਲੀ ਖਾਸ ਕਰਕੇ ਪਟਿਆਲਵੀ ਪੰਜਾਬੀ ਵਰਤੀ ਹੈ ਤੇ ਜੰਗੀ ਕਰਤੱਬ ਵੀ ਬਹੁਤਾ ਪਟਿਆਲੇ ਦਾ ਹੀ ਦਿਖਾਇਆ ਹੈ।

ਜੰਗ-ਨਾਮਾ ਦਿੱਲੀ ਦੀ ਪ੍ਰਤੀ ਮੈਨੂੰ ਸੰਮਤ ੧੯੯੨ ਬਿ: ਵਿਚ ਭਾਈ ਹਰਦਿੱਤ ਸਿੰਘ ਨਾਮੀ ਇਕ ਫ਼ੌਜੀ ਸਿੰਘ ਪਾਸੋਂ ਪ੍ਰਾਪਤ ਹੋਈ ਸੀ। ਉਸ ਵਿਚ ਕੇਵਲ ਇਕ ਬੈਂਤ ਦੀ ਇਕ ਤੁਕ ਦੀ ਕਮੀ ਸੀ, ਜਦ ਮੈਂ ਮਾਘ, ਸੰਮਤ ੨੦੦੩ (ਫਰਵਰੀ, ੧੯੪੭) ਵਿਚ ਪਟਿਆਲੇ ਦਾ ਰਾਜਭਵਨ ਪੁਸਤਕਾਲਯ ਵੇਖਣ ਗਿਆ ਤਾਂ ਉਥੋਂ ਇਸ ਜੰਗ-ਨਾਮੇ ਦੀ ਮੁਕੰਮਲ ਪ੍ਰਤੀ ਮਿਲਣ ਤੇ ਪੂਰੀ ਹੋ ਗਈ। ਉਹ ਪ੍ਰਤੀ ਜੇਠ ਵਦੀ ੨ ਸੰਮਤ ੧੯੫੧[1] ਬਿਕ੍ਰਮੀ (ਮੁਤਾਬਕ ਸੰਨ ੧੮੫੮) ਦੀ ਲਿਖੀ ਹੋਈ ਹੈ। ਇਸ ਜੰਗ-ਨਾਮੇ ਨੂੰ ਮੈਂ ਉਸ ਪ੍ਰਤੀ ਦੇ ਨਾਲ ਸੋਧ ਕੇ ਮੁਕੰਮਲ ਕੀਤਾ ਹੈ।

ਕਵੀ ਖ਼ਜ਼ਾਨ ਸਿੰਘ ਨੇ ਜੰਗ-ਨਾਮਾ ਦਿੱਲੀ ਵਿਚ ਗ਼ਦਰ ਦਾ ਹਾਲ ਬੜੇ ਸੰਕੋਚਵੇਂ ਢੰਗ ਨਾਲ, ਪਰ ਅਸਰ ਭਰਪੂਰ ਸ਼ਬਦਾਂ ਵਿਚ ਦਿੱਤਾ ਹੈ ਤੇ ਕੁੱਲ ਛੰਦ ਇਸ ਜੰਗ-ਨਾਮੇ ਦੇ ੧੦੧ ਹਨ, ਜਿਨ੍ਹਾਂ ਵਿਚ ੯੬ ਬੈਂਤਾਂ ਪੰਜਾਬੀ ਦੀਆਂ ਤੇ ੫

---

੧. ਰਾਜ ਭਵਨ ਪੁਸਤਕਾਲਯ, ਮੋਤੀ ਬਾਗ਼, ਪਟਿਆਲਾ ਦੀ ਹੱਥ ਲਿਖਤ ਪ੍ਰਤੀ ਵਿਚ ਉਸ ਦੇ ਉਤਾਰੇ ਦਾ ਤਿਥਿ ਤੇ ਸੰਮਤ ਇਸ ਤਰ੍ਹਾਂ ਦਿੱਤਾ ਹੈ: 'ਇਤੀ ਜੰਗ-ਨਾਮਾ ਦਿਲੀ ਕਾ ਕ੍ਰਿਤ ਖਜ਼ਾਨ ਸਿੰਘ ਦੀ ਸੰਪੂਰਨੇ ਭਇਆ ॥੧॥ ਮਿਤਿ ਦੂਜ ੨ ਸਾਰ ਉਨੀ ਸੈ ਪੰਦ੍ਰਾ ੧੯੧੫ ਬਾਰ ਸਨਿਸਚਰ ੭ ਲਿਖਤੰ ਸੁਭੰ ਸ੍ਰੀ ਮਹਾਰਾਜ ਨਰੇਂਦ੍ਰ ਸਿੰਘ ਰਾਜਗਾਨ ਬਿਰਾਜਮਾਨ।"

ਦੋਹਰੇ ਹਿੰਦੀ ਬੋਲੀ ਦੇ ਹਨ।

ਇਸ ਜੰਗ-ਨਾਮੇ ਦੀ ਖ਼ੂਬੀ ਇਸ ਦੀਆਂ ਇਸ ਗ਼ਦਰ ਬਾਰੇ ਉਹ ਘਟਨਾਵਾਂ ਹਨ, ਜੋ ਕਿਸੇ ਹੋਰ ਲਿਖਾਰੀ ਨੇ ਕਲਮ ਬੰਦ ਨਹੀਂ ਕੀਤੀਆਂ, ਜਿਵੇਂ ਦਿੱਲੀ ਦੇ ਮੈਦਾਨਿ ਜੰਗ ਵਿਚੋਂ ਡੋਗਰਿਆਂ ਦਾ ਪਿੱਠ ਦਿਖਾ ਕੇ ਨੱਸਣਾ ਤੇ ਫੇਰ ਉਨ੍ਹਾਂ ਦੀ ਥਾਵੇਂ ਸਿੰਘਾਂ ਨੇ ਅੱਗੇ ਹੋ ਕੇ ਮੋਰਚਾ ਡਾਹੁਣਾ। (ਦੇਖੋ, ਛੰਦ ਅੰਕ-੬੫-੬੬) ਇਸੇ ਤਰ੍ਹਾਂ ਲਾਰੰਸ ਸਾਹਿਬ, ਸਿਖ ਰਿਆਸਤਾਂ ਤੇ ਸਿੱਖਾਂ ਦੀਆਂ ਫ਼ੌਜੀ ਸਰਗਰਮੀਆਂ ਬਾਰੇ ਵੀ ਇਸ ਜੰਗ-ਨਾਮੇ ਵਿਚ ਕੀਮਤੀ ਵਾਕਫ਼ੀਅਤ ਭਰੀ ਹੋਈ ਹੈ।

ਹਿੰਦੁਸਤਾਨ ਦਾ ਇਹ ਪ੍ਰਸਿੱਧ ਗ਼ਦਰ ਕਾਲਿਆਂ ਅਥਵਾ ਪੂਰਬੀਆਂ ਦੇ ਗ਼ਦਰ ਦੇ ਨਾਮ ਨਾਲ ਮਸ਼ਹੂਰ ਹੈ। ਇਸ ਗ਼ਦਰ ਦੇ ਮੁੱਢਲੇ ਕਾਰਣ ਕੀ ਸਨ, ਇਹ ਵੀ ਰਤਾ ਗਹੁ ਨਾਲ ਵਿਚਾਰਨ ਦੀ ਲੋੜ ਹੈ। ਸੰਨ ੧੮੪੯ ਵਿਚ ਪੰਜਾਬ ਵਿਚੋਂ ਸਿੱਖ-ਰਾਜ ਦਾ ਤੇ ਸੰਨ ੧੮੫੭ ਨੂੰ ਦਿੱਲੀ ਮੁਗਲ ਰਾਜ ਦਾ ਅੰਤ ਹੋਇਆ। ਸਿੱਖ ਰਾਜ ਦੇ ਅੰਤ ਦਾ ਮੁਗਲ ਰਾਜ ਦੇ ਅੰਤ ਉੱਤੇ ਕੋਈ ਅਸਰ ਹੋਇਆ ਹੋਵੇ, ਇਹ ਤਾਂ ਕਿਹਾ ਨਹੀਂ ਜਾ ਸਕਦਾ, ਪਰ ਲਾਰਡ ਡਲਹੌਜ਼ੀ ਦੀ ਅਗਾਂਹ ਵਧੂ ਪਾਲਿਸੀ, ਜਿਸ ਨੇ ਪੰਜਾਬ ਤੋਂ ਪਿੱਛੋਂ ਪੇਗੂ (ਬਰਮਾ), ਸਿਤਾਰਾ, ਝਾਂਸੀ, ਨਾਗਪੁਰ ਤੇ ਕਰੌਲੀ ਦੀਆਂ ਰਿਆਸਤਾਂ ਤੇ ਹੋਰ ਨਿੱਕੀਆਂ ਮੋਟੀਆਂ ਜਿਮੀਂਦਾਰੀਆਂ ਨੂੰ ਹੜੱਪ ਕਰਨ ਦਾ ਜਾਲ ਤਣਿਆ ਸੀ, ਇਸ ਗ਼ਦਰ ਦਾ ਕਾਰਣ ਬਣ ਗਈ। ਨੱਜ਼ਾਮ ਹੈਦਰਾਬਾਦ ਦੱਖਣ ਦੇ ਹੱਥੋਂ ਬਰਾਰ ਦਾ ਇਲਾਕਾ ਖੋਹਿਆ ਜਾਣਾ ਤੇ ਲਖਨਊ ਦੀ ਬਾਦਸ਼ਾਹੀ ਜ਼ਬਤ ਹੋ ਕੇ ਅੰਗਰੇਜ਼ੀ ਰਾਜ ਵਿਚ ਮਿਲ ਜਾਣੀ ਕੋਈ ਨਿੱਕੀਆਂ ਨਿੱਕੀਆਂ ਘਟਨਾਵਾਂ ਨਹੀਂ ਸਨ ਤੇ ਮੁਸਲਮਾਨ ਲੋਕ, ਜਿਨ੍ਹਾਂ ਨੇ ਕਈ ਸਦੀਆਂ ਰਾਜ ਭਾਗ ਮਾਣਿਆ ਸੀ, ਇਸ ਤਰ੍ਹਾਂ ਅਚਾਨਕ ਆਪਣੇ ਅਧਿਕਾਰ ਖੁਸਦੇ ਦੇਖ ਕੇ ਕਦੀ ਆਰਾਮ ਨਾਲ ਕਿਸੇ ਸਮੇਂ ਬੈਠ ਸਕਦੇ। ਇਸ ਤੋਂ ਇਲਾਵਾ ਦਿੱਲੀ ਦੀ ਬਾਦਸ਼ਾਹੀ, ਜੋ ਕਿਸੇ ਸਮੇਂ ਇਸਲਾਮੀ ਪ੍ਰਚਾਰ ਦਾ ਗੜ੍ਹ ਬਣੀ ਹੋਈ ਸੀ, ਲਖਨਊ ਦੀ ਜ਼ਬਤੀ ਤੋਂ ਬਾਦ ਅੰਤਲੇ ਸ੍ਵਾਸਾਂ ਉੱਤੇ ਆਈ ਹੋਈ ਸੀ। ਬਾਦਸ਼ਾਹ ਬਹਾਦੁਰ ਸ਼ਾਹ ਅੰਗਰੇਜ਼ੀ ਹਕੂਮਤ ਦਾ ਪੈਨਸ਼ਨ ਖ਼੍ਵਾਰ ਸੀ ਤੇ ਉਸ ਦੇ ਬਾਦਸ਼ਾਹੀ ਹੱਕ ਘਟਾ ਦਿੱਤੇ ਗਏ ਸਨ। ਗਵਰਨਰ ਜਰਨਲ ਅਤੇ ਪ੍ਰਧਾਨ ਸੈਨਾਪਤੀ (commander-in-chief) ਇਕ ਸੌ ਸਾਲ ਤੋਂ ਮੁਗ਼ਲ ਬਾਦਸ਼ਾਹ ਨੂੰ ਜੋ ਨਜ਼ਰਾਨਾ ਦਿੰਦੇ ਸਨ, ਉਹ ਬੰਦ ਹੋ ਗਿਆ ਸੀ ਹੁਣ ਰੁਪਏ ਉਤੇ ਬਾਦਸ਼ਾਹ ਦੇ ਨਾਮ ਦਾ ਠੱਪਾ ਨਹੀਂ ਸੀ ਲਗਦਾ ਤੇ ਉਸ ਨੂੰ ਆਪਣਾ ਵਲੀਅਹਿਦ ਚੁਣਨ ਦਾ ਅਧਿਕਾਰ ਵੀ ਨਹੀਂ ਸੀ। ਕਾਗਜ਼ਾਂ ਉਤੇ ਲੱਗਣ ਵਾਲੀਆਂ ਮੋਹਰਾਂ ਵਿੱਚੋਂ ਬਾਦਸ਼ਾਹ ਸੰਬੰਧੀ ਅਧੀਨਤਾ ਸੂਚਕ ਸ਼ਬਦ, ਜੋ ਪਹਿਲਾਂ ਹੁੰਦੇ ਸਨ, ਕੱਢ ਦਿੱਤੇ ਗਏ ਸਨ[੨] ਅਤੇ ਹਿੰਦੁਸਤਾਨ ਦੇ ਰਾਜੇ-ਮਹਾਰਾਜਿਆਂ ਨੂੰ ਹੁਕਮ ਦਿੱਤਾ ਗਿਆ ਕਿ ਉਹ ਹੁਣ ਆਪਣੇ ਆਪ ਨੂੰ ਬਾਦਸ਼ਾਹ ਦਿੱਲੀ ਦੇ ਮਾਤਹਿਤ ਨਾ ਸਮਝਣ। ਇਸ

੨. ਬਹਾਦੁਰ ਸ਼ਾਹ ਨੇ ਇਸ ਭਾਵ ਦਾ ਇਕ ਖ਼ਤ ਮਹਿਬੂਬ ਅਲੀ ਖ਼ਾਂ ਦੇ ਹੱਥ ਦੇ ਸ਼ਾਹ ਫ਼ਾਰਸ ਪਾਸ ਭੇਜਿਆ ਸੀ। (ਦੇਖੋ, The Punjab & Delhi in 1857 Vol. L, P. 362-3 ਪਰ ਬਾਦਸ਼ਾਹ ਦੇ ਹੁਕਮ ਦਾ ਬਿਆਨ)।

ਤੋਂ ਇਲਾਵਾ ਗਵਰਨਰ ਜਨਰਲ ਨੂੰ ਦਿੱਲੀ ਦੇ ਸ਼ਾਹੀ ਕਿਲ੍ਹੇ ਵਿੱਚ ਬਾਦਸ਼ਾਹ ਦੀ ਰਿਹਾਇਸ਼ ਵੀ ਚੰਗੀ ਨਹੀਂ ਸੀ ਲੱਗਦੀ, ਇਸ ਲਈ ਤਜਵੀਜ਼ ਹੋਈ ਕਿ ਬਾਦਸ਼ਾਹ ਨੂੰ ਉਸ ਦੇ ਪਰਿਵਾਰ ਸਮੇਤ ਕਿਸੇ ਹੋਰ ਥਾਵੇਂ ਭੇਜਿਆ ਜਾਵੇ ਤੇ ਲਾਲ ਕਿਲ੍ਹਾ ਸਰਕਾਰ ਕੰਪਨੀ ਦੀਆਂ ਫ਼ੌਜੀ ਸਰਗਰਮੀਆਂ ਵਾਸਤੇ ਖਾਲੀ ਕਰਵਾਇਆ ਜਾਵੇ। ਇਸ ਸੰਬੰਧ ਵਿਚ ਸ਼ਾਹਜ਼ਾਦਾ ਫ਼ਖ਼ਰੁੱਦੀਨ ਤੋਂ ਲਾਰਡ ਡਲਹੌਜ਼ੀ ਨੇ ਇਸ ਸ਼ਰਤ 'ਤੇ ਲਿਖਤ ਵੀ ਕਰਵਾ ਲਈ ਕਿ ਬਾਦਸ਼ਾਹ ਦੀ ਉਪਾਧੀ ਜਿਉਂ ਦੀ ਤਿਉਂ ਕਾਇਮ ਰਹੇਗੀ, ਪਰ ਸ਼ਾਹੀ ਅਧਿਕਾਰ ਮੁਕੰਮਲ ਤੌਰ 'ਤੇ ਸਰਕਾਰ ਕੰਪਨੀ ਦੇ ਹੱਥ ਵਿਚ ਹੋਣਗੇ।[੩]

ਲਾਰਡ ਡਲਹੌਜ਼ੀ ਤੋਂ ਪਿੱਛੋਂ ਲਾਰਡ ਕੈਨਿੰਗ ਫ਼ਰਵਰੀ, ਸੰਨ ੧੮੫੬ ਵਿਚ ਹਿੰਦ ਦਾ ਗਵਰਨਰ ਜਨਰਲ ਹੋ ਕੇ ਆਇਆ। ਨਵੇਂ ਵਾਇਸਰਾਇ ਨੂੰ ਚਾਹੀਦਾ ਤਾਂ ਇਹ ਸੀ ਕਿ ਉਹ ਸੁਤੰਤਰ ਤੌਰ 'ਤੇ ਰਾਜਨੀਤੀ ਤੋਂ ਕੰਮ ਲੈਂਦਾ ਤੇ ਲਾਰਡ ਡਲਹੌਜ਼ੀ ਦੀ ਘਾਊ ਘੱਪ ਨੀਤੀ ਤੋਂ ਪੈਦਾ ਹੋਈ ਹਿੰਦੁਸਤਾਨੀਆਂ ਦੀ ਘਬਰਾਟ ਨੂੰ ਦੂਰ ਕਰਦਾ, ਪਰ ਉਸ ਨੇ ਆਉਣ ਸਾਰ ਉਸੇ ਪੁਰਾਣੀ ਪਾਲਿਸੀ ਉੱਤੇ ਚੱਲਣਾ ਸ਼ੁਰੂ ਕਰ ਦਿੱਤਾ। ਇਸ ਸਮੇਂ ਹਿੰਦੁਸਤਾਨ ਵਿਚ ਨਵੇਂ ਕਾਰਤੂਸ ਆਏ। ਇਹ ਕਾਰਤੂਸ ਦੰਦਾਂ ਨਾਲ ਫੀਤਾ ਕੱਟ ਕੇ ਬੰਦੂਕ ਵਿਚ ਭਰਨੇ ਪੈਂਦੇ ਸਨ ਤੇ ਫੀਤਾ ਚਿਕਨਾ ਹੋਣ ਕਰ ਕੇ ਆਮ ਅਫ਼ਵਾਹ ਸੀ ਕਿ ਇਹ ਕਾਰਤੂਸ ਹਿੰਦੂ-ਮੁਸਲਮਾਨਾਂ ਦਾ ਧਰਮ ਵਿਗਾੜਨ ਲਈ ਗਊ ਅਤੇ ਸੂਰ ਦੀ ਚਰਬੀ ਮਿਲਾ ਕੇ ਬਣਾਏ ਗਏ ਹਨ। ਈਸਾਈ ਲੋਕ ਹਿੰਦੁਸਤਾਨ ਵਿਚ ਪਹਿਲਾਂ ਹੀ ਕੌੜੀ ਬੇਲ ਵਾਂਗ ਵਧ ਰਹੇ ਸਨ, ਇਸ ਲਈ ਇਹ ਧਰਮ ਵਿਗਾੜਨ ਵਾਲਾ ਸ਼ੱਕ ਹੋਰ ਵੀ ਪੱਕਾ ਹੋ ਗਿਆ ਤੇ ਕਾਰਤੂਸ ਲੈਂਣ ਤੋਂ ਪੂਰਬ ਦੇ ਹਿੰਦੂ ਇਨਕਾਰੀ ਹੋ ਗਏ ਤੇ ਮੁਸਲਮਾਨ ਵੀ। ਸਰਕਾਰ ਅੰਗਰੇਜ਼ੀ ਨੇ ਉਨ੍ਹਾਂ ਦਾ ਇਹ ਸ਼ੱਕ ਰਫ਼ਾ ਕਰਨ ਦੀ ਕੋਸ਼ਿਸ਼ ਕੀਤੀ ਪਰ ਉਸ ਦਾ ਕੋਈ ਨਤੀਜਾ ਨਾ ਨਿਕਲਿਆ, ਸਗੋਂ ਨਾਲ ਲਗਦੀਆਂ ਅੰਗਰੇਜ਼ਾਂ ਵਿਰੁੱਧ ਕਈ ਹੋਰ ਅਫ਼ਵਾਹਾਂ ਵੀ ਫੈਲ ਗਈਆਂ। ਉਹ ਇਸ ਤਰ੍ਹਾਂ ਕਿ ਅੰਗਰੇਜ਼ ਆਟੇ ਵਿਚ ਹੱਡੀਆਂ ਪੀਹ ਕੇ ਹਿੰਦੂ-ਮੁਸਲਮਾਨਾਂ ਦਾ ਦੀਨ-ਈਮਾਨ ਖੋਹ ਰਹੇ ਹਨ ਅਤੇ ਖੂਹਾਂ ਵਿਚ ਇਨ੍ਹਾਂ ਨੇ ਗਊ ਤੇ ਸੂਰ ਦਾ ਲਹੂ ਸੁੱਟਿਆ ਹੈ ਤਾਂ ਕਿ ਪਾਣੀ ਪੀ-ਪੀ ਕੇ ਲੋਕ ਆਪਣੇ ਧਰਮ ਤੋਂ ਡਿਗਣ ਅਤੇ ਈਸਾਈ ਬਣਦੇ ਚਲੇ ਜਾਣ।

ਉਹ ਮੁਸਲਮਾਨ, ਜਿਨ੍ਹਾਂ ਦੇ ਰਾਜ-ਅਧਿਕਾਰ ਖੁੱਸ ਗਏ ਸਨ ਪਹਿਲਾਂ ਹੀ ਸਰਕਾਰ ਅੰਗਰੇਜ਼ੀ ਉਤੇ ਦੰਦ ਪੀਹ ਰਹੇ ਸਨ। ਨਵੇਂ ਕਾਰਤੂਸਾਂ ਤੇ ਇਨ੍ਹਾਂ ਦੇ ਨਾਲ ਲਗਦੀਆਂ ਹੋਰ ਅਫ਼ਵਾਹਾਂ ਨੇ ਪੂਰਬੀਏ ਹਿੰਦੂਆਂ ਨੂੰ ਵੀ ਉਨ੍ਹਾਂ ਦੇ ਨਾਲ ਸ਼ਾਮਲ ਕਰ ਦਿੱਤਾ ਤੇ ਇਸ ਤਰ੍ਹਾਂ ਕੁਝ ਕੌਮੀ ਏਕਤਾ ਜਿਹੀ ਹੋਣ 'ਤੇ ਅੰਗਰੇਜ਼ੀ ਰਾਜ ਉਲਟਾਉਣ ਦੇ ਮਨਸੂਬੇ ਘੜੇ ਜਾਣੇ ਸ਼ੁਰੂ ਹੋਏ ਤੇ ਅੰਗਰੇਜ਼ਾਂ ਨੂੰ ਮਾਰਨ ਲਈ ੩੧

---

੩. ਸ਼ਿਵ ਨਾਰਾਇਣ ਦ੍ਵਿਵੇਦੀ, ਸੰਨ ੧੮੫੭ ਕੇ ਗ਼ਦਰ ਕਾ ਇਤਿਹਾਸ, ਭਾਗ ੧, ਸਫ਼ੇ ੪੦੧-੪।

ਮਈ ਤਰੀਖ ਨੀਯਤ ਹੋਈ। ਆਮ ਪੇਂਡੂ ਜਨਤਾਂ ਨੂੰ ਇਸ ਰਾਜ-ਗਰਦੀ ਵਿਚ ਸ਼ਾਮਲ ਕਰਨ ਲਈ ਇਕ ਪਿੰਡ ਤੋਂ ਦੂਜੇ ਪਿੰਡ ਚਪਾਤੀਆਂ ਅਰਥਾਤ-ਰੋਟੀਆਂ ਤਕਸੀਮ ਹੋਣੀਆਂ ਸ਼ੁਰੂ ਹੋਈਆਂ। ਰੋਟੀਆਂ ਦੀ ਇਸ ਤਕਸੀਮ ਤੋਂ ਇਹੋ ਭਾਵ ਸੀ ਕਿ ਹੁਣ ਹਿੰਦੁਸਤਾਨੀਆਂ ਦੀ ਰੋਟੀ ਖ਼ਤਰੇ ਵਿਚ ਹੈ, ਇਸ ਲਈ ਇਸ ਨੂੰ ਬਚਾਉਣ ਤੇ ਅੰਗਰੇਜ਼ਾਂ ਨੂੰ ਮਾਰਨ ਵਾਸਤੇ ਮਿਲਵਾਂ ਜਤਨ ਹੋਣਾ ਚਾਹੀਏ।

ਪੂਰਬੀਏ ਹਿੰਦੂ ਧਰਮ ਦੇ ਨਾਂ 'ਤੇ ਇਸ ਗ਼ਦਰ ਵਿਚ ਸ਼ਾਮਲ ਤਾਂ ਹੋ ਗਏ ਸਨ, ਪਰ ਇਸ ਵਿਚ ਜੇ ਕਾਮਯਾਬੀ ਹੋ ਜਾਂਦੀ ਤਾਂ ਸਾਰਾ ਨਤੀਜਾ ਮੁਗ਼ਲਾਂ ਦੇ ਪੱਲੇ ਪੈਣਾ ਸੀ, ਕਿਉਂਕਿ ਇਸਲਾਮੀ ਰਾਜ ਦੇ ਹਾਮੀ ਮੁਗ਼ਲ ਪਹਿਲਾਂ ਹੀ ਇਸ ਗ਼ਦਰ ਦੀ ਕਾਮਯਾਬੀ ਵਿਚ ਆਪਣੇ ਸ਼ਾਨਦਾਰ ਭਵਿੱਖ ਦੇ ਅਨੁਮਾਨ ਲਗਾ ਰਹੇ ਸਨ 'ਤੇ ਮੁਸਲਿਮ ਜਨਤਾ ਦੇ ਦਿਲ ਵਿਚ ਇਹ ਖਿਆਲ ਭਰਨ ਦੀ ਕੋਸ਼ਿਸ਼ ਕਰ ਰਹੇ ਸਨ ਕਿ ਅੰਗਰੇਜ਼ ਕਾਫ਼ਰਾਂ ਦੇ ਨਾਲ ਮਿਲ ਕੇ ਉਨ੍ਹਾਂ ਦੀ ਨਿਮਾਜ਼ ਖ਼ੁਦਾ ਦੀ ਦਰਗਾਹ ਵਿਚ ਕਬੂਲ ਨਹੀਂ ਪੈਂਦੀ[੪] ਇਸ ਲਈ ਇਸ ਰਾਜ ਦਾ ਤਖ਼ਤਾ ਉਲਟਾ ਕੇ ਮੁੜ ਉਹੋ ਦੀਨੀ (ਮੁਗ਼ਲਾਂ ਦੀ) ਹਕੂਮਤ ਕਾਇਮ ਕਰਨੀ ਚਾਹੀਏ। ਇਸਲਾਮ ਦੇ ਨਾਂ 'ਤੇ ਜਹਾਦ ਦਾ ਝੰਡਾ ਬੁਲੰਦ ਕਰਨ ਲਈ ਅੰਲਾਹਬਾਦ ਦੇ ਇਕ ਮੌਲਵੀ ਵੱਲੋਂ ਦੋ ਐਲਾਨ ਨਿਕਲੇ, ਜਿਨ੍ਹਾਂ ਵਿੱਚੋਂ ਇਕ ਐਲਾਨ ਦੀਆਂ ਕੁਝ ਤੁਕਾਂ ਇਹ ਹਨ :-

ਬਾਅਦ ਤਮਹੀਦ ਖ਼ੁਦਾ ਨਾਅਤ ਰਸੂਲ ਅਕਰਮ।
ਯਹ ਰਸਾਲਾ ਹੈ ਜਹਾਦ, ਯਹ ਲਿਖਤਾ ਹੈ ਕਲਮ।
ਹੱਕ ਤਾਲਾ ਕੋ ਮਜਾਹਿਦ ਵੁਹ ਬਹੁਤ ਭਾਤੇ ਹੈਂ।
ਮਿਸਲਿ ਦੀਵਾਰ ਜੋ ਸਫ ਬਾਂਧਕੇ ਜਮ ਜਾਤੇ ਹੈਂ।
ਦੀਨ ਇਸਲਾਮ ਬਹੁਤ ਸੁਸਤ ਹੂਆ ਜਾਤਾ ਹੈ।
ਗਲਬਾਇ ਕੁਫਰ ਸੇ ਇਸਲਾਮ ਮਿਟਾ ਜਾਤਾ ਹੈ।
ਫ਼ਰਜ਼ ਹੈ ਤੁਮ ਪੈ ਮੁਸਲਮਾਨੋ ਜਹਾਦਿ ਕੁਫ਼ਾਰ।
ਇਸ ਕਾ ਸਾਮਾਨ ਕਰੋ ਜਲਦ ਅਗਰ ਹੋ ਦੀਨਦਾਰ।
ਜੋ ਰਹਿ ਹੱਕ ਮੇਂ ਹੂਏ ਟੁਕੜੇ, ਨਹੀਂ ਮਰਤੇ ਹੈਂ।
ਬਲਕਿ ਵੁਹ ਜੀਤੇ ਹੈਂ, ਜੱਨਤ ਮੇਂ ਖ਼ੁਸ਼ੀ ਕਰਤੇ ਹੈਂ।
ਐ ਮੁਸਲਮਾਨੋ, ਸੁਨੀ ਤੁਮ ਨੇ ਜੋ ਖ਼ੂਬੀ ਜਹਾਦ।
ਚਲੋ ਅਬ ਰਨ ਕੀ ਤਰਫ, ਮਤ ਕਰੋ ਘਰ ਬਾਰ ਕੋ ਯਾਦ।
ਗਰ ਫਿਰੇ ਜੀਤੇ ਤੋ ਘਰ ਬਾਰ ਮੇ ਫਿਰ ਆਓਗੇ।
ਗਰ ਗਏ ਮਾਰੇ ਤੋ ਜੱਨਤ ਕੋ ਚਲੇ ਜਾਓਗੇ।

---

੪. ਹਿੰਦੁਸਤਾਨ ਵਿਚ ਉਸ ਵੇਲੇ ਹੈਜ਼ਾ ਫੈਲਿਆ ਹੋਇਆ ਸੀ। ਸੋ, ਇਹ ਵਬਾ ਵੀ ਕਾਫ਼ਰਾਂ ਨਾਲ ਮੇਲ-ਜੋਲ ਹੋਣ 'ਤੇ ਰੱਬ ਦੀ ਕਰੋਪੀ ਦਾ ਕਾਰਣ ਸਮਝੀ ਗਈ। (ਦੇਖੋ, ਸੰਨ ੧੮੫੭ ਕੇ ਗਦਰ ਕਾ ਇਤਿਹਾਸ, ਭਾਗ, ੧, ਸਫਾ ੨੦੮)

ਪੇਸ਼ਵਾ ਲੋਗ ਇਸੀਤਰਹ ਨ ਕਰਤੇ ਜੋ ਜਹਾਦ।
ਹਿੰਦ ਫਿਰ ਕਿਸਤਰਹ ਇਸਲਾਮ ਸੇ ਹੋਤਾ ਆਬਾਦ।
ਬਾਤ ਹਮ ਕਾਮ ਕੀ ਕਹਿਤੇ ਹੈਂ ਸੁਨੋ ਯਾਰੋ।
ਵਕਤ ਆਯਾ ਹੈ ਕਿ ਤਲਵਾਰ ਕੋ ਬੜ੍ਹ ਬੜ੍ਹ ਕੇ ਮਾਰੋ।
(ਕਨ੍ਹੈਯਾ ਲਾਲ, ਤਗੀਖਿ ਬਗਾਵਤਿ ਹਿੰਦ ਸਫਾ ੧੯੯)

ਬਾਦਸ਼ਾਹ ਬਹਾਦੁਰ ਸ਼ਾਹ ਦੇ ਅਧਿਕਾਰ ਖੁਸਣ ਦੀ ਚਰਚਾ ਪਹਿਲਾਂ ਫ਼ੈਲ ਹੀ ਚੁੱਕੀ ਸੀ, ਜਿਸ ਕਰਕੇ ਦਿੱਲੀ ਦੇ ਮੁਸਲਮਾਨਾਂ ਵਿਚ ਜੋਸ਼ ਦਿਖਾਈ ਦੇ ਰਿਹਾ ਸੀ। ਹਿੰਦੂ ਫ਼ੌਜੀਆਂ ਦੇ ਸਹਿਯੋਗ ਤੋਂ ਮੁਸਲਮਾਨਾਂ ਨੂੰ ਇਸ ਜਹਾਦ ਦੀ ਕਾਮਯਾਬੀ ਦਾ ਹੋਰ ਵੀ ਨਿਸਚਾ ਬੱਝ ਗਿਆ ਤੇ ਕਈ ਮੁਲਾਣੇ ਅਤੇ ਫ਼ਕੀਰ ਪੇਸ਼-ਗੋਈਆਂ (ਭਵਿੱਖ ਬਾਣੀਆਂ) ਦੱਸ ਕੇ ਮੁਸਲਮਾਨਾਂ ਨੂੰ ਹੋਰ ਵੀ ਭੜਕਾਉਣ ਲਗ ਪਏ। ਉਨ੍ਹਾਂ ਪੇਸ਼-ਗੋਈਆਂ ਦਾ ਮਤਲਬ ਇਹ ਸੀ ਕਿ ਅੰਗਰੇਜ਼ ਪਲਾਸੀ ਦੀ ਲੜਾਈ ਤੋਂ ਬਾਅਦ ਇਕ ਸੌ ਸਾਲ ਤਕ ਹਿੰਦੁਸਤਾਨ ਉੱਤੇ ਹਕੂਮਤ ਕਰਨਗੇ ਤੇ ਫੇਰ ਉਨ੍ਹਾਂ ਦਾ ਰਾਜ ਖ਼ਤਮ ਹੋ ਕੇ ਮੁਗ਼ਲ ਰਾਜ ਕਾਇਮ ਹੋਵੇਗਾ। ਇਸ ਸਮੇਂ ਪਲਾਸੀ ਦੀ ਲੜਾਈ ਨੂੰ ਇਕ ਸੌ ਸਾਲ ੨੩ ਜੂਨ (੧੮੫੭) ਨੂੰ ਪੂਰਾ ਹੁੰਦਾ ਸੀ, ਇਸ ਲਈ ਇਹ ਭਵਿੱਖ ਬਚਨ ਆਮ ਸਾਧਾਰਣ ਲੋਕਾਂ ਨੂੰ ਸੱਚੇ ਤੇ ਸਹੀ ਸਾਬਤ ਹੁੰਦੇ ਜਾਪੇ।

ਦਿੱਲੀ ਵਿਚ ਅਜਿਹੀਆਂ ਪੇਸ਼-ਗੋਈਆਂ ਦੱਸਣ ਵਾਲੇ ਦੋ ਫ਼ਕੀਰ ਸਨ, ਸ਼ਾਹ ਮਾਮਤੁੱਲਾ ਤੇ ਸ਼ਾਹ ਹਸਨ ਅਸਕਰੀ। ਇਨ੍ਹਾਂ ਵਿਚੋਂ ਸ਼ਾਹ ਹਸਨ ਅਸਕਰੀ ਦਾ ਸ਼ਾਹੀ ਮਹਿਲਾਂ ਵਿਚ ਅੱਛਾ ਰਸੂਖ ਸੀ ਤੇ ਉਹ ਬਾਦਸ਼ਾਹ ਤੇ ਉਸ ਦੇ ਖ਼ਾਨਦਾਨ ਉਤੇ ਜ਼ੋਰ ਪਾਉਂਦਾ ਰਹਿੰਦਾ ਸੀ ਕਿ ਹੁਣ ਉਹ ਦਿਨ ਦੂਰ ਨਹੀਂ ਜਦ ਤੁਹਾਡੀ ਪਹਿਲੇ ਵਰਗੀ ਸ਼ਾਹੀ ਆਨ-ਸ਼ਾਨ ਕਾਇਮ ਹੋਵੇਗੀ ਤੇ ਹਿੰਦੁਸਤਾਨ ਉਤੇ ਤੁਹਾਡਾ ਆਪਣਾ ਰਾਜ ਹੋਵੇਗਾ। ਜਦ ਅਜੇ ਇਹ ਪੇਸ਼-ਗੋਈਆਂ ਚਲ ਹੀ ਰਹੀਆਂ ਸਨ, ਤਾਂ ਦਿੱਲੀ ਦੇ ਸ਼ਾਹੀ ਮਹਿਲਾਂ ਤੇ ਬਜ਼ਾਰਾਂ ਵਿਚ ਚਰਚਾ ਛਿੜੀ ਕਿ ਸ਼ਾਹ ਫਾਰਸ ਹਿੰਦੁਸਤਾਨ ਨੂੰ ਅਜ਼ਾਦ ਕਰਵਾਉਣ ਲਈ ਚੜ੍ਹਾਈ ਕਰ ਕੇ ਆ ਰਿਹਾ ਹੈ ਤੇ ਉਹ ਦਿੱਲੀ ਦੀ ਬਾਦਸ਼ਾਹੀ ਨਵੇਂ ਸਿਰਿਓਂ ਕਾਇਮ ਕਰਕੇ ਬਾਦਸ਼ਾਹ ਦੇ ਹੱਥ ਸੌਂਪੇਗਾ। ਜੇ ਉਸ ਨੂੰ ਹਿੰਦ ਵਿਚ ਕੋਈ ਔਕੜ ਪੇਸ਼ ਆਈ ਤਾਂ ਜ਼ਾਰ ਰੂਸ ਉਸ ਦੀ ਸਹਾਇਤਾ ਕਰੇਗਾ। ਜਾਮਿਆ ਮਸਜਿਦ ਦੀ ਕੰਧ ਉਤੇ ਇਸ ਭਾਂਵ ਦਾ ਇਕ ਇਸ਼ਤਿਹਾਰ ਵੀ ਲੱਗਾ ਹੋਇਆ ਦੇਖਿਆ ਗਿਆ, ਪਰ ਇਹ ਅਫ਼ਵਾਹਾਂ ਧੂੰਏ ਦੇ ਬੱਦਲਾਂ ਦੀ ਤਰ੍ਹਾਂ ਸਨ ਜੋ ਬਿਨਾਂ ਕੋਈ ਫਲ ਦਿਖਾਏ ਦੇ ਕਾਫ਼ੀ ਦਿਨ ਦਿੱਲੀ ਦੇ ਵਾਯੂ-ਮੰਡਲ ਨੂੰ ਐਵੇਂ ਹੀ ਗਰਮ ਕਰਦੀਆਂ ਰਹੀਆਂ।

ਸੰਨ ੧੮੫੭ ਦਾ ਗ਼ਦਰ, ਜਿਸ ਦਾ ਬੀਜ, ਕਈ ਵਰ੍ਹੇ ਪਹਿਲਾਂ ਹੀ ਲਾਰਡ ਡਲਹੌਜ਼ੀ ਦੀ ਕਬਜ਼ਾ ਕਰੂ ਪਾਲਿਸੀ ਦੇ ਕਾਰਣ ਹਿੰਦੁਸਤਾਨੀਆਂ ਦੇ ਦਿਲਾਂ ਵਿਚ ਬੀਜਿਆ ਗਿਆ ਸੀ, ਇਸ ਸਾਲ ਦੇ ਮਹੀਨਾ ਮਾਰਚ ਵਿਚ ਉਗੱਮ ਕੇ ਆਪਣੀ

ਭਯਾਨਕ ਸ਼ਕਲ ਦਿਖਾਉਣ ਲੱਗ ਪਿਆ। ਕਾਰਣ ਤਾਂ ਇਸ ਗ਼ਦਰ ਦਾ, ਜਿਸ ਤਰ੍ਹਾਂ ਕਿ ਪਿੱਛੇ ਦੱਸਿਆ ਜਾ ਚੁੱਕਾ ਹੈ, ਹਿੰਦੁਸਤਾਨੀ ਰਿਆਸਤਾਂ, ਤਅੱਲਕੇਦਾਰੀਆਂ ਦੀਆਂ ਜ਼ਬਤੀਆਂ ਤੇ ਬੇਥੌਹੇ ਲਗਾਨ ਦਾ ਵਾਧਾ ਸੀ, ਜਿਸ ਕਰਕੇ ਅਮੀਰ-ਗ਼ਰੀਬ ਸਭ ਦੂਖੀ ਸਨ, ਪਰ ਚਰਬੀ ਮਿਲੇ ਕਾਰਤੂਸਾਂ ਦੀ ਲਹਿਰ ਨੇ ਇਸ ਗ਼ਦਰ ਨੂੰ ਭੜਕਾਉਣ ਲਈ ਅੱਗ ਉਤੇ ਬਾਰੂਦ ਦਾ ਕੰਮ ਕੀਤਾ ਤੇ ਪੂਰਬੀਏ ਸਿਪਾਹੀਆਂ ਦੇ ਧਾਰਮਿਕ ਜੋਸ਼ ਅੱਗੇ ੩੧ ਮਈ ਦੀ ਤਾਰੀਖ਼ ਜੋ ਗ਼ਦਰ ਵਾਸਤੇ ਨੀਯਤ ਹੋਈ ਸੀ, ਭੁੱਲ ਗਈ। ਗੱਲ ਇਉਂ ਹੋਈ ਕਿ ਬਾਰਕਪੁਰ ਦੀ ਹਿੰਦੁਸਤਾਨੀ ਰਜਮਟ ਨੰ: ੧੯ ਅਤੇ ੩੪ ਨੇ ਅਪ੍ਰੈਲ ਦੇ ਮਹੀਨੇ ਅਚਾਨਕ ਸਰਕਾਰ ਦਾ ਹੁਕਮ ਮੰਨਣੋਂ ਇਨਕਾਰ ਕਰ ਦਿੱਤਾ, ਜਿਸ ਕਰਕੇ ਇਨ੍ਹਾਂ ਦੋਹਾਂ ਰਜਮਟਾਂ ਨੂੰ ਤੋੜ ਦਿੱਤਾ ਗਿਆ ਅਤੇ ਇਨ੍ਹਾਂ ਦੇ ਇਨਕਲਾਬ ਪਸੰਦ ਆਗੂ ਮੰਗਲ ਪਾਂਡੇ ਅਤੇ ਜਮਾਂਦਾਰ ਈਸ਼ਵਰ ਪਾਂਡੇ ਨੂੰ ਫਾਂਸੀ ਦੀ ਸਜ਼ਾ ਦਿੱਤੀ ਗਈ। ਇਨ੍ਹਾਂ ਰਜਮਟਾਂ ਦੇ ਸਿਪਾਹੀ ਬਹੁਤੇ ਲਖਨਊ ਦੇ ਇਲਾਕੇ ਵਿਚੋਂ ਉੱਚੀ ਜਾਤ ਦੇ ਹਿੰਦੂ ਖਾਨਦਾਨਾਂ ਨਾਲ ਸਬੰਧ ਰੱਖਦੇ ਸਨ, ਇਸ ਲਈ ਜਦ ਉਹ ਨੌਕਰੀਆਂ ਤੋਂ ਬਰਤਰਫ਼ ਹੋ ਕੇ ਬੁਰੇ ਹਾਲ ਆਪਣੇ ਘਰਾਂ ਵਿਚ ਪਹੁੰਚੇ ਤਾਂ ਉਥੋਂ ਦੇ ਲੋਕਾਂ ਉਤੇ ਅੰਗ੍ਰੇਜ਼ਾਂ ਬਾਰੇ ਹੋਰ ਵੀ ਭੈੜਾ ਅਸਰ ਪਿਆ, ਇਸ ਲਈ ਲਖਨਊ ਦੇ ਇਲਾਕੇ ਵਿਚ ਗੜਬੜ ਪੇਦਾ ਹੋ ਗਈ ਤੇ ਇਹ ਖਬਰ ਕਿਸੇ ਤਰ੍ਹਾਂ ਮੇਰਠ ਵੀ ਪੁੱਜ ਗਈ।

੯-੧੦ ਮਈ ਨੂੰ ਮੇਰਠ ਦੀ ਛਾਉਣੀ ਵਿਚ ਜਦ ਚਰਬੀ ਵਾਲੇ ਕਾਰਤੂਸ ਵੰਡੇ ਜਾਣ ਲੱਗੇ ਤਾਂ ਹਿੰਦੁਸਤਾਨੀ ਰਸਾਲਾ ਨੰ: ੩ ਦੇ ੮੫ ਦੇ ਸਿਪਾਹੀਆਂ ਨੇ ਬਾਰਕਪੁਰ ਦੇ ਸਿਪਾਹੀਆਂ ਦੀ ਪੈਰਵੀ ਕੀਤੀ ਅਤੇ ਕਾਰਤੂਸ ਲੈਣ ਤੋਂ ਇਨਕਾਰ ਕਰ ਦਿੱਤਾ। ਸਰਕਾਰ ਨੇ ਕੋਰਟ ਮਾਰਸਲ ਕਰਕੇ ਉਨ੍ਹਾਂ ਨੂੰ ਜੇਲਖਾਨੇ ਡੱਕ ਦਿੱਤਾ। **ਇਸ ਰਸਾਲੇ ਦੇ ਪੂਰਬੀਏ ਸਿਪਾਹੀਆਂ ਨੇ ਸੰਨ ੧੮੪੬ ਈ: ਦੀ ੧੦ ਫਰਵਰੀ ਨੂੰ ਸਭਰਾਉਂ ਦੇ ਮੈਦਾਨੇ ਜੰਗ ਵਿਚ ਅੰਗਰੇਜ਼ਾਂ ਦੇ ਪੱਖ 'ਤੇ ਸਿੱਖਾਂ ਨਾਲ ਲੜਾਈ ਕੀਤੀ ਸੀ ਤੇ ਪੰਜਾਬ ਨੂੰ ਗੁਲਾਮ ਬਣਾਨ ਲਈ ਬੜੀ ਸਰਗਰਮੀ ਨਾਲ ਹਿੱਸਾ ਲਿਆ ਸੀ।** ਹੁਣ ਜਦ ਇਨ੍ਹਾਂ ਦੇ ਆਪਣੇ ਸਿਰ ਉਤੇ ਵਿਪਤਾ ਪਈ ਤਾਂ ਇਨ੍ਹਾਂ ਦੀਆਂ ਅਖਾਂ ਖੁਲ੍ਹੀਆਂ, ਪਰ ਹੁਣ ਕੀ ਬਣ ਸਕਦਾ ਸੀ। ਇਨ੍ਹਾਂ ਦੀ ਔਕੜ ਦੇਖ ਕੇ ਮੇਰਠ ਰਜਮਟ ਨੰ: ੧੧ ਅਤੇ ੨੦ ਨੇ ਜੋਸ਼ ਵਿਚ ਆ ਕੇ ਬਗਾਵਤ ਕਰ ਦਿੱਤੀ ਤੇ ਜੇਲ੍ਹਖ਼ਾਨੇ ਉਤੇ ਹਮਲਾ ਕਰ ਕੇ ਪਹਿਲਾਂ ਸਾਰੇ ਕੈਦੀਆਂ ਨੂੰ ਛੁਡਾਇਆ ਤੇ ਫੇਰ ਜੋ ਅੰਗਰੇਜ਼ ਹੱਥ ਆਏ, ਉਨ੍ਹਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਇਸ ਤਰ੍ਹਾਂ ਜਦ ਮੇਰਠ ਦਾ ਇਲਾਕਾ ਅੰਗਰੇਜ਼ਾਂ ਤੋਂ ਸਾਫ਼ ਹੋ ਗਿਆ ਤਾਂ ਦੂਜੇ ਦਿਨ ੧੧ ਮਈ ਨੂੰ ਸਾਰੇ ਬਾਗੀ ਸਿਪਾਹੀ ਜਿਨ੍ਹਾਂ ਵਿਚ ਮੁਸਲਮਾਨ ਵੀ ਸ਼ਾਮਲ ਹੋ ਗਏ ਸਨ, ਦੀਨ, ਦੀਨ ਪੁਕਾਰਦੇ ਹੋਏ ਦਿੱਲੀ ਪਹੁੰਚ ਗਏ ਤੇ ਉਥੋਂ ਦੀਆਂ ਹਿੰਦੁਸਤਾਨੀ ਪਲਟਨਾਂ ਨੂੰ ਆਪਣੇ ਨਾਲ ਮਿਲਾ ਕੇ ਉਨ੍ਹਾਂ ਨੇ ਬਹੁਤ ਸਾਰੇ ਅੰਗਰੇਜ਼ਾਂ ਤੇ ਈਸਾਈਆਂ ਨੂੰ ਕਤਲ

ਕਰ ਸੁੱਟਿਆ। ਲਾਲ ਕਿਲ੍ਹੇ ਉਤੇ ਹਿੰਦੁਸਤਾਨੀਆਂ ਦਾ ਕਬਜ਼ਾ ਹੋ ਗਿਆ ਤੇ ਬਾਦਸ਼ਾਹ ਬਹਾਦੁਰ ਸ਼ਾਹ ਨੂੰ ਤਖ਼ਤ ਉਤੇ ਬਿਠਾ ਦਿੱਤਾ ਗਿਆ। ਕੁਝ ਅੰਗਰੇਜ਼, ਮੇਮਾਂ ਅਤੇ ਬੱਚੇ, ਜੋ ਲਾਲ ਕਿਲੇ ਵਿਚ ਪਨਾਹਗੀਰ ਹੋਏ ਸਨ, ਬਾਗ਼ੀਆਂ ਦੇ ਹੱਥ ਆ ਕੇ ੧੬ ਮਈ ਨੂੰ ਬੁਰੀ ਤਰ੍ਹਾਂ ਕਤਲ ਕੀਤੇ ਗਏ ਅਤੇ ਬਾਕੀ ਉਹੋ ਬਚੇ ਜੋ ਕਿਸੇ ਹੀਲੇ ਭੱਜ ਕੇ ਆਪਣੀਆਂ ਜਾਨਾਂ ਬਚਾ ਗਏ ਸਨ।

ਨਵਾਬ ਝੱਜਰ, ਰਾਜਾ ਨਾਹਰ ਸਿੰਘ ਬੱਲਬ ਗੜ੍ਹ[੫], ਨਵਾਬ ਸਰਕਾਰ ਦਾਦਰੀ ਅਤੇ ਰਾਣੀਆਂ ਨੇ ਇਸ ਮੌਕੇ 'ਤੇ ਬਾਗੀਆਂ ਦਾ ਪੱਖ ਲਿਆ ਅਤੇ ਬਹਾਦੁਰ ਸ਼ਾਹ ਨਾਲ ਜਾ ਮਿਲੇ।

ਹੁਣ ਗ਼ਦਰ ਕੇਵਲ ਦਿੱਲੀ ਤੱਕ ਹੀ ਮਹਿਦੂਦ ਨਾ ਰਿਹਾ, ਬਲਕਿ ਫੂਸ ਦੀ ਅੱਗ ਵਾਂਗੂ ਥੋੜ੍ਹੇ ਚਿਰ ਵਿਚ ਹੀ ਸਾਰੇ ਹਿੰਦੁਸਤਾਨ ਵਿਚ ਫੈਲ ਗਿਆ ਤੇ ਛਾਉਣੀਆਂ ਵਿਚ ਜੋ ਪੂਰਬੀਆ ਪਲਟਨਾਂ ਸਨ, ਉਹ ਇਕ ਦਮ ਅੰਗਰੇਜ਼ੀ ਰਾਜ ਤੋਂ ਵਿਰੁੱਧ ਉਠ ਖਲੋਈਆਂ। ਅੰਗ੍ਰੇਜ਼ਾਂ ਵਾਸਤੇ ਇਸ ਸਮੇਂ ਜੇ ਕੋਈ ਥਾਂ ਸਿਰ ਲੁਕਾਉਣ ਵਾਸਤੇ ਸੀ ਤਾਂ ਉਹ ਪੰਜਾਬ ਦਾ ਇਲਾਕਾ ਸੀ। ਪੰਜਾਬ ਦੇ ਹਿੰਦੂ, ਮੁਸਲਮਾਨਾਂ ਤੇ ਸਿੱਖਾਂ ਦੀ ਇਸ ਸਮੇਂ ਇਹ ਹਾਲਤ ਸੀ ਕਿ ਉਹ ਆਪਣਾ ਰਾਜ-ਭਾਗ ਤਾਜਾ ਹੀ ਖੁੱਸਿਆ ਹੋਣ ਕਰਕੇ ਹਿੰਦੁਸਤਾਨੀਆਂ ਤੋਂ ਨੱਕ ਵੱਟਦੇ ਸਨ, ਕਿਉਂਕਿ ਸਿੱਖਾਂ ਅਤੇ ਫਰੰਗੀਆਂ ਦੀ ਪਹਿਲੀ ਅਤੇ ਦੂਜੀ ਲੜਾਈ ਵਿਚ ਅੰਗਰੇਜ਼ਾਂ ਦੇ ਪੱਖ ਉਤੇ ਹੋ ਕੇ ਪੰਜਾਬੀਆਂ ਨਾਲ ਲੜਨ ਵਾਲੇ ਬਹੁਤੇ ਹਿੰਦੁਸਤਾਨੀ ਹੀ ਸਨ। ਜਦ ਪੰਜਾਬ ਦੀ ਅਜ਼ਾਦੀ ਨੂੰ ਕਾਇਮ ਰੱਖਣ ਲਈ ਇਨ੍ਹਾਂ ਦੇ ਸਹਿਯੋਗ ਦੀ ਲੋੜ ਸੀ ਤਾਂ ਇਹ ਅੰਗ੍ਰੇਜ਼ਾਂ ਦੇ ਨਿਮਕ ਹਲਾਲ ਬਣੇ ਰਹਿਣ ਦਾ ਮਾਣ ਕਰਦੇ ਸਨ[੬] ਤੇ (ਸਭਰਾਉਂ ਦੇ ਜੰਗ ਤੋਂ ਪਿੱਛੋਂ) ਸਿੱਖਾਂ ਨੂੰ ਨੀਚ-ਜਾਤ ਦੇ ਕਹਿ ਕੇ ਤਾਨ੍ਹੇ ਮਾਰਿਆ ਕਰਦੇ ਸਨ ਕਿ ਇਹ ਸਾਡੇ ਅੱਗੇ ਬਹਾਦੁਰੀ ਦਾ ਕੀ ਦਮ ਮਾਰ ਸਕਦੇ ਹਨ, "ਅਸੀਂ ਕਾਬਲ ਮਾਰੀ ਤੇ ਲਾਹੌਰ ਮਾਰੀ।" ਇਸ ਹਾਲਤ ਵਿਚ ਹੁਣ ਭੀੜ ਪਈ ਤੇ ਸਿੱਖ ਇਨ੍ਹਾਂ ਦਾ ਕਿਵੇਂ ਸਾਥ ਦੇ ਸਕਦੇ ਸਨ। ਨਾਲੇ ਇਸ ਗ਼ਦਰ ਵਿਚ ਹਿੱਸਾ ਲੈਣਾ ਸਿੱਖਾਂ ਲਈ ਪੰਜਾਬੀਆਂ ਦੇ ਲਹੂ ਵਿਚ ਡੋਕੇ ਫੇਰਨ ਦੇ ਤੁੱਲ ਸੀ, ਕਿਉਂ ਕਿ ਇਸ ਬਗਾਵਤ ਦੇ ਮੁੱਢ ਵਿਚ ਹਿੰਦੁਸਤਾਨ ਦੀ ਅਜ਼ਾਦੀ,

---

੫. ਰਾਜਾ ਨਾਹਰ ਸਿੰਘ ਬੱਲਬ ਗੜ੍ਹ ਦੀ ਭੈਣ ਸੂਰਜ ਕੌਰ ਭਾਈ ਉਦੇ ਸਿੰਘ ਕੈਂਥਲੀਏ ਦੀ ਰਾਣੀ ਸੀ, ਜੋ ਭਾਈ ਸਾਹਿਬ ਦੀ ਮੌਤ ਤੋਂ ਬਾਦ ਸੰਨ ੧੮੪੪ ਵਿਚ ਰਿਆਸਤ ਜ਼ਬਤ ਹੋਣ ਕਰਕੇ ਬੜੀ ਮੁਸ਼ਕਲ ਨਾਲ ਦਿਨ ਕਟੀ ਕਰਦੀ ਰਹੀ। (ਪੰ: ਰੀ:)

੬. ਗਦਰ ਦੀ ਲਹਿਰ ਕੋਈ ਕੌਮੀ ਲਹਿਰ ਨਹੀਂ ਸੀ, ਇਸ ਵਿਚ ਹਿੰਦੂ ਸ਼ਾਮਲ ਨਹੀਂ ਸੀ, ਕੇਵਲ ਦਿੱਲੀ, ਯੂ. ਪੀ. ਸੀ. ਪੀ. ਤੇ ਬਿਹਾਰ ਦੇ ਕੁਝ ਵੱਡੇ ਭੂਮੀਦਾਰ (Feudal Lords) ਸ਼ਾਮਲ ਹੋਏ ਸਨ, ਜਿਨ੍ਹਾਂ ਕੋਲੋਂ ਡਲਹੌਜ਼ੀ ਨੇ ਜਾਗੀਰਾਂ ਜਾਂ ਸਰਦਾਰੀਆਂ ਖੋਹੀਆਂ ਸਨ। ਦੇਖੋ, ਜਵਾਹਰ ਲਾਲ ਨਹਿਰੂ ਦੀ ਪੁਸਤਕ "The Discovery of India" p, 382-384. Kay's Sepoy war in India, II. p, 472 Note.

ਜਿਸ ਦੇ ਸਿੱਖ ਸ਼ੁਰੂ ਤੋਂ ਹੀ ਮੁਸ਼ਤਾਕ ਰਹੇ ਹਨ, ਨਹੀਂ ਸੀ ਬਲਕਿ ਆਪਣੇ ਹੱਥੀਂ ਮੁਗਲਾਂ ਦੀ ਪੁਰਾਣੀ ਸਲਤਨਤ ਕਾਇਮ ਕਰ ਕੇ ਮੁੜ ਉਹੋ ਗੁਲਾਮੀ ਭਰੀ ਬਰਬਾਦੀ ਦਾ ਮੁੱਢ ਤੋਰਨਾ ਸੀ, ਜੋ ਪੁਸ਼ਤਾਂ ਤੋਂ ਸਿੱਖਾਂ ਦਾ ਸਰਬੰਸ-ਨਾਸ ਕਰਦੀ ਆ ਰਹੀ ਸੀ।

ਇਸ ਤੋਂ ਇਲਾਵਾ ਸਿੱਖਾਂ ਦੀ ਨਿਗਾਹ ਵਿਚ ਮੁਗਲ ਵੀ ਵਿਦੇਸ਼ੀ ਹੀ ਸਨ ਤੇ ਅੰਗ੍ਰੇਜ਼ ਵੀ ਵਿਦੇਸ਼ੀ। ਸੁਦੇਸ਼ੀ ਇਨ੍ਹਾਂ ਵਿਚੋਂ ਕੋਈ ਵੀ ਨਹੀਂ ਸੀ। ਸੋ ਇਕ ਵਿਦੇਸ਼ੀ ਹਕੂਮਤ ਨੂੰ ਪੁੱਟ ਕੇ ਦੂਜੀ ਅਜਿਹੀ ਵਿਦੇਸ਼ੀ ਹਕੂਮਤ ਨੂੰ ਕਾਇਮ ਕਰਨਾ, ਜਿਸ ਨੇ ਸਿੱਖਾਂ ਦੇ ਗੁਰੂ ਸ੍ਰੀ ਗੁਰੂ ਅਰਜਨ ਦੇਵ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਸ਼ਹੀਦ ਕੀਤਾ ਸੀ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਿੱਕੇ-ਨਿੱਕੇ ਬੱਚਿਆਂ ਨੂੰ ਵੀ ਪ੍ਰਾਣ-ਦੰਡ ਦਿੱਤੇ ਤੋਂ ਬਗੈਰ ਨਹੀਂ ਸੀ ਛੱਡਿਆ, ਸਿੱਖਾਂ ਦੀ ਨਜ਼ਰ ਵਿਚ ਇਕ ਅਜਿਹਾ ਗੁਨਾਹ ਸੀ, ਜਿਸ ਦਾ ਕਿਵੇਂ ਵੀ ਕੁਫਾਰਾ ਨਹੀ ਸੀ ਹੋ ਸਕਦਾ ਇਸ ਤੋਂ ਇਲਾਵਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਉਨ੍ਹਾਂ ਦੇ ਸਿਦਕੀ ਸਿੱਖ ਭਾਈ ਮਨੀ ਸਿੰਘ, ਭਾਈ ਤਾਰੂ ਸਿੰਘ ਆਦਿ ਨੇ ਮੁਗਲਾਂ ਦੀ ਹਕੂਮਤ ਦੇ ਹੱਥੋਂ ਬੜੇ ਪ੍ਰਾਣ ਘਾਤਕ ਕਸ਼ਟ ਝਲੇ ਸਨ। ਏਥੇ ਹੀ ਬੱਸ ਨਹੀਂ, ਸਤਲੁਜ ਅਤੇ ਗੁਜਰਾਤ ਦੀ ਲੜਾਈ ਵਿਚ ਅੰਗਰੇਜ਼ਾਂ ਨੂੰ ਬਹੁਤੀ ਮਦਦ ਦਿੱਲੀ ਦੇ ਹਲਕੇ ਵਿਚੋਂ ਹੀ ਮਿਲੀ ਸੀ। ਨਵਾਬ ਝੱਜਰ ਨੇ ਆਪਣੇ ਸਵਾਰ ਅਤੇ ਪਿਆਦੇ ਬਤੌਰ ਇਮਦਾਦ ਭੇਜੇ ਸਨ ਅਤੇ ਰਸਦ ਦਾ ਸਾਮਾਨ ਫ਼ਿਰੋਜ਼ਪੁਰ ਪਹੁੰਚਾਇਆ ਸੀ। ਮੁਗ਼ਲ-ਰਾਜ ਦੇ ਹਾਮੀਆਂ ਵਿਚ ਜੇ ਕੁਝ ਭਰੱਪਣ ਦਾ ਮਾਦਾ ਹੁੰਦਾ ਤਾਂ ਉਨ੍ਹਾਂ ਨੂੰ ਸਿੱਖਾਂ ਉੱਤੇ ਵਿਪਤਾ ਪਈ ਦੇਖ ਕੇ ਕੁਝ ਹਮਦਰਦੀ ਹੋਣੀ ਚਾਹੀਦੀ ਸੀ, ਪਰ ਇਸ ਹਮਦਰਦੀ ਦੇ ਚਿੰਨ੍ਹ ਕਿਤੇ ਇਤਿਹਾਸ ਵਿਚ ਨਹੀਂ ਮਿਲਦੇ, ਇਸ ਲਈ ਸਿੱਖ ਜੇ ਇਸ ਗ਼ਦਰ ਦੇ ਮੌਕੇ 'ਤੇ ਹਿੰਦੁਸਤਾਨੀਆਂ ਦੇ ਨਾਲ ਸ਼ਾਮਲ ਨਾ ਹੋਏ ਤਾਂ ਉਨ੍ਹਾਂ ਨੂੰ ਕਸੂਰਵਾਰ ਨਹੀਂ ਠਹਿਰਾਇਆ ਜਾ ਸਕਦਾ।

ਪੂਰਬੀਆ ਪਲਟਨਾਂ ਦਾ ਦਿੱਲੀ ਉੱਤੇ ਕਬਜ਼ਾ ਹੋਣ ਤੋਂ ੨ ਦਿਨ ਪਿੱਛੋਂ ਗਵਰਨਰ ਜਰਨਲ ਨੂੰ ਖਬਰ ਪੁੱਜੀ ਤੇ ਉਸ ਨੇ ਭਰੋਸੇ ਯੋਗ ਲੈਫਟੀਨੈਂਟ ਸਰ ਹੈਨਰੀ ਲਾਰੰਸ ਅਤੇ ਜਾਹਨ ਲਾਰੰਸ ਨੂੰ ਸਹਾਇਤਾ ਵਾਸਤੇ ਲਿਖਿਆ। ਸਰ ਹੈਨਰੀ ਲਾਰੰਸ ਉਸ ਵੇਲੇ ਲਖਨਊ ਦਾ ਹਾਕਮ ਸੀ ਤੇ ਜਾਹਨ ਲਾਰੰਸ ਪੰਜਾਬ ਦਾ[1] ਜਦ ਸਰ ਜਾਹਨ ਲਾਰੰਸ ਨੂੰ ਪਤਾ ਲਗਾ ਕਿ ਸਿੱਖ ਇਸ ਗ਼ਦਰ ਵਿਚ ਹਿੰਦੁਸਤਾਨੀਆਂ ਦੀ ਪੈਰਵੀ ਕਰਨ ਵਾਸਤੇ ਤਿਆਰ ਨਹੀਂ ਹਨ, ਤਾਂ ਉਸ ਨੇ ਸਿੱਖਾਂ ਦੀ ਫੌਜੀ ਭਰਤੀ ਉਤੇ ਜੋਰ ਦਿੱਤਾ। ਪਹਿਲਾਂ ਸਿੱਖ ਅੰਗਰੇਜ਼ਾਂ ਦੀ ਨੌਕਰੀ ਕਰਨੀ ਹਤਕ ਸਮਝਦੇ ਸਨ, ਇਸ ਲਈ ਅੰਗ੍ਰੇਜ਼ੀ ਫੌਜਾਂ ਵਿਚ ਬਹੁਤੇ ਮੁਸਲਮਾਨ ਜਾਂ ਹਿੰਦੂ ਹੀ ਹੁੰਦੇ ਸਨ। ਪੰਜਾਬ ਇਨਫੈਂਟਰੀ (ਪੈਦਲ ਫੌਜ) ਦੀਆਂ ਉਸ ਵੇਲੇ ਛੇ ਰਜਮਟਾਂ ਸਨ, ਜਿਨ੍ਹਾਂ ਵਿਚ ੧੯੦੦ ਜਵਾਨ ਸਨ। ਸਿੱਖਾਂ ਦੀ ਭਰਤੀ ਸ਼ੁਰੂ ਹੋਣ ਕਰਕੇ ਇਹ ਗਣਤੀ ਇਕ ਹੀ ਸਾਲ

---

੧. ਬਹਾਦਰ ਸ਼ਾਹ ਦਾ ਰੋਜ਼ਨਾਮਚਾ, ਸਫ਼ੇ ੬੮-੬੯ ਅਤੇ ੭੧।

ਵਿਚ ਹੀ ੪੬੦੦੦ ਹਜਾਰ ਤੱਕ ਜਾ ਪੁੱਜੀ ਤੇ ਪੰਜਾਬ ਦੀਆਂ ਮਸ਼ਹੂਰ-ਮਸ਼ਹੂਰ ਥਾਵਾਂ ਤੇ ੧੯ ਰਜਮਟਾਂ ਬਣ ਗਈਆਂ[੮]।

ਸਿੱਖ ਏਨੀ ਜਲਦੀ ਅੰਗਰੇਜ਼ਾਂ ਦੀ ਦੁਸ਼ਮਨੀ ਨੂੰ ਭੁੱਲ ਕੇ ਫੌਜ ਵਿਚ ਭਰਤੀ ਕਿਉਂ ਹੋ ਗਏ, ਇਸ ਦਾ ਕਾਰਨ ਨੀਤਕ ਨੁਕਤਾ-ਨਿਗਾਹ ਨਾਲ ਉਨ੍ਹਾਂ ਨੂੰ ਪਿੱਛਲੇ ੧੨ ਸਾਲਾਂ ਦਾ ਕੌੜਾ ਤਜਰਬਾ ਸੀ ਤੇ ਇਸ ਦੌਰਾਨ ਵਿਚ ਸਿੱਖ-ਰਾਜ ਦੇ ਸਿਰ ਕੱਢ ਆਗੂ ਇਕ ਇਕ ਕਰ ਕੇ ਮਾਰੇ ਗਏ ਸਨ। ਮਹਾਰਾਜਾ ਦਲੀਪ ਸਿੰਘ ਨੂੰ ਈਸਾਈ ਬਣਾ ਕੇ ਵਲਾਇਤ ਭੇਜ ਦਿੱਤਾ ਗਿਆ ਸੀ ਤੇ ਪ੍ਰਸਿੱਧ ਸੰਤ ਸਿਪਾਹੀ ਭਾਈ ਮਹਾਰਾਜ ਸਿੰਘ ਸਿੰਘਾਪੁਰ ਜਲਾਵਤਨ ਕੀਤੇ ਗਏ ਸਨ। ਰਾਜਾ ਸ਼ੇਰ ਸਿੰਘ ਅਟਾਰੀ ਵਾਲਾ ਕਲਕੱਤੇ ਵਿਚ ਕੈਦ ਸੀ ਤੇ ਬਾਬਾ ਬਿਕ੍ਰਮ ਸਿੰਘ ਬੇਦੀ ਨੂੰ ਊਨੇ ਵਿਚ ਨਜ਼ਰਬੰਦ ਕੀਤਾ ਹੋਇਆ ਸੀ। ਇਸ ਹਾਲਤ ਵਿਚ ਸਿੱਖਾਂ ਦੇ ਸਾਹਮਣੇ ਨਾ ਕੋਈ ਖਾਸ ਆਦਰਸ਼ ਸੀ ਤੇ ਨਾ ਕੋਈ ਰਾਜਨੀਤਕ ਮੁੱਦਾ। ਨਵੇਂ ਹਿੰਦੁਸਤਾਨੀ ਇਨਕਲਾਬ ਪਸੰਦ, ਜਿਹਨਾਂ ਨੇ ਅੱਡੀ-ਚੋਟੀ ਦਾ ਜ਼ੋਰ ਲਾ ਕੇ ਪੰਜਾਬ ਦੀ ਆਜ਼ਾਦੀ ਨੂੰ ਹੜੱਪਿਆ ਸੀ, ਸਿੱਖਾਂ ਦੇ ਸ਼ੁਰੂ ਤੋਂ ਹੀ ਜਾਨੀ ਦੁਸ਼ਮਨ ਸਨ, ਇਸ ਲਈ ਮੁਗਲਈ ਰਾਜ ਨਾਲ ਸੰਬੰਧ ਜੋੜਨ ਨਾਲੋਂ ਸਿੱਖਾਂ ਨੇ ਅੰਗਰੇਜ਼ੀ ਰਾਜ ਦੀ ਮਿਤਰਤਾ ਨੂੰ ਹੀ ਪਸੰਦ ਕੀਤਾ।

ਸਿੱਖਾਂ ਦੀ ਭਰਤੀ ਹੋਣ ਤੋਂ ਪਹਿਲਾਂ ਅੰਗਰੇਜ਼ੀ ਫੌਜਾਂ ਦੀ ਬੜੀ ਭੈੜੀ ਹਾਲਤ ਸੀ। ਪੂਰਬੀਏ ਉਹਨਾਂ ਨਾਲੋਂ ਟੁੱਟ ਹੀ ਗਏ ਸਨ, ਇਸ ਲਈ ਪਿੱਛੋਂ ਨਾਂ ਤਾਂ ਅੰਗਰੇਜ਼ੀ ਫੌਜਾਂ ਵਿਚ ਕੋਈ ਚੰਗਾ ਤੋਪਚੀ ਸੀ ਤੇ ਨਾ ਹੀ ਸਮੇਂ ਦੀ ਲੋੜ ਅਨੁਸਾਰ ਕੰਮ ਕਰਨ ਵਾਲਾ ਦੇਸੀ ਅਫਸਰ। ਚੰਗਾ ਨਿਸ਼ਾਨਾ ਲਾਉਣ ਵਾਲਿਆਂ ਦੀ ਤਾਂ ਖਾਸ ਕਰਕੇ ਕਮੀ ਸੀ। ਇਹ ਕਮੀ ਸਿੱਖਾਂ ਦੀ ਮਦਦ ਤੋਂ ਬਗੈਰ ਇਸ ਥੋੜ੍ਹੇ ਸਮੇਂ ਵਿਚ ਕਿਵੇਂ ਵੀ ਪੂਰੀ ਨਹੀਂ ਸੀ ਹੋ ਸਕਦੀ। ਆਖਰ ਮਹਾਰਾਜਾ ਰਣਜੀਤ ਸਿੰਘ ਦੇ ਤੋਪਖਾਨੇ ਦੇ ਬੁੱਢੇ ਸਿੱਖ ਸਿਪਾਹੀ ਜਿਹਨਾਂ ਨੇ ਫ੍ਰਾਂਸੀਸੀ ਅਫਸਰਾਂ ਦੇ ਮਾਤਹਿਤ ਕੰਮ ਕੀਤਾ ਸੀ ਤੇ ਜੋ ਸੁਭਰਾਉਂ ਅਤੇ ਚਿੱਲੀਆਂ ਵਾਲੇ ਦੇ ਮੈਦਾਨ ਵਿਚ ਤੋਪਾਂ ਡਾਹ ਕੇ ਅੰਗਰੇਜ਼ਾਂ ਨਾਲ ਲੜੇ ਸਨ, ਇਸ ਔਖੇ ਸਮੇਂ ਅੰਗਰੇਜ਼ੀ ਹਕੂਮਤ ਦੇ ਕੰਮ ਆਏ। ਸਰ ਜਾਹਨ ਲਾਰੰਸ ਨੇ ਉਹ ਬਹਾਦੁਰ ਸਿੱਖ ਪਿੰਡਾਂ ਵਿਚੋਂ ਲੱਭ-ਲੱਭ ਕੇ ਭਰਤੀ ਕੀਤੇ[੯]। ਇਸ ਬਾਰੇ ਕਵੀ ਖਜ਼ਾਨ ਸਿੰਘ ਨੇ ਵੀ ਲਿਖਿਆ ਹੈ:-

ਏਹੋ ਜੇਹੀ ਜਾਂ ਜੰਗ ਦੀ ਖਬਰ ਹੋਈ,
ਲਾਟ ਵਿਚ ਲਾਹੌਰ ਲਾਚਾਰ ਹੋਇਆ।
ਮਾਝੇ ਦੇਸ਼ ਰੱਖਕੇ ਨੌਕਰਾਂ ਨੂੰ,
ਦਿੱਲੀ ਜੰਗ ਦੇ ਵਾਸਤੇ ਤਿਆਰ ਹੋਇਆ।

---

੮. Cambrididge History of India, Vi, P. 177

੯. Kaye's Sepoy war in India, II. pp 472595-96

ਮਹਾਰਾਜ ਦੇ ਵਖਤ ਦੀ ਤਲਬ ਕੀਤੀ,
ਸ਼ੋਰ ਪਿੰਡ ਤੇ ਸ਼ਹਿਰ ਬਾਜ਼ਾਰ ਹੋਇਆ।
ਕਵੀ ਸਿੰਘ ਦੇਖੋ ਤੇਜ ਗੋਰਿਆਂ ਦਾ,
ਕੱਠਾ ਆਣਕੇ ਕਈ ਹਜ਼ਾਰ ਹੋਇਆ ॥੫੭॥
[10]ਸਿੰਘ ਸਾਹਿਬ ਦੇ ਵਖਤ ਦੇ ਨੌਕਰਾਂ ਦੀ,
ਮਾਝੇ ਦੇਸ ਦੇ ਵਿਚ ਤਲਾਸ਼ ਹੋਈ।
ਤਲਬ ਪੰਦਰਾਂ ਦੀ ਓਸੇ ਵਖਤ ਲੇਵੇ,
ਜੇੜ੍ਹਾ ਜਾਂਵਦਾ ਲਾਟ ਦੇ ਪਾਸ ਕੋਈ।
ਜਿਨ੍ਹਾਂ ਜੰਮ ਕੇ ਨਾਂ ਕਦੇ ਕੰਮ ਕੀਤਾ,
ਭਾਣੇ ਤਿਨ੍ਹਾਂ ਦੇ ਬੰਦ ਖਲਾਸ ਹੋਈ।
ਕਵੀ ਸਿੰਘ ਦੇਖੋ ਫੌਜ ਗੋਰਿਆਂ ਦੀ,
ਜੰਗ ਦਿਲੀ ਦੇ ਕਲਮ ਤਰਾਸ ਹੋਈ ॥੫੮॥
ਕਹਾਂ ਤੀਕ ਗਿਣੀਏ ਨਵੇਂ ਨੌਕਰਾਂ ਨੂੰ,
ਜੇੜ੍ਹੇ ਦੇਸ ਤੇ ਰਖ੍ਯਕ ਲਿਆਂਵਦਾ ਹੈ।
ਬਾਰਾਂ ਬਰਸ ਤੇ ਛੋਡਕੇ ਸੱਠ ਤਾਂਈ,
ਵਿਚ ਘਰਾਂ ਦੇ ਰਹਿਣ ਨਾ ਪਾਂਵਦਾ ਹੈ ॥੫੯॥

ਤੇ ਇਸ ਤਰ੍ਹਾਂ ਨਵੀਂ ਫੌਜ ਤਿਆਰ ਕਰਕੇ ਅੰਗ੍ਰੇਜ਼ਾਂ ਨੇ ਪਹਿਲਾਂ ਪੰਜਾਬ ਦੇ ਗਦਰ ਨੂੰ ਜੋ ਸਿਆਲਕੋਟ ਆਦਿਕ ਥਾਵਾਂ 'ਤੇ ਫੈਲ ਰਿਹਾ ਸੀ, ਰੋਕਿਆ ਤੇ ਪਿੱਛੋਂ ਸਾਰੀ ਫੌਜੀ ਤਾਕਤ ਨੂੰ ਦਿੱਲੀ ਉਤੇ ਝੋਕ ਦਿੱਤਾ।

ਬਾਕੀ ਫ਼ੌਜਾਂ ਨੇ ਜਿਉਂ-ਜਿਉਂ ਗਦਰ ਫੈਲਦਾ ਗਿਆ ਤੇ ਇਧਰੋਂ-ਉਧਰੋਂ ਫੌਜਾਂ ਇਕੱਠੀਆਂ ਹੋ ਕੇ ਦਿੱਲੀ ਪਹੁੰਚਦੀਆਂ ਗਈਆਂ, ਤਿਉਂ ਤਿਉਂ ਆਪਣੇ ਆਪ ਨੂੰ ਮੁਕਾਬਲੇ ਲਈ ਹੋਰ ਵੀ ਤਿਆਰ ਕਰ ਲਿਆ। ਨਸੀਰਾਬਾਦ ਤੇ ਰੁਹੇਲ ਖੰਡ ਦੀਆਂ ਫੌਜਾਂ ਵੀ ਬਾਗੀ ਹੋ ਕੇ ਉਨ੍ਹਾਂ ਨਾਲ ਜਾ ਰਲੀਆਂ[11]।

ਇਧਰੋਂ ਪੰਜਾਬ ਦੀਆਂ ਫੌਜਾਂ ਜੰਗ ਵਾਸਤੇ ਤਿਆਰ ਹੋਈਆਂ ਤੇ ਉਧਰੋਂ ਹਿਠਾੜ ਸਤਲੁਜ ਦੇ ਸਿੱਖ ਰਈਸਾਂ ਪਾਸੋਂ ਮਦਦ ਮੰਗੀ ਗਈ। ਮਹਾਰਾਜਾ ਨਰਿੰਦਰ ਸਿੰਘ ਪਟਿਆਲਾ ਨੇ ਆਪਣੇ ਭਰਾ ਕੌਰ ਦੀਪ ਸਿੰਘ ਨੂੰ ਫੌਜ ਦੇ ਕੇ ਥਨੇਸਰ ਨੀਅਤ ਕੀਤਾ[12] 'ਤੇ ਪਟਿਆਲੇ ਵਿਚ ਨਵੇਂ ਸਿਰੇ ਭਰਤੀ ਸ਼ੁਰੂ ਕਰ ਦਿੱਤੀ। ਇਸ ਗਦਰ ਦੇ ਮੌਕੇ ਤੇ ਮਹਾਰਾਜਾ ਨਰਿੰਦਰ ਸਿੰਘ ਨੇ ਜਿਸ ਗਰਮ ਜੋਸ਼ੀ ਤੋਂ ਕੰਮ ਲਿਆ, ਉਸ ਬਾਰੇ ਵੇਰਵਾ ਦਿੰਦਾ ਹੋਇਆ ਕਵੀ ਖਜ਼ਾਨ ਸਿੰਘ ਲਿਖਦਾ ਹੈ:-

---

੧੦. ਸ਼ੇਰ ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ।

੧੧. F. Cooper, the Crisis in the Punjab, 1858, P, 181.

੧੨. Cave Browdne, Punjab & Delhi in 1858, P,190.

ਸਾਲ ਚੌਧਵੇਂ ਜੇਠ ਦੀ ਪੰਚਮੀ ਨੂੰ,
ਖਤ ਵਿਚ ਪਟਿਆਲੇ ਦੇ ਆਇਆ ਸੀ।
ਹੁਕਮ ਡੇਰਿਆਂ ਵਿਚ ਮਾਲੂਮ ਹੋਇਆ,
ਮੇਖਜ਼ੀਨ ਸਾਰੇ ਵਰਤਾਇਆ ਸੀ।
ਮਹਾਰਾਜ ਨਰਿੰਦਰ ਸਿੰਘ ਕੂਚ ਕਰਕੇ,
ਡੇਰਾ ਆਣ ਥਨੇਸਰੀਂ ਪਾਇਆ ਸੀ।
ਕਵੀ ਸਿੰਘ ਸਾਰੀ ਫੌਜ ਨਾਲ ਲੈ ਕੇ,
ਥਾਉਂ ਥਾਈਂ ਦਾ ਸ਼ੋਰ ਹਟਾਇਆ ਸੀ ॥੩੧॥
ਮਹਾਰਾਜ ਦਾ ਸੀ ਵੱਡਾ ਤੇਜ ਯਾਰੋ,
ਫੇਰ ਕਿਸੇ ਨਾ ਸ਼ੋਰ ਮਚਾਇਓ ਈ।
ਤਿੰਨ ਰਾਤ ਦਾ ਆਪ ਮਕਾਮ ਕਰਕੇ,
ਕੌਰ ਦੀਪ ਸਿੰਘ ਨੂੰ ਸਦਵਾਇਓ ਈ।
ਸਾਰੀ ਫੌਜ ਨੂੰ ਓਸਦੇ ਪੇਸ਼ ਕੀਤਾ,
ਫੇਰ ਆਪਣੇ ਸ਼ਹਿਰ ਨੂੰ ਆਇਓ ਈ।
ਕਵੀ ਸਿੰਘ ਪਿਛੋਂ ਪਰਵਸਤ ਕੀਤੀ,
ਮੇਖਜੀਨ ਤੇ ਖਰਚ ਪੁਚਾਇਓ ਈ ॥੩੨॥
ਅਹਿਲਕਾਰਾਂ ਨੂੰ ਸੱਦ ਕੇ ਹੁਕਮ ਦਿਤਾ,
ਮੇਰੇ ਨੌਕਰਾਂ ਦੀ ਕਲਮ ਜਾਰ ਹੋਈ।
ਰੱਖੇ ਰਜਮਟਾਂ ਤੇ ਭਰੇ ਬਹੁਤ ਡੇਰੇ,
ਸਾਰੇ ਸ਼ਹਿਰ ਦੇ ਵਿਚ ਗੁਲਜ਼ਾਰ ਹੋਈ।
ਕਾਰਖਾਨਿਆਂ ਦਾ ਕੰਮ ਸ਼ੁਰੂ ਹੋਇਆ,
ਓਥੇ ਖਲਕ ਕੱਠੀ ਬੇਸ਼ੁਮਾਰ ਹੋਈ।
ਕਵੀ ਸਿੰਘ ਦੇਖੋ ਤੇਜ ਰਾਜਿਆਂ ਦਾ,
ਫੌਜ ਦਿਨਾਂ ਦੇ ਵਿਚ ਤਿਆਰ ਹੋਈ ॥੩੩॥
ਮੁੰਡੇ ਮਾਪਿਆਂ ਦੇ ਪਾਸ ਕਰਨ ਗੱਲਾਂ,
ਅਸੀਂ ਨੌਕਰੀ ਜਾਇ ਬਣਾਵਣੀ ਹੈ।
ਅਸੀਂ ਬੇਚਕੇ ਮਾਲ ਲਵੇਰੀਆਂ ਦਾ,
ਘੋੜੀ ਜਾਇ ਖਰੀਦ ਲਿਆਵਣੀ ਹੈ।
ਦੂਧ ਪੀਵਣੇ ਦਾ ਕੋਈ ਚਾ ਨਹੀਂ,
ਅਸੀਂ ਪੰਦਰਾਂ ਦੀ ਤਲਬ ਪਾਵਣੀ ਹੈ।
ਕਵੀ ਸਿੰਘ ਆਖੇ ਹੁਣ ਦੇਰ ਕੇਹੀ,
ਸਮੇਂ ਫੇਰ ਨਾਹੀਂ ਹੱਥ ਆਵਣੀ ਹੈ ॥੩੪॥

ਜਿਨ੍ਹਾਂ ਸ਼ਸਤ੍ਰਾਂ ਨੂੰ ਖੱਲੀਂ ਸੁੱਟਦੇ ਸੇ,
ਉਨ੍ਹਾਂ ਸ਼ਸਤ੍ਰਾਂ ਦੀ ਬਣੀ ਚਾਹ ਯਾਰੋ ।
ਜਿਨ੍ਹਾਂ ਜੰਮ ਕੇ ਕਦੇ ਨਾ ਸ਼ਹਿਰ ਡਿੱਠਾ,
ਸੋ ਭੀ ਪਏ ਪਟਿਆਲੇ ਦੇ ਰਾਹ ਯਾਰੋ ।
ਨਹੀ ਓਸਦੇ ਗੁਣਾਂ ਦਾ ਅੰਤ ਕੋਈ,
ਕਰਨਹਾਰ ਜੋ ਬੇ-ਪਰਵਾਹ ਯਾਰੋ ।
ਕਵੀ ਸਿੰਘ ਆਖੇ ਉਸਦੀ ਉਹੀ ਜਾਣੇ,
ਸਾਰੀ ਖਲਕ ਦਾ ਜੋ ਪਾਤਸ਼ਾਹ ਯਾਰੋ ॥੩੫॥
ਚਲੇ ਤਾਣੀਆਂ ਛੋੜ ਕਬੀਰ ਪੰਥੀ,
ਤੇਲੀ ਤੇਲ ਦਾ ਪੀੜਨਾ ਦੂਰ ਕੀਤਾ ।
ਨਾਈ ਗੁਛੀਆਂ ਸੌਂਪਕੇ ਘਰਦਿਆਂ ਨੂੰ,
ਜਾਣਾਂ ਨੌਕਰੀ ਦਾ ਮਨਜ਼ੂਰ ਕੀਤਾ ।
ਪੀਂਜੇ ਪੀਂਜਨਾਂ ਗਿਆ ਬਿਲੱਗ ਉਤੇ,
ਕਹਿਣ ਮਾਰ ਤਾੜੇ ਸਾਨੂੰ ਚੂਰ ਕੀਤਾ ।
ਕਵੀ ਸਿੰਘ ਛੱਡੇ ਕੰਮ ਦਰਜੀਆਂ ਨੇ,
ਦਿਲ ਆਪਣੇ ਜਦੋਂ ਸਹੂਰ ਕੀਤਾ ॥੩੬॥
ਕਾਰਖਾਨਿਆਂ ਦਾ ਕੰਮ ਸ਼ੁਰੂ ਹੋਇਆ,
ਦਿਨੇ ਰਾਤ ਪਿਆ ਸਾਰ ਘੜੀਂਦਾ ਹੈ ।
ਕਿਤੇ ਸਿਕਲ ਸ਼ਮਸ਼ੇਰ ਤੇ ਸੇਲ ਹੋਵੇ,
ਕਿਤੇ ਤੋੜ-ਦਾਨ ਨਵਾਂ ਜੜੀਂਦਾ ਹੈ ।
ਸਾਰੇ ਮੁਲਖ ਦੇ ਵਿਚ ਮਾਲੂਮ ਹੋਈ,
ਗੱਡਾ ਊਠ ਘੋੜਾ ਸਭੋ ਫੜੀਂਦਾ ਹੈ ।
ਕਵੀ ਸਿੰਘ ਆਖੇ ਦਿੱਲੀ ਗੋਰਿਆਂ ਦਾ,
ਵਾਂਗੂ ਤੂੰਬਿਆਂ ਦੇ ਸੀਸ ਝੜੀਂਦਾ ਹੈ ॥੩੭॥
ਮਹਾਰਾਜ ਨਰਿੰਦਰ ਸਿੰਘ ਆਪ ਚੜ੍ਹਕੇ,
ਕਿਲੇ ਕੋਟ ਦੀ ਤਰਫ ਨਿਗਾਹ ਲਾਈ ।
ਸਾਰੇ ਸ਼ਹਿਰ ਦਾ ਕੋਟ ਪਰਵਸਤ ਹੋਵੇ,
ਬਿਨਾਂ ਤਖ਼ਤ ਦੇ ਤੋਪ ਨਾ ਰਹੇ ਕਾਈ ।
ਮਹਾਰਾਜ ਦੇ ਹੁਕਮ ਦੇ ਨਾਲ ਯਾਰੋ,
ਤੋਪ ਕਰੇ ਖਾਂ ਕਿਲੇ ਦੇ ਵਿਚ ਆਈ ।
ਸੰਮਣ ਬੁਰਜ ਤੇ ਚਾੜ੍ਹ ਖਜ਼ਾਨ ਸਿੰਘਾ,
ਰਾਮ ਬਾਣ ਪਹਾੜ ਦੀ ਤਰਫ ਲਾਈ ॥੩੮॥

ਜੋੜੇ ਤੋਪਖਾਨੇ ਉਨ੍ਹਾਂ ਬੁਰਜੀਆਂ ਤੇ,
ਪਾਣੀ ਨਾਲ ਦਿੱਤੀ ਉਸ ਦੀ ਪੂਰ ਖਾਈ।
ਉੱਤੇ ਕੋਟ ਦੇ ਫੌਜ ਉਤਾਰ ਛੱਡੀ,
ਮੇਖ ਜ਼ੀਨ ਬੇਅੰਤ ਨਾ ਅੰਤ ਕਾਈ।
ਕਈ ਬਰਸ ਦਾ ਕੱਠਾ ਗੁਦਾਮ ਕੀਤਾ,
ਹੋਰ ਜਿਨਸ ਲੱਦੀ ਬੇਸ਼ੁਮਾਰ ਆਈ।
ਜੋੜੀ ਰੱਬ ਨੇ ਬਣਤ ਬਣਾਵਣੀ ਹੈ,
ਕਵੀ ਸਿੰਘ ਨਾ ਉਸਦੀ ਖ਼ਬਰ ਰਾਈ ॥੩੯॥

ਇਨ੍ਹਾਂ ਦਿਨਾਂ ਵਿਚ ਹੀ ਜਦ ਪਟਿਆਲੇ ਜੰਗੀ ਤਿਆਰੀਆਂ ਹੋ ਰਹੀਆਂ ਸਨ। ਤਾਂ ਬਾਦਸ਼ਾਹ ਦਿੱਲੀ ਵਲੋਂ ਇਕ ਖਤ ਮਹਾਰਾਜਾ ਨਰਿੰਦਰ ਸਿੰਘ ਦੇ ਨਾਮ ਆਇਆ, ਜਿਸ ਵਿਚ ਉਸ ਨੇ ਸਿੱਖ ਮਹਾਰਾਜੇ ਨੂੰ ਗ਼ਦਰ ਵਿਚ ਸ਼ਾਮਲ ਹੋਣ ਲਈ ਸੱਦਾ ਦਿੱਤਾ ਸੀ। ਮਹਾਰਾਜਾ ਚੂਕਿ ਪੱਕਾ ਸਿੱਖ ਸੀ ਤੇ ਸਿੱਖ ਮੁਗਲ ਖਾਨਦਾਨ ਨੂੰ ਗੁਰੂ-ਧ੍ਰੋਹੀ ਤੇ ਹਤਿਆਰਾ ਸਮਝਦੇ ਸਨ ਇਸ ਲਈ ਉਹ ਖ਼ਤ ਮਿਸਟਰ ਫੋਰਸੀਥ ਕਮਿਸ਼ਨਰ ਪਾਸ ਅੰਬਾਲੇ ਭੇਜ ਦਿੱਤਾ ਗਿਆ। ਉਹ ਖਤ ਹੁਣ ਗਵਰਨਮੈਂਟ ਦੇ ਰੀਕਾਰਡ ਆਫਿਸ ਵਿਚ ਸਾਂਭ ਕੇ ਰੱਖਿਆ ਹੋਇਆ ਹੈ।

ਮਹਾਰਾਜਾ ਨਰਿੰਦਰ ਸਿੰਘ ਦੇ ਥਨੇਸਰ ਮੁਕਾਮ ਕਰਨ 'ਤੇ ਰਾਜਾ ਸਰੂਪ ਸਿੰਘ ਜੀਂਦ ਦੇ ਜ਼ਿੰਮੇ ਕਰਨਾਲ ਦੇ ਇਲਾਕੇ ਦਾ ਪ੍ਰਬੰਧ ਸੌਂਪਿਆ ਗਿਆ। ਨਵਾਬ ਮਲੇਰ ਕੋਟਲਾ ਤੇ ਰਾਜਾ ਸਾਹਿਬ ਨਾਭਾ ਦੀਆਂ ਫੌਜਾਂ ਵੀ ਬਾਗੀਆਂ ਦੀ ਰੋਕ ਲਈ ਭੇਜੀਆਂ ਗਈਆਂ। ਰਾਜਾ ਫਰੀਦਕੋਟ ਦੀ ਡਿਊਟੀ ਫੀਰੋਜ਼ਪੁਰ ਲੱਗੀ[੧੩]। ਇਸ ਤਰ੍ਹਾਂ ਪੰਜਾਬ ਦੇ ਸਾਰੇ ਨਾਕੇ ਜਿਥੋਂ ਬਾਗੀਆਂ ਦੇ ਦਿੱਲੀ ਵੱਲ ਵਧਣ ਦਾ ਡਰ ਸੀ, ਹਿਠਾੜ ਸਤਲੁਜ ਦੇ ਰਈਸਾਂ ਨੇ ਆਪਣੇ ਪ੍ਰਬੰਧ ਹੇਠ ਲੈ ਲਏ।

ਹਿੰਦੁਸਤਾਨ ਵਿੱਚ ਇਸ ਸਮੇਂ ਅੰਗਰੇਜ਼ੀ ਫੌਜ ਆਟੇ ਵਿੱਚ ਲੂਣ ਦੀ ਤਰ੍ਹਾਂ ਸੀ, ਪਰ ਪੰਜਾਬ ਦੀ ਸਹਾਇਤਾ ਦੇ ਭਰੋਸੇ ਅੰਗਰੇਜ਼ੀ ਹਕੂਮਤ ਦਾ ਦਿਲ ਕਾਇਮ ਰਿਹਾ। ਜਿਉਂ-ਜਿਉਂ ਗ਼ਦਰ ਦੀ ਅੱਗ ਦੇਸ ਵਿਆਪੀ ਹੁੰਦੀ ਚਲੀ ਗਈ ਤਾਂ ਮੇਰਠ ਅਤੇ ਦਿੱਲੀ ਤੋਂ ਛੁੱਟ ਰੁੜਕੀ, ਫੀਰੋਜ਼ਪੁਰ, ਅੰਮ੍ਰਿਤਸਰ, ਲਾਹੌਰ, ਮੁਜ਼ੱਫਰ ਨਗਰ, ਸ਼ਿਮਲਾ, ਅਲੀਗੜ੍ਹ, ਨੁਸ਼ਹਿਰਾ, ਹੋਤੀ ਮਰਦਾਨ, ਇਟਾਵਾ, ਮੈਨਪੁਰ, ਲਖਨਊ, ਮਥੁਰਾ, ਮੁਰਾਦਾਬਾਦ, ਕਾਨਪੁਰ, ਝਾਂਸੀ, ਅਲਾਹਾਬਾਦ, ਜਲੰਧਰ, ਸਰਸਾ, ਲੁੱਧਿਆਣਾ, ਹਿਸਾਰ, ਰੁਹਤਕ, ਗਵਾਲੀਅਰ, ਆਗਰਾ, ਔਰੰਗਾਬਾਦ, ਇੰਦੌਰ, ਜਿਹਲਮ, ਸਿਆਲਕੋਟ, ਸਹਾਰਨਪੁਰ, ਹਜ਼ਾਰੀ ਬਾਗ, ਭਾਗਲਪੁਰ, ਪਿਸ਼ਾਵਰ, ਕੋਹ

੧੩. Kaye's Sepoy war in India, II, pp, 162-163, ਫੂਲ ਬੰਸ ਪ੍ਰਕਾਸ਼, ਪੰਚਮ ਅਧਿਕਾਰ।

-ਮਰੀ, ਜੱਬਲਪੁਰ, ਸ਼ਿਕਾਰਪੁਰ, ਕੋਟਾ ਆਦਿ ਸ਼ਹਿਰ ਵੀ, ਜਿੱਥੇ-ਜਿੱਥੇ ਹਿੰਦੁਸਤਾਨੀ ਫੌਜਾਂ ਮੌਜੂਦ ਸਨ, ਇਸ ਲਪੇਟ ਵਿਚ ਆ ਲਏ।

ਇਸ ਗ਼ਦਰ ਵਿੱਚ ਸਭ ਤੋਂ ਵਧੇਰੇ ਖ਼ਤਰਨਾਕ ਥਾਂ ਦਿੱਲੀ ਸੀ, ਜਿੱਥੇ ਬਾਗੀਆਂ ਨੇ ਮੁਗਲੀਆ ਹਕੂਮਤ ਨੂੰ ਕਾਇਮ ਕਰਨ ਦਾ ਬੀੜਾ ਚੁੱਕਿਆ ਹੋਇਆ ਸੀ ਤੇ ਜੰਗੀ ਤਿਆਰੀਆਂ ਜ਼ੋਰ-ਸ਼ੋਰ ਨਾਲ ਸ਼ੁਰੂ ਸਨ। ਦਿੱਲੀ ਨੂੰ ਫ਼ਤਹ ਕਰਨ ਲਈ ਗਵਰਨਰ ਜਨਰਲ ਵਲੋਂ ਜਨਰਲ ਐਨਸਨ ਕਮਾਂਡਰ-ਇਨ ਚੀਫ਼ ਦੇ ਨਾਮ ਹੁਕਮ ਜਾਰੀ ਹੋਇਆ। ਜਨਰਲ ਐਨਸਨ ਉਸ ਵੇਲੇ ਸਿਹਤ ਖ਼ਰਾਬ ਹੋਣ ਕਰਕੇ ਸ਼ਿਮਲੇ ਆਰਾਮ ਕਰ ਰਿਹਾ ਸੀ, ਪਰ ਹੁਕਮ ਪੁੱਜਣ ਤੇ ਉਸ ਨੇ ਫੌਰਨ ਚੜ੍ਹਾਈ ਕਰ ਦਿੱਤੀ। ਮੌਸਮ ਉਸ ਸਮੇਂ ਬੜਾ ਖ਼ਰਾਬ ਸੀ ਤੇ ਦੇਸ਼ ਵਿੱਚ ਹੈਜ਼ੇ ਦੀ ਸ਼ਕਾਇਤ ਸੀ। ਜਨਰਲ ਐਨਸਨ ਜਦ ਅੰਬਾਲਿਓਂ ਹੋ ਕੇ ਕਰਨਾਲ ਪੁੱਜਾ ਤਾਂ ੨੭ ਮਈ ਨੂੰ ਅਚਾਨਕ ਹੈਜ਼ੇ ਨਾਲ ਉਸਦੀ ਮੌਤ ਹੋ ਗਈ ਤੇ ਉਸ ਦੀ ਥਾਵੇਂ ਜਨਰਲ ਬਰਨਾਰਡ ਸਿਪਹ-ਸਾਲਾਰ ਮੁੱਕਰਰ ਹੋਇਆ। ਇਹ ਨਵਾਂ ਸਿਪਹ-ਸਾਲਾਰ ਵੀ ਥੋੜੇ ਹੀ ਦਿਨ ਜੀਵਿਆ ਤੇ ਦਿੱਲੀ ਪਹੁੰਚ ਕੇ ੫ ਜੁਲਾਈ ਨੂੰ ਹੈਜ਼ੇ ਦੇ ਕਾਰਣ ਕਾਲ ਦੇ ਮੂੰਹ ਵਿਚ ਜਾ ਪਿਆ। ਫੇਰ ਇਸ ਦੀ ਥਾਵੇਂ ਜਨਰਲ ਰੀਡ ਤੇ ਪਿੱਛੋਂ ਇਹ ਪਦਵੀ ਜਨਰਲ ਵਿਲਸਨ ਨੂੰ ਦਿੱਤੀ ਗਈ[੧੪]। ਜਿਸ ਦਿਨ ਜਨਰਲ ਵਿਲਸਨ ਨੇ ਫੌਜਾਂ ਦੀ ਕਮਾਨ ਆਪਣੇ ਹੱਥ ਵਿਚ ਲਈ ਤਾਂ ਉਸ ਦਿਨ ੨੦ ਜੁਲਾਈ ਸੀ, ਤੇ ਇਸ ਤਾਰੀਖ ਤੱਕ ਜੰਗੀ ਹਾਲਤ ਵਿੱਚ ਕੋਈ ਫ਼ਰਕ ਨਹੀਂ ਸੀ ਆਇਆ। ਇਸ ਸਮੇਂ ਜਨਰਲ ਵਿਲਸਨ ਦੀ ਪੋਜ਼ੀਸ਼ਨ ਖਤਰੇ ਤੋਂ ਖਾਲੀ ਨਹੀਂ ਸੀ। ਸਿਰਫ ਯੋਰਪੀਅਨ ਫੌਜਾਂ ਹੀ ਸਨ, ਜਿਨ੍ਹਾਂ ਉਤੇ ਭਰੋਸਾ ਕੀਤਾ ਜਾ ਸਕਦਾ ਸੀ। ਅੰਗਰੇਜ਼ੀ ਕੈਂਪ ਵਿੱਚ ਉਸ ਸਮੇਂ ਬੇਈਮਾਨੀ ਚਲ ਰਹੀ ਸੀ। ਉਪਰੋਂ ਬੀਮਾਰੀਆਂ (ਹੈਜ਼ਾਂ ਅਤੇ ਪੇਚਸ਼) ਜ਼ੋਰਾਂ ਉੱਤੇ ਸਨ। ਤੋਪਖਾਨੇ ਅਤੇ ਘੋੜ ਸਵਾਰਾਂ ਤੋਂ ਛੁਟ ਜਨਰਲ ਦੇ ਪਾਸ ਗਿਣਵੀਂ ਫੌਜ ਸੀ, ਜਿਸ ਵਿਚ ੨੨੦੦ ਗੋਰੇ ਤੇ ੧੫੦੦ ਦੇਸੀ ਫੌਜੀ ਮਿਲਾ ਕੇ ਕੁਲ ੩੭੦੦ ਦੀ ਨਫ਼ਰੀ ਸੀ। ਇਸ ਦੇ ਮੁਕਾਬਲੇ ਤੇ ਦੁਸ਼ਮਣ ਪਾਸ ਹਰ ਤਰ੍ਹਾਂ ਦੇ ਜੰਗੀ ਸਮਾਨ ਨਾਲ ਲੈਸ ਹਿੰਦੁਸਤਾਨੀਆਂ ਦੀ ਬੇ-ਗਿਣਤ ਫੌਜ ਤੇ ਪੱਕੀ ਮੋਰਚਾ ਬੰਦੀ ਬਣੀ ਹੋਈ ਸੀ। ਅਜਿਹੀ ਫੌਜ ਦੇ ਨਾਲ ਵਿਲਸਨ ਦੀ ਫੌਜ ਨੇ ਮੁਕਾਬਲਾ ਕਰਨਾ ਸੀ।

ਜਨਰਲ ਵਿਲਸਨ ਨੇ ਕਮਾਨ ਹੱਥ ਵਿਚ ਲੈਂਦਿਆਂ ਹੀ ਗਵਰਨਮੈਂਟ ਤੋਂ ਹੋਰ ਫੌਜੀ ਇਮਦਾਦ ਮੰਗੀ, ਜਿਸ ਦਾ ਉੱਤਰ ਉਸ ਨੂੰ ਮਿਲਿਆ ਕਿ ਜਨਰਲ ਨਿਕਲਸਨ ਪੰਜਾਬ ਦੀਆਂ ਫੌਜਾਂ ਲੈ ਕੇ ਉਸ ਦੀ ਮਦਦ ਵਾਸਤੇ ਪਹੁੰਚ ਰਿਹਾ ਹੈ। ਇਹ ਖ਼ਬਰ ਮਿਲਣ ਤੇ ਜਨਰਲ ਦਾ ਹੌਸਲਾ ਦੂਣਾ-ਤੀਣਾ ਵੱਧ ਗਿਆ। ਇਸ ਮੌਕੇ ਤੇ ਉਸ

---

੧੪. Cambridge History of India VI, P. 177. ਕਨ੍ਹੈਯਾ ਲਾਲ, ਤਾਰੀਖ ਬਗਾਵਤ ਹਿੰਦ, ਸਫ਼ਾ ੨੫੦; ਸ਼ਿਵ ਨਰਾਇਣ ਤ੍ਰਿਵੇਦੀ, ਗ਼ਦਰ ਦਾ ਇਤਿਹਾਸ, ੧, ਸਫ਼ਾ ੪੯੧।

ਨੇ ਦਿੱਲੀ ਵਿਚ ਸਮਾਂ ਟਪਾਊ ਚਾਲ ਅਖ਼ਤਿਆਰ ਕੀਤੀ ਕਿ ਜਦ ਬਾਗੀਆਂ ਵਲੋਂ ਉਸ ਦੀ ਫੌਜ ਉੱਤੇ ਹਮਲਾ ਹੁੰਦਾ ਸੀ ਤਾਂ ਉਹ ਰੋਕ ਛੱਡਦਾ ਸੀ, ਨਹੀਂ ਤੇ ਆਪਣੇ ਵਲੋਂ ਉਹ ਬਾਗੀਆਂ ਉਤੇ ਕੋਈ ਹਮਲਾ ਨਹੀਂ ਸੀ ਕਰਦਾ। ਉਸ ਦੀ ਇਸ ਸਿਆਣਪ ਦਾ ਨਤੀਜਾ ਛੇਤੀ ਹੀ ਅੰਗਰੇਜ਼ਾਂ ਦੇ ਹੱਕ ਵਿਚ ਬੜਾ ਚੰਗਾ ਨਿਕਲਿਆ[੧੫]। ਬਾਗੀਆਂ ਨੂੰ ਪੰਡਿਤਾਂ ਅਤੇ ਮੁਲਾਣਿਆਂ ਨੇ ਭਵਿੱਖ ਬਾਣੀਆਂ ਦੱਸ ਕੇ ਅੰਗਰੇਜ਼ੀ ਫੌਜ ਉੱਤੇ ਹੱਲਾ ਕਰਨ ਲਈ ੨੧ ਜੁਲਾਈ ਦਾ ਦਿਨ ਦੱਸਿਆ ਸੀ, ਇਹ ਹੱਲਾ ਤੇ ਕਈ ਹੋਰ ਨਿੱਕੇ ਮੋਟੇ ਹੱਲੇ ਵੀ ਜਨਰਲ ਵਿਲਸਨ ਨੇ ਬੜੀ ਸਿਆਣਪ ਤੇ ਦਲੇਰੀ ਨਾਲ ਰੋਕੇ। ਇਸ ਤਰ੍ਹਾਂ ਕਰਦਿਆਂ ਕਰਾਂਦਿਆਂ ਮਹੀਨਾ ਜੁਲਾਈ ਤੇ ਅੱਧਾ ਅਗਸਤ ਲੰਘ ਗਏ ਤੇ ਜਨਰਲ ਨਿਕਲਸਨ ਦੀਆਂ ਪੰਜਾਬੀ ਫੌਜਾਂ ਵੀ ਦਿੱਲੀ ਪਹੁੰਚ ਗਈਆਂ।

ਇਸ ਥੋੜ੍ਹੇ ਜਿਹੇ ਸਮੇਂ ਵਿਚ ਹੀ ਬਾਗੀ ਫੌਜਾਂ, ਜੋ ਪਹਿਲਾਂ ਅੰਗਰੇਜ਼ਾਂ ਨਾਲ ਡੱਟ ਕੇ ਲੜਦੀਆਂ ਸਨ, ਆਪਸ ਦੀ ਫੁੱਟ ਦੇ ਕਾਰਨ ਢਿੱਲੀਆਂ ਪੈ ਗਈਆਂ। ਭਰੱਪਣ ਅਤੇ ਮਿਲਾਪ ਦੀ ਥਾਵੇਂ ਉਨ੍ਹਾਂ ਵਿਚ ਮਜ਼ਹਬੀ ਪੱਖ-ਪਾਤ ਤੇ ਧੋਖੇ-ਬਾਜ਼ੀ ਪ੍ਰਧਾਨ ਹੋ ਗਈ। ਉਨ੍ਹਾਂ ਵਿਚੋਂ (ਇਨਕਲਾਬ ਪਸੰਦ) ਦੋਸਤ ਅਤੇ ਦੁਸ਼ਮਨ ਦਾ ਫਰਕ ਸਮਝਣਾ ਔਖਾ ਹੋ ਗਿਆ। ਹਿੰਦੂ ਤਾਂ ਇਕ ਪਾਸੇ ਰਹੇ, ਮੁਸਲਮਾਨ ਵੀ ਆਪਸ ਵਿਚ ਨਿੱਕੇ ਨਿੱਕੇ ਝਗੜਿਆਂ ਵਿਚ ਪੈ ਕੇ ਲੜਦੇ ਸਨ। ਸੂਬੇਦਾਰ ਬਖ਼ਤ ਖ਼ਾਂ, ਜਿਸ ਨੂੰ ਬਾਦਸ਼ਾਹ ਨੇ ਬਾਗੀ ਫੌਜਾਂ ਦਾ ਜਨਰਲ ਬਣਾਇਆ ਸੀ ਅਤੇ ਜਨਰਲ ਗ਼ੌਸ ਖ਼ਾਂ ਇਕ ਦੂਜੇ ਦੇ ਵਿਰੋਧੀ ਸਨ। ਇਨ੍ਹਾਂ ਦੀ ਅਦਾਵਤ ਦਾ ਨਤੀਜਾ ਭਿਆਨਕ ਸ਼ਕਲ ਅਖ਼ਤਿਆਰ ਕਰਨ ਹੀ ਲੱਗਾ ਸੀ ਕਿ ਬਾਦਸ਼ਾਹ ਨੇ ਵਿਚ ਪੈ ਕੇ ਦੋਹਾਂ ਧਿਰਾਂ ਦੀ ਸੁਲਾਹ ਕਰਵਾ ਦਿੱਤੀ।

ਬਾਕੀ ਬਾਗ਼ੀ ਸਿਪਾਹੀ ਵੀ ਮਜ਼ਹਬੀ ਪੱਖ-ਪਾਤ ਵਿਚ ਕਿਸੇ ਗੱਲੋਂ ਘੱਟ ਨਹੀਂ ਸਨ। ਇਕ ਬੰਨੇ ਜੰਗ ਅੰਗਰੇਜ਼ਾਂ ਨਾਲ ਹੋ ਰਿਹਾ ਸੀ ਤੇ ਕਾਮਯਾਬੀ ਅਜੇ ਹੱਥ ਵਿਚ ਨਹੀਂ ਸੀ ਆਈ ਤੇ ਦੂਜੇ ਬੰਨੇ ਬਕਰਈਦ ਦੇ ਮੌਕੇ 'ਤੇ ਬਾਦਸ਼ਾਹ ਉਤੇ ਜ਼ੋਰ ਦਿੱਤਾ ਜਾ ਰਿਹਾ ਸੀ ਕਿ ਉਹ ਹਿੰਦੂਆਂ ਤੋਂ ਵਿਰੁੱਧ ਜਹਾਦ ਦਾ ਐਲਾਨ ਕਰੇ। ਬਾਦਸ਼ਾਹ ਤੇ ਸ਼ਾਹੀ ਕੌਂਸਲ ਨੇ ਸਖ਼ਤੀ ਨਾਲ ਉਨ੍ਹਾਂ ਦੀ ਇਸ ਰਾਇ ਦੀ ਮੁਖ਼ਾਲਫ਼ਤ ਕੀਤੀ ਅਤੇ ਦਸਿਆ ਕਿ ਬਾਗੀ ਬਹੁਤੇ ਹਿੰਦੂ ਹਨ ਅਤੇ ਸ਼ਸਤ੍ਰ-ਅਸਤ੍ਰਾਂ ਨਾਲ ਸਜੇ ਹੋਏ ਹਨ, ਜੇ ਇਹ ਗਲਤੀ ਕੀਤੀ ਗਈ ਤਾਂ ਉਹ ਸਾਰੇ ਜਹਾਦੀਆਂ ਨੂੰ ਆਸਾਨੀ ਨਾਲ ਤਬਾਹ ਕਰ ਦੇਣਗੇ[੧੬]।

ਇਹੋ ਕਾਰਨ ਸਨ ਜਿਨ੍ਹਾਂ ਕਰਕੇ ਖੜਕਦੇ ਜੰਗ ਵਿਚ ਹੀ ਬਾਦਸ਼ਾਹ ਨੇ ਅੰਗਰੇਜ਼ਾਂ ਨਾਲ ਸੁਲਾਹ ਕਰਨ ਦੀ ਕੋਸ਼ਿਸ਼ ਕੀਤੀ ਤੇ ਸੰਦੇਸ਼ ਭੇਜਿਆ ਕਿ ਉਹ ਅੰਗਰੇਜ਼ੀ ਫੌਜਾਂ ਕਿਲ੍ਹੇ ਵਿਚ ਦਾਖ਼ਲ ਕਰਨ ਲਈ ਸਲੀਮ ਗੜ੍ਹ ਦਰਵਾਜ਼ੇ ਦਾ ਬੂਹਾ

---

੧੫. F. Cooper the Crisis in the Punjab, 1858, pp. 185-186

੧੬. ਖ਼ੁਆਜਾ ਹਸਨ ਨਜ਼ਾਮੀਂ, ਗ਼ਦਰ ਸੁਬਹ ਸ਼ਾਮ, ਪੰਨਾ ੧੧੬।

ਖੋਲ੍ਹਣ ਵਾਸਤੇ ਤਿਆਰ ਹੈ, ਪਰ ਅੰਗਰੇਜ਼ੀ ਹਕੂਮਤ ਨੇ ਉਸ ਦੀ ਇਸ ਪੇਸ਼ਕਸ਼ ਨੂੰ ਏਸ਼ੀਆਈ ਚਾਲ ਸਮਝਿਆ ਤੇ ਨਾਲੇ ਇਹ ਵੀ ਜ਼ਾਹਰ ਕੀਤਾ ਗਿਆ ਕਿ ਬਾਗੀਆਂ ਦੀ ਕਠ-ਪੁਤਲੀ ਤੇ ਬੇ-ਗੁਨਾਹ ਅੰਗਰੇਜ਼ਾਂ ਦੇ ਖ਼ੂਨ ਦਾ ਦੋਸ਼ੀ ਹੋਣ ਕਰਕੇ ਉਸ ਨੂੰ ਸੁਲਹ ਕਰਨ ਦਾ ਅਖ਼ਤਿਆਰ ਨਹੀਂ ਹੈ। ਇਹ ਕੋਰਾ ਜਵਾਬ ਮਿਲਣ ਕਰਕੇ ਬਾਦਸ਼ਾਹ ਦੀ ਤਜਵੀਜ਼ ਸਿਰੇ ਨਾ ਚੜ੍ਹ ਸਕੀ[੧੭]।

ਬਾਗੀਆਂ ਦੀ ਆਪਣੀ ਬੇ-ਇਤਫ਼ਾਕੀ ਹੀ ਇਕ ਵੱਡਾ ਕਾਰਣ ਸੀ, ਜਿਸ ਕਰਕੇ ਜਨਰਲ ਵਿਲਸਨ ਦੀ ਥੋੜ੍ਹੀ ਜਿਹੀ ਫੌਜ ਨੂੰ ਸ਼ਿਕਸਤ ਨਾ ਦਿੱਤੀ ਜਾ ਸਕੀ। ਇਧਰੋਂ ਅਚਾਨਕ ਜਨਰਲ ਨਿਕਲਸਨ ਦੇ ਮਾਤਹਿਤ ਪੰਜਾਬੀ ਫੌਜਾਂ ਪਹੁੰਚਣ ਤੇ ਬਾਗੀਆਂ ਦਾ ਕਾਫ਼ੀਆ ਹੋਰ ਵੀ ਤੰਗ ਹੋ ਗਿਆ।

ਸਿੱਖ ਦਿੱਲੀ ਨੂੰ ਫ਼ਤਹ ਕਰਨ ਲਈ ਚੋਖੇ ਚਿਰ ਤੋਂ ਉਤਾਵਲੇ ਸਨ ਤੇ ਉਹਨਾਂ ਵਿਚ ਗੁਰੂ ਸਾਹਿਬ ਦੇ ਨਾਂ ਇਕ ਭਵਿੱਖ ਬਾਣੀ ਵੀ ਮਸ਼ਹੂਰ ਸੀ ਕਿ ਗੁਰੂ ਕੇ ਸਿੱਖ ਇਕ ਦਿਨ ਦਿੱਲੀ ਨੂੰ ਫ਼ਤਿਹ ਕਰਨਗੇ। ਅੰਗਰੇਜ਼ਾਂ ਨਾਲ ਸੰਨ ੧੮੦੯ ਦਾ ਸਤਲੁਜ ਵਾਲਾ ਅਹਿਦਨਾਮਾ ਹੋਣ ਕਰਕੇ ਉਨ੍ਹਾਂ ਦੀ ਇਹ ਸੱਧਰ ਪੂਰੀ ਨਹੀਂ ਸੀ ਹੋ ਸਕੀ, ਇਸ ਸਮੇਂ ਇਹ ਮੌਕਾ ਅਚਾਨਕ ਹੱਥ ਆਇਆ ਦੇਖ ਕੇ ਸਿੱਖਾਂ ਨੇ ਰਾਜ-ਭਗਤੀ ਦੇ ਨਸ਼ੇ ਵਿਚ ਨਹੀਂ, ਬਲਕਿ ਸਿਰਫ ਦਿੱਲੀ ਦੇ ਫ਼ਤਿਹ ਕਰਨ ਦੇ ਖਿਆਲ ਨੂੰ ਮੁਖ ਰੱਖ ਕੇ ਕਮਰਕਸੇ ਕਰ ਲਏ ਤੇ ੧੩ ਸਤੰਬਰ ਨੂੰ ਬਾਗੀ ਫੌਜਾਂ ਉੱਤੇ ਇਸ ਤਰ੍ਹਾਂ ਟੁੱਟ ਪਏ ਜਿਵੇਂ ਚਿੜੀਆਂ ਉਤੇ ਬਾਜ ਟੁੱਟ ਪੈਂਦੇ ਹਨ। ਇਹ ਹਮਲਾ ਦਿੱਲੀ ਉਤੇ ਚਾਰ ਪਾਸਿਆਂ ਤੋਂ ਹੋਇਆ ਤੇ ੧੯ ਸਤੰਬਰ ਨੂੰ ਚਾਂਦਨੀ ਚੌਂਕ ਉੱਤੇ ਕਬਜ਼ਾ ਕਰ ਲਿਆ।

ਜੰਗ ਦਿੱਲੀ ਦੇ ਹਾਲ ਲਿਖਦਾ ਹੋਇਆ ਕਵੀ ਖਜ਼ਾਨ ਸਿੰਘ ਲਿਖਦਾ ਹੈ ਕਿ ਇਸ ਮੌਕੇ ਤੇ ਰਿਆਸਤ ਜੀਂਦ ਦੀਆਂ ਫੌਜਾਂ ਹਮਲੇ ਵਿਚ ਸ਼ਾਮਲ ਸਨ। ਪਹਿਲਾ ਹੱਲਾ ਕਰਨ ਵਾਲੇ ਜੰਮੂ ਵਾਲੇ ਡੋਗਰੇ ਸਨ ਜੋ ਸ਼ਿਕਸਤ ਖਾ ਗਏ ਸਨ, ਪਿੱਛੋਂ ਉਹ ਮੋਰਚਾ ਸਿੰਘਾਂ ਨੇ ਜਾ ਲਿਆ ਜਿਸ ਤਰ੍ਹਾਂ ਕਿ ਉਹ ਲਿਖਦਾ ਹੈ:-

ਚਾਰੋ ਤਰਫ ਤੇ ਫੌਜ ਨੇ ਜ਼ੋਰ ਦੇ ਕੇ,
ਪਹਿਲੋਂ ਹੂਲ ਕੀਤੀ ਜੰਮੂ ਵਾਲਿਆਂ ਨੇ।
ਮਾਰੋ ਮਾਰ ਕਰਕੇ ਜੈਸੇ ਜਾਂਵਦੇ ਸੀ,
ਮੂਖ ਮੋੜ ਦਿੱਤੇ ਅਗੋਂ ਕਾਲਿਆਂ ਨੇ।
ਤੋਪਾਂ ਛੱਡ ਕੇ ਜੰਗ ਨੂੰ ਪਿੱਠ ਦਿੱਤੀ,
ਤੇਗ ਤਾਬ ਨਾ ਸਹੀ ਨਿਕਾਰਿਆਂ ਨੇ।
ਕਵੀ ਸਿੰਘ ਪਹਾੜੀਏ ਜਾਣ ਨੱਠੇ,

---

੧੭. Kaye's Sepoy war in India, I pp. 39-40.

ਸਾਡਾ ਨਾਸ਼ ਕੀਤਾ ਰਲ ਕੇ ਸਾਰਿਆਂ ਨੇ ॥੬੫॥
ਨੱਠੀ ਜਾਂਵਦੀ ਫੌਜ ਜਾਂ ਨਜ਼ਰ ਆਈ,
ਫੇਰ ਸਿੰਘਾਂ ਨੇ ਹੱਥ ਉਠਾਇਓ ਈ।
ਦੋਹਾਂ ਤਰਫਾਂ ਤੇ ਫੌਜ ਦਾ ਕੱਠ ਹੋਇਆ,
ਧੁੰਦੂਕਾਰ ਦਾ ਜੰਗ ਮਚਾਇਓ ਈ।
ਜੇੜ੍ਹਾ ਮੋਰਚਾ ਮਾਰਿਆ ਕਾਲਿਆਂ ਨੇ,
ਸੋਈ ਸਿੰਘਾਂ ਨੇ ਜਾਇ ਛਡਾਇਓ ਈ।
ਕਵੀ ਸਿੰਘ ਦੇ ਕੇ ਜੋਰ ਗੋਰਿਆਂ ਨੇ,
ਢਾਇ ਕੋਟ ਨੂੰ ਜ਼ੋਰ ਝੁਕਾਇਓ ਈ ॥੬੬॥

ਇਸ ਪਿੱਛੋਂ ਸਿੰਘਾਂ ਨੇ ੨੦ ਸਤੰਬਰ ਨੂੰ ਦਿੱਲੀ ਕਿਲ੍ਹੇ ਉੱਤੇ ਫ਼ਤਹ ਦਾ ਝੰਡਾ ਜਾ ਗੱਡਿਆ ਤੇ ਮੁਗਲਾਂ ਦਾ ਜ਼ਾਮਨੀ ਰੰਗ ਦਾ ਸ਼ਾਹੀ ਝੰਡਾ ਉਤਾਰ ਦਿੱਤਾ ਗਿਆ। ਇਸੇ ਦਿਨ ਲਾਹੌਰੀ ਦਰਵਾਜ਼ਾ ਅਜ਼ਮੇਰੀ ਦਰਵਾਜ਼ਾ ਅਤੇ ਜਾਮਿਆ ਮਸਜਿਦ ਉੱਤੇ ਵੀ ਅੰਗਰੇਜ਼ੀ ਕਬਜ਼ਾ ਹੋ ਗਿਆ। ਜਨਰਲ ਜਾਹਨ ਨਿਕਲਸਨ, ਜਿਸ ਨੂੰ ਸਿੱਖ ਗੁਰੂ ਘਰ ਦਾ ਪ੍ਰੇਮੀ ਹੋਣ ਕਰਕੇ ਨਿਕਲ ਸਿੰਘ ਕਿਹਾ ਕਰਦੇ ਸਨ, ਇਸ ਹਮਲੇ ਵਿਚ ਬਾਗੀਆਂ ਦੇ ਹੱਥੋਂ ਮਾਰਿਆ ਗਿਆ।

ਜੰਗ ਵਿਚ ਸ਼ਿਕਸਤ ਹੋਣ 'ਤੇ ਦਿੱਲੀ ਦੇ ਸ਼ਾਹੀ ਖਾਨਦਾਨ ਨੂੰ ਬੜੀ ਵਿਪਤਾ ਦਾ ਸਾਹਮਣਾ ਕਰਨਾ ਪਿਆ ਤੇ ਸਭ ਮਰਦ, ਜ਼ਨਾਨੀਆਂ ਜਿੱਧਰ ਕਿਸੇ ਦਾ ਮੂੰਹ ਹੋਇਆ, ਨੱਸ ਤੁਰੇ। ਬਹਾਦੁਰ ਸ਼ਾਹ ਨੇ ਬੇਗਮ ਜ਼ੀਨਤ ਮਹਿਲ ਸਮੇਤ ਦਿੱਲੀ ਤੋਂ ਬਾਹਰ ਨਿਕਲ ਕੇ ਹਮਾਯੂੰ ਦੇ ਮਕਬਰੇ ਵਿਚ ਪਨਾਹ ਲਈ, ਜਿਥੋਂ ਉਸ ਦੇ ਤਿੰਨ ਸ਼ਾਹਜ਼ਾਦੇ ਮਿਰਜ਼ਾ ਮੁਗ਼ਲ, ਮਿਰਜ਼ਾ ਖ਼ਿਜ਼ਰ ਸੁਲਤਾਨ ਅਤੇ ਮਿਰਜ਼ਾ ਅਬੂ ਬਕਰ ਗਰਿਫ਼ਤਾਰ ਹੋ ਕੇ ਮਿਸਟਰ ਹਡਸਨ ਦੇ ਹਥੋਂ ਗੋਲੀ ਨਾਲ ਮਾਰੇ ਗਏ[੧੮]। ਪਿੱਛੋਂ ਬਹਾਦੁਰ ਸ਼ਾਹ ਉੱਤੇ ਸਰਕਾਰ ਅੰਗਰੇਜ਼ੀ ਵਲੋਂ ਲਾਲ ਕਿਲ੍ਹੇ ਵਿਚ ਰਾਜ ਦ੍ਰੋਹ ਦਾ ਮੁਕੱਦਮਾ ਚੱਲਿਆ, ਜਿਸ ਵਿਚ ਉਸ ਨੂੰ ਦੇਸ਼ ਨਿਕਾਲੇ ਦੀ ਸਜ਼ਾ ਦਿੱਤੀ ਗਈ। ਨਵਾਬ ਝੱਜਰ, ਰਾਜਾ ਨਾਹਰ ਸਿੰਘ ਬੱਲਬ ਗੜ੍ਹ, ਰਈਸ ਦਾਦਰੀ ਅਤੇ ਰਾਣੀਆਂ ਨੂੰ, ਜੋ ਬਾਗੀਆਂ ਨਾਲ ਸ਼ਾਮਲ ਹੋ ਕੇ ਅੰਗਰੇਜ਼ਾਂ ਤੋਂ ਵਿਰੁੱਧ ਲੜਦੇ ਰਹੇ ਸਨ, ਮੌਤ ਦੀ ਸਜ਼ਾ ਦਿੱਤੀ ਗਈ ਅਤੇ ਇਨ੍ਹਾਂ ਰਈਸਾਂ ਦੇ ਇਲਾਕੇ ਜ਼ਬਤ ਹੋਣ ਤੇ ਨਾਰਨੌਲ ਦਾ ਇਲਾਕਾ ਮਹਾਰਾਜਾ ਪਟਿਆਲਾ ਨੂੰ, ਬਾਵਲ ਕਾਂਟੀ ਦਾ ਇਲਾਕਾ ਰਾਜਾ ਸਾਹਿਬ ਨਾਭਾ ਨੂੰ ਅਤੇ ਦਾਦਰੀ ਦਾ ਇਲਾਕਾ ਰਾਜਾ ਸਰੂਪ ਸਿੰਘ ਜੀਂਦ ਵਾਲੇ ਨੂੰ ਖ਼ਿਤਾਬ ਸਮੇਤ ਦਿਤਾ ਗਿਆ[੧੯]। ਇਨ੍ਹਾਂ ਤੋਂ ਬਿਨਾਂ ਹੋਰ ਸਿੱਖ ਸਰਦਾਰਾਂ ਨੂੰ ਵੀ ਸਹਾਇਤਾ

---

੧੮. Major General A Wilson to the Adjutant General of the Army Delhi, 22nd Sept. 1857.

੧੯. Punjab & Delhi in, 1857, pp. 235-42.

ਦੇ ਧੰਨਵਾਦ ਵਜੋਂ ਖ਼ਿਲਅਤ ਤੇ ਇਨਾਮ ਦਿੱਤੇ ਗਏ ।

ਸੰਮਤ ੧੯੧੪ ਦਾ ਗ਼ਦਰ ਜਿਸ ਦਾ ਜ਼ਿਕਰ ਇਸ ਲੇਖ ਵਿਚ ਕੀਤਾ ਗਿਆ ਹੈ, ਦਿੱਲੀ ਫ਼ਤਹ ਹੋਣ ਦੇ ਬਾਵਜੂਦ ਵੀ ਇਸ ਸਾਲ ਦੇ ਅੱਧੇ ਦਸੰਬਰ ਤੱਕ ਨਾ ਹਟਿਆ ਤੇ ਬਹੁਤ ਸਾਰੇ ਲੋਕ ਇਸ ਬਗ਼ਾਵਤ ਦਾ ਸ਼ਿਕਾਰ ਹੁੰਦੇ ਰਹੇ, ਪਰ ਇਸ ਬਗ਼ਾਵਤ ਤੋਂ ਅੰਗਰੇਜ਼ਾਂ ਦਾ ਕੀ ਖੁੱਸ ਸਕਦਾ ਸੀ ਕਿਉਂਕਿ ਹਿੰਦੁਸਤਾਨ ਦੀ ਰਾਜਧਾਨੀ ਦਿੱਲੀ ਉਨ੍ਹਾਂ ਦੇ ਹੱਥ ਵਿਚ ਸੀ ਅਤੇ ਬਾਗ਼ੀ ਫੌਜਾਂ ਕੁਝ ਮਰ ਮਿਟੀਆਂ ਤੇ ਕੁਝ ਖਿੰਡ-ਪੁੰਡ ਗਈਆਂ ਸਨ। ਬਾਗ਼ੀਆਂ ਦੀ ਕਾਮਯਾਬੀ ਹਿੰਦੁਸਤਾਨ ਵਿਚੋਂ ਅੰਗਰੇਜ਼ੀ ਰਾਜ ਦੀ ਮੌਤ ਸੀ, ਪਰ ਇਹ ਮੌਤ ਸਿੱਖਾਂ ਦੀ ਮਿਤ੍ਰਤਾ ਪ੍ਰਾਪਤ ਹੋਣ ਕਰਕੇ ਟਲ ਗਈ, ਜਿਸ ਨੂੰ ਸਰ ਜਾਹਨ ਲਾਰੰਸ ਨੇ ਆਪਣੀ ੧੯ ਅਗਸਤ ੧੮੫੮ ਦੀ ਚਿੱਠੀ ਵਿਚ, ਜੋ ਉਸ ਨੇ ਮਰੀ ਤੋਂ ਮਿਸਟਰ ਐਂਫ, ਕਰੀ ਨੂੰ ਲਿਖੀ ਸੀ, ਖ਼ੁਦ ਮੰਨਿਆ ਹੈ ।

Under the mercy of the God the loyalty and Contentment of the people of the Punjab has saved India. Had the Punjab gone, we must have been ruined.

(R.B.Smith, Life of Lord Lawrence. II P, 335.)

ਅਰਥਾਤ- ਪਰਮੇਸ਼ਰ ਦੀ ਰਹਿਮ ਦਿਲੀ ਦੇ ਸਦਕੇ, ਪੰਜਾਬੀ ਲੋਕਾਂ ਦੀ ਵਫ਼ਾਦਾਰੀ ਤੇ ਸੰਤੁਸ਼ਟਤਾ ਦੇ ਕਾਰਣ ਹਿੰਦੁਸਤਾਨ ਦੀ (ਸਾਡੇ ਵਾਸਤੇ) ਰੱਖਿਆ ਹੋ ਗਈ ਹੈ, ਜੇ ਪੰਜਾਬ ਵੀ ਇਸ ਗ਼ਦਰ ਵਿਚ ਸ਼ਾਮਲ ਹੋ ਜਾਂਦਾ ਤਾਂ ਅਸੀਂ (ਅੰਗਰੇਜ਼) ਜ਼ਰੂਰ ਤਬਾਹ ਹੋ ਜਾਂਦੇ।

ਇਸੇ ਤਰ੍ਹਾਂ ਮਿਸਟਰ ਫ਼੍ਰੀਡਰਿਕ ਕੂਪਰ ਨੇ ਲਿਖਿਆ ਹੈ:

'The reconquest of the imperial City was however accomplished almost wholly and entirely by Punjab forces.

(The Crisis in the Punjab)

ਅਰਥਾਤ-ਬਾਦਸ਼ਾਹੀ ਸ਼ਹਿਰ (ਦਿੱਲੀ) ਨੂੰ ਲਗਭਗ ਪੂਰੇ ਅਤੇ ਸਮੁੱਚੇ ਤੌਰ 'ਤੇ ਪੰਜਾਬ ਦੀਆਂ ਫੌਜਾਂ ਨੇ ਦੁਬਾਰਾ ਫ਼ਤਹ ਕੀਤਾ ਹੈ ।'

## (ਓ) ਗ਼ਦਰ ਦੀ ਵਾਰ

ਆਦਿ ਕੁੰਵਾਰੀ ਦੁਰਗਾ ਸਿਮਰਾਂ, ਕੋਟ ਕਾਂਗੜੇ ਮਾਇ।
ਗੜ੍ਹ ਕਲਕੱਤੇ ਦੀ ਕਾਲਿਕਾ ਦੇਵੀ, ਸਿੰਘ ਚੜ੍ਹੀ ਹੁਲਸਾਇ।
ਗੜ੍ਹ ਕਲਕੱਤੇ ਕਾਲਿਕਾ, ਗਣ ਸੁੱਤੇ ਆਣ ਜਗਾਇ।
ਜਾਗੀ ਦੇਵੀ ਕਾਲਿਕਾ, ਇਕ ਸੌ ਸਠ ਜੋਗਨ ਨਾਲ ਸਿਪਾਹਿ।
ਬਿਜਲੀ ਵਾਂਗਰ ਗਰਜੀ ਹੈ, ਕੋਈ ਰੱਤੁ[1] ਮੰਗਦੀ ਆਇ।
ਨਵਾਂ ਫਰੰਗੀ ਆਇਆ ਵਿਲਾਇਤੋਂ ਜਿਨ ਆਣ ਮਸਾਲ ਜਗਾਇ।
ਸੰਕਰ ਬਰਨ ਹੋਵੇ ਜਗ ਸਾਰਾ, ਤਾਂ ਹਮ ਰਾਜ ਕਮਾਇ।
ਹਿੰਦੂ ਮੁਸਲਮਾਨ ਫਰੰਗੀ, ਇਕੋ ਹੋਣ ਸਮਾਇ।
ਇਕੋ ਹੋਣ ਸਮਾਵਣ ਬੇਖਬਰ ਹੋਵੇ ਜਗ ਸਾਇ।
ਘਰ ਘਰ ਹੋਸਨ ਬਿਜਲੀਆਂ, ਮੰਤਰ ਕਰਸੀ ਕਾਇ।
ਲੜੀਏ ਨਾਲ ਯਕੀਨ ਦੇ, ਦਿੱਲੀ ਕੋਟ ਬਣਾਇ।
ਧਰਮ ਦੇ ਪਿਛੇ ਸੀਸ ਦੇਵਣਾ ਛੱਡੀਏ ਗੱਲ ਮਨਾਇ।
ਸ਼ਾਨ ਰਈਸਾਂ ਵਾਂਗੁ ਬਣਾਏ, ਚਲਿਆ ਏ ਰੰਗ ਦ੍ਵਾਰੇ।
ਤਖ਼ਤ ਲਹੌਰ ਬਹਾਦੁਰੀ ਵਾਲਾ, ਜਿੱਤੀ ਫਿਰਨ ਫਰੰਗੀ।
ਮੀਆਂ ਮੀਰ ਇਕ ਆਇਆ ਰਸਾਲਾ, ਪਲਟਨ ਉਤਰੀ ਜੰਗੀ।
ਜੰਗ ਕਮਾਈ ਕਾਲਿਆਂ, ਜਿਹਲਮ ਅਟਕ ਸਿਪਾਹਿ।
ਸਦਰ ਬਾਜ਼ਾਰ ਤੇ ਛਾਵਨੀ ਲੁਟ ਕੇ ਸਿਆਲਕੋਟ ਨੂੰ ਜਾਇ।
ਥਰਹਰ ਕੰਬੀ ਸਿਆਲਕੋਟ ਗੁਰਦਾਸਪੁਰੇ ਵਲ ਆਇ।
ਲਿਖ ਪ੍ਵਾਨਾ ਸਮਿਥ ਸਾਹਿਬ ਭੇਜਿਆ, ਫ੍ਰੰਗੀ ਤਖ਼ਤ ਲਹੌਰੇ ਫਟ ਪਹੁੰਚਾਇ।
ਸੁਣ ਪਰਵਾਨਾ ਨਿਕਲ[2] ਸਾਹਿਬ, ਲਹੌਰੋਂ, ਲਏ ਚੜ੍ਹਾਇ।
ਨਿਕਲ ਸਾਹਿਬ ਚੜ੍ਹ ਆਇਆ ਲਾਹੌਰੋਂ, ਕਰਦਾ ਆਣ ਠਰ੍ਹਾਇ।
ਤੋਪਾਂ ਨਾਲ ਉਡਾਏ ਕਾਲੇ, ਵਰਤੀ ਤਲਬ ਸਿਪਾਹਿ।
ਵਰਤੀ ਤਲਬ ਸਿਪਾਹੀਆਂ, ਧੜੀ ਮੋੜੀ ਖਾਲੀ ਪਾਇ।

---

੧. ਰਕਤ, ਰੱਤ, ਲਹੂ। ੨. ਸਰ ਜਾਹਨ ਨਿਕਲਸਨ।

ਅੰਮ੍ਰਿਤਸਰ ਜੀ ਵਿਲਸਨ ਫੇਰੀ, ਤੇ ਦਿੱਲੀ ਨੂੰ ਉੱਠ ਧਾਇ ।
ਮਨਰੋ ਮੀਆਂ ਮੀਰ ਥੀਂ ਚਲਿਆ, ਜਾਣ ਝੰਡੀ ਵਿਚ ਫਲੌਰੇ ਪਾਇ ।
ਕਰਨ ਕਵੈਦ ਲਗੇ ਜਦ ਕਾਲੇ ਤਾਂ ਹਥਿਆਰ ਖੁਹਾਇ ।
ਅਗਯੋਂ ਤੋਪਾਂ ਬੀੜੀਆਂ, ਦਏ ਗੋਰਿਆਂ ਆਣ ਡਰਾਇ ।
ਬੇ-ਹਥਿਆਰ ਚਲੇ ਜਦ ਲਸ਼ਕਰ, ਦਿਹਲੀ ਪਰ ਭਾਂਵੀ ਕਕਾਇ ।
ਪਕੜ ਬੰਦੂਕਾਂ ਤੇਗ਼ ਮਿਆਨੀਂ, ਸਿੰਘ ਦਿਲ ਥੀਂ ਨਹੀਂ ਡਰਾਇ ।
ਜਾ ਕਰ ਪਹੁੰਚੇ ਦਿਹਲੀ ਅੰਦਰ, ਓਥੇ ਕਾਲੀ ਕੋਈ ਦਿਨ ਅਰੜਾਇ ।
ਝਪਟਾਂ ਹੋਈਆਂ ਭੰਨ ਖੜੋਈਆਂ ਦੋ ਦਲ ਜਿਤ ਗਏ ਭਾਰੇ ।
ਤੋਪਾਂ ਧੁੰਦੂਕਾਰ ਮਚਾਇਆ, ਕੰਬ ਗਏ ਕੋਟ ਮੁਨਾਰੇ ।
ਕੋਟ ਪਹਾੜੀ ਬੁਲੰਦੀ ਅੱਗੇ, ਕਾਲਿਆਂ ਸੁਰੰਗ ਬਨਾਈ ।
ਖ਼ਬਰ ਹੋਈ ਅੰਗ੍ਰੇਜ਼ ਬਹਾਦੁਰ ਨੂੰ, ਉਨ੍ਹਾਂ ਉਲਟੀ ਠੋਕ ਚਲਾਈ ।
ਨਿਕਲ ਸਾਹਿਬ ਇਉਂ ਗਏ ਸੁਵਰਗੇ, ਓਥੇ ਵਸ ਨਾ ਚਲਦਾ ਕਾਈ ।
ਤੜ ਤੜ ਧਾਨ ਜਿਉਂ ਭੁੱਜੇ ਸਿੰਘਾਂ ਓਥੇ ਜਿਤੀ ਖ਼ੂਬ ਲੜਾਈ ।
ਘੇਰ ਲਿਓ ਨੇ ਬਹਾਦੁਰ ਸ਼ਾਹ ਨੂੰ, ਫੜ ਕੇ ਪਾਇਆ ਬੰਦੇ ।
ਹੀਰੇ ਮੋਤੀ ਲਾਲ ਜਵਾਹਰ, ਸਭ ਲੁੱਟੇ ਭਾਵੰਦੇ ।

* * *

# (ਅ) ਅਥ ਜੰਗ-ਨਾਮਾ ਦਿੱਲੀ

## ਕ੍ਰਿਤ ਕਬਿ ਖ਼ਜ਼ਾਨ ਸਿੰਘ ਲਿਖਯਤੇ ।

ਅਲਫ਼ ਆਇ ਪ੍ਰਣਾਮ ਅਕਾਲ ਜੀ ਕੋ,
ਕਈ ਭਾਂਤ ਦੇ ਖੇਲ ਰਚਾਂਵਦਾ ਈ ।
ਕਿਤੇ ਹਾਥ ਲੀਏ ਮੋਹਨੀ ਬੀਨ ਬੰਕੀ,
ਖਿਆਲ ਓਸ ਬੇਅੰਤ ਦੇ ਗਾਂਵਦਾ ਈ ।
ਸਿਧ ਸਾਧ ਜੋਗੀ ਸੰਨਿਆਸ ਲੈ ਕੇ,
ਸੱਭ ਓਸਦਾ ਧਿਆਨ ਲਗਾਂਵਦਾ ਈ ।
ਕਵੀ ਸਿੰਘ ਖਜਾਨ ਕੁਰਬਾਨ ਜਾਈਏ,
ਸਾਨੂ ਆਸਰਾ ਓਸਦੇ ਨਾਮ ਦਾ ਈ ॥੧॥
ਹੱਥ ਜੋੜ ਕੇ ਬੰਦਨਾ ਸਾਰਦਾ[1] ਕੋ,
ਚਿਤ ਚਰਣ ਗਣੇਸ ਦਿਆਂ ਲਾਵਸਾਂ ਮੈਂ ।
ਸਰਬ ਦੇਵਤਿਆਂ ਕੋ ਨਮਸਕਾਰ ਮੇਰੀ,
ਸਦਾ ਜਾਗਦੀ ਜੋਤ[2] ਕੋ ਧਿਆਵਸਾਂ ਮੈਂ ।
ਸ਼ਰਣ ਸਤਿਗੁਰਾਂ ਦੀ ਰਹਹੀ ਆਣ ਕੇ ਤੇ,
ਨਾਮ ਤਿਨ੍ਹਾਂ ਦੇ ਨਿਤ ਵਿਕਾਵਸਾਂ ਮੈਂ ।
ਕਵੀ ਸਿੰਘ ਖਜਾਨ ਹਵਾਲ ਸਾਰਾ,
ਦਿੱਲੀ ਜੰਗ ਦਾ ਆਖ ਸੁਣਾਵਸਾਂ ਮੈਂ ॥੨॥
ਨੰਦਨ ਕੰਪਨੀ[3] ਸਾਹਿਬ ਸਲਾਹਿ ਕੀਤੀ,
ਏਕਾ ਮਈ ਦਾ ਪੰਥ ਚਲਾਈਏ ਜੀ ।
ਪਹਿਲਾਂ ਆਪਣੀ ਫੌਜ ਕਸਟਾਨ[4] ਕਰਕੇ,
ਮਨ ਭਾਂਵਦੇ ਅਮਲ ਕਮਾਈਏ ਜੀ ।

---

੧. ਸਰਸ੍ਵਤੀ ਦੇਵੀ, ਜਿਸ ਨੂੰ ਹਿੰਦੂ ਲੋਕ ਵਿਦਯਾ ਦੀ ਦੇਵੀ ਮੰਨ ਕੇ ਪੂਜਦੇ ਹਨ । ੨. ਲਾਟਾਂ ਵਾਲੀ (ਕੋਟ ਕਾਂਗੜੇ ਦੀ ਦੇਵੀ) ਜੁਆਲਾ ਮੁਖੀ । ੩. ਲੰਡਨ (ਇੰਗਲੈਂਡ ਦੀ ਰਾਜਧਾਨੀ) । ੪. ਕ੍ਰਿਸਟਾਨ, ਕ੍ਰਿਸ਼ਚੀਅਨ, ਅਰਥਾਤ-ਈਸਾਈ ।

ਮੁਸਲਮਾਨ, ਹਿੰਦੂ, ਗੋਰੇ ਇਕ ਪਿਆਲੇ,
ਖਾਣਾ ਤਿਨਾਂ ਨੂੰ ਬੈਠ ਖੁਲਾਈਏ ਜੀ।
ਕਵੀ ਸਿੰਘ ਆਖੇ ਹਿੰਦੁਸਤਾਨ ਅੰਦਰ,
ਦੋਹਾਂ ਧਿਰਾਂ ਦਾ ਧਰਮ ਪ੍ਰਤਿਆਈਏ ਜੀ[੫] ॥੩॥
ਨੰਦਨ ਕੌਂਪਨੀ ਸਾਹਿਬ ਦਾ ਹੁਕਮ ਲੈ ਕੇ,
ਲਾਟ[੬] ਵਿਚ ਕਲਕੱਤੇ ਦੇ ਆਇਓ ਈ।
ਸਾਹਬ ਲੋਕਾਂ ਨੂੰ 'ਸੱਦ ਕੇ ਹੁਕਮ ਦੇਂਦਾ,
ਜੇੜਾ ਕੌਂਪਨੀ ਨੇ ਫਰਮਾਇਓ ਈ।
ਏਕਾ ਮਈ ਦਾ ਪੰਥ ਚਲਾਵਣਾ ਹੈ,
ਜ਼ਾਹਰ ਖੋਲ ਕੇ ਆਖ ਸੁਣਾਇਓ ਈ।
ਕਵੀ ਸਿੰਘ ਆਖੇ ਰਾਜ ਕਰਦਿਆਂ ਨੂੰ,
ਮਾਰ ਹੋਣੀ ਨੇ ਅਕਲ ਭੁਲਾਇਓ ਈ ॥੪॥
ਹੁਕਮ ਸੁਣਦਿਆਂ ਸਾਰ ਮਨਜੂਰ ਕਰਕੇ,
ਦੇਸ ਦੇਸ ਦੇ ਵਿਚ ਪੁਚਾਇਆ ਈ।
ਜੰਗੀ ਲਾਟ[੭] ਕਲਕੱਤਿਓਂ ਕੂਚ ਕਰਕੇ,
ਵਿਚ ਸ਼ਹਿਰ ਅੰਬਾਲੇ ਦੇ ਆਇਆ ਈ।
ਸੂਬੇਦਾਰਾਂ ਨੂੰ ਸੱਦ ਕੇ ਹੁਕਮ ਦਿੱਤਾ,
ਕਾਰਤੂਸਾਂ ਨੂੰ ਖੋਲ੍ਹ ਦਿਖਾਇਆ ਈ।
ਸਾਰੇ ਫੌਜ ਤੇ ਅਸਾਂ ਕਟਾਵਣੇ ਹੈ,
ਏਹੋ ਕੌਂਪਨੀ ਹੁਕਮ ਫ਼ਰਮਾਇਆ ਈ ॥੫॥
ਸੂਬੇਦਾਰਾਂ ਨੇ ਆਖਿਆਂ ਲਾਟ ਤਾਈਂ,
ਅਸੀਂ ਫੌਜ ਨੂੰ ਹੁਕਮ ਸੁਣਾਂਵਦੇ ਹਾਂ।

---

੫. ਦਰਅਸਲ ਇਹ ਗ਼ਦਰ ਦਾ ਕਾਰਣ ਠੀਕ ਨਹੀਂ ਹੈ ਤੇ ਕਵੀ ਨੇ ਇਹ ਕਾਰਣ ਦੱਸਣ ਵਿਚ ਉਸ ਵੇਲੇ ਦੀਆਂ ਆਮ ਜ਼ਬਾਨੀ ਅਫਵਾਹਾਂ ਤੋਂ ਕੰਮ ਲਿਆ ਹੈ। ਗ਼ਦਰ ਦੇ ਅਸਲ ਕਾਰਣ, ਜਿਨ੍ਹਾਂ ਕਰਕੇ ਹਿੰਦੁਸਤਾਨੀ ਜਨਤਾ ਵਿਚ ਰੋਸ ਪੈਦਾ ਹੋਇਆ ਲਾਰਡ ਡਲਹੌਜ਼ੀ ਦੀ ਜੱਫਾ-ਮਾਰੂ ਤੇ ਰਿਆਸਤਾਂ ਅਤੇ ਜ਼ਿਮੀਂਦਾਰੀਆਂ ਨੂੰ ਜਬਤ ਕਰਨ ਦੀ ਪਾਲਿਸੀ ਸੀ। ਜਿਨ੍ਹਾਂ ਜ਼ਿਮੀਂਦਾਰਾਂ ਦੀਆਂ ਜ਼ਮੀਨਾਂ ਖੁਸੀਆਂ, ਪਹਿਲਾਂ ਉਹ ਅੰਗਰੇਜ਼ਾਂ ਤੋਂ ਵਿਰੁੱਧ ਹੋਏ ਤੇ ਫੇਰ ਕਈ ਅਜਿਹੇ ਹੋਰ ਕਾਰਣ ਵੀ ਗ਼ਦਰ ਪੈਦਾ ਕਰਨ ਲਈ ਬਣ ਗਏ।

੬. ਲਾਰਡ ਕੈਨਿੰਗ ੧ ਫਰਵਰੀ, ਸੰਨ ੧੮੫੬ ਨੂੰ ਹਿੰਦੁਸਤਾਨ ਵਿਚ ਆਇਆ ਤੇ ੧ ਮਾਰਚ ਨੂੰ ਉਸ ਨੇ ਗਵਰਨਰ ਜਨਰਲ ਦੇ ਅਹੁਦੇ ਦਾ ਲਾਰਡ ਡਲਹੌਜ਼ੀ ਤੋਂ ਚਾਰਜ ਲਿਆ।

੭. ਜੰਗੀ ਲਾਟ (ਕਮਾਂਡਰ-ਇਨ ਚੀਫ਼)।

ਫਜਰ[8] ਹੋਊ ਤਾਂ ਵਿਚ ਪਰੇਟ[9] ਦੇ ਜੀ,
ਚਾਰ ਪਲਟਣਾਂ ਆਣ ਜਮਾਂਵਦੇ ਹਾਂ।
ਕਾਰਤੂਸ ਦੇਵੋ ਤੁਸੀਂ ਕੱਟਣੇ ਨੂੰ,
ਅਸੀਂ ਕਟਦਿਆਂ ਨਹੀਂ ਹਟਾਂਵਦੇ ਹਾਂ।
ਕਵੀ ਸਿੰਘ ਸੂਬੇਦਾਰ ਕਰਨ ਗੱਲਾਂ,
ਝੂਠ ਬੋਲਕੇ ਖਿਆਲ ਛੁਡਾਂਵਦੇ ਹਾਂ ॥੬॥
ਸੂਬੇਦਾਰਾਂ ਨੇ ਆਇਕੇ ਪਲਟਨਾਂ ਨੂੰ,
ਹੁਕਮ ਲਾਟ ਦਾ ਸਭ ਸੁਣਾਇਓ ਈ।
ਧਰਮ ਦੋਹਾਂ[10] ਦੇ ਦੀਨ ਦਾ ਖੋਵਣੇ ਨੂੰ,
ਕਾਰਤੂਸ ਕਲਕੱਤਿਓਂ ਆਇਓ ਈ।
ਸਾਨੂੰ ਸੱਦ ਕੇ ਲਾਟ ਨੇ ਹੁਕਮ ਦਿੱਤਾ,
ਚਾਹੇ ਤੁਸਾਂ ਕੋਲੋਂ ਕਟਵਾਇਓ ਈ।
ਕਵੀ ਸਿੰਘ ਸੂਬੇਦਾਰ ਕਹਨ ਸਾਰੇ,
ਵਿਚ ਫ਼ੌਜ ਦੇ ਸ਼ੋਰ ਮਚਾਇਓ ਈ[11] ॥੭॥
ਖਾਤਰ ਧਰਮ ਦੀ ਫ਼ੌਜ ਨੇ ਸ਼ੋਰ ਪਾਇਆ,
ਅਸੀਂ ਕਰਾਂਗੇ ਜੰਗ ਲਲਕਾਰ ਕੇ ਜੀ।
ਧਰਮ ਜੇਹੀ ਨਾ ਚੀਜ਼ ਹੈ ਹੋਰ ਕੋਈ,
ਤੁਸੀ ਦੇਖ ਲੋ ਬਾਤ ਵਿਚਾਰ ਕੇ ਜੀ।
ਸਾਨੂੰ ਨੌਕਰੀ ਦੀ ਨਹੀਂ ਲੋੜ ਕੋਈ,
ਅਸੀਂ ਮਰਾਂਗੇ ਓਸਨੂੰ ਮਾਰਕੇ ਜੀ।
ਧਰਮ ਜੇਹੀ ਨਾ ਚੀਗ ਹੈ ਹੋਰ ਕੋਈ,
ਤੁਸੀਂ ਦੇਖ ਲੋ ਬਾਤ ਵਿਚਾਰ ਕੇ ਜੀ।
ਧਰਮ ਛੋਡਿਆ ਜਿਨ੍ਹਾਂ ਖਜ਼ਾਨ ਸਿੰਘਾ,
ਗਏ ਏਸ ਜਹਾਨ ਤੇ ਹਾਰਕੇ ਜੀ ॥੮॥
ਧਰਮ ਰੱਖਣਾ ਕੰਮ ਹੈ ਸੂਰਿਆਂ ਦਾ,
ਏਸ ਧਰਮ ਦੇ ਵਾਰਣੇ ਜਾਈਏ ਜੀ।
ਕੋਈ ਦਿਵਸ ਦਾ ਜੀਵਣਾ ਜਗਤ ਉਤੇ,
ਕਿਸ ਵਾਸਤੇ ਧਰਮ ਗਵਾਈਏ ਜੀ।
ਧਰਮ ਆਪਣੇ ਤੁੱਲ ਨਾ ਹੋਰ ਕੋਈ,
ਧਾਰਿ ਧਰਮ ਨੂੰ ਭਿਸਤ ਮੇਂ ਜਾਈਏ ਜੀ।

---

੮. ਸਵੇਰਾ। ੯. ਪਰੇਡ। ੧੦. ਹਿੰਦੂ ਤੇ ਮੁਸਲਮਾਨਾਂ ਦੇ।
੧੧. ਪਟਿਆਲਾ ਮੋਤੀ ਬਾਗ ਪੁਸਤਕਾਲਯ ਦੀ ਪ੍ਰਤੀ ਦਾ ਪਾਠ ਹੈ :- 'ਕਵੀ ਸਿੰਘ ਹੁੱਦੇਦਾਰ ਕਹਿਨ ਸਾਰੇ ਵਿੱਚ ਫ਼ਉਜ ਨੈ ਸ਼ੋਰ ਮਚਾਇਓ ਈ।'

ਕਵੀ ਸਿੰਘ ਜੇ ਹੋਰ ਨਾ ਵੱਸ ਚਲੇ,
ਧਰਮ ਕਾਰਣੇ ਸੀਸ ਗਵਾਈਏ ਜੀ ॥੯॥
ਧਰਮ ਰੱਖਿਆ ਸੀ ਹਰੀ ਚੰਦ ਰਾਜੇ[੧੨]
ਗੱਲਾਂ ਵਿਚ ਜਹਾਨ ਦੇ ਤੋਰੀਆਂ ਨੀ ।
ਧਰਮ ਰੱਖਿਆ ਸੀ ਤਾਰੂ ਸਿੰਘ[*] ਦੇਖੋ,
ਖੱਲਾਂ ਪੁੱਠੀਆਂ ਲਾਹ ਨਚੋੜੀਆਂ ਨੀ ।
ਧਰਮ ਰੱਖਿਆ ਦੇਖੋ ਦਧੀਚ ਰਾਜੇ[**]
ਸੂਰਾਂ ਚਟਦਿਆਂ ਅੰਗ ਨਾ ਮੋੜਿਆ ਨੀ ।
ਕਵੀ ਸਿੰਘ ਬੈਕੁੰਠ ਨੂੰ ਜਾਣ ਸੋਈ,
ਜਿਨ੍ਹਾਂ ਆਪਣਾ ਧਰਮ ਨਾ ਛੋਡਿਆ ਨੀ ॥੧੦॥
ਔਰੰਗਜ਼ੇਬ ਦੇ ਵਖਤ ਦੀ ਬਾਤ ਦੇਖੋ,
ਜਦੋਂ ਜ਼ੋਰ ਦਾ ਜ਼ੁਲਮ ਕਮਾਇਆ ਸੀ ।
ਗੁਰੂ ਤੇਗ ਬਹਾਦੁਰ ਨੂੰ ਕੈਦ ਕਰਕੇ,
ਓਹਨਾਂ ਭੋਰੇ ਦੇ ਵਿਚ ਜਾ ਪਾਇਆ ਸੀ ।
ਦੀਨ ਆਪਣੇ ਵਿਚ ਰਲਾਵਣੇ ਨੂੰ,
ਵਡਾ ਹਿੱਕ ਦਾ ਜ਼ੋਰ ਲਗਾਇਆ ਸੀ ।
ਕਵੀ ਸਿੰਘ ਦੇਖੋ ਸਿਦਕ ਸਤਿਗੁਰਾਂ ਦਾ,
ਧਰਮ ਕਾਰਣੇ ਸੀਸ ਗਵਾਇਆ ਸੀ ॥੧੧॥
ਜਿਨ੍ਹਾਂ ਥਾਵਾਂ ਸੀ ਫੌਜ ਦਾ ਕੱਠ ਯਾਰੋ,
ਓਨ੍ਹਾਂ ਥਾਵਾਂ ਨੂੰ ਹੁਕਮ ਪੁਚਾਇ ਦਿੱਤਾ ।
ਖਤ ਆਪਣੇ ਭੇਜ ਕੇ ਕਾਲਿਆਂ ਨੇ,
ਸਾਰੀ ਫੌਜ ਮੈਂ ਸ਼ੋਰ ਮਚਾਇ ਦਿੱਤਾ ।
ਦਿੱਲੀ ਸ਼ਹਿਰ ਦਾ ਕੋਟ ਹੈ ਪੱਥਰਾਂ ਦਾ,
ਓਥੇ ਜੰਗ ਦਾ ਆਣ ਸਮਿਆਨ ਕੀਤਾ ।

---

੧੨. ਰਾਜਾ ਹਰੀ ਚੰਦ ਸੂਰਜ ਵੰਸ ਦਾ ੨੮ ਵਾਂ ਰਾਜਾ, ਬੜਾ ਨਿਆਈਂ ਅਤੇ ਸੱਤਵਾਦੀ ਸੀ ਤੇ ਇਸ ਨੇ ਬਨਾਰਸ ਵਿਚ ਆਪਣੇ ਪੁਤ੍ਰ ਤੇ ਇਸਤ੍ਰੀ ਨੂੰ ਚੰਡਾਲਾਂ ਪਾਸ ਵੇਚ ਕੇ ਰਿਸ਼ੀ ਵਿਸ਼੍ਵਾ ਮਿਤ੍ਰ ਦਾ ਦਾਨ-ਰਿਣ ਚੁਕਾਇਆ ਸੀ ।

* ਪ੍ਰਸਿੱਧ ਸਿੱਖ ਸ਼ਹੀਦ ਭਾਈ ਤਾਰੂ ਸਿੰਘ ਨੇ ਧਰਮ ਵਾਸਤੇ ਖੋਪਰੀ ਉਤਰਵਾ ਲਈ ਸੀ, ਪਰ ਗੁਰਸਿਖਾਂ ਵਾਲੀ ਅਣਖ ਨੂੰ ਵੱਟਾ ਨਹੀਂ ਸੀ ਲੱਗਣ ਦਿੱਤਾ ।

** ਸ਼ਾਂਤੀ ਦੇ ਗਰਭ ਤੋਂ ਅਥਰਵਾ ਦਾ ਪੁਤ੍ਰ । ਇਸ ਨੇ ਦੈਤਾਂ ਦੇ ਨਾਸ਼ ਲਈ ਦੇਵਤਿਆਂ ਨੂੰ ਧਨੁਖ ਬਨਾਣ ਵਾਸਤੇ ਆਪਣਾ ਸਰੀਰ ਦੇ ਦਿੱਤਾ ।

ਕਵੀ ਸਿੰਘ ਦਿੱਲੀ ਵਿਚ ਕਾਲਿਆਂ ਨੇ,
ਮਾਰ ਗੋਰਿਆਂ ਦਾ ਬੁਰਾ ਹਾਲ ਕੀਤਾ ॥੧੨॥
ਸੂਬੇਦਾਰਾਂ ਨੇ ਆਖਿਆ ਲਾਟ ਤਾਈਂ,
ਜਦੋਂ ਫੇਰ ਮੁਕਾਬਲਾ ਆਣ ਕੀਤਾ ।
"ਓਨ੍ਹਾਂ ਦਿਨਾਂ ਨੂੰ ਤੁਸੀਂ ਬਿਸਾਰ ਬੈਠੇ,
ਜਦੋਂ ਜੰਗ ਲਾਹੌਰ ਦੇ ਨਾਲ ਕੀਤਾ ।
ਫੌਜ ਢੋਇਕੇ ਜੰਗ ਨੂੰ ਕਾਲਿਆਂ ਦੀ,
ਤੁਸਾਂ ਮਾਰ ਪੰਜਾਬ ਨੂੰ ਰੰਜ ਕੀਤਾ ।
ਕਵੀ ਸਿੰਘ ਆਖੇ ਓਨ੍ਹਾਂ ਕਾਲਿਆਂ ਨੂੰ,
ਤੁਸਾਂ ਅੰਤ ਨੂੰ ਏਹੁ ਇਨਾਮ ਦਿੱਤਾ" ॥੧੩॥
"ਅਸਾਂ ਜਿਤਿਆ ਦੇਸ ਪਰੋਜ ਪੁਰ[੧੩] ਦਾ,
ਲੁਧਿਹਾਣੇ ਦੀ ਛਉਣੀ ਪਾਇਕੇ ਜੀ ।
ਸਭੇ ਰਾਜਿਆਂ ਨੇ ਮੁਲਾਕਾਤ ਕੀਤੀ,
ਸਾਥੋਂ ਕਾਲਿਆਂ ਥੋਂ ਖੌਫ ਖਾਇਕੇ ਜੀ ।
ਸਾਡੀ ਫੌਜ ਦੇ ਜ਼ੋਰ ਲਾਹੌਰ ਮਾਰੀ,
ਜੰਗ ਵਿਚ ਮੈਦਾਨ ਮਚਾਇਕੇ ਜੀ ।
ਸਾਰੇ ਦੇਸ ਦੇ ਵਿਚ ਮਾਲੂਮ ਹੋਈ,
ਲਿਆ ਸਿੰਘਾਂ ਤੇ ਰਾਜ ਛੁਡਾਇਕੇ ਜੀ[੧੪] ॥੧੪
ਜੰਬੂ[੧੫] ਵਾਲਿਆਂ ਨੂੰ ਤਦੋਂ ਛਡਿਆ ਸੀ,
ਜਦੋਂ ਆਇ ਮਿਲੇ ਅਗੋਂ ਧਾਇਕੇ ਜੀ ।
ਅਸੀਂ ਮਾਰ ਮੁਲਤਾਨ ਨੂੰ ਰੰਜ ਕੀਤਾ,
ਠਾਣਾ ਵਿਚ ਪਿਸ਼ੌਰ ਬਿਠਾਇਕੇ ਜੀ ।
ਜਿਨ੍ਹਾਂ ਸਿੰਘਾਂ ਦੇ ਜੋਰ ਤੂੰ ਟੱਪਦਾ ਹੈਂ,
ਸਾਥੋਂ ਨੱਠ ਗਏ ਖ਼ੌਫ ਖਾਇਕੇ ਜੀ ।
ਏਹੋ ਜੇਹੀ ਤੂੰ ਫੌਜ ਗਵਾਵਨਾ ਹੈ,
ਹੱਥੀਂ ਆਪਣੀ ਇਲਮ ਸਿਖਾਇਕੇ ਜੀ ॥੧੫॥

---

੧੩. ਫੀਰੋਜ਼ਪੁਰ ।

੧੪. ਸਿੱਖਾਂ ਅਤੇ ਪੂਰਬੀਆਂ ਦੀ ਨਾਚਾਕੀ ਦਾ ਇਹੋ ਕਾਰਣ ਸੀ ਕਿ ਪੂਰਬੀਏ ਲੋਕ ਆਪਣੇ ਆਪ ਨੂੰ ਉੱਚੀ ਕੁੱਲ ਦੇ ਤੇ ਸਿੱਖਾਂ ਨੂੰ ਨੀਚ-ਜਾਤ ਦੇ ਕਹਿਕੇ ਤਾਹਨੇ ਦੇਂਦੇ ਸਨ ਅਤੇ ਦਮਗਜੇ ਮਾਰਦੇ ਸਨ ਕਿ 'ਅਸੀਂ ਕਾਬਲ ਤੇ ਪੰਜਾਬ ਨੂੰ ਫ਼ਤਹ ਕੀਤਾ ਹੈ । ਮੁਕਾਬਲੇ ਉਤੇ ਸਿੱਖ ਉਨ੍ਹਾਂ ਦੀ ਇਹ ਗਲ ਸਹਾਰਦੇ ਨਹੀਂ ਸਨ । (ਹਵਾਲੇ ਲਈ ਦੇਖੋ Keye's Sepoy war in India ii, P. 472) । ੧੫. ਜੰਮੂ ਵਾਲਾ ਰਾਜਾ ਗੁਲਾਬ ਸਿੰਘ ।

ਏਕਾ ਮਈ ਨਾ ਕਿਸੇ ਥੋਂ ਹੋਵਣੀ ਹੈ,
ਅਗੇ ਬਹੁਤ ਗਏ ਜ਼ੋਰ ਲਾਇਕੇ ਜੀ।
ਔਰੰਗਜ਼ੇਬ ਜੇਹੇ ਏਸ ਬਾਤ ਪਿਛੇ,
ਗਏ ਆਪਣਾ ਆਪ ਗਵਾਇਕੇ ਜੀ।
ਬਾਦਸ਼ਾਹਾਂ ਨੇ ਕਦੀ ਨਾ ਮੁਲਖ ਮਾਰੇ,
ਫੌਜ ਆਪਣੀ ਤਾਈਂ ਦੁਖਾਇਕੇ ਜੀ।
ਸਿਰ ਪਈ ਨੂੰ ਜਾਣਦਾ ਸਭ ਕੋਈ,
ਪਿੱਛੋਂ ਕਰਨ ਗੱਲਾਂ ਪਛੋਤਾਇਕੇ ਜੀ ॥੧੬॥
ਦੀਨ ਆਪਣਾ ਤੁਸੀਂ ਬਨਾਵਣਾ ਸੀ,
ਕਾਰਤੂਸ ਸਾਥੋਂ ਕਟਵਾਇਕੇ ਜੀ।
ਏਹੋ ਜਿਹਾ ਨਾ ਕਿਸੇ ਨੇ ਜ਼ੋਰ ਕੀਤਾ,
ਉਤੇ ਏਸ ਜਹਾਨ ਦੇ ਆਇਕੇ ਜੀ।
ਅਸੀਂ ਮਰਾਂਗੇ ਤੇਗ ਦੀ ਤਾਬ ਅਗੇ,
ਜੰਗ ਕਰਾਂਗੇ ਮੋਰਚੇ ਲਾਇਕੇ ਜੀ।
ਅਸੀਂ ਭੱਜਕੇ ਕਿਤੇ ਨਾ ਜਾਵਣਾ ਹੈ,
ਤੈਨੂੰ ਛੱਡਾਂਗੇ ਸਿੰਧ[੧੬] ਟਪਾਇਕੇ ਜੀ ॥੧੭॥
ਅਸੀਂ ਜੀਵਣਾ ਮਨੋਂ ਵਿਸਾਰ ਬੈਠੇ,
ਥੋਡਾ ਛੱਡਾਂਗੇ ਖੋਜ ਮਿਟਾਇਕੇ ਜੀ।"
ਸੂਬੇਦਾਰਾਂ ਨੇ ਬਹੁਤ ਜਵਾਬ ਕੀਤੇ,
ਮਨੋਂ ਮਰਨ ਦਾ ਖੌਫ ਉਠਾਇਕੇ ਜੀ।
ਸਾਰੇ ਦੇਸ਼ ਦੇ ਵਿੱਚ ਮਾਲੂਮ ਹੋਏ,
ਮਰੇ ਦੀਨ ਤੇ ਸੀਸ ਵਿਕਾਇਕੇ ਜੀ।
ਕਵੀ ਸਿੰਘ ਝੇੜਾ ਕਰਿਆ ਕਾਲਿਆਂ ਦਾ,
ਬੀਹਾਂ ਤੁਕਾਂ ਦੀ ਬੈਂਤ ਬਣਾਇਕੇ ਜੀ ॥੧੮॥
ਫੇਰ ਲਾਟ ਨੇ ਆਖਿਆ ਕਾਲਿਆਂ ਨੂੰ,
"ਤੁਸੀਂ ਏਤਨਾ ਜ਼ੋਰ ਕਿਉਂ ਲਾਂਵਦੇ ਹੋ ?
ਹਿੰਦੁਸਤਾਨ ਦੇ ਵਿਚ ਨਾ ਮੇਲ ਹੋਵੇ,[੧੭]
ਜੇਕਰ ਸੱਚ ਦੀ ਬਾਤ ਪੁਛਾਂਵਦੇ ਹੋ।
ਦੇਵੇ ਲੋਭ ਕੋਈ ਹਿੰਦੁਸਤਾਨੀਆਂ ਨੂੰ,
ਥੋੜੀ ਗੱਲ ਪਿਛੋਂ ਛੱਡ ਜਾਂਵਦੇ ਹੋ।

੧੬. ਸਮੁੰਦਰ। ੧੭. ਇਤਫਾਕ ਹੋਵੇ।

ਭੂਤ ਮੰਡਲੀ ਕਦੇ ਨਾ ਜੰਗ ਜਿੱਤੇ,
ਕਵੀ ਸਿੰਘ ਕਿਉਂ ਭਰਮ ਗਵਾਂਵਦੇ ਹੋ" ॥੧੯॥
ਓਥੇ ਲਾਟ ਦੇ ਨਾਲ ਜਵਾਬ ਕਰਕੇ,
ਝੰਡੇ ਦੌੜਕੇ ਦਿੱਲੀ ਦੇ ਵਿਚ ਲਾਏ ।
ਸਾਰੇ ਮੁਲਖ ਤੇ ਫੌਜ ਦੇ ਕੂਚ ਹੋਏ,
ਆਪ ਦਿੱਲੀ ਦੇ ਜੰਗ ਨੂੰ ਉਠ ਧਾਏ ।
ਸਾਲ ਉੱਨੀਸੈ ਚੌਧਵਾਂ ਵਰਤਦਾ ਸੀ,
ਸਾਰੇ ਦੇਸ਼ ਦੇ ਵਿਚ ਫ਼ਤੂਰ ਪਾਏ ।
ਕਵੀ ਸਿੰਘ ਆਖੇ ਏਨ੍ਹਾਂ ਕਾਲਿਆਂ ਨੇ,
ਤੋਪਾਂ ਜੋੜਕੇ ਮੋਰਚੇ ਆਣ ਲਾਏ ॥੨੦॥
ਸਾਰੀ ਫੌਜ ਨੇ ਬੈਠ ਸਲਾਹ ਕਰਕੇ,
ਬਾਦਸ਼ਾਹ[੧੮] ਨੂੰ ਤਖਤ ਬਿਠਾਇਓ ਈ ।
ਬਾਦਸ਼ਾਹਾਂ ਦੇ ਵਖਤ ਦਾ ਹੁਕਮ ਸਾਰਾ,
ਦਿੱਲੀ ਸ਼ਹਿਰ ਦੇ ਵਿਚ ਚਲਾਇਓ ਈ ।
"ਅਸੀਂ ਕਰਾਂਗੇ ਮੁਲਖ ਆਬਾਦ ਤੇਰਾ,
ਬਾਦਸ਼ਾਹ ਨੂੰ ਆਖ ਸੁਣਾਇਓ ਈ ।
ਹੋਣੀ ਹੋਣ ਨਾ ਦੇਈ ਖ਼ਜਾਨ ਸਿੰਘਾ,
ਜੇੜ੍ਹਾ ਕਾਲਿਆਂ ਮਤਾ ਮਤਾਇਓ ਈ ॥੨੧॥
ਸਭੇ ਗੋਰਿਆਂ ਬੈਠ ਸਲਾਹ ਕੀਤੀ,
ਚਾਣਚੱਕ ਫ਼ਤੂਰ ਉਠਾਇਆ ਈ ।
ਹੁਣ ਦੇਰ ਨਾਹੀਂ ਕੁਝ ਸੋਚਣੇ ਦੀ,
ਜੰਗ ਹੋਵਣੇ ਦਾ ਸਮਾਂ ਆਇਆ ਈ ।
ਫੌਜ ਜੰਗ ਨੂੰ ਤੋਰਕੇ ਗੋਰਿਆਂ ਦੀ,
ਮੇਖਜ਼ੀਨ ਪਿੱਛੋਂ ਲਦਵਾਇਆ ਈ ।
ਕਵੀ ਸਿੰਘ ਆਖੇ ਉਨ੍ਹਾਂ ਗੋਰਿਆਂ ਨੇ,
ਦਿੱਲੀ ਜਾਂਦਿਆਂ ਜੰਗ ਮਚਾਇਆ ਈ ॥੨੨॥
ਪੰਜ ਕੋਸ ਦਿੱਲੀ ਛਡ ਕਾਲਿਆਂ ਨੇ,
ਆਣ ਤੋਪਖਾਨੇ ਮੂਹਰੇ ਜੋੜ ਦਿੱਤੇ ।
ਜੰਮੇ ਹੋਏ ਜੋਧੇ ਲੱਥੇ ਗੋਰਿਆਂ ਦੇ,
ਮਾਰ ਗੋਲਿਆਂ ਦੇ ਨਾਲ ਤੋੜ ਦਿੱਤੇ ।

---

੧੮. ਅੰਤਮ ਮੁਗ਼ਲ ਬਾਦਸ਼ਾਹ ਬਹਾਦਰ ਸ਼ਾਹ ।

ਮਾਰੋ ਮਾਰ ਕਰਕੇ ਫੌਜ ਪਈ ਸਾਰੀ,
ਮਾਰ ਸ਼ਸਤ੍ਰੀ ਤੋੜ ਵਿਛੋੜ ਦਿੱਤੇ।
ਕਵੀ ਸਿੰਘ ਆਖੇ ਏਨ੍ਹਾਂ ਗੋਰਿਆਂ ਦੇ,
ਮਾਰ ਕਾਲਿਆਂ ਨੇ ਮੁਖ ਮੋੜ ਦਿੱਤੇ ॥੨੩॥
ਫੌਜ ਘੇਰਕੇ ਲਾਟ ਨੇ ਗੋਰਿਆਂ ਦੀ,
ਮੁੜ ਫੇਰ ਮੁਕਾਬਲੇ ਆਣ ਕੀਤੇ।
ਕਰੇ ਸਿਫ਼ਤ ਕੋਈ ਫੇਰ ਜਾਂਦਿਆਂ ਦੀ,
ਜਾਣੋ ਇਕ ਸੂਈ ਨਾਲ ਆਣ ਸੀਤੇ।
ਜਾਨ ਆਪਣੀ ਹੋਮਕੇ ਗੋਰਿਆਂ ਨੇ।
ਪਿਆਲੇ ਪੂਰ ਬਰਾਂਡੀਆਂ ਨਾਲ ਪੀਤੇ।
ਮਰਨਾ ਮਨੋ ਬਿਸਾਰ ਖ਼ਜ਼ਾਨ ਸਿੰਘਾ,
ਕਿਰਚਾਂ ਨੰਗੀਆਂ ਦੇ ਹੱਥ ਆਣ ਕੀਤੇ ॥੨੪॥
ਓਸ ਵਖਤ ਦੀ ਸਿਫ਼ਤ ਕੀ ਕਰੇ ਕੋਈ,
ਜੇੜ੍ਹੀ ਤੇਗ਼ ਚਲੀ ਵਿਚ ਜੰਗ ਦੇ ਜੀ।
ਦੋਹਾਂ ਤਰਫਾਂ ਤੇ ਤੇਗ਼ ਦੀ ਮਾਰ ਹੋਈ,
ਪਰੇ ਟੂਕ ਨਿਆਰੇ ਨਿਆਰੇ ਅੰਗ ਦੇ ਜੀ।
ਏਹੋ ਜਿਹਾ ਭੈਦਾਇਕੀ ਜੰਗ ਹੋਇਆ,
ਮਰ ਜਾਵਣੇ ਥੋਂ ਨਹੀਂ ਸੰਗਦੇ ਜੀ।
ਪਰੇ ਸੂਰਮੇ ਖੇਤ ਖ਼ਜਾਨ ਸਿੰਘਾ,
ਮਾਨੋ ਘੋਲ ਪੀਤੇ ਗੋਲੇ ਭੰਗ ਦੇ ਜੀ ॥੨੫॥
ਦੋਹਾਂ ਧਿਰਾਂ ਤੇ ਫੌਜ ਦਾ ਜੰਗ ਹੋਇਆ,
'ਮਾਰੋ ਮਾਰ' ਦਾ ਸ਼ਬਦ ਪੁਕਾਰ ਕੇ ਜੀ।
ਘਰ ਜੰਬੁਕਾਂ[੧੯] ਦੇ ਵੱਡੀ ਖ਼ੁਸ਼ੀ ਹੋਈ,
ਮਾਸ ਖਾਣ ਓਥੇ ਕਿਲਕਾਰ ਕੇ ਜੀ।
ਛੁਟੀ ਜੋਗਣੀ ਗਿੱਝ ਆਕਾਸ ਵਿਚੋਂ,
ਚਲੇ ਝੰਡੀੜਾ[੨੦] ਭੂਤ ਖਿਲਾਰ ਕੇ ਜੀ।
ਭਾਵੀ ਕਰੇ ਸੋ ਹੋਇ ਖ਼ਜਾਨ ਸਿੰਘਾ,
ਓਥੇ ਨੱਠ ਗਏ ਕਾਲੇ ਹਾਰ ਕੇ ਜੀ ॥੨੬॥
ਛੱਡ ਮੋਰਚੇ ਦਿੱਲੀ ਦੇ ਵਿਚ ਆਏ,
ਜਦੋਂ ਆਣ ਮਦਾਨ ਦੀ ਤੋਪ ਚੱਲੀ।

---

੧੯. ਗਿੱਦੜਾਂ ਦੇ। ੨੦. ਝੰਡ, ਕੇਸ। 'ਝਾਡੀਆਂ' ਪਾਠ ਵੀ ਹੈ।

ਮਾਰੋ ਮਾਰ ਕਰਕੇ ਜਦੋਂ ਪਏ ਗੋਰੇ,
ਓਸ ਵਖਤ ਨ ਕਿਸੇ ਨੇ ਝਾਲ ਝੱਲੀ ।
ਜਿਥੇ ਮੋਰਚੇ ਥੇ ਦਿੱਲੀ ਵਾਲਿਆਂ ਦੇ,
ਓਥੇ ਗੋਰਿਆਂ ਦੀ ਝੰਡੀ ਆਣ ਹੱਲੀ ।
ਕਵੀ ਸਿੰਘ ਦੇ ਕੇ ਜ਼ੋਰ ਗੋਰਿਆਂ ਨੇ,
ਲੁੱਟ ਸਬਜ਼ ਮੰਡੀ, ਠੋਰ੍ਹੀ ਆਣ ਮੱਲੀ ॥੨੭॥
ਦੋਹਾਂ ਧਿਰਾਂ ਦੇ ਮੋਰਚੇ ਫੇਰ ਲੱਗੇ,
ਦਿਨੇ ਰਾਤ ਪਈ ਤੋਪ ਕੜਕਦੀ ਹੈ ।
ਕੈਈ ਸੂਰਮੇ ਮਰਨ ਮੈਦਾਨ ਹੋ ਕੇ,
ਛਾਤੀ ਕਾਇਰਾਂ ਦੀ ਦੇਖ ਧੜਕਦੀ ਹੈ ।
ਚੱਲੇ ਗਿਰਝ ਅਕਾਸ ਨੂੰ ਮਾਸ ਲੈ ਕੇ,
ਜਾੜ[21] ਜੰਬਕਾਂ ਦੀ ਨਿਤ ਜੜਕਦੀ ਹੈ ।
ਕਵੀ ਸਿੰਘ ਆਖੇ ਤੋਪ ਬੁਰਜ ਵਾਲੀ,
ਸਾਰੀ ਫੌਜ ਦੀ ਹਿੱਕ ਵਿਚ ਰੜਕਦੀ ਹੈ ॥੨੮॥
ਦਿੱਲੀ ਵਾਲਿਆਂ ਨੇ ਬਹੁਤ ਜ਼ੋਰ ਲਾਇਆ,
ਦਿਨੇ ਰਾਤ ਅਰਾਮ ਨਾ ਪਾਂਵਦੇ ਜੀ ।
ਮੇਖਜ਼ੀਨ ਜੇੜ੍ਹਾ ਦਿੱਲੀ ਗੋਰਿਆਂ ਦਾ,
ਵਾਂਗੂੰ ਬੱਦਲੀ ਦੇ ਬਰਸਾਂਵਦੇ ਜੀ ।
ਅੰਗ ਸਾਕ ਕੋਲੋਂ ਮੁੱਖ ਮੋੜ ਬੈਠੇ,
ਛੱਡ ਮੋਰਚੇ ਕਦੀ ਨਾ ਜਾਂਵਦੇ ਜੀ ।
ਕਵੀ ਸਿੰਘ ਆਖੇ ਐਡੇ ਧਰਮ ਵਾਲੇ,
ਏਸ ਹੋਣੀ ਦੇ ਮਨ ਨਾ ਭਾਂਵਦੇ ਜੀ ॥੨੯॥
ਜਦੋਂ ਐਡ ਭਾਰੀ ਜੰਗ ਹੋਣ ਲੱਗਾ,
ਗੱਲਾਂ ਵਿਚ ਜਹਾਨ ਦੇ ਚਲੀਆਂ ਜੀ ।
ਸਾਹਬ ਲੋਕਾਂ ਨੇ ਬੈਠ ਸਲਾਹ ਕਰਕੇ,
ਲਿਖ ਚਿੱਠੀਆਂ ਰਾਜਿਆਂ ਘੱਲੀਆਂ ਜੀ ।
ਪਿੱਛੇ ਮੁਲਖ ਦੇ ਵਿਚ ਨਾ ਸ਼ੋਰ ਹੋਵੇ,
ਫੌਜਾਂ ਸਾਡੀਆਂ ਜੰਗ ਨੂੰ ਚੱਲੀਆਂ ਜੀ ।
ਕਵੀ ਸਿੰਘ ਆਖੇ ਓਨ੍ਹਾਂ ਰਾਜਿਆਂ ਨੇ,
ਜਾਗਾ ਆਣ ਥਾਉਂ ਥਾਈਂ ਮੱਲੀਆਂ ਜੀ ॥੩੦॥
ਸਾਲ ਚੌਦਵੇਂ[22] ਜੇਠ ਦੀ ਪੰਚਮੀ ਨੂੰ,

---

੨੧. ਦਾੜ੍ਹ । ੨੨. ਸੰਮਤ ੧੯੧੪ ਬਿ: (ਮੁਤਾਬਕ ਸੰਨ ੧੮੫੭ ਈ:) ।

ਖ਼ਤ ਵਿੱਚ ਪਟਿਆਲੇ ਦੇ ਆਇਆ ਸੀ ।
ਹੁਕਮ ਡੇਰਿਆਂ ਵਿਚ ਮਾਲੂਮ ਹੋਇਆ,
ਮੇਖਜ਼ੀਨ ਸਾਰੇ ਵਰਤਾਇਆ ਸੀ ।
ਮਹਾਰਾਜ ਨਰਿੰਦ੍ਰ ਸਿੰਘ ਕੂਚ ਕਰਕੇ,
ਡੇਰਾ ਆਣ ਥਨੇਸਰੀ ਪਾਇਆ ਸੀ ।
ਕਵੀ ਸਿੰਘ ਸਾਰੀ ਫ਼ੌਜ ਸਾਥ ਲੈ ਕੇ,
ਥਾਉਂ ਥਾਈ ਦਾ ਸ਼ੋਰ ਹਟਾਇਆ ਸੀ ॥੩੧॥
ਮਹਾਰਾਜ ਦਾ ਸੀ ਵੱਡਾ ਤੇਜ ਯਾਰੋ,
ਫੇਰ ਕਿਸੇ ਨਾ ਸ਼ੋਰ ਮਚਾਇਓ ਈ ।
ਤਿੰਨ ਰਾਤ ਦਾ ਆਪ ਮੁਕਾਮ ਕਰਕੇ,
ਕੌਰ ਦੀਪ ਸਿੰਘ[੨੩] ਨੂੰ ਸਦਾਇਓ ਈ ।
ਸਾਰੀ ਫੌਜ ਨੂੰ ਓਸ ਦੇ ਪੇਸ਼ ਕੀਤਾ,
ਫੇਰ ਆਪਣੇ ਸ਼ਹਿਰ ਨੂੰ ਆਇਓ ਈ ।
ਕਵੀ ਸਿੰਘ ਪਿੱਛੋਂ ਪਰਵਸਤ[੨੪] ਕੀਤੀ,
ਮੇਖਜ਼ੀਨ ਤੇ ਖ਼ਰਚ ਪੁਚਾਇਓ ਈ ॥੩੨॥
ਅਹਿਲਕਾਰਾਂ ਨੂੰ ਸੱਦ ਕੇ ਹੁਕਮ ਦਿੱਤਾ,
ਮੇਰੇ ਨੌਕਰਾਂ ਦੀ ਕਲਮ ਜਾਰ ਹੋਈ[੨੫] ।
ਰੱਖੇ ਰਜਮਣਾਂ[੨੬] ਤੇ ਭਰੇ ਬਹੁਤ ਡੇਰੇ,
ਸਾਰੇ ਸ਼ਹਿਰ ਦੇ ਵਿਚ ਗੁਲਜ਼ਾਰ ਹੋਈ ।
ਕਾਰਖਾਨਿਆਂ ਦਾ ਕੰਮ ਸ਼ੁਰੂ ਹੋਇਆ,
ਓਥੇ ਖ਼ਲਕ ਕੱਠੀ ਬੇਸ਼ੁਮਾਰ ਹੋਈ ।
ਕਵੀ ਸਿੰਘ ਦੇਖੋ ਤੇਜ ਰਾਜਿਆਂ ਦਾ,
ਫੌਜ ਦਿਨਾਂ ਦੇ ਵਿਚ ਤਿਆਰ ਹੋਈ ॥੩੩॥
ਮੁੰਡੇ ਮਾਪਿਆ ਦੇ ਪਾਸ ਕਰਨ ਗੱਲਾਂ,
"ਅਸੀਂ ਨੌਕਰੀ ਜਾਇ ਬਣਾਵਣੀ ਹੈ ।
ਅਸੀਂ ਬੇਚਕੇ ਮਾਲ ਲਵੇਰੀਆਂ ਦਾ,
ਘੋੜੀ ਜਾਇ ਖ਼ਰੀਦ ਲਿਆਵਣੀ ਹੈ ।

---

੨੩. ਕੌਰ ਦੀਪ ਸਿੰਘ ਮਹਾਰਾਜਾ ਨਰਿੰਦ੍ਰ ਸਿੰਘ ਪਟਿਆਲੇ ਵਾਲੇ ਦਾ ਛੋਟਾ ਭਾਈ ਸੀ । ਸੰਨ ੧੮੬੨ ਵਿਚ, ਜਦ ਇਹ ੩੫ ਵਰਿਆਂ ਦਾ ਸੀ ਤਾਂ, ਇਸ ਦਾ ਦੇਹਾਂਤ ਹੋਇਆ। (ਦੇਖੋ, ਗੁਰ ਸ਼ਬਦ ਰਤਨਾਕਰ ਮਹਾਨ ਕੋਸ਼, ਸਫ਼ਾ ੧੯੦੯)

੨੪. ਪਰਵਰਿਸ਼ । ੨੫. ਅਰਥਾਤ-ਭਰਤੀ ਫ਼ੌਜ ਦੀ ਸ਼ੁਰੂ ਹੋ ਗਈ ।

੨੬. ਰਜਮਟਾਂ Regiments .

ਦੁੱਧ ਪੀਵਣੇ ਦਾ ਕੋਈ ਚਾਉ ਨਹੀਂ,
ਅਸੀਂ ਪੰਦਰਾਂ ਦੀ ਤਲਬ ਪਾਵਣੀ ਹੈ ।
ਕਵੀ ਸਿੰਘ ਆਖੇ ਹੁਣ ਦੇਰ ਕੇਹੀ,
ਸਮੇਂ ਫੇਰ ਨਾਹੀਂ ਹੱਥ ਆਵਣੀ ਹੈ ॥੩੪॥
ਜਿਨ੍ਹਾਂ ਸ਼ਸਤ੍ਰਾਂ ਨੂੰ ਖਲੀਂ ਸੁੱਟਦੇ ਸੇ,
ਓਨ੍ਹਾਂ ਸ਼ਸਤ੍ਰਾਂ ਦੀ ਬਣੀ ਚਾਹ ਯਾਰੋ ।
ਜਿਨ੍ਹਾਂ ਜੰਮਕੇ ਕਦੇ ਨਾ ਸ਼ਹਿਰ ਡਿਠਾ,
ਸੋ ਭੀ ਪਏ ਪਟਿਆਲੇ ਦੇ ਰਾਹ ਯਾਰੋ ।
ਨਹੀਂ ਓਸਦੇ ਗੁਣਾਂ ਦਾ ਅੰਤ ਕੋਈ,
ਕਰਨਹਾਰ ਜੋ ਬੇ-ਪਰਵਾਹ ਯਾਰੋ ।
ਕਵੀ ਸਿੰਘ ਆਖੇ ਉਸ ਦੀ ਉਹੀ ਜਾਣੇ,
ਸਾਰੀ ਖ਼ਲਕ ਦਾ ਜੋ ਪਾਤਸ਼ਾਹ ਯਾਰੋ ॥੩੫॥
ਚੱਲੇ ਤਾਣੀਆਂ ਛੋਡ ਕਬੀਰ ਬੰਸੀ,[੨੭]
ਤੇਲੀ ਤੇਲ ਦਾ ਪੀੜਨਾ ਦੂਰ ਕੀਤਾ ।
ਨਾਈ ਗੁੱਛੀਆਂ ਸੌਂਪ ਕੇ ਘਰਦਿਆਂ ਨੂੰ,
ਜਾਣਾ ਨੌਕਰੀ ਦਾ ਮਨਜ਼ੂਰ ਕੀਤਾ ।
ਪੀਂਜੇ ਪਿੰਜਣਾ ਗਿਆ ਬਿਲੱਗ ਉਤੇ,
ਕਹਿਣ ਮਾਰ ਤਾੜੇ ਸਾਨੂੰ ਚੂਰ ਕੀਤਾ ।
ਕਵੀ ਸਿੰਘ ਛੱਡੇ ਕੰਮ ਦਰਜ਼ੀਆਂ ਨੇ,
ਦਿਲ ਆਪਣੇ ਜਦੋਂ ਸ਼ਹੂਰ ਕੀਤਾ ॥੩੬॥
ਕਾਰਖ਼ਾਨਿਆਂ ਦਾ ਕੰਮ ਸ਼ੁਰੂ ਹੋਇਆ,
ਦਿਨੇ ਰਾਤ ਪਿਆ ਸਾਰ ਘੜੀਂਦਾ ਹੈ ।
ਕਿਤੇ ਸਿਕਲ ਸ਼ਮਸ਼ੇਰ ਤੇ ਸੇਲ ਹੋਵੇ,
ਕਿਤੇ ਤੋੜ ਦਾਨ ਨਵਾਂ ਜੜੀਂਦਾ ਹੈ ।
ਸਾਰੇ ਮੁਲਖ ਦੇ ਵਿਚ ਮਾਲੂਮ ਹੋਈ,
ਗੱਡਾ, ਊਠ, ਖੋਤਾ ਸੱਭੋ ਫੜੀਂਦਾ ਹੈ ।
ਕਵੀ ਸਿੰਘ ਆਖੇ ਦਿੱਲੀ ਗੋਰਿਆਂ ਦਾ,
ਵਾਂਗੂ ਤੂੰਬਿਆਂ ਦੇ ਸੀਸ ਝੜੀਂਦਾ ਹੈ ॥੩੭॥
ਮਹਾਰਾਜ ਨਰਿੰਦ੍ਰ ਸਿੰਘ ਆਪ ਚੜ੍ਹਕੇ,
ਕਿਲੇ ਕੋਟ ਦੀ ਤਰਫ਼ ਨਿਗਾਹ ਲਾਈ ।

---

੨੭. ਜੁਲਾਹੇ ।

ਸਾਰੇ ਸ਼ਹਿਰ ਦਾ ਕੋਟ ਪਰਵਸਤ ਹੋਵੇ,
ਬਿਨਾ ਤਖ਼ਤ ਤੇ ਤੋਪ ਨਾ ਰਹੇ ਕਾਈ।
ਮਹਾਰਾਜ ਦੇ ਹੁਕਮ ਦੇ ਨਾਲ ਯਾਰੋ,
ਤੋਪ ਕੜੇ ਖਾਂ[੨੮] ਕਿਲੇ ਦੇ ਵਿਚ ਆਈ।
ਸੰਮਣ ਬੁਰਜ ਤੇ ਚਾੜ੍ਹ ਖਜਾਨ ਸਿੰਘਾ,
ਰਾਮ ਬਾਣ[੨੯] ਪਹਾੜ ਦੀ ਤਰਫ਼ ਲਾਈ ॥੩੮॥
ਜੋੜੇ ਤੋਪਖ਼ਾਨੇ ਓਨ੍ਹਾਂ ਬੁਰਜੀਆਂ ਤੇ,
ਪਾਣੀ ਨਾਲ ਦਿੱਤੀ ਉਸ ਦੀ ਪੂਰ ਖਾਈ।
ਉਤੇ ਕੋਟ[੩੦] ਦੇ ਫ਼ੌਜ ਉਤਾਰ ਛੱਡੀ,
ਮੇਖਜ਼ੀਨ ਬੇਅੰਤ, ਨਾ ਅੰਤ ਕਾਈ।
ਕਈ ਬਰਸ ਦਾ ਕਠਾ ਗੁਦਾਮ ਕੀਤਾ,
ਹੋਰ ਜਿਨਸ ਲਦੀ ਬੇ-ਸ਼ੁਮਾਰ ਆਈ।
ਜੇੜ੍ਹੀ ਰੱਬ ਨੇ ਬਣਤ ਬਣਾਵਣੀ ਹੈ,
ਕਵੀ ਸਿੰਘ ਨਾ ਓਸ ਦੀ ਖ਼ਬਰ ਕਾਈ ॥੩੯॥
ਵਿਚ ਘਰਾਂ ਦੇ ਬੈਠ ਸਲਾਹ ਕਰਕੇ,
ਸਭੇ ਰਾਜਿਆਂ ਜੋਰ ਲਗਾਇਆ ਈ।
ਕਿਲੇ ਕੋਟ ਤੇ ਫ਼ੌਜ ਤਿਆਰ ਕਰਕੇ,
ਸਮਾਂ ਜੰਗ ਦਾ ਚੁੱਕ ਬਣਾਇਆ ਈ।
ਹੋਈ ਚਾਹ ਵਕੀਲ ਹਲਕਾਰਿਆਂ ਦੀ,
ਰੰਗ ਰਾਗ ਨੂੰ ਮਨੋਂ ਭੁਲਾਇਆ ਈ।
ਕਵੀ ਸਿੰਘ ਆਖੇ ਉਸ ਦੀ ਉਹੀ ਜਾਣੇ,
ਸਾਹਿਬ ਸੱਚੇ ਦਾ ਅੰਤ ਨਾ ਪਾਇਆ ਈ ॥੪੦॥
ਏਹੋ ਜੇਹਾ ਬਿਆਨ ਸੀ ਰਾਜਿਆਂ ਦਾ,
ਕੁਛ ਖ਼ਲਕ ਦਾ ਬਿਆਨ ਬਣਾਇਆ ਮੈਂ।
ਚਾਰ ਯਾਰੀਆਂ ਦੇ ਵਿਚ ਹੋਣ ਗੱਲਾਂ,
ਅੱਜ ਬਾਤ ਨਵੀਂ ਸੁਣ ਆਇਆ ਮੈਂ।
ਮਾਰ ਠੇਰ੍ਹੀਓਂ ਕਢਿਆ ਗੋਰਿਆਂ ਨੂੰ,
ਕਦੇ ਝੂਠ ਕਲਾਮ ਨਾ ਗਾਇਆ ਮੈਂ।"

---

੨੮. ਪਟਿਆਲੇ ਦੀ ਮਸ਼ਹੂਰ ਤੋਪ। ੨੯. 'ਰਾਮਬਾਣ' ਤੋਪ ਪਟਿਆਲੇ ਵਿਚ ਪ੍ਰਸਿੱਧ ਹੈ। ਤੋਪ ਰਾਮਬਾਣ ਅਤੇ ਕੜੇ ਖ਼ਾਂ-ਦੋਵੇਂ ਕਿਲਾ ਮੁਬਾਰਕ (ਪਟਿਆਲਾ) ਵਿਚ ਰੱਖੀਆਂ ਹੋਈਆਂ ਹਨ। ੩੦. ਕਿਲ੍ਹੇ ਉੱਤੇ।

ਕਵੀ ਸਿੰਘ ਨਾ ਝੂਠ ਦੀ ਬਾਤ ਆਖੇ,
ਪੰਜ ਸੱਤ ਜਾਗਾ ਪ੍ਰਤਿਆਇਆ ਮੈਂ ॥੪੧॥
ਦੇਖੋ ਜੰਗ ਹੋਵੇ ਦਿੱਲੀ ਵਿਚ ਯਾਰੋ,
ਪੱਖ ਵਾਦੀਆਂ ਦੀ ਹਿੱਕ ਜਰਕਦੀ ਹੈ।
ਨਹੀਂ ਆਖਦਾ ਸੱਚ ਦੀ ਬਾਤ ਕੋਈ,
ਝੂਟ ਬੋਲਣੇ ਨੂੰ ਜ਼ਬਾਂ ਫਰਕਦੀ ਹੈ।
ਓਥੇ ਜਾਵਣੇ ਦੀ ਸਮਰਥ ਨਹੀਂ,
ਦਿਨੇ ਰਾਤ ਜਿੱਥੇ ਤੋਪ ਘਰਕਦੀ ਹੈ।
ਕਵੀ ਸਿੰਘ ਆਖੇ ਓਨ੍ਹਾਂ ਗੋਰਿਆਂ ਦੀ,
ਇਕ ਕਦਮ ਪਿਛਾਂਹ ਨਾ ਸਰਕਦੀ ਹੈ ॥੪੨॥
ਮੁਸਲਮਾਨ ਦਿੱਲੀ ਵਿਚ ਕਰਨ ਗੱਲਾਂ,
ਬਾਦਸ਼ਾਹ ਦੀ ਫ਼ੌਜ ਦੀ ਧਾਵਣੀ ਹੈ।
ਜੁਮੇ ਰੋਜ਼ ਨੂੰ ਫ਼ੌਜ ਨੇ ਕੂਚ ਕਰਨਾ,
ਲੁਦੇਹਾਣੇ ਮੈਂ ਈਦ ਮਨਾਵਣੀ ਹੈ।
ਕਾਬਲ ਵਾਲਿਆਂ ਦੇ ਨਾਲ ਨੇਮ ਕਰਕੇ,
ਹੱਦ ਵਿਚ ਪਿਸ਼ੌਰ ਠਹਿਰਾਵਣੀ ਹੈ।
ਕਵੀ ਸਿੰਘ ਆਖੇ ਉਹ ਦੀ ਖ਼ਬਰ ਨਾਹੀਂ,
ਜੇੜ੍ਹੀ ਰੱਬ ਨੇ ਬਣਤ ਬਣਾਵਣੀ ਹੈ ॥੪੩॥
ਬਾਦਸ਼ਾਹ ਦੀ ਫੌਜ ਦੇ ਜ਼ੋਰ ਯਾਰੋ,
ਬਾਂਗਰ ਦੇਸ਼ ਨੇ ਦੂੰਦ ਉਠਾਇਓ ਈ।
ਬੱਲੇ[31] ਵਰਗਿਆਂ ਪਿੰਡਾਂ ਨੇ ਜ਼ੋਰ ਦੇ ਕੇ,
ਪੈਸਾ ਮਾਮਲੇ ਦਾ ਅਟਕਾਇਓ ਈ।
ਸਾਰੇ ਤੱਲਕੇ ਨਾਲ ਸਲਾਹ ਕਰਕੇ,
ਸਾਮਾ ਜੰਗ ਦਾ ਚੁੱਕ ਬਣਾਇਓ ਈ।
ਕਵੀ ਸਿੰਘ ਆਖੇ ਓਨ੍ਹਾਂ ਮੂਰਖਾਂ ਨੂੰ,
ਹੋਣੀ ਮਾਰ ਕੇ ਅਕਲ ਭੁਲਾਇਓ ਈ ॥੪੪॥
ਮਹਾਰਾਜ ਦੀ ਕੰਪਨੀ ਤੋਪ ਲੈ ਕੇ,
ਬੱਲਾ ਮਾਰਨੇ ਨੂੰ ਗੋਰਾ ਤਿਆਰ ਹੋਇਆ।
ਸਾਥ ਆਪਣਾ ਇਕ ਰਸਾਲਾ ਲੈ ਕੇ,
ਬੱਲੇ ਪਿੰਡ ਦੇ ਜਾਇ ਨਜ਼ੀਕ ਢੋਇਆ।

---

੩੧. ਬਾਂਗਰ ਦੇ ਇਲਾਕੇ ਦਾ ਇਕ ਪਿੰਡ।

ਦੂਰਬੀਨ ਦੇ ਨਾਲ ਸ਼ੁਮਾਰ ਕੀਤਾ,
ਕੱਠਾ ਆਣ ਓਥੇ ਬੇਸ਼ੁਮਾਰ ਹੋਇਆ ।
ਢੋਲ ਬੱਜਦੇ ਤੇ ਪਵੇ ਕੂਕ ਰੌਲੀ,
ਕਵੀ ਸਿੰਘ ਗੋਰਾ ਖਬਰਦਾਰ ਹੋਇਆ ॥੪੫॥
ਮਾਰੋ ਮਾਰ ਕਰਕੇ ਪਿੰਡ ਤਿਆਰ ਹੋਇਆ,
ਹੱਥੀਂ ਸੇਲ[32] ਲੈ ਕੇ ਜੰਗ ਕਰਨ ਚੱਲੇ ।
ਸਾਥ ਤੋਪ ਤੇ ਕੰਪਨੀ ਨਜ਼ਰ ਆਈ,
ਇਕੋ ਵਾਰ ਕੀਤੇ ਆਮ ਆਣ ਹੱਲੇ ।
ਮੋੜਾ ਖਾਇ ਕੇ ਪਿੰਡ ਨੂੰ ਫੇਰ ਆਏ,
ਜਦੋਂ ਸਾਮ੍ਹਣੇ ਤੇ ਕੜਕ ਤੋਪ ਚੱਲੇ ।
ਕਵੀ ਸਿੰਘ ਰਸਾਲੇ ਨੇ ਘੇਰ ਕੇ ਤੇ,
ਓਸੇ ਤੋਪ ਦੀ ਤਰਫ਼ ਨੂੰ ਫੇਰ ਘੱਲੇ ॥੪੬॥
ਜੇੜ੍ਹਾ ਕੱਠ ਕੀਤਾ ਭੂਤ ਮੰਡਲੀ ਨੇ,
ਇਕੋ ਤੋਪ ਦੇ ਨਾਲ ਉਡਾਇ ਦਿੱਤਾ ।
ਫੇਰ ਦਾਬ ਦੇ ਕੇ ਸ਼ਮਸ਼ੇਰ ਦੀ ਜੀ,
ਇੱਕ ਇੱਕ ਨੂੰ ਮਾਰ ਖਿੰਡਾਇ ਦਿੱਤਾ ।
ਜਿਨ੍ਹਾਂ ਥਾਵਾਂ ਤੇ ਆਣ ਕੇ ਕੱਠ ਹੋਇਆ,
ਉਨ੍ਹਾਂ ਥਾਵਾਂ ਨੂੰ ਮਾਰ ਉਡਾਇ ਦਿੱਤਾ ।
ਕਵੀ ਸਿੰਘ ਦੇ ਕੇ ਜ਼ੋਰ ਗੋਰਿਆਂ ਨੇ,
ਬੱਲੇ ਪਿੰਡ ਨੂੰ ਫੌਜ ਨੇ ਲੁੱਟ ਲਿੱਤਾ ॥੪੭॥
ਪਿੰਡ ਮਾਰੇ ਦੀ ਖ਼ਬਰ ਚੌਤਰਫ ਹੋਈ,
ਫੇਰ ਕਿਸੇ ਨਾ ਸ਼ੋਰ ਮਚਾਇਆ ਈ ।
ਸਿੰਧੂ[33] ਵਰਗਿਆਂ ਪਿੰਡਾਂ ਨੂੰ ਲੁੱਟ ਕੇ ਤੇ,
ਖ਼ਾਕ ਸਾਹ ਦੇ ਵਿਚ ਰੁਲਾਇਆ ਈ ।
ਸਾਰੇ ਮੁਲਖ ਦੇ ਵਿਚ ਤਸੀਲ ਕੀਤੀ,
ਕਰ ਬਾਣੀਆਂ ਦੇ ਸਿਰ ਪਾਇਆ ਈ ।
ਸਾਰੇ ਦੇਸ ਨੂੰ ਲੁੱਟ ਖ਼ਜ਼ਾਨ ਸਿੰਘਾ,
ਜ਼ੋਰ ਫ਼ੌਜ ਦੇ ਪੈਰ ਟਿਕਾਇਆ ਈ ॥੪੮॥
ਏਹੋ ਜੇਹਾ ਬਿਆਨ ਤਾਂ ਖ਼ਲਕ ਦਾ ਸੀ,

---

੩੨. ਸੇਲੇ, ਨੇਜੇ । ੩੩. ਕਰ ਸਿੰਧੂ–ਇਹ ਪਿੰਡ ਰਿਆਸਤ ਜੀਂਦ ਤਹਿਸੀਲ ਸਫ਼ੀਦੋਂ ਵਿਚ ਪਾਣੀਪਤ ਤੋਂ ੧੫ ਮੀਲ ਦੇ ਫਾਸਲੇ 'ਤੇ ਹੈ ।

ਅੱਗੇ ਹੋਰ ਬਿਆਨ ਸੁਣਾਵਸਾਂ ਮੈਂ ।
ਜਿਨ੍ਹਾਂ ਥਾਵਾਂ ਦੇ ਵਿਚ ਖਰੂਦ ਹੋਇਆ,
ਉਨ੍ਹਾਂ ਥਾਵਾਂ ਦਾ ਨਾਉਂ ਬਤਾਵਸਾਂ ਮੈਂ ।
ਥੋੜੀ ਬਾਤ ਕਰਕੇ ਮੈਂ ਤਾਂ ਬਰਨ ਕੀਤਾ,[੩੪]
ਸਾਰੇ ਸ਼ੋਰ ਦਾ ਅੰਤ ਨਾ ਪਾਵਸਾਂ ਮੈਂ ।
ਕਵੀ ਸਿੰਘ ਸੋਚੇ ਦਿਲ ਆਪਣੇ ਨੂੰ,
ਕਹਾਂ ਤੀਕ ਖ਼ਿਆਲ ਬਣਾਵਸਾਂ ਮੈਂ ॥੪੯॥
ਅੱਵਲ ਸ਼ੋਰ ਅੰਬਾਲਿਓਂ ਸ਼ੁਰੂ ਹੋਇਆ,
ਸੋ ਮੈਂ ਪਹਿਲੇ ਹੀ ਆਖ ਸੁਣਾਇਆ ਸੀ ।
ਫੇਰ ਜਾਇ ਪਰੋਜ ਪੁਰ ਖਬਰ ਹੋਈ,
ਓਥੇ ਗੋਰਿਆਂ ਧੋਹ[੩੫] ਕਮਾਇਆ ਸੀ ।
ਬੇੜਾ ਸੱਦ ਕੇ ਤਲਬ ਨੂੰ ਕਾਲਿਆਂ ਦਾ,
ਮਾਰ ਗੋਲਿਆਂ ਨਾਲ ਉਡਾਇਆ ਸੀ ।
ਕਵੀ ਸਿੰਘ ਆਖੇ ਉਨ੍ਹਾਂ ਗੋਰਿਆਂ ਨੇ,
ਥੋੜੇ ਸ਼ੋਰ ਤੇ ਬਹੁਤ ਵਧਾਇਆ ਸੀ ॥੫੦॥
ਜਦੋਂ ਬਾੜ ਝੜੀ ਏਨ੍ਹਾਂ ਕਾਲਿਆਂ ਨੂੰ,
ਸਣੇ ਸ਼ਸਤ੍ਰੀ ਸ਼ਹਿਰ ਤੋਂ ਨੱਠ ਚੱਲੇ ।
ਮੁੜ ਕਿਸੇ ਦੇ ਨਾਲ ਨਾ ਗੱਲ ਕੀਤੀ,
ਕੋਈ ਆਪਣੀ ਚੀਜ਼ ਨਾ ਲਈ ਪੱਲੇ ।
ਮਹਾਰਾਜ[੩੬] ਨੇ ਓਨ੍ਹਾਂ ਦੇ ਘੇਰਨੇ ਨੂੰ,
ਸਾਥ ਫੌਜ ਦੇ ਕੇ ਸਰਦਾਰ ਘੱਲੇ ।
ਕਵੀ ਸਿੰਘ ਕਾਲੇ ਵੱਡੇ ਸੂਰਮੇ ਸੇ,
ਵਖਤ ਪਏ ਤੇ ਨਾ ਕੋਈ ਪੇਸ਼ ਚੱਲੇ ॥੫੧॥
ਸੱਭੇ ਰਾਜਿਆਂ ਫ਼ੌਜ ਦਾ ਜ਼ੋਰ ਕੀਤਾ,
ਮਾਤਾ ਦੀਨ ਦੀ ਫੌਜ ਲਾਚਾਰ ਹੋਈ ।[੩੭]
ਕੇੜ੍ਹੇ ਦੇਸ ਨੱਠ ਕੇ, ਜਾਣ ਕਾਲੇ,
ਅੱਗੇ ਗਿਆ ਨੂੰ ਓਟਦਾ ਨਾਹਿ ਕੋਈ ।
ਬੀਕਾਨੇਰ ਤੇ ਜੋਧ, ਜੈਪੁਰ ਭਾਈ,
ਬਾਝ ਏਸ ਦੀ ਈਨ ਦੇ ਨਾਹਿ ਕੋਈ ।

---

੩੪. ਕਥਨ ਕੀਤਾ । ੩੫. ਧ੍ਰੋਹ ੩੬. ਮਹਾਰਾਜ ਪਟਿਆਲਾ
੩੭. ਨਾਨਾ ਸਾਹਿਬ ਫੜਨਵੀਸ ਦੇ ਦੋ ਸਰਦਾਰ ਸਨ । ਮਾਤਾ ਦੀਨ ਅਤੇ ਗੰਗਾ ਦੀਨ।

ਕਵੀ ਸਿੰਘ ਆਖੇ ਜੰਬੂ ਵਾਲਿਆਂ ਦੀ,
ਫੌਜ ਜੰਗ ਦੇ ਵਾਸਤੇ ਤਿਆਰ ਹੋਈ ॥੫੨॥
ਚਾਰ ਪਲਟਨਾਂ ਤੇ ਪੰਜ ਤੋਪਖਾਨੇ,
ਨਾਲ ਓਸ ਦਾ ਇਕ ਦੀਵਾਨ[੩੮] ਆਇਆ।
ਜੰਬੂ ਸ਼ਹਿਰ ਤੇ ਫੌਜ ਦਾ ਕੂਚ ਹੋਇਆ,
ਡੇਰਾ ਚੁੱਕ ਕੇ ਵਿਚ ਮੈਦਾਨ ਲਾਇਆ।
ਦਿਨੇ ਰਾਤੜੇ ਜਾਣ ਦਾ ਕੂਚ ਕੀਤਾ,
ਦਿੱਲੀ ਸ਼ਹਿਰ ਦੇ ਜੰਗ ਨੂੰ ਉੱਠ ਧਾਇਆ।
ਕਵੀ ਸਿੰਘ ਆਖੇ ਜੰਬੂ ਵਾਲਿਆਂ ਨੇ,
ਦਿੱਲੀ ਸ਼ਹਿਰ ਨੂੰ ਮੋਰਚਾ ਜਾਇ ਲਾਇਆ ॥੫੩॥
ਸਾਰੀ ਆਪਣੀ ਫੌਜ ਤਿਆਰ ਕਰਕੇ,
ਫੇਰ ਰਾਜਾ ਸਰੂਪ ਸਿੰਘ[੩੯] ਚੱਲਿਆ ਸੀ।
ਜੰਗੀ ਲਾਟ ਦੇ ਨਾਲ ਸਲਾਹ ਕਰਕੇ,
ਡੇਰਾ ਜਾਇ ਠੇਰ੍ਹੀ ਹੇਠ ਮੱਲਿਆ ਸੀ।
ਦਿਨੇ ਰਾਤ ਜਿੱਥੇ ਗੋਲਾ ਬਰਸਦਾ ਸੀ,
ਖ਼ੌਫ ਖਾਇਕੇ ਨਾ ਕਿਤੇ ਹੱਲਿਆ ਸੀ।
ਕਵੀ ਸਿੰਘ ਆਖੇ ਓਨ੍ਹਾਂ ਗੋਰਿਆਂ ਨੇ,
ਖ਼ਤ ਲਿਖ ਲਾਹੌਰ ਨੂੰ ਘੱਲਿਆ ਸੀ ॥੫੪॥
ਫੌਜ ਕੰਪਨੀ ਦੀ ਬਰਬਾਦ ਕੀਤੀ,
ਏਸ ਲਾਟ ਨੇ ਨੰਦਨੋਂ ਆਇਕੇ ਜੀ।
ਸਾਰੇ ਦੇਸ ਦੇ ਵਿਚ ਖਰੂਦ ਕੀਤਾ,
ਏਕਾ ਮਈ ਦਾ ਦੂੰਦ ਉਠਾਇਕੇ ਜੀ।
ਛੇੜ ਛੇੜਕੇ ਤੇ ਜੰਗ ਹੋਵਣੇ ਦਾ,
ਗਿਆ ਸੁੱਤੀਆਂ ਕਲਾਂ ਜਗਾਇਕੇ ਜੀ।
ਕਵੀ ਸਿੰਘ ਅੰਬਾਲਿਓਂ ਕੂਚ ਕਰਕੇ,
ਮੁਇਆ ਵਿਚ ਕਰਨਾਲ[੪੦] ਦੇ ਜਾਇਕੇ ਜੀ ॥੫੫॥

---

੩੮. ਦੀਵਾਨ ਹਰੀ ਚੰਦ। ੩੯. ਮਹਾਰਾਜਾ ਸਾਹਿਬ ਜੀਂਦ।

੪੦. ਮਿਸਟਰ ਐਨਸਨ ਕਮਾਂਡਰ ਇਨ-ਚੀਫ (ਜੰਗੀ ਲਾਟ) ਹੈਜ਼ੇ ਨਾਲ ਬੀਮਾਰ ਹੋ ਕੇ ੨੭ ਮਈ, ਸੰਨ ੧੮੫੭ ਈ ਨੂੰ ਮੋਇਆ ਤੇ ਉਸ ਦੀ ਥਾਵੇਂ ਜਨਰਲ ਬਰਨਾਰਡ ਸਿਪਹ-ਸਾਲਾਰ ਮੁਕਰਰ ਹੋਇਆ। (ਕਨ੍ਹੈਯਾ ਲਾਲ, ਤਾਰੀਖਿ ਬਗ਼ਾਵਤ ਹਿੰਦ, ਸਫਾ ੨੫੦, ਸ਼ਿਵਨਾਰਾਇਨ ਦ੍ਵਿਵੇਦੀ, 'ਗਦਰ ਕਾ ਇਤਿਹਾਸ', ੧, ਸਫਾ ੪੯੧)

ਮਾਤਾ ਦੀਨ ਦੀ ਫੌਜ ਦੇ ਜੋਰ ਜਾਂਦੇ,
ਦਿਨੇਂ ਰਾਤ ਆਰਾਮ ਨਾ ਆਂਵਦਾ ਹੈ।
ਨਵੀਂ ਫ਼ੌਜ ਦਾ ਕਰੋ ਇਲਾਜ ਕੋਈ,
ਨਹੀਂ ਰਾਜ ਹੱਥਾਂ ਵਿਚੋਂ ਜਾਂਵਦਾ ਹੈ।
ਤੋਪ ਬੁਰਜ ਵਾਲੀ ਤਿੰਨ ਕੋਸ ਸਾਥੋਂ,
ਗੋਲਾ ਗਰਜ ਠੇਰ੍ਹੀ ਉਤੇ ਆਂਵਦਾ ਹੈ।
ਕਵੀ ਸਿੰਘ ਸਾਰੇ ਲਾਟ ਕਰਨ ਗੱਲਾਂ,
ਵੇਲਾ ਬੀਤਿਆ ਫੇਰ ਨਾ ਥਿਆਂਵਦਾ ਹੈ ॥੫੬॥
ਏਹੋ ਜੇਹੀ ਜਾਂ ਜੰਗ ਦੀ ਖ਼ਬਰ ਹੋਈ,
ਲਾਟ ਵਿਚ ਲਾਹੌਰ ਲਾਚਾਰ ਹੋਇਆ।
ਮਾਝੇ ਦੇਸ ਦੇ ਰੱਖਕੇ ਨੌਕਰਾਂ ਨੂੰ,
ਦਿੱਲੀ ਜੰਗ ਦੇ ਵਾਸਤੇ ਤਿਆਰ ਹੋਇਆ।
ਮਹਾਰਾਜ ਦੇ ਵਖਤ ਦੀ ਤਲਬ ਕੀਤੀ,
ਸ਼ੋਰ ਪਿੰਡ ਤੇ ਸ਼ਹਿਰ ਬਾਜ਼ਾਰ ਹੋਇਆ।
ਕਵੀ ਸਿੰਘ ਦੇਖੋ ਤੇਜ ਗੋਰਿਆਂ ਦਾ,
ਕੱਠਾ ਆਣਕੇ ਕਈ ਹਜ਼ਾਰ ਹੋਇਆ ॥੫੭॥
ਸਿੰਘ ਸਾਹਿਬ[੪੧] ਦੇ ਵਖਤ ਦੇ ਨੌਕਰ ਦੀ,
ਮਾਝੇ ਦੇਸ ਦੇ ਵਿਚ ਤਲਾਸ ਹੋਈ।
ਤਲਬ ਪੰਦਰਾਂ ਦੀ ਓਸੇ ਵਖਤ ਲੇਵੇ,
ਜੇੜ੍ਹਾ ਜਾਂਵਦਾ ਲਾਟ ਦੇ ਪਾਸ ਕੋਈ।
ਜਿਨ੍ਹਾਂ ਜੰਮ ਕੇ ਨਾ ਕਦੇ ਕੰਮ ਕੀਤਾ,
ਭਾਣੇ ਤਿੰਨਾਂ ਦੇ ਬੰਦ ਖ਼ਲਾਸ ਹੋਈ।
ਕਵੀ ਸਿੰਘ ਆਖੇ ਫੌਜ ਗੋਰਿਆਂ ਦੀ,
ਜੰਗ ਦਿੱਲੀ ਦੇ ਕਲਮ ਤਰਾਸ ਹੋਈ ॥੫੮॥
ਕਹਾਂ ਤੀਕ ਲਿਖੀਏ ਨਵੇਂ ਨੌਕਰਾਂ ਨੂੰ,
ਜੇੜ੍ਹੇ ਦੇਸ ਤੇ ਰਖਕੇ ਲਿਆਂਵਦਾ ਹੈ।
ਬਾਰਾਂ ਬਰਸ ਤੇ ਛੋਡ ਕੇ ਸੱਠ ਤਾਈਂ,
ਵਿਚ ਘਰਾਂ ਦੇ ਰਹਿਣ ਨਾ ਪਾਂਵਦਾ ਹੈ।
ਤੋਪਾਂ ਤੋਰੀਆਂ ਤੇ ਮੇਖਜ਼ੀਨ ਲੱਦੇ,
ਹੋਰ ਅੰਤ ਨਾ ਓਸ ਦੇ ਲਾਮ ਦਾ ਹੈ।

੪੧. ਸਿੰਘ ਸਾਹਿਬ ਮਹਾਰਾਜਾ ਰਣਜੀਤ ਸਿੰਘ।

ਘੋੜੇ ਮਰਦ ਨੂੰ ਖਿੱਚ ਖ਼ਜ਼ਾਨ ਸਿੰਘਾ,
ਜੰਗ ਦਿੱਲੀ ਦੇ ਵਿਚ ਖਪਾਂਵਦਾ ਹੈ ॥੫੯॥
ਜਿਨ੍ਹਾਂ ਤੋਪਾਂ ਦ਼ੇ ਜੋਰ ਸੀ ਮੁਲਖ ਮਾਰੇ,
ਅਣਟੁੱਟ ਜਾਗਾਂ ਜਿਨ੍ਹਾਂ ਤੋੜੀਆਂ ਜੀ।
ਜਿਨ੍ਹਾਂ ਢਾਹਿ ਮੁਲਤਾਨ ਨੂੰ ਰੰਜ ਕੀਤਾ,
ਭਿੜੇ ਜੰਗ ਥੋਂ ਨਾ ਕਦੇ ਮੋੜੀਆਂ ਜੀ।
ਸਿੰਘ ਸਾਹਿਬ ਦੇ ਵਖਤ ਦੀਆਂ ਸਭ ਤੋਪਾਂ,
ਦਿੱਲੀ ਜੰਗ ਦੇ ਵਾਸਤੇ ਤੋਰੀਆਂ ਜੀ।
ਕਵੀ ਸਿੰਘ ਆਖੇ ਓਨ੍ਹਾਂ ਗੋਰਿਆਂ ਨੇ,
ਸੋਈ ਆਣ ਠੇਰ੍ਹੀ ਉਤੇ ਜੋੜੀਆਂ ਜੀ ॥੬੦॥
ਚਾਰੋਂ ਤਰਫ ਤੇ ਫੌਜ ਦਾ ਕੱਠ ਹੋਇਆ,
ਹੋਰ ਲਾਮ ਪਿਛੋਂ ਬਹੁਤ ਲਾਇਓ ਈ।
ਜਾਨ ਲਾਟ[੪੨] ਲਾਹੌਰ ਤੇ ਕੂਚ ਕਰਕੇ,
ਆਣ ਗੋਰਿਆਂ ਨੂੰ ਸਮਝਾਇਓ ਈ।
"ਚਾਰ ਮਾਸ[੪੩] ਹੋਏ ਤੋਪ ਖੜਕਦੀ ਨੂੰ,
ਕੇਹਾ ਸੋਬਤੀ ਜੰਗ ਮਚਾਇਓ ਈ।
ਕਵੀ ਸਿੰਘ ਆਖੇ ਹਲਾ ਬੋਲ ਦੇਵੋ,"
ਏਹੋ ਲਾਟ ਨੇ ਆਖ ਸੁਣਾਇਓ ਈ ॥੬੧॥
ਹੁਕਮ ਲਾਟ ਦਾ ਸਭ ਮਨਜ਼ੂਰ ਕਰਕੇ,
ਧਾਵਾ ਬੋਲਣੇ ਨੂੰ ਫੌਜ ਤਿਆਰ ਹੋਈ।
ਜੰਗੀ ਤੋਪਖਾਨੇ ਕੋਟ ਹੇਠ ਬੀੜੇ,
ਤੋਪਾਂ ਛੋਟੀਆਂ ਦੀ ਘਨਘਾਰ ਹੋਈ।
ਰਾਜਾ ਗਿਆ ਸਰੂਪ ਸਿੰਘ ਤਿਆਰ ਹੋ ਕੇ,
ਜੰਬੂ ਵਾਲਿਆਂ ਨੂੰ ਖਬਰਦਾਰ ਹੋਈ।
ਕਵੀ ਸਿੰਘ ਆਖੇ ਧਾਵਾ ਬੋਲਣੇ ਨੂੰ,
ਖਬਰ ਦੇਸ ਤੇ ਪਿੰਡ ਬਜ਼ਾਰ ਹੋਈ ॥੬੨॥
ਜੋੜੇ ਤੋਪਖਾਨੇ ਕੋਟ ਹੇਠ ਬੀੜੇ,

---

੪੨. John Nicholson, ਜਾਨ ਨਿਕਲਸਨ ਆਇਰਲੈਂਡ ਦਾ ਵਸਨੀਕ ਸੀ ਤੇ ਇਹ ਸੰ: ੧੮੪੮ ਵਿਚ ਸਿੱਖਾਂ ਦੀ ਦੂਜੀ ਲੜਾਈ ਵਿਚ ਬੜੀ ਮਰਦਾਨਗੀ ਨਾਲ ਲੜਿਆ ਤੇ ਸੰਨ ੧੮੫੭ ਦੇ ਗ਼ਦਰ ਵਿਚ ੨੩ ਸਤੰਬਰ ਨੂੰ ਦਿੱਲੀ ਵਿਚ ਬਾਗੀਆਂ ਨਾਲ ਜੰਗ ਕਰਦਾ ਹੋਇਆ ਮਾਰਿਆ ਗਿਆ ਸੀ। ੪੩. ਮਹੀਨੇ।

ਸੋਲਾਂ ਭਾਰ ਗੋਲਾ ਬਰਸਾਇਆ ਸੀ ।
ਢਾਹਿ ਕੋਟ ਨੂੰ ਰੜਾ ਮੈਦਾਨ ਕੀਤਾ,
ਸਾਰੇ ਸ਼ਹਿਰ ਨੂੰ ਹਲਚਲਾ ਪਾਇਆ ਸੀ ।
ਚਾਰੋਂ ਤਰਫ ਤੇ ਫੌਜ ਦਾ ਘੱਤ ਘੇਰਾ,
ਮਾਰੋ ਮਾਰ ਦਾ ਸ਼ਬਦ ਅਲਾਇਆ ਸੀ ।
ਕਵੀ ਸਿੰਘ ਆਖੇ ਓਨ੍ਹਾਂ ਗੋਰਿਆਂ ਨੇ,
ਹੱਲਾ ਬੋਲਕੇ ਤੁਰਮ ਬਜਾਇਆ ਈ ॥੬੩॥
ਜੰਬੂ ਵਾਲਿਆਂ ਦੀ ਫੌਜ ਤਿਆਰ ਕਰਕੇ,
ਤੋਪਾਂ ਸਾਥ ਦੇ ਕੇ ਮੂਹਰੇ ਆਣ ਲਾਈ ।
ਫੇਰ ਸਿੰਘਾਂ ਦੀ ਫੌਜ ਨੇ ਜ਼ੋਰ ਕੀਤਾ,
ਰਣੋਂ ਭੱਜਣੇ ਦੀ ਮਨੋਂ ਆਣ ਪਾਈ[44] ।
ਫੇਰ ਫੈਲ ਜੋੜੇ ਪਿਛੋਂ ਗੋਰਿਆਂ ਨੇ,
ਨਹੀਂ ਫੰਦ ਕੋਈ ਭੱਜ ਜਾਣ ਤਾਈਂ ।
ਕਵੀ ਸਿੰਘ ਜੇੜ੍ਹੇ ਜੀਵ ਮਾਸਹਾਰੀ,
ਜੰਗ ਦੇਖ ਆਏ ਮਾਸ ਖਾਣ ਤਾਈਂ ॥੬੪॥
ਚਾਰੋਂ ਤਰਫ ਤੇ ਫੌਜ ਨੇ ਜ਼ੋਰ ਦੇ ਕੇ,
ਪਹਿਲੇ ਹੂਲ ਕੀਤੀ ਜੰਬੂ ਵਾਲਿਆਂ ਨੇ ।
ਮਾਰੋ ਮਾਰ ਕਰਕੇ ਜੈਸੇ ਜਾਂਵਦੇ ਸੇ,
ਮੁਖ ਮੋੜ ਦਿੱਤੇ ਅੱਗੋਂ ਕਾਲਿਆਂ ਨੇ ।
ਤੋਪਾਂ ਛਡਕੇ ਜੰਗ ਨੂੰ ਪਿੱਠ ਦਿੱਤੀ,
ਤੇਗ ਤਾਬ ਨਾ ਸਹੀ ਨਕਾਰਿਆ ਨੇ ।
ਕਵੀ ਸਿੰਘ ਪਹਾੜੀਏ ਜਾਨ ਨੱਠੇ,
ਸਾਡਾ ਨਾਸ਼ ਕੀਤਾ ਰਲਕੇ ਸਾਰਿਆਂ ਨੇ ॥੬੫॥
ਨੱਠੀ ਜਾਂਵਦੀ ਫੌਜ ਨਾ ਨਜ਼ਰ ਆਈ,
ਫੇਰ ਸਿੰਘਾਂ ਨੇ ਹੱਥ ਉਠਾਇਓ ਈ ।
ਦੋਹਾਂ ਤਰਫਾਂ ਤੇ ਫੌਜ ਦਾ ਕੱਠ ਹੋਇਆ,
ਧੁੰਦੂਕਾਰ ਦਾ ਜੰਗ ਮਚਾਇਓ ਈ ।
ਜੇੜ੍ਹਾ ਮੋਰਚਾ ਮਾਰਿਆ ਕਾਲਿਆਂ ਨੇ,
ਸੋਈ ਸਿੰਘਾਂ ਨੇ ਜਾਇ ਛੁਡਾਇਓ ਈ ।
ਕਵੀ ਸਿੰਘ ਦੇ ਕੇ ਜ਼ੋਰ ਗੋਰਿਆਂ ਨੇ,

---

੪੪. ਸਹੁੰ ਖਾਂ ਲਈ ।

ਢਾਹਿ ਕੋਟ ਨੂੰ ਜ਼ੋਰ ਝੁਕਾਇਓ ਈ ॥੬੬॥
ਚਾਰੋਂ ਤਰਫ ਤੇ ਭੈਰਵੀ ਜੰਗ ਹੋਇਆ,
ਤੇਗਾਂ ਨੰਗੀਆਂ ਦੇ ਝਲਕਾਰ ਹੋਏ।
ਪਰੇ ਸੀਸ ਨਿਆਰੇ ਬਿਨਾ ਰੁੰਡ ਹੂੰ ਤੇ,
ਲੱਗੇ ਵਾਰ ਸਰੀਰ ਥੋਂ ਪਾਰ ਹੋਏ।
ਜਿਨ੍ਹਾਂ ਜੰਮਕੇ ਕਦੇ ਨਾ ਸ਼ਹਿਰ ਡਿੱਠੇ,
ਦਿੱਲੀ ਲੁੱਟਣੇ ਵਾਸਤੇ ਤਿਆਰ ਹੋਏ।
ਵਾਂਗੂ ਬਦਲਾਂ ਦੇ ਗੋਲੀ ਬਰਸਦੀ ਹੈ,
ਕਵੀ ਸਿੰਘ ਗੋਰੇ ਖਬਰਦਾਰ ਹੋਏ ॥੬੭॥
ਏਹੋ ਜੇਹਾ ਭੈਦਾਇਕੀ ਜੰਗ ਹੋਇਆ,
ਗੋਲਾ ਗਰਜ ਗੁਬਾਰੇ ਦਾ ਚੱਲਿਓ ਈ।
ਜੇੜ੍ਹਾ ਗੋਰਿਆਂ ਨੇ ਜ਼ੋਰ ਲਾਇਆ ਸੀ,
ਇਕ ਵਾਰ ਤਾਂ ਕਾਲਿਆਂ ਝੱਲਿਓ ਈ।
ਸਾਰੇ ਮੁਲਖ ਨੇ ਘੱਤਿਆ ਆਣ ਘੇਰਾ,
ਦਿੱਲੀ ਵਾਲਿਆਂ ਦਾ ਪੈਰ ਹੱਲਿਓ ਈ।
ਕਵੀ ਸਿੰਘ ਦੇ ਕੇ ਜ਼ੋਰ ਗੋਰਿਆਂ ਨੇ,
ਢਾਹੇ ਕੋਟ ਨੂੰ ਜਾਇ ਕੇ ਮੱਲਿਓ ਈ ॥੬੮॥
ਜਦੋਂ ਐਡ ਭਾਰੀ ਜੰਗ ਹੋਣ ਲਗਾ,
ਓਥੇ ਮੁਰਦਿਆਂ ਦੇ ਮੱਚੇ ਘਾਣ ਯਾਰੋ।
ਜੇੜ੍ਹੀ ਦੇਹੀ ਨੂੰ ਪਾਲਕੇ ਰਖਦੇ ਸੇ,
ਖੁਸ਼ੀ ਹੋਇਕੇ ਗਿਰਝ ਨਾ ਖਾਣ ਯਾਰੋ।
ਜਿਨ੍ਹਾਂ ਦੇਹੀਆਂ ਦਾ ਵਡਾ ਮਾਣ ਕਰਦੇ,
ਸੋਈ ਰੁਲਦੀਆਂ ਵਿਚ ਮੈਦਾਨ ਯਾਰੋ।
ਕਵੀ ਸਿੰਘ ਕਾਲੇ ਮਰੇ ਧਰਮ ਉਤੇ,
ਹੋਏ ਵਿਚ ਜਹਾਨ ਪ੍ਰਧਾਨ ਯਾਰੋ ॥੬੯॥
ਹੋਣੀ ਸਰਬ ਦੇ ਸੀਸ ਪਰ ਲਰਜਦੀ ਹੈ,
ਨਾ ਹੀ ਮਾਰਨਾ ਕੋਈ ਪਛਾਣ ਯਾਰੋ।
ਨਹੀਂ ਛੋਡਦੀ ਪੀਰ ਫਕੀਰ ਤਾਈਂ,
ਨਹੀਂ ਦੇਖਦੀ ਸ਼ੇਖ ਤੇ ਖ਼ਾਨ ਯਾਰੋ।
ਵਡੇ ਜ਼ੋਰ ਵਾਲੇ ਹੋਣੀ ਵੱਸ ਕੀਤੇ,
ਕਿਲੇ ਕੋਟ ਦੇ ਕਰੇ ਮੈਦਾਨ ਯਾਰੋ।
ਕਵੀ ਸਿੰਘ ਵਿਚਾਰਕੇ ਦੇਖ ਲੇਵੋ,

ਏਸ ਹੋਣੀ ਦੇ ਵੱਸ ਜਹਾਨ ਯਾਰੋ ॥੭੦॥
ਕੋਟ ਮਾਰੇ ਦੀ ਖ਼ਬਰ ਚੌਤਰਫ਼ ਹੋਈ,
ਲਿਖ ਚਿੱਠੀਆਂ ਦੇਸ ਨੂੰ ਲਾਟ ਘੱਲੇ।
ਦਿੱਲੀ ਸ਼ਹਿਰ ਦੇ ਵਿਚ ਹਕਾਰ ਹੋਇਆ,
ਛੱਡ ਵਸਦਿਆਂ ਘਰਾਂ ਨੂੰ ਨੱਠ ਚੱਲੇ।
ਭੱਜ ਜਾਵਣੇ ਨੂੰ ਕੋਈ ਥਾਉਂ ਨਾਹੀਂ,
ਚਾਰੋਂ ਤਰਫ਼ ਬਜ਼ਾਰ ਵਿਚ ਤੇਗ ਚੱਲੇ।
ਕਵੀ ਸਿੰਘ ਅੱਸੂ ਵਦੀ ਕਾਦਸੀ[੪੫] ਨੂੰ,
ਕਰੇ ਚਾਂਦਨੀ ਚੌਕ ਨੂੰ ਜਾਇ ਹੱਲੇ ॥੭੧॥
ਜੰਗ ਬਾਹਰ ਦਾ ਸਭ ਮੌਕੂਫ਼ ਹੋਇਆ,
ਭੇੜ ਜਾਇ ਪਿਆ ਵਿਚ ਸ਼ਹਿਰ ਦੇ ਜੀ।
ਇਕ ਤਰਫ਼ ਨਾ ਜੰਗ ਨੂੰ ਹੋਣ ਦਿੰਦੀ,
ਹੋਣੀ ਆਇ ਚੜ੍ਹੀ ਸਿਰ ਕਹਿਰ ਦੇ ਜੀ।
ਦੋਨੋਂ ਤਰਫ਼ ਤੇ ਮੋਰਚੇ ਆਣ ਲਗੇ,
ਕਾਲੇ ਫੇਰ ਆਏ ਮਾਰੇ ਲਹਿਰ ਦੇ ਜੀ।
ਕਵੀ ਸਿੰਘ ਜੋੜੇ ਮਰਨ ਧਰਮ ਉਤੇ,
ਬਾਝ ਜੰਗ ਦੇ ਨਾ ਕਦੀ ਠਹਿਰ ਦੇ ਜੀ ॥੭੨॥
ਜੇੜ੍ਹੀ ਵਿੱਚ ਬਜ਼ਾਰ ਦੇ ਤੇਗ਼ ਚਲੀ,
ਉਹ ਦੀ ਸਿਫ਼ਤ ਨਾਹੀ ਆਖੀ ਜਾਂਵਦੀ ਹੈ।
ਵਾਂਗੂ ਬਿਜਲੀ ਦੇ ਝਲਕਾਰ ਹੋਵੇ,
ਮਾਨੋਂ ਕੱਢ ਕਲੇਜੜਾ ਖਾਂਵਦੀ ਹੈ।
ਸਾਰੇ ਦੇਸ ਨੂੰ ਮਾਰ ਕੇ ਰੰਜ ਕੀਤਾ,
ਅਜੇ ਖਾਇ ਕੇ ਨਾਹਿ ਅਘਾਂਵਦੀ ਹੈ।
ਕਵੀ ਸਿੰਘ ਆਖੇ ਵੱਡੇ ਬੀਰ ਮਾਰੇ,
ਹੋਰ ਰਹਿੰਦਿਆਂ ਨੂੰ ਨਿਗਾ ਲਾਂਵਦੀ ਹੈ ॥੭੩॥
ਜਦੋਂ ਵਿਚ ਬਜ਼ਾਰ ਦੇ ਤੇਗ਼ ਚਲੀ,
ਦੋਨੋਂ ਤਰਫ਼ ਤੇ ਨਾ ਕੋਈ ਹਾਰਦੇ ਜੀ।
ਕਾਲੇ ਮਰਨ ਭਮੱਕੜਾਂ ਵਾਂਗੁ ਓਥੇ,
ਧਰਮ ਆਪਣਾ ਨਹੀਂ ਬਿਸਾਰਦੇ ਜੀ।
ਸਾਰੇ ਸ਼ਹਿਰ ਦੇ ਲੋਕ ਲਚਾਰ ਹੋਏ,

---

੪੫. ਇਕਾਦਸੀ, ਗਜਾਰ੍ਹਵੀਂ ਤਿਥਿ।

ਵੱਟੇ ਕਾਲਿਆਂ ਦੀ ਤਰਫ਼ ਮਾਰਦੇ ਜੀ ।
ਕਵੀ ਸਿੰਘ ਸੂਬੇਦਾਰ ਕੱਠ ਕਰਕੇ,
ਦਿਲ ਆਪਣੇ ਬਾਤ ਵਿਚਾਰਦੇ ਜੀ ॥੭੪॥
ਸੂਬੇਦਾਰਾਂ ਨੇ ਸੱਦ ਕੇ ਪੰਡਿਤਾਂ ਨੂੰ,
ਖੋਲ੍ਹ ਪਤਰੀ ਮਰਮ[੪੬] ਪੁਛਾਇਆ ਸੀ ।
ਅਸੀਂ ਧਰਮ ਦੇ ਵਾਸਤੇ ਜੰਗ ਕੀਤਾ,
ਕੋਈ ਮੁਲਖ਼ ਭੀ ਨਾਹਿ ਤਕਾਇਆ ਸੀ ।
ਸਾਰਾ ਦੇਸ਼ ਆਇਆ ਸਾਡੇ ਮਾਰਨੇ ਨੂੰ,
ਸਣੇ ਸ਼ਹਿਰ ਦੇ ਧਰਮ ਭੁਲਾਇਆ ਸੀ ।
ਕਵੀ ਸਿੰਘ ਦੱਸੋ ਸਾਨੂੰ ਖੋਜ ਕੇ ਤੇ,
ਕਿਸੇ ਸੰਤ ਸਰਾਪ ਲਗਾਇਆ ਸੀ ॥੭੫॥
ਸੂਬੇਦਾਰਾਂ ਨੂੰ ਆਖਿਆ ਪੰਡਿਤਾਂ ਨੇ,
"ਥੁਆਨੂੰ ਪੂਰਬੀ ਬਾਤ ਸੁਣਾਂਵਦੇ ਹਾਂ ।
ਜਿਸ ਵਾਸਤੇ ਰਾਜਿਆਂ ਮੁਖ ਮੋੜੇ,
ਓਸ ਬਾਤ ਦਾ ਖੋਜ ਸੁਣਾਂਵਦੇ ਹਾਂ ।
ਜਿਸ ਬਾਤ ਦੀ ਤੁਸਾਂ ਨੇ ਅਰਜ਼ ਕੀਤੀ,
ਥੋਡੇ ਰਿਦੇ ਦਾ ਭਰਮ ਗਵਾਂਵਦੇ ਹਾਂ ।
ਕਵੀ ਸਿੰਘ ਕਹਿੰਦੇ ਏਹੋ ਮਿਲਖ ਸਾਡੀ,
ਬਾਝ ਏਸ ਦੇ ਅਸੀਂ ਨਾ ਭਾਂਵਦੇ ਹਾਂ ॥੭੬॥
ਵਡੇ ਮਾਨਧਾਤਾ[੪੭] ਦਿੱਲੀ ਤਖ਼ਤ ਉਤੇ,
ਔਰ ਦਲੀਪ[੪੮] ਜੇਹੇ ਏਥੇ ਆਇ ਗਏ ।
ਕਾਰੂੰ ਬਾਦਸ਼ਾਹ ਜੈਸੇ ਏਥੇ ਰਾਜ ਕਰਕੇ,
ਹਥੀਂ ਆਪਣੀ ਫੇਰ ਲੁਟਾਇ ਗਏ ।
ਸ਼ਾਹ ਸਿਕੰਦਰਾਂ ਨੇ ਵਡੇ ਮੁਲਖ ਮਾਰੇ,
ਫੌਜਾਂ ਵਿਚ ਸਮੁੰਦਰ ਵਧਾਇ ਗਏ ।
ਕਵੀ ਸਿੰਘ ਆਖੇ ਤਿਮਰ ਲੰਗ* ਜੇਹੇ,
ਸਮੇਂ ਆਪਣੀ ਸਭ ਪੁਗਾਇ ਗਏ ॥੭੭॥
ਅਕਬਰ ਬਾਦਸ਼ਾਹ ਨੇ ਬੈਠ ਤਖ਼ਤ ਉਤੇ,
ਨਹੀਂ ਕਿਸੇ ਦਾ ਧਰਮ ਵਿਗਾੜਿਆ ਸੀ ।

---

੪੬. ਭੇਤ । ੪੭. ਸਤਜੁਗ ਦੇ ਰਾਜੇ ਮਾਂਧਤਾ ਤੇ ੪੮. ਰਾਜਾ ਦਲੀਪ ਜਿਨ੍ਹਾਂ ਦਾ ਪੁਰਾਣਿਕ ਪੁਸਤਕਾਂ ਵਿਚ ਜ਼ਿਕਰ ਆਉਂਦਾ ਹੈ । *ਅਮੀਰ ਤੈਮੂਰ

ਸ਼ਾਹਜਹਾਂ ਦੇ ਵਖ਼ਤ ਇਨਸਾਫ਼ ਹੋਇਆ,
ਜਿਨ੍ਹਾਂ ਆਪਣਾ ਪੁਤਰ ਗੁਜ਼ਾਰਿਆ ਸੀ ।
ਵਡੇ ਧਰਮ ਦੇ ਨਾਲ ਇਨਸਾਫ਼ ਕੀਤੇ,
ਨਰ ਬਾਮ ਦਾ ਨਿਆਉਂ ਨਿਤਾਰਿਆ ਸੀ ।
ਔਰੰਗਜ਼ੇਬ ਨੇ ਬੈਠ ਖ਼ਜ਼ਾਨ ਸਿੰਘਾ,
ਜੜ ਮੂਲ ਤੇ ਧਰਮ ਉਖਾੜਿਆ ਸੀ ॥੭੮॥
ਸਾਰੇ ਮੁਲਖ਼ ਤੇ ਸੱਦ ਕੇ ਹਿੰਦੂਆਂ ਨੂੰ,
ਦੀਨ ਆਪਣੇ ਵਿਚ ਰਲਾਂਵਦਾ ਸੀ ।
ਜੇੜ੍ਹਾ ਬਾਤ ਨੂੰ ਭੀ ਕੋਈ ਮੋੜ ਦੇਵੇ,
ਖਲਾਂ ਕੱਚੀਆਂ ਵਿਚ ਮੜ੍ਹਾਵਦਾ ਸੀ ।
ਸਾਰੇ ਦੇਸ ਦੇ ਵਿਚ ਤਲਾਸ਼ ਕਰਕੇ,
ਦੀਨ ਆਪਣੇ ਤਾਈਂ ਵਧਾਂਵਦਾ ਸੀ ।
ਕਵੀ ਸਿੰਘ ਕਹਾਂ ਤੀਕ ਵਰਨ ਕਰੀਏ,
ਜੇੜ੍ਹੇ ਜ਼ੋਰ ਤੇ ਜ਼ੁਲਮ ਕਮਾਂਵਦਾ ਸੀ ॥੭੯॥
ਏਹੋ ਜੇਹਾ ਅਧਰਮ ਜਾਂ ਹੋਣ ਲੱਗਾ,
ਬੈਠ ਹਿੰਦੂਆਂ ਮਤਾ ਮਤਾਇਆ ਈ ।
ਗੁਰੂ ਤੇਗ਼ ਬਹਾਦਰ ਦੇ ਪਾਸ ਜਾ ਕੇ,
ਰੋਇ ਆਪਣਾ ਹਾਲ ਸੁਣਾਇਆ ਈ ।
"ਤੇਰੇ ਬਾਝ ਨਾ ਦੂਸਰਾ ਹੋਰ ਕੋਈ,
ਤੇਰਾ ਆਸਰਾ ਆਣ ਤਕਾਇਆ ਈ ।
ਕਵੀ ਸਿੰਘ ਦੇਖੋ ਔਰੰਗਜ਼ੇਬ ਤਾਈਂ,
ਕੇਹਾ ਸ਼ੋਰ ਖਰੂਦ ਮਚਾਇਆ ਈ ॥੮੦॥
ਸਾਰੇ ਪੀਰ ਫਕੀਰ ਭੁਲਾਇ ਦਿੱਤੇ,
ਮਨ ਭਾਂਵਦੇ ਜ਼ੁਲਮ ਕਮਾਂਵਦਾ ਹੈ ।
ਜੇੜ੍ਹਾ ਕਰੀ ਖੁਦਾਇ ਦੀ ਮੇਟ ਦੇਵੇ,
ਅਣਪੁੱਛਿਆ ਦੋਜ਼ਖੀ ਜਾਂਵਦਾ ਹੈ ।
ਨਾਲ ਜ਼ੋਰ ਦੇ ਸੱਦ ਕੇ ਬ੍ਰਾਹਮਣਾਂ ਨੂੰ,
ਖਾਣਾ ਆਪਣੇ ਨਾਲ ਖਾਵਾਂਵਦਾ ਹੈ ।
ਧਰਮ ਰੱਖਣੇ ਯੋਗ ਖ਼ਜ਼ਾਨ ਸਿੰਘਾਂ,
ਨਹੀਂ ਤੁਸਾਂ ਬਗ਼ੈਰ ਦਿਸ ਆਂਵਦਾ ਹੈ" ॥੮੧॥
ਬਚਨ ਸਹਿਜ ਸੁਭਾਉ ਦਾ ਬੋਲ ਕੇ ਤੇ,
ਉਨ੍ਹਾਂ ਲੋਕਾਂ ਦਾ ਜੀਉ ਧਰਾਇਆ ਈ ।

ਧਰਮ ਰੱਖਣੇ ਵਾਸਤੇ ਹਿੰਦੂਆਂ ਦਾ,
ਡੇਰਾ ਜਾਇ ਦਿੱਲੀ ਵਿਚ ਲਾਇਆ ਈ ।
ਔਰੰਗਜ਼ੇਬ ਨੂੰ ਫੇਰ ਜਾਂ ਖ਼ਬਰ ਹੋਈ,
ਸਭਾ ਆਪਣੀ ਵਿਚ ਸਦਾਇਆ ਈ ।
ਕਵੀ ਸਿੰਘ ਕਹਿੰਦਾ-"ਦੀਨ ਵਿਚ ਆਓ",
ਬਾਦਸ਼ਾਹ ਨੇ ਆਖ ਸੁਣਾਇਆ ਈ ॥੯੨॥
ਔਰੰਗਜ਼ੇਬ ਦੇ ਨਾਲ ਜਵਾਬ ਕੀਤਾ,
"ਕਿਸ ਵਾਸਤੇ ਵੈਰ ਵਧਾਵਨਾ ਹੈਂ ।
ਚਾਰ ਦਿਵਸ ਦਾ ਜੀਵਣਾ ਜੱਗ ਉਤੇ,
ਕਿਸ ਵਾਸਤੇ ਭਰਮ ਭੁਲਾਵਨਾ ਹੈਂ ।
ਆਖੇ ਲੱਗ ਕੇ ਤੇ ਮੁੱਲਾਂ ਕਾਜ਼ੀਆਂ ਦੇ,
ਗੱਲ ਆਪਣੇ ਫ਼ਾਹੀਆਂ ਪਾਵਨਾ ਹੈਂ ।
ਕਵੀ ਸਿੰਘ ਖ਼ੁਦਾਇ ਨੂੰ ਛੱਡ ਕੇ ਤੇ,
ਜਾਣ ਬੁੱਝ ਕੇ ਦੋਜ਼ਕੀ ਜਾਵਨਾ ਹੈਂ" ॥੯੩॥
ਔਰੰਗਜ਼ੇਬ ਨੇ ਆਖਿਆ ਸਤਿਗੁਰਾਂ ਨੂੰ,
"ਤੂੰ ਤਾਂ ਤੇਗ ਦਾ ਧਨੀ ਕਹਾਵਨਾ ਹੈਂ ।
ਖਾਣਾ ਖਾਇ ਕੇ[੪੯] ਦੇ ਕਰਾਮਾਤ ਸਾਨੂੰ,
ਪੀਰ ਹਿੰਦੂਆਂ ਵਿਚ ਸਦਾਵਨਾ ਹੈਂ ।
ਸਾਡੀ[੫੦] ਪੰਜ ਸੈ ਬਰਸ ਦੀ ਬਾਦਸ਼ਾਹੀ,
ਚਾਰ ਦਿਵਸ ਦੀ ਆਖ ਸੁਣਾਵਨਾ ਹੈਂ ।
ਕਵੀ ਸਿੰਘ ਦੇਵੋ ਕਰਾਮਾਤ ਸਾਨੂੰ,
ਨਹੀਂ ਆਪਣਾ ਸੀਸ ਕਟਾਵਨਾ ਹੈਂ" ॥੯੪॥
"ਜਦੋਂ ਆਪ ਕਰਤਾਰ ਜੀ ਲਊ ਲੇਖਾ,
ਓਸ ਵਖਤ ਜਵਾਬ ਨ ਆਵਨੀਗੇ ।
ਜਿਨ੍ਹਾਂ ਕਾਜ਼ੀਆਂ ਦੇ ਕਹੇ ਜ਼ੁਲਮ ਕੀਤੇ,
ਵਿਚ ਦੋਜ਼ਕੀ ਨਾਹ ਛੁਡਾਵਨੀਗੇ ।
ਰੱਖ ਟੋਪੀਆਂ ਸੀਸ ਤੇ ਸਿੰਧ[੫੧] ਵਿਚੋਂ,
ਹੁਕਮ ਨਾਲ ਕਰਤਾਰ ਦੇ ਆਵਨੀਗੇ ।
ਕਵੀ ਸਿੰਘ ਸਿੰਘਾਂ ਨਾਲ ਮੇਲ ਕਰਕੇ,
ਤੇਰੇ ਸ਼ਹਿਰ ਨੂੰ ਆਣ ਤੁੜਾਵਨੀਗੇ ॥੯੫॥

---

੪੯. ਜਾਂ, ਅਥਵਾ । ੫੦. ਹੱਥ ਲਿਖਤ ਵਿਚ 'ਸਾਢੇ' ਪਾਠ ਵੀ ਹੈ ।
੫੧. ਸਮੁੰਦਰ ।

ਜੇੜ੍ਹੀ ਬਾਦਸ਼ਾਹੀ ਤੁਸੀਂ ਮੱਲ ਬੈਠੇ,
ਨਾਲ ਜ਼ੋਰ ਦੇ ਆਣ ਛੁਡਾਵਨੀਗੇ ।
ਜੇੜ੍ਹੇ ਤਖ਼ਤ ਦਾ ਵੱਡਾ ਹੈ ਜ਼ੋਰ ਤੈਨੂੰ,
ਠਾਣਾ ਏਸ ਕਿਲੇ ਵਿਚ ਪਾਵਨੀਗੇ ।
ਤੇਰੇ ਵੰਸ ਦਾ ਮਾਰ ਵਿਧ੍ਵੰਸ[੫੨] ਕਰਕੇ,
ਬਡੇ ਸੂਰਮੇ ਫੇਰ ਕਹਾਵਨੀਗੇ ।
ਕਵੀ ਸਿੰਘ ਜੇੜ੍ਹੇ ਪੜਦ ਪੋਸ[੫੩] ਤੇਰੇ,
ਨਹੀਂ ਖ਼ਬਰ ਕੇੜ੍ਹੀ ਤਰਫ਼ ਜਾਵਨੀਗੇ" ॥੯੬॥
ਸੂਬੇਦਾਰਾਂ ਨੂੰ ਆਖਿਆ ਪੰਡਿਤਾਂ ਨੇ
"ਥੁਆਨੂ ਪੂਰਬੀ ਬਾਤ[੫੪] ਸੁਣਾਇਆ ਈ ।
ਔਰੰਗਜ਼ੇਬ ਦੇ ਤਾਈਂ ਸਰਾਫ਼ ਦੇ ਕੇ,
ਓਸੇ ਵਖਤ ਸਰੀਰ ਸਮਾਇਆ ਈ ।
ਸਾਰੇ ਦੇਸ ਦੇ ਵਿਚ ਹਕਾਰ ਹੋਇਆ,
ਦੇਵ-ਲੋਕ ਜੈ ਕਾਰ ਗਜਾਇਆ ਈ[੫੫] ।
ਕਵੀ ਸਿੰਘ ਵੈਕੁੰਠ ਮੇਂ ਵਾਸ ਕੀਤਾ,
ਧਰਮ ਕਾਰਣੇ ਸੀਸ ਕਟਾਇਆ ਈ ॥੯੭॥
ਏਸੇ ਵਾਸਤੇ ਰਾਜਿਆਂ ਮੁਖ ਮੋੜੇ,
ਸਾਰੇ ਮੁਲਖ਼ ਨੇ ਘੱਤਿਆ ਆਣ ਘੇਰਾ ।
ਸਾਰੇ ਮੁਲਖ਼ ਦੀ ਮੱਤ ਪਰੇਰ ਹੋਈ,
ਕੀਤਾ ਸੰਤ-ਸਰਾਫ਼ ਨੇ ਆਣ ਫੇਰਾ ।
ਜੇੜ੍ਹਾ ਗੋਰਿਆਂ ਦਾ ਝੁੰਡ ਨਜ਼ਰ ਆਵੇ,
ਇਕ ਵਾਰ ਕਰਨਾ ਕਿਲੇ ਵਿਚ ਡੇਰਾ ।
ਕਵੀ ਸਿੰਘ ਕਹੇ ਪੰਡਿਤ ਕਾਲਿਆਂ ਨੂੰ,
ਨਹੀਂ ਝੂਠ ਜਾਣੋ, ਸੱਚ ਵਾਕ ਮੇਰਾ" ॥੯੮॥
ਜਦੋਂ ਐਡ ਸਰਾਫ਼ ਦੀ ਖ਼ਬਰ ਹੋਈ,
ਦਿਲ ਆਪਣੇ ਵਿੱਚ ਲਾਚਾਰ ਹੋਏ ।
ਜਿਨ੍ਹਾਂ ਥਾਵਾਂ ਦੇ ਵਿਚ ਬਰੂਦ ਖਾਨੇ,

---

੫੨. ਨਾਸ । ੫੩.ਪਰਦਿਆਂ ਵਿਚ ਰਹਿਣ ਵਾਲੀਆਂ, ਬੇਗਮਾਂ
੫੪. ਪੂਰਬਲਾ ਪ੍ਰਸੰਗ, ਪਿਛਲਾ ਹਾਲ ।
੫੫. ਤੇਗ ਬਹਾਦਰ ਕੇ ਚਲਤ, ਭਇਓ ਜਗਤ ਮੈਂ ਸੋਕ । ਹੈ ਹੈ ਹੈ ਸਭ ਜਗ ਭਯੋ, ਜੈ ਜੈ ਜੈ ਸੁਰ ਲੋਕ ॥ (ਬਿਚਿਤ੍ਰ ਨਾਟਕ)

ਫੂਕ ਭੱਜਣੇ ਵਾਸਤੇ ਤਿਆਰ ਹੋਏ।
ਉਨ੍ਹਾਂ ਪੰਡਿਤਾਂ ਨੂੰ ਬਹੁਤ ਦਾਨ ਦੇ ਕੇ,
ਆਪ ਆਪਣੇ ਦੇਸ ਨੂੰ ਪਾਰ ਹੋਏ।
ਕਵੀ ਸਿੰਘ ਆਖੇ ਵਡੇ ਸੂਰਮੇ ਥੇ,
ਖਾਲੀ ਕਾਲਿਆਂ ਬਾਝ ਬਜ਼ਾਰ ਹੋਏ ॥੮੯॥
ਜੈਸੇ ਭਰਥਰੀ[੫੬] ਨਾਰ ਧਿਰਕਾਰ ਕਰਕੇ,
ਗਿਆ ਰਾਜ ਨੂੰ ਮਨੋਂ ਬਿਸਾਰ ਯਾਰੋ।
ਗੋਪੀ ਚੰਦ[੫੭] ਜੈਸੇ ਰਾਜ ਛੱਡਿਆ ਸੀ,
ਜਦੋਂ ਜੋਗ ਦਾ ਕੀਤਾ ਬਿਆਨ ਯਾਰੋ।
ਪਰਸ ਰਾਮ ਜੈਸੇ ਨਹੀਂ ਦੇਰ ਕੀਤੀ,
ਰਾਮ ਚੰਦ ਦੇ ਚਰਨ ਨਿਹਾਰ ਯਾਰੋ।
ਕਵੀ ਸਿੰਘ ਤੈਸੇ ਦਿੱਲੀ ਛੋਡ ਕਾਲੇ,
ਹੋਏ ਜਮਨ ਦਰਿਆ ਥੀਂ ਪਾਰ ਯਾਰੋ ॥੯੦॥
ਜ਼ੋਰ ਜੰਗ ਦਾ ਜਮਨ ਥੋਂ ਪਾਰ ਹੋਇਆ,
ਏਹੁ ਬਿਆਨ ਸਾਰਾ ਦਿੱਲੀ ਟੁੱਟਣੇ ਦਾ।
ਚਾਰੋਂ ਤਰਫ਼ ਤੇ ਫੌਜ ਨੇ ਜ਼ੋਰ ਦੇ ਕੇ,
ਹੱਲਾ ਫੇਰ ਕੀਤਾ ਸ਼ਹਿਰ ਲੁੱਟਣੇ ਦਾ।
ਬਾਦਸ਼ਾਹ ਨੂੰ ਪਕੜ ਕੇ ਕੈਦ ਕੀਤਾ,
ਕੋਈ ਜ਼ੋਰ ਨਾ ਚੱਲਿਆ ਛੁੱਟਣੇ ਦਾ।
ਕਵੀ ਸਿੰਘ ਨਾਹੀਂ ਦੋਸ ਕਾਲਿਆਂ ਨੂੰ,
ਹੋਣੀ ਪੇਚ ਕੀਤਾ ਸ਼ਹਿਰ ਪੁੱਟਣੇ ਦਾ ॥੯੧॥
ਘਰਾਂ ਵਿਚ ਬੈਠੇ ਸੁਖ ਕਰਦਿਆਂ ਨੂੰ,
ਹੋਣੀ ਮਾਰ ਸ਼ਾਹੂਕਾਰ ਜ਼ੇਰ ਕੀਤੇ।
ਹੱਥ ਝਾੜ ਕੇ ਘਰਾਂ ਥੋਂ ਗਏ ਖਾਲੀ,
ਜਿਨ੍ਹਾਂ ਜੋੜ ਕੇ ਦਰਬ ਦੇ ਢੇਰ ਕੀਤੇ।

---

੫੬. ਭਰਥਰੀ ਇਕ ਪ੍ਰਸਿੱਧ ਜੋਗੀ ਹੋਇਆ ਹੈ। ਕਹਿੰਦੇ ਹਨ, ਇਹ ਰਿਸ਼ਤੇ ਨਾਲ ਰਾਜਾ ਬਿਕ੍ਰਮਾਜੀਤ ਦਾ ਭਰਾ ਸੀ। ਇਸ ਨੇ ਆਪਣੀ ਔਰਤ ਦੀ ਬੇ-ਵਫ਼ਾਈ ਤੋਂ ਤੰਗ ਆਕੇ ਰਾਜ ਛੱਡਿਆ ਤੇ ਗੋਰਖ ਨਾਥ ਦਾ ਚੇਲਾ ਹੋ ਕੇ ਜੋਗ ਧਾਰਣ ਕਰ ਲਿਆ ਸੀ।

੫੭. ਗੋਪੀ ਚੰਦ ਧਾਰਾ ਨਗਰੀ ਦਾ ਰਾਜਾ ਸੀ। ਜਦ ਇਸ ਦੀ ਮਾਤਾ ਮੈਣਾ ਵੰਤੀ ਨੇ ਜੋ ਗੋਰਖ ਨਾਥ ਦੀ ਚੇਲੀ ਸੀ, ਇਸ ਨੂੰ ਸੰਸਾਰ ਦੀ ਅਸਾਰਤਾ ਦਾ ਚਿਤ੍ਰ ਖਿੱਚ ਕੇ ਦੱਸਿਆ ਤਾਂ ਇਹ ਰਾਜ ਵਲੋਂ ਉਪਰਾਮ ਹੋ ਕੇ ਜੋਗੀ ਬਣ ਗਿਆ। ਨਾਥਾਂ ਵਿਚ ਇਸ ਦਾ ਨਾਂ ਪ੍ਰਸਿੱਧ ਹੈ।

ਬਾਦਸ਼ਾਹ ਨੂੰ ਹੋਣੀ ਨੇ ਵਖਤ ਪਾਇਆ,
ਹੋਣੀ ਕੀੜੀਆਂ ਥੋਂ ਚਾਹੇ ਸ਼ੇਰ ਕੀਤੇ ।
ਦਰਬ ਲੁੱਟਦਾ ਦੇਖ ਖ਼ਜ਼ਾਨ ਸਿੰਘਾ,
ਪਿਆਲੇ ਪੂਰ ਕੇ ਜ਼ਹਿਰ ਦੇ ਨਾਲ ਪੀਤੇ ॥੯੨॥
ਕਈ ਮਰ ਗਏ ਦਰਬ-ਦਰੇਗ[੫੮] ਕਰਕੇ,
ਕੋਈ ਗੋਲੀਆਂ ਦੇ ਨਾਲ ਮਾਰ ਸੁੱਟੇ ।
ਭੱਜ ਜਾਵਣੇ ਨੂੰ ਕੋਈ ਫੰਧ ਨਾਹੀਂ,
ਚਾਰੋਂ ਤਰਫ਼ ਤੇ ਸ਼ਹਿਰ ਨੂੰ ਫੌਜ ਲੁੱਟੇ ।
ਧਾਹਾਂ ਮਾਰਕੇ ਰੋਂਵਦਾ ਸ਼ਹਿਰ ਸਾਰਾ,
ਇੱਕ ਵਾਰ ਜੇ ਐਂਤਕੀਂ ਜਾਨ ਛੁੱਟੇ ।
ਕਵੀ ਸਿੰਘ ਆਖੇ ਵੱਡੇ ਜ਼ੋਰ ਵਾਲੇ,
ਏਸ ਹੋਣੀ ਨੇ ਪਾਇ ਕੇ ਪੇਚ ਕੁੱਟੇ ॥੯੩॥
ਸ਼ਾਹੂਕਾਰਾਂ ਦੇ ਪੁਤਰ ਬੈਰਾਗ ਹੋਏ,
ਧਨ ਦੌਲਤਾਂ ਗਏ ਲੁਟਾਇਕੇ ਜੀ ।
ਧਾਹਾਂ ਮਾਰ ਪਠਾਣੀਆਂ ਰੋਣ ਓਥੇ,
ਭਾਂਤ ਭਾਂਤ ਦੇ ਕੀਰਨੇ ਪਾਇਕੇ ਜੀ ।
ਕੋਈ ਡੁੱਬ ਦਰਿਆ ਦੇ ਵਿਚ ਮਰੀਆਂ,
ਇਨ੍ਹਾਂ ਗੋਰਿਆਂ ਥੌਂ ਖ਼ੌਫ਼ ਖਾਇਕੇ ਜੀ ।
ਔਖੀ ਬਣੀ ਜਾਂ ਆਣ ਖ਼ਜ਼ਾਨ ਸਿੰਘਾਂ,
ਕੋਈ ਮਰਨ ਕਟਾਰੀਆਂ ਘਾਇਕੇ ॥੯੪॥
ਕੋਈ ਬੇਗਮਾਂ ਕਿਲੇ ਥੌਂ ਨੱਠ ਗਈਆਂ,
ਇਕੇ ਘੇਰ ਲਈਆਂ ਘੇਰਾ ਪਾਇਕੇ ਜੀ ।
ਦਿੱਲੀ ਸ਼ਹਿਰ ਦਾ ਹੋਣੀ ਨੇ ਨਾਸ਼ ਕੀਤਾ,
ਸਾਲ ਚੌਧਵੇਂ ਦੂੰਦ ਉਠਾਇਕੇ ਜੀ ।
ਜਿਥੇ ਸੰਤ ਸਰਾਫ ਦੀ ਰੜਕ ਹੋਵੇ,
ਹੋਣੀ ਕੱਢਦੀ ਰੜਕ ਰੜਕਾਇਕੇ ਜੀ ।
ਕਵੀ ਸਿੰਘ ਹੋਣੀ ਜਿਸ ਦੇ ਪੇਸ਼ ਆਵੇ,
ਉਹਨੂੰ ਲੁੱਟਦੀ ਢੋਲ ਵਜਾਇਕੇ ਜੀ ॥੯੫॥
ਜਦੋਂ ਆਪ ਕਰਤਾਰ ਜੀ ਹੁਕਮ ਕੀਤਾ,
ਹੋਣੀ ਆਇ ਕੇ ਦੂੰਦ ਉਠਾਇਆ ਸੀ ।

---

੫੮. ਧਨ ਦੇ ਦਰੇਗ ਕਰਕੇ ।

ਏਸ ਹੋਣੀ ਨੇ ਛੇੜ ਕੇ ਕਾਲਿਆਂ ਨੂੰ,
ਨਾਲ ਗੋਰਿਆਂ ਭੇੜ ਮਚਾਇਆ ਸੀ ।
ਸਾਰੇ ਮੁਲਕ ਤੇ ਫੌਜ ਦਾ ਕੱਠ ਕਰਕੇ,
ਦਿੱਲੀ ਸ਼ਹਿਰ ਨੂੰ ਆਣ ਲੁਟਾਇਆ ਸੀ ।
ਕਵੀ ਸਿੰਘ ਹੋਣੀ ਵੱਡਾ ਜ਼ੋਰ ਕਰਕੇ,
ਬਾਦਸ਼ਾਹ ਨੂੰ ਕੈਦ ਕਰਵਾਇਆ ਸੀ ॥੯੬॥

ਦੋਹਰਾ ।

ਜੰਗ ਜਿਤਾ ਦਿੱਲੀ ਹੂਆ, ਸੋ ਮੈਂ ਦਯੋਂ ਸੁਣਾਇ ।
ਅਬ ਆਗੇ ਕੇ ਜੰਗ ਕੀ, ਜੋ ਈਸ਼ੁਰ ਮਨ ਭਾਂਇ ॥੯੭॥
ਨਾਹਿ ਕਾਹੂ ਸਿਰ ਦੋਸ ਹੈ, ਨਹਿ ਕੋ ਕਰਨੈ ਹਾਰ ।
ਸਭ ਬਾਤਨ ਕੇ ਕਰਨ ਕੋ, ਆਦਿ ਪੁਰਖ ਅਪਾਰ ॥੯੮॥
ਸੰਤ ਸਭਾ ਇਕ ਵਚਨ ਜੋ, ਕ੍ਰੋਧ ਦ੍ਰਿਸ਼ਟ ਮੈਂ ਹੋਇ ।
ਤਾਕੇ ਮੇਟਨ ਹਾਰ ਕੋ: ਬਿਧਨਾ ਰਚਯੋ ਨ ਕੋਇ ॥੯੯॥
ਉੱਨੀ ਸੈ ਚੌਧੇ ਵਿਖੇ, ਬੀਤਯੋ ਜੰਗ ਅਪਾਰ ।
ਬੈਂਤਾਂ ਇਕ ਸੌ ਏਕ ਹੈਂ, ਕਵਿ ਨੇ ਕਰਯੋ ਉਚਾਰ ॥੧੦੦॥
ਕਹਾਂ ਤੀਕ ਵਰਨਨ ਕਰੂੰ, ਮੋ ਪੈ ਲਿਖਯੋ ਨ ਜਾਇ ।
ਗੁਰੂ ਤੇਗ ਬਹਾਦਰ ਬਚਨ ਤੇ, ਦਿੱਲੀ ਦਈ ਲੁਟਾਇ ॥੧੦੧॥

ਇਤਿ ਸ੍ਰੀ ਜੰਗ-ਨਾਮਾ ਦਿੱਲੀ ਕਾ ਕ੍ਰਿਤ ਖ਼ਜ਼ਾਨ ਸਿੰਘ ਕੀ ਸੰਪੂਰਨੰ ਭਇਆ ॥੧॥ ਮਿਤੀ ਦੂਜੇ ਜੇਠ ਬਦੀ ਦੂਜਾ ਸਾਲ ਉੱਨੀ ਸੈ ਪੰਦਰਾਂ ੧੯੧੫ ਬਾਰ ਸ਼ਨਿਸ਼ਚਰ ਲਿਖਿਤੰ ਸੁਭੰ ਸ੍ਰੀ ਮਹਾਰਾਜ ਨਰੇਂਦ੍ਰ ਸਿੰਘ ਰਾਜ-ਬਿਰਾਜਮਾਨ ।(Moti bagh Palace Library No.101)